
# ਲੈਨਿਨ



ਸਾਰੇ ਦੇਸਾਂ ਦੇ ਮਜ਼ਦੂਰੋ, ਇਕ ਹੋ ਜਾਓ!

# ਵ· ਇ· ਲੈਨਿਨ

# ਪ੍ਰੋਲਤਾਰੀ ਕੌਮਾਂਤਰੀਵਾਦ ਬਾਰੇ

ਸ਼ਹੀਦ ਭਗਤ ਸਿੰਘ ਭਵਨ
ਲਾਇਬ੍ਰੇਰੀ
੫.੦੧.੭੯
ਰਾਏਕੋਟ

ਪ੍ਰਗਤੀ ਪ੍ਰਕਾਸ਼ਨ
ਮਾਸਕੋ

## ਪਾਠਕ ਨੂੰ

ਇਸ ਕਿਤਾਬ ਦੇ ਅਨੁਵਾਦ, ਡੀਜ਼ਾਈਨ ਤੇ ਛਪਾਈ ਬਾਰੇ ਤੁਹਾਡੀ ਰਾਏ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ। ਅੱਗੋਂ ਛਪਣ ਵਾਲੀਆਂ ਕਿਤਾਬਾਂ ਲਈ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ। ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੧੭, ਜ਼ੂਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ

**В. И. Ленин**

О ПРОЛЕТАРСКОМ ИНТЕРНАЦИОНАЛИЗМЕ

*на языке панджаби*

**V. I. Lenin**

ON PROLETARIAN INTERNATIONALISM

*in Punjabi*

© ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ੧੯੮੩

ਸੋਵੀਅਤ ਯੂਨੀਅਨ ਵਿਚ ਛਪਿਆ

Л $\frac{0101020000—469}{014(01)—83}$ 664—82

## ਤਤਕਰਾ

ਪੰਨੇ


ਸੋਸ਼ਲ-ਡੈਮੋਕਰੈਟਿਕ ਪਾਰਟੀ ਲਈ ਪ੍ਰੋਗਰਾਮ ਦਾ ਖਰੜਾ ਅਤੇ ਵਿਆਖਿਆ ਵਿਚੋਂ . . . . . . . . . . . . . . . . . . . ੭
ਮਈ ਦਿਨ . . . . . . . . . . . . . . . . . . ੯
ਇਨਕਲਾਬ ਦੀ ਪਹਿਲੀ ਜਿੱਤ ਵਿਚੋਂ . . . . . . . . . . . . ੧੪
ਦੂਮਾ ਵਿਚ ਸਾਡੇ ਗਰੁੱਪ ਦਾ ਐਲਾਨ ਵਿਚੋਂ . . . . . . . . . ੧੬
ਸੰਸਾਰ ਰਾਜਨੀਤੀ ਵਿਚ ਭੜਕ ਪੈਣ ਵਾਲਾ ਮਸਾਲਾ ਵਿਚੋਂ . . . . . ੧੭
ਬਰਤਾਨਵੀ ਤੇ ਜਰਮਨ ਮਜ਼ਦੂਰਾਂ ਦਾ ਅਮਨ ਲਈ ਮੁਜ਼ਾਹਰਾ . . . . ੧੯
ਯੂਜੀਨ ਪੋਤੀਏ . . . . . . . . . . . . . . . . ੨੩
ਜੰਗ ਅਤੇ ਰੂਸੀ ਸੋਸ਼ਲ-ਡੈਮੋਕਰੇਸੀ . . . . . . . . . . ੨੬
ਸੋਸ਼ਲਿਸਟ ਇੰਟਰਨੈਸ਼ਨਲ ਦੀ ਪੁਜ਼ੀਸ਼ਨ ਅਤੇ ਕਰਤੱਵ . . . . . ੩੫
ਮੁਰਦਾ ਅੰਧਰਾਸ਼ਟਰਵਾਦ ਅਤੇ ਜਿਉਂਦਾ ਸੋਸ਼ਲਿਜ਼ਮ (ਇੰਟਰਨੈਸ਼ਨਲ ਨੂੰ ਕਿਵੇਂ ਬਹਾਲ ਕੀਤਾ ਜਾ ਸਕਦਾ ਹੈ?) ਵਿਚੋਂ . . . . . . . . ੪੩
"ਨਾਸ਼ੇ ਸਲੋਵੋ" ਦੇ ਸੰਪਾਦਕਾਂ ਨੂੰ ਚਿੱਠੀ ਵਿਚੋਂ . . . . . . ੪੫
ਝੂਠੇ ਝੰਡੇ ਹੇਠ ਵਿਚੋਂ . . . . . . . . . . . . . . . ੪੮
ਬਦੇਸਾਂ ਦੇ ਰੂ:ਸੋ:ਡੈ:ਲੇ:ਪਾ: ਗਰੁੱਪਾਂ ਦੀ ਕਾਨਫ਼ਰੰਸ। ਕਾਨਫ਼ਰੰਸ ਦੇ ਮਤਿਆਂ ਵਿਚੋਂ ਟੂਕਾਂ . . . . . . . . . . . . . . ੫੩
"ਪਿਤਰੀ-ਭੂਮੀ ਦੀ ਰਾਖੀ" ਦਾ ਨਾਅਰਾ . . . . . . . ੫੩
ਕੌਮਾਂਤਰੀਵਾਦੀਆਂ ਦੀ ਏਕਤਾ ਦਾ ਸਵਾਲ . . . . . . . . ੫੫
ਜੰਗ ਬਾਰੇ ਜਰਮਨ ਮੌਕਾਪ੍ਰਸਤੀ ਦੀ ਮੁਖ ਕਿਰਤ ਵਿਚੋਂ . . . . . ੬੦
ਅਮਨ ਦਾ ਸਵਾਲ ਵਿਚੋਂ . . . . . . . . . . . . . . ੬੨
ਸੋਸ਼ਲਿਜ਼ਮ ਅਤੇ ਜੰਗ (ਰੂ:ਸੋ:ਡੈ:ਲੇ:ਪਾ: ਦਾ ਜੰਗ ਵੱਲ ਵਤੀਰਾ) ਵਿਚੋਂ ੬੬

ਪਹਿਲੇ ਕਾਂਡ ਵਿਚੋਂ। ਸੋਸ਼ਲਿਜ਼ਮ ਦੇ ਅਸੂਲ ਅਤੇ ੧੯੧੪-੧੯੧੫ ਦੀ ਜੰਗ . . . . . . . . . . . . . . . . . . . . ੬੬
ਕੌਮਾਂ ਦਾ ਆਤਮ-ਨਿਰਣੇ ਦਾ ਹੱਕ . . . . . . . . . . . ੬੬
ਕਾਂਡ ਤੀਜਾ। ਇੰਟਰਨੈਸ਼ਨਲ ਦੀ ਮੁੜ-ਸਥਾਪਤੀ . . . . . . . ੬੭
ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਅਤੇ "ਵਿਚਾਲ-ਪੰਥੀਆਂ" ਦਾ ਢੰਗ ੬੭
ਵਿਰੋਧੀ ਧੜੇ ਵਿਚ ਹਾਲਤ . . . . . . . . . . . . . ੬੯
ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਅਤੇ ਤੀਜੀ ਇੰਟਰਨੈਸ਼ਨਲ . . ੭੪
"ਸੋਸ਼ਲਿਸਟ ਪ੍ਰਾਪੇਗੰਡਾ ਲੀਗ" ਦੇ ਸੱਕਤਰ ਨੂੰ . . . . . . . . ੭੬
ਸੋਸ਼ਲਿਸਟ ਇਨਕਲਾਬ ਅਤੇ ਕੌਮਾਂ ਦਾ ਆਤਮ-ਨਿਰਣੇ ਦਾ ਹੱਕ (ਥੀਸਿਸ) ਵਿਚੋਂ . . . . . . . . . . . . . . . . . . . . ੮੧
੪. ਕੌਮਾਂ ਦੇ ਆਤਮ-ਨਿਰਣੇ ਦੇ ਸਵਾਲ ਦੀ ਪ੍ਰੋਲਤਾਰੀ-ਇਨਕਲਾਬੀ ਪੇਸ਼ਕਾਰੀ . . . . . . . . . . . . . . . . . . ੮੭
੫. ਕੌਮੀ ਸਵਾਲ ਬਾਰੇ ਮਾਰਕਸਵਾਦ ਅਤੇ ਪਰੂਦੋਨਵਾਦ . . . . . . ੮੩
੬. ਕੌਮਾਂ ਦੇ ਆਤਮ-ਨਿਰਣੇ ਦੇ ਸੰਬੰਧ ਵਿਚ ਦੇਸਾਂ ਦੀਆਂ ਤਿੰਨ ਕਿਸਮਾਂ . . . . . . . . . . . . . . . . . . ੮੫
ਆਤਮ-ਨਿਰਣੇ ਬਾਰੇ ਬਹਿਸ ਦਾ ਨਚੋੜ ਵਿਚੋਂ . . . . . . . ੮੭
੭. ਮਾਰਕਸਵਾਦ ਜਾਂ ਪਰੂਦੋਨਵਾਦ? . . . . . . . . . . ੮੭
੯. ਕਾਊਟਸਕੀ ਨੂੰ ਏਂਗਲਜ਼ ਦਾ ਪੱਤਰ . . . . . . . . . ੯੬
ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਖੱਬੇ ਜ਼ਿਮਰਵਾਲਡਵਾਦੀਆਂ ਦੇ ਕਾਰਜ ਵਿਚੋਂ . . . . . . . . . . . . . . . . . . . ੯੯
੫. ਸਵਿਸ ਸੋਸ਼ਲ-ਡੈਮੋਕਰੈਟਾਂ ਦੇ ਕੌਮਾਂਤਰੀ ਕਰਤੱਵ . . . . . . ੯੯
ਯੁਵਕ ਇੰਟਰਨੈਸ਼ਨਲ ਰੀਵੀਊ . . . . . . . . . . . . ੧੦੧
ਕੌਮਾਂਤਰੀ ਸੋਸ਼ਲਿਸਟ ਕਮੇਟੀ ਅਤੇ ਸਾਰੀਆਂ ਸੋਸ਼ਲਿਸਟ ਪਾਰਟੀਆਂ ਨੂੰ ਅਪੀਲ ਲਈ ਥੀਸਿਸਾਂ ਦਾ ਮੁਢਲਾ ਖਰੜਾ ਵਿਚੋਂ . . . . . . . . . ੧੦੬
ਸਾਡੇ ਇਨਕਲਾਬ ਵਿਚ ਪ੍ਰੋਲਤਾਰੀ ਦੇ ਕਰਤੱਵ (ਪ੍ਰੋਲਤਾਰੀ ਪਾਰਟੀ ਦੇ ਪ੍ਰੋਗਰਾਮ ਦਾ ਖਰੜਾ) ਵਿਚੋਂ . . . . . . . . . . . ੧੦੮
ਜ਼ਰਅਈ ਅਤੇ ਕੌਮੀ ਪ੍ਰੋਗਰਾਮ (ਕੁਝ ਹਿੱਸਾ) ਵਿਚੋਂ . . . . . ੧੦੮
ਸੋਸ਼ਲਿਸਟ ਇੰਟਰਨੈਸ਼ਨਲ ਦੇ ਅੰਦਰ ਪ੍ਰਸਥਿਤੀ . . . . . . ੧੦੯
ਜ਼ਿਮਰਵਾਲਡ ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ — ਤੀਜੀ ਇੰਟਰਨੈਸ਼ਨਲ ਦੀ ਨੀਂਹ ਰੱਖਣ ਦੀ ਲੋੜ . . . . . . . . ੧੧੬
ਜੰਗ ਵਿਚ ਸ਼ਾਮਲ ਸਾਰੇ ਦੇਸਾਂ ਦੇ ਫ਼ੌਜੀਆਂ ਨੂੰ ਅਪੀਲ . . . . . ੧੨੧

ਮਜ਼ਦੂਰ ਅਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਹੱਕਾਂ ਦਾ ਐਲਾਨ-ਨਾਮਾ . . . . ੧੨੫
"ਖੱਬ-ਪੱਖੀ" ਬਚਗਾਨਾਪੁਣਾ ਅਤੇ ਨਿਕ-ਬੁਰਜੂਆ ਪ੍ਰਵਿਰਤੀ ਵਿਚੋਂ . . . ੧੨੮
੫ ਜੁਲਾਈ, ੧੯੧੮ ਨੂੰ ਮਜ਼ਦੂਰਾਂ, ਕਿਸਾਨਾਂ, ਫ਼ੌਜੀਆਂ ਅਤੇ ਲਾਲ ਫ਼ੌਜ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਪੰਜਵੀਂ ਕਾਂਗਰਸ ਵਿਚ ਲੋਕ ਕੁਮੀਸਾਰਾਂ ਦੀ ਕੌਂਸਲ ਦੀ ਰਪੋਰਟ ਵਿਚੋਂ . . . . . . . . . . . . . . . ੧੩੨
੨੩ ਜੁਲਾਈ, ੧੯੧੮ ਨੂੰ ਫ਼ੈਕਟਰੀ ਕਮੇਟੀਆਂ ਦੀ ਮਾਸਕੋ ਗੁਬੇਰਨੀਆ ਕਾਨਫ਼ਰੰਸ ਵਿਚ ਪੇਸ਼ ਕੀਤੀ ਗਈ ਰਪੋਰਟ ਵਿਚੋਂ . . . . . . . ੧੩੪
ਅਮਰੀਕੀ ਮਜ਼ਦੂਰਾਂ ਦੇ ਨਾਂ ਚਿੱਠੀ ਵਿਚੋਂ . . . . . . . . . . . ੧੩੭
੩ ਅਕਤੂਬਰ ੧੯੧੮ ਨੂੰ ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ, ਮਾਸਕੋ ਸੋਵੀਅਤ, ਫ਼ੈਕਟਰੀ ਕਮੇਟੀਆਂ ਅਤੇ ਟਰੇਡ-ਯੂਨੀਅਨਾਂ ਦੇ ਸਾਂਝੇ ਸਮਾਗਮ ਦੇ ਨਾਂ ਚਿੱਠੀ . . . . . . . . . . . . . . . . . . ੧੩੯
ਪ੍ਰੋਲਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੇਖ ਵਿਚੋਂ) . . . ੧੪੩
ਪ੍ਰੋਲਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਪੈਂਫਲਟ ਵਿਚੋਂ) . . ੧੪੭
ਯੂਰਪ ਅਤੇ ਅਮਰੀਕਾ ਦੇ ਮਜ਼ਦੂਰਾਂ ਦੇ ਨਾਂ ਚਿੱਠੀ . . . . . . . ੧੫੯
ਜਿੱਤਿਆ ਅਤੇ ਦਰਜ ਕੀਤਾ ਜਾ ਚੁੱਕਾ . . . . . . . . . ੧੬੮
ਗਰਾਮੋਫ਼ੋਨ ਰੀਕਾਰਡਾਂ ਉਤੇ ਤਕਰੀਰਾਂ ਵਿਚੋਂ . . . . . . . . ੧੭੧
ਤੀਜੀ, ਕਮਿਊਨਿਸਟ ਇੰਟਰਨੈਸ਼ਨਲ . . . . . . . . . . ੧੭੧
੨੨ ਨਵੰਬਰ, ੧੯੧੯ ਨੂੰ ਪੂਰਬ ਦੀਆਂ ਕੌਮਾਂ ਦੀਆਂ ਕਮਿਊਨਿਸਟ ਜਥੇਬੰਦੀਆਂ ਦੀ ਦੂਜੀ ਕੁੱਲ-ਰੂਸ ਕਾਂਗਰਸ ਵਿਚ ਭਾਸ਼ਣ ਵਿਚੋਂ . . . ੧੭੩
੫ ਦਸੰਬਰ, ੧੯੧੯ ਨੂੰ ਸੋਵੀਅਤਾਂ ਦੀ ਸਤਵੀਂ ਕੁੱਲ-ਰੂਸ ਕਾਂਗਰਸ ਵਿਚ ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ ਅਤੇ ਲੋਕ ਕੁਮੀਸਾਰਾਂ ਦੀ ਕੌਂਸਲ ਦੀ ਰਪੋਰਟ ਵਿਚੋਂ . . . . . . . . . . . . . . . ੧੭੯
੧ ਮਾਰਚ, ੧੯੨੦ ਨੂੰ ਮਜ਼ਦੂਰ ਕੱਸਾਕਾਂ ਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿਚ ਕੀਤੀ ਰਪੋਰਟ ਵਿਚੋਂ . . . . . . . . . . . . ੧੮੩
"ਖੱਬ-ਪੱਖੀ" ਕਮਿਊਨਿਜ਼ਮ — ਇਕ ਬਚਗਾਨਾ ਰੋਗ ਵਿਚੋਂ . . . . . ੧੮੮
੧. ਰੂਸੀ ਇਨਕਲਾਬ ਦੀ ਕੌਮਾਂਤਰੀ ਮਹੱਤਤਾ ਦੀ ਗੱਲ ਅਸੀਂ ਕਿਸ ਅਰਥ ਵਿਚ ਕਰ ਸਕਦੇ ਹਾਂ? . . . . . . . . . . . . . . ੧੮੮
੧੦. ਕੁਝ ਨਤੀਜੇ . . . . . . . . . . . . . . ੧੯੧
ਭਾਰਤੀ ਇਨਕਲਾਬੀ ਸਭਾ ਨੂੰ . . . . . . . . . . . . . ੧੯੫
ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਮੁਢਲਾ ਖਰੜਾ ਥੀਸਿਸ (ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਲਈ) . . . . . . . . ੧੯੬

ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਲਈ ਥੀਸਿਸ ਵਿਚੋਂ . . . ੨੦੫
ਕਮਿਊਨਿਸਟ ਇੰਟਰਨੈਸ਼ਨਲ ਵਿਚ ਦਾਖਲੇ ਦੀਆਂ ਸ਼ਰਤਾਂ . . . . ੨੦੫
੧੯ ਜੁਲਾਈ, ੧੯੨੦ ਨੂੰ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿਚ ਕੌਮਾਂਤਰੀ ਅਵਸਥਾ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੇ ਬੁਨਿਆਦੀ ਕਰਤੱਵਾਂ ਬਾਰੇ ਕੀਤੀ ਰਪੋਰਟ ਵਿਚੋਂ . . . . . . . . . . ੨੦੬
੨੬ ਜੁਲਾਈ, ੧੯੨੦ ਨੂੰ ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਕਮਿਸ਼ਨ ਦੀ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਰਪੋਰਟ . . ੨੦੯
੧੫ ਅਕਤੂਬਰ, ੧੯੨੦ ਨੂੰ ਮਾਸਕੋ ਗੁਬੇਰਨੀਆ ਦੀਆਂ, ਊਯੇਜ਼ਦ, ਵੋਲੋਸਤ ਅਤੇ ਪੇਂਡੂ ਕਾਰਜ-ਕਾਰੀ ਕਮੇਟੀਆਂ ਦੇ ਪ੍ਰਧਾਨਾਂ ਦੀ ਕਾਨਫ਼ਰੰਸ, ਵਿਚ ਪੇਸ਼ ਕੀਤੀ ਰਪੋਰਟ ਵਿਚੋਂ . . . . . . . . . . . . . . . . ੨੧੬
ਸਿਡਨੀ ਇਲਮੈਨ ਨੂੰ . . . . . . . . . . . . . . ੨੨੧
ਕੌਮਾਂਤਰੀ ਮਜ਼ਦੂਰ ਸਹਾਇਤਾ ਦੇ ਸੱਕਤਰ, ਸਾਥੀ ਮੁਨਜ਼ੇਨਬਰਗ ਨੂੰ . . ੨੨੩
ਨੋਟ . . . . . . . . . . . . . . . . . . ੨੨੫
ਨਾਮਾਵਲੀ . . . . . . . . . . . . . . . . ੨੭੯

# ਸੋਸ਼ਲ-ਡੈਮੋਕਰੈਟਿਕ ਪਾਰਟੀ ਲਈ ਪ੍ਰੋਗਰਾਮ ਦਾ ਖਰੜਾ ਤੇ ਵਿਆਖਿਆ[1]

## ਵਿਚੋਂ

### ਪ੍ਰੋਗਰਾਮ ਦੀ ਵਿਆਖਿਆ

(ਟੂਕ)

ੳ. ੫. ਸਰਮਾਇਦਾਰ ਜਮਾਤ ਦੇ ਗ਼ਲਬੇ ਦੇ ਖ਼ਿਲਾਫ਼ ਘੋਲ ਇਸ ਸਮੇਂ ਸਾਰੇ ਯੂਰਪੀ ਦੇਸਾਂ ਦੇ ਮਜ਼ਦੂਰਾਂ ਅਤੇ ਅਮਰੀਕਾ ਅਤੇ ਆਸਟਰੇਲੀਆ ਦੇ ਮਜ਼ਦੂਰਾਂ ਵਲੋਂ ਵੀ ਘੁਲਿਆ ਜਾ ਰਿਹਾ ਹੈ। ਮਜ਼ਦੂਰ ਜਮਾਤ ਸੰਗਠਨ ਤੇ ਇਕਮੁਠਤਾ ਇਕ ਦੇਸ ਜਾਂ ਇਕ ਕੌਮੀਅਤ ਤੱਕ ਸੀਮਤ ਨਹੀਂ: ਵਖੋ ਵਖਰੇ ਦੇਸਾਂ ਦੀਆਂ ਮਜ਼ਦੂਰ ਪਾਰਟੀਆਂ ਸਾਰੀ ਦੁਨੀਆਂ ਦੇ ਮਜ਼ਦੂਰਾਂ ਦੇ ਹਿਤਾਂ ਅਤੇ ਨਿਸ਼ਾਨਿਆਂ ਦੀ ਪੂਰਨ ਸਾਂਝ (ਇਕਮੁਠਤਾ) ਦਾ ਹੋਕਾ ਦੇ ਕੇ ਐਲਾਨ ਕਰਦੀਆਂ ਹਨ। ਉਹ ਸਾਂਝੀਆਂ ਕਾਂਗਰਸਾਂ ਵਿਚ ਜੁੜ ਬੈਠਦੀਆਂ ਹਨ, ਸਾਰੇ ਦੇਸਾਂ ਦੀ ਸਰਮਾਇਦਾਰ ਜਮਾਤ ਸਾਮ੍ਹਣੇ ਸਾਂਝੀਆਂ ਮੰਗਾਂ ਪੇਸ਼ ਕਰਦੀਆਂ ਹਨ, ਉਹਨਾਂ ਨੇ ਮੁਕਤੀ ਲਈ ਯਤਨ ਕਰ ਰਹੇ ਕੁੱਲ ਸੰਗਠਤ ਪ੍ਰੋਲਤਾਰੀ ਦਾ ਇਕ ਕੌਮਾਂਤਰੀ ਤਿਹਾਰ (ਮਈ ਦਿਨ) ਸਥਾਪਤ ਕਰ ਲਿਆ ਹੈ, ਅਤੇ ਇਸ ਤਰ੍ਹਾਂ ਸਾਰੀਆਂ ਕੌਮੀਅਤਾਂ ਤੇ ਸਾਰੇ ਦੇਸਾਂ ਦੀ ਮਜ਼ਦੂਰ ਜਮਾਤ ਨੂੰ ਇਕ ਮਹਾਨ ਮਜ਼ਦੂਰ ਫੌਜ ਵਿਚ ਜੋੜ ਦਿਤਾ ਹੈ। ਸਾਰੇ ਦੇਸਾਂ ਦੇ ਮਜ਼ਦੂਰਾਂ ਦੀ ਏਕਤਾ ਦੀ ਲੋੜ ਇਸ ਤੱਥ ਤੋਂ ਪੈਦਾ ਹੁੰਦੀ ਹੈ ਕਿ ਸਰਮਾਇਦਾਰ ਜਮਾਤ, ਜਿਹੜੀ ਮਜ਼ਦੂਰਾਂ ਉਪਰ ਹਕੂਮਤ ਕਰਦੀ ਹੈ, ਆਪਣੀ ਹਕੂਮਤ ਨੂੰ ਇਕ ਦੇਸ ਤੱਕ ਸੀਮਤ ਨਹੀਂ ਰਖਦੀ। ਵਖੋ ਵਖਰੇ ਦੇਸਾਂ ਵਿਚਲੇ ਵਪਾਰਕ ਸੰਬੰਧ ਦਿਨੋ ਦਿਨ ਨੇੜੇ ਅਤੇ ਵਧੇਰੇ ਵਿਸ਼ਾਲ ਹੁੰਦੇ ਜਾ ਰਹੇ ਹਨ; ਸਰਮਾਇਆ ਲਗਾਤਾਰ ਇਕ ਦੇਸ ਤੋਂ ਦੂਜੇ ਦੇਸ ਵਿਚ ਜਾ ਰਿਹਾ ਹੈ। ਬੈਂਕ—ਸਰਮਾਏ ਨੂੰ ਇਕ ਥਾਂ ਇਕੱਠਾ ਕਰਨ ਅਤੇ ਸਰਮਾਇਦਾਰਾਂ ਵਿਚਕਾਰ ਕਰਜ਼ੇ ਵਜੋਂ ਵੰਡਣ ਵਾਲੇ ਇਹ ਧੜਵੈਲ ਖਜ਼ਾਨੇ—ਕੌਮੀ ਸੰਸਥਾਵਾਂ ਵਜੋਂ ਸ਼ੁਰੂ ਹੁੰਦੇ ਹਨ ਤੇ ਫਿਰ ਕੌਮਾਂਤਰੀ ਬਣ ਜਾਂਦੇ ਹਨ, ਸਾਰੇ ਦੇਸਾਂ ਤੋਂ ਸਰਮਾਇਆ ਇਕੱਠਾ ਕਰਦੇ ਹਨ ਤੇ ਇਸਨੂੰ ਯੂਰਪ ਅਤੇ ਅਮਰੀਕਾ ਦੇ ਸਰਮਾਇਦਾਰਾਂ ਵਿਚ ਵੰਡ ਦੇਂਦੇ ਹਨ। ਇਕੋ ਦੇਸ ਵਿਚ ਨਹੀਂ, ਸਗੋਂ ਇਕੋ ਵੇਲੇ ਕਈ ਦੇਸਾਂ ਵਿਚ ਸਰਮਾਇਦਾਰਾਨਾ ਅਦਾਰੇ ਕਾਇਮ ਕਰਨ ਲਈ ਇਸ ਸਮੇਂ ਬੇਹੱਦ ਵਡੀਆਂ ਸਾਂਝੀ-ਰਾਸ ਕੰਪਨੀਆਂ ਕਾਇਮ ਕੀਤੀਆਂ ਜਾ ਰਹੀਆਂ ਹਨ; ਸਰਮਾਇਦਾਰਾਂ ਦੀਆਂ

ਕੌਮਾਂਤਰੀ ਸਭਾਵਾ ਹੋਂਦ ਵਿਚ ਆਉਂਦੀਆਂ ਹਨ। ਸਰਮਾਏ ਦਾ ਗ਼ਲਬਾ ਕੌਮਾਂਤਰੀ ਹੈ। ਇਹੀ ਕਾਰਨ ਹੈ ਕਿ ਸਾਰੇ ਦੇਸਾਂ ਵਿਚ ਆਪਣੀ ਮੁਕਤੀ ਲਈ ਮਜ਼ਦੂਰਾਂ ਦਾ ਘੋਲ ਤਾਂ ਹੀ ਸਫ਼ਲ ਹੋ ਸਕਦਾ ਹੈ ਜੇ ਮਜ਼ਦੂਰ ਕੌਮਾਂਤਰੀ ਸਰਮਾਏ ਦੇ ਖ਼ਿਲਾਫ਼ ਰਲ ਕੇ ਘੋਲ ਕਰਨ। ਇਸੇ ਕਰਕੇ ਹੀ ਸਰਮਾਇਦਾਰ ਜਮਾਤ ਦੇ ਖ਼ਿਲਾਫ਼ ਲੜਾਈ ਵਿਚ ਰੂਸੀ ਮਜ਼ਦੂਰ ਦਾ ਸਾਥੀ ਜਰਮਨ ਮਜ਼ਦੂਰ, ਪੋਲਿਸ਼ ਮਜ਼ਦੂਰ, ਤੇ ਫ਼ਰਾਂਸੀਸੀ ਮਜ਼ਦੂਰ ਹੈ, ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਉਸਦਾ ਦੁਸ਼ਮਣ ਰੂਸੀ, ਪੋਲਿਸ਼ ਤੇ ਫ਼ਰਾਂਸੀਸੀ ਸਰਮਾਇਦਾਰ ਹੈ। ਇਉਂ, ਪਿਛਲੇ ਕੁਝ ਸਮੇਂ ਵਿਚ ਬਦੇਸ਼ੀ ਸਰਮਾਇਦਾਰ ਬੜੀ ਤੀਬਰਤਾ ਨਾਲ ਆਪਣਾ ਸਰਮਾਇਆ ਰੂਸ ਭੇਜਦੇ ਰਹੇ ਹਨ, ਜਿਥੇ ਉਹ ਬਰਾਂਚ ਫ਼ੈਕਟਰੀਆਂ ਬਣਾ ਰਹੇ ਹਨ ਤੇ ਨਵੇਂ ਅਦਾਰੇ ਚਲਾਉਣ ਲਈ ਕੰਪਨੀਆਂ ਕਾਇਮ ਕਰ ਰਹੇ ਹਨ। ਉਹ ਇਸ ਨਵ-ਉਮਰ ਦੇਸ ਉਪਰ ਲਾਲਚ ਨਾਲ ਟੁੱਟ ਕੇ ਪੈ ਰਹੇ ਹਨ, ਜਿਥੇ ਸਰਕਾਰ ਹੋਰ ਕਿਸੇ ਥਾਂ ਨਾਲੋਂ ਵੀ ਸਰਮਾਏ ਦੇ ਵਧੇਰੇ ਹੱਕ ਵਿਚ ਅਤੇ ਇਸਦੀ ਵਧੇਰੇ ਆਗਿਆਕਾਰੀ ਹੈ, ਜਿਥੇ ਉਹਨਾਂ ਨੂੰ ਐਸੇ ਮਜ਼ਦੂਰ ਮਿਲਦੇ ਹਨ ਜਿਹੜੇ ਪੱਛਮ ਵਿਚ ਮਜ਼ਦੂਰਾਂ ਨਾਲੋਂ ਘਟ ਜਥੇਬੰਦ ਹਨ ਤੇ ਮੁਕਾਬਲਾ ਕਰਨ ਦੇ ਘਟ ਸਮਰਥ ਹਨ, ਅਤੇ ਜਿਥੇ ਮਜ਼ਦੂਰਾਂ ਦਾ ਜੀਵਨ-ਮਿਆਰ ਕਿਤੇ ਨੀਵਾਂ, ਅਤੇ ਇਸ ਲਈ ਉਹਨਾਂ ਦੀਆਂ ਉਜਰਤਾਂ ਕਿਤੇ ਘਟ ਹਨ, ਜਿਸ ਲਈ ਬਦੇਸੀ ਸਰਮਾਇਦਾਰ ਅਥਾਹ ਨਫ਼ੇ ਕੱਢਣ ਦੇ ਸਮਰਥ ਹਨ, ਐਸੀ ਪੱਧਰ ਉਤੇ ਜਿਸਦਾ ਉਹਨਾਂ ਦੇ ਆਪਣੇ ਦੇਸਾਂ ਵਿਚ ਕੋਈ ਮੁਕਾਬਲਾ ਹੀ ਨਹੀਂ। ਕੌਮਾਂਤਰੀ ਸਰਮਾਇਆ ਰੂਸ ਤੱਕ ਆਪਣਾ ਹੱਥ ਪਹਿਲਾਂ ਹੀ ਫੈਲਾ ਚੁੱਕਾ ਹੈ। ਰੂਸੀ ਮਜ਼ਦੂਰ ਆਪਣੇ ਹੱਥ ਕੌਮਾਂਤਰੀ ਮਜ਼ਦੂਰ ਲਹਿਰ ਵੱਲ ਵਧਾ ਰਹੇ ਹਨ।

ਜੂਨ — ਜੁਲਾਈ, ੧੮੯੬ ਵਿਚ
ਜੇਲ੍ਹ ਵਿਚ ਲਿਖਿਆ ਗਿਆ

ਸੰਗ੍ਰਹਿਤ ਕਿਰਤਾਂ
ਸੈਂਚੀ ੨,
ਪੰਨੇ ੨੯੭-੨੯੮

# ਮਈ ਦਿਨ

ਸਾਥੀ ਮਜ਼ਦੂਰੋ! ਮਈ ਦਿਨ ਆ ਰਿਹਾ ਹੈ, ਉਹ ਦਿਨ ਜਦੋਂ ਸਾਰੇ ਦੇਸਾਂ ਦੇ ਮਜ਼ਦੂਰ ਜਮਾਤੀ ਚੇਤਨਤਾ ਵਾਲੇ ਜੀਵਨ ਪ੍ਰਤਿ ਆਪਣੀ ਜਾਗ੍ਰਿਤੀ ਨੂੰ, ਮਨੁੱਖ ਹੱਥੋਂ ਮਨੁੱਖ ਉਤੇ ਹਰ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਘੋਲ ਵਿਚ, ਲੱਖਾਂ ਮਿਹਨਤਕਸ਼ਾਂ ਨੂੰ ਭੁੱਖ, ਗ਼ਰੀਬੀ ਤੇ ਜਲਾਲਤ ਤੋਂ ਮੁਕਤ ਕਰਾਉਣ ਦੇ ਘੋਲ ਵਿਚ ਆਪਣੀ ਇਕਮੁਠਤਾ ਨੂੰ ਮਨਾਉਂਦੇ ਹਨ। ਇਸ ਮਹਾਨ ਘੋਲ ਵਿਚ ਦੋ ਸੰਸਾਰ ਇਕ ਦੂਜੇ ਦੇ ਸਾਮ੍ਹਣੇ ਡਟੇ ਖੜੇ ਹਨ: ਸਰਮਾਏ ਦਾ ਸੰਸਾਰ ਅਤੇ ਕਿਰਤ ਦਾ ਸੰਸਾਰ, ਲੁੱਟ-ਖਸੁੱਟ ਅਤੇ ਗ਼ੁਲਾਮੀ ਦਾ ਸੰਸਾਰ ਅਤੇ ਭਰੱਪਣ ਤੇ ਆਜ਼ਾਦੀ ਦਾ ਸੰਸਾਰ।

ਇਕ ਪਾਸੇ ਮੁੱਠੀ ਭਰ ਅਮੀਰ ਖ਼ੂਨ ਚੂਸਣ ਵਾਲੇ ਖੜੇ ਹਨ। ਉਹਨਾਂ ਨੇ ਫ਼ੈਕਟਰੀਆਂ ਅਤੇ ਮਿੱਲਾਂ ਉਤੇ, ਔਜ਼ਾਰਾਂ ਤੇ ਮਸ਼ੀਨਰੀ ਉਤੇ ਕਬਜ਼ਾ ਕਰ ਰਖਿਆ ਹੈ, ਲੱਖਾਂ ਏਕੜ ਜ਼ਮੀਨ ਅਤੇ ਪੈਸੇ ਦੇ ਪਹਾੜਾਂ ਨੂੰ ਆਪਣੀ ਨਿੱਜੀ ਮਲਕੀਅਤ ਵਿਚ ਬਦਲ ਦਿਤਾ ਹੈ। ਉਹਨਾਂ ਨੇ ਸਰਕਾਰ ਅਤੇ ਫ਼ੌਜ ਨੂੰ ਆਪਣੇ ਨੌਕਰਾਂ ਵਿਚ, ਆਪਣੇ ਇਕੱਠੇ ਕੀਤੇ ਧਨ ਦੀ ਰਾਖੀ ਕਰਨ ਵਾਲੇ ਵਫ਼ਾਦਾਰ ਕੁੱਤਿਆਂ ਵਿਚ ਬਦਲ ਦਿਤਾ ਹੈ।

ਦੂਜੇ ਪਾਸੇ ਲੱਖਾਂ ਲਾਵਾਰਸ ਖੜੇ ਹਨ। ਉਹਨਾਂ ਨੂੰ ਮਜਬੂਰ ਕਰ ਦਿਤਾ ਗਿਆ ਹੈ ਕਿ ਉਹ ਥੈਲੀਸ਼ਾਹਾਂ ਲਈ ਕੰਮ ਕਰਨ ਲਈ ਆਗਿਆ ਵਾਸਤੇ ਤਰਲੇ ਮਾਰਨ। ਆਪਣੀ ਕਿਰਤ ਨਾਲ ਉਹ ਸਾਰਾ ਧਨ ਪੈਦਾ ਕਰਦੇ ਹਨ। ਤਾਂ ਵੀ ਸਾਰੀ ਉਮਰ ਉਹਨਾਂ ਨੂੰ ਰੋਟੀ ਦੇ ਇਕ ਟੁਕੜੇ ਲਈ ਘੋਲ ਕਰਨਾ ਪੈਂਦਾ ਹੈ, ਕੰਮ ਲਈ ਤਰਲਾ ਕਰਨਾ ਪੈਂਦਾ ਹੈ ਜਿਵੇਂ ਭਿਖ ਮੰਗ ਰਹੇ ਹੋਣ, ਲੱਕ-ਤੋੜਵੀਂ ਮਿਹਨਤ ਨਾਲ ਆਪਣੀ ਤਾਕਤ ਤੇ ਸਿਹਤ ਗੁਆਉਣੀ ਪੈਂਦੀ ਹੈ, ਅਤੇ ਪਿੰਡਾਂ ਵਿਚਲੇ ਢਾਰਿਆਂ ਵਿਚ ਜਾਂ ਵਡੇ ਸ਼ਹਿਰਾਂ ਦੇ ਭੋਰਿਆਂ ਅਤੇ ਮਿਆਨੀਆਂ ਵਿਚ ਭੁਖਿਆਂ ਮਰਨਾ ਪੈਂਦਾ ਹੈ।

ਪਰ ਹੁਣ ਇਹਨਾਂ ਲਾਵਾਰਸ ਮਿਹਨਤਕਸ਼ਾਂ ਨੇ ਥੈਲੀਸ਼ਾਹਾਂ ਅਤੇ ਲੋਟੂਆਂ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿਤਾ ਹੈ। ਸਾਰੇ ਦੇਸਾਂ ਦੇ ਮਜ਼ਦੂਰ ਕਿਰਤ ਨੂੰ

ਉਜਰਤੀ ਗ਼ੁਲਾਮੀ ਤੋਂ, ਕੰਗਾਲੀ ਅਤੇ ਥੁੜ ਤੋਂ ਆਜ਼ਾਦ ਕਰਾਉਣ ਲਈ ਲੜ ਰਹੇ ਹਨ। ਉਹ ਸਮਾਜ ਦੇ ਐਸੇ ਪ੍ਰਬੰਧ ਲਈ ਲੜ ਰਹੇ ਹਨ ਜਿਸ ਵਿਚ ਸਾਂਝੀ ਕਿਰਤ ਨਾਲ ਪੈਦਾ ਕੀਤਾ ਧਨ ਮੁਠੀ ਭਰ ਅਮੀਰਾਂ ਦੇ ਨਹੀਂ ਸਗੋਂ ਉਹਨਾਂ ਸਾਰਿਆਂ ਦੇ ਭਲੇ ਲਈ ਖ਼ਰਚਿਆ ਜਾਵੇਗਾ ਜਿਹੜੇ ਕਿਰਤ ਕਰਦੇ ਹਨ। ਉਹ ਭੂਮੀ ਨੂੰ ਅਤੇ ਫ਼ੈਕਟਰੀਆਂ ਨੂੰ, ਮਿੱਲਾਂ ਤੇ ਮਸ਼ੀਨਾਂ ਨੂੰ ਸਾਰੇ ਮਿਹਨਤਕਸ਼ਾਂ ਦੀ ਸਾਂਝੀ ਮਲਕੀਅਤ ਬਣਾਉਣਾ ਚਾਹੁੰਦੇ ਹਨ। ਉਹ ਗ਼ਰੀਬਾਂ ਤੇ ਅਮੀਰਾਂ ਵਿਚਕਾਰ ਵੰਡ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ, ਚਾਹੁੰਦੇ ਹਨ ਕਿ ਕਿਰਤ ਦੇ ਫਲ ਖ਼ੁਦ ਕਿਰਤੀਆਂ ਨੂੰ ਮਿਲਣ, ਤੇ ਮਨੁਖੀ ਮਨ ਦੀਆਂ ਸਾਰੀਆਂ ਪ੍ਰਾਪਤੀਆਂ, ਕੰਮ ਦੇ ਤਰੀਕਿਆਂ ਦੇ ਸਾਰੇ ਸੁਧਾਰ ਕੰਮ ਕਰਨ ਵਾਲੇ ਆਦਮੀ ਦੀ ਕਿਸਮਤ ਨੂੰ ਚੰਗੇਰਿਆਂ ਬਨਾਉਣ, ਨਾ ਕਿ ਉਸਨੂੰ ਦਬਾਉਣ ਦੇ ਸਾਧਨਾਂ ਦਾ ਕੰਮ ਕਰਨ।

ਸਰਮਾਏ ਦੇ ਖ਼ਿਲਾਫ਼ ਕਿਰਤ ਦੇ ਮਹਾਨ ਘੋਲ ਵਿਚ ਸਾਰੇ ਦੇਸਾਂ ਦੇ ਮਜ਼ਦੂਰਾਂ ਨੂੰ ਅਥਾਹ ਕੁਰਬਾਨੀਆਂ ਦੇਣੀਆਂ ਪਈਆਂ ਹਨ। ਉਹਨਾਂ ਨੇ ਚੰਗੇਰੇ ਜੀਵਨ ਤੇ ਅਸਲੀ ਆਜ਼ਾਦੀ ਦੇ ਆਪਣੇ ਹੱਕ ਲਈ ਆਪਣੇ ਖ਼ੂਨ ਦੀਆਂ ਨਦੀਆਂ ਵਹਾਈਆਂ ਹਨ। ਜਿਹੜੇ ਲੋਕ ਮਜ਼ਦੂਰਾਂ ਦੇ ਉਦੇਸ਼ ਲਈ ਲੜਦੇ ਹਨ, ਉਹਨਾਂ ਉਪਰ ਸਰਕਾਰਾਂ ਵਲੋਂ ਅਕਹਿ ਜ਼ੁਲਮ ਢਾਏ ਜਾਂਦੇ ਹਨ। ਪਰ ਸਭ ਜ਼ੁਲਮਾਂ ਦੇ ਬਾਵਜੂਦ ਸੰਸਾਰ ਭਰ ਦੇ ਮਜ਼ਦੂਰਾਂ ਦੀ ਇਕਮੁਠਤਾ ਵਧ ਰਹੀ ਹੈ ਤੇ ਤਾਕਤ ਫੜ ਰਹੀ ਹੈ। ਮਜ਼ਦੂਰ ਦਿਨੋ ਦਿਨ ਵਧੇਰੇ ਪੱਕੀ ਤਰ੍ਹਾਂ ਸੋਸ਼ਲਿਸਟ ਪਾਰਟੀਆਂ ਵਿਚ ਜੁੜ ਰਹੇ ਹਨ, ਇਹਨਾਂ ਪਾਰਟੀਆਂ ਦੇ ਸਮਰਥਕਾਂ ਦੀ ਗਿਣਤੀ ਲੱਖਾਂ ਤੱਕ ਪੁੱਜ ਰਹੀ ਹੈ ਅਤੇ ਉਹ ਕਦਮ ਕਦਮ ਸਰਮਾਇਦਾਰ ਲੋਟੂਆਂ ਦੀ ਜਮਾਤ ਉਤੇ ਪੂਰਨ ਜਿੱਤ ਵੱਲ ਨਿਰੰਤਰ ਵਧ ਰਹੇ ਹਨ।

ਰੂਸੀ ਪ੍ਰੋਲਤਾਰੀ ਵਿਚ ਵੀ ਨਵੇਂ ਜੀਵਨ ਦੀ ਚੇਤਨਤਾ ਆ ਗਈ ਹੈ। ਇਹ ਵੀ ਮਹਾਨ ਘੋਲ ਵਿਚ ਸ਼ਾਮਲ ਹੋ ਗਏ ਹਨ। ਉਹ ਦਿਨ ਗਏ ਜਦੋਂ ਸਾਡਾ ਮਜ਼ਦੂਰ, ਆਪਣੀ ਦਾਸਤਾ ਦੀ ਅਵਸਥਾ ਤੋਂ ਕੋਈ ਛੁਟਕਾਰਾ, ਆਪਣੇ ਕੌੜੇ ਜੀਵਨ ਵਿਚ ਚਾਨਣ ਦੀ ਕੋਈ ਕਿਰਨ ਨਾ ਦੇਖਦਿਆਂ, ਤਾਬੇਦਾਰੀ ਨਾਲ ਗ਼ੁਲਾਮ ਹੁੰਦਾ ਸੀ। ਸੋਸ਼ਲਿਜ਼ਮ ਨੇ ਉਸਨੂੰ ਛੁਟਕਾਰੇ ਦਾ ਰਾਹ ਦਿਖਾ ਦਿਤਾ ਹੈ, ਅਤੇ ਹਜ਼ਾਰਾਂ ਹੀ ਘੁਲਾਟੀਏ ਲਾਲ ਝੰਡੇ[2] ਵੱਲ ਧਾ ਕੇ ਆ ਗਏ ਹਨ, ਜਿਵੇਂ ਕਿ ਧਰੂ ਤਾਰੇ ਵੱਲ। ਹੜਤਾਲਾਂ ਨੇ ਮਜ਼ਦੂਰਾਂ ਨੂੰ ਏਕੇ ਦੀ ਤਾਕਤ ਦਰਸਾ ਦਿਤੀ ਹੈ, ਉਹਨਾਂ ਨੂੰ ਮੁਕਾਬਲਾ ਕਰਨ ਦੀ ਜਾਚ ਸਿਖਾ ਦਿਤੀ ਹੈ, ਉਹਨਾਂ ਨੂੰ ਦਿਖਾ ਦਿਤਾ ਹੈ ਕਿ ਸੰਗਠਤ ਕਿਰਤੀ ਸਰਮਾਏ ਲਈ ਕਿੰਨੇ ਅਜਿੱਤ ਹੋ ਸਕਦੇ ਹਨ। ਮਜ਼ਦੂਰਾਂ ਨੇ ਦੇਖ ਲਿਆ ਹੈ ਕਿ ਉਹਨਾਂ ਦੀ ਕਿਰਤ ਦੇ ਸਿਰ ਉਤੇ ਹੀ ਸਰਕਾਰ ਅਤੇ ਸਰਮਾਇਦਾਰ ਜਿਊਂਦੇ ਤੇ ਮੋਟੇ ਹੋਈ ਜਾਂਦੇ ਹਨ। ਮਜ਼ਦੂਰਾਂ ਵਿਚ ਇਕਮੁਠ ਘੋਲ ਦੀ ਭਾਵਨਾ, ਆਜ਼ਾਦੀ

ਲਈ ਤੇ ਸੋਸ਼ਲਿਜ਼ਮ ਲਈ ਤਾਂਘ ਮਚ ਗਈ ਹੈ। ਮਜ਼ਦੂਰਾਂ ਨੇ ਸਮਝ ਲਿਆ ਹੈ ਕਿ ਜ਼ਾਰਸ਼ਾਹੀ ਇਕ-ਪੁਰਖੀ ਰਾਜ ਕਿੰਨੀ ਕਾਲੀ ਤੇ ਸ਼ੈਤਾਨੀ ਤਾਕਤ ਹੈ। ਮਜ਼ਦੂਰ ਆਪਣੇ ਘੋਲ ਲਈ, ਆਜ਼ਾਦੀ ਲਈ ਲੜਦੇ ਹਨ, ਪਰ ਜ਼ਾਰਸ਼ਾਹੀ ਸਰਕਾਰ ਉਹਨਾਂ ਦੇ ਹੱਥ ਪੈਰ ਬੰਨ੍ਹੀ ਬੈਠੀ ਹੈ। ਮਜ਼ਦੂਰ ਮਿਲ-ਬੈਠਣ ਦੀ ਆਜ਼ਾਦੀ, ਜਥੇਬੰਦ ਹੋਣ ਦੀ ਆਜ਼ਾਦੀ, ਅਖ਼ਬਾਰਾਂ ਅਤੇ ਕਿਤਾਬਾਂ ਦੀ ਆਜ਼ਾਦੀ ਲੋੜਦੇ ਹਨ, ਪਰ ਜ਼ਾਰਸ਼ਾਹੀ ਸਰਕਾਰ ਆਜ਼ਾਦੀ ਲਈ ਹਰ ਯਤਨ ਨੂੰ ਕੋਰੜਿਆਂ, ਜੇਲ੍ਹਾਂ ਅਤੇ ਸੰਗੀਨਾਂ ਨਾਲ ਕੁਚਲ ਦੇਂਦੀ ਹੈ। "ਜ਼ਾਰਸ਼ਾਹੀ ਮੁਰਦਾਬਾਦ!" ਦਾ ਨਾਅਰਾ ਰੂਸ ਦੇ ਚੌਹਾਂ ਕੋਨਿਆਂ ਵਿਚ ਗੂੰਜ ਉਠਿਆ ਹੈ, ਇਸਨੂੰ ਗਲੀਆਂ ਬਾਜ਼ਾਰਾਂ ਵਿਚ, ਮਜ਼ਦੂਰਾਂ ਦੇ ਬੇਹੱਦ ਵਡੇ ਜਲਸਿਆਂ ਵਿਚ ਦਿਨੋ ਦਿਨ ਵਧੇਰੇ ਉੱਚਾ ਕੀਤਾ ਜਾ ਰਿਹਾ ਹੈ। ਪਿਛਲੀਆਂ ਗਰਮੀਆਂ ਵਿਚ ਸਾਰੇ ਦਖਣੀ ਰੂਸ ਵਿਚ ਲੱਖਾਂ ਮਜ਼ਦੂਰ ਚੰਗੇਰੇ ਜੀਵਨ ਲਈ, ਪੁਲਸੀ ਤਸ਼ਦੱਦ ਤੋਂ ਆਜ਼ਾਦੀ ਲਈ ਲੜਨ ਲਈ ਉਠ ਖੜੇ ਹੋਏ। ਬੂਰਜੂਆਜ਼ੀ ਅਤੇ ਸਰਕਾਰ ਮਜ਼ਦੂਰਾਂ ਦੀ ਅਥਾਹ ਫ਼ੌਜ ਨੂੰ ਦੇਖ ਕੇ ਕੰਬ ਉਠੀ, ਜਿਸਨੇ ਇਕੋ ਝਟਕੇ ਨਾਲ ਵਡੇ ਵਡੇ ਸ਼ਹਿਰਾਂ ਦੇ ਸਾਰੇ ਸਨਅਤੀ ਜੀਵਨ ਨੂੰ ਬੇਹਰਕਤ ਕਰਕੇ ਰਖ ਦਿਤਾ। ਮਜ਼ਦੂਰਾਂ ਦੇ ਉਦੇਸ਼ ਲਈ ਲੜਨ ਵਾਲੇ ਦਰਜਨਾਂ ਹੀ ਫ਼ੌਜ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ, ਜਿਸ ਫ਼ੌਜ ਨੂੰ ਜ਼ਾਰਸ਼ਾਹੀ ਨੇ ਅੰਦਰੂਨੀ ਦੁਸ਼ਮਣ ਦੇ ਖ਼ਿਲਾਫ਼ ਭੇਜਿਆ ਸੀ।

ਪਰ ਕੋਈ ਸ਼ਕਤੀ ਨਹੀਂ ਜਿਹੜੀ ਇਸ ਅੰਦਰਲੇ ਦੁਸ਼ਮਣ ਨੂੰ ਹਰਾ ਸਕਦੀ ਹੋਵੇ, ਕਿਉਂਕਿ ਸਰਕਾਰ ਤੇ ਹਾਕਮ ਜਮਾਤਾਂ ਸਿਰਫ਼ ਇਸਦੀ ਕਿਰਤ ਨਾਲ ਹੀ ਜਿਉਂਦੀਆਂ ਹਨ। ਧਰਤੀ ਉਤੇ ਕੋਈ ਤਾਕਤ ਨਹੀਂ ਜਿਹੜੀ ਲੱਖਾਂ ਮਜ਼ਦੂਰਾਂ ਨੂੰ ਡੇਗ ਸਕੇ, ਜਿਹੜੇ ਦਿਨੋ ਦਿਨ ਵਧੇਰੇ ਸ਼੍ਰੇਣੀ ਚੇਤਨਤਾ ਵਾਲੇ ਬਣਦੇ ਜਾ ਰਹੇ ਹਨ, ਦਿਨੋ ਦਿਨ ਵਧੇਰੇ ਇਕਮੁਠ ਤੇ ਸੰਗਠਤ ਹੋ ਰਹੇ ਹਨ। ਹਰ ਹਾਰ, ਜਿਹੜੀ ਮਜ਼ਦੂਰ ਸਹਿੰਦੇ ਹਨ, ਨਵੇਂ ਘੁਲਾਟੀਆਂ ਨੂੰ ਸਫ਼ਾਂ ਵਿਚ ਲੈ ਆਉਂਦੀ ਹੈ, ਇਹ ਵਧੇਰੇ ਵਿਸ਼ਾਲ ਸਮੂਹਾਂ ਨੂੰ ਨਵੇਂ ਜੀਵਨ ਪ੍ਰਤਿ ਜਗਾ ਦੇਂਦੀ ਹੈ ਅਤੇ ਉਹਨਾਂ ਨੂੰ ਨਵੇਂ ਘੋਲਾਂ ਲਈ ਤਿਆਰੀ ਕਰਨ ਲਈ ਮਜਬੂਰ ਕਰ ਦੇਂਦੀ ਹੈ।

ਅਤੇ ਜਿਨ੍ਹਾਂ ਘਟਨਾਵਾਂ ਵਿਚੋਂ ਰੂਸ ਇਸ ਵੇਲੇ ਲੰਘ ਰਿਹਾ ਹੈ, ਉਹ ਅਜਿਹੀਆਂ ਹਨ ਕਿ ਮਜ਼ਦੂਰ ਜਨਤਾ ਦੀ ਇਹ ਜਾਗ੍ਰਿਤੀ ਲਾਜ਼ਮੀ ਤੌਰ ਉਤੇ ਹੋਰ ਵੀ ਜ਼ਿਆਦਾ ਤੇਜ਼ ਤੇ ਵਿਸ਼ਾਲ ਹੋਵੇਗੀ, ਅਤੇ ਪ੍ਰੋਲਤਾਰੀ ਦੀਆਂ ਸਫ਼ਾਂ ਨੂੰ ਇਕਮੁਠ ਕਰਨ ਲਈ ਤੇ ਹੋਰ ਵੀ ਵਧੇਰੇ ਦਰਿੜ੍ਹ ਘੋਲ ਲਈ ਇਹਨਾਂ ਨੂੰ ਤਿਆਰ ਕਰਨ ਲਈ ਸਾਨੂੰ ਹਰ ਵਾਹ ਲਾਉਣੀ ਚਾਹੀਦੀ ਹੈ। ਜੰਗ[3] ਪ੍ਰੋਲਤਾਰੀ ਦੇ ਅਤਿ ਪੱਛੜੇ ਤਬਕਿਆਂ ਨੂੰ ਵੀ ਰਾਜਨੀਤਕ ਮਾਮਲਿਆਂ ਤੇ ਮਸਲਿਆਂ ਵਿਚ ਦਿਲਚਸਪੀ ਲੈਣ ਲਈ ਮਜਬੂਰ ਕਰ ਰਹੀ ਹੈ। ਜੰਗ ਸਦਾ ਨਾਲੋਂ ਵਧੇਰੇ ਸਪਸ਼ਟਤਾ ਅਤੇ ਪ੍ਰਤੱਖ

ਤਰੀਕੇ ਨਾਲ ਇਕ-ਪੁਰਖੀ ਰਾਜ ਦੇ ਨਿਜ਼ਾਮ ਦੇ ਪੂਰੀ ਤਰ੍ਹਾਂ ਗਲੇ-ਸੜੇ ਹੋਣ ਨੂੰ, ਪੁਲੀਸ ਤੇ ਰੂਸ ਉਤੇ ਰਾਜ ਕਰਦੇ ਦਰਬਾਰੀ ਠੱਗ-ਟੋਲੇ ਦੀ ਨਿਰੋਲ ਮੁਜਰਮਾਨਾ ਜ਼ਹਨੀਅਤ ਨੂੰ ਨੰਗਿਆਂ ਕਰ ਰਹੀ ਹੈ। ਸਾਡੇ ਲੋਕ ਦੇਸ ਵਿਚ ਥੁੜ ਅਤੇ ਭੁੱਖ ਹਥੋਂ ਤਬਾਹ ਹੋ ਰਹੇ ਹਨ — ਤਾਂ ਵੀ ਹਜ਼ਾਰਾਂ ਮੀਲ ਦੂਰ ਅਤੇ ਬਦੇਸੀ ਨਸਲਾਂ ਨਾਲ ਵੱਸੇ ਪਰਾਏ ਇਲਾਕਿਆਂ ਲਈ ਤਬਾਹਕਰੂ ਅਤੇ ਬੇਹੂਦਾ ਜੰਗ ਵਿਚ ਉਹਨਾਂ ਨੂੰ ਖਿੱਚ ਲਿਆ ਗਿਆ ਹੈ। ਸਾਡੇ ਲੋਕ ਰਾਜਨੀਤਕ ਗ਼ੁਲਾਮੀ ਹੇਠ ਪਿਸੇ ਪਏ ਹਨ — ਤਾਂ ਵੀ ਉਹਨਾਂ ਨੂੰ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਨਾਉਣ ਦੀ ਜੰਗ ਵਿਚ ਖਿੱਚ ਲਿਆ ਗਿਆ ਹੈ। ਸਾਡੇ ਲੋਕ ਦੇਸ ਵਿਚ ਰਾਜਨੀਤਕ ਨਿਜ਼ਾਮ ਦੀ ਤਬਦੀਲੀ ਦਾ ਮੰਗ ਕਰਦੇ ਹਨ — ਦੁਨੀਆਂ ਦੇ ਦੂਜੇ ਸਿਰੇ ਉਤੇ ਤੋਪਾਂ ਦੀ ਗੂੰਜ ਪੈਦਾ ਕਰਕੇ ਉਹਨਾਂ ਦਾ ਧਿਆਨ ਲਾਂਭੇ ਖੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਜ਼ਾਰਸ਼ਾਹੀ ਸਰਕਾਰ ਆਪਣੇ ਜੂਏ ਵਿਚ, ਕੌਮੀ ਧਨ ਤੇ ਨੌਜਵਾਨ ਮਰਦਾਂ ਦੇ, ਜਿਨ੍ਹਾਂ ਨੂੰ ਸ਼ਾਂਤ ਮਹਾਂਸਾਗਰ ਦੇ ਕੰਢਿਆਂ ਉਤੇ ਮਰਨ ਲਈ ਭੇਜਿਆ ਗਿਆ ਹੈ, ਆਪਣੇ ਮੁਜਰਮਾਨਾ ਉਜਾੜੇ ਵਿਚ ਬਹੁਤ ਅੱਗੇ ਚਲੀ ਗਈ ਹੈ। ਹਰ ਜੰਗ ਲੋਕਾਂ ਉਪਰ ਬੋਝ ਪਾਉਂਦੀ ਹੈ, ਅਤੇ ਸਭਯ ਤੇ ਆਜ਼ਾਦ ਜਾਪਾਨ ਦੇ ਖ਼ਿਲਾਫ਼ ਮੁਸ਼ਕਲ ਜੰਗ ਰੂਸ ਉਤੇ ਭਿਆਨਕ ਬੋਝ ਹੈ। ਤੇ ਇਹ ਬੋਝ ਅਜਿਹੇ ਸਮੇਂ ਪਿਆ ਹੈ ਜਦੋਂ ਜਾਗ ਰਹੇ ਪ੍ਰੋਲਤਾਰੀ ਦੀਆਂ ਸੱਟਾਂ ਹੇਠ ਪੁਲਸੀ ਤਾਨਾਸ਼ਾਹੀ ਦਾ ਢਾਂਚਾ ਢਹਿ-ਢੇਰੀ ਹੋਣਾ ਸ਼ੁਰੂ ਹੋ ਚੁੱਕਾ ਹੈ। ਜੰਗ ਸਰਕਾਰ ਦੇ ਸਾਰੇ ਕਮਜ਼ੋਰ ਨੁਕਤਿਆਂ ਉਤੋਂ ਪਰਦਾ ਲਾਹ ਰਹੀ ਹੈ, ਜੰਗ ਸਾਰੇ ਝੂਠੇ ਪਰਦੇ ਪਾੜ ਰਹੀ ਹੈ, ਜੰਗ ਸਾਰੇ ਅੰਦਰਲੇ ਗੰਦ ਨੂੰ ਸਾਮ੍ਹਣੇ ਲਿਆ ਰਹੀ ਹੈ, ਜੰਗ ਜ਼ਾਰਸ਼ਾਹੀ ਇਕ-ਪੁਰਖੀ ਰਾਜ ਦੀ ਬੇਹੂਦਗੀ ਸਾਰਿਆਂ ਨੂੰ ਸਪਸ਼ਟ ਕਰ ਰਹੀ ਹੈ ਅਤੇ ਸਾਰਿਆਂ ਨੂੰ ਪੁਰਾਣੇ ਰੂਸ ਦੀ ਮਰਨ-ਪੀੜ ਦਿਖਾ ਰਹੀ ਹੈ, ਉਸ ਰੂਸ ਦੀ ਜਿਸ ਵਿਚ ਲੋਕ ਵੋਟ ਦੇ ਹੱਕ ਤੋਂ ਸੱਖਣੇ, ਜਾਹਲ ਤੇ ਡਰੇ ਹੋਏ ਹਨ, ਉਸ ਰੂਸ ਦੀ ਜਿਹੜਾ ਅਜੇ ਵੀ ਪੁਲੀਸ ਸਰਕਾਰ ਦੀ ਖੇਤ-ਗ਼ੁਲਾਮੀ[4] ਵਿਚ ਬੱਝਾ ਹੋਇਆ ਹੈ।

ਪੁਰਾਣਾ ਰੂਸ ਮਰ ਰਿਹਾ ਹੈ, ਇਕ ਆਜ਼ਾਦ ਰੂਸ ਇਸਦੀ ਥਾਂ ਲੈ ਰਿਹਾ ਹੈ। ਕਾਲੀਆਂ ਤਾਕਤਾਂ, ਜਿਹੜੀਆਂ ਜ਼ਾਰਸ਼ਾਹੀ ਇਕ-ਪੁਰਖੀ ਰਾਜ ਦੀ ਰਾਖੀ ਕਰਦੀਆਂ ਸਨ, ਢਹਿ-ਢੇਰੀ ਹੋ ਰਹੀਆਂ ਹਨ। ਪਰ ਸਿਰਫ਼ ਜਮਾਤੀ ਚੇਤਨਤਾ ਵਾਲੇ ਅਤੇ ਸੰਗਠਤ ਪ੍ਰੋਲਤਾਰੀ ਹੀ ਉਹਨਾਂ ਨੂੰ ਕਾਰੀ ਸੱਟ ਮਾਰ ਸਕਦੇ ਹਨ। ਸਿਰਫ਼ ਜਮਾਤੀ ਚੇਤਨਤਾ ਵਾਲੇ ਤੇ ਸੰਗਠਤ ਪ੍ਰੋਲਤਾਰੀ ਹੀ ਲੋਕਾਂ ਲਈ ਅਸਲੀ, ਨਾ ਕਿ ਨਕਲੀ, ਆਜ਼ਾਦੀ ਜਿੱਤ ਸਕਦੇ ਹਨ। ਸਿਰਫ਼ ਜਮਾਤੀ ਚੇਤਨਤਾ ਵਾਲੇ ਤੇ ਸੰਗਠਤ ਪ੍ਰੋਲਤਾਰੀ ਹੀ ਲੋਕਾਂ ਨੂੰ ਧੋਖਾ ਦੇਣ ਦੇ, ਉਹਨਾਂ ਦੇ ਹੱਕਾਂ ਨੂੰ ਖ਼ਤਮ ਕਰਨ ਦੇ, ਉਹਨਾਂ ਨੂੰ ਬੁਰਜੂਆਜ਼ੀ ਦੇ ਹੱਥਾਂ ਵਿਚ ਸਿਰਫ਼ ਹਥਠੋਕੇ ਬਨਾਉਣ ਦੇ ਹਰ ਯਤਨ ਨੂੰ ਅਸਫ਼ਲ ਬਣਾ ਸਕਦੇ ਹਨ।

ਸਾਥੀ ਮਜ਼ਦੂਰੋ! ਆਓ ਫਿਰ ਹਥਲੀ ਫ਼ੈਸਲਾਕੁਨ ਲੜਾਈ ਲਈ ਦੂਣੀ ਚੌਗੁਣੀ ਸ਼ਕਤੀ ਨਾਲ ਤਿਆਰੀ ਕਰੀਏ! ਆਓ ਸੋਸ਼ਲ-ਡੈਮੋਕਰੈਟ ਪ੍ਰੋਲਤਾਰੀ ਦੀ ਸਫ਼ਾਂ ਨੂੰ ਹੋਰ ਵੀ ਪੱਕੀ ਤਰ੍ਹਾਂ ਨੇੜੇ ਲਿਆਈਏ! ਉਹਨਾਂ ਦੇ ਕਥਨਾਂ ਨੂੰ ਹੋਰ ਵੀ ਦੂਰ ਦੂਰ ਤੱਕ ਪੁਚਾਈਏ! ਮਜ਼ਦੂਰਾਂ ਦੀਆਂ ਮੰਗਾਂ ਲਈ ਮੁਹਿੰਮਾਂ ਨੂੰ ਹੋਰ ਵੀ ਵਧੇਰੇ ਦਲੇਰੀ ਨਾਲ ਚਲਣ ਦਿਓ! ਮਈ ਦਿਨ ਨੂੰ ਸਾਡੇ ਉਦੇਸ਼ ਲਈ ਹਜ਼ਾਰਾਂ ਨਵੇਂ ਘੁਲਾਟੀਏ ਲਿਆਉਣ ਦਿਓ ਅਤੇ ਸਾਰੇ ਲੋਕਾਂ ਦੀ ਆਜ਼ਾਦੀ ਲਈ, ਸਰਮਾਏ ਦੇ ਜੂਲੇ ਲਈ ਮਿਹਨਤ ਕਰਦੇ ਸਾਰਿਆਂ ਦੀ ਆਜ਼ਾਦੀ ਲਈ ਮਹਾਨ ਘੋਲ ਵਿਚ ਸਾਡੀਆਂ ਸ਼ਕਤੀਆਂ ਭਰਪੂਰ ਹੋਣ ਦਿਓ!

ਅੱਠ ਘੰਟੇ ਦੀ ਦਿਹਾੜੀ ਜ਼ਿੰਦਾਬਾਦ!

ਕੌਮਾਂਤਰੀ ਇਨਕਲਾਬੀ ਸੋਸ਼ਲ-ਡੈਮੋਕਰੇਸੀ ਜ਼ਿੰਦਾਬਾਦ!

ਮੁਜਰਮਾਨਾ ਤੇ ਧਾੜਵੀ ਜ਼ਾਰਸ਼ਾਹੀ ਇਕ-ਪੁਰਖੀ ਰਾਜ ਮੁਰਦਾਬਾਦ!

੨ (੧੫) ਅਪ੍ਰੈਲ, ੧੯੦੪ ਨੂੰ ਲਿਖਿਆ ਗਿਆ।

ਵ. ਇ. ਲੈਨਿਨ,
ਸੰਗ੍ਰਹਿਤ ਕਿਰਤਾਂ
(ਰੂਸੀ ਛਾਪ),
ਸੈਂਚੀ ੮,
ਪੰਨੇ ੧੯੧-੧੯੪

# ਇਨਕਲਾਬ ਦੀ ਪਹਿਲੀ ਜਿੱਤ

## ਵਿਚੋਂ

ਇਨਕਲਾਬ ਦੀ ਸਫ਼ਲਤਾ ਉਹਨਾਂ ਪ੍ਰੋਲਤਾਰੀ ਤੇ ਕਿਸਾਨ ਲੋਕਾਂ ਦੀ ਗਿਣਤੀ ਉਤੇ ਨਿਰਭਰ ਕਰਦੀ ਹੈ ਜਿਹੜੇ ਇਸਦੀ ਰਾਖੀ ਲਈ ਤੇ ਇਸਨੂੰ ਤੋੜ ਪੁਚਾਉਣ ਲਈ ਉਠ ਖੜੇ ਹੋਣਗੇ। ਇਨਕਲਾਬੀ ਜੰਗ ਦੂਜੀਆਂ ਜੰਗਾਂ ਨਾਲੋਂ ਇਸ ਗੱਲ ਵਿਚ ਵਖਰੀ ਹੈ ਕਿ ਇਹ ਆਪਣੀ ਮੁਖ ਰਾਖਵੀਂ ਸ਼ਕਤੀ ਆਪਣੇ ਦੁਸ਼ਮਣ ਦੇ ਪਹਿਲਾਂ ਰਹਿ ਚੁਕੇ ਇਤਿਹਾਦੀਆਂ ਦੇ, ਜ਼ਾਰਸ਼ਾਹੀ ਦੇ ਰਹਿ ਚੁਕੇ ਹਿਮਾਇਤੀਆਂ ਦੇ ਧੜੇ ਤੋਂ, ਜਾਂ ਉਹਨਾਂ ਲੋਕਾਂ ਤੋਂ ਲੈਂਦੀ ਹੈ ਜਿਹੜੇ ਅੱਖਾਂ ਬੰਦ ਕਰਕੇ ਜ਼ਾਰਸ਼ਾਹੀ ਦਾ ਹੁਕਮ ਮੰਨਦੇ ਸਨ। ਕਿਸੇ ਵੀ ਸੰਭਵ ਮੈਨੀਫ਼ੈਸਟੋ ਜਾਂ ਕਾਨੂੰਨਾਂ ਦੀਆਂ ਬੌਂਦਲੀਆਂ ਗੱਲਾਂ ਨਾਲੋਂ ਕੁੱਲ-ਰੂਸ ਰਾਜਨੀਤਕ ਹੜਤਾਲ[5] ਦੀ ਕਿਸਾਨਾਂ ਦੇ ਦਿਲਾਂ ਤੇ ਦਿਮਾਗਾਂ ਉਤੇ ਵਧੇਰੇ ਪ੍ਰਭਾਵ ਪਾਵੇਗੀ।

ਜਦੋਂ ਰੂਸੀ ਇਨਕਲਾਬ ਅਜੇ ਸ਼ੁਰੂ ਹੀ ਹੋ ਰਿਹਾ ਸੀ, ਤਾਂ ਉਦਾਰਪੰਥੀ ਬੁਰਜੂਆਜ਼ੀ ਨੇ ਸਾਰਾ ਰਾਜਨੀਤਕ ਅਗਵਾੜ ਮੱਲਿਆ ਹੋਇਆ ਸੀ; ਇਕ ਸਾਲ ਪਹਿਲਾਂ ਹਾਲਤ ਇਸ ਤਰ੍ਹਾਂ ਦੀ ਸੀ।

ਇਨਕਲਾਬ ਨੇ ਆਪਣਾ ਆਪ ਜਤਾਇਆ ਜਦੋਂ ਸ਼ਹਿਰੀ ਮਜ਼ਦੂਰ ਜਮਾਤ ੯ ਜਨਵਰੀ[6] ਨੂੰ ਮੈਦਾਨ ਵਿਚ ਆ ਨਿੱਤਰੀ।

ਇਨਕਲਾਬ ਨੇ ਪਹਿਲੀ ਜਿੱਤ ਪ੍ਰਾਪਤ ਕੀਤੀ ਜਦੋਂ ਰੂਸ ਦੀਆਂ ਸਾਰੀਆਂ ਕੌਮਾਂ ਦੇ ਪ੍ਰੋਲਤਾਰੀ ਇਕਮੁਠ ਹੋ ਕੇ ਉਠ ਖੜੇ ਹੋਏ ਤੇ ਜ਼ਾਰ ਦੇ ਤਖ਼ਤ ਨੂੰ ਡੋਲਾ ਦਿਤਾ, ਉਸ ਤਖ਼ਤ ਨੂੰ ਜਿਸਨੇ ਸਾਰੀਆਂ ਕੌਮਾਂ ਉਤੇ, ਤੇ ਸਭ ਤੋਂ ਵਧ ਸਾਰੀਆਂ ਕੌਮਾਂ ਦੀਆਂ ਮਿਹਨਤਕਸ਼ ਜਮਾਤਾਂ ਉਪਰ ਏਨੀਆਂ ਬੇਹੱਦ ਮੁਸੀਬਤਾਂ ਢਾਈਆਂ ਹਨ।

ਇਨਕਲਾਬ ਦੁਸ਼ਮਣ ਨੂੰ ਆਖ਼ਰੀ ਸੱਟ ਮਾਰੇਗਾ ਤੇ ਖ਼ੂਨ ਦੇ ਪਿਆਸੇ ਜ਼ਾਰ ਦਾ ਤਖ਼ਤ ਧਰਤੀ ਉਤੋਂ ਹੂੰਝ ਸੁੱਟੇਗਾ, ਜਦੋਂ ਮਜ਼ਦੂਰ ਇਕ ਵਾਰ ਫਿਰ ਉਠਣਗੇ ਤੇ ਕਿਸਾਨੀ ਉਹਨਾਂ ਦੇ ਪਿੱਛੇ ਹੋਵੇਗੀ।

ਤੇ ਫ਼ਿਰ, ਰੂਸੀ ਇਨਕਲਾਬ ਕੋਲ ਇਕ ਹੋਰ ਰਾਖਵੀਂ ਸ਼ਕਤੀ ਹੈ। ਉਹ ਸਮੇਂ

ਗਏ। ਜਦੋਂ ਕੌਮਾਂ ਤੇ ਰਾਜ ਇਕ ਦੂਜੇ ਤੋਂ ਨਿੱਖੜ ਕੇ ਰਹਿ ਸਕਦੇ ਸਨ। ਜ਼ਰਾ ਦੇਖੋ— ਯੂਰਪ ਪਹਿਲਾਂ ਹੀ ਹਰਕਤ ਵਿਚ ਆਇਆ ਹੋਇਆ ਹੈ। ਇਸਦੀ ਬੁਰਜੂਆਜ਼ੀ ਘਾਬਰੀ ਪਈ ਹੈ ਤੇ ਰੂਸ ਵਿਚਲੇ ਭਾਂਬੜ ਨੂੰ ਰੋਕਣ ਲਈ ਲੱਖਾਂ ਕਰੋੜਾਂ ਦੇਣ ਨੂੰ ਤਿਆਰ ਹੈ। ਸੈਨਾਵਾਦੀ ਯੂਰਪੀ ਤਾਕਤਾਂ ਦੇ ਹਾਕਮ ਜ਼ਾਰ ਨੂੰ ਫ਼ੌਜੀ ਸਹਾਇਤਾ ਦੇਣ ਦੀ ਸੋਚ ਰਹੇ ਹਨ। ਕੈਸਰ ਵਿਲਹਲਮ ਨੇ ਜਰਮਨ ਸੈਨਾਵਾਦੀਆਂ ਤੇ ਪੀਟਰਹਾਫ਼ ਵਿਚਕਾਰ ਸਿਧਾ ਸੰਬੰਧ ਸਥਾਪਤ ਕਰਨ ਲਈ ਪਹਿਲਾਂ ਹੀ ਕਈ ਕਰੂਜ਼ਰ ਅਤੇ ਤਬਾਹ-ਕਰੂ ਜਹਾਜ਼ ਤੋਰ ਦਿਤੇ ਹਨ। ਯੂਰਪੀ ਉਲਟ-ਇਨਕਲਾਬ ਰੂਸੀ ਉਲਟ-ਇਨਕਲਾਬ ਵੱਲ ਸਹਾਇਤਾ ਦਾ ਹੱਥ ਵਧਾ ਰਿਹਾ ਹੈ।

ਜ਼ਰਾ ਕੋਸ਼ਿਸ਼ ਕਰ ਦੇਖ, ਸ੍ਰੀਮਾਨ ਹੋਹੇਨਜ਼ੋਲੇਰਨ! ਸਾਡੇ ਕੋਲ ਵੀ ਰੂਸੀ ਇਨਕਲਾਬ ਦੀ ਯੂਰਪੀ ਰਾਖਵੀਂ ਸ਼ਕਤੀ ਹੈ। ਇਹ ਰਾਖਵੀਂ ਸ਼ਕਤੀ ਕੌਮਾਂਤਰੀ ਸੋਸ਼ਲਿਸਟ ਪ੍ਰੋਲਤਾਰੀ ਹਨ, ਕੌਮਾਂਤਰੀ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਲਹਿਰ ਹੈ। ਸਾਰੀ ਦੁਨੀਆਂ ਦੇ ਮਜ਼ਦੂਰ ਰੂਸੀ ਮਜ਼ਦੂਰਾਂ ਦੀ ਜਿੱਤ ਦਾ ਉਤਸ਼ਾਹ ਨਾਲ ਸਵਾਗਤ ਕਰ ਰਹੇ ਹਨ ਤੇ, ਸੋਸ਼ਲਿਜ਼ਮ ਦੀ ਕੌਮਾਂਤਰੀ ਫ਼ੌਜ ਦੇ ਵਖੋ ਵਖ ਦਸਤਿਆਂ ਵਿਚਕਾਰ ਡੂੰਘੇ ਸੰਬੰਧਾਂ ਤੋਂ ਚੇਤੰਨ, ਖ਼ੁਦ ਮਹਾਨ ਅਤੇ ਫ਼ੈਸਲਾਕੁਨ ਘੋਲ ਲਈ ਤਿਆਰੀ ਕਰ ਰਹੇ ਹਨ।

ਕੁੱਲ-ਰੂਸ ਦੇ ਮਜ਼ਦੂਰੋ ਤੇ ਕਿਸਾਨੋ ਤੁਸੀਂ ਇਕਲੇ ਨਹੀਂ! ਜੇ ਤੁਸੀਂ ਸਾਮੰਤੀ, ਪੁਲਸ-ਪ੍ਰਧਾਨ, ਭੂਮੀਪਤੀ ਤੇ ਜ਼ਾਰਸ਼ਾਹੀ ਰੂਸ ਦੇ ਜ਼ਾਲਮਾਂ ਨੂੰ ਉਲਟਾਉਣ, ਕੁਚਲਣ ਤੇ ਤਬਾਹ ਕਰਨ ਵਿਚ ਸਫ਼ਲ ਹੋ ਜਾਂਦੇ ਹੋ, ਤਾਂ ਤੁਹਾਡੀ ਜਿੱਤ ਸਰਮਾਏ ਦੇ ਖ਼ਿਲਾਫ਼ ਸੰਸਾਰ-ਘੋਲ ਲਈ, ਮਿਹਨਤਕਸ਼ਾਂ ਦੀ ਪੂਰਨ ਆਰਥਕ ਤੇ ਰਾਜਨੀਤਕ ਮੁਕਤੀ ਲਈ ਘੋਲ ਲਈ, ਮੰਦਹਾਲੀ ਤੋਂ ਮਨੁਖਤਾ ਦੇ ਛੁਟਕਾਰੇ ਵਾਸਤੇ ਤੇ ਸੋਸ਼ਲਿਜ਼ਮ ਦੀ ਪੂਰਤੀ ਲਈ ਘੋਲ ਦਾ ਕੰਮ ਦੇਵੇਗੀ।

੭ ਨਵੰਬਰ (੨੫ ਅਕਤੂਬਰ),
੧੯੦੫ ਨੂੰ
"ਪ੍ਰੋਲੇਤਾਰੀ" ਨੰ: ੨੪
ਵਿਚ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ,
ਸੰਚੀ ੧੨,
ਪੰਨੇ ੩੩-੩੫।

# ਦੂਮਾ ਵਿਚ ਸਾਡੇ ਗਰੁੱਪ ਦਾ ਐਲਾਨ[7]

## ਵਿਚੋਂ

ਸਾਡੀ ਪਾਰਟੀ ਸੋਸ਼ਲ-ਡੈਮੋਕਰੈਟਿਕ ਪ੍ਰੋਲਤਾਰੀ ਦੀ ਕੌਮਾਂਤਰੀ ਫ਼ੌਜ ਦੇ ਦਸਤਿਆਂ ਵਿਚੋਂ ਇਕ ਹੈ। ਦੁਨੀਆਂ ਭਰ ਵਿਚ ਸੰਗਠਤ ਪ੍ਰੋਲਤਾਰੀ, ਜਿਹੜੇ ਆਪਣੇ ਜਮਾਤੀ ਹਿਤਾਂ ਤੋਂ ਚੇਤੰਨ ਹਨ, ਘੋਲ ਲਈ ਉਠ ਖੜੇ ਹੋਏ ਹਨ। ਉਹ ਸਰਮਾਏ ਦਾ ਜੂਲਾ ਲਾਹ ਮਾਰਨ ਲਈ ਲੜ ਰਹੇ ਹਨ। ਉਹ ਜ਼ੁਲਮ, ਕੰਗਾਲੀ, ਜਬਰ ਤੇ ਬੇਰੁਜ਼ਗਾਰੀ ਤੋਂ ਸਾਰੇ ਮਿਹਨਤਕਸ਼ਾਂ ਦੀ ਪੂਰਨ ਮੁਕਤੀ ਯਕੀਨੀ ਬਣਾਉਣ ਲਈ ਯਤਨ ਕਰ ਰਹੇ ਹਨ। ਉਹਨਾਂ ਦਾ ਨਿਸ਼ਾਨਾ ਸਮਾਜ ਦਾ ਸੋਸ਼ਲਿਸਟ ਪ੍ਰਬੰਧ ਪ੍ਰਾਪਤ ਕਰਨਾ ਹੈ, ਜਿਹੜਾ ਲੋਕਾਂ ਦੀ ਲੋਟੂਆਂ ਅਤੇ ਲੁਟੇ-ਪੁਟੇ ਜਾਣ ਵਾਲਿਆਂ ਵਿਚ ਸਾਰੀ ਵੰਡ ਨੂੰ ਖ਼ਤਮ ਕਰ ਦੇਵੇਗਾ। ਸੋਸ਼ਲ-ਡੈਮੋਕਰੈਟ ਸਾਰੇ ਮਿਹਨਤਕਸ਼ਾਂ ਅਤੇ ਲੁਟੇ-ਪੁਟੇ ਜਾਣ ਵਾਲਿਆਂ ਨੂੰ ਆਪਣੀਆਂ ਸਫ਼ਾਂ ਵਿਚ ਸ਼ਾਮਲ ਹੋਣ ਦਾ ਸੱਦਾ ਦੇਂਦੇ ਹਨ, ਸਿਰਫ਼ ਉਜਰਤੀ-ਮਜ਼ਦੂਰਾਂ ਨੂੰ ਹੀ ਨਹੀਂ, ਸਗੋਂ ਛੋਟੇ ਕਾਰੋਬਾਰ-ਮਾਲਕਾਂ ਨੂੰ ਵੀ, ਜੇ ਉਹ ਪ੍ਰੋਲਤਾਰੀ ਨਾਲ ਆਪਣੇ ਸਾਂਝੇ ਹਿੱਤ ਤੋਂ ਚੇਤੰਨ ਹਨ ਤਾਂ, ਜੇ ਉਹ ਮੁਕਤੀ ਦੀ ਢੂੰਡ ਕਰ ਰਹੇ ਹਨ, ਵਿਅਕਤੀਗਤ ਛੋਟੇ ਉਤਪਾਦਨ ਨੂੰ ਪੱਕੇ ਪੈਰੀਂ ਕਰਕੇ ਨਹੀਂ, ਸਗੋਂ ਮਜ਼ਦੂਰ ਜਮਾਤ ਨਾਲ ਮਿਲ ਕੇ ਬੁਰਜੂਆ ਹਕੂਮਤ ਦਾ ਪੂਰੀ ਤਰ੍ਹਾਂ ਤਖ਼ਤਾ ਉਲਟਾਉਣ ਲਈ ਘੋਲ ਕਰਕੇ। ਅਤੇ ਆਪਣੇ ਇਕਮੁਠ ਤੇ ਸਿਰੜੀ ਘੋਲ ਨਾਲ ਕੌਮਾਂਤਰੀ ਸੋਸ਼ਲਿਸਟ ਪ੍ਰੋਲਤਾਰੀ ਆਪਣਾ ਨਿਸ਼ਾਨਾ ਪ੍ਰਾਪਤ ਕਰ ਲੈਣਗੇ।

੨੨ ਜੂਨ, ੧੯੦੬ ਨੂੰ
"ਏਖੋ" ਨੰ: ੧ ਵਿਚ ਪ੍ਰਕਾਸ਼ਤ
ਹੋਇਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੧੩,
ਪੰਨਾ ੨੨੪।

# ਸੰਸਾਰ ਰਾਜਨੀਤੀ ਵਿਚ ਭੜਕ ਪੈਣ ਵਾਲਾ ਮਸਾਲਾ

## ਵਿਚੋਂ

ਪ੍ਰੋਲਤਾਰੀ ਦੀ ਕੌਮਾਂਤਰੀ ਇਨਕਲਾਬੀ ਲਹਿਰ ਵੱਖੋ ਵੱਖ ਦੇਸਾਂ ਵਿਚ ਇਕਸਾਰ ਅਤੇ ਇਕੋ ਜਿਹੇ ਰੂਪਾਂ ਵਿਚ ਵਿਕਾਸ ਨਹੀਂ ਕਰਦੀ, ਨਾ ਕਰ ਸਕਦੀ ਹੈ। ਸਰਗਰਮੀ ਦੇ ਹਰ ਖੇਤਰ ਵਿਚ ਹਰ ਮੌਕੇ ਦੀ ਪੂਰੀ ਤੇ ਸਰਬ-ਪਖੀ ਵਰਤੋਂ ਵਖੋ ਵਖ ਦੇਸਾਂ ਦੇ ਮਜ਼ਦੂਰਾਂ ਦੇ ਜਮਾਤੀ ਘੋਲ ਦੇ ਸਿੱਟੇ ਵਜੋਂ ਆਉਂਦੀ ਹੈ। ਹਰ ਦੇਸ ਸਾਂਝੀ ਧਾਰਾ ਵਿਚ ਆਪਣੇ ਹੀ ਕੀਮਤੀ ਅਤੇ ਵਿਲੱਖਣ ਲੱਛਣਾਂ ਨਾਲ ਹਿੱਸਾ ਪਾਉਂਦਾ ਹੈ; ਪਰ ਹਰ ਵਿਸ਼ੇਸ਼ ਦੇਸ ਵਿਚ ਲਹਿਰ ਆਪਣੇ ਹੀ ਇਕਪਾਸੜਪੁਣੇ ਦਾ, ਵਖੋ ਵਖਰੀਆਂ ਸੋਸ਼ਲਿਸਟ ਪਾਰਟੀਆਂ ਦੀਆਂ ਆਪਣੀਆਂ ਹੀ ਸਿਧਾਂਤਕ ਤੇ ਅਮਲੀ ਤਰੁਟੀਆਂ ਦਾ ਸ਼ਿਕਾਰ ਹੁੰਦੀ ਹੈ। ਸਮੁੱਚੇ ਤੌਰ ਉਤੇ ਅਸੀਂ ਕੌਮਾਂਤਰੀ ਸੋਸ਼ਲਿਜ਼ਮ ਦਾ ਅਗੇਰੇ ਵੱਲ ਨੂੰ ਬਹੁਤ ਵੱਡਾ ਕਦਮ, ਦੁਸ਼ਮਣ ਨਾਲ ਅਮਲੀ ਝੜੱਪਾਂ ਦੀ ਲੜੀ ਦੇ ਦੌਰਾਨ ਪ੍ਰੋਲਤਾਰੀ ਦੀਆਂ ਲੱਖਾਂ ਆਦਮੀਆਂ ਵਾਲੀਆਂ ਫ਼ੌਜਾਂ ਨੂੰ ਜੋੜਦਿਆਂ, ਤੇ ਬੁਰਜੂਆਜ਼ੀ ਨਾਲ ਫੈਸਲਾਕੁਨ ਘੋਲ ਨੂੰ ਆਉਂਦਿਆਂ ਸਪਸ਼ਟ ਦੇਖਦੇ ਹਾਂ— ਅਜਿਹੇ ਘੋਲ ਨੂੰ ਜਿਸ ਲਈ ਮਜ਼ਦੂਰ ਜਮਾਤ ਕਮਿਊਨ[8] ਦੇ, ਉਸ ਪਿਛਲੀ ਮਹਾਨ ਪ੍ਰੋਲਤਾਰੀ ਬਗ਼ਾਵਤ ਦੇ, ਦਿਨਾਂ ਨਾਲੋਂ ਕਿਤੇ ਜ਼ਿਆਦਾ ਚੰਗੀ ਤਰ੍ਹਾਂ **ਤਿਆਰ** ਹੈ।

ਅਤੇ ਸਾਰੇ ਕੌਮਾਂਤਰੀ ਸੋਸ਼ਲਿਜ਼ਮ ਦਾ ਇਹ ਅਗੇ ਵੱਲ ਕਦਮ, ਏਸ਼ੀਆ ਦੇ ਇਨਕਲਾਬੀ ਜਮਹੂਰੀ ਘੋਲ ਦੇ ਤੇਜ਼ ਹੋਣ ਦੇ ਨਾਲ ਮਿਲ ਕੇ, ਰੂਸੀ ਇਨਕਲਾਬ ਨੂੰ ਇਕ ਵਿਸ਼ੇਸ਼ ਅਤੇ ਖ਼ਾਸ ਕਰਕੇ ਮੁਸ਼ਕਲ ਅਵਸਥਾ ਵਿਚ ਰੱਖ ਦੇਂਦਾ ਹੈ। ਰੂਸੀ ਇਨਕਲਾਬ ਦਾ ਯੂਰਪ ਅਤੇ ਏਸ਼ੀਆ, ਦੋਹਾਂ ਵਿਚ ਹੀ ਮਹਾਨ ਕੌਮਾਂਤਰੀ ਇਤਿਹਾਦੀ ਹੈ, ਪਰ ਇਸਦੇ ਨਾਲ ਹੀ, ਅਤੇ **ਇਸੇ ਕਰਕੇ ਹੀ**, ਇਸਦਾ ਨਾ ਸਿਰਫ਼ ਕੌਮੀ, ਨਾ ਸਿਰਫ਼ ਰੂਸੀ ਦੁਸ਼ਮਣ ਹੈ, ਸਗੋਂ **ਕੌਮਾਂਤਰੀ** ਦੁਸ਼ਮਣ ਵੀ ਹੈ। ਵਧਦੇ ਪ੍ਰੋਲਤਾਰੀ ਘੋਲ ਦੇ ਖ਼ਿਲਾਫ਼ ਪ੍ਰਤਿਕਰਮ ਸਾਰੇ ਸਰਮਾਇਦਾਰ ਦੇਸਾਂ ਵਿਚ ਅਟੱਲ ਹੈ, ਅਤੇ ਇਹ ਸਾਰੀ ਦੁਨੀਆਂ ਦੀਆਂ ਬੁਰਜੂਆ ਸਰਕਾਰਾਂ ਨੂੰ ਹਰ ਜਨਤਕ ਲਹਿਰ ਦੇ ਖ਼ਿਲਾਫ਼,

ਏਸ਼ੀਆ ਵਿਚ ਵੀ, ਤੇ ਖ਼ਾਸ ਕਰਕੇ ਯੂਰਪ ਵਿਚ ਹਰ ਇਨਕਲਾਬ ਦੇ ਖ਼ਿਲਾਫ਼ ਇਕਮੁਠ ਕਰ ਰਿਹਾ ਹੈ। ਸਾਡੀ ਪਾਰਟੀ ਵਿਚ ਮੌਕਾਪ੍ਰਸਤ, ਰੂਸੀ ਉਦਾਰਪੰਥੀ ਬੁਧੀਜੀਵੀਆਂ ਦੀ ਬਹੁ-ਗਿਣਤੀ ਵਾਂਗ, ਅਜੇ ਵੀ ਰੂਸ ਵਿਚ ਬੁਰਜੂਆ ਇਨਕਲਾਬ ਦੇ ਸੁਪਨੇ ਲੈ ਰਹੇ ਹਨ਼ ਜਿਹੜਾ ਬੁਰਜੂਆਜ਼ੀ ਨੂੰ "ਦੁਸ਼ਮਣ ਨਹੀਂ" ਬਣਾ ਦੇਵੇਗਾ ਜਾਂ ਡਰਾ ਨਹੀਂ ਦੇਵੇਗਾ, ਜਿਹੜਾ "ਹਦੋਂ ਵਧ" ਪਿਛਾਖੜ ਨੂੰ ਜਨਮ ਨਹੀਂ ਦੇਵੇਗਾ, ਜਾਂ ਇਨਕਲਾਬੀ ਜਮਾਤ ਵਲੋਂ ਸੱਤਾ ਉਤੇ ਕਬਜ਼ਾ ਕਰਨ ਵੱਲ ਨਹੀਂ ਲੈ ਜਾਏਗਾ। ਫਜ਼ੂਲ ਆਸਾਂ! ਤੰਗ-ਨਜ਼ਰ ਯੂਟੋਪੀਆ! ਦੁਨੀਆਂ ਦੇ ਸਾਰੇ ਉੱਨਤ ਦੇਸਾਂ ਵਿਚ ਭੜਕ ਪੈਣ ਵਾਲੇ ਮਸਾਲੇ ਦੀ ਮਾਤਰਾ ਏਨੀ ਤੇਜ਼ੀ ਨਾਲ ਵਧ ਰਹੀ ਹੈ, ਅਤੇ ਭਾਂਬੜ ਵਧੇਰੇ ਅਜਿਹੇ ਏਸ਼ੀਆਈ ਦੇਸਾਂ ਤੱਕ, ਜਿਹੜੇ ਅਜੇ ਕੱਲ ਤੱਕ ਡੂੰਘੀ ਨੀਂਦ ਸੁੱਤੇ ਹੋਏ ਸਨ, ਏਨੀ ਸਪਸ਼ਟ ਤਰ੍ਹਾਂ ਫੈਲ ਰਹੇ ਹਨ, ਕਿ ਕੌਮਾਂਤਰੀ ਬੁਰਜੂਆ ਪਿਛਾਖੜ ਦਾ ਤੀਖਣ ਹੋਣਾ ਤੇ ਹਰ ਇਕ ਕੌਮੀ ਇਨਕਲਾਬ ਦਾ ਗੰਭੀਰ ਹੋਣਾ ਬਿਲਕੁਲ ਅਟੱਲ ਹੈ।

ਸਾਡੇ ਇਨਕਲਾਬ ਦੇ ਇਤਿਹਾਸਕ ਕਾਰਜ ਉਲਟ-ਇਨਕਲਾਬ ਦੀਆਂ ਤਾਕਤਾਂ ਵਲੋਂ ਨਹੀਂ ਕੀਤੇ ਜਾ ਰਹੇ, ਤੇ ਨਹੀਂ ਕੀਤੇ ਜਾ ਸਕਦੇ। ਰੂਸੀ ਬੁਰਜੂਆਜ਼ੀ ਲਾਜ਼ਮੀ ਤੌਰ ਉਤੇ ਦਿਨੋ ਦਿਨ ਵਧੇਰੇ ਕੌਮਾਂਤਰੀ ਪ੍ਰੋਲਤਾਰੀ-ਵਿਰੋਧੀ ਤੇ ਜਮਹੂਰੀਅਤ-ਵਿਰੋਧੀ ਰੁਝਾਨ ਵੱਲ ਝੁਕ ਰਹੀ ਹੈ। ਰੂਸੀ ਪ੍ਰੋਲਤਾਰੀ ਨੂੰ ਓਦਾਰਪੰਥੀ ਇਤਿਹਾਦੀਆਂ ਉਤੇ ਟੇਕ ਨਹੀਂ ਰੱਖਣੀ ਚਾਹੀਦੀ। ਆਪਣੇ ਆਪ ਨੂੰ ਕਿਸਾਨ ਜਨਤਾ ਵਲੋਂ ਰੂਸ ਵਿਚ ਜ਼ਰਾਈ ਸਵਾਲ ਦੇ ਤਾਕਤ ਨਾਲ ਹਲ ਦੀ ਲੋੜ ਉਤੇ ਆਧਾਰਤ ਕਰਦਿਆਂ ਕਾਲੇ-ਸੈਂਕੜੇ[9] ਭੂਮੀਪਤੀਆਂ ਤੇ ਕਾਲੇ-ਸੈਂਕੜੇ ਇਕ-ਪੁਰਖੀ ਰਾਜ ਦੀ ਹਕੂਮਤ ਨੂੰ ਉਲਟਾਉਣ ਵਿਚ ਉਹਨਾਂ ਦੀ ਸਹਾਇਤਾ ਕਰਦਿਆਂ, ਰੂਸ ਵਿਚ ਪ੍ਰੋਲਤਾਰੀ ਅਤੇ ਕਿਸਾਨੀ ਦੀ ਜਮਹੂਰੀ ਡਿਕਟੇਟਰਸ਼ਿਪ ਸਥਾਪਤ ਕਰਨ ਦਾ ਟੀਚਾ ਆਪਣੇ ਸਾਮ੍ਹਣੇ ਰਖਦਿਆਂ, ਅਤੇ ਇਹ ਯਾਦ ਰਖਦਿਆਂ ਕਿ ਉਹਨਾਂ ਦਾ ਘੋਲ ਅਤੇ ਉਹਨਾਂ ਦੀਆਂ ਜਿੱਤਾਂ ਕੌਮਾਂਤਰੀ ਇਨਕਲਾਬੀ ਲਹਿਰ ਨਾਲੋਂ ਅਨਿਖੜਵੀਆਂ ਹਨ, ਪ੍ਰੋਲਤਾਰੀ ਨੂੰ ਇਨਕਲਾਬ ਦੀ ਪੂਰਨ ਜਿੱਤ ਵੱਲ ਆਪਣੇ ਹੀ ਸਵੈਧੀਨ ਰਾਹ ਉਤੇ ਚਲਣਾ ਚਾਹੀਦਾ ਹੈ। ਉਲਟ-ਇਨਕਲਾਬੀ ਬੁਰਜੂਆਜ਼ੀ (ਰੂਸ ਵਿਚ ਵੀ ਅਤੇ ਦੁਨੀਆਂ ਭਰ ਦੇ ਵੀ) ਦੇ ਉਦਾਰਵਾਦ ਬਾਰੇ ਘਟ ਭੁਲੇਖੇ ਰਖੋ। ਕੌਮਾਂਤਰੀ ਇਨਕਲਾਬੀ ਪ੍ਰੋਲਤਾਰੀ ਦੇ ਵਾਧੇ ਵੱਲ ਜ਼ਿਆਦਾ ਧਿਆਨ ਦਿਓ!

| | |
|---|---|
| ੨੩ ਜੁਲਾਈ (੫ ਅਗਸਤ), ੧੯੦੮ | ਸੰਗ੍ਰਹਿਤ ਕਿਰਤਾਂ, |
| ਨੂੰ "ਪ੍ਰੋਲੇਤਾਰੀ" ਨੰ: ੩੩ ਵਿਚ | ਸੈਂਚੀ ੧੭, |
| ਪ੍ਰਕਾਸ਼ਤ ਹੋਇਆ। | ਪੰਨੇ ੧੮੨-੧੮੩ |

# ਬਰਤਾਨਵੀ ਤੇ ਜਰਮਨ ਮਜ਼ਦੂਰਾਂ ਦਾ ਅਮਨ ਲਈ ਮੁਜ਼ਾਹਰਾ [10]

ਜਿਹਾ ਕਿ ਸਾਰੇ ਜਾਣਦੇ ਹਨ, ਬਰਤਾਨੀਆ ਤੇ ਜਰਮਨੀ ਵਿਚ ਬੁਰਜੂਆ ਅਖ਼ਬਾਰਾਂ ਵਲੋਂ, ਖ਼ਾਸ ਕਰਕੇ ਗੰਦਗੀ ਭਰੀਆਂ ਅਖ਼ਬਾਰਾਂ ਵਲੋਂ, ਅੰਧਰਾਸ਼ਟਰਵਾਦੀ [11] ਮੁਹਿੰਮ ਮੁੱਦਤ ਤੋਂ ਚਲਾਈ ਜਾ ਰਹੀ ਹੈ, ਜਿਸ ਵਿਚ ਇਹਨਾਂ ਦੇਸਾਂ ਨੂੰ ਇਕ ਦੂਜੇ ਦੇ ਖ਼ਿਲਾਫ਼ ਭੜਕਾਇਆ ਜਾਂਦਾ ਹੈ। ਸੰਸਾਰ ਮੰਡੀ ਵਿਚ ਬਰਤਾਨਵੀ ਅਤੇ ਜਰਮਨ ਸਰਮਾਇਦਾਰਾਂ ਵਿਚਕਾਰ ਮੁਕਾਬਲਾ ਦਿਨੋ ਦਿਨ ਵਧੇਰੇ ਕਰੜਾ ਹੁੰਦਾ ਜਾ ਰਿਹਾ ਹੈ। ਬਰਤਾਨੀਆ ਦੀ ਪਹਿਲਾਂ ਵਾਲੀ ਸਰਵਉਚਤਾ ਅਤੇ ਸੰਸਾਰ ਮੰਡੀ ਵਿਚ ਉਸਦੀ ਅਵੰਡ ਪ੍ਰਧਾਨਤਾ ਬੀਤੇ ਦੀ ਗੱਲ ਬਣ ਚੁੱਕੀਆਂ ਹਨ। ਜਰਮਨੀ ਉਹਨਾਂ ਸਰਮਾਇਦਾਰ ਦੇਸਾਂ ਵਿਚੋਂ ਇਕ ਹੈ ਜਿਹੜੇ ਖ਼ਾਸ ਕਰਕੇ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ, ਅਤੇ ਉਸਦੀਆਂ ਤਿਆਰ ਕੀਤੀਆਂ ਵਸਤਾਂ ਦਿਨੋ ਦਿਨ ਵਧਦੇ ਪੈਮਾਨੇ ਉਤੇ ਬਦੇਸਾਂ ਵਿਚ ਮੰਡੀਆਂ ਦੀ ਭਾਲ ਕਰ ਰਹੀਆਂ ਹਨ। ਬਸਤੀਆਂ ਲਈ ਲੜਾਈ ਤੇ ਵਪਾਰਕ ਹਿਤਾਂ ਦਾ ਟਕਰਾ ਸਰਮਾਇਦਾਰ ਸਮਾਜ ਵਿਚ ਜੰਗ ਦਾ ਇਕ ਮੁਖ ਕਾਰਨ ਬਣ ਗਏ ਹਨ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਦੋਹਾਂ ਦੇਸਾਂ ਦੇ ਸਰਮਾਇਦਾਰ ਬਰਤਾਨੀਆ ਤੇ ਜਰਮਨੀ ਵਿਚਕਾਰ ਜੰਗ ਨੂੰ ਅਟੱਲ ਸਮਝਦੇ ਹਨ, ਅਤੇ ਦੁਹਾਂ ਪਾਸਿਆਂ ਦੇ ਸੈਨਾਵਾਦੀ ਇਸ ਨੂੰ ਬਿਲਕੁਲ ਯੋਗ ਖ਼ਿਆਲ ਕਰਦੇ ਹਨ। ਬਰਤਾਨਵੀ ਅੰਧਰਾਸ਼ਟਰਵਾਦੀ ਜਰਮਨੀ ਦੀ ਸਮੁੰਦਰੀ ਤਾਕਤ ਨੂੰ ਤਬਾਹ ਕਰਕੇ, ਜਦ ਕਿ ਇਹ ਅਜੇ ਬਰਤਾਨੀਆ ਨਾਲੋਂ ਬੇਹਦ ਕਮਜ਼ੋਰ ਹੈ, ਇਕ ਖ਼ਤਰਨਾਕ ਸ਼ਰੀਕ ਦੀ ਤਾਕਤ ਨੂੰ ਢਾਹ ਲਾਉਣਾ ਚਾਹੁੰਦੇ ਹਨ। ਜਰਮਨ ਯੁੰਕਰ [12] ਅਤੇ ਜਰਨੈਲ ਉਸ ਬੂਰਬੋਂ, [13] ਵਿਲਹਲਮ ਦੂਜੇ ਦੀ ਅਗਵਾਈ ਹੇਠ ਬਰਤਾਨੀਆ ਨਾਲ ਲੜਾਈ ਲਈ ਤਰਲੋ-ਮੱਛੀ ਹੋ ਰਹੇ ਹਨ, ਇਹ ਉਮੀਦ ਕਰਦਿਆਂ ਕਿ ਉਹ ਥਲ-ਸੈਨਾ ਵਿਚ ਆਪਣੀ ਗਿਣਤੀ ਦੀ ਸਰੇਸ਼ਠਤਾ ਨੂੰ ਵਰਤਣ ਯੋਗ ਹੋ ਸਕਣਗੇ, ਤੇ ਇਹ ਆਸ ਕਰਦਿਆਂ ਕਿ ਫ਼ੌਜੀ ਜਿੱਤਾਂ ਦਾ ਚੀਕ-ਚਹਾੜਾ ਜਰਮਨੀ ਵਿਚ ਮਜ਼ਦੂਰ ਜਨਤਾ ਦੇ ਵਧਦੇ ਅਸੰਤੋਖ ਨੂੰ ਨਾਕਾਰਾ ਕਰ ਦੇਵੇਗਾ ਤੇ ਜਮਾਤੀ ਘੋਲ ਨੂੰ ਗੰਭੀਰ ਹੋਣ ਤੋਂ ਰੋਕ ਦੇਵੇਗਾ।

ਬਰਤਾਨਵੀ ਅਤੇ ਜਰਮਨ ਮਜ਼ਦੂਰਾਂ ਨੇ ਵਧਦੇ ਜੰਗੀ ਖ਼ਤਰੇ ਦੇ ਖ਼ਿਲਾਫ਼ ਖੁਲ੍ਹਮ-ਖੁਲ੍ਹਾ ਨਿੱਤਰਨ ਦਾ ਫੈਸਲਾ ਕੀਤਾ। ਬਹੁਤ ਸਮੇਂ ਤੋਂ ਦੋਹਾਂ ਦੇਸਾਂ ਦੀਆਂ ਕਿਰਤੀ ਅਖ਼ਬਾਰਾਂ ਅੰਧਰਾਸ਼ਟਰਵਾਦ ਅਤੇ ਸੈਨਾਵਾਦ ਦੇ ਖ਼ਿਲਾਫ਼ ਨਿਰੰਤਰ ਘੋਲ ਚਲਾ ਰਹੀਆਂ ਸਨ। ਪਰ ਹੁਣ ਜਿਸ ਗੱਲ ਦੀ ਲੋੜ ਸੀ, ਉਹ ਸੀ ਮਜ਼ਦੂਰ ਜਮਾਤ ਦੀ ਇੱਛਾ ਦਾ, ਅਖ਼ਬਾਰਾਂ ਦੀਆਂ ਸੰਸਥਾਵਾਂ ਰਾਹੀਂ ਪ੍ਰਗਟਾਅ ਨਾਲੋਂ ਕੁਝ ਵਧੇਰੇ ਪ੍ਰਭਾਵਸ਼ਾਲੀ ਪ੍ਰਗਟਾਅ। ਬਰਤਾਨਵੀ ਮਜ਼ਦੂਰਾਂ ਨੇ ਸ਼ਾਨਦਾਰ ਮੁਜ਼ਾਹਰੇ ਵਿਚ ਸ਼ਾਮਲ ਹੋਣ ਲਈ ਇਕ ਪ੍ਰਤਿਨਿਧ ਮੰਡਲ ਬਰਲਿਨ ਭੇਜਣ ਦਾ ਫੈਸਲਾ ਕੀਤਾ ਜਿਹੜਾ ਮੁਜ਼ਾਹਰਾ ਜੰਗ ਦੇ ਖ਼ਿਲਾਫ਼ ਜੰਗ ਚਲਾਉਣ ਲਈ ਦੋਹਾਂ ਦੇਸਾਂ ਦੇ ਪ੍ਰੋਲਤਾਰੀ ਦੀ ਸਾਂਝੀ ਦ੍ਰਿੜ੍ਹਤਾ ਦਾ ਐਲਾਨ ਕਰੇਗਾ।

ਇਹ ਮੁਜ਼ਾਹਰਾ ਐਤਵਾਰ, ੨੦ ਸਤੰਬਰ (੭ ਸਤੰਬਰ, ਪੁਰਾਣੀ ਜੰਤਰੀ ਅਨੁਸਾਰ) ਨੂੰ ਬਰਲਿਨ ਵਿਚ ਹੋਇਆ। ਇਸ ਵਾਰ ਬਰਤਾਨਵੀ ਮਜ਼ਦੂਰਾਂ ਦੇ ਪ੍ਰਤਿਨਿਧ ਬਿਨਾਂ ਕਿਸੇ ਬੰਦਸ਼ ਜਾਂ ਰੁਕਾਵਟ ਦੇ ਬਰਲਿਨ ਦੇ ਪ੍ਰੋਲਤਾਰੀ ਸਾਮ੍ਹਣੇ ਭਾਸ਼ਣ ਦੇਣ ਯੋਗ ਹੋ ਸਕੇ। ਦੋ ਸਾਲ ਪਹਿਲਾਂ ਜਦੋਂ ਜਾਨ ਜੋਰੇਸ ਨੇ ਬੁਰਜੂਆ ਜੰਗਬਾਜ਼ਾਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਬਰਲਿਨ ਵਿਚ ਹੋਏ ਸੋਸ਼ਲ-ਡੈਮੋਕਰੈਟਿਕ ਜਲਸੇ ਵਿਚ ਫ਼ਰਾਂਸੀਸੀ ਮਜ਼ਦੂਰ ਜਮਾਤ ਵਲੋਂ ਜਰਮਨ ਮਜ਼ਦੂਰਾਂ ਸਾਮ੍ਹਣੇ ਬੋਲਣਾ ਚਾਹਿਆ ਸੀ, ਤਾਂ ਜਰਮਨ ਸਰਕਾਰ ਨੇ ਉਸ ਉਤੇ ਪਾਬੰਦੀ ਲਾ ਦਿਤੀ ਸੀ। ਇਸ ਵਾਰ ਇਸਨੇ ਬਰਤਾਨਵੀ ਪ੍ਰੋਲਤਾਰੀ ਦੇ ਪ੍ਰਤਿਨਿਧ ਮੰਡਲ ਨੂੰ ਕੱਢ ਦੇਣ ਦੀ ਹਿੰਮਤ ਨਾ ਕੀਤੀ।

ਬਰਲਿਨ ਦੇ ਇਕ ਸਭ ਤੋਂ ਵਡੇ ਹਾਲ ਵਿਚ ਮਜ਼ਦੂਰਾਂ ਦਾ ਭਾਰੀ ਜਲਸਾ ਹੋਇਆ। ਲਗਭਗ ਪੰਜ ਹਜ਼ਾਰ ਲੋਕਾਂ ਨੇ ਥਾਂ ਨੂੰ ਇਕ ਦਮ ਭਰ ਦਿਤਾ ਤੇ ਅਜੇ ਕਈ ਹਜ਼ਾਰ ਆਈ ਜਾ ਰਹੇ ਸਨ ਜਿਨ੍ਹਾਂ ਨੇ ਆਸਪਾਸ ਦੇ ਮੈਦਾਨ ਤੇ ਗਲੀਆਂ ਬਾਜ਼ਾਰ ਮੱਲ ਲਏ। ਬਾਹਵਾਂ ਉਤੇ ਲਾਲ ਫੀਤੀਆਂ ਬੰਨ੍ਹੀਂ ਪ੍ਰਬੰਧਕਾਂ ਨੇ ਅਮਨ-ਅਮਾਨ ਦਾ ਖ਼ਿਆਲ ਰਖਿਆ। ਜਰਮਨ ਟਰੇਡ ਯੂਨੀਅਨਾਂ (ਜਿਨ੍ਹਾਂ ਨੂੰ "ਆਜ਼ਾਦ" ਕਿਹਾ ਜਾਂਦਾ ਹੈ, ਅਰਥਾਤ ਅਸਲ ਵਿਚ ਸੋਸ਼ਲ-ਡੈਮੋਕਰੈਟਿਕ ਯੂਨੀਅਨਾਂ ਹਨ) ਦੇ ਪ੍ਰਸਿਧ ਆਗੂ ਸਾਥੀ ਲੇਗੀਨ ਨੇ ਜਰਮਨੀ ਦੀ ਕੁੱਲ ਰਾਜਨੀਤਕ ਤੇ ਵਿਰਤਕ ਤੌਰ ਉਤੇ ਸੰਗਠਤ ਮਜ਼ਦੂਰ ਜਮਾਤ ਵਲੋਂ ਬਰਤਾਨਵੀ ਪ੍ਰਤਿਨਿਧ ਮੰਡਲ ਦਾ ਸੁਆਗਤ ਕੀਤਾ। ਉਸਨੇ ਕਿਹਾ ਕਿ ਪੰਜਾਹ ਸਾਲ ਹੋਏ ਫ਼ਰਾਂਸੀਸੀ ਤੇ ਬਰਤਾਨਵੀ ਮਜ਼ਦੂਰਾਂ ਨੇ ਅਮਨ ਲਈ ਮੁਜ਼ਾਹਰਾ ਕੀਤਾ ਸੀ। ਉਸ ਵੇਲੇ ਉਹਨਾਂ ਮੋਢੀ ਸੋਸ਼ਲਿਸਟਾਂ ਪਿੱਛੇ ਸੰਗਠਤ ਜਨਤਾ ਨਹੀਂ ਸੀ। ਅਜ ਬਰਤਾਨੀਆ ਤੇ ਜਰਮਨੀ ਦੇ ਮਜ਼ਦੂਰਾਂ ਕੋਲ ਮਿਲ ਕੇ ਲਗਭਗ ੪੩ ਲੱਖ ਸੰਗਠਤ ਮਜ਼ਦੂਰ ਮੈਂਬਰ ਹਨ। ਇਹ ਫੌਜ ਸੀ ਜਿਸ ਵਲੋਂ ਬਰਤਾਨਵੀ ਪ੍ਰਤਿਨਿਧ ਅਤੇ ਬਰਲਿਨ ਦਾ ਜਲਸਾ ਬੋਲ ਰਹੇ ਸਨ, ਇਹ ਐਲਾਨ

ਕਰਦੇ ਹੋਏ ਕਿ ਜੰਗ ਜਾਂ ਅਮਨ ਦਾ ਫੈਸਲਾ ਕਿਰਤੀ ਜਮਾਤ ਦੇ ਹੱਥਾਂ ਵਿਚ ਹੈ।

ਆਪਣੀ ਜਵਾਬੀ ਤਕਰੀਰ ਵਿਚ, ਬਰਤਾਨਵੀ ਮਜ਼ਦੂਰਾਂ ਦੇ ਪ੍ਰਤਿਨਿਧ ਮੈਡੀਸਨ ਨੇ ਬੁਰਜੂਆਜ਼ੀ ਵਲੋਂ ਚਲਾਈ ਜਾ ਰਹੀ ਭੰਡੀ-ਮੁਹਿੰਮ ਦੀ ਨਖੇਧੀ ਕੀਤੀ, ਅਤੇ ਤਿੰਨ ਹਜ਼ਾਰ ਮਜ਼ਦੂਰਾਂ ਦੇ ਦਸਖ਼ਤਾਂ ਵਾਲਾ "ਜਰਮਨੀ ਦੇ ਮਜ਼ਦੂਰਾਂ ਦੇ ਨਾਂ ਬਰਤਾਨੀਆ ਦੇ ਮਜ਼ਦੂਰਾਂ ਵਲੋਂ ਇਕ ਸੰਬੋਧਨ-ਪੱਤਰ" ਦਿਤਾ। ਉਸਨੇ ਕਿਹਾ ਕਿ ਦਸਖ਼ਤ ਕਰਨ ਵਾਲਿਆਂ ਵਿਚ ਬਰਤਾਨਵੀ ਮਜ਼ਦੂਰ ਲਹਿਰ ਦੇ ਦੋਹਾਂ ਰੁਝਾਣਾਂ ਦੇ ਪ੍ਰਤਿਨਿਧ ਸਨ (ਅਰਥਾਤ, ਸੋਸ਼ਲ-ਡੈਮੋਕਰੈਟ ਵੀ ਤੇ ਇੰਡੀਪੈਂਡੈਂਟ ਲੇਬਰ ਪਾਰਟੀ[14] ਦੇ ਅਨੁਆਈ ਵੀ, ਜਿਨ੍ਹਾਂ ਦਾ ਕੋਈ ਇਕਸਾਰ ਸੋਸ਼ਲਿਸਟ ਦ੍ਰਿਸ਼ਟੀਕੋਣ ਨਹੀਂ)। ਸੰਬੋਧਨ-ਪੱਤਰ ਵਿਚ ਕਿਹਾ ਗਿਆ ਸੀ ਕਿ ਜੰਗਾਂ ਜਾਇਦਾਦ-ਮਾਲਕ ਜਮਾਤਾਂ ਦੇ ਹਿਤਾਂ ਦੀ ਸੇਵਾ ਕਰਦੀਆਂ ਹਨ। ਮਜ਼ਦੂਰਾਂ ਦੇ ਜਨ-ਸਮੂਹ ਜੰਗ ਦਾ ਸਾਰਾ ਬੋਝ ਝਲਦੇ ਹਨ। ਜਾਇਦਾਦ-ਮਾਲਕ ਜਮਾਤਾਂ ਕੌਮੀ ਮੁਸੀਬਤਾਂ ਤੋਂ ਲਾਭ ਉਠਾਉਂਦੀਆਂ ਹਨ। ਮਜ਼ਦੂਰਾਂ ਨੂੰ ਸੈਨਾਵਾਦ ਦੇ ਖ਼ਿਲਾਫ਼, ਅਮਨ ਯਕੀਨੀ ਬਨਾਉਣ ਲਈ ਇਕਮੁਠ ਹੋਣਾ ਚਾਹੀਦਾ ਹੈ!

ਦੂਜੇ ਬਰਤਾਨਵੀ ਪ੍ਰਤਿਨਿਧਾਂ ਅਤੇ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਇਕ ਪ੍ਰਤਿਨਿਧ, ਰਿਖ਼ਰਡ ਫ਼ਿਸ਼ਰ, ਦੇ ਬੋਲਣ ਪਿਛੋਂ, ਜਲਸਾ ਸਰਬ-ਸੰਮਤੀ ਨਾਲ ਇਕ ਮਤਾ ਪ੍ਰਵਾਨ ਕਰਨ ਨਾਲ ਸਮਾਪਤ ਹੋਇਆ, ਜਿਸ ਮਤੇ ਵਿਚ "ਹਾਕਮ ਅਤੇ ਲੋਟੂ ਜਮਾਤਾਂ ਦੀ ਖੁਦਗਰਜ਼ ਤੇ ਨੇੜ-ਦ੍ਰਿਸ਼ਟੀ ਵਾਲੀ ਨੀਤੀ" ਦੀ ਨਖੇਧੀ ਕੀਤੀ ਗਈ ਤੇ ਸਟੁਟਗਾਰਟ ਦੀ ਕੌਮਾਂਤਰੀ ਕਾਂਗਰਸ[15] ਦੇ ਮਤੇ ਦੇ ਮੁਤਾਬਕ, ਅਰਥਾਤ ਹਰ ਤਰੀਕੇ ਅਤੇ ਸਾਧਨ ਨਾਲ ਜੰਗ ਦਾ ਮੁਕਾਬਲਾ ਕਰਨ, ਕਾਰਵਾਈ ਕਰਨ ਲਈ ਤਤਪਰਤਾ ਪ੍ਰਗਟ ਕੀਤੀ ਗਈ। ਮਜ਼ਦੂਰਾਂ ਦੇ ਮਾਰਸੇਲਜ਼ ਗਾਉਣ ਨਾਲ ਜਲਸਾ ਅਮਨ-ਅਮਾਨ ਨਾਲ ਸਮਾਪਤ ਹੋਇਆ। ਗਲੀਆਂ ਬਾਜ਼ਾਰਾਂ ਵਿਚ ਕੋਈ ਮੁਜ਼ਾਹਰੇ ਨਹੀਂ ਹੋਏ। ਬਰਲਿਨ ਪੁਲੀਸ ਅਤੇ ਸਥਾਨਕ ਫ਼ੌਜੀ ਅਧਿਕਾਰੀਆਂ ਨੂੰ ਨਿਰਾਸ਼ ਹੋਣਾ ਪਿਆ। ਇਹ ਜਰਮਨੀ ਵਿਚਲੇ ਨਿਜ਼ਾਮ ਦੀ ਵਿਲੱਖਣਤਾ ਹੈ ਕਿ ਮਜ਼ਦੂਰਾਂ ਦੇ ਅਤਿ ਸ਼ਾਂਤਮਈ ਮੁਜ਼ਾਹਰੇ ਦੇ ਨਾਲ ਵੀ ਪੁਲੀਸ ਤੇ ਫ਼ੌਜੀ ਮੁਜ਼ਾਹਰੇ ਦਾ ਨਾਲ ਨਾਲ ਚਲਣਾ ਜ਼ਰੂਰੀ ਹੈ। ਬਰਲਿਨ ਗੈਰੀਜ਼ਨ ਨੂੰ ਹਰਕਤ ਵਿਚ ਲਿਆਂਦਾ ਗਿਆ। ਕਰੜੀ ਯੋਜਨਾ ਅਨੁਸਾਰ ਸ਼ਹਿਰ ਦੇ ਵਖੋ ਵਖ ਹਿੱਸਿਆਂ ਵਿਚ ਫ਼ੌਜ ਦੇ ਦਸਤਿਆਂ ਨੂੰ ਖੜਾ ਕੀਤਾ ਗਿਆ, ਵਧੇਰੇ ਇਸ ਤਰ੍ਹਾਂ ਕਿ ਉਹਨਾਂ ਦੇ ਲੁਕਣ ਦੀਆਂ ਥਾਵਾਂ ਅਤੇ ਗਿਣਤੀ ਦਾ ਸੌਖੀ ਤਰ੍ਹਾਂ ਪਤਾ ਨਾ ਲਗ ਸਕੇ। ਪੁਲੀਸ ਦੇ ਦਸਤੇ ਜਲਸੇ ਵਾਲੇ ਹਾਲ ਦੇ ਆਸ ਪਾਸ ਦੇ ਗਲੀਆਂ ਬਾਜ਼ਾਰਾਂ ਤੇ ਚੌਕਾਂ ਵਿਚ, ਖ਼ਾਸ ਤੌਰ ਉਤੇ ਉਥੋਂ ਸ਼ਾਹੀ ਮਹੱਲ ਨੂੰ ਜਾਂਦੀ ਸੜਕ ਉਤੇ, ਗਸ਼ਤ ਲਾ ਰਹੇ ਸਨ। ਸ਼ਾਹੀ ਮਹੱਲ ਦੁਆਲੇ ਸਾਦੇ ਕਪੜਿਆਂ ਵਾਲੀ ਪੁਲੀਸ ਨੇ ਤੇ ਘਰਾਂ ਦੇ ਵਿਹੜਿਆਂ ਵਿਚ ਲੁਕੇ ਫ਼ੌਜੀਆਂ

ਨੇ ਘੇਰਾ ਪਾਇਆ ਹੋਇਆ ਸੀ। ਪੁਲੀਸ ਚੌਂਕੀਆਂ ਦਾ ਇਕ ਗੁੰਝਲਦਾਰ ਪ੍ਰਬੰਧ ਜਥੇਬੰਦ ਕੀਤਾ ਗਿਆ ਸੀ; ਪੁਲਸੀਆਂ ਦੇ ਟੋਲੇ ਬਾਜ਼ਾਰਾਂ ਦੇ ਕੋਨਿਆਂ ਉਤੇ ਖੜੇ ਸਨ; ਹਰ ''ਮਹੱਤਵਪੂਰਨ'' ਟਿਕਾਣੇ ਉਤੇ ਪੁਲੀਸ ਅਫ਼ਸਰਾਂ ਨੂੰ ਲਾਇਆ ਗਿਆ ਸੀ; ਸਾਈਕਲਾਂ ਵਾਲੇ ਪੁਲਸੀਏ ਦਾ ਕੰਮ ਕਰਦੇ ਸਨ ਤੇ ''ਦੁਸ਼ਮਣ'' ਵਲੋਂ ਚੁੱਕੇ ਜਾ ਰਹੇ ਹਰ ਕਦਮ ਬਾਰੇ ਫ਼ੌਜੀ ਅਧਿਕਾਰੀਆਂ ਨੂੰ ਸੂਚਨਾ ਦੇ ਰਹੇ ਸਨ; ਪੁਲਾਂ ਅਤੇ ਨਹਿਰਾਂ ਦੇ ਆਰ-ਪਾਰ ਜਾਂਦੀਆਂ ਸੜਕਾਂ ਉਤੇ ਤੀਹਰਾ ਪਹਿਰਾ ਲਾਈਆ ਗਿਆ। ''ਉਹ ਖ਼ਤਰੇ ਹੇਠ ਆਈ ਬਾਦਸ਼ਾਹੀ ਦੀ ਚੌਂਕੀਦਾਰੀ ਕਰ ਰਹੇ ਸਨ'' ਵਿਲੀਅਮ ਦੂਜੇ ਦੀ ਸਰਕਾਰ ਵਲੋਂ ਚੁੱਕੇ ਗਏ ਇਹਨਾਂ ਸਾਰੇ ਕਦਮਾਂ ਉਤੇ ਟਿੱਪਣੀ ਕਰਦਿਆਂ "Vorwärts"[16] ਨੇ ਵਿਅੰਗ ਨਾਲ ਲਿਖਿਆ।

ਅਸੀਂ ਆਪਣੇ ਵਲੋਂ ਨਾਲ ਇਹ ਰਲਾਉਂਦੇ ਹਾਂ ਕਿ ਇਹ ਇਕ ਰੀਹਰਸਲ ਸੀ ਅਤੇ ਜਰਮਨ ਬੁਰਜੂਆਜ਼ੀ ਬਾਗ਼ੀ ਪ੍ਰੋਲਤਾਰੀ ਨਾਲ ਫ਼ੌਜੀ ਟਕਰ ਦੀ ਰੀਹਰਸਲ ਕਰ ਰਹੀ ਸੀ। ਇਹੋ ਜਿਹੀਆਂ ਰੀਹਰਸਲਾਂ ਮਜ਼ਦੂਰਾਂ ਦੇ ਜਨ-ਸਮੂਹਾਂ ਲਈ ਵੀ ਤੇ ਸਿਪਾਹੀਆਂ ਲਈ ਵੀ ਨਿਰਸੰਦੇਹ ਅਤੇ ਹਰ ਹਾਲਤ ਵਿਚ ਲਾਭਕਾਰੀ ਹੋਣਗੀਆਂ। Ça ira (ਇਹ ਸਫ਼ਲ ਹੋਵੇਗੀ!), ਜਿਵੇਂ ਕਿ ਫ਼ਰਾਂਸੀਸੀ ਮਜ਼ਦੂਰਾਂ ਦਾ ਗੀਤ ਕਹਿੰਦਾ ਹੈ। ਮੁੜ ਮੜੁ ਕੇ ਕੀਤੀਆਂ ਜਾ ਰਹੀਆਂ ਰੀਹਰਸਲਾਂ, ਹੋ ਸਕਦਾ ਹੈ ਅਜੇ ਬਹੁਤ ਹੌਲੀ ਹੌਲੀ, ਪਰ ਬਿਲਕੁਲ ਯਕੀਨੀ ਤੌਰ ਉਤੇ, ਮਹਾਨ ਇਤਿਹਾਸਕ ਸਿਖਰ ਵੱਲ ਲਿਜਾ ਰਹੀਆਂ ਹਨ।

ੲ (੨੧) ਸਤੰਬਰ ਅਤੇ
੨ (੧੫) ਅਕਤੂਬਰ,
੧੯੦੮ ਦੇ
ਵਿਚਕਾਰ ਲਿਖਿਆ ਗਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੧੭,
ਪੰਨੇ ੨੦੨-੨੦੫

# ਯੂਜੀਨ ਪੋਤੀਏ

## ( ਪੰਝੀਵੀਂ ਬਰਸੀ ਉਤੇ )

ਪਿਛਲੇ ਸਾਲ — ੧੯੧੨ — ਨਵੰਬਰ ਵਿਚ ਪੰਝੀ ਸਾਲ ਹੋ ਗਏ ਸਨ ਜਦੋਂ ਫ਼ਰਾਂਸੀਸੀ ਮਜ਼ਦੂਰ-ਕਵੀ, ਪ੍ਰਸਿਧ ਪ੍ਰੋਲਤਾਰੀ ਗੀਤ, "ਇੰਟਰਨੈਸ਼ਨਲ" ("ਜਾਗੋ ਭੁਖਾਂ ਦੇ ਸਤਾਇਓ ਗੂੜ੍ਹੀ ਨੀਂਦਰੋਂ" ਆਦਿ) ਦੇ ਲੇਖਕ, ਯੂਜੀਨ ਪੋਤੀਏ ਦਾ ਦੇਹਾਂਤ ਹੋਇਆ ਸੀ।

ਇਹ ਗੀਤ ਸਾਰੀਆਂ ਯੂਰਪੀ ਤੇ ਕੇਵਲ ਯੂਰਪੀ ਬੋਲੀਆਂ ਵਿਚ ਹੀ ਨਹੀਂ ਅਨੁਵਾਦ ਹੋ ਚੁੱਕਾ ਹੈ। ਜਮਾਤੀ ਚੇਤਨਤਾ ਵਾਲਾ ਕੋਈ ਮਜ਼ਦੂਰ ਭਾਵੇਂ ਕਿਸੇ ਵੀ ਦੇਸ ਵਿਚ ਹੋਵੇ, ਉਸਦੀ ਕਿਸਮਤ ਭਾਵੇਂ ਉਸਨੂੰ ਕਿਤੇ ਵੀ ਲੈ ਜਾਏ, ਬਿਨਾਂ ਬੋਲੀ ਦੇ, ਬਿਨਾਂ ਦੋਸਤਾਂ ਦੇ, ਆਪਣੀ ਮਾਤਭੂਮੀ ਤੋਂ ਦੂਰ, ਉਹ ਆਪਣੇ ਆਪ ਨੂੰ ਭਾਵੇਂ ਕਿੰਨਾਂ ਵੀ ਓਪਰਾ ਮਹਿਸੂਸ ਕਿਉਂ ਨਾ ਕਰੇ — "ਇੰਟਰਨੈਸ਼ਨਲ" ਦੀ ਜਾਣੀ-ਪਛਾਣੀ ਧੁਨ ਨਾਲ ਉਹ ਆਪਣੇ ਲਈ ਸਾਥੀ ਅਤੇ ਦੋਸਤ ਲਭ ਸਕਦਾ ਹੈ।

ਸਾਰੇ ਦੇਸਾਂ ਦੇ ਮਜ਼ਦੂਰਾਂ ਨੇ ਆਪਣੇ ਸਿਰਕਢ ਘੁਲਾਟੀਏ, ਪ੍ਰੋਲਤਾਰੀ ਕਵੀ ਦੇ ਗੀਤ ਨੂੰ ਅਪਣਾ ਲਿਆ ਹੈ, ਤੇ ਇਸਨੂੰ ਪ੍ਰੋਲਤਾਰੀ ਦਾ ਸੰਸਾਰ-ਵਿਆਪੀ ਗੀਤ ਬਣਾ ਦਿਤਾ ਹੈ।

ਅਤੇ ਇਸ ਤਰ੍ਹਾਂ ਸਾਰੇ ਦੇਸਾਂ ਦੇ ਮਜ਼ਦੂਰ ਯੂਜੀਨ ਪੋਤੀਏ ਦੀ ਯਾਦ ਦਾ ਸਨਮਾਨ ਕਰਦੇ ਹਨ। ਉਸਦੀ ਪਤਨੀ ਤੇ ਧੀ ਅਜੇ ਜ਼ਿੰਦਾ ਹਨ ਤੇ ਕੰਗਾਲੀ ਵਿਚ ਰਹਿ ਰਹੀਆਂ ਹਨ, ਜਿਵੇਂ ਕਿ "ਇੰਟਰਨੈਸ਼ਨਲ" ਦਾ ਲੇਖਕ ਸਾਰੀ ਉਮਰ ਰਿਹਾ। ਉਹ ੪ ਅਕਤੂਬਰ, ੧੮੧੬ ਨੂੰ ਪੈਰਿਸ ਵਿਚ ਪੈਦਾ ਹੋਇਆ। ਉਹ ੧੪ ਸਾਲਾਂ ਦਾ ਸੀ ਜਦੋਂ ਉਸਨੇ ਆਪਣਾ ਪਹਿਲਾ ਗੀਤ ਲਿਖਿਆ, ਤੇ ਇਸਦਾ ਨਾਂ ਸੀ "ਆਜ਼ਾਦੀ ਅਮਰ ਰਹੇ!" ੧੮੪੮ ਵਿਚ ਉਹ ਬੁਰਜੂਆਜ਼ੀ ਦੇ ਖ਼ਿਲਾਫ਼ ਮਜ਼ਦੂਰਾਂ ਦੇ ਮਹਾਨ ਘੋਲ[17] ਵਿਚ ਮੋਰਚਿਆਂ ਉਤੇ ਲੜਿਆ।

ਪੋਤੀਏ ਗ਼ਰੀਬ ਪਰਵਾਰ ਵਿਚ ਪੈਦਾ ਹੋਇਆ, ਤੇ ਸਾਰੀ ਉਮਰ ਗ਼ਰੀਬ,

ਪ੍ਰੋਲਤਾਰੀ ਬਣਿਆ ਰਿਹਾ, ਆਪਣੀ ਰੋਟੀ ਪੈਕਰ ਵਜੋਂ ਅਤੇ ਪਿਛੋਂ ਕਪੜੇ ਉਪਰ ਛਾਪੇ ਪਾ ਕੇ ਕਮਾਉਂਦਾ ਰਿਹਾ।

੧੮੪੦ ਤੋਂ ਪਿਛੋਂ ਉਸਨੇ ਜੰਗਜੂ ਗੀਤਾਂ ਨਾਲ ਫ਼ਰਾਂਸ ਦੇ ਜੀਵਨ ਦੀਆਂ ਸਾਰੀਆਂ ਮਹਾਨ ਘਟਨਾਵਾਂ ਦਾ ਹੁੰਗਾਰਾ ਭਰਿਆ, ਪਛੜਿਆਂ ਦੀ ਚੇਤਨਤਾ ਨੂੰ ਜਗਾਇਆ, ਮਜ਼ਦੂਰਾਂ ਨੂੰ ਇਕਮੁਠ ਹੋਣ ਦਾ ਨਾਅਰਾ ਦਿਤਾ, ਫ਼ਰਾਂਸ ਦੀ ਬੁਰਜੂਆਜ਼ੀ ਅਤੇ ਬੁਰਜੂਆ ਸਰਕਾਰ ਨੂੰ ਫ਼ਿਟਕਾਰਿਆ।

ਮਹਾਨ ਪੈਰਿਸ ਕਮਿਊਨ (੧੮੭੧) ਦੇ ਦਿਨਾਂ ਵਿਚ, ਪੋਤੀਏ ਉਸਦਾ ਮੈਂਬਰ ਚੁਣਿਆ ਗਿਆ। ਪਾਈਆਂ ਗਈਆਂ ਕੁੱਲ ੩, ੬੦੦ ਵੋਟਾਂ ਵਿਚੋਂ ਉਸਨੂੰ ੩,੩੫੨ ਵੋਟਾਂ ਪਈਆਂ। ਉਸਨੇ ਕਮਿਊਨ ਦੀਆਂ, ਉਸ ਪਹਿਲੀ ਪ੍ਰੋਲਤਾਰੀ ਸਰਕਾਰ ਦੀਆਂ ਸਾਰੀਆਂ ਸਰਗਰਮੀਆਂ ਵਿਚ ਹਿੱਸਾ ਲਿਆ।

ਕਮਿਊਨ ਦੇ ਅੰਤ ਪਿਛੋਂ ਪੋਤੀਏ ਨੱਠ ਕੇ ਪਹਿਲਾਂ ਇੰਗਲੈਂਡ ਤੇ ਫਿਰ ਅਮਰੀਕਾ ਚਲੇ ਜਾਣ ਲਈ ਮਜਬੂਰ ਹੋ ਗਿਆ। ਉਸਦਾ ਪ੍ਰਸਿਧ ਗੀਤ, "ਇੰਟਰਨੈਸ਼ਨਲ", **ਜੂਨ, ੧੮੭੧** ਵਿਚ ਲਿਖਿਆ ਗਿਆ ਸੀ—ਤੁਸੀਂ ਕਹਿ ਸਕਦੇ ਹੋ ਕਿ ਮਈ ਵਿਚ ਹੋਈ ਖ਼ੂਨੀ ਹਾਰ[18] ਤੋਂ ਇਕ ਦਿਨ ਪਿਛੋਂ...

ਕਮਿਊਨ ਨੂੰ ਕੁਚਲ ਦਿਤਾ ਗਿਆ... ਪਰ ਪੋਤੀਏ ਦੇ ਗੀਤ "ਇਟਰਨੈਸ਼ਨਲ" ਨੇ ਕਮਿਊਨ ਦੇ ਵਿਚਾਰ ਦੁਨੀਆਂ ਭਰ ਵਿਚ ਫੈਲਾ ਦਿਤੇ, ਅਤੇ ਹੁਣ ਇਹ ਇੰਨਾਂ ਜਿਊਂਦਾ ਹੈ ਜਿੰਨਾਂ ਪਹਿਲਾਂ ਕਦੀ ਨਹੀਂ ਸੀ।

੧੮੭੬ ਵਿਚ, ਜਲਾਵਤਨੀ ਵਿਚ, ਪੋਤੀਏ ਨੇ ਇਕ ਕਵਿਤਾ ਲਿਖੀ—"ਅਮਰੀਕਾ ਦੇ ਮਜ਼ਦੂਰ ਲੋਕ ਫ਼ਰਾਂਸ ਦੇ ਮਜ਼ਦੂਰਾਂ ਨੂੰ"। ਇਸ ਵਿਚ ਉਸਨੇ ਸਰਮਾਇਦਾਰੀ ਦੇ ਜੂਲੇ ਹੇਠ ਮਜ਼ਦੂਰਾਂ ਦੇ ਜੀਵਨ ਦਾ, ਉਹਨਾਂ ਦੀ ਕੰਗਾਲੀ ਦਾ, ਉਹਨਾਂ ਦੀ ਲੱਕ-ਤੋੜਵੀਂ ਮਿਹਨਤ ਦਾ, ਉਹਨਾਂ ਦੀ ਲੁਟ-ਖਸੁਟ ਦਾ, ਤੇ ਆਪਣੇ ਉਦੇਸ਼ ਦੀ ਹੋਣ ਵਾਲੀ ਜਿੱਤ ਵਿਚ ਉਹਨਾਂ ਦੇ ਪੱਕੇ ਵਿਸ਼ਵਾਸ ਦਾ ਵਰਨਣ ਕੀਤਾ।

ਕਮਿਊਨ ਤੋਂ ਨੌਂ ਸਾਲ ਪਿਛੋਂ ਜਾ ਕੇ ਕਿਤੇ ਪੋਤੀਏ ਫ਼ਰਾਂਸ ਮੁੜਿਆ, ਜਿਥੇ ਉਹ ਇਕਦਮ "ਮਜ਼ਦੂਰ ਪਾਰਟੀ"[19] ਵਿਚ ਸ਼ਾਮਲ ਹੋ ਗਿਆ। ਉਸਦੀ ਕਵਿਤਾ ਦੀ ਪਹਿਲੀ ਕਿਤਾਬ ੧੮੮੪ ਵਿਚ ਛਪੀ, ਅਤੇ "ਇਨਕਲਾਬੀ ਗੀਤ" ਨਾਂ ਦੀ ਦੂਜੀ ਕਿਤਾਬ ੧੮੮੭ ਵਿਚ ਛਪੀ।

ਮਜ਼ਦੂਰ ਕਵੀ ਦੇ ਕਈ ਹੋਰ ਗੀਤ ਉਸਦੀ ਮੌਤ ਤੋਂ ਪਿਛੋਂ ਪ੍ਰਕਾਸ਼ਤ ਹੋਏ।

੮ ਨਵੰਬਰ, ੧੮੮੭ ਨੂੰ ਪੈਰਿਸ ਦੇ ਮਜ਼ਦੂਰ ਯੂਜੀਨ ਪੋਤੀਏ ਦੀ ਦੇਹ ਨੂੰ Père Lachaise ਵਿਚ ਲੈ ਗਏ, ਜਿਥੇ ਗੋਲੀ ਨਾਲ ਉਡਾਏ ਕਮਿਊਨ ਵਾਲੇ ਦਫ਼ਨ ਹਨ। ਪੁਲੀਸ ਨੇ ਵਹਿਸ਼ੀਆਨਾ ਹਮਲਾ ਕਰ ਕੇ ਭੀੜ ਕੋਲੋਂ ਲਾਲ ਝੰਡਾ

ਖੋਹਣ ਦੀ ਕੋਸ਼ਿਸ਼ ਕੀਤੀ। ਨਾਗਰਕ ਨੜੋਏ ਵਿਚ ਇਕ ਵਿਸ਼ਾਲ ਭੀੜ ਨੇ ਹਿੱਸਾ ਲਿਆ। ਸਭ ਪਾਸੇ "ਪੋਤੀਏ ਜ਼ਿੰਦਾਬਾਦ!" ਦੇ ਨਾਅਰੇ ਗੂੰਜ ਰਹੇ ਸਨ।

ਪੋਤੀਏ ਕੰਗਾਲੀ ਵਿਚ ਮਰਿਆ। ਪਰ ਉਹ ਇਕ ਯਾਦਗਾਰ ਛੱਡ ਗਿਆ ਜਿਹੜੀ ਮਨੁਖ ਦੀ ਕਾਰੀਗਰੀ ਨਾਲੋਂ ਵਧੇਰੇ ਜਿਉਣ-ਯੋਗ ਹੈ। ਉਹ ਸਭ ਤੋਂ ਮਹਾਨ **ਗੀਤ ਰਾਹੀਂ ਪਰਚਾਰਕਾਂ ਵਿਚੋਂ** ਪਹਿਲਾ ਸੀ। ਜਦੋਂ ਉਹ ਆਪਣਾ ਪਹਿਲਾ ਗੀਤ ਲਿਖ ਰਿਹਾ ਸੀ, ਉਦੋਂ ਮਜ਼ਦੂਰ ਸੋਸ਼ਲਿਸਟਾਂ ਦੀ ਗਿਣਤੀ ਵਧ ਤੋਂ ਵਧ ਕੁਝ ਦਰਜਨ ਹੋਵੇਗੀ। ਯੂਜੀਨ ਪੋਤੀਏ ਦੇ ਇਤਿਹਾਸਕ ਗੀਤ ਨੂੰ ਲੱਖਾਂ ਪ੍ਰੋਲਤਾਰੀ ਜਾਣਦੇ ਹਨ...

੩ ਜਨਵਰੀ,
੧੯੧੩ ਨੂੰ
"ਪਰਾਵਦਾ" ਨੰ: ੨ ਵਿਚ
ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੨,
ਪੰਨੇ ੨੭੩-੨੭੪

# ਜੰਗ ਅਤੇ ਰੂਸੀ ਸੋਸ਼ਲ-ਡੈਮੋਕਰੇਸੀ

ਯੂਰਪੀ ਜੰਗ, ਜਿਸ ਵਾਸਤੇ ਸਾਰੇ ਦੇਸਾਂ ਦੀਆਂ ਸਰਕਾਰਾਂ ਅਤੇ ਬੁਰਜੂਆ ਪਾਰਟੀਆਂ ਦਹਾਕਿਆਂ ਤੋਂ ਤਿਆਰੀਆਂ ਕਰ ਰਹੀਆਂ ਸਨ, ਛਿੜ ਪਈ ਹੈ।[20] ਹਥਿਆਰਾਂ ਦਾ ਵਾਧਾ, ਉੱਨਤ ਦੇਸਾਂ ਵਿਚ ਸਰਮਾਇਦਾਰਾਨਾ ਵਿਕਾਸ ਦੇ ਆਖ਼ਰੀ—ਸਾਮਰਾਜੀ—ਪੜਾ ਵਿਚ ਮੰਡੀਆਂ ਲਈ ਘੋਲ ਦੀ ਅਤਿ ਦੀ ਤੀਖਣਤਾ, ਅਤੇ ਵਧੇਰੇ ਪੱਛੜੀਆਂ ਪੂਰਬੀ ਯੂਰਪੀ ਬਾਦਸ਼ਾਹੀਆਂ ਦੇ ਖ਼ਾਨਦਾਨੀ ਹਿਤਾਂ ਨੇ ਲਾਜ਼ਮੀ ਤੌਰ ਉਤੇ ਇਹ ਜੰਗ ਛੇੜਨੀ ਸੀ, ਅਤੇ ਛੇੜ ਦਿਤੀ ਹੈ। ਇਲਾਕੇ ਉਤੇ ਕਬਜ਼ਾ ਕਰਨਾ ਅਤੇ ਦੂਜੀਆਂ ਕੌਮਾਂ ਨੂੰ ਅਧੀਨ ਕਰਨਾ, ਮੁਕਾਬਲੇ ਦੀਆਂ ਕੌਮਾਂ ਦੀ ਤਬਾਹੀ ਅਤੇ ਉਹਨਾਂ ਦੇ ਧਨ ਦੀ ਲੁੱਟ, ਮਜ਼ਦੂਰ ਜਨਤਾ ਦੇ ਧਿਆਨ ਨੂੰ ਰੂਸ, ਜਰਮਨੀ, ਬਰਤਾਨੀਆ ਅਤੇ ਦੂਜੇ ਦੇਸਾਂ ਵਿਚ ਘਰੇਲੂ ਰਾਜਸੀ ਸੰਕਟ ਤੋਂ ਲਾਂਭੇ ਲਿਜਾਣਾ, ਮਜ਼ਦੂਰਾਂ ਨੂੰ ਪਾੜਨਾ ਅਤੇ ਕੌਮਪ੍ਰਸਤੀ ਨਾਲ ਹਾਸੋਹੀਣੇ ਬਨਾਉਣਾ, ਅਤੇ ਪ੍ਰੋਲਤਾਰੀ ਦੀ ਇਨਕਲਾਬੀ ਲਹਿਰ ਨੂੰ ਕਮਜ਼ੋਰ ਕਰਨ ਲਈ ਉਹਨਾਂ ਦੇ ਹਰਾਵਲ ਦਸਤੇ ਨੂੰ ਖ਼ਤਮ ਕਰਨਾ—ਇਹ ਸਾਰਾ ਕੁਝ ਮਿਲ ਕੇ ਮੌਜੂਦਾ ਜੰਗ ਦਾ ਇਕੋ ਇਕ ਹਕੀਕੀ ਵਸਤੂ, ਮਹੱਤਤਾ ਅਤੇ ਵਿਸ਼ੇਸ਼ਤਾ ਬਣਦਾ ਹੈ।

ਜੰਗ ਦੇ ਅਸਲੀ ਅਰਥਾਂ ਨੂੰ ਸਪਸ਼ਟ ਕਰਨ ਦਾ, ਅਤੇ ਹਾਕਮ ਜਮਾਤਾਂ, ਭੂਮੀਪਤੀਆਂ ਅਤੇ ਬੁਰਜੂਆਜ਼ੀ ਵਲੋਂ ਜੰਗ ਦੀ ਹਮਾਇਤ ਵਿਚ ਫੈਲਾਏ ਜਾ ਰਹੇ ਝੂਠ, ਭੁਲਾਂਦਰਾਵਾਦ ਅਤੇ "ਦੇਸਭਗਤ" ਫ਼ਿਕਰੇਬਾਜ਼ੀ ਨੂੰ ਬੇਕਿਰਕੀ ਨਾਲ ਨੰਗਿਆ ਕਰਨ ਦਾ ਫ਼ਰਜ਼, ਪਹਿਲੀ ਥਾਂ ਉਤੇ, ਸੋਸ਼ਲ-ਡੈਮੋਕਰੇਸੀ ਦੇ ਮੋਢਿਆਂ ਉਤੇ ਹੈ।

ਜੰਗ ਵਿਚ ਸ਼ਾਮਲ ਕੌਮਾਂ ਦੇ ਇਕ ਟੋਲੇ ਦੀ ਅਗਵਾਈ ਜਰਮਨ ਬੁਰਜੂਆਜ਼ੀ ਕਰ ਰਹੀ ਹੈ। ਇਹ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਜਨਤਾ ਨੂੰ ਇਹ ਦਾਅਵਾ ਕਰਕੇ ਛਲ ਰਹੀ ਹੈ ਕਿ ਇਹ ਪਿਤਰੀ-ਭੂਮੀ, ਆਜ਼ਾਦੀ ਅਤੇ ਸਭਿਅਤਾ ਦੀ ਰਾਖੀ ਲਈ, ਜ਼ਾਰਸ਼ਾਹੀ ਵਲੋਂ ਦਬਾਈਆਂ ਗਈਆਂ ਕੌਮਾਂ ਦੀ ਆਜ਼ਾਦੀ ਲਈ ਅਤੇ ਪਿਛੇ-

ਖਿਚੂ ਜ਼ਾਰਸ਼ਾਹੀ ਨੂੰ ਤਬਾਹ ਕਰਨ ਲਈ ਜੰਗ ਹੈ। ਪਰ ਅਸਲ ਵਿਚ ਇਹ ਬੁਰਜੂਆਜ਼ੀ, ਜਿਹੜੀ ਵਿਲਹਲਮ ਦੂਜੇ ਦੀ ਅਗਵਾਈ ਹੇਠਲੇ ਪਰੂਸ਼ੀਆਈ ਯੁੰਕਰਾਂ ਅੱਜੇ ਗੁਲਾਮਾਂ ਵਾਂਗ ਗੋਡੇ ਟੇਕ ਦੇਂਦੀ ਹੈ, ਹਮੇਸ਼ਾ ਜ਼ਾਰਸ਼ਾਹੀ ਦੀ ਅਤਿ ਵਫਾਦਾਰ ਸਾਥੀ, ਅਤੇ ਰੂਸ ਦੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਇਨਕਲਾਬੀ ਲਹਿਰ ਦੀ ਇਕ ਦੁਸ਼ਮਣ ਰਹੀ ਹੈ। ਜੰਗ ਦਾ ਸਿੱਟਾ ਭਾਵੇਂ ਕੁਝ ਵੀ ਨਿਕਲੇ, ਅਸਲ ਵਿਚ ਇਹ ਬੁਰਜੂਆਜ਼ੀ, ਯੁੰਕਰਾਂ ਦੇ ਨਾਲ ਮਿਲ ਕੇ, ਰੂਸ ਦੇ ਇਨਕਲਾਬ ਦੇ ਖ਼ਿਲਾਫ਼ ਜ਼ਾਰਸ਼ਾਹੀ ਬਾਦਸ਼ਾਹੀ ਦੀ ਹਮਾਇਤ ਕਰਨ ਦਾ ਹਰ ਹੀਲਾ ਕਰੇਗੀ।

ਅਸਲ ਵਿਚ ਜਰਮਨ ਬਰਜੂਆਜ਼ੀ ਨੇ ਸਰਬੀਆ ਨੂੰ ਅਧੀਨ ਕਰਨ ਅਤੇ ਦੱਖਣੀ ਸਲਾਵਾਂ ਦੇ ਕੌਮੀ ਇਨਕਲਾਬ ਦਾ ਗਲਾ ਘੁੱਟਣ ਦੇ ਨਿਸ਼ਾਨੇ ਨਾਲ, ਸਰਬੀਆ ਦੇ ਖ਼ਿਲਾਫ਼ ਡਾਕੂਆਂ ਵਾਲੀ ਮੁਹਿੰਮ ਸ਼ੁਰੂ ਕਰ ਦਿਤੀ ਹੈ ਅਤੇ ਨਾਲ ਹੀ ਆਪਣੀਆਂ ਫ਼ੌਜਾਂ ਦਾ ਵੱਡਾ ਹਿੱਸਾ ਵਧੇਰੇ ਆਜ਼ਾਦ ਦੇਸਾਂ, ਬੈਲਜੀਅਮ ਅਤੇ ਫ਼ਰਾਂਸ ਦੇ ਖ਼ਿਲਾਫ਼ ਚੜ੍ਹਾ ਦਿਤਾ ਹੈ ਤਾਂ ਕਿ ਵਧੇਰੇ ਅਮੀਰ ਸ਼ਰੀਕਾਂ ਨੂੰ ਲੁੱਟਿਆ ਜਾਏ। ਅਸਲ ਵਿਚ ਜਰਮਨ ਬੁਰਜੂਆਜ਼ੀ ਨੇ, ਜਿਹੜੀ ਹਮੇਸ਼ਾ ਹੀ ਇਹ ਕੂੜ-ਕਹਾਣੀ ਫੈਲਾਉਂਦੀ ਰਹੀ ਹੈ ਕਿ ਇਹ ਰਾਖੀ ਦੀ ਜੰਗ ਲੜ ਰਹੀ ਹੈ, ਫ਼ੌਜੀ ਸਾਜ਼-ਸਾਮਾਨ ਵਿਚ ਆਪਣੇ ਤਾਜ਼ਾ ਸੁਧਾਰ ਦੀ ਵਰਤੋਂ ਕਰਦਿਆਂ ਅਤੇ ਉਸ ਹਥਿਆਰਬੰਦੀ ਨੂੰ ਅਗੋਂ ਹੋਕੇ ਟੱਕਰਣ ਲਈ, ਜਿਸ ਬਾਰੇ ਰੂਸ ਅਤੇ ਫ਼ਰਾਂਸ ਨੇ ਯੋਜਨਾ ਬਣਾਈ ਅਤੇ ਫ਼ੈਸਲਾ ਕੀਤਾ ਹੈ, ਜੰਗ ਲਈ ਅਜਿਹਾ ਮੌਕਾ ਚੁਣਿਆ ਹੈ, ਜਿਹੜਾ ਇਸਦੇ ਖ਼ਿਆਲ ਵਿਚ ਸਭ ਤੋਂ ਵਧੇਰੇ ਯੋਗ ਸੀ।

ਜੰਗ ਵਿਚ ਸ਼ਾਮਲ ਕੌਮਾਂ ਦੇ ਦੂਜੇ ਟੋਲੇ ਦੀ ਅਗਵਾਈ ਬਰਤਾਨਵੀ ਅਤੇ ਫ਼ਰਾਂਸੀਸੀ ਬੁਰਜੂਆਜ਼ੀ ਕਰ ਰਹੀ ਹੈ, ਜਿਹੜੀ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਜਨਤਾ ਨੂੰ ਇਹ ਕਹਿ ਕੇ ਧੋਖਾ ਦੇ ਰਹੀ ਹੈ ਕਿ ਉਹ ਆਪਣੇ ਦੇਸਾਂ ਦੀ ਰਖਿਆ ਲਈ, ਆਜ਼ਾਦੀ ਅਤੇ ਸਭਿਅਤਾ ਲਈ ਅਤੇ ਜਰਮਨ ਸੈਨਾਵਾਦ ਅਤੇ ਨਿਰੰਕੁਸ਼ਵਾਦ ਦੇ ਖ਼ਿਲਾਫ਼ ਜੰਗ ਲੜ ਰਹੀ ਹੈ। ਅਸਲ ਵਿਚ ਇਹ ਬੁਰਜੂਆਜ਼ੀ ਯੂਰਪ ਦੀ ਸਭ ਤੋਂ ਵਧ ਪਿਛੇ-ਖਿਚੂ ਅਤੇ ਵਹਿਸ਼ੀ ਬਾਦਸ਼ਾਹੀ, ਰੂਸੀ ਜ਼ਾਰਸ਼ਾਹੀ, ਦੀਆਂ ਫ਼ੌਜਾਂ ਨੂੰ ਭਾੜੇ ਉਤੇ ਲੈਣ ਲਈ ਅਤੇ ਉਹਨਾਂ ਨੂੰ ਜਰਮਨੀ ਉਤੇ ਹਮਲੇ ਲਈ ਤਿਆਰ ਕਰਨ ਲਈ ਮੁਦਤਾਂ ਤੋਂ ਲਖਾਂ ਕਰੋੜਾਂ ਖ਼ਰਚ ਕਰ ਰਹੀ ਹੈ।

ਅਸਲ ਵਿਚ ਬਰਤਾਨਵੀ ਅਤੇ ਫ਼ਰਾਂਸੀਸੀ ਬੁਰਜੂਆਜ਼ੀ ਦੇ ਘੋਲ ਦਾ ਨਿਸ਼ਾਨਾ ਜਰਮਨ ਬਸਤੀਆਂ ਉਤੇ ਕਬਜ਼ਾ ਕਰਨਾ, ਅਤੇ ਸ਼ਰੀਕ ਕੌਮ ਨੂੰ ਤਬਾਹ ਕਰਨਾ ਹੈ, ਜਿਸਦਾ ਆਰਥਕ ਵਿਕਾਸ ਵਧੇਰੇ ਤੇਜ਼ੀ ਨਾਲ ਹੋਇਆ ਹੈ। ਇਸ ਉਤਮ ਨਿਸ਼ਾਨੇ ਉਤੇ ਅਮਲ ਕਰਦਿਆਂ, ਇਹ "ਉੱਨਤ" "ਜਮਹੂਰੀ" ਕੌਮਾਂ ਜਾਂਗਲੀ ਜ਼ਾਰਸ਼ਾਹੀ ਨਿਜ਼ਾਮ ਦੀ ਮਦਦ ਕਰ ਰਹੀਆਂ ਹਨ ਕਿ ਇਹ ਪੋਲੈਂਡ, ਯੂਕਰੇਨ ਆਦਿ ਦਾ ਹੋਰ

ਵੀ ਵਧੇਰੇ ਗਲਾ ਘੁੱਟ ਸਕੇ, ਅਤੇ ਰੂਸ ਵਿਚਲੇ ਇਨਕਲਾਬ ਨੂੰ ਹੋਰ ਵੀ ਪੂਰੀ ਤਰ੍ਹਾਂ ਕੁਚਲ ਸਕੇ।

ਜੰਗ ਵਿਚ ਸ਼ਾਮਲ ਕੋਈ ਵੀ ਟੋਲਾ ਮਾਰ-ਧਾੜ, ਜ਼ੁਲਮਾਂ ਅਤੇ ਜੰਗ ਦੇ ਅਥਾਹ ਵਹਿਸ਼ੀਪੁਣੇ ਵਿਚ ਦੂਜੇ ਨਾਲੋਂ ਘਟ ਨਹੀਂ; ਪਰ ਪ੍ਰੋਲਤਾਰੀ ਨੂੰ ਧੋਖਾ ਦੇਣ ਲਈ ਅਤੇ ਉਹਨਾਂ ਦਾ ਧਿਆਨ ਆਜ਼ਾਦੀ ਦੀ ਇਕੋ ਇਕ ਸੱਚੀ ਜੰਗ ਤੋਂ, ਅਰਥਾਤ, "ਆਪਣੀ" ਅਤੇ "ਬਦੇਸੀ", ਦੋਹਾਂ ਤਰ੍ਹਾਂ ਦੀ ਬੁਰਜੂਆਜ਼ੀ ਦੇ ਖ਼ਿਲਾਫ਼ ਘਰੇਲੂ ਜੰਗ ਤੋਂ, ਲਾਂਭੇ ਲਿਜਾਣ ਲਈ—ਏਨਾਂ ਉੱਚਾ ਨਿਸ਼ਾਨਾ ਪ੍ਰਾਪਤ ਕਰਨ ਲਈ—ਹਰ ਦੇਸ ਦੀ ਬੁਰਜੂਆਜ਼ੀ, ਦੇਸਭਗਤੀ ਬਾਰੇ ਝੂਠੀ ਲੱਫ਼ਾਜ਼ੀ ਦੀ ਸਹਾਇਤਾ ਨਾਲ, "ਆਪਣੀ" ਕੌਮੀ ਜੰਗ ਦੀ ਮਹੱਤਤਾ ਦੇ ਸੋਹਲੇ ਗਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਇਹ ਦਾਅਵਾ ਕਰਦਿਆਂ ਕਿ ਉਹ, ਲੁੱਟਮਾਰ ਅਤੇ ਇਲਾਕੇ ਉਤੇ ਕਬਜ਼ਾ ਕਰਨ ਲਈ ਨਹੀਂ, ਸਗੋਂ ਖ਼ੁਦ ਆਪਣੇ ਲੋਕਾਂ ਨੂੰ ਛੱਡ ਕੇ ਬਾਕੀ ਸਭ ਕੌਮਾਂ ਦੀ "ਆਜ਼ਾਦੀ" ਲਈ ਦੁਸ਼ਮਣ ਨੂੰ ਭਾਂਜ ਦੇਣ ਉਤੇ ਤੁਲੀ ਹੋਈ ਹੈ।

ਪਰ ਸਾਰੇ ਦੇਸਾਂ ਦੀਆਂ ਸਰਕਾਰਾਂ ਅਤੇ ਬੁਰਜੂਆਜ਼ੀ ਮਜ਼ਦੂਰਾਂ ਨੂੰ ਪਾੜਨ ਦੀ ਅਤੇ ਉਹਨਾਂ ਨੂੰ ਇਕ ਦੂਜੇ ਦੇ ਖ਼ਿਲਾਫ਼ ਖੜਿਆਂ ਕਰਨ ਦੀ ਕੋਸ਼ਿਸ਼ ਵਿਚ ਜਿੰਨੇ ਜ਼ਿਆਦਾ ਜਾਂਗਲੀ ਤਰੀਕੇ ਨਾਲ ਮਾਰਸ਼ਲ ਲਾ ਅਤੇ ਫ਼ੌਜੀ ਸੈਂਸਰਸ਼ਿਪ ਠੋਸਦੀਆਂ ਹਨ, (ਅਜਿਹੇ ਕਦਮ ਜਿਹੜੇ ਹੁਣ, ਜੰਗ ਦੇ ਸਮੇਂ ਵਿਚ, ਵੀ ਬਾਹਰਲੇ ਦੁਸ਼ਮਣ ਨਾਲੋਂ "ਅੰਦਰਲੇ" ਦੁਸ਼ਮਣ ਦੇ ਖ਼ਿਲਾਫ਼ ਵਧੇਰੇ ਕਰੜਾਈ ਨਾਲ ਲਾਗੂ ਕੀਤੇ ਜਾਂਦੇ ਹਨ), ਸ੍ਰੇਣੀ ਚੇਤਨਤਾ ਵਾਲੇ ਪ੍ਰੋਲਤਾਰੀ ਦਾ ਓਨਾ ਹੀ ਇਹ ਵਧੇਰੇ ਫ਼ਰਜ਼ ਬਣ ਜਾਂਦਾ ਹੈ ਕਿ ਉਹ ਸਾਰੇ ਦੇਸਾਂ ਵਿਚ "ਦੇਸਭਗਤ" ਬੁਰਜੂਆ ਜੁੰਡੀਆਂ ਦੇ ਬੇਲਗਾਮ ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਆਪਣੀ ਜਮਾਤੀ ਇਕਮੁਠਤਾ ਦੀ, ਆਪਣੇ ਕੌਮਾਂਤਰੀਵਾਦ ਦੀ ਅਤੇ ਆਪਣੇ ਸੋਸ਼ਲਿਸਟ ਵਿਸ਼ਵਾਸਾਂ ਦੀ ਰਾਖੀ ਕਰਨ। ਜੇ ਜਮਾਤੀ ਚੇਤਨਤਾ ਵਾਲੇ ਮਜ਼ਦੂਰਾਂ ਨੇ ਇਹ ਨਿਸ਼ਾਨਾ ਛੱਡ ਦਿਤਾ, ਤਾਂ ਇਸਦਾ ਮਤਲਬ, ਉਹਨਾਂ ਦੀਆਂ ਸੋਸ਼ਲਿਸਟ ਆਸ਼ਾਵਾਂ ਦਾ ਤਾਂ ਕਹਿਣਾ ਹੀ ਕੀ ਹੈ, ਆਜ਼ਾਦੀ ਅਤੇ ਜਮਹੂਰੀਅਤ ਲਈ ਵੀ ਉਹਨਾਂ ਦੀਆਂ ਆਸ਼ਾਵਾਂ ਦਾ ਤਿਆਗ ਹੋਵੇਗਾ।

ਅਤਿ ਕੌੜੀ ਮਾਯੂਸੀ ਦੀ ਭਾਵਨਾ ਨਾਲ ਸਾਨੂੰ ਇਹ ਲਿਖਣਾ ਪੈ ਰਿਹਾ ਹੈ ਕਿ ਉਘੇ ਯੂਰਪੀ ਦੇਸਾਂ ਦੀਆਂ ਸੋਸ਼ਲਿਸਟ ਪਾਰਟੀਆਂ ਇਸ ਫ਼ਰਜ਼ ਨੂੰ ਨਿਭਾਉਣ ਵਿਚ ਅਸਫ਼ਲ ਰਹੀਆਂ ਹਨ, ਇਹਨਾਂ ਪਾਰਟੀਆਂ ਦੇ ਆਗੂਆਂ ਦਾ ਵਤੀਰਾ, ਖ਼ਾਸ ਕਰਕੇ ਜਰਮਨੀ ਵਿਚ, ਸੋਸ਼ਲਿਜ਼ਮ ਦੇ ਉਦੇਸ਼ ਨਾਲ ਪੂਰੀ ਤਰ੍ਹਾਂ ਗ਼ੱਦਾਰੀ ਤੱਕ ਪੁੱਜ ਗਿਆ ਹੈ। ਸਰਵਉਚ ਅਤੇ ਇਤਿਹਾਸਕ ਮਹੱਤਤਾ ਦੀ ਇਸ ਘੜੀ, ਮੌਜੂਦਾ, ਦੂਜੀ (੧੮੮੯-੧੯੧੪) ਸੋਸ਼ਲਿਸਟ ਇੰਟਰਨੈਸ਼ਨਲ[21], ਦੇ ਆਗੂਆਂ ਵਿਚੋਂ ਬਹੁਤੇ ਸੋਸ਼ਲਿਜ਼ਮ ਦੀ ਥਾਂ ਕੌਮਪ੍ਰਸਤੀ ਨੂੰ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਦੇ ਵਤੀਰੇ ਦੇ ਸਿੱਟੇ ਵਜੋਂ,

ਇਹਨਾਂ ਦੇਸਾਂ ਦੀਆਂ ਮਜ਼ਦੂਰ ਪਾਰਟੀਆਂ ਨੇ ਸਰਕਾਰਾਂ ਦੇ ਮੁਜਰਮਾਨਾ ਰਵਈਏ ਦਾ ਵਿਰੋਧ ਨਾ ਕੀਤਾ, ਸਗੋਂ ਮਜ਼ਦੂਰ ਜਮਾਤ ਨੂੰ ਅਪੀਲ ਕੀਤੀ ਕਿ ਆਪਣੀ ਪੁਜ਼ੀਸ਼ਨ ਨੂੰ ਸਾਮਰਾਜੀ ਸਰਕਾਰਾਂ ਦੀ ਪੁਜ਼ੀਸ਼ਨ ਨਾਲ **ਇਕ ਕਰ ਦੇਣ**। ਇੰਟਰਨੈਸ਼ਨਲ ਦੇ ਆਗੂਆਂ ਨੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾ ਕੇ, "ਆਪਣੇ ਆਪਣੇ" ਦੇਸਾਂ ਦੀ ਬੁਰਜੂਆਜ਼ੀ ਦੇ ਅੰਧਰਾਸ਼ਟਰਵਾਦੀ ("ਦੇਸ਼ਭਗਤ") ਨਾਅਰਿਆਂ ਨੂੰ ਦੁਹਰਾ ਕੇ, ਜੰਗ ਨੂੰ ਠੀਕ ਸਿਧ ਕਰਕੇ ਅਤੇ ਇਸਦਾ ਸਮਰਥਨ ਕਰਕੇ, ਜੰਗ ਵਿਚ ਸ਼ਾਮਲ ਦੇਸਾਂ ਦੀਆਂ ਬੁਰਜੂਆ ਸਰਕਾਰਾਂ ਵਿਚ ਸ਼ਾਮਲ ਹੋ ਕੇ, ਅਤੇ ਇਸੇ ਤਰ੍ਹਾਂ ਹੋਰ ਕਈ ਤਰ੍ਹਾਂ ਸੋਸ਼ਲਿਜ਼ਮ ਦੇ ਖ਼ਿਲਾਫ਼ ਵਿਸਾਹਘਾਤ ਕੀਤਾ ਹੈ। ਅਜੋਕੇ ਯੂਰਪ ਦੇ ਸਭ ਤੋਂ ਵਧ ਪ੍ਰਭਾਵਸ਼ਾਲੀ ਸੋਸ਼ਲਿਸਟ ਆਗੂ ਅਤੇ ਸੋਸ਼ਲਿਸਟ ਅਖ਼ਬਾਰਾਂ ਵਿਚੋਂ ਸਭ ਤੋਂ ਵਧ ਪ੍ਰਭਾਵਸ਼ਾਲੀ ਅਦਾਰੇ ਅਜਿਹੇ ਵਿਚਾਰ ਰਖਦੇ ਹਨ ਜਿਹੜੇ ਅੰਧਰਾਸ਼ਟਰ-ਵਾਦੀ, ਬੁਰਜੂਆ ਅਤੇ ਉਦਾਰ-ਪੰਥੀ ਹਨ, ਅਤੇ ਸੋਸ਼ਲਿਸਟ ਕਿਸੇ ਤਰ੍ਹਾਂ ਵੀ ਨਹੀਂ। ਸੋਸ਼ਲਿਜ਼ਮ ਨੂੰ ਇਸ ਤਰ੍ਹਾਂ ਅਪਮਾਣਤ ਕਰਨ ਦੀ ਜ਼ਿਮੇਵਾਰੀ ਪਹਿਲੀ ਥਾਂ ਉਤੇ ਜਰਮਨ ਸੋਸ਼ਲ-ਡੈਮੋਕਰੈਟਾਂ ਉਤੇ ਆਉਂਦੀ ਹੈ, ਜਿਹੜੇ ਦੂਜੀ ਇੰਟਰਨੈਸ਼ਨਲ ਵਿਚ ਸਭ ਤੋਂ ਮਜ਼ਬੂਤ ਅਤੇ ਸਭ ਤੋਂ ਵਧ ਪ੍ਰਭਾਵਸ਼ਾਲੀ ਪਾਰਟੀ ਸਨ। ਪਰ ਫ਼ਰਾਂਸੀਸੀ ਸੋਸ਼ਲਿਸਟਾਂ ਨੂੰ ਵੀ ਯੋਗ ਨਹੀਂ ਠਹਿਰਾਇਆ ਜਾ ਸਕਦਾ, ਜਿਨ੍ਹਾਂ ਨੇ ਉਸੇ ਹੀ ਬੁਰਜੂਆਜ਼ੀ ਦੀ ਸਰਕਾਰ ਵਿਚ ਮੰਤਰੀ ਪਦ ਪ੍ਰਵਾਨ ਕੀਤੇ ਹਨ, ਜਿਸ ਬੁਰਜੂਆਜ਼ੀ ਨੇ ਆਪਣੇ ਦੇਸ ਨਾਲ ਗ਼ੱਦਾਰੀ ਕੀਤੀ ਸੀ ਅਤੇ ਕਮਿਊਨ ਨੂੰ ਕੁਚਲਣ ਲਈ ਬਿਸਮਾਰਕ ਨਾਲ ਮਿਲ ਗਈ ਸੀ।

ਜਰਮਨ ਅਤੇ ਆਸਟਰੀਅਨ ਸੋਸ਼ਲ-ਡੈਮੋਕਰੈਟ ਜੰਗ ਲਈ ਆਪਣੀ ਹਮਾਇਤ ਨੂੰ ਇਹ ਦਲੀਲ ਦੇ ਕੇ ਠੀਕ ਸਿਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਸ ਤਰ੍ਹਾਂ ਉਹ ਰੂਸੀ ਜ਼ਾਰਸ਼ਾਹੀ ਦੇ ਖ਼ਿਲਾਫ਼ ਲੜਾਈ ਕਰ ਰਹੇ ਹਨ। ਅਸੀਂ ਰੂਸੀ ਸੋਸ਼ਲ-ਡੈਮੋਕਰੈਟ ਐਲਾਨ ਕਰਦੇ ਹਾਂ ਕਿ ਅਸੀਂ ਇਹੋ ਜਿਹੇ ਠੀਕ ਠਹਿਰਾਉਣ ਨੂੰ ਨਿਰੋਲ ਭੁਲਾਂਦਰਾਵਾਦੀ ਦਲੀਲ ਮੰਨਦੇ ਹਾਂ। ਪਿਛਲੇ ਕੁਝ ਸਾਲਾਂ ਦੇ ਦੌਰਾਨ ਸਾਡੇ ਦੇਸ ਵਿਚ ਜ਼ਾਰਸ਼ਾਹੀ ਦੇ ਖ਼ਿਲਾਫ਼ ਇਨਕਲਾਬੀ ਲਹਿਰ ਨੇ ਫਿਰ ਬੇਹਦ ਵਿਸ਼ਾਲਤਾ ਪ੍ਰਾਪਤ ਕਰ ਲਈ ਹੈ। ਇਸ ਲਹਿਰ ਦੀ ਅਗਵਾਈ ਹਮੇਸ਼ਾ ਰੂਸ ਦੀ ਮਜ਼ਦੂਰ ਜਮਾਤ ਹੱਥ ਰਹੀ ਹੈ। ਪਿਛਲੇ ਕੁਝ ਸਾਲਾਂ ਵਿਚ ਰਾਜਸੀ ਹੜਤਾਲਾਂ, ਜਿਨ੍ਹਾਂ ਵਿਚ ਲੱਖਾਂ ਮਜ਼ਦੂਰ ਸ਼ਾਮਲ ਸਨ, ਦਾ ਨਾਅਰਾ ਜ਼ਾਰਸ਼ਾਹੀ ਨੂੰ ਉਲਟਾਉਣਾ ਅਤੇ ਜਮਹੂਰੀ ਗਣ-ਰਾਜ ਦੀ ਸਥਾਪਨਾ ਸੀ। ਜੰਗ ਤੋਂ ਐਨ ਪਹਿਲਾਂ ਨਿਕੋਲਸ ਦੂਜੇ ਨੂੰ ਮਿਲਣ ਜਾਣ ਦੇ ਦੌਰਾਨ ਫ਼ਰਾਂਸੀਸੀ ਰੀਪਬਲਿਕ ਦਾ ਪਰਧਾਨ ਪੁਅੰਕਾਰੇ, ਸੇਂਟ ਪੀਟਰਜ਼ਬਰਗ ਦੇ ਗਲੀਆਂ ਬਾਜ਼ਾਰਾਂ ਵਿਚ ਰੂਸੀ ਮਜ਼ਦੂਰਾਂ ਵਲੋਂ ਖੜੇ ਕੀਤੇ ਗਏ ਮੋਰਚੇ ਖੁਦ ਦੇਖ ਸਕਦਾ ਸੀ। ਰੂਸੀ ਪ੍ਰੋਲਤਾਰੀ ਮਨੁਖਤਾ ਨੂੰ ਜ਼ਾਰਸ਼ਾਹੀ ਬਾਦਸ਼ਾਹੀ ਦੇ ਅਪਮਾਣ

ਤੋਂ ਛੁਟਕਾਰਾ ਦੁਆਉਣ ਲਈ ਕਿਸੇ ਕੁਰਬਾਨੀ ਤੋਂ ਪਿਛੇ ਨਹੀਂ ਹਟੇ। ਪਰ ਸਾਨੂੰ ਇਹ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਜੇ ਕੋਈ ਵੀ ਗੱਲ ਹੈ ਜਿਹੜੀ, ਖ਼ਾਸ ਹਾਲਤਾਂ ਵਿਚ, ਜ਼ਾਰਸ਼ਾਹੀ ਦੇ ਢਹਿ-ਢੇਰੀ ਹੋਣ ਨੂੰ ਪਿੱਛੇ ਪਾ ਸਕਦੀ ਹੈ, ਜਿਹੜੀ ਰੂਸ ਦੀ ਸਾਰੀ ਜਮਹੂਰੀਅਤ ਦੇ ਖ਼ਿਲਾਫ਼ ਘੋਲ ਵਿਚ ਜ਼ਾਰਸ਼ਾਹੀ ਦੀ ਸਹਾਇਤਾ ਕਰ ਸਕਦੀ ਹੈ, ਤਾਂ ਉਹ ਮੌਜੂਦਾ ਜੰਗ ਹੈ, ਜਿਸਨੇ ਜ਼ਾਰਸ਼ਾਹੀ ਦੇ ਨਿਸ਼ਾਨਿਆਂ ਨੂੰ ਪੂਰਿਆਂ ਕਰਨ ਲਈ ਬਰਤਾਨਵੀ, ਫ਼ਰਾਂਸੀਸੀ ਅਤੇ ਰੂਸੀ ਬੁਰਜੂਆਜ਼ੀ ਦੀਆਂ ਗੋਲਕਾਂ ਇਸਦੀ ਵਰਤੋਂ ਲਈ ਦੇ ਦਿਤੀਆਂ ਹਨ। ਜੇ ਕੋਈ ਵੀ ਗੱਲ ਹੈ ਜਿਹੜੀ ਜ਼ਾਰਸ਼ਾਹੀ ਦੇ ਖ਼ਿਲਾਫ਼ ਰੂਸ ਦੀ ਮਜ਼ਦੂਰ ਜਮਾਤ ਦੇ ਇਨਕਲਾਬੀ ਘੋਲ ਵਿਚ ਰੁਕਾਵਟ ਪਾ ਸਕਦੀ ਹੈ, ਤਾਂ ਉਹ ਹੈ ਜਰਮਨ ਅਤੇ ਆਸਟਰੀਅਨ ਸੋਸ਼ਲ-ਡੈਮੋਕਰੈਟ ਆਗੂਆਂ ਦਾ ਵਤੀਰਾ, ਜਿਸਨੂੰ ਰੂਸ ਦੇ ਅੰਧਰਾਸ਼ਟਰਵਾਦੀ ਅਖ਼ਬਾਰ ਲਗਾਤਾਰ ਸਾਡੇ ਸਾਮ੍ਹਣੇ ਉਦਾਹਰਣ ਵਜੋਂ ਰੱਖ ਰਹੀ ਹੈ।

ਜੇ ਇਹ ਵੀ ਮੰਨ ਲਈਏ ਕਿ ਜਰਮਨ ਸੋਸ਼ਲ-ਡੈਮੋਕਰੇਸੀ ਏਨੀ ਕਮਜ਼ੋਰ ਸੀ ਕਿ ਇਹ ਸਾਰੀ ਇਨਕਲਾਬੀ ਕਾਰਵਾਈ ਤੋਂ ਲਾਂਭੇ ਰਹਿਣ ਲਈ ਮਜਬੂਰ ਹੋ ਗਈ ਸੀ, ਤਾਂ ਵੀ ਇਸ ਨੂੰ ਅੰਧਰਾਸ਼ਟਰਵਾਦੀ ਧੜੇ ਵਿਚ ਸ਼ਾਮਲ ਨਹੀਂ ਸੀ ਹੋਣਾ ਚਾਹੀਦਾ, ਜਾਂ ਐਸੇ ਕਦਮ ਨਹੀਂ ਸਨ ਚੁੱਕਣੇ ਚਾਹੀਦੇ ਜਿਹੜੇ ਅਤਾਲਵੀ ਸੋਸ਼ਲਿਸਟਾਂ ਨੂੰ ਠੀਕ ਕਹਿਣ ਲਈ ਕਾਰਨ ਦੇਂਦੇ ਕਿ ਜਰਮਨ ਸੋਸ਼ਲ-ਡੈਮੋਕਰੈਟਿਕ ਆਗੂ ਪ੍ਰੋਲਤਾਰੀ ਕੌਮਾਂਤਰੀਵਾਦ ਦੇ ਝੰਡੇ ਦੀ ਬੇਇਜ਼ਤੀ ਕਰ ਰਹੇ ਹਨ।

ਸਾਡੀ ਪਾਰਟੀ, ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ, ਨੇ ਜੰਗ ਦੇ ਸੰਬੰਧ ਵਿਚ ਮਹਾਨ ਕੁਰਬਾਨੀਆਂ ਕੀਤੀਆਂ ਹਨ ਅਤੇ ਕਰਨਾ ਜਾਰੀ ਰਖੇਗੀ। ਸਾਡੀ ਮਜ਼ਦੂਰ ਜਮਾਤ ਦੇ ਸਾਰੇ ਕਾਨੂੰਨੀ ਅਖ਼ਬਾਰ ਦਬਾ ਦਿਤੇ ਗਏ ਹਨ। ਬਹੁਤੀਆਂ ਮਜ਼ਦੂਰ ਜਮਾਤ ਜਥੇਬੰਦੀਆਂ ਤੋੜ ਦਿਤੀਆਂ ਗਈਆਂ ਹਨ, ਤੇ ਸਾਡੇ ਸਾਥੀਆਂ ਦੀ ਭਾਰੀ ਗਿਣਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜਲਾਵਤਨ ਕੀਤਾ ਗਿਆ ਹੈ। ਤਾਂ ਵੀ ਸਾਡੇ ਪਾਰਲੀਮੈਂਟਰੀ ਪ੍ਰਤਿਨਿਧਾਂ ਨੇ—ਦੂਮਾ ਵਿਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਗਰੁੱਪ [22] ਨੇ—ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਨਾ ਪਾਉਣ ਨੂੰ ਸਗੋਂ ਦੂਮਾ ਵਿਚੋਂ ਵਾਕ-ਆਊਟ ਕਰ ਜਾਣ ਨੂੰ ਆਪਣਾ ਲਾਜ਼ਮੀ ਸੋਸ਼ਲਿਸਟ ਫ਼ਰਜ਼ ਸਮਝਿਆ, ਤਾਂ ਕਿ ਆਪਣੇ ਰੋਸ ਨੂੰ ਵਧੇਰੇ ਜ਼ੋਰਦਾਰ ਢੰਗ ਨਾਲ ਪ੍ਰਗਟ ਕਰ ਸਕਣ; ਉਹਨਾਂ ਨੇ ਯੂਰਪੀ ਸਰਕਾਰਾਂ ਦੀ ਨੀਤੀ ਨੂੰ ਸਾਮਰਾਜੀ ਕਹਿ ਕੇ ਦਾਗ਼ਣਾ ਆਪਣਾ ਫ਼ਰਜ਼ ਸਮਝਿਆ [23]। ਭਾਵੇਂ ਜ਼ਾਰ ਦੀ ਸਰਕਾਰ ਨੇ ਜ਼ੁਲਮ ਨੂੰ ਦੱਸ ਗੁਣਾ ਵਧਾ ਦਿਤਾ ਹੈ, ਰੂਸ ਦੇ ਸੋਸ਼ਲ-ਡੈਮੋਕਰੈਟਿਕ ਮਜ਼ਦੂਰ ਜੰਗ ਦੇ ਖ਼ਿਲਾਫ਼ ਪਹਿਲਾਂ ਹੀ ਆਪਣੇ ਪਹਿਲੇ ਗ਼ੈਰ-ਕਾਨੂੰਨੀ ਮੈਨੀਫ਼ੈਸਟੋ ਪ੍ਰਕਾਸ਼ਤ ਕਰ ਰਹੇ ਹਨ [24], ਅਤੇ ਇਸ ਤਰ੍ਹਾਂ ਜਮਹੂਰੀਅਤ ਵੱਲ ਅਤੇ ਇੰਟਰਨੈਸ਼ਨਲ ਵੱਲ ਆਪਣਾ ਫ਼ਰਜ਼ ਨਿਭਾ ਰਹੇ ਹਨ।

ਜਦ ਕਿ ਦੂਜੀ ਇੰਟਰਨੈਸ਼ਨਲ ਦੇ ਢਹਿ-ਢੇਰੀ ਹੋਣ ਨੇ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਵਿਚ — ਜਿਨ੍ਹਾਂ ਦੀ ਪ੍ਰਤਿਨਿਧਤਾ ਕਿ ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਘਟ-ਗਿਣਟੀ ਅਤੇ ਨਿਰਪੱਖ ਦੇਸਾਂ ਵਿਚ ਅਤਿ ਚੰਗੇ ਸੋਸ਼ਲ-ਡੈਮੋਕਰੈਟ ਕਰਦੇ ਹਨ — ਬੇਹਦ ਸ਼ਰਮ ਦੀ ਭਾਵਨਾ ਪੈਦਾ ਕਰ ਦਿਤੀ ਹੈ; ਜਦ ਕਿ ਬਰਤਾਨੀਆ ਅਤੇ ਫ਼ਰਾਂਸ, ਦੋਹਾਂ ਵਿਚ, ਸੋਸ਼ਲਿਸਟ ਵਧੇਰੇ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੇ ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਬੋਲਦੇ ਰਹੇ ਹਨ; ਜਦ ਕਿ ਮੌਕਾਪ੍ਰਸਤ, ਜਿਨ੍ਹਾਂ ਦੀ ਪ੍ਰਤਿਨਿਧਤਾ, ਉਦਾਹਰਣ ਵਜੋਂ, ਜਰਮਨ "Sozialistische Monatshefte"[25] ਵਲੋਂ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਚਿਰਾਂ ਤੋਂ ਕੌਮੀ-ਉਦਾਰਵਾਦੀ ਦ੍ਰਿਸ਼ਟੀਕੋਣ ਅਪਣਾ ਲਿਆ ਹੋਇਆ ਹੈ, ਯੂਰਪੀ ਸੋਸ਼ਲਿਜ਼ਮ ਉਤੇ ਆਪਣੀ ਜਿੱਤ ਨੂੰ ਠੀਕ ਕਾਰਨ ਕਰਕੇ ਹੀ ਮਨਾ ਰਹੇ ਹਨ — ਪ੍ਰੋਲਤਾਰੀ ਦੀ ਭੈੜੀ ਤੋਂ ਭੈੜੀ ਸੰਭਵ ਸੇਵਾ ਉਹ ਲੋਕ ਕਰ ਰਹੇ ਹਨ ਜਿਹੜੇ ਮੌਕਾਪ੍ਰਸਤੀ ਅਤੇ ਇਨਕਲਾਬੀ ਸੋਸ਼ਲ-ਡੈਮੋਕਰੇਸੀ ਵਿਚਕਾਰ ਡੱਕੋ-ਡੋਲੇ ਖਾਂਦੇ ਹਨ (ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿਚਲੇ "ਵਿਚਾਲ-ਪੰਥੀਆਂ" ਵਰਗੇ), ਜਿਹੜੇ ਦੂਜੀ ਇੰਟਰਨੈਸ਼ਨਲ ਦੇ ਢਹਿ-ਢੇਰੀ ਹੋਣ ਬਾਰੇ ਦੜ ਵੱਟਣ ਦੀ ਜਾਂ ਇਸ ਉਪਰ ਡਿਪਲੋਮੈਟਿਕ ਲੱਫਾਜ਼ੀ ਨਾਲ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸਦੇ ਉਲਟ, ਇਸ ਢਹਿ-ਢੇਰੀ ਹੋਣ ਨੂੰ ਸਾਫ਼ ਸਾਫ਼ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਸਦੇ ਕਾਰਨਾਂ ਨੂੰ ਸਮਝ ਲਿਆ ਜਾਣਾ ਚਾਹੀਦਾ ਹੈ, ਤਾਂ ਕਿ ਸਾਰੇ ਦੇਸਾਂ ਦੇ ਮਜ਼ਦੂਰਾਂ ਦੀ ਨਵੀਂ ਅਤੇ ਵਧੇਰੇ ਚਿਰ-ਰਹਿਣੀ ਏਕਤਾ ਉਸਾਰਨਾ ਸੰਭਵ ਬਣਾਇਆ ਜਾ ਸਕੇ।

ਮੌਕਾਪ੍ਰਸਤਾਂ ਨੇ ਸਟੁਟਗਾਰਟ, ਕੋਪਨਹੇਗਨ ਅਤੇ ਬਾਸਲ ਕਾਂਗਰਸਾਂ[26] ਦੇ ਫ਼ੈਸਲਿਆਂ ਨੂੰ ਖ਼ਤਮ ਕਰ ਦਿਤਾ ਹੈ, ਜਿਹੜੇ ਸਾਰੇ ਦੇਸਾਂ ਦੇ ਸੋਸ਼ਲਿਸਟਾਂ ਲਈ ਕਿਸੇ ਵੀ ਅਤੇ ਸਾਰੀਆਂ ਹਾਲਤਾਂ ਵਿਚ ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਲੜਨਾ ਲਾਜ਼ਮੀ ਬਣਾਉਂਦੇ ਸਨ, ਸੋਸ਼ਲਿਸਟਾਂ ਲਈ ਲਾਜ਼ਮੀ ਬਣਾਉਂਦੇ ਸਨ ਕਿ ਬੁਰਜੂਆਜ਼ੀ ਅਤੇ ਸਰਕਾਰਾਂ ਵਲੋਂ ਸ਼ੁਰੂ ਕੀਤੀ ਗਈ ਕਿਸੇ ਵੀ ਜੰਗ ਦਾ ਜਵਾਬ ਘਰੇਲੂ ਜੰਗ ਅਤੇ ਸਮਾਜਕ ਇਨਕਲਾਬ ਬਾਰੇ ਪਰਚਾਰ ਤੇਜ਼ ਕਰਕੇ ਦੇਣ। ਦੂਜੀ ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ ਮੌਕਾਪ੍ਰਸਤੀ ਦਾ ਢਹਿ-ਢੇਰੀ ਹੋਣਾ ਹੈ, ਜਿਹੜੀ ਇਤਿਹਾਸ ਦੇ ਹੁਣ ਬੀਤ ਚੁਕੇ (ਅਤੇ ਅਖਾਉਤੀ "ਸ਼ਾਂਤਮਈ") ਦੌਰ ਵਿਚੋਂ ਪੈਦਾ ਹੋਈ ਸੀ, ਅਤੇ ਪਿਛਲੇ ਕੁਝ ਸਾਲਾਂ ਵਿਚ ਲਗਭਗ ਇੰਟਰਨੈਸ਼ਨਲ ਉਤੇ ਪ੍ਰਬਲ ਹੋ ਗਈ ਹੈ। ਸੋਸ਼ਲਿਸਟ ਇਨਕਲਾਬ ਨੂੰ ਰੱਦ ਕਰਕੇ ਅਤੇ ਇਸਦੀ ਥਾਂ ਬੁਰਜੂਆ ਸੁਧਾਰਵਾਦ ਨੂੰ ਦੇ ਕੇ, ਜਮਾਤੀ ਘੋਲ ਨੂੰ ਰੱਦ ਕਰਕੇ, ਜਿਹੜਾ ਖ਼ਾਸ ਮੌਕਿਆਂ ਉਤੇ ਅਟੱਲ ਤੌਰ ਉਤੇ ਘਰੇਲੂ ਜੰਗ ਵਿਚ ਬਦਲ ਜਾਂਦਾ ਹੈ, ਅਤੇ ਜਮਾਤੀ ਸਾਂਝ-ਭਿਆਲੀ ਦਾ ਪ੍ਰਚਾਰ

ਕਰਕੇ; ਦੇਸਭਗਤੀ ਦੇ ਅਤੇ ਪਿਤਰੀ-ਭੂਮੀ ਦੀ ਰਾਖੀ ਦੇ ਪਰਦੇ ਹੇਠ ਬੁਰਜੂਆ ਅੰਧਰਾਸ਼ਟਰਵਾਦ ਦਾ ਪਰਚਾਰ ਕਰਕੇ ਅਤੇ ਸੋਸ਼ਲਿਜ਼ਮ ਦੀ ਇਸ ਸਚਾਈ ਨੂੰ ਰੱਦ ਕਰਕੇ ਜਾਂ ਅਖੋਂ ਉਹਲੇ ਕਰਕੇ, ਜਿਹੜੀ ਬਹੁਤ ਸਮਾਂ ਪਹਿਲਾਂ "ਕਮਿਊਨਿਸਟ ਮੈਨੀਫ਼ੈਸਟੋ"[27] ਵਿਚ ਅੰਕਤ ਕੀਤੀ ਗਈ ਸੀ, ਕਿ ਮਜ਼ਦੂਰਾਂ ਦਾ ਕੋਈ ਦੇਸ ਨਹੀਂ, ਸੈਨਾਵਾਦ ਦੇ ਖ਼ਿਲਾਫ਼ ਘੋਲ ਵਿਚ, ਸਾਰੇ ਦੇਸਾਂ ਦੇ ਪ੍ਰੋਲਤਾਰੀ ਵਲੋਂ ਸਾਰੇ ਦੇਸਾਂ ਦੀ ਬੁਰਜੂਆਜ਼ੀ ਦੇ ਖ਼ਿਲਾਫ਼ ਇਨਕਲਾਬੀ ਜੰਗ ਦੀ ਲੋੜ ਨੂੰ ਮੰਨਣ ਦੀ ਥਾਂ ਆਪਣੇ ਆਪ ਨੂੰ ਉਪਭਾਵਕ, ਤੰਗ ਜਿਹੇ ਦ੍ਰਿਸ਼ਟੀਕੋਣ ਤੱਕ ਸੀਮਤ ਰੱਖ ਕੇ; ਬੁਰਜੂਆ ਪਾਰਲੀਮੈਂਟਰੀਵਾਦ ਅਤੇ ਬੁਰਜੂਆ ਕਾਨੂੰਨੀਅਤ ਦੀ ਲੋੜੀਂਦੀ ਵਰਤੋਂ ਨੂੰ ਪੂਜਨਯੋਗ ਚੀਜ਼ ਬਣਾ ਕੇ, ਅਤੇ ਇਹ ਭੁੱਲ ਕੇ ਕਿ ਸੰਕਟ ਦੇ ਸਮਿਆਂ ਵਿਚ ਸੰਗਠਨ ਅਤੇ ਪਰਚਾਰ ਦੇ ਗ਼ੈਰ-ਕਾਨੂੰਨੀ ਰੂਪ ਲਾਜ਼ਮੀ ਹੁੰਦੇ ਹਨ, ਮੌਕਾਪ੍ਰਸਤ ਇਸ ਢਹਿ-ਢੇਰੀ ਹੋਣ ਲਈ ਮੁੱਦਤ ਤੋਂ ਜ਼ਮੀਨ ਤਿਆਰ ਕਰ ਰਹੇ ਸਨ। ਮੌਕਾਪ੍ਰਸਤੀ ਦਾ ਕੁਦਰਤੀ "ਵਧਾ"—ਐਸਾ ਵਧਾ ਜਿਹੜਾ ਏਨਾਂ ਹੀ ਬੁਰਜੂਆ ਅਤੇ ਪ੍ਰੋਲਤਾਰੀ, ਅਰਥਾਤ, ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਏਨਾਂ ਹੀ ਦੁਸ਼ਮਣ ਹੈ—ਅਰਥਾਤ, ਅਰਾਜਕਤਾ-ਵਾਦੀ-ਸੰਘਵਾਦੀ ਰੁਝਾਣ[28] ਦੀ ਵਿਲਖਣਤਾ ਮੌਜੂਦਾ ਸੰਕਟ ਦੇ ਦੌਰਾਨ ਅੰਧਰਾਸ਼ਟਰਵਾਦ ਦੇ ਨਾਅਰਿਆਂ ਦੇ ਕੋਈ ਘਟ ਸ਼ਰਮਨਾਕ ਤਰ੍ਹਾਂ ਸਵੈ-ਮਗਨ ਦੁਹਰਾ ਕਾਰਨ ਨਹੀਂ ਸੀ।

ਮੌਕਾਪ੍ਰਸਤੀ ਨਾਲ ਫ਼ੈਸਲਾਕੁਨ ਤੋੜ-ਵਿਛੋੜੇ ਤੋਂ ਬਿਨਾਂ, ਅਤੇ ਜਨਤਾ ਸਾਮ੍ਹਣੇ ਇਸਦੀ ਅਟੱਲ ਅਸਫ਼ਲਤਾ ਦੀ ਵਿਆਖਿਆ ਕਰਨ ਤੋਂ ਬਿਨਾਂ ਅਜੋਕੇ ਸਮੇਂ ਵਿਚ ਸੋਸ਼ਲਿਜ਼ਮ ਦੇ ਨਿਸ਼ਾਨਿਆਂ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ, ਅਤੇ ਮਜ਼ਦੂਰਾਂ ਦੀ ਅਸਲੀ ਕੌਮਾਂਤਰੀ ਏਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

ਹਰ ਦੇਸ ਵਿਚ, ਆਪਣੇ ਦੇਸ ਦੇ ਅੰਧਰਾਸ਼ਟਰਵਾਦ ਦਾ ਮੁਕਾਬਲਾ ਕਰਨਾ, ਸੋਸ਼ਲ-ਡੈਮੋਕਰੈਟਾਂ ਦਾ ਪਹਿਲਾ ਕੰਮ ਹੋਣਾ ਚਾਹੀਦਾ ਹੈ। ਰੂਸ ਵਿਚ ਇਹ ਅੰਧਰਾਸ਼ਟਰਵਾਦ ਬੁਰਜੂਆ ਉਦਾਰਵਾਦੀਆਂ ("ਸੰਵਿਧਾਨਕ-ਜਨਵਾਦੀਆਂ"),[29] ਅਤੇ ਨਰੋਦਨਿਕਾਂ[30] ਦੇ ਇਕ ਹਿੱਸੇ ਤੋਂ ਲੈ ਕੇ ਸੋਸ਼ਲਿਸਟ-ਇਨਕਲਾਬੀਆਂ[31] ਅਤੇ "ਸੱਜੇ" ਸੋਸ਼ਲ-ਡੈਮੋਕਰੈਟਾਂ ਤੱਕ ਛਾਇਆ ਹੋਇਆ ਹੈ (ਖ਼ਾਸ ਕਰਕੇ ਯੇ. ਸਮਿਰਨੋਵ, ਪ. ਮਾਸਲੋਵ ਅਤੇ ਗ. ਪਲੇਖ਼ਾਨੋਵ ਦੇ ਉਦਾਹਰਣ ਵਜੋਂ, ਅੰਧਰਾਸ਼ਟਰਵਾਦੀ ਕਥਨਾਂ ਨੂੰ ਦਾਗ਼ਿਆ ਜਾਣਾ ਚਾਹੀਦਾ ਹੈ; ਇਹਨਾਂ ਨੂੰ ਬੁਰਜੂਆ "ਦੇਸਭਗਤ" ਅਖ਼ਬਾਰਾਂ ਨੇ ਫੜ ਲਿਆ ਹੈ ਤੇ ਵਿਸ਼ਾਲ ਤਰ੍ਹਾਂ ਵਰਤਿਆ ਹੈ)।

ਮੌਜੂਦਾ ਅਵਸਥਾ ਵਿਚ, ਕੌਮਾਂਤਰੀ ਪ੍ਰੋਲਤਾਰੀ ਦੇ ਦ੍ਰਿਸ਼ਟੀਕੋਣ ਤੋਂ ਇਹ ਨਿਸ਼ਚਿਤ ਕਰਨਾ ਅਸੰਭਵ ਹੈ ਕਿ ਜੰਗ ਵਿਚ ਸ਼ਾਮਲ ਕੌਮਾਂ ਦੇ ਦੋਹਾਂ ਟੋਲਿਆਂ ਵਿਚੋਂ ਕਿਸ ਦੀ ਹਾਰ ਸੋਸ਼ਲਿਜ਼ਮ ਲਈ ਛੋਟੀ ਬੁਰਾਈ ਹੋਵੇਗੀ। ਪਰ ਸਾਡੇ, ਰੂਸੀ ਸੋਸ਼ਲ-

ਡੈਮੋਕਰੈਟਾਂ ਲਈ ਜ਼ਰਾ ਵੀ ਸ਼ੱਕ ਨਹੀਂ ਹੋ ਸਕਦਾ ਕਿ ਰੂਸ ਦੀਆਂ ਸਾਰੀਆਂ ਕੌਮਾਂ ਦੀ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਜਨਤਾ ਦੇ ਦ੍ਰਿਸ਼ਟੀਕੋਣ ਤੋਂ, ਜ਼ਾਰਸ਼ਾਹੀ ਬਾਦਸ਼ਾਹੀ, ਜੋ ਸਰਕਾਰਾਂ ਵਿਚੋਂ ਸਭ ਤੋਂ ਵਧ ਪਿਛੇ-ਖਿਚੂ ਅਤੇ ਵਹਿਸ਼ੀ ਹੈ, ਜਿਹੜੀ ਕੌਮਾਂ ਦੀ ਸਭ ਤੋਂ ਵੱਡੀ ਗਿਣਤੀ ਨੂੰ ਅਤੇ ਯੂਰਪ ਅਤੇ ਏਸ਼ੀਆ ਦੀ ਵੱਸੋਂ ਦੇ ਸਭ ਤੋਂ ਵੱਡੇ ਸਮੂਹ ਨੂੰ ਦਬਾ ਰਹੀ ਹੈ, ਦੀ ਹਾਰ ਛੁਟੇਰੀ ਬੁਰਾਈ ਹੋਵੇਗੀ।

ਗਣ-ਰਾਜੀ ਯੂਰਪੀ ਸੰਯੁਕਤ ਰਾਜ ਦੀ ਕਾਇਮੀ ਯੂਰਪ ਦੇ ਸੋਸ਼ਲ-ਡੈਮੋਕਰੈਟਾਂ ਦਾ ਤੁਰਤ ਰਾਜਸੀ ਨਾਅਰਾ ਹੋਣਾ ਚਾਹੀਦਾ ਹੈ। ਬੁਰਜੂਆਜ਼ੀ ਦੇ ਮੁਕਾਬਲੇ ਉਤੇ, ਜਿਹੜੀ ਪ੍ਰੋਲਤਾਰੀ ਨੂੰ ਅੰਧਰਾਸ਼ਟਰਵਾਦ ਦੀ ਮੁਖ ਧਾਰਾ ਵਿਚ ਖਿੱਚਣ ਲਈ ਕਿਸੇ ਵੀ ਗਲ ਦਾ "ਵਚਨ ਦੇਣ ਲਈ" ਤਿਆਰ ਹੈ, ਸੋਸ਼ਲ-ਡੈਮੋਕਰੈਟ ਸਮਝਾਉਣਗੇ ਕਿ ਜਰਮਨ, ਆਸਟਰੀਅਨ ਅਤੇ ਰੂਸੀ ਬਾਦਸ਼ਾਹੀਆਂ ਨੂੰ ਇਨਕਲਾਬੀ ਢੰਗ ਨਾਲ ਉਲਟਾਉਣ ਤੋਂ ਬਿਨਾਂ ਇਹ ਨਾਅਰਾ ਬਿਲਕੁਲ ਝੂਠਾ ਅਤੇ ਵਿਅਰਥ ਹੈ।

ਕਿਉਂਕਿ ਰੂਸ ਅਤਿ ਦਾ ਪੱਛੜਿਆਂ ਹੋਇਆ ਹੈ ਅਤੇ ਇਸਨੇ ਅਜੇ ਆਪਣਾ ਬੁਰਜੂਆ ਇਨਕਲਾਬ ਨੇਪਰੇ ਨਹੀਂ ਚੜ੍ਹਾਇਆ, ਇਸ ਲਈ ਇਸ ਦੇਸ ਵਿਚ ਇਕਸਾਰ ਜਮਹੂਰੀ ਸੁਧਾਰ ਲਈ ਤਿੰਨ ਬੁਨਿਆਦੀ ਹਾਲਤਾਂ — ਭਾਵ, ਜਮਹੂਰੀ ਗਣ-ਰਾਜ (ਸਾਰੀਆਂ ਕੌਮਾਂ ਲਈ ਪੂਰਨ ਬਰਾਬਰੀ ਅਤੇ ਆਤਮ-ਨਿਰਣੇ ਨਾਲ), ਭੂਮੀਪਤੀ ਜਾਗੀਰਾਂ ਦੀ ਜ਼ਬਤੀ, ਅਤੇ ਅੱਠ ਘੰਟੇ ਦੀ ਕੰਮ ਦੀ ਦਿਹਾੜੀ — ਪ੍ਰਾਪਤ ਕਰਨੀਆਂ ਅਜੇ ਵੀ ਸੋਸ਼ਲ-ਡੈਮੋਕਰੈਟਾਂ ਦਾ ਕੰਮ ਬਣਿਆ ਹੋਇਆ ਹੈ। ਪਰ ਸਾਰੇ ਉੱਨਤ ਦੇਸਾਂ ਵਿਚ ਜੰਗ ਨੇ ਸੋਸ਼ਲਿਸਟ ਇਨਕਲਾਬ ਦੇ ਨਾਅਰੇ ਨੂੰ ਤੁਰਤ ਪ੍ਰੋਗਰਾਮ ਵਿਚ ਲੈ ਆਂਦਾ ਹੈ, ਜਿਹੜਾ ਨਾਅਰਾ ਕਿ ਉਨਾਂ ਹੀ ਵਧੇਰੇ ਫੌਰੀ ਹੈ, ਜਿੰਨਾਂ ਵਧੇਰੇ ਭਾਰੀ ਤਰ੍ਹਾਂ ਪ੍ਰੋਲਤਾਰੀ ਦੇ ਮੋਢਿਆਂ ਉਤੇ ਜੰਗ ਦਾ ਬੋਝ ਡਿਗਦਾ ਹੈ, ਅਤੇ ਵੱਡੇ ਪੈਮਾਨੇ ਦੀ ਸਰਮਾਇਦਾਰੀ ਦੀ ਬੇਬਹਾ ਤਕਨੀਕੀ ਸਫਲਤਾਵਾਂ ਦੀਆਂ ਹਾਲਤਾਂ ਵਿਚ ਮੌਜੂਦਾ "ਦੇਸਭਗਤ" ਵਹਿਸ਼ੀਪੁਣੇ ਦੀਆਂ ਭਿਅੰਕਰਤਾਵਾਂ ਤੋਂ ਪਿਛੋਂ ਯੂਰਪ ਦੀ ਮੁੜ-ਸਿਰਜਣਾ ਵਿਚ ਇਸਦਾ ਭਵਿੱਖ ਵਿਚਲਾ ਰੋਲ ਉਨਾਂ ਹੀ ਵਧੇਰੇ ਸਰਗਰਮ ਹੋ ਜਾਣਾ ਚਾਹੀਦਾ ਹੈ। ਬੁਰਜੂਆਜ਼ੀ ਵਲੋਂ ਪ੍ਰੋਲਤਾਰੀ ਦਾ ਮੂੰਹ ਬੰਦ ਕਰਨ ਲਈ ਜੰਗੀ ਕਾਨੂੰਨਾਂ ਦੀ ਵਰਤੋਂ ਪ੍ਰੋਲਤਾਰੀ ਲਈ ਅੰਦੋਲਨ ਅਤੇ ਸੰਗਠਨ ਦੇ ਗ਼ੈਰ-ਕਾਨੂੰਨੀ ਰੂਪ ਸਿਰਜਣਾ ਲਾਜ਼ਮੀ ਬਣਾ ਦੇਂਦੀ ਹੈ। ਮੌਕਾਪ੍ਰਸਤਾਂ ਨੂੰ ਆਪਣੇ ਵਿਸ਼ਵਾਸਾਂ ਨਾਲ ਗ਼ੱਦਾਰੀ ਦੀ ਕੀਮਤ ਉਤੇ ਕਾਨੂੰਨੀ ਜਥੇਬੰਦੀਆਂ "ਕਾਇਮ ਰੱਖ ਲੈਣ" ਦਿਓ — ਇਨਕਲਾਬੀ ਸੋਸ਼ਲ-ਡੈਮੋਕਰੈਟ ਜਥੇਬੰਦਕ ਤਜਰਬੇ ਅਤੇ ਮਜ਼ਦੂਰ ਜਮਾਤ ਦੇ ਸੰਪਰਕਾਂ ਨੂੰ ਸੋਸ਼ਲਿਜ਼ਮ ਲਈ ਘੋਲ ਦੇ ਗ਼ੈਰ-ਕਾਨੂੰਨੀ ਰੂਪ ਸਿਰਜਣ ਲਈ, ਜਿਹੜੇ ਰੂਪ ਕਿ ਸੰਕਟ ਦੇ ਦੌਰ ਨਾਲ ਮੇਲ ਖਾਂਦੇ ਹਨ, ਅਤੇ ਮਜ਼ਦੂਰਾਂ ਨੂੰ ਆਪੋ-ਆਪਣੇ ਦੇਸਾਂ ਦੀ ਅੰਧਰਾਸ਼ਟਰਵਾਦੀ ਬੁਰਜੂਆਜ਼ੀ ਨਾਲ ਨਹੀਂ, ਸਗੋਂ ਸਾਰੇ ਦੇਸਾਂ ਦੇ ਮਜ਼ਦੂਰਾਂ ਨਾਲ

ਇਕਮੁਠ ਕਰਨ ਲਈ ਵਰਤਣਗੇ। ਪ੍ਰੋਲਤਾਰੀ ਇੰਟਰਨੈਸ਼ਨਲ ਖ਼ਤਮ ਨਹੀਂ ਹੋ ਗਈ ਅਤੇ ਨਾ ਹੀ ਖ਼ਤਮ ਹੋਵੇਗੀ। ਭਾਵੇਂ ਕੋਈ ਵੀ ਰੁਕਾਵਟਾਂ ਆਉਣ, ਮਜ਼ਦੂਰਾਂ ਦੇ ਜਿਨਸਮੂਹ ਨਵੀਂ ਇੰਟਰਨੈਸ਼ਨਲ ਸਿਰਜ ਲੈਣਗੇ। ਮੌਕਾਪ੍ਰਸਤੀ ਦੀ ਮੌਜੂਦਾ ਜਿੱਤ ਥੁੜ-ਚਿਰੀ ਹੋਵੇਗੀ। ਜੰਗ ਜਿੰਨੀਆਂ ਵਧੇਰੇ ਕੁਰਬਾਨੀਆਂ ਠੋਸੇਗੀ, ਮਜ਼ਦੂਰਾਂ ਦੇ ਸਮੂਹ ਨੂੰ ਉਨਾਂ ਹੀ ਵਧੇਰੇ ਸਪਸ਼ਟ ਹੋ ਜਾਵੇਗਾ ਕਿ ਮੌਕਾਪ੍ਰਸਤਾਂ ਨੇ ਮਜ਼ਦੂਰਾਂ ਦੇ ਉਦੇਸ਼ ਨਾਲ ਗ਼ੱਦਾਰੀ ਕੀਤੀ ਹੈ ਅਤੇ ਹਥਿਆਰ ਹਰ ਦੇਸ ਦੀ ਸਰਕਾਰ ਅਤੇ ਬੁਰਜੂਆਜ਼ੀ ਦੇ ਖ਼ਿਲਾਫ਼ ਮੋੜ ਦਿਤੇ ਜਾਣੇ ਚਾਹੀਦੇ ਹਨ।

ਮੌਜੂਦਾ ਸਾਮਰਾਜੀ ਜੰਗ ਨੂੰ ਘਰੇਲੂ ਜੰਗ ਵਿਚ ਬਦਲਣਾ ਇਕੋ ਇਕ ਠੀਕ ਪ੍ਰੋਲਤਾਰੀ ਨਾਅਰਾ ਹੈ, ਉਹ ਨਾਅਰਾ ਜਿਹੜਾ ਕਮਿਊਨ ਦੇ ਤਜਰਬੇ ਵਿਚੋਂ ਨਿਕਲਦਾ ਹੈ ਅਤੇ ਬਾਸਲ ਮਤੇ (੧੯੧੨)[32] ਵਿਚ ਉਲੀਕਿਆ ਗਿਆ ਹੈ; ਅਤਿ ਵਿਕਸਤ ਬੁਰਜੂਆ ਦੇਸਾਂ ਵਿਚਕਾਰ ਸਾਮਰਾਜੀ ਜੰਗ ਦੀਆਂ ਸਾਰੀਆਂ ਹਾਲਤਾਂ ਇਸਦੀ ਮੰਗ ਕਰਦੀਆਂ ਹਨ। ਕਿਸੇ ਖ਼ਾਸ ਮੌਕੇ ਉਤੇ ਇਹ ਤਬਦੀਲੀ ਭਾਵੇਂ ਕਿੰਨੀਂ ਵੀ ਮੁਸ਼ਕਲ ਦਿਖਾਈ ਦੇਂਦੀ ਹੋਵੇ, ਸੋਸ਼ਲਿਸਟ ਹੁਣ, ਜਦ ਕਿ ਜੰਗ ਇਕ ਹਕੀਕਤ ਬਣ ਗਈ ਹੈ, ਇਸ ਪਾਸੇ ਵੱਲ ਬਾਕਾਇਦਾ, ਸਿਰੜੀ ਅਤੇ ਅਝੁਕ ਤਿਆਰੀ ਦੇ ਕੰਮ ਨੂੰ ਕਦੀ ਵੀ ਨਹੀਂ ਛੱਡਣਗੇ।

ਸਿਰਫ਼ ਇਸੇ ਰਾਹ ਉਤੇ ਹੀ ਪ੍ਰੋਲਤਾਰੀ ਅੰਧਰਾਸ਼ਟਰਵਾਦੀ ਬੁਰਜੂਆਜ਼ੀ ਉਤੇ ਆਪਣੀ ਅਧੀਨਗੀ ਨੂੰ ਲਾਹ ਮਾਰਨ ਦੇ, ਅਤੇ ਇਕ ਜਾਂ ਦੂਜੇ ਰੂਪ ਵਿਚ ਘੱਟ ਜਾਂ ਵੱਧ ਤੇਜ਼ੀ ਨਾਲ, ਕੌਮਾਂ ਲਈ ਸੱਚੀ ਆਜ਼ਾਦੀ ਵੱਲ ਅਤੇ ਸੋਸ਼ਲਿਜ਼ਮ ਵੱਲ ਫ਼ੈਸਲਾਕੁਨ ਕਦਮ ਚੁੱਕਣ ਯੋਗ ਹੋਣਗੇ।

ਸਾਰੇ ਦੇਸਾਂ ਦੀ ਬੁਰਜੂਆਜ਼ੀ ਦੇ ਅੰਧਰਾਸ਼ਟਰਵਾਦ ਅਤੇ ਦੇਸਭਗਤੀ ਦੇ ਖ਼ਿਲਾਫ਼ ਮਜ਼ਦੂਰਾਂ ਦਾ ਕੌਮਾਂਤਰੀ ਭਰੱਪਣ ਜ਼ਿੰਦਾਬਾਦ!

ਮੌਕਾਪ੍ਰਸਤੀ ਤੋਂ ਮੁਕਤ ਹੋਈ, ਪ੍ਰੋਲਤਾਰੀ ਇੰਟਰਨੈਸ਼ਨਲ ਜ਼ਿੰਦਾਬਾਦ!

**ਰੂਸੀ ਸੋਸ਼ਲ-ਡੈਮੋਕਰੈਟਿਕ**
**ਲੇਬਰ ਪਾਰਟੀ ਦੀ ਕੇਂਦਰੀ**
**ਕਮੇਟੀ**

੨੮ ਸਤੰਬਰ (੧੧ ਅਕਤੂਬਰ),
੧੯੧੪ ਤੋਂ ਪਹਿਲਾਂ ਲਿਖਿਆ
ਗਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬,
ਪੰਨੇ ੧੫-੨੩

# ਸੋਸ਼ਲਿਸਟ ਇੰਟਰਨੈਸ਼ਨਲ ਦੀ ਪੁਜ਼ੀਸ਼ਨ ਅਤੇ ਕਰਤੱਵ

ਮੌਜੂਦਾ ਸੰਕਟ ਦਾ ਸਭ ਤੋਂ ਗੰਭੀਰ ਲੱਛਣ ਇਹ ਹੈ ਕਿ ਯੂਰਪੀ ਸੋਸ਼ਲਿਜ਼ਮ ਦੇ ਅਧਿਕਾਰਿਤ ਪ੍ਰਤਿਨਿਧਾਂ ਦੀ ਬਹੁ-ਗਿਣਤੀ ਬੁਰਜੂਆ ਕੌਮਪ੍ਰਸਤੀ ਅਗੇ, ਅੰਧਰਾਸ਼ਟਰਵਾਦ ਅਗੇ ਢਹਿ ਗਈ ਹੈ। ਇਸ ਲਈ ਕਾਫ਼ੀ ਆਧਾਰ ਹੈ, ਜੇ ਸਾਰੇ ਦੇਸਾਂ ਦੇ ਬੁਰਜੂਆ ਅਖ਼ਬਾਰ ਉਹਨਾਂ ਬਾਰੇ ਕਦੀ ਮਜ਼ਾਕ ਉਡਾਉਂਦੀ ਅਤੇ ਕਦੀ ਨਿਵਾਜਵੀਂ ਤਾਰੀਫ਼ ਨਾਲ ਲਿਖਦੇ ਹਨ। ਜਿਹੜਾ ਵੀ ਕੋਈ ਸੋਸ਼ਲਿਸਟ ਰਹਿਣਾ ਚਾਹੁੰਦਾ ਹੈ, ਉਸ ਲਈ ਇਸਤੋਂ ਵਧੇਰੇ ਮਹੱਤਵਪੂਰਨ ਫ਼ਰਜ਼ ਹੋਰ ਕੋਈ ਨਹੀਂ ਹੋ ਸਕਦਾ ਕਿ ਉਹ ਸੋਸ਼ਲਿਜ਼ਮ ਵਿਚ ਇਸ ਸੰਕਟ ਦੇ ਕਾਰਨਾਂ ਨੂੰ ਪ੍ਰਗਟ ਕਰੇ ਅਤੇ ਇੰਟਰਨੈਸ਼ਨਲ ਦੇ ਕੰਮਾਂ ਕਰਤਵਾਂ ਦਾ ਵਿਸ਼ਲੇਸ਼ਣ ਕਰੇ।

ਅਜਿਹੇ ਵੀ ਲੋਕ ਹਨ ਜਿਹੜੇ ਇਹ ਮੰਨਣ ਤੋਂ ਡਰਦੇ ਹਨ ਕਿ ਦੂਜੀ ਇੰਟਰਨੈ-ਸ਼ਨਲ ਦਾ ਸੰਕਟ, ਜਾਂ, ਵਧੇਰੇ ਠੀਕ ਠੀਕ ਆਖਿਆਂ, ਇਸਦਾ ਢਹਿ-ਢੇਰੀ ਹੋਣਾ ਮੌਕਾਪ੍ਰਸਤੀ ਦਾ ਢਹਿ-ਢੇਰੀ ਹੋਣਾ ਹੈ।

ਉਦਾਹਰਣ ਵਜੋਂ, ਫ਼ਰਾਂਸੀਸੀ ਸੋਸ਼ਲਿਸਟਾਂ ਵਿਚਕਾਰ ਸਰਬ-ਸੰਮਤੀ ਦਾ, ਅਤੇ ਇਸ ਤੱਥ ਦਾ ਹਵਾਲਾ ਦਿਤਾ ਜਾਂਦਾ ਹੈ ਕਿ ਸੋਸ਼ਲਿਜ਼ਮ ਦੇ ਪੁਰਾਣੇ ਗਰੁੱਪਾਂ ਨੇ ਜੰਗ ਦੇ ਸਵਾਲ ਉਤੇ ਕਥਿਤ ਤੌਰ ਉਤੇ ਆਪਣੇ ਦ੍ਰਿਸ਼ਟੀਕੋਣ ਬਦਲ ਲਏ ਹਨ। ਪਰ ਇਹ ਹਵਾਲੇ ਬੇਬੁਨਿਆਦ ਹਨ।

ਜਮਾਤੀ ਸਾਂਝ-ਭਿਆਲੀ ਦੀ ਵਕਾਲਤ; ਸੋਸ਼ਲਿਸਟ ਇਨਕਲਾਬ ਦੇ ਵਿਚਾਰ ਅਤੇ ਘੋਲ ਦੇ ਇਨਕਲਾਬੀ ਢੰਗਾਂ ਦਾ ਤਿਆਗ; ਬੁਰਜੂਆ ਕੌਮਪ੍ਰਸਤੀ ਨੂੰ ਅਪਣਾਉਣਾ; ਇਸ ਤੱਥ ਨੂੰ ਅੱਖੋਂ ਉਹਲੇ ਕਰਨਾ ਕਿ ਕੌਮੀਅਤ ਅਤੇ ਦੇਸ ਦੀਆਂ ਹੱਦ-ਰੇਖਾਵਾਂ ਇਤਿਹਾਸਕ ਤੌਰ ਉਤੇ ਅਸਥਿਰ ਹਨ; ਬੁਰਜੂਆ ਕਾਨੂੰਨੀਅਤ ਨੂੰ ਪੂਜ ਬਣਾ ਦੇਣਾ; "ਵਸੋਂ ਦੇ ਵਿਸ਼ਾਲ ਸਮੂਹਾਂ ਨੂੰ" (ਮਤਲਬ, ਨਿਕੀ ਬੁਰਜੂਆਜ਼ੀ ਨੂੰ) ਪਰ੍ਹੇ ਧੱਕਣ ਦੇ ਡਰੋਂ, ਜਮਾਤੀ ਦ੍ਰਿਸ਼ਟੀਕੋਣ ਅਤੇ ਜਮਾਤੀ ਘੋਲ ਦਾ ਤਿਆਗ — ਨਿਰਸੰਦੇਹ, ਮੌਕਾਪ੍ਰਸਤੀ ਦੀਆਂ ਵਿਚਾਰਧਾਰਕ ਬੁਨਿਆਦਾਂ ਇਹੋ ਜਿਹੀਆਂ ਹਨ।

ਅਤੇ ਇਹੋ ਜਿਹੀ ਜ਼ਮੀਨ ਹੀ ਹੈ ਜਿਸ ਤੋਂ ਦੂਜੀ ਇੰਟਰਨੈਸ਼ਨਲ ਦੇ ਬਹੁਤੇ ਆਗੂਆਂ ਦੇ ਮਨ ਦੇ ਮੌਜੂਦਾ ਅੰਧਰਾਸ਼ਟਰਵਾਦੀ ਅਤੇ ਦੇਸ਼ਭਗਤ ਢਾਂਚੇ ਨੇ ਵਿਕਾਸ ਕੀਤਾ ਹੈ। ਬਹੁਤ ਭਿੰਨ ਭਿੰਨ ਦ੍ਰਿਸ਼ਟੀਕੋਣ ਦੀ ਪ੍ਰਤਿਨਿਧਤਾ ਕਰਦੇ ਦਰਸ਼ਕਾਂ ਨੇ ਮੁੱਦਤ ਤੋਂ ਇਸ ਗੱਲ ਵੱਲ ਧਿਆਨ ਦਿਤਾ ਹੈ ਕਿ ਮੌਕਾਪ੍ਰਸਤ ਅਸਲ ਵਿਚ ਦੂਜੀ ਇੰਟਰਨੈਸ਼ਨਲ ਦੀ ਲੀਡਰਸ਼ਿਪ ਵਿਚ ਪ੍ਰਬਲ ਹਨ। ਜੰਗ ਨੇ ਸਿਰਫ਼ ਇਸ ਪ੍ਰਬਲਤਾ ਦੀ ਅਸਲ ਮਾਤਰਾ ਨੂੰ ਤੇਜ਼ੀ ਨਾਲ ਅਤੇ ਉਘੜਵੇਂ ਢੰਗ ਨਾਲ ਸਾਮ੍ਹਣੇ ਲੈ ਆਂਦਾ ਹੈ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਜੇ ਸੰਕਟ ਦੀ ਅਸਾਧਾਰਨ ਤੀਖਣਤਾ ਨੇ ਪੁਰਾਣੇ ਗਰੁੱਪਾਂ ਵਿਚ ਕਈ ਅਦਲਾ-ਬਦਲੀਆਂ ਲੈ ਆਂਦੀਆਂ ਹਨ। ਪਰ ਸਮੁਚੇ ਤੌਰ ਉਤੇ ਇਹੋ ਜਿਹੀਆਂ ਤਬਦੀਲੀਆਂ ਨੇ ਸਿਰਫ਼ ਵਿਅਕਤੀਆਂ ਉਤੇ ਦੀ ਪ੍ਰਭਾਵ ਪਾਇਆ ਹੈ। ਸੋਸ਼ਲਿਜ਼ਮ ਦੇ ਅੰਦਰਲੇ ਰੁਝਾਣ ਉਹੀ ਰਹੇ ਹਨ।

ਫ਼ਰਾਂਸੀਸੀ ਸੋਸ਼ਲਿਸਟਾਂ ਵਿਚਕਾਰ ਪੂਰਨ ਸਰਬ-ਸੰਮਤੀ ਨਹੀਂ ਪਾਈ ਜਾਂਦੀ। ਇਥੋਂ ਤੱਕ ਕਿ ਵਲਿਆਨ ਨੂੰ ਵੀ, ਜਿਹੜਾ ਗੇਦ, ਪਲੇਖ਼ਾਨੋਵ, ਹਰਵੀ, ਆਦਿ ਨਾਲ ਅੰਧਰਾਸ਼ਟਰਵਾਦੀ ਨੀਤੀ ਉਤੇ ਚੱਲ ਰਿਹਾ ਹੈ, ਇਹ ਮੰਨਣਾ ਪਿਆ ਕਿ ਉਸਨੂੰ ਫ਼ਰਾਂਸੀਸੀ ਸੋਸ਼ਲਿਸਟਾਂ ਤੋਂ ਕਈ ਚਿੱਠੀਆਂ ਮਿਲੀਆਂ ਹਨ, ਜਿਹੜੇ ਕਹਿੰਦੇ ਹਨ ਕਿ ਇਹ ਜੰਗ ਖ਼ਾਸੇ ਵਿਚ ਸਾਮਰਾਜੀ ਹੈ ਅਤੇ ਫ਼ਰਾਂਸੀਸੀ ਬੁਰਜੂਆਜ਼ੀ ਇਸਨੂੰ ਛੇੜਣ ਵਿਚ ਕਿਸੇ ਦੂਜੇ ਦੇਸ ਦੀ ਬੁਰਜੂਆਜ਼ੀ ਨਾਲੋਂ ਘਟ ਦੋਸ਼ੀ ਨਹੀਂ। ਨਾ ਹੀ ਇਸ ਗੱਲ ਨੂੰ ਨਜ਼ਰੋਂ ਉਹਲੇ ਕੀਤਾ ਜਾਣਾ ਚਾਹੀਦਾ ਹੈ ਕਿ ਰੋਸ ਦੀਆਂ ਇਹਨਾਂ ਆਵਾਜ਼ਾਂ ਨੂੰ ਨਾ ਸਿਰਫ ਜੇਤੂ ਮੌਕਾਪ੍ਰਸਤੀ ਵਲੋਂ ਹੀ, ਸਗੋਂ ਫ਼ੌਜੀ ਸੈਂਸਰਸ਼ਿਪ ਵਲੋਂ ਵੀ ਦਬਾਇਆ ਜਾ ਰਿਹਾ ਹੈ। ਬਰਤਾਨਵੀਆਂ ਵਿਚ, ਹਿੰਡਮਨ ਗਰੁਪ (ਬਰਤਾਨਵੀ ਸੋਸ਼ਲ-ਡੈਮੋਕਰੈਟ — "ਬਰਤਾਨਵੀ ਸੋਸ਼ਲਿਸਟ ਪਾਰਟੀ")[33] ਪੂਰੀ ਤਰ੍ਹਾਂ ਅੰਧਰਾਸ਼ਟਰਵਾਦ ਵਿਚ ਡੁੱਬ ਗਿਆ ਹੈ, ਜਿਵੇਂ ਕਿ ਟਰੇਡ ਯੂਨੀਅਨਾਂ ਦੇ ਬਹੁਤੇ ਅਰਧ-ਉਦਾਰਵਾਦੀ ਆਗੂ ਵੀ ਡੁੱਬ ਗਏ ਹਨ। ਅੰਧਰਾਸ਼ਟਰਵਾਦ ਦਾ ਵਿਰੋਧ ਮੌਕਾਪ੍ਰਸਤ "ਸਵੈਧੀਨ ਲੇਬਰ ਪਾਰਟੀ"[34] ਦੇ ਮੈਕਡਾਨਲਡ ਅਤੇ ਕੇਅਰ-ਹਰਡੀ ਵਲੋਂ ਹੋਇਆ ਹੈ। ਇਹ, ਬੇਸ਼ਕ, ਆਮ ਨਾਲੋਂ, ਅਸਾਧਾਰਨ ਗੱਲ ਹੈ। ਪਰ, ਕੁਝ ਇਨਕਲਾਬੀ ਸੋਸ਼ਲ-ਡੈਮੋਕਰੈਟ, ਜਿਹੜੇ ਮੁੱਦਤ ਤੋਂ ਹਿੰਡਮਨ ਦੇ ਵਿਰੁਧ ਰਹੇ ਸਨ, ਹੁਣ "ਬਰਤਾਨਵੀ ਸੋਸ਼ਲਿਸਟ ਪਾਰਟੀ" ਨੂੰ ਛੱਡ ਗਏ ਹਨ। ਜਰਮਨਾਂ ਨਾਲ ਅਵਸਥਾ ਸਪਸ਼ਟ ਹੈ: ਮੌਕਾਪ੍ਰਸਤ ਜਿੱਤ ਗਏ ਹਨ; ਉਹ ਕੱਛਾਂ ਵਜਾ ਰਹੇ ਹਨ, ਅਤੇ ਬਿਲਕੁਲ "ਆਪਣੇ ਰੰਗ ਵਿਚ" ਮਹਿਸੂਸ ਕਰਦੇ ਹਨ। ਕਾਊਟਸਕੀ ਦੀ ਅਗਵਾਈ ਹੇਠ, "ਵਿਚਾਲ-ਪੰਥ" ਮੌਕਾਪ੍ਰਸਤੀ ਅਗੇ ਢਹਿ ਗਿਆ ਹੈ ਅਤੇ ਅਤਿ ਦੇ ਦੰਭੀ, ਅਸਭਯ ਅਤੇ ਸਵੈ-ਮਗਨ ਕੁਤਰਕ ਨਾਲ ਇਸਦਾ ਸਮਰਥਨ ਕਰ ਰਿਹਾ ਹੈ। ਰੋਸ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਵਲੋਂ — ਮੇਹਰਿੰਗ, ਪਾਨੇਕੂਕ, ਕਾਰਲ ਲੀਬਕਨੇਖ਼ਤ ਵਲੋਂ — ਅਤੇ

ਜਰਮਨੀ ਵਿਚਲੀਆਂ ਅਤੇ ਜਰਮਨ ਬੋਲਦੇ ਸਵਿਟਜ਼ਰਲੈਂਡ ਵਿਚਲੀਆਂ ਕਈ ਅਣ-ਪਛਾਤੀਆਂ ਆਵਾਜ਼ਾਂ ਵਲੋਂ ਆਏ ਹਨ। ਇਟਲੀ ਵਿਚ ਵੀ ਪਰ੍ਹੇਬੰਦੀ ਸਪਸ਼ਟ ਹੈ: ਅਤਿ ਦੇ ਮੌਕਾਪ੍ਰਸਤ, ਬਿਸੋਲਾਤੀ ਐਂਡ ਕੰਪਨੀ "ਪਿਤਰੀ-ਭੂਮੀ" ਦੇ ਹੱਕ ਵਿਚ ਹਨ, ਗੇਦ — ਵਲਿਆਨ — ਪਲੇਖ਼ਾਨੋਵ — ਹਰਵੀ ਦੇ ਹੱਕ ਵਿਚ ਹਨ। ਇਨਕਲਾਬੀ ਸੋਸ਼ਲ-ਡੈਮੋਕਰੈਟ ("ਸੋਸ਼ਲਿਸਟ ਪਾਰਟੀ"), "Avanti!" ਜਿਨ੍ਹਾਂ ਦੇ ਮੂਹਰੇ ਹੈ, ਅੰਧਰਾਸ਼ਟਰਵਾਦ ਦਾ ਵਿਰੋਧ ਕਰ ਰਹੇ ਹਨ ਅਤੇ ਜੰਗ ਲਈ ਨਾਅਰਿਆਂ ਦੇ ਬੁਰਜੂਆ ਅਤੇ ਖ਼ੁਦਗ਼ਰਜ਼ ਖ਼ਾਸੇ ਨੂੰ ਨੰਗਿਆਂ ਕਰ ਰਹੇ ਹਨ। ਉਹਨਾਂ ਨੂੰ ਅਗੇ-ਵਧੂ ਮਜ਼ਦੂਰਾਂ ਦੀ ਭਾਰੀ ਬਹੁ-ਗਿਣਤੀ ਦੀ ਹਮਾਇਤ ਹਾਸਲ ਹੈ।[35] ਰੂਸ ਵਿਚ, ਖ਼ਾਤਮੇਵਾਦੀ[36] ਧੜੇ ਦੇ ਅਤਿਵਾਦੀ ਮੌਕਾਪ੍ਰਸਤ ਪਹਿਲਾਂ ਹੀ ਆਮ ਤਕਰੀਰਾਂ ਵਿਚ ਅਤੇ ਅਖ਼ਬਾਰਾਂ ਵਿਚ, ਅੰਧਰਾਸ਼ਟਰਵਾਦ ਦੀ ਵਕਾਲਤ ਵਿਚ ਆਪਣੀਆਂ ਆਵਾਜ਼ਾਂ ਉੱਚੀਆਂ ਕਰ ਚੁਕੇ ਹਨ। ਪ. ਮਾਸਲੋਵ ਅਤੇ ਯੇ. ਸਮਿਰਨੋਵ ਜ਼ਾਰਸ਼ਾਹੀ ਦੀ ਹਮਾਇਤ ਕਰ ਰਹੇ ਸਨ, ਇਸ ਬਹਾਨੇ ਨਾਲ ਕਿ ਪਿਤਰੀ-ਭੂਮੀ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ (ਤੁਸੀਂ ਦੇਖਦੇ ਹੋ, ਕਿ ਜਰਮਨੀ "ਤਲਵਾਰ ਦੇ ਜ਼ੋਰ ਨਾਲ" "ਸਾਡੇ" ਉਤੇ ਵਪਾਰ ਸਮਝੌਤਾ ਠੋਸਣ ਦਾ ਡਰਾਵਾ ਦੇ ਰਿਹਾ ਹੈ, ਜਦ ਕਿ ਜ਼ਾਰਸ਼ਾਹੀ, ਸਾਥੋਂ ਇਹ ਵਿਸ਼ਵਾਸ ਕਰਨ ਦੀ ਆਸ ਕੀਤੀ ਜਾਂਦੀ ਹੈ, ਰੂਸ ਦੀ ਵੱਸੋਂ ਦੇ ਦੱਸਾਂ ਵਿਚੋਂ ਨੌਂ ਹਿੱਸਿਆਂ ਦੇ ਆਰਥਕ, ਰਾਜਸੀ ਅਤੇ ਕੌਮੀ ਜੀਵਨ ਦਾ ਗਲਾ ਘੁੱਟਣ ਲਈ ਤਲਵਾਰ, ਕੋਰੜੇ ਅਤੇ ਫਾਂਸੀਆਂ **ਨਹੀਂ** ਵਰਤਦੀ ਰਹੀ!) ਅੱਜ ਉਹ ਪਿਛੇ-ਖਿਚੂ ਬੁਰਜੂਆ ਸਰਕਾਰਾਂ ਵਿਚ ਸੋਸ਼ਲਿਸਟਾਂ ਦੀ ਸ਼ਮੂਲੀ ਨੂੰ, ਅਤੇ ਉਹਨਾਂ ਵਲੋਂ ਜੰਗੀ ਕਰਜ਼ਿਆਂ ਲਈ ਪ੍ਰਵਾਨਗੀ ਦੇਣ ਨੂੰ ਠੀਕ ਸਿਧ ਕਰਦੇ ਹਨ ਅਤੇ ਭਲਕ ਨੂੰ ਵਧੇਰੇ ਹਥਿਆਰਬੰਦੀ ਨੂੰ ਠੀਕ ਸਿਧ ਕਰਨਗੇ!! ਪਲੇਖ਼ਾਨੋਵ ਅਤੇ ਇਸੇ ਤਰ੍ਹਾਂ ਅਲੈਕਸਿੰਸਕੀ ਕੌਮਪ੍ਰਸਤੀ ਵਿਚ ਲੱਥ ਗਿਆ ਹੈ, ਅਤੇ ਆਪਣੇ ਰੂਸੀ ਅੰਧਰਾਸ਼ਟਰਵਾਦ ਨੂੰ ਫ਼ਰਾਂਸਪ੍ਰੇਮੀ ਵਤੀਰੇ ਦਾ ਮੁਖੌਟਾ ਚੜ੍ਹਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੈਰਿਸ ਦੇ "ਗੋਲੋਸ"[37] ਤੋਂ ਅੰਦਾਜ਼ਾ ਲਾਇਆਂ, ਮਾਰਤੋਵ ਬਾਕੀ ਸਾਰੇ ਗਰੋਹ ਨਾਲੋਂ ਵਧੇਰੇ ਸਭਯ ਢੰਗ ਨਾਲ ਪੇਸ਼ ਆ ਰਿਹਾ ਹੈ, ਅਤੇ ਜਰਮਨ ਅਤੇ ਫ਼ਰਾਂਸੀਸੀ, ਦੋਹਾਂ ਦੇ ਅੰਧਰਾਸ਼ਟਰਵਾਦ ਦੇ "Vorwärts"[38] ਦੇ, ਮਿ: ਹਿੰਡਮਨ ਅਤੇ ਮਾਸਲੋਵ ਦੇ ਖ਼ਿਲਾਫ਼ ਨਿਤਰਿਆ ਹੈ, ਪਰ ਸਮੁਚੇ ਤੌਰ ਉਤੇ ਕੌਮਾਂਤਰੀ ਮੌਕਾਪ੍ਰਸਤੀ ਦੇ ਖ਼ਿਲਾਫ਼, ਅਤੇ ਇਸ ਦੇ ਸਭ ਤੋਂ ਵਧ "ਪ੍ਰਭਾਵਸ਼ਾਲੀ" ਸਮਰਥਕ, ਜਰਮਨ ਸੋਸ਼ਲ-ਡੈਮੋਕਰੈਟਿਕ ਵਿਚਾਲ-ਪੰਥੀ ਟੋਲੇ ਦੇ ਖ਼ਿਲਾਫ਼ ਦ੍ਰਿੜ੍ਹਤਾ ਨਾਲ ਨਿਤਰਨ ਤੋਂ ਡਰਦਾ ਹੈ। ਫ਼ੌਜ ਵਿਚ ਵਾਲੰਟੀਅਰ ਸੇਵਾ ਨੂੰ ਸੋਸ਼ਲਿਸਟ ਫ਼ਰਜ਼ ਦੀ ਅਦਾਇਗੀ ਵਜੋਂ ਪੇਸ਼ ਕਰਨ ਦੇ ਯਤਨਾਂ ਨੂੰ (ਦੇਖੋ ਰੂਸੀ ਵਾਲੰਟੀਅਰਾਂ ਦੇ ਇਕ ਟੋਲੇ ਦਾ ਪੈਰਿਸ ਐਲਾਨ-ਨਾਮਾ, ਜਿਸ ਟੋਲੇ ਵਿਚ ਸੋਸ਼ਲ-ਡੈਮੋਕਰੈਟ ਅਤੇ ਸੋਸ਼ਲਿਸਟ-ਇਨਕਲਾਬੀ ਸ਼ਾਮਲ ਸਨ, ਅਤੇ ਪੋਲਿਸ਼

ਸੋਸ਼ਲ-ਡੈਮੋਕਰੈਟਾਂ, ਲੇਦਰ ਆਦਿ ਦਾ ਐਲਾਨ-ਨਾਮਾ ਵੀ[39]) ਸਿਰਫ ਪਲੇਖ਼ਾਨੋਵ ਦਾ ਸਮਰਥਨ ਪ੍ਰਾਪਤ ਸੀ। ਇਹਨਾਂ ਯਤਨਾਂ ਦੀ ਸਾਡੇ ਪੈਰਿਸ ਪਾਰਟੀ ਗਰੁੱਪ ਦੀ ਬਹੁ-ਗਿਣਤੀ ਵਲੋਂ ਨਖੇਧੀ ਕੀਤੀ ਗਈ ਹੈ।[40] ਇਸ ਅੰਕ ਦਾ ਸੰਪਾਦਕੀ ਪਾਠਕਾਂ ਨੂੰ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਦ੍ਰਿਸ਼ਟੀਕੋਣ ਬਾਰੇ ਸੂਚਤ ਕਰੇਗਾ।* ਤਾਂ ਕਿ ਕੋਈ ਭੁਲੇਖਾ ਨਾ ਹੋ ਜਾਏ, ਸਾਡੀ ਪਾਰਟੀ ਦੇ ਵਿਚਾਰਾਂ ਦੇ ਅਤੇ ਉਹਨਾਂ ਦੇ ਸੂਤ੍ਰਿਤ ਹੋਣ ਦੇ ਇਤਿਹਾਸ ਨਾਲ ਸੰਬੰਧਤ ਹੇਠਲੇ ਤੱਥ ਇਥੇ ਜ਼ਰੂਰ ਦਸੇ ਜਾਣੇ ਚਾਹੀਦੇ ਹਨ। ਜੰਗ ਨਾਲ ਟੁੱਟੇ ਜਥੇਬੰਦਕ ਸੰਪਰਕਾਂ ਨੂੰ ਮੁੜ-ਸਥਾਪਤ ਕਰਨ ਵਿਚ ਬੇਹਦ ਮੁਸ਼ਕਲਾਂ ਨੂੰ ਸਰ ਕਰਨ ਪਿਛੋਂ, ਪਾਰਟੀ ਮੈਂਬਰਾਂ ਦੇ ਇਕ ਗਰੁੱਪ ਨੇ ਪਹਿਲਾਂ "ਥੀਸਿਸ" ਤਿਆਰ ਕੀਤਾ ਅਤੇ ੬-੮ ਸਤੰਬਰ (ਨਵੀਂ ਜੰਤਰੀ ਅਨੁਸਾਰ— **ਸੰਪਾ:**) ਨੂੰ ਇਸਨੂੰ ਸਾਥੀਆਂ ਵਿਚ ਫੇਰਿਆ।[41] ਫਿਰ ਇਹ ਲੂਗਾਨੋ ਵਿਚ ਅਤਾਲਵੀ-ਸਵਿਸ ਕਾਨਫ਼ਰੰਸ (੨੭ ਸਤੰਬਰ)[42] ਦੇ ਦੋ ਡੈਲੀਗੇਟਾਂ ਨੂੰ ਸਵਿਸ ਸੋਸ਼ਲ-ਡੈਮੋਕਰੈਟਾਂ ਰਾਹੀਂ ਭੇਜਿਆ ਗਿਆ। ਅਧ-ਅਕਤੂਬਰ ਵਿਚ ਜਾ ਕੇ ਕਿਤੇ ਸੰਪਰਕਾਂ ਨੂੰ ਮੁੜ-ਸਥਾਪਤ ਕਰਨਾ ਅਤੇ ਪਾਰਟੀ ਦੀ ਕੇਂਦਰੀ ਕਮੇਟੀ ਦਾ ਦ੍ਰਿਸ਼ਟੀਕੋਣ ਸੂਤ੍ਰਿਤ ਕਰਨਾ ਸੰਭਵ ਹੋ ਸਕਿਆ। ਇਸ ਅੰਕ ਦਾ ਸੰਪਾਦਕੀ "ਥੀਸਿਸ" ਦੇ ਅੰਤਮ ਰੂਪ ਨੂੰ ਪੇਸ਼ ਕਰਦਾ ਹੈ।

ਇਹ ਹੈ, ਸੰਖੇਪ ਵਿਚ, ਯੂਰਪੀ ਅਤੇ ਰੂਸੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਮਾਮਲਿਆਂ ਦੀ ਮੌਜੂਦਾ ਅਵਸਥਾ। ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ ਇਕ ਹਕੀਕਤ ਹੈ। ਫ਼ਰਾਂਸੀਸੀ ਅਤੇ ਜਰਮਨ ਸੋਸ਼ਲਿਸਟਾਂ ਵਿਚਕਾਰ, ਅਖ਼ਬਾਰਾਂ ਵਿਚ ਵਿਵਾਦ ਤੋਂ ਇਹ ਗੱਲ ਅੰਤਮ ਤੌਰ ਉਤੇ ਸਿਧ ਹੋ ਚੁਕੀ ਹੈ, ਅਤੇ ਸਿਰਫ਼ ਖੱਬੇ ਸੋਸ਼ਲ-ਡੈਮੋਕਰੈਟਾਂ (ਮੇਹਰਿੰਗ ਅਤੇ "Bremer Bürger-Zeitung"[43]) ਵਲੋਂ ਹੀ ਨਹੀਂ, ਸਗੋਂ ਨਰਮ-ਖ਼ਿਆਲ ਸਵਿਸ ਅਖਬਾਰਾਂ ("Volksrecht"[44]) ਵਲੋਂ ਵੀ ਇਸਨੂੰ ਮੰਨਿਆ ਗਿਆ ਹੈ। ਇਸ ਢਹਿ-ਢੇਰੀ ਹੋਣ ਉਤੇ ਪਰਦਾ ਪਾਉਣ ਦੇ ਕਾਊਟਸਕੀ ਦੇ ਯਤਨ ਬੁਜ਼ਦਿਲਾਂ ਵਾਲਾ ਕਪਟ ਹਨ। ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ ਸਪਸ਼ਟ ਤੌਰ ਉਤੇ ਮੌਕਾਪ੍ਰਸਤੀ ਦਾ ਢਹਿ-ਢੇਰੀ ਹੋਣਾ ਹੈ, ਜਿਹੜੀ ਹੁਣ ਬੁਰਜੂਆਜ਼ੀ ਦੀ ਕੈਦ ਵਿਚ ਹੈ।

ਬੁਰਜੂਆਜ਼ੀ ਦਾ ਸਟੈਂਡ ਸਪਸ਼ਟ ਹੈ। ਇਹ ਵੀ ਘਟ ਸਪਸ਼ਟ ਨਹੀਂ ਕਿ ਮੌਕਾਪ੍ਰਸਤ ਬੁਰਜੂਆ ਦਲੀਲਾਂ ਨੂੰ ਸਿਰਫ਼ ਦੁਹਰਾ ਰਹੇ ਹਨ। ਸੰਪਾਦਕੀ ਵਿਚ ਜੋ ਕੁਝ ਕਿਹਾ ਗਿਆ ਹੈ, ਉਸਤੋਂ ਇਲਾਵਾ ਸਾਡੇ ਲਈ ਸਿਰਫ "Die Neue Zeit"[45] ਵਿਚ ਅਪਮਾਣ-ਭਰੇ ਬਿਆਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਨ੍ਹਾਂ ਵਿਚ ਸੰਕੇਤ

---

* ਵੇਖੋ ਹਥਲੀ ਪੁਸਤਕ ਪੰਨੇ।— **ਸੰਪਾ:**

ਕੀਤਾ ਗਿਆ ਹੈ ਕਿ ਕੌਮਾਂਤਰੀਵਾਦ ਇਸ ਗੱਲ ਵਿਚ ਹੈ ਕਿ ਕਥਿਤ ਤੌਰ ਉਤੇ ਪਿਤਰੀ-ਭੂਮੀ ਦੀ ਰਾਖੀ ਲਈ, ਇਕ ਦੇਸ ਦੇ ਮਜ਼ਦੂਰ ਦੂਜੇ ਦੇਸ ਦੇ ਮਜ਼ਦੂਰਾ ਨੂੰ ਗੋਲੀਆਂ ਨਾਲ ਭੁੰਨਣ!

ਪਿਤਰੀ-ਭੂਮੀ ਦਾ ਸਵਾਲ—ਅਸੀਂ ਮੌਕਾਪ੍ਰਸਤਾਂ ਨੂੰ ਜਵਾਬ ਦੇਵਾਂਗੇ—ਮੌਜੂਦਾ ਜੰਗ ਦੇ ਠੋਸ ਇਤਿਹਾਸਕ ਪਾਸੇ ਵੱਲ ਯੋਗ ਧਿਆਨ ਦਿਤੇ ਬਿਨਾਂ ਪੇਸ਼ ਨਹੀਂ ਕੀਤਾ ਜਾ ਸਕਦਾ। ਇਹ ਇਕ ਸਾਮਰਾਜੀ ਜੰਗ ਹੈ, ਅਰਥਾਤ ਇਹ ਸਰਮਾਇਦਾਰੀ ਦੇ ਅਤਿਅੰਤ ਵਿਕਾਸ ਦੇ ਸਮੇਂ, ਇਸਦੇ ਨੇੜੇ ਆ ਰਹੇ **ਅੰਤ** ਦੇ ਸਮੇਂ ਲੜੀ ਜਾ ਰਹੀ ਹੈ। ਬੁਰਜੂਆ ਪ੍ਰਬੰਧ ਅਤੇ, ਇਸਦੇ ਸਿੱਟੇ ਵਜੋਂ, ਬੁਰਜੂਆ ਪਿਤਰੀ-ਭੂਮੀ ਦੇ ਲਾਜ਼ਮੀ ਰੂਪਾਂ ਵਜੋਂ ਕੌਮੀਅਤ ਅਤੇ ਪਿਤਰੀ-ਭੂਮੀ ਦੀ ਸਾਡੇ ਵਲੋਂ ਮਾਨਤਾ ਦੀਆਂ **ਸੀਮਾਵਾਂ ਅਤੇ ਸ਼ਰਤਾਂ** ਉਪਰ ਜ਼ੋਰ ਦੇਂਦਿਆਂ, "**ਕਮਿਊਨਿਸਟ ਮੈਨੀਫ਼ੈਸਟੋ**" ਐਲਾਨ ਕਰਦਾ ਹੈ ਕਿ ਮਜ਼ਦੂਰ ਜਮਾਤ ਨੂੰ ਸਭ ਤੋਂ ਪਹਿਲਾਂ "ਕੌਮ ਦੇ ਅੰਦਰ ਆਪਣੇ ਆਪ ਨੂੰ ਰੂਪ ਦੇਣਾ ਚਾਹੀਦਾ ਹੈ।" ਮੌਕਾਪ੍ਰਸਤ ਇਸ ਸਚਾਈ ਨੂੰ, ਜਿਹੜੀ ਸਰਮਾਇਦਾਰੀ ਦੀ ਚੜ੍ਹਤ ਦੇ ਦੌਰ ਲਈ ਠੀਕ ਸੀ, ਇਸਦੇ ਅੰਤ ਦੇ ਦੌਰ ਉਤੇ ਲਾਗੂ ਕਰਕੇ ਕਰੂਪਦੇ ਹਨ। ਪਹਿਲੇ ਦੌਰ ਦੇ ਸੰਬੰਧ ਵਿਚ, ਅਤੇ, ਸਾਮੰਤਵਾਦ ਨੂੰ ਨਹੀਂ ਸਗੋਂ ਸਰਮਾਇਦਾਰੀ ਨੂੰ ਤਬਾਹ ਕਰਨ ਲਈ ਪ੍ਰੋਲਤਾਰੀ ਦੇ ਘੋਲ ਵਿਚ ਉਹਨਾਂ ਦੇ ਕਰਤਵਾਂ ਦੇ ਸੰਬੰਧ ਵਿਚ, "ਕਮਿਊਨਿਸਟ ਮੈਨੀਫ਼ੈਸਟੋ" ਸਪਸ਼ਟ ਅਤੇ ਸੰਖੇਪ ਫ਼ਾਰਮੂਲਾ ਦੇਂਦਾ ਹੈ: "ਮਜ਼ਦੂਰਾਂ ਦਾ ਕੋਈ ਦੇਸ ਨਹੀਂ।" ਇਹ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਕਿਉਂ ਮੌਕਾਪ੍ਰਸਤ ਇਸ ਸੋਸ਼ਲਿਸਟ ਪ੍ਰਸਤਾਵ ਨੂੰ ਮੰਨਣ ਤੋਂ ਇੰਨੇ ਡਰਦੇ ਹਨ, ਸਗੋਂ ਬਹੁਤੀਆਂ ਹਾਲਤਾਂ ਵਿਚ ਖੁਲ੍ਹਮ-ਖੁਲ੍ਹਾ ਇਸਨੂੰ ਵਿਚਾਰਨ ਤੋਂ ਵੀ ਡਰਦੇ ਹਨ। ਸੋਸ਼ਲਿਸਟ ਲਹਿਰ ਪਿਤਰੀ-ਭੂਮੀ ਦੇ ਪੁਰਾਣੇ ਢਾਂਚੇ ਦੇ ਅੰਦਰ ਨਹੀਂ ਜਿੱਤ ਸਕਦੀ। ਇਹ ਮਨੁਖੀ ਸਮਾਜ ਦੇ ਨਵੇਂ ਅਤੇ ਉਚੇਰੇ ਰੂਪ ਸਿਰਜਦੀ ਹੈ, ਜਿਸ ਵਿਚ **ਹਰ** ਕੌਮੀਅਤ ਦੀ ਮਜ਼ਦੂਰ ਜਨਤਾ ਦੀਆਂ ਹੱਕੀ ਲੋੜਾਂ ਅਤੇ ਅਗੇ-ਵਧੂ ਆਸ਼ਾਵਾਂ, ਪਹਿਲੀ ਵਾਰ, ਕੌਮਾਂਤਰੀ ਏਕਤਾ ਰਾਹੀਂ ਪੂਰੀਆਂ ਕੀਤੀਆਂ ਜਾਣਗੀਆਂ, ਜੇ ਮੌਜੂਦਾ ਕੌਮੀ ਵੰਡਾਂ ਦੂਰ ਕੀਤੀਆਂ ਜਾਣ। "ਪਿਤਰੀ-ਭੂਮੀ ਦੀ ਰਾਖੀ" ਲਈ ਦੰਭੀ ਅਪੀਲਾਂ ਰਾਹੀਂ ਉਹਨਾਂ ਨੂੰ ਪਾੜਨ ਅਤੇ ਵਖ ਵਖ ਕਰਨ ਦੇ ਅਜੋਕੀ ਬੁਰਜੂਆਜ਼ੀ ਦੇ ਯਤਨਾਂ ਦਾ ਜਵਾਬ, ਜਮਾਤੀ ਚੇਤਨਤਾ ਵਾਲੇ ਮਜ਼ਦੂਰ ਸਾਰੀਆਂ ਕੌਮਾਂ ਦੀ ਬੁਰਜੂਆਜ਼ੀ ਦੀ ਹਕੂਮਤ ਨੂੰ ਉਲਟਾਉਣ ਲਈ ਘੋਲ ਵਿਚ ਵਖੋ ਵਖਰੀਆਂ ਕੌਮਾਂ ਦੇ ਮਜ਼ਦੂਰਾਂ ਨੂੰ ਇਕਮੁਠ ਕਰਨ ਦੇ ਦਿਨੋ ਦਿਨ ਨਵੇਂ ਅਤੇ ਸਿਰੜੀ ਯਤਨਾਂ ਨਾਲ ਦੇਣਗੇ।

ਸਾਮਰਾਜੀ ਲੁਟ-ਮਾਰ ਉਤੇ "ਕੌਮੀ ਜੰਗ" ਦੀ ਪੁਰਾਣੀ ਵਿਚਾਰਧਾਰਾ ਦਾ ਪਰਦਾ ਪਾ ਕੇ ਬੁਰਜੂਆਜ਼ੀ ਜਨਤਾ ਨੂੰ ਧੋਖਾ ਦੇ ਰਹੀ ਹੈ। ਇਸ ਫ਼ਰੇਬ ਨੂੰ ਪ੍ਰੋਲਤਾਰੀ ਵਲੋਂ

ਨੰਗਿਆ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੇ ਸਾਮਰਾਜੀ ਜੰਗ ਨੂੰ ਘਰੇਲੂ ਜੰਗ ਵਿਚ ਬਦਲਣ ਦਾ ਆਪਣਾ ਨਾਅਰਾ ਸਾਮ੍ਹਣੇ ਲਿਆਂਦਾ ਹੈ। ਇਹ ਸਟੁਟਗਾਰਟ ਅਤੇ ਬਾਸਲ ਮਤਿਆਂ[46] ਦਾ ਨਾਅਰਾ ਸੀ, ਜਿਨ੍ਹਾਂ ਦੇ ਦਿਮਾਗ਼ ਵਿਚ ਆਮ ਕਰਕੇ ਜੰਗ ਨਹੀਂ ਸੀ, ਸਗੋਂ ਬਿਲਕੁਲ ਮੌਜੂਦਾ ਜੰਗ ਸੀ, ਅਤੇ ਜਿਨ੍ਹਾਂ ਨੇ "ਪਿਤਰੀ-ਭੂਮੀ ਦੀ ਰਾਖੀ" ਦੀ ਨਹੀਂ, ਸਗੋਂ "ਸਰਮਾਇਦਾਰੀ ਦੇ ਢਹਿ-ਢੇਰੀ ਹੋਣ ਨੂੰ ਤੇਜ਼ ਕਰਨ" ਦੀ, ਜੰਗ ਵਲੋਂ ਪੈਦਾ ਕੀਤੇ ਸੰਕਟ ਨੂੰ ਇਸ ਮੰਤਵ ਲਈ ਵਰਤਣ ਦੀ, ਅਤੇ ਪੈਰਿਸ ਕਮਿਊਨ ਵਲੋਂ ਪੇਸ਼ ਕੀਤੀ ਗਈ ਮਿਸਾਲ ਦੀ ਗੱਲ ਕੀਤੀ ਸੀ। ਪੈਰਿਸ ਕਮਿਊਨ ਕੌਮਾਂ ਦੀ ਜੰਗ ਨੂੰ ਘਰੇਲੂ ਜੰਗ ਵਿਚ ਬਦਲ ਦੇਣ ਦੀ ਇਕ ਉਦਾਹਰਣ ਸੀ।

ਬੇਸ਼ਕ, ਇਹੋ ਜਿਹੀ ਤਬਦੀਲੀ ਕੋਈ ਸੌਖੀ ਗੱਲ ਨਹੀਂ ਅਤੇ ਇਕ ਜਾਂ ਦੂਜੀ ਪਾਰਟੀ ਦੇ "ਖ਼ਬਤ ਨਾਲ" ਨਹੀਂ ਲਿਆਂਦੀ ਜਾ ਸਕਦੀ। ਪਰ ਇਹ ਤਬਦੀਲੀ ਆਮ ਕਰਕੇ ਸਰਮਾਇਦਾਰੀ ਦੀਆਂ, ਅਤੇ ਖ਼ਾਸ ਕਰਕੇ ਸਰਮਾਇਦਾਰੀ ਦੇ ਅੰਤ ਦੇ ਦੌਰ ਦੀਆਂ ਬਾਹਰਮੁਖੀ ਹਾਲਤਾਂ ਵਿਚ ਸੁਭਾਵਕ ਹੈ। ਇਸ ਰੁਖ਼ ਵੱਲ, ਅਤੇ ਸਿਰਫ਼ ਇਸੇ ਰੁਖ਼ ਵੱਲ, ਸੋਸ਼ਲਿਸਟਾਂ ਨੂੰ ਆਪਣੀਆਂ ਸਰਗਰਮੀਆਂ ਚਲਾਉਣੀਆਂ ਚਾਹੀਦੀਆਂ ਹਨ। ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਉਣਾ ਜਾਂ ਖ਼ੁਦ "ਆਪਣੇ" ਦੇਸ ਵਿਚ (ਅਤੇ ਇਤਿਹਾਦੀ ਦੇਸਾਂ ਵਿਚ) ਅੰਧਰਾਸ਼ਟਰਵਾਦ ਦਾ ਉਤਸ਼ਾਹ ਵਧਾਉਣਾ ਉਹਨਾਂ ਦਾ ਕੰਮ ਨਹੀਂ, ਸਗੋਂ, ਪਹਿਲੀ ਥਾਂ ਉਤੇ, ਜਦੋਂ ਸੰਕਟ ਪੱਕ ਗਿਆ ਹੈ ਅਤੇ ਬੁਰਜੂਆਜ਼ੀ ਨੇ ਆਪਣੀ ਸਿਰਜੀ ਕਾਨੂੰਨੀਅਤ ਖ਼ੁਦ ਖੋਹ ਲਈ ਹੈ, ਤਾਂ ਘੋਲ ਦੇ ਕਾਨੂੰਨੀ ਰੂਪਾਂ ਤੱਕ ਆਪਣੇ ਆਪ ਨੂੰ ਸੀਮਤ ਕਰਨ ਤੋਂ ਬਿਨਾਂ ਖ਼ੁਦ "ਆਪਣੀ" ਬੁਰਜੂਆਜ਼ੀ ਦੇ ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਯਤਨ ਕਰਨ ਉਹਨਾਂ ਦਾ ਕੰਮ ਹੈ। ਇਹ ਹੈ ਕਾਰਜ ਦੀ **ਸੇਧ** ਜਿਹੜੀ ਘਰੇਲੂ ਜੰਗ ਵੱਲ **ਲਿਜਾਂਦੀ ਹੈ**, ਅਤੇ ਯੂਰਪੀ ਭਾਂਬੜ ਦੀ ਇਕ ਜਾਂ ਦੂਜੀ ਘੜੀ ਘਰੇਲੂ ਜੰਗ ਨੂੰ ਸ਼ੁਰੂ ਕਰੇਗੀ।

ਜੰਗ ਕੋਈ ਸਬੱਬੀ ਘਟਨਾ ਨਹੀਂ, ਕੋਈ "ਜੁਰਮ" ਨਹੀਂ, ਜਿਵੇਂ ਕਿ ਈਸਾਈ ਪਾਦਰੀ ਸੋਚਦੇ ਹਨ (ਜਿਹੜੇ ਦੇਸਭਗਤੀ, ਮਾਨਵਤਾ ਅਤੇ ਅਮਨ ਪ੍ਰਚਾਰਨ ਵਿਚ ਮੌਕਾਪ੍ਰਸਤਾਂ ਨਾਲੋਂ ਜ਼ਰਾ ਵੀ ਪਿੱਛੇ ਨਹੀਂ), ਸਗੋਂ ਸਰਮਾਇਦਾਰੀ ਦਾ ਇਕ ਅਟੱਲ ਪੜਾਅ ਹੈ, **ਸਰਮਾਇਦਾਰ** ਜੀਵਨ ਢੰਗ ਦਾ ਇੰਨਾਂ ਹੀ ਕਾਨੂੰਨੀ ਰੂਪ, ਜਿੰਨਾਂ ਅਮਨ ਹੈ। ਅਜੋਕੀ ਜੰਗ ਲੋਕਾਂ ਦੀ ਜੰਗ ਹੈ। ਇਸ ਸਚਾਈ ਤੋਂ ਇਹ ਨਤੀਜਾ ਨਹੀਂ ਨਿਕਲਦਾ ਕਿ ਸਾਨੂੰ ਅੰਧਰਾਸ਼ਟਰਵਾਦ ਦੀ "ਜਨਤਕ" ਲਹਿਰ ਨਾਲ ਵਹਿ ਜਾਣਾ ਚਾਹੀਦਾ ਹੈ, ਸਗੋਂ ਇਹ ਨਿਕਲਦਾ ਹੈ ਕਿ ਕੌਮਾਂ ਨੂੰ ਵੰਡਦੀਆਂ ਜਮਾਤੀ ਵਿਰੋਧਤਾਈਆਂ ਜੰਗ ਦੇ ਸਮੇਂ ਵੀ ਮੌਜੂਦ ਰਹਿੰਦੀਆਂ ਹਨ ਅਤੇ ਆਪਣੇ ਆਪ ਨੂੰ ਜੰਗ ਦੀਆਂ ਹਾਲਤਾਂ ਵਿਚ ਪ੍ਰਗਟ ਕਰਦੀਆਂ ਹਨ। ਫ਼ੌਜਾਂ ਵਿਚ ਕੰਮ ਕਰਨ ਤੋਂ ਇਨਕਾਰ, ਜੰਗ-ਵਿਰੋਧੀ

ਹੜਤਾਲਾਂ ਆਦਿ ਨਿਰੋਲ ਬਕਵਾਸ ਹਨ, ਹਥਿਆਰਬੰਦ ਬੁਰਜੂਆਜ਼ੀ ਦੇ ਖ਼ਿਲਾਫ਼ ਬੇਹਥਿਆਰ ਘੋਲ ਦਾ ਜ਼ਲੀਲ ਅਤੇ ਬੁਜ਼ਦਿਲਾਂ ਵਾਲਾ ਸੁਪਨਾ ਹਨ, ਬਿਨਾਂ ਜਾਨ–ਹੂਲਵੀਂ ਘਰੇਲੂ ਜੰਗ ਜਾਂ ਜੰਗਾਂ ਦੀ ਲੜੀ ਦੇ ਸਰਮਾਇਦਾਰੀ "ਦੀ ਤਬਾਹੀ ਦੀ ਫ਼ਜ਼ੂਲ ਅਭਿਲਾਸ਼ਾ ਹਨ। ਫ਼ੌਜ ਵਿਚ ਵੀ, ਜਮਾਤੀ ਘੋਲ ਦਾ ਪ੍ਰਚਾਰ ਕਰਨਾ ਹਰ ਸੋਸ਼ਲਿਸਟ ਦਾ ਫ਼ਰਜ਼ ਹੈ; ਸਾਰੀਆਂ ਕੌਮਾਂ ਦੀ ਬੁਰਜੂਆਜ਼ੀ ਦੇ ਸਾਮਰਾਜੀ ਹਥਿਆਰਬੰਦ ਟਕਰਾ ਦੇ ਯੁਗ ਵਿਚ ਕੌਮਾਂ ਦੀ ਜੰਗ ਨੂੰ ਘਰੇਲੂ ਜੰਗ ਵਿਚ ਬਦਲਣ ਵੱਲ ਸੇਧ ਰਖਦਾ ਕੰਮ ਇਕੋ ਇਕ ਸੋਸ਼ਲਿਸਟ ਸਰਗਰਮੀ ਹੈ। "ਕਿਸੇ ਵੀ ਕੀਮਤ ਉਤੇ ਅਮਨ" ਲਈ ਮਿਚਕਵੀਆਂ, ਪਵਿਤ੍ਰਤਾ ਦਾ ਦਿਖਾਵਾ ਕਰਦੀਆਂ ਅਤੇ ਮੋਟੀ ਬੁਧ ਵਾਲੀਆਂ ਅਪੀਲਾਂ ਮੁਰਦਾਬਾਦ! ਆਓ, ਘਰੇਲੂ ਜੰਗ ਦਾ ਝੰਡਾ ਉੱਚਾ ਚੁਕੀਏ! ਸਾਮਰਾਜ ਯੂਰਪੀ ਸਭਿਆਚਾਰ ਦੀ ਹੋਣੀ ਨੂੰ ਬਲਦੀ ਦੇ ਬੂਥੇ ਦੇ ਰਿਹਾ ਹੈ: ਇਸ ਜੰਗ ਤੋਂ ਛੇਤੀ ਪਿਛੋਂ ਹੋਰ ਜੰਗਾਂ ਹੋਣਗੀਆਂ, ਜਿੰਨਾਂ ਚਿਰ ਤੱਕ ਬਹੁਤ ਸਾਰੇ ਸਫ਼ਲ ਇਨਕਲਾਬ ਨਹੀਂ ਹੋ ਜਾਂਦੇ। ਇਸ ਜੰਗ ਦੇ "ਆਖ਼ਰੀ ਜੰਗ" ਹੋਣ ਬਾਰੇ ਕਹਾਣੀ ਖੋਖਲੀ ਅਤੇ ਖ਼ਤਰਨਾਕ ਘਾੜਤ ਹੈ, ਤੰਗਨਜ਼ਰ "ਮਿਥਿਹਾਸ" (ਜਿਵੇਂ ਕਿ "ਗੋਲੋਸ" ਇਸਨੂੰ ਠੀਕ ਹੀ ਕਹਿੰਦਾ ਹੈ) ਦਾ ਇਕ ਟੋਟਾ। ਘਰੇਲੂ ਜੰਗ ਦਾ ਪ੍ਰੋਲਤਾਰੀ ਝੰਡਾ ਨਾ ਸਿਰਫ਼ ਹਜ਼ਾਰਾਂ ਲਖਾਂ ਜਮਾਤੀ ਚੇਤਨਤਾ ਵਾਲੇ ਮਜ਼ਦੂਰਾਂ ਨੂੰ ਸਗੋਂ ਲਖਾਂ ਅਰਧ–ਪ੍ਰੋਲਤਾਰੀ ਅਤੇ ਨਿਕ–ਬੁਰਜੂਆ ਨੂੰ ਵੀ ਇਕ ਥਾਂ ਇਕੱਠਾ ਕਰੇਗਾ, ਜਿਹੜੇ ਹੁਣ ਅੰਧਰਾਸ਼ਟਰਵਾਦ ਹੱਥੋਂ ਧੋਖਾ ਖਾ ਚੁਕੇ ਹਨ, ਪਰ ਜਿਨ੍ਹਾਂ ਨੂੰ ਜੰਗ ਦੀਆਂ ਭਿਅੰਕਰਤਾਵਾਂ ਸਿਰਫ਼ ਡਰਾਉਣ–ਧਮਕਾਉਣ ਅਤੇ ਢਹਿੰਦੀ ਕਲਾ ਵਿਚ ਹੀ ਨਹੀਂ ਲਿਜਾਣਗੀਆਂ, ਸਗੋਂ ਚਾਨਣ ਦੇਣਗੀਆਂ, ਸਿਖਾਉਣਗੀਆਂ, ਜਗਾਉਣਗੀਆਂ, ਜਥੇਬੰਦ ਕਰਨਗੀਆਂ, ਪਾਣ ਚਾੜ੍ਹਨਗੀਆਂ ਅਤੇ ਖ਼ੁਦ "ਆਪਣੇ" ਦੇਸ ਦੀ ਅਤੇ "ਦੂਜੇ" ਦੇਸਾਂ ਦੀ ਬੁਰਜੂਆਜ਼ੀ ਦੇ ਖ਼ਿਲਾਫ਼ ਜੰਗ ਲਈ ਤਿਆਰ ਕਰਨਗੀਆਂ। ਅਤੇ ਇਹ ਵਾਪਰੇਗਾ, ਜੇ ਅੱਜ ਨਹੀਂ, ਤਾਂ ਭਲਕ ਨੂੰ, ਜੇ ਜੰਗ ਦੇ ਦੌਰਾਨ ਨਹੀਂ ਤਾਂ ਇਸਤੋਂ ਪਿਛੋਂ, ਜੇ ਇਸ ਜੰਗ ਵਿਚ ਨਹੀਂ ਤਾਂ ਅਗਲੀ ਜੰਗ ਵਿਚ।

ਦੂਜੀ ਇੰਟਰਨੈਸ਼ਨਲ, ਮੌਕਾਪ੍ਰਸਤੀ ਦੀ ਵਲਗਣ ਵਿਚ ਆਕੇ, ਮਰ ਚੁਕੀ ਹੈ। ਮੌਕਾਪ੍ਰਸਤੀ ਮੁਰਦਾਬਾਦ, ਅਤੇ ਨਾ ਸਿਰਫ਼ "ਤ਼ੁਫ਼ੇਰਗੜ੍ਹੀਆਂ" ਤੋਂ (ਜਿਵੇਂ ਕਿ "ਗੋਲੋਸ" ਚਾਹੁੰਦਾ ਹੈ) ਸਗੋਂ ਮੌਕਾਪ੍ਰਸਤੀ ਤੋਂ ਵੀ ਮੁਕਤ ਹੋਈ ਤੀਜੀ ਇੰਟਰਨੈਸ਼ਨਲ ਜ਼ਿੰਦਾਬਾਦ।

ਉਨ੍ਹੀਵੀਂ ਸਦੀ ਦੇ ਆਖ਼ਰੀ ਤੀਜੇ ਹਿੱਸੇ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਤਿ ਵਹਿਸ਼ੀ ਸਰਮਾਇਦਾਰਾਨਾ ਗ਼ੁਲਾਮੀ ਅਤੇ ਅਤਿ ਤੇਜ਼ ਸਰਮਾਇਦਾਰਾਨਾ ਉੱਨਤੀ ਦੇ ਲੰਮੇ, "ਸ਼ਾਂਤਮਈ" ਦੌਰ ਵਿਚ ਪ੍ਰੋਲਤਾਰੀ ਜਨਤਾ ਨੂੰ ਆਰੰਭਕ ਤੌਰ ਉਤੇ ਜਥੇਬੰਦ ਕਰਨ ਵਿਚ ਦੂਜੀ ਇੰਟਰਨੈਸ਼ਨਲ ਨੇ ਲਾਭਦਾਇਕ ਤਿਆਰੀ ਦੇ ਕੰਮ ਦਾ

ਆਪਣਾ ਹਿੱਸਾ ਪਾਇਆ ਹੈ। ਸਰਮਾਇਦਾਰ ਸਰਕਾਰਾਂ ਦੇ ਖ਼ਿਲਾਫ਼ ਇਨਕਲਾਬੀ ਹੱਲੇ ਲਈ, ਰਾਜਸੀ ਸੱਤਾ ਉਤੇ ਕਬਜ਼ਾ ਕਰਨ ਲਈ ਸਾਰੇ ਦੇਸਾਂ ਦੀ ਬੁਰਜੂਆਜ਼ੀ ਦੇ ਖ਼ਿਲਾਫ਼ ਘਰੇਲੂ ਜੰਗ ਲਈ, ਸੋਸ਼ਲਿਜ਼ਮ ਦੀ ਜਿੱਤ ਲਈ ਪ੍ਰੋਲਤਾਰੀ ਸ਼ਕਤੀਆਂ ਨੂੰ ਜਥੇਬੰਦ ਕਰਨ ਦਾ ਕੰਮ ਤੀਜੀ ਇੰਟਰਨੈਸ਼ਨਲ ਦੇ ਜ਼ਿਮੇ ਆਉਂਦਾ ਹੈ।

੧ ਨਵੰਬਰ,
੧੯੧੪ ਨੂੰ
''ਸੋਤਸੀਆਲ-ਦੈਮੋਕਰਾਤ''
ਨੰ: ੩੩ ਵਿਚ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ
ਸੈਂਚੀ ੨੬,
ਪੰਨੇ ੩੬-੪੨।

# ਮੁਰਦਾ ਅੰਧਰਾਸ਼ਟਰਵਾਦ ਅਤੇ ਜਿਊਂਦਾ ਸੋਸ਼ਲਿਜ਼ਮ

# ਵਿਚੋਂ

## (ਇੰਟਰਨੈਸ਼ਨਲ ਨੂੰ ਕਿਵੇਂ ਬਹਾਲ ਕੀਤਾ ਜਾ ਸਕਦਾ ਹੈ?)

ਯੂਰਪੀ ਜੰਗ ਅਥਾਹ ਇਤਿਹਾਸਕ ਸੰਕਟ ਹੈ, ਨਵੇਂ ਯੁਗ ਦਾ ਆਰੰਭ ਹੈ। ਕਿਸੇ ਵੀ ਸੰਕਟ ਵਾਂਗ, ਜੰਗ ਨੇ ਡੂੰਘੇ-ਜਾਂਦੇ ਵਿਰੋਧਾਂ ਨੂੰ ਗੰਭੀਰ ਬਣਾ ਦਿਤਾ ਹੈ ਅਤੇ ਦੰਭ ਦੇ ਸਾਰੇ ਪਰਦੇ ਪਾੜਦਿਆਂ, ਸਾਰੀਆਂ ਰਹੁ-ਰੀਤਾਂ ਨੂੰ ਰੱਦ ਕਰਦਿਆਂ ਅਤੇ ਸਾਰੇ ਭ੍ਰਸ਼ਟ ਜਾਂ ਗਲ-ਸੜ ਰਹੇ ਪ੍ਰਮਾਣਾਂ ਦੀ ਫੂਕ ਕਢ ਕੇ ਉਹਨਾਂ ਨੂੰ ਤਲ ਉਤੇ ਲੈ ਆਂਦਾ ਹੈ। (ਉਞ, ਸਾਰੇ ਸੰਕਟਾਂ ਦਾ ਇਹ ਕਲਿਆਣਕਾਰੀ ਅਤੇ ਅਗੇ-ਵਧੂ ਅਸਰ ਹੁੰਦਾ ਹੈ, ਜਿਸਨੂੰ ਸਿਰਫ਼ "ਸ਼ਾਂਤਮਈ ਕਰਮ-ਵਿਕਾਸ" ਦੇ ਮੋਟੀ ਬੁਧ ਵਾਲੇ ਅਨੁਆਈ ਹੀ ਸਮਝਣ ਤੋਂ ਅਸਮਰਥ ਰਹਿੰਦੇ ਹਨ।) ਦੂਜੀ ਇੰਟਰਨੈਸ਼ਨਲ, ਜਿਹੜੀ ਆਪਣੀ ਹੋਂਦ ਦੇ ਪੰਝੀ ਜਾਂ ਪੰਜਤਾਲੀ ਸਾਲਾਂ ਵਿਚ (ਇਸ ਗੱਲ ਉਤੇ ਨਿਰਭਰ ਕਰਦਿਆਂ ਕਿ ਇਸਨੂੰ ੧੮੭੦ ਤੋਂ ਗਿਣਿਆ ਜਾਂਦਾ ਹੈ ਜਾਂ ੧੮੮੯ ਤੋਂ) ਸੋਸ਼ਲਿਜ਼ਮ ਦੇ ਪ੍ਰਭਾਵ ਨੂੰ ਫੈਲਾਉਣ ਦਾ ਅਤੇ ਸੋਸ਼ਲਿਸਟ ਸ਼ਕਤੀਆਂ ਨੂੰ ਤਿਆਰੀ ਲਈ, ਮੁਢਲੀ ਅਤੇ ਆਰੰਭਕ ਜਥੇਬੰਦੀ ਦੇਣ ਦਾ ਮਹੱਤਵਪੂਰਨ ਅਤੇ ਲਾਭਦਾਇਕ ਕੰਮ ਕਰਨ ਦੇ ਸਮਰਥ ਹੋ ਸਕੀ, ਆਪਣੇ ਇਤਿਹਾਸਕ ਰੋਲ ਅਦਾ ਕਰ ਚੁਕੀ ਹੈ ਅਤੇ, ਇੰਨੀਂ ਫੋਨ ਕਲੁਕਾਂ ਦੇ ਨਹੀਂ ਜਿੰਨਾਂ ਮੌਕਾਪ੍ਰਸਤੀ ਦੀ ਜ਼ਦ ਵਿਚ ਆਕੇ ਮਰ ਹੋ ਗਈ ਹੈ। ਜੋ ਬੀਤ ਗਈ ਸੋ ਬੀਤ ਗਈ। ਖੋਖਲੇ ਸਿਰਾਂ ਵਾਲੇ ਹਰ ਕੰਮ ਵਿਚ ਟੰਗਾਂ ਅੜਾਉਣ ਵਾਲਿਆਂ ਨੂੰ (ਜੇ ਅੰਧਰਾਸ਼ਟਰਵਾਦੀਆਂ ਅਤੇ ਮੌਕਾਪ੍ਰਸਤਾਂ ਦੇ ਸਾਜ਼ਸ਼ੀ ਚਾਟੜਿਆਂ ਨੂੰ ਨਹੀਂ ਤਾਂ) ਵਾਂਡਰਵੇਲਡੇ ਅਤੇ ਸਮਬਾ ਨੂੰ ਕਾਊਟਸਕੀ ਅਤੇ ਹਾਜ਼ੇ ਦੇ ਨੇੜੇ ਨੇੜੇ ਲਿਆਉਣ ਦੇ "ਕੰਮ" ਉਤੇ ਜ਼ੋਰ ਲਾ ਲੈਣ ਦਿਓ, ਜਿਵੇਂ ਕਿ ਸਾਡੇ ਸਾਮ੍ਹਣੇ ਇਕ ਹੋਰ ਈਵਾਨ ਈਵਾਨੋਵਿਚ ਆ ਜਾਵੇ, ਜਿਹੜਾ ਈਵਾਨ ਨਿਕੀਫੋਰੋਵਿਚ ਨੂੰ "ਬੇਵਕੂਫ਼" ਕਹਿ ਬੈਠਾ ਹੈ ਅਤੇ ਜਿਸ ਉਤੇ ਆਪਣੇ ਦੁਸ਼ਮਣ ਨਾਲ ਸੁਲਹ-ਸਫ਼ਾਈ ਕਰ ਲੈਣ ਲਈ ਆਪਣੇ ਦੋਸਤਾਂ ਵਲੋਂ "ਜ਼ੋਰ" ਪਾਇਆ ਜਾਣਾ ਜ਼ਰੂਰੀ ਹੈ।[47] ਇੰਟਰਨੈਸ਼ਨਲ ਦਾ ਮਤਲਬ ਇਹ ਨਹੀਂ ਕਿ ਇਕੋ ਮੇਜ਼ ਉਤੇ ਬੈਠਾ ਜਾਏ ਅਤੇ ਦੰਭੀ ਅਤੇ ਛਲ ਖੇਡਦੇ ਮਤੇ ਪਾਸ ਕੀਤੇ ਜਾਣ ਜਿਹੜੇ ਅਜਿਹੇ ਲੋਕਾਂ ਵਲੋਂ

ਲਿਖੇ ਗਏ ਹੋਣ ਜਿਹੜੇ ਸੋਚਦੇ ਹਨ ਕਿ ਸੱਚਾ ਕੌਮਾਂਤਰੀਵਾਦ ''ਪਿਤਰੀ-ਭੂਮੀ ਦੀ ਰਾਖੀ'' ਦੇ ਨਾਂ ਉਤੇ ਜਰਮਨ ਸੋਸ਼ਲਿਸਟਾਂ ਵਲੋਂ ਫ਼ਰਾਂਸੀਸੀ ਮਜ਼ਦੂਰਾਂ ਨੂੰ ਗੋਲੀ ਮਾਰਨ ਦੇ ਜਰਮਨ ਬੁਰਜੂਆਜ਼ੀ ਦੇ ਨਾਅਰੇ ਨੂੰ ਠੀਕ ਸਿਧ ਕਰਨ, ਅਤੇ ਜਰਮਨ ਮਜ਼ਦੂਰਾਂ ਨੂੰ ਗੋਲੀ ਮਾਰਨ ਦੇ ਫ਼ਰਾਂਸੀਸੀ ਬੁਰਜੂਆਜ਼ੀ ਦੇ ਨਾਅਰੇ ਨੂੰ ਫ਼ਰਾਂਸੀਸੀ ਸੋਸ਼ਲਿਸਟਾਂ ਵਲੋਂ ਠੀਕ ਸਿਧ ਕਰਨ ਵਿਚ ਹੈ!!! ਇੰਟਰਨੈਸ਼ਨਲ ਅਜਿਹੇ ਲੋਕਾਂ ਦੇ (ਪਹਿਲਾਂ ਵਿਚਾਰਧਾਰਕ ਤੌਰ ਉਤੇ, ਫਿਰ ਸਮਾਂ ਪਾ ਕੇ ਜਥੇਬੰਦਕ ਤੌਰ ਉਤੇ ਵੀ) ਮਿਲ ਬੈਠਣ ਵਿਚ ਹੈ ਜਿਹੜੇ, ਇਹਨਾਂ ਗੰਭੀਰ ਦਿਨਾਂ ਵਿਚ, ਕਰਨੀ ਨਾਲ ਸੋਸ਼ਲਿਸਟ ਕੌਮਾਂਤਰੀਵਾਦ ਦਾ ਸਮਰਥਨ ਕਰਨ ਦੇ, ਅਰਥਾਤ, ਆਪਣੀਆਂ ਸ਼ਕਤੀਆਂ ਇਕੱਠੀਆਂ ਕਰਨ ਦੇ ਅਤੇ **ਖ਼ੁਦ ਆਪਣੀਆਂ ਆਪਣੀਆਂ** ''ਪਿਤਰੀ-ਭੂਮੀਆਂ'' ਦੀਆਂ ਸਰਕਾਰਾਂ ਅਤੇ ਹਾਕਮ ਜਮਾਤਾਂ ਉਤੇ ''ਫਿਰ ਗੋਲੀ ਦਾਗਣ ਵਾਲੇ ਆਦਮੀ ਬਨਣ'' ਦੇ ਸਮਰਥ ਹਨ। ਇਹ ਕੋਈ ਸੌਖਾ ਕੰਮ ਨਹੀਂ; ਇਹ ਬਹੁਤ ਤਿਆਰੀ ਦੀ ਅਤੇ ਮਹਾਨ ਕੁਰਬਾਨੀਆਂ ਦੀ ਮੰਗ ਕਰਦਾ ਹੈ, ਅਤੇ ਇਸ ਵਿਚ ਹਾਰਾਂ ਵੀ ਆਉਣਗੀਆਂ। ਪਰ ਇਸੇ ਕਰਕੇ ਹੀ, ਕਿ ਇਹ, ਕੋਈ ਸੌਖਾ ਕੰਮ ਨਹੀਂ, ਇਹ ਸਿਰਫ਼ ਉਹਨਾਂ ਨਾਲ ਮਿਲ ਕੇ ਹੀ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਇਸਨੂੰ ਕਰਨ ਦੀ **ਇਛਾ ਰਖਦੇ** ਹਨ ਅਤੇ ਅੰਧਰਾਸ਼ਟਰਵਾਦੀਆਂ ਨਾਲੋਂ ਅਤੇ ਸਮਾਜੀ-ਅੰਧਰਾਸ਼ਟਰਵਾਦ ਦੇ ਰਖਿਅਕਾਂ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰਨੋਂ ਡਰਦੇ ਨਹੀਂ।

੧੨ ਦਸੰਬਰ,
੧੯੧੪ ਨੂੰ
''ਸੋਤਸੀਆਲ-ਦੈਮੋਕਰਾਤ''
ਨੰ: ੩੫ ਵਿਚ ਪ੍ਰਕਾਸ਼ਤ
ਹੋਇਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬
ਪੰਨੇ ੧੦੨-੧੦੩।

# 'ਨਾਸ਼ੇ ਸਲੋਵੋ'[48] ਦੇ ਸੰਪਾਦਕਾਂ ਨੂੰ ਚਿੱਠੀ

## ਵਿਚੋਂ

ਬਰਨ, ੯. ੨. ੧੯੧੫

ਪਿਆਰੇ ਸਾਥੀਓ!

ਆਪਣੀ ੬ ਫ਼ਰਵਰੀ ਦੀ ਚਿੱਠੀ ਵਿਚ ਤੁਸੀਂ, ਤੀਹਰੇ ਗਠਜੋੜ ਦੇ "ਇਤਿਹਾਦੀ ਦੇਸਾਂ" ਦੇ ਸੋਸ਼ਲਿਸਟਾਂ ਦੀ ਪ੍ਰਸਤਾਵਿਤ ਲੰਦਨ ਕਾਨਫ਼ਰੰਸ[49] ਦੇ ਸੰਬੰਧ ਵਿਚ, "ਸਰਕਾਰੀ ਸਮਾਜੀ-ਦੇਸਭਗਤੀ" ਦੇ ਖ਼ਿਲਾਫ਼ ਘੋਲ ਦੀ ਯੋਜਨਾ ਸਾਡੇ ਸਾਮ੍ਹਣੇ ਰਖੀ ਹੈ। ਜਿਵੇਂ ਕਿ, ਬੇਸ਼ਕ, ਤੁਸੀਂ ਸਾਡੇ ਅਖ਼ਬਾਰ "ਸੋਤਸੀਆਲ-ਦੈਮੋਕਰਾਤ"[50] ਤੋਂ ਦੇਖਿਆ ਹੈ, ਅਸੀਂ ਇਸ ਘੋਲ ਦੀ ਆਮ ਕਰਕੇ ਹਮਾਇਤ ਕਰਦੇ ਹਾਂ ਅਤੇ ਇਸਨੂੰ ਚਲਾ ਰਹੇ ਹਾਂ। ਇਹੋ ਕਾਰਨ ਹੈ ਕਿ ਅਸੀਂ ਤੁਹਾਡੀ ਚਿੱਠੀ ਮਿਲਣ ਉਤੇ ਬਹੁਤ ਖ਼ੁਸ਼ ਹਾਂ, ਅਤੇ ਸਾਂਝੀ ਕਾਰਵਾਈ ਦੀ ਯੋਜਨਾ ਉਤੇ ਵਿਚਾਰ ਕਰਨ ਲਈ ਤੁਹਾਡੀ ਤਜਵੀਜ਼ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰਦੇ ਹਾਂ।

ਇਹ ਕਾਨਫ਼ਰੰਸ, ਜਿਹੜੀ ਕਿ ੧੫ ਫ਼ਰਵਰੀ ਲਈ ਵਿਉਂਤੀ ਦਸੀ ਜਾਂਦੀ ਹੈ (ਸਾਨੂੰ ਅਜੇ ਇਸ ਸੰਬੰਧੀ ਇਕ ਵੀ ਦਸਤਾਵੇਜ਼ ਨਹੀਂ ਮਿਲੀ) ਸ਼ਾਇਦ ੨੫ ਫ਼ਰਵਰੀ ਤੱਕ ਜਾਂ ਹੋਰ ਵੀ ਅੱਗੇ ਪਾ ਦਿਤੀ ਜਾਵੇਗੀ (ਜੇ ਹੂਈਸਮਾਨਸ ਦੀ ਚਿੱਠੀ ਤੋਂ ਅੰਦਾਜ਼ਾ ਲਾਇਆ ਜਾਏ, ਜਿਸਨੇ ੨੦ ਫ਼ਰਵਰੀ ਨੂੰ ਕਾਰਜ-ਕਾਰੀ ਕਮਿਸ਼ਨ ਦੀ ਬੈਠਕ ਬਾਰੇ ਅਤੇ ਕਾਰਜ-ਕਾਰੀ ਕਮਿਸ਼ਨ ਦੇ ਮੈਂਬਰਾਂ (ਸਕੱਤਰ) ਅਤੇ ਫ਼ਰਾਂਸ, ਬਰਤਾਨੀਆ ਅਤੇ ਰੂਸ ਦੇ ਸੋਸ਼ਲਿਸਟਾਂ ਵਿਚਕਾਰ ਨਿੱਜੀ ਗੱਲਬਾਤ ਦੀ ਯੋਜਨਾ ਬਾਰੇ ਲਿਖਿਆ ਹੈ)। ਕਾਨਫ਼ਰੰਸ ਨੂੰ ਕੌਮਾਂਤਰੀ ਸੋਸ਼ਲਿਸਟ ਬਿਊਰੋ[51] ਦੇ ਅਧਿਕਾਰਿਤ ਮੈਂਬਰਾਂ ਦੀ ਕਾਨਫ਼ਰੰਸ ਨਹੀਂ, ਸਗੋਂ ਵਿਅਕਤੀਗਤ "ਉਘੇ" ਸੋਸ਼ਲਿਸਟਾਂ ਦੀਆਂ **ਨਿੱਜੀ** ਮਿਲਣੀਆਂ ਵਜੋਂ ਸਮਝਿਆ ਜਾ ਸਕਦਾ ਹੈ।

ਇਸੇ ਲਈ ਹੀ "ਸਰਕਾਰੀ ਸਮਾਜੀ-ਦੇਸਭਗਤੀ" ਦੇ ਮੁਕਾਬਲੇ ਉਤੇ "ਸਪਸ਼ਟ, ਇਨਕਲਾਬੀ ਤੇ ਕੌਮਾਂਤਰੀਵਾਦੀ" ਦ੍ਰਿਸ਼ਟੀਕੋਣ ਰਖਣ ਦੀ, ਜਿਸ ਬਾਰੇ ਤੁਸੀਂ ਲਿਖਦੇ ਹੋ ਅਤੇ ਜਿਸਨੂੰ ਸਾਡੀ ਪੂਰੀ ਹਮਦਰਦੀ ਪ੍ਰਾਪਤ ਹੈ, **ਸਾਰੀਆਂ ਸੰਭਵ ਅਚਣਚੇਤੀ ਹਾਲਤਾਂ ਲਈ** ਤਿਆਰੀ ਕੀਤੀ ਜਾਣੀ ਚਾਹੀਦੀ ਹੈ (ਪਾਰਟੀਆਂ ਦੇ ਅਧਿਕਾਰਿਤ

ਪ੍ਰਤਿਨਿਧਾਂ ਦੀ ਕਾਨਫ਼ਰੰਸ ਲਈ ਵੀ ਅਤੇ ਆਪਣੇ ਸਾਰੇ ਰੂਪਾਂ ਵਿਚ ਕਿਸੇ ਨਿੱਜੀ ਮੀਟਿੰਗ ਲਈ ਵੀ, ੧੫ ਫ਼ਰਵਰੀ ਲਈ ਵੀ ਅਤੇ ਕਿਸੇ ਅਗਲੇਰੀ ਤਰੀਕ ਲਈ ਵੀ)।

ਆਪਣੇ ਪਾਸਿਉਂ ਅਤੇ ਤੁਹਾਡੇ ਵਲੋਂ ਪ੍ਰਗਟ ਕੀਤੀ ਗਈ ਇੱਛਾ ਨੂੰ ਸਾਮ੍ਹਣੇ ਰਖਦਿਆਂ, ਅਸੀਂ ਐਲਾਨ ਦੇ ਹੇਠ ਲਿਖੇ ਖਰੜੇ ਦੀ ਤਜਵੀਜ਼ ਰਖਦੇ ਹਾਂ, ਜਿਸ ਵਿਚ ਇਹੋ ਜਿਹੀ ਮੁਕਾਬਲੇ ਦੀ ਪੁਜ਼ੀਸ਼ਨ ਸ਼ਾਮਲ ਹੈ (ਤਾਂ ਜੁ ਐਲਾਨ-ਨਾਮਾ ਪੜ੍ਹਿਆ ਅਤੇ ਛਾਪਿਆ ਜਾ ਸਕੇ):

"ਰੂਸ (ਬਰਤਾਨੀਆ, ਆਦਿ) ਦੀਆਂ ਸੋਸ਼ਲ-ਡੈਮੋਕਰੈਟਿਕ ਜਥੇਬੰਦੀਆਂ ਦੇ ਪ੍ਰਤਿਨਿਧ, ਜਿਨ੍ਹਾਂ ਦੇ ਹੇਠਾਂ ਦਸਖ਼ਤ ਹਨ, ਇਸ ਵਿਸ਼ਵਾਸ ਤੋਂ ਚਲਦੇ ਹਨ:

"ਕਿ ਚਾਲੂ ਜੰਗ, ਨਾ ਸਿਰਫ਼ ਜਰਮਨੀ ਅਤੇ ਆਸਟਰੀਆ-ਹੰਗਰੀ ਦੇ ਪਾਸਿਉਂ ਹੀ, ਸਗੋਂ ਬਰਤਾਨੀਆ ਅਤੇ ਫ਼ਰਾਂਸ ਦੇ ਪਾਸਿਉਂ ਵੀ (ਜਿਹੜੇ ਜ਼ਾਰਸ਼ਾਹੀ ਨਾਲ ਗਠਜੋੜ ਬਣਾ ਕੇ ਚਲ ਰਹੇ ਹਨ), ਸਾਮਰਾਜੀ ਜੰਗ ਹੈ, ਅਰਥਾਤ, ਸਰਮਾਇਦਾਰੀ ਦੇ ਵਿਕਾਸ ਦੇ ਅੰਤਮ ਪੜਾਅ ਦੀ ਜੰਗ ਹੈ, ਉਸ ਪੜਾਅ ਦੀ ਜਿਸ ਵਿਚ ਬੁਰਜੂਆ ਰਾਜ, ਆਪਣੀਆਂ ਕੌਮੀ ਸਰਹੱਦਾਂ ਨਾਲ, ਆਪਣੇ ਸਮੇਂ ਨਾਲੋਂ ਬਹੁਤਾ ਜਾ ਚੁੱਕੇ ਹਨ; ਅਜਿਹੀ ਜੰਗ, ਜਿਸਦਾ ਇਕੋ ਇਕ ਨਿਸ਼ਾਨਾ ਬਸਤੀਆਂ ਕਾਬੂ ਕਰਨਾ, ਵਿਰੋਧੀ ਦੇਸਾਂ ਨੂੰ ਲੁੱਟਣਾ, ਅਤੇ ਇਕ ਦੇਸ ਦੇ ਪ੍ਰੋਲਤਾਰੀ ਨੂੰ ਦੂਜੇ ਦੇਸ ਦੇ ਪ੍ਰੋਲਤਾਰੀ ਦੇ ਖ਼ਿਲਾਫ਼ ਖੜਾ ਕਰਕੇ ਪ੍ਰੋਲਤਾਰੀ ਲ਼ਹਿਰ ਨੂੰ ਕਮਜ਼ੋਰ ਕਰਨਾ ਹੈ।

"ਇਸਦੇ ਸਿੱਟੇ ਵਜੋਂ, ਜੰਗ ਵਿਚ ਸ਼ਾਮਲ ਸਾਰੇ ਦੇਸਾਂ ਦੇ ਸੋਸ਼ਲਿਸਟਾਂ ਦਾ ਇਹ ਨਿਰੋਲ ਫਰਜ਼ ਬਣਦਾ ਹੈ ਕਿ ਉਹ ਬਾਸਲ ਮਤੇ[52] ਉਤੇ ਤੁਰਤ ਅਤੇ ਦ੍ਰਿੜ੍ਹਤਾ ਨਾਲ ਅਮਲ ਕਰਨ, ਅਰਥਾਤ:

"(੧) ਸਾਰੇ ਕੌਮੀ ਬਲਾਕਾਂ ਅਤੇ ਸਾਰੇ ਦੇਸਾਂ ਵਿਚਲੇ Burgfrieden* ਨੂੰ ਤੋੜਨਾ;

"(੨) ਜੰਗ ਵਿਚ ਸ਼ਾਮਲ ਸਾਰੇ ਦੇਸਾਂ ਦੇ ਮਜ਼ਦੂਰਾਂ ਨੂੰ ਬੁਲਾਵਾ ਦੇਣਾ ਕਿ ਉਹ ਆਪਣੇ ਆਪਣੇ ਦੇਸ ਦੀ ਬੁਰਜੂਆਜ਼ੀ ਦੇ ਖ਼ਿਲਾਫ਼ ਆਰਥਕ ਅਤੇ ਰਾਜਨੀਤਕ, ਦੁਹਾਂ ਤਰ੍ਹਾਂ ਦਾ ਜ਼ੋਰਦਾਰ ਜਮਾਤੀ ਘੋਲ ਚਲਾਉਣ; ਉਸ ਬੁਰਜੂਆਜ਼ੀ ਦੇ ਖ਼ਿਲਾਫ਼ ਜਿਹੜੀ ਜੰਗੀ ਸਾਮਾਨ ਵੇਚਣ ਤੋਂ ਬੇਮਿਸਾਲ ਮੁਨਾਫ਼ੇ ਜਮ੍ਹਾਂ ਕਰ ਰਹੀ ਹੈ ਅਤੇ ਫ਼ੌਜੀ ਅਧਿਕਾਰੀਆਂ ਦੇ ਸਮਰਥਨ ਦੀ ਵਰਤੋਂ ਕਰਦੀ ਹੈ ਤਾਂ ਜੁ ਮਜ਼ਦੂਰਾਂ ਦੀ ਆਵਾਜ਼ ਦਬਾ ਸਕੇ ਅਤੇ ਉਹਨਾਂ ਉਤੇ ਜਬਰ ਨੂੰ ਤੇਜ਼ ਕਰ ਸਕੇ;

---

* ਜਮਾਤੀ ਯੁਧਬੰਦੀ। — **ਸੰਪਾ:**

"(੩) ਜੰਗੀ ਕਰਜ਼ਿਆਂ ਦੇ ਹੱਕ ਵਿਚ ਕਿਸੇ ਵੀ ਵੋਟ ਦੇਣ ਦੀ ਨਿਰਣਾਇਕ ਨਿਖੇਧੀ ਕਰਨਾ;

"(੪) ਬੈਲਜੀਅਮ ਅਤੇ ਫ਼ਰਾਂਸ ਦੀਆਂ ਬੁਰਜੂਆ ਸਰਕਾਰਾਂ ਵਿਚੋਂ ਨਿਕਲਣਾ, ਅਤੇ ਇਹ ਮੰਨਣਾ ਕਿ ਸਰਕਾਰਾਂ ਵਿਚ ਸ਼ਾਮਲ ਹੋਣਾ ਅਤੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਦੇਣਾ ਸੋਸ਼ਲਿਜ਼ਮ ਦੇ ਉਦੇਸ਼ ਨਾਲ ਉਸੇ ਤਰ੍ਹਾਂ ਦੀ ਗ਼ੱਦਾਰੀ ਹੈ ਜਿਸ ਤਰ੍ਹਾਂ ਕਿ ਜਰਮਨ ਅਤੇ ਆਸਟਰੀਅਨ ਸੋਸ਼ਲ-ਡੈਮੋਕਰੈਟਾਂ ਦਾ ਸਾਰਾ ਵਤੀਰਾ;

"(੫) ਕਿ ਜਰਮਨ ਸੋਸ਼ਲ-ਡੈਮੋਕਰੇਸੀ ਵਿਚਲੇ ਕੌਮਾਂਤਰੀਵਾਦੀ ਅਨਸਰਾਂ ਵੱਲ ਹੱਥ ਵਧਾਇਆ ਜਾਏ, ਜਿਹੜੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਉਣ ਤੋਂ ਇਨਕਾਰ ਕਰਦੇ ਹਨ, ਅਤੇ ਉਹਨਾਂ ਨਾਲ ਮਿਲ ਕੇ ਜੰਗ ਦੇ ਅੰਤ ਲਈ ਅੰਦੋਲਨ ਚਲਾਉਣ ਲਈ ਇਕ ਕੌਮਾਂਤਰੀ ਕਮੇਟੀ ਬਣਾਈ ਜਾਏ — ਸ਼ਾਂਤੀਵਾਦੀਆਂ,[53] ਈਸਾਈਆਂ, ਅਤੇ ਨਿਕ-ਬੁਰਜੂਆ ਜਨਵਾਦੀਆਂ ਦੀ ਭਾਵਨਾ ਅਨੁਸਾਰ ਨਹੀਂ, ਸਗੋਂ ਹਰ ਦੇਸ ਦੇ ਪ੍ਰੋਲਤਾਰੀ ਵਲੋਂ ਉਸ ਦੇਸ ਦੀ ਸਰਕਾਰ ਅਤੇ ਬੁਰਜੂਆਜ਼ੀ ਦੇ ਖ਼ਿਲਾਫ਼ ਵਿਸ਼ਾਲ ਇਨਕਲਾਬੀ ਕਾਰਵਾਈ ਦੇ ਪਰਚਾਰ ਅਤੇ ਸੰਗਠਨ ਨਾਲ ਅਨਿਖੜਵੇਂ ਢੰਗ ਨਾਲ ਮੇਲ ਕੇ;

"(੬) ਬਰਤਾਨੀਆ, ਜਰਮਨੀ ਆਦਿ ਦੇ ਫ਼ੌਜੀ ਅਧਿਕਾਰੀਆਂ ਵਲੋਂ ਠੋਸੀਆਂ ਗਈਆਂ ਪਾਬੰਦੀਆਂ ਦੇ ਬਾਵਜੂਦ, ਲੜਾਈ ਵਿਚ ਸ਼ਾਮਲ ਦੇਸਾਂ ਦੇ ਸੋਸ਼ਲਿਸਟਾਂ ਵਲੋਂ ਲੜ ਰਹੀਆਂ ਫ਼ੌਜਾਂ ਅਤੇ ਮੋਰਚਿਆਂ ਵਿਚਕਾਰ ਸੰਪਰਕ ਅਤੇ ਭਰੱਪਣ ਪੈਦਾ ਕਰਨ ਦੇ ਕਿਸੇ ਵੀ ਯਤਨ ਦੀ ਹਮਾਇਤ ਕਰਨਾ;

"(੭) ਜੰਗ ਵਿਚ ਸ਼ਾਮਲ ਦੇਸਾਂ ਦੀਆਂ ਸੋਸ਼ਲਿਸਟ ਇਸਤ੍ਰੀਆਂ ਨੂੰ ਉਪ੍ਰੋਕਤ ਸੇਧ ਵਿਚ ਅੰਦੋਲਨ ਤਿਖਾ ਕਰਨ ਲਈ ਅਪੀਲ ਕਰਨਾ;

"(੮) ਕੁੱਲ ਦੁਨੀਆਂ ਦੇ ਪ੍ਰੋਲਤਾਰੀ ਨੂੰ ਜ਼ਾਰਸ਼ਾਹੀ ਦੇ ਖ਼ਿਲਾਫ਼ ਘੋਲ ਦੀ ਹਮਾਇਤ ਕਰਨ ਲਈ, ਅਤੇ ਰੂਸ ਦੇ ਉਹਨਾਂ ਸੋਸ਼ਲ-ਡੈਮੋਕਰੈਟ ਡਿਪਟੀਆਂ ਦੀ ਹਮਾਇਤ ਲਈ ਅਪੀਲ ਕਰਨਾ, ਜਿਨ੍ਹਾਂ ਨੇ ਨਾ ਸਿਰਫ਼ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਉਣ ਤੋਂ ਇਨਕਾਰ ਕਰ ਦਿਤਾ ਹੈ ਸਗੋਂ ਅਤਿਆਚਾਰ ਦੇ ਖ਼ਤਰੇ ਵੱਲ ਲਾਪ੍ਰਵਾਹੀ ਦਿਖਾਈ ਹੈ ਅਤੇ ਕੌਮਾਂਤਰੀਵਾਦੀ ਅਤੇ ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੀ ਭਾਵਨਾ ਵਿਚ ਸੋਸ਼ਲਿਸਟ ਕੰਮ ਚਲਾ ਰਹੇ ਹਨ।"

ਸੰਗ੍ਰਹਿਤ ਕਿਰਤਾਂ,
ਸੈਂਚੀ ੪੯,
ਪੰਨੇ ੬੦-੬੨।

# ਝੂਠੇ ਝੰਡੇ ਹੇਠ

## ਵਿਚੋਂ

ਟਰਾਟਸਕੀ ਦੀਆਂ ਕਈ ਦਾਅ-ਪੇਚਾਂ ਦੀਆਂ ਅਤੇ ਜਥੇਬੰਦਕ ਗ਼ਲਤੀਆਂ (ਜੇ ਪੋਤਰੇਸੋਵ ਦੀਆਂ ਗ਼ਲਤੀਆਂ ਬਾਰੇ ਕੁਝ ਵੀ ਨਾ ਕਿਹਾ ਜਾਵੇ ਤਾਂ) ਮੌਕਾਪ੍ਰਸਤ ਰੁਝਾਣ ਵਲੋਂ ਪ੍ਰਾਪਤ ਕੀਤੀ ਗਈ "ਪਕਿਆਈ" ਦੇ ਉਸਦੇ ਡਰ ਤੋਂ, ਜਾਂ ਇਸ ਤੱਥ ਨੂੰ ਮੰਨਣ ਦੀ ਉਸਦੀ ਝਿਜਕ ਤੋਂ ਜਾਂ ਅਸਮਰਥਾ ਤੋਂ, ਅਤੇ ਸਾਡੇ ਸਮੇਂ ਦੇ ਕੌਮੀ-ਉਦਾਰਵਾਦੀਆਂ (ਜਾਂ ਸਮਾਜੀ-ਕੌਮਪ੍ਰਸਤਾਂ) ਨਾਲ ਉਸਦੇ ਨਿਕਟਵਰਤੀ ਅਤੇ ਅਟੁੱਟ ਸੰਬੰਧਾਂ ਤੋਂ ਵੀ ਨਿਕਲਦੀਆਂ ਹਨ। ਅਮਲ ਵਿਚ, ਇਸ "ਪਕਿਆਈ" ਨੂੰ ਮੰਨਣ ਤੋਂ ਇਸ ਅਸਫ਼ਲਤਾ ਦਾ ਅਤੇ ਇਸ ਅਟੁੱਟ ਸੰਬੰਧ ਦਾ ਸਿੱਟਾ, ਘਟੋ ਘਟ, ਪ੍ਰਬਲ ਸਮਾਜੀ-ਕੌਮਪ੍ਰਸਤ (ਜਾਂ ਕੌਮੀ-ਉਦਾਰਵਾਦੀ) ਬੁਰਾਈ ਦੇ ਰੂਬਰੂ ਨਿਰੋਲ ਘਚੋਲੇ ਅਤੇ ਲਾਚਾਰੀ ਵਿਚ ਨਿਕਲਦਾ ਹੈ।

ਆਮ ਤੌਰ ਉਤੇ, ਮੌਕਾਪ੍ਰਸਤੀ ਤੇ ਸਮਾਜੀ-ਕੌਮਪ੍ਰਸਤੀ ਵਿਚਕਾਰ ਸੰਬੰਧ ਨੂੰ ਅ. ਪੋਤਰੇਸੋਵ, ਮਾਰਤੋਵ, ਅਕਸੇਲਰੋਦ, ਵ. ਕੋਸੋਵਸਕੀ (ਜਿਹੜਾ ਗੱਲਾਂ ਕਰ ਕਰਕੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਜਰਮਨ ਡੈਮੋਕਰੈਟਾਂ ਦੇ ਕੌਮੀ-ਉਦਾਰਵਾਦੀ ਵੋਟ ਪਾਉਣ ਦੀ ਵਕਾਲਤ ਕਰਨ ਤੱਕ ਚਲਾ ਗਿਆ ਹੈ) ਅਤੇ ਟਰਾਟਸਕੀ ਨਹੀਂ ਮੰਨਦੇ ਹਨ।

ਉਹਨਾਂ ਦੀ ਮੁਖ "ਦਲੀਲ" ਇਹ ਹੈ ਕਿ "ਮੌਕਾਪ੍ਰਸਤੀ ਦੀਆਂ ਲੀਹਾਂ ਉਤੇ" ਜਮਹੂਰੀਅਤ ਦੀ ਕੱਲ ਕੀਤੀ ਜਾਂਦੀ ਵੰਡ ਅਤੇ "ਸਮਾਜੀ-ਕੌਮਪ੍ਰਸਤੀ ਦੀਆਂ ਲੀਹਾਂ ਉਤੇ" ਅਜ ਕੀਤੀ ਜਾਂਦੀ ਵੰਡ ਵਿਚਕਾਰ ਕੋਈ ਪੂਰੀ ਸਮਰੂਪਤਾ ਨਹੀਂ। ਇਹ ਦਲੀਲ, ਪਹਿਲੀ ਥਾਂ ਉਤੇ, ਹਕੀਕਤ ਦੇ ਪੱਖੋਂ ਗ਼ਲਤ ਹੈ, ਜਿਵੇਂ ਕਿ ਅਸੀਂ ਹੁਣੇ ਹੀ ਦਿਖਾਵਾਂਗੇ; ਦੂਜੀ ਗੱਲ, ਇਹ ਬਿਲਕੁਲ ਇਕਪਾਸੜ, ਅਧੂਰੀ ਤੇ ਮਾਰਕਸਵਾਦੀ ਅਸੂਲਾਂ ਦੇ ਦ੍ਰਿਸ਼ਟੀਕੋਣ ਤੋਂ ਕੱਚੀ ਹੈ। ਵਿਅਕਤੀ ਅਤੇ ਗਰੁੱਪ ਇਕ ਤੋਂ ਦੂਜੇ ਪਾਸੇ ਜਾ ਸਕਦੇ ਹਨ; ਇਹ ਨਾ ਸਿਰਫ਼ ਸੰਭਵ ਹੀ ਹੈ, ਸਗੋਂ ਕਿਸੇ ਵੀ ਮਹਾਨ ਸਮਾਜੀ "ਉਥਲ-ਪੁਥਲ" ਵਿਚ ਅਟੱਲ ਹੈ; ਪਰ, ਇਹ ਗੱਲ ਕਿਸੇ ਨਿਸ਼ਚਿਤ **ਰੁਝਾਣ**

ਹੋ ਖ਼ਾਸੇ ਉਪਰ, ਜਾਂ ਨਿਸ਼ਚਿਤ ਰੁਝਾਣਾਂ ਦੇ ਵਿਚਾਰਧਾਰਕ ਸੰਬੰਧਾਂ, ਜਾਂ ਉਹਨਾਂ ਦੀ **ਜਮਾਤੀ** ਮਹੱਤਤਾ ਉਤੇ ਪ੍ਰਭਾਵ ਨਹੀਂ ਪਾਉਂਦੀ। ਇਹ ਸਾਰੇ ਵਿਚਾਰ, ਹੋ ਸਕਦਾ ਹੈ, ਇੰਨੇਂ ਆਮ ਜਾਣੇ ਜਾਂਦੇ ਅਤੇ ਸ਼ੱਕ ਤੋਂ ਪਰ੍ਹੇ ਲੱਗਣ ਕਿ ਬੰਦਾ ਪ੍ਰੇਸ਼ਾਨੀ ਅਨੁਭਵ ਕਰ ਸਕਦਾ ਹੈ ਜੇ ਉਸਨੂੰ ਇਹਨਾਂ ਉਪਰ ਇੰਨਾਂ ਜ਼ੋਰ ਦੇਣਾ ਪਵੇ ਤਾਂ। ਫਿਰ ਵੀ, ਉਪ੍ਰੋਕਤ ਲੇਖਕਾਂ ਨੇ ਇਹਨਾਂ ਹੀ ਵਿਚਾਰਾਂ ਨੂੰ ਅੱਖੋਂ ਉਹਲੇ ਕਰ ਦਿਤਾ ਹੈ। ਮੌਕਾਪ੍ਰਸਤੀ ਦੀ ਬੁਨਿਆਦੀ ਜਮਾਤੀ ਮਹੱਤਤਾ—ਜਾਂ, ਦੂਜੇ ਸ਼ਬਦਾਂ ਵਿਚ, ਇਸਦੀ ਸਮਾਜੀ-ਆਰਥਕ ਵਸਤੂ—ਇਸ ਗੱਲ ਵਿਚ ਹੈ ਕਿ ਅਜੋਕੀ ਜਮਹੂਰੀਅਤ ਦੇ ਕੁਝ ਅਨਸਰ ਕਈ ਵਖੋ ਵਖਰੇ ਮਸਲਿਆਂ ਉਤੇ (ਅਸਲ ਵਿਚ, ਭਾਵੇਂ ਸ਼ਾਇਦ ਅਚੇਤ ਤੌਰ ਉਤੇ ਹੀ) ਬੁਰਜੂਆਜ਼ੀ ਵੱਲ ਚਲੇ ਗਏ ਹਨ। ਮੌਕਾਪ੍ਰਸਤੀ ਉਦਾਰਵਾਦੀ-ਕਿਰਤ ਨੀਤੀ ਹੋ ਨਿਬੜਦੀ ਹੈ। ਚੰਗਾ ਹੋਵੇਗਾ ਕਿ ਜਿਹੜਾ ਵੀ ਕੋਈ ਇਹਨਾਂ ਸ਼ਬਦਾਂ ਦੀ "ਧੜੇਬੰਦਕ" ਦਿੱਖ ਤੋਂ ਡਰਦਾ ਹੈ, ਉਹ, ਉਦਾਹਰਣ ਵਜੋਂ, ਜੇ ਬਰਤਾਨਵੀ ਮੌਕਾਪ੍ਰਸਤੀ ਬਾਰੇ ਮਾਰਕਸ, ਏਂਗਲਜ਼ ਤੇ ਕਾਊਟਸਕੀ (ਕੀ ਕਾਊਟਸਕੀ ਅਜਿਹੀ "ਪ੍ਰਮਾਣ ਹਸਤੀ" ਨਹੀਂ ਜਿਹੜੀ "ਧੜੇਬੰਦੀ" ਦੇ ਵਿਰੋਧੀਆਂ ਨੂੰ ਬੇਹਦ ਸੂਤ ਬੈਠਦੀ ਹੈ?) ਦੀਆਂ ਰਾਵਾਂ ਨੂੰ ਪੜ੍ਹਨ ਦਾ ਕਸ਼ਟ ਕਰੇ। ਇਸ ਵਿਚ ਰਤਾ ਵੀ ਸ਼ੱਕ ਨਹੀਂ ਹੋ ਸਕਦਾ ਕਿ ਇਹੋ ਜਿਹਾ ਅਧਿਅਨ ਇਹ ਮੰਨਣ ਵੱਲ ਲੈ ਜਾਏਗਾ ਕਿ ਮੌਕਾਪ੍ਰਸਤੀ ਤੇ ਉਦਾਰਵਾਦੀ-ਕਿਰਤ ਨੀਤੀ ਵਿਚਕਾਰ ਬੁਨਿਆਦੀ ਅਸੂਲਾਂ ਦੀ ਸਾਂਝ ਹੈ। ਅੱਜ ਦੀ ਸਮਾਜੀ-ਕੌਮਪ੍ਰਸਤੀ ਦੀ ਬੁਨਿਆਦੀ ਜਮਾਤੀ ਮਹੱਤਤਾ ਬਿਲਕੁਲ ਉਹੋ ਹੈ। ਮੌਕਾਪ੍ਰਸਤੀ ਦਾ ਬੁਨਿਆਦੀ **ਵਿਚਾਰ** ਬੁਰਜੂਆਜ਼ੀ ਅਤੇ ਇਸਦੇ ਵਿਰੋਧੀ ਵਿਚਕਾਰ ਗਠਜੋੜ ਜਾਂ ਉਹਨਾਂ ਨੂੰ ਨੇੜੇ ਨੇੜੇ ਲਿਆਉਣਾ (ਕਦੀ ਕਦੀ ਸਮਝੌਤਾ, ਬਲਾਕ, ਆਦਿ) ਹੈ। ਸਮਾਜੀ-ਕੌਮਪ੍ਰਸਤੀ ਦਾ ਬੁਨਿਆਦੀ ਵਿਚਾਰ ਬਿਲਕੁਲ ਇਹੀ ਹੈ। ਮੌਕਾਪ੍ਰਸਤੀ ਅਤੇ ਸਮਾਜੀ-ਕੌਮਪ੍ਰਸਤੀ ਵਿਚਕਾਰ ਵਿਚਾਰਧਾਰਕ ਅਤੇ ਰਾਜਨੀਤਕ ਸਾਂਝ, ਸੰਬੰਧ ਅਤੇ, ਇਥੋਂ ਤੱਕ ਕਿ, ਇਕਰੂਪਤਾ ਵੀ ਸ਼ਕੋਂ ਪਰ੍ਹੇ ਹਨ। ਕੁਦਰਤੀ ਹੀ ਸਾਨੂੰ ਵਿਅਕਤੀਆਂ ਅਤੇ ਗਰੁੱਪਾਂ ਨੂੰ ਨਹੀਂ, ਸਗੋਂ ਸਮਾਜੀ **ਰੁਝਾਣਾਂ** ਦੀ ਵਸਤੂ ਦੇ **ਜਮਾਤੀ** ਵਿਸ਼ਲੇਸ਼ਣ ਨੂੰ, ਅਤੇ ਉਹਨਾਂ ਦੇ ਤੱਤ-ਰੂਪੀ ਅਤੇ ਮੁਖ ਅਸੂਲਾਂ ਦੀ ਵਿਚਾਰਧਾਰਕ ਅਤੇ ਰਾਜਨੀਤਕ ਨਿਰਖ-ਪਰਖ ਨੂੰ ਆਪਣਾ ਆਧਾਰ ਬਨਾਉਣਾ ਚਾਹੀਦਾ ਹੈ।

ਕਿਸੇ ਵਖਰੇ ਕੋਣ ਤੋਂ ਉਸੇ ਹੀ ਵਿਸ਼ੇ ਵੱਲ ਆਉਂਦਿਆਂ, ਅਸੀਂ ਪੁੱਛਾਂਗੇ: ਸਮਾਜੀ-ਕੌਮਪ੍ਰਸਤੀ ਨੇ **ਕਿਥੋਂ** ਜਨਮ ਲਿਆ? ਇਹ ਕਿਵੇਂ ਵਧੀ ਅਤੇ ਪਰਪਕ ਹੋਈ? **ਕਿਸ ਗੱਲ ਨੇ** ਇਸਨੂੰ ਮਹੱਤਤਾ ਅਤੇ ਤਾਕਤ ਦਿਤੀ? ਜਿਹੜਾ ਵੀ ਕੋਈ ਇਹਨਾਂ ਸਵਾਲਾਂ ਦੇ ਜਵਾਬ ਲੱਭਣ ਤੋਂ ਅਸਮਰਥ ਰਿਹਾ ਹੈ, ਉਹ ਇਹ ਸਮਝਣ ਵਿਚ ਪੂਰੀ ਤਰ੍ਹਾਂ ਅਸਫ਼ਲ ਰਿਹਾ ਹੈ ਕਿ ਸਮਾਜੀ-ਕੌਮਪ੍ਰਸਤੀ ਕੀ ਹੈ, ਅਤੇ ਇਸਦੇ ਸਿੱਟੇ

ਵਜੋਂ ਆਪਣੇ ਅਤੇ ਸਮਾਜੀ-ਕੌਮਪ੍ਰਸਤੀ ਵਿਚਕਾਰ "ਵਿਚਾਰਧਾਰਕ ਲਕੀਰ" ਖਿੱਚਣ ਤੋਂ ਬਿਲਕੁਲ ਅਸਮਰਥ ਰਿਹਾ ਹੈ, ਭਾਵੇਂ ਉਹ ਕਿੰਨਾਂ ਵੀ ਜੋਸ਼ ਨਾਲ ਇਹ ਦਾਅਵਾ ਕਿਉਂ ਨਾ ਕਰਦਾ ਹੋਵੇ ਕਿ ਉਹ ਅਜਿਹਾ ਕਰਨ ਲਈ ਤਿਆਰ ਹੈ।

ਇਸ ਸਵਾਲ ਦਾ ਸਿਰਫ਼ ਇਕ ਜਵਾਬ ਹੋ ਸਕਦਾ ਹੈ: ਸਮਾਜੀ-ਕੌਮਪ੍ਰਸਤੀ ਮੌਕਾਪ੍ਰਸਤੀ ਵਿਚੋਂ ਵਿਗਸੀ ਹੈ, ਅਤੇ ਮੌਕਾਪ੍ਰਸਤੀ ਹੀ ਸੀ ਜਿਸਨੇ ਇਸਨੂੰ ਤਾਕਤ ਦਿਤੀ। ਸਮਾਜੀ-ਕੌਮਪ੍ਰਸਤੀ "ਇਕਦਮ ਹੀ" ਕਿਵੇਂ ਸਾਮ੍ਹਣੇ ਆ ਸਕਦੀ ਸੀ? ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਬੱਚਾ "ਇਕਦਮ ਹੀ" ਸਾਮ੍ਹਣੇ ਆ ਜਾਂਦਾ ਹੈ, ਜੇ ਇਸਨੂੰ ਗਰਭ ਵਿਚ ਆਇਆਂ ਨੌਂ ਮਹੀਨੇ ਹੋ ਚੁਕੇ ਹੋਣ। ਸਾਰੇ ਯੂਰਪੀ ਦੇਸਾਂ ਦੇ ਸਮੁਚੇ ਦੂਜੇ (ਜਾਂ ਕੱਲ ਦੇ) ਦੌਰ ਵਿਚ[54] ਮੌਕਾਪ੍ਰਸਤੀ ਦੇ ਅਣਗਿਣਤ ਪ੍ਰਗਟਾਆਂ ਵਿਚੋਂ ਹਰ ਪ੍ਰਗਟਾਅ ਇਕ ਨਦੀ ਸੀ, ਜਿਹੜੀ ਹੁਣ "ਇਕਦਮ ਹੀ" ਸਮਾਜੀ-ਕੌਮਪ੍ਰਸਤੀ ਦੇ ਇਕ ਵਡੇ ਸਾਰੇ, ਭਾਵੇਂ ਬਹੁਤ ਘਟ ਡੂੰਘੇ (ਅਤੇ ਅਸੀਂ ਬਰੈਕਟਾਂ ਵਿਚ ਕਹਿ ਸਕਦੇ ਹਾਂ, ਚਿੱਕੜ ਵਾਲੇ ਅਤੇ ਗੰਦੇ) ਦਰਿਆ ਵਿਚ ਵਹਿ ਰਹੀ ਹੈ। ਗਰਭ ਵਿਚ ਆਉਣ ਤੋਂ ਨੌਂ ਮਹੀਨੇ ਪਿਛੋਂ ਬੱਚੇ ਦਾ ਆਪਣੀ ਮਾਂ ਨਾਲੋਂ ਵੱਖ ਹੋਣਾ ਜ਼ਰੂਰੀ ਹੈ; ਮੌਕਾਪ੍ਰਸਤੀ ਦੇ ਗਭਣ ਹੋਣ ਤੋਂ ਕਈ ਦਹਾਕੇ ਪਿਛੋਂ ਇਸਦੇ ਪੱਕੇ ਹੋਏ ਫਲ, ਸਮਾਜੀ-ਕੌਮਪ੍ਰਸਤੀ ਨੂੰ ਕੁਝ ਸਮੇਂ ਦੇ ਅੰਦਰ ਅੰਦਰ, ਜਿਹੜਾ ਸਮਾਂ (ਦਹਾਕਿਆਂ ਦੇ ਮੁਕਾਬਲੇ ਉਤੇ) ਕਾਫ਼ੀ ਹੱਦ ਤੱਕ ਸੰਖੇਪ ਹੈ, ਅਜੋਕੀ ਜਮਹੂਰੀਅਤ ਨਾਲੋਂ ਵੱਖ ਹੋਣਾ ਪਵੇਗਾ। ਭਾਵੇਂ ਚੰਗੇ ਲੋਕ ਇਹੋ ਜਿਹੇ ਵਿਚਾਰਾਂ ਅਤੇ ਸ਼ਬਦਾਂ ਉਤੇ ਕਿੰਨਾਂ ਹੀ ਕਿਉਂ ਨਾ ਝਾੜਣ, ਗੁੱਸੇ ਵਿਚ ਆਉਣ ਜਾਂ ਉਬਾਲੇ ਖਾਣ, ਇਹ ਅਟੱਲ ਹੈ, ਕਿਉਂਕਿ ਇਹ ਅਜੋਕੀ ਜਮਹੂਰੀਅਤ ਦੇ ਸਮੁਚੇ ਸਮਾਜਕ ਵਿਕਾਸ ਤੋਂ ਅਤੇ ਤੀਜੇ ਦੌਰ[55] ਦੀਆਂ ਬਾਹਰਮੁਖੀ ਹਾਲਤਾਂ ਤੋਂ ਨਿਕਲਦਾ ਹੈ।

ਪਰ ਜੇ "ਮੌਕਾਪ੍ਰਸਤੀ ਦੀਆਂ ਲੀਹਾਂ ਉਤੇ" ਵੰਡ ਅਤੇ "ਸਮਾਜੀ-ਕੌਮਪ੍ਰਸਤੀ ਦੀਆਂ ਲੀਹਾਂ ਉਤੇ" ਵੰਡ ਇਕ ਦੂਜੀ ਨਾਲ ਮੇਲ ਨਹੀਂ ਖਾਂਦੀਆਂ, ਤਾਂ ਕੀ ਇਸ ਤੋਂ ਇਹ ਸਿਧ ਨਹੀਂ ਹੁੰਦਾ ਕਿ ਇਹਨਾਂ ਦੂਹਾਂ ਤੱਥਾਂ ਵਿਚਕਾਰ ਕੋਈ ਠੋਸ ਸੰਬੰਧ ਮੌਜੂਦ ਨਹੀਂ? ਇਹ ਸਿਧ ਨਹੀਂ ਹੁੰਦਾ, ਪਹਿਲੀ ਥਾਂ, ਜਿਸ ਤਰ੍ਹਾਂ ਇਹ ਤੱਥ, ਕਿ ਅਠਾਰ੍ਹਵੀਂ ਸਦੀ ਦੇ ਅਖ਼ੀਰ ਉਤੇ ਵਿਅਕਤੀਗਤ ਬੁਰਜੂਆ ਜਾਂ ਤਾਂ ਸਾਮੰਤੀ ਸ਼ਾਹਾਂ ਵੱਲ ਚਲੇ ਗਏ ਸਨ ਜਾਂ ਲੋਕਾਂ ਵੱਲ, ਇਹ ਸਿਧ ਨਹੀਂ ਕਰਦਾ ਕਿ ੧੭੮੯ ਦੇ ਮਹਾਨ ਫ਼ਰਾਂਸੀਸੀ ਇਨਕਲਾਬ ਅਤੇ ਬੁਰਜੂਆਜ਼ੀ ਦੇ ਵਾਧੇ ਵਿਚਕਾਰ "ਕੋਈ ਸੰਬੰਧ ਨਹੀਂ" ਸਨ। ਦੂਜੀ ਗੱਲ, ਆਮ ਤੌਰ ਉਤੇ ਦੇਖਿਆਂ, ਇਹੋ ਜਿਹਾ ਮੇਲ **ਜ਼ਰੂਰ ਹੈ** (ਅਤੇ ਅਸੀਂ ਸਿਰਫ਼ ਆਮ ਅਰਥਾਂ ਵਿਚ ਅਤੇ ਸਮੁਚੇ ਤੌਰ ਉਤੇ ਲਹਿਰਾਂ ਦੀ ਗੱਲ ਕਰ ਰਹੇ ਹਾਂ।) ਕੋਈ ਇਕ ਇਕੱਲਾ ਦੇਸ ਨਹੀਂ, ਸਗੋਂ ਕਈ ਦੇਸ, ਉਦਾਹਰਣ ਵਜੋਂ ਇਹ ਦੱਸ ਯੂਰਪੀ ਦੇਸ ਲਵੋ: ਜਰਮਨੀ, **ਬਰਤਾਨੀਆ**, **ਫ਼ਰਾਂਸ**, **ਬੈਲਜੀਅਮ**,

ਰੂਸ, ਇਟਲੀ, ਸਵੀਡਨ, ਸਵਿਟਜ਼ਰਲੈਂਡ, ਹਾਲੈਂਡ ਅਤੇ ਬਲਗ਼ਾਰੀਆ। ਸਿਰਫ਼ ਮੋਟੇ ਅਖਰਾਂ ਵਿਚ ਦਿਤੇ ਤਿੰਨ ਦੇਸ ਹੀ ਛੋਟੇ ਲਗਣਗੇ। ਬਾਕੀ ਦਿਆਂ ਵਿਚ ਮੌਕਾਪ੍ਰਸਤੀ ਦੇ ਅਝੁਕ ਵਿਰੋਧੀਆਂ ਦੇ **ਰੁਝਾਣਾਂ** ਨੇ ਸਮਾਜੀ-ਕੌਮਪ੍ਰਸਤੀ ਦੇ ਦੁਸ਼ਮਣ **ਰੁਝਾਣਾਂ** ਨੂੰ ਜਨਮ ਦਿਤਾ ਹੈ। ਜ਼ਰਾ ਜਰਮਨੀ ਵਿਚ ਪ੍ਰਸਿਧ "ਮਾਸਕ"[56] ਅਤੇ ਉਸਦੇ ਵਿਰੋਧੀਆਂ ਵਿਚਕਾਰ, ਰੂਸ ਵਿਚ "ਨਾਸ਼ੇ ਦੀਏਲੋ"[57] ਅਤੇ ਉਸਦੇ ਵਿਰੋਧੀਆਂ ਵਿਚ, ਇਟਲੀ ਵਿਚ ਬਿਸੋਲਾਤੀ ਦੀ ਪਾਰਟੀ ਅਤੇ ਉਸਦੇ ਵਿਰੋਧੀਆਂ ਵਿਚਕਾਰ, ਸਵਿਟਜ਼ਰਲੈਂਡ ਵਿਚ ਗਰੇਈਲਿਖ਼ ਅਤੇ ਗਰਿੱਮ ਦੇ, ਸਵੀਡਨ ਵਿਚ ਬਰਾਂਟਿੰਗ ਅਤੇ ਹੋਗਲੁੰਡ ਦੇ, ਅਤੇ ਹਾਲੈਂਡ ਵਿਚ ਤਰੂਲਸਤਰਾ, ਪਾਨੇਕੂਕ ਅਤੇ ਗੋਰਟਰ ਦੇ ਅਨੁਆਈਆਂ ਵਿਚਕਾਰ, ਅਤੇ ਅਖ਼ੀਰ, ਬਲਗ਼ਾਰੀਆ ਵਿਚ "ਓਬਸ਼ੇ ਦੀਏਲੋ" ਦੇ ਅਨੁਆਈਆਂ ਅਤੇ "ਤੇਸਨੀਆਕੀ"[58] ਵਿਚਕਾਰ ਵਿਵਾਦ ਦੀ ਤੁਲਨਾ ਕਰੋ। ਪੁਰਾਣੀ ਅਤੇ ਨਵੀਂ ਵੰਡ ਵਿਚਕਾਰ ਆਮ ਮੇਲ ਇਕ ਹਕੀਕਤ ਹੈ; ਜਿਥੋਂ ਤੱਕ ਪੂਰਨ ਮੇਲਾਂ ਦਾ ਸਵਾਲ ਹੈ, ਇਹ ਸਾਦੇ ਤੋਂ ਸਾਦੇ ਕੁਦਰਤੀ ਵਰਤਾਰੇ ਵਿਚ ਵੀ ਨਹੀਂ ਵਾਪਰਦੇ, ਜਿਸ ਤਰ੍ਹਾਂ ਕਾਮਾ ਦੇ ਨਾਲ ਮਿਲਣ ਤੋਂ ਪਹਿਲਾਂ ਦੇ ਵੋਲਗਾ ਅਤੇ ਉਸ ਨੁਕਤੇ ਤੋਂ ਹੇਠਲੇ ਵੋਲਗਾ ਵਿਚਕਾਰ ਪੂਰਨ ਮੇਲ ਨਹੀਂ; ਨਾ ਹੀ ਬੱਚੇ ਅਤੇ ਉਸਦੇ ਮਾਪਿਆਂ ਵਿਚ ਪੂਰਨ ਇਕਰੂਪਤਾ ਹੁੰਦੀ ਹੈ। ਬਰਤਾਨੀਆ ਹੀ ਸਿਰਫ਼ ਇਕ ਛੋਟ ਲਗਦਾ ਹੈ; ਅਸਲ ਵਿਚ, ਜੰਗ ਤੋਂ ਪਹਿਲਾਂ ਬਰਤਾਨੀਆ ਵਿਚ ਦੋ ਧਾਰਾਂ ਸਨ, ਜਿਹੜੀਆਂ ਦੋ **ਦੈਨਿਕ** ਅਖ਼ਬਾਰਾਂ ਨਾਲ ਜੁੜੀਆਂ ਹੋਈਆਂ ਸਨ — ਜੋ ਕਿ ਇਹਨਾਂ ਧਾਰਾਂ ਦੇ ਜਨਤਕ ਖ਼ਾਸੇ ਦੀ ਸਭ ਤੋਂ ਸੱਚੀ ਬਾਹਰਮੁਖੀ ਨਿਸ਼ਾਨੀ ਸਨ — ਅਰਥਾਤ, "ਦੀ ਡੇਲੀ ਸਿਟੀਜ਼ਨ"[59], ਮੌਕਾਪ੍ਰਸਤਾਂ ਦਾ ਅਖ਼ਬਾਰ, ਅਤੇ "ਦੀ ਡੇਲੀ ਹੈਰਲਡ"[60], ਮੌਕਾਪ੍ਰਸਤੀ ਦੇ ਵਿਰੋਧੀਆਂ ਦਾ ਅਖ਼ਬਾਰ। ਦੋਵੇਂ ਅਖ਼ਬਾਰ ਹੀ ਕੌਮਪ੍ਰਸਤੀ ਦੀ ਲਹਿਰ ਵਿਚ ਵਹਿ ਗਏ ਹਨ; ਤਾਂ ਵੀ, ਪਹਿਲੇ ਅਖ਼ਬਾਰ ਦੇ ਅਨੁਆਈਆਂ ਦੇ ਦਸਵੇਂ ਹਿੱਸੇ ਵਲੋਂ ਅਤੇ ਦੂਜੇ ਅਖ਼ਬਾਰ ਦੇ ਅਨੁਆਈਆਂ ਦੇ ੩/੭ ਹਿੱਸੇ ਵਲੋਂ ਵਿਰੋਧ ਪ੍ਰਗਟ ਕੀਤਾ ਗਿਆ ਹੈ। ਤੁਲਨਾ ਦਾ ਆਮ ਢੰਗ, ਜਿਸ ਵਿਚ "ਬਰਤਾਨਵੀ ਸੋਸ਼ਲਿਸਟ ਪਾਰਟੀ" ਦੀ "ਇੰਡੀਪੈਨਡੈਂਟ ਲੇਬਰ ਪਾਰਟੀ"[61] ਨਾਲ ਤੁਲਨਾ ਕੀਤੀ ਜਾਂਦੀ ਹੈ, ਗ਼ਲਤ ਹੈ, ਕਿਉਂਕਿ ਇਸ ਵਿਚ "ਇੰਡੀਪੈਨਡੈਂਟ ਲੇਬਰ ਪਾਰਟੀ" ਦੇ ਫ਼ੇਬੀਅਨਾਂ[62] ਅਤੇ "ਲੇਬਰ ਪਾਰਟੀ"[63] ਨਾਲ **ਅਸਲੀ** ਗਠਜੋੜ ਨੂੰ ਅੱਖੋਂ ਉਹਲੇ ਕੀਤਾ ਜਾਂਦਾ ਹੈ। ਤਾਂ ਸਿੱਟਾ ਇਹ ਨਿਕਲਦਾ ਹੈ ਕਿ ਦੱਸਾਂ ਦੇਸਾਂ ਵਿਚੋਂ ਸਿਰਫ਼ ਦੋ ਦੇਸ ਹੀ ਛੋਟਾਂ ਹਨ, ਪਰ ਇਥੇ ਵੀ ਛੋਟਾਂ ਪੂਰਨ ਨਹੀਂ, ਕਿਉਂਕਿ ਰੁਝਾਣਾਂ ਨੇ ਥਾਂ ਨਹੀਂ ਵਟਾਏ; ਸਿਰਫ਼ (ਅਜਿਹੇ ਕਾਰਨਾਂ ਕਾਰਨ, ਜਿਹੜੇ ਇੰਨੇਂ ਪ੍ਰਤੱਖ ਹਨ ਕਿ ਉਹਨਾਂ ਬਾਰੇ ਵਿਸਥਾਰ ਨਾਲ ਦੱਸਣ ਦੀ ਲੋੜ ਨਹੀਂ) ਲਹਿਰ ਮੌਕਾਪ੍ਰਸਤੀ ਦੇ ਲਗਭਗ ਸਾਰੇ ਵਿਰੋਧੀਆਂ ਨੂੰ ਰੋੜ੍ਹ ਕੇ ਲੈ ਗਈ ਹੈ। ਇਹ

ਨਿਰਸੰਦੇਹ, ਲਹਿਰ ਦੇ ਬਲ ਨੂੰ ਸਿਧ ਕਰਦਾ ਹੈ, ਪਰ ਇਹ ਕਿਸੇ ਤਰ੍ਹਾਂ ਵੀ ਸਾਰੇ ਯੂਰਪ ਲਈ ਪੁਰਾਣੀ ਵੰਡ ਅਤੇ ਨਵੀਂ ਵੰਡ ਵਿਚਲੇ ਮੇਲ ਨੂੰ ਗ਼ਲਤ ਨਹੀਂ ਸਿਧ ਕਰਦਾ।

ਸਾਨੂੰ ਦਸਿਆ ਜਾਂਦਾ ਹੈ ਕਿ ''ਮੌਕਾਪ੍ਰਸਤੀ ਦੀਆਂ ਲੀਹਾਂ ਉਤੇ'' ਵੰਡ ਸਮਾਂ ਵਿਹਾ ਚੁਕੀ ਹੈ, ਕਿ ਸਿਰਫ਼ ਇਕ ਵੰਡ ਹੀ ਮਹੱਤਤਾ ਰਖਦੀ ਹੈ, ਅਰਥਾਤ, ਕੌਮਾਂਤਰੀਵਾਦ ਦੇ ਅਨੁਆਈਆਂ ਅਤੇ ਕੌਮੀ ਸਵੈ-ਨਿਰਭਰਤਾ ਦੇ ਅਨੁਆਈਆਂ ਵਿਚਕਾਰ ਵੰਡ। ਇਹ ਰਾਏ ਬੁਨਿਆਦੀ ਤੌਰ ਉਤੇ ਗ਼ਲਤ ਹੈ। ''ਕੌਮਾਂਤਰੀਵਾਦ ਦੇ ਅਨੁਆਈਆਂ'' ਦਾ ਸੰਕਲਪ ਸਾਰੇ ਵਸਤੂ ਅਤੇ ਅਰਥਾਂ ਤੋਂ ਸੱਖਣਾ ਹੈ, ਜੇ ਅਸੀਂ ਇਸਨੂੰ **ਠੋਸ ਤਰ੍ਹਾਂ** ਨਾਲ ਵਿਸਥਾਰ ਨਾ ਦੇਈਏ; ਪਰ ਇਸ ਤਰ੍ਹਾਂ ਦੇ ਵਿਸਥਾਰ ਦੇਣ ਵੱਲ ਕੋਈ ਵੀ ਕਦਮ ਮੌਕਾਪ੍ਰਸਤੀ ਦੇ ਵਿਰੋਧ ਦੇ ਲੱਛਣਾਂ ਨੂੰ ਗਿਣਵਾਉਣਾ ਹੋਵੇਗਾ। ਅਮਲ ਵਿਚ ਇਹ ਹੋਰ ਵੀ ਸੱਚਾ ਸਾਬਤ ਹੋਵੇਗਾ। ਕੌਮਾਂਤਰੀਵਾਦ ਦਾ ਅਜਿਹਾ ਅਨੁਆਈ, ਜਿਹੜਾ ਨਾਲ ਹੀ ਮੌਕਾਪ੍ਰਸਤੀ ਦਾ ਅਤਿ ਦਾ ਇਕਸਾਰ ਅਤੇ ਦਰਿੜ੍ਹ ਵਿਰੋਧੀ ਨਹੀਂ, ਇਕ ਪ੍ਰੇਤ ਹੈ, ਹੋਰ ਕੁਝ ਨਹੀਂ। ਸ਼ਾਇਦ ਕੁਝ ਅਜਿਹੇ ਵਿਅਕਤੀ ਆਪਣੇ ਆਪ ਨੂੰ ਇਮਾਨਦਾਰੀ ਨਾਲ ''ਕੌਮਾਂਤਰੀਵਾਦੀ'' ਮੰਨਦੇ ਹਨ। ਪਰ, ਲੋਕਾਂ ਬਾਰੇ ਅੰਦਾਜ਼ਾ ਇਸ ਗੱਲ ਤੋਂ ਨਹੀਂ ਲਾਇਆ ਜਾਂਦਾ ਕਿ ਉਹ ਆਪਣੇ ਬਾਰੇ ਕੀ ਸੋਚਦੇ ਹਨ, ਸਗੋਂ ਉਹਨਾਂ ਦੇ ਰਾਜਨੀਤਕ ਵਰਤਾ ਤੋਂ ਲਾਇਆ ਜਾਂਦਾ ਹੈ। ਅਜਿਹੇ ''ਕੌਮਾਂਤਰੀਵਾਦੀਆਂ'' ਦਾ ਰਾਜਨੀਤਕ ਵਰਤਾ, ਜਿਹੜੇ ਮੌਕਾਪ੍ਰਸਤੀ ਦੇ ਇਕਸਾਰ ਅਤੇ ਦ੍ਰਿੜ੍ਹ ਦੁਸ਼ਮਣ ਨਹੀਂ, ਹਮੇਸ਼ਾ ਹੀ ਕੌਮਪ੍ਰਸਤ ਰੁਝਾਣ ਦੀ ਸਹਾਇਤਾ ਕਰੇਗਾ ਅਤੇ ਇਸਦੀ ਪਿੱਠ ਠੋਕੇਗਾ। ਦੂਜੇ ਪਾਸੇ ਕੌਮਪ੍ਰਸਤ ਵੀ ਆਪਣੇ ਆਪ ਨੂੰ ''ਕੌਮਾਂਤਰੀਵਾਦੀ'' ਕਹਿੰਦੇ ਹਨ (ਕਾਊਟਸਕੀ, ਲੈਂਚ, ਹਾਇਨਿਸ਼, ਵਾਂਡਰਵੇਲਡੇ, ਹਿੰਡਮਨ ਆਦਿ); ਨਾ ਸਿਰਫ਼ ਉਹ ਆਪਣੇ ਆਪ ਨੂੰ ਕੌਮਾਂਤਰੀਵਾਦੀ ਕਹਿੰਦੇ ਹਨ, ਸਗੋਂ ਉਹ ਕੌਮਾਂਤਰੀ ਸੁਲਹ-ਸਫ਼ਾਈ ਨੂੰ, ਸਮਝੌਤੇ ਨੂੰ, ਉਹਨਾਂ ਦੇ ਵਿਚਾਰਾਂ ਦੇ ਖ਼ਿਆਲ ਬੰਦਿਆਂ ਦੀ ਯੂਨੀਅਨ ਨੂੰ ਪੂਰੀ ਤਰ੍ਹਾਂ ਮੰਨਦੇ ਹਨ। ਮੌਕਾਪ੍ਰਸਤ ''ਕੌਮਾਂਤਰੀਵਾਦ'' ਦੇ **ਖ਼ਿਲਾਫ਼ ਨਹੀਂ**; ਉਹ ਸਿਰਫ਼ ਮੌਕਾਪ੍ਰਸਤਾਂ ਵਿਚਕਾਰ ਕੌਮਾਂਤਰੀ ਸਮਝੌਤੇ ਦੀ ਕੌਮਾਂਤਰੀ ਪ੍ਰਵਾਨਗੀ ਦੇ ਹੱਕ ਵਿਚ ਹਨ।

. . . . . . . . . . . . . . . . . . . .

. . . . . . . . . . . . . . . . . . . . .

. . . . . . . . . . . . . . . . . . . .

ਫ਼ਰਵਰੀ ੧੯੧੫ ਤੋਂ ਪਹਿਲਾਂ
ਲਿਆ ਗਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬,
ਪੰਨੇ ੧੫੦-੧੫੪

# ਬਦੇਸ਼ਾਂ ਵਿਚਲੇ ਰੂ: ਸੋ: ਡੈ: ਲੇ: ਪਾ: ਗਰੁੱਪਾਂ ਦੀ ਕਾਨਫਰੰਸ [64]

## ਕਾਨਫ਼ਰੰਸ ਦੇ ਮਤਿਆਂ ਵਿਚੋਂ ਟੂਕਾਂ

### "ਪਿਤਰੀ-ਭੂਮੀ ਦੀ ਰਾਖੀ" ਦਾ ਨਾਅਰਾ

ਮੌਜੂਦਾ ਜੰਗ, ਤਤਰੂਪ ਵਿਚ, ਬਸਤੀਆਂ ਦੀ ਵੰਡ ਲਈ ਅਤੇ ਮੁਕਾਬਲੇ ਦੇ ਦੇਸਾਂ ਦੀ ਲੁੱਟ ਲਈ ਬਰਤਾਨੀਆ, ਫ਼ਰਾਂਸ ਅਤੇ ਜਰਮਨੀ ਵਿਚਕਾਰ ਲੜਾਈ ਹੈ; ਜ਼ਾਰਸ਼ਾਹੀ ਅਤੇ ਰੂਸ ਦੀਆਂ ਹਾਕਮ ਜਮਾਤਾਂ ਦੇ ਪੱਖੋਂ ਇਹ ਈਰਾਨ, ਮੰਗੋਲੀਆ, ਤੁਰਕੀ ਏਸ਼ੀਆ ਵਿਚ, ਕਨਸਤਨਤੁਨੀਆ, ਗਲੀਸ਼ੀਆ ਆਦਿ ਹਥਿਆਉਣ ਦਾ ਯਤਨ ਹੈ। ਆਸਟਰਵੀ-ਸਰਬ ਜੰਗ ਦਾ ਕੌਮੀ ਅੰਸ਼ ਬਿਲਕੁਲ ਦੁਜੈਲੀ ਮਹੱਤਤਾ ਰਖਦਾ ਹੈ ਅਤੇ ਜੰਗ ਦੇ ਆਮ ਸਾਮਰਾਜੀ ਖ਼ਾਸੇ ਉਤੇ ਪ੍ਰਭਾਵ ਨਹੀਂ ਪਾਉਂਦਾ।

ਪਿਛਲੇ ਕੁਝ ਦਹਾਕਿਆਂ ਦਾ ਕੁੱਲ ਆਰਥਕ ਅਤੇ ਰਾਜਦੂਤਕ ਇਤਿਹਾਸ ਦਰਸਾਉਂਦਾ ਹੈ ਕਿ ਜੰਗ ਵਿਚ ਸ਼ਾਮਲ ਕੌਮਾਂ ਦੇ ਦੋਵੇਂ ਧੜੇ ਬਾਕਾਇਦਗੀ ਨਾਲ ਉਸੇ ਤਰ੍ਹਾਂ ਦੀ ਜੰਗ ਦੀ ਤਿਆਰੀ ਕਰ ਰਹੇ ਸਨ, ਜਿਸ ਤਰ੍ਹਾਂ ਦੀ ਕਿ ਮੌਜੂਦਾ ਜੰਗ ਹੈ। ਸੋਸ਼ਲਿਸਟਾਂ ਦੇ ਦਾਅ-ਪੇਚ ਨਿਸ਼ਚਿਤ ਕਰਨ ਵਿਚ ਇਸ ਸਵਾਲ ਦੀ ਕੋਈ ਮਹੱਤਤਾ ਨਹੀਂ ਕਿ ਪਹਿਲਾ ਫ਼ੌਜੀ ਹੱਲਾ ਕਿਸ ਧੜੇ ਨੇ ਬੋਲਿਆ ਜਾਂ ਪਹਿਲਾਂ ਜੰਗ ਦਾ ਐਲਾਨ ਕਿਸ ਨੇ ਕੀਤਾ। ਪਿਤਰੀ-ਭੂਮੀ ਦੀ ਰਾਖੀ, ਦੁਸ਼ਮਣ ਦੇ ਹਮਲੇ ਦੇ ਵਿਰੋਧ, ਰਖਿਆ ਦੀ ਜੰਗ ਆਦਿ ਬਾਰੇ ਦੋਹਾਂ ਧਿਰਾਂ ਦੀਆਂ ਫ਼ਿਕਰੇਬਾਜ਼ੀਆਂ ਲੋਕਾਂ ਨੂੰ ਧੋਖਾ ਦੇਣ ਤੋਂ ਸਿਵਾ ਹੋਰ ਕੁਝ ਨਹੀਂ।

ਸੱਚੀਆਂ ਕੌਮੀ ਜੰਗਾਂ ਦੀ ਤਹਿ ਵਿਚ, ਜਿਹੋ ਜਿਹੀਆਂ ਜੰਗਾਂ ਕਿ ਖ਼ਾਸ ਕਰਕੇ ੧੭੮੯ ਅਤੇ ੧੮੭੧ ਵਿਚ ਹੋਈਆਂ, ਵਿਸ਼ਾਲ ਕੌਮੀ ਲਹਿਰਾਂ ਦਾ, ਨਿਰੰਕੁਸ਼ਵਾਦ ਅਤੇ ਸਾਮੰਤਵਾਦ ਦੇ ਖ਼ਿਲਾਫ਼, ਕੌਮੀ ਜਬਰ ਦੇ ਖ਼ਤਮ ਕਰਨ ਲਈ, ਅਤੇ ਸਰਮਾਇਦਾਰਾਨਾ ਵਿਕਾਸ ਦੀ ਪੂਰਵ-ਲੋੜ ਵਜੋਂ, ਕੌਮੀ ਆਧਾਰ ਉਤੇ ਰਾਜਾਂ ਦੀ ਕਾਇਮੀ ਲਈ ਘੋਲ ਦਾ ਲੰਮਾ ਅਮਲ ਸੀ।

ਉਸ ਦੌਰ ਵਲੋਂ ਪੈਦਾ ਕੀਤੀ ਗਈ ਕੌਮੀ ਵਿਚਾਰਧਾਰਾ ਨੇ ਨਿਕੀ ਬੁਰਜੂਆਜ਼ੀ ਦੇ ਵਿਸ਼ਾਲ ਹਿੱਸੇ ਉਤੇ ਪ੍ਰੋਲਤਾਰੀ ਦੇ ਇਕ ਹਿੱਸੇ ਉਤੇ ਡੂੰਘਾ ਪ੍ਰਭਾਵ ਛਡਿਆ। ਇਸਨੂੰ ਹੁਣ ਬਿਲਕੁਲ ਵਖਰੇ ਅਤੇ ਸਾਮਰਾਜੀ ਦੌਰ ਵਿਚ ਬੁਰਜੂਆਜ਼ੀ ਦੇ

ਕੁਤਰਕਵਾਦੀਆਂ ਵਲੋਂ ਅਤੇ ਸੋਸ਼ਲਿਜ਼ਮ ਦੇ ਗ਼ੱਦਾਰਾਂ ਵਲੋਂ, ਜਿਹੜੇ ਉਹਨਾਂ ਦੀਆਂ ਪੈੜ ਉਤੇ ਚਲ ਰਹੇ ਹਨ ਵਰਤਿਆ ਜਾ ਰਿਹਾ ਹੈ, ਤਾਂ ਜੁ ਮਜ਼ਦੂਰਾਂ ਵਿਚ ਦੁਫੇੜ ਪਾਈ ਜਾ ਸਕੇ ਅਤੇ ਉਹਨਾਂ ਨੂੰ ਆਪਣੇ ਜਮਾਤੀ ਨਿਸ਼ਾਨਿਆਂ ਤੋਂ ਅਤੇ ਬੁਰਜੂਆਜ਼ੀ ਦੇ ਖ਼ਿਲਾਫ਼ ਇਨਕਲਾਬੀ ਘੋਲ ਤੋਂ ਲਾਂਭੇ ਖੜਿਆ ਜਾ ਸਕੇ।

''ਕਮਿਊਨਿਸਟ ਮੈਨੀਫ਼ੈਸਟੋ'' ਵਿਚਲੇ ਸ਼ਬਦ, ਕਿ ''ਮਜ਼ਦੂਰਾਂ ਦਾ ਕੋਈ ਦੇਸ ਨਹੀਂ ਹੁੰਦਾ'' ਜਿੰਨੇ ਅੱਜ ਠੀਕ ਹਨ, ਪਹਿਲਾਂ ਕਦੀ ਵੀ ਨਹੀਂ ਸਨ। ਸਿਰਫ਼ ਪ੍ਰੋਲਤਾਰੀ ਦਾ ਬੁਰਜੂਆਜ਼ੀ ਦੇ ਖ਼ਿਲਾਫ਼ ਕੌਮਾਂਤਰੀ ਘੋਲ ਹੀ ਉਹ ਸਭ ਕੁਝ ਸੰਭਾਲ ਸਕਦਾ ਹੈ ਜੋ ਕੁਝ ਇਸਨੇ ਜਿੱਤਿਆ ਹੈ, ਅਤੇ ਪਸਿਤੀ ਜਨਤਾ ਲਈ ਚੰਗੇਰੇ ਭਵਿੱਖ ਦਾ ਰਾਹ ਖੋਹਲ ਸਕਦਾ ਹੈ।

੧੯ ਫ਼ਰਵਰੀ (੪ ਮਾਰਚ),
੧੯੧੫ ਤੋਂ ਪਹਿਲਾਂ ਲਿਖਿਆ
ਗਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬, ਪੰਨੇ ੧੬੨-੬੩

# ਕੌਮਾਂਤਰੀਵਾਦੀਆਂ ਦੀ ਏਕਤਾ ਦਾ ਸਵਾਲ

ਜੰਗ ਦੇ ਸਿੱਟੇ ਵਜੋਂ ਸਾਰੇ ਕੌਮਾਂਤਰੀ ਸੋਸ਼ਲਿਜ਼ਮ ਵਿਚ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਹੋਰ ਕਿਸੇ ਵੀ ਸੰਕਟ ਵਾਂਗ, ਸੋਸ਼ਲਿਜ਼ਮ ਦੇ ਮੌਜੂਦਾ ਸੰਕਟ ਨੇ, ਇਸਦੇ ਅੰਦਰ ਡੂੰਘੇ, ਅੰਤ੍ਰੀਵ ਵਿਰੋਧਾਂ ਨੂੰ ਸਦਾ ਨਾਲੋਂ ਵਧੇਰੇ ਸਪਸ਼ਟਤਾ ਨਾਲ ਸਾਮ੍ਹਣੇ ਲੈ ਆਂਦਾ ਹੈ; ਇਸਨੇ ਕਈ ਝੂਠੇ ਤੇ ਰਵਾਇਤੀ ਮੁਖੌਟੇ ਲਾਹ ਮਾਰੇ ਹਨ, ਅਤੇ ਅਤਿ ਤੇਜ਼ ਚਾਨਣ ਵਿਚ ਦਰਸਾ ਦਿਤਾ ਹੈ ਕਿ ਸੋਸ਼ਲਿਜ਼ਮ ਵਿਚ ਕੀ ਸਮਾਂ ਵਿਹਾ ਚੁੱਕਾ ਅਤੇ ਗਲ-ਸੜ ਚੁੱਕਾ ਹੈ ਅਤੇ ਇਸਦਾ ਅਗੇਰੇ ਵਾਧਾ ਅਤੇ ਜਿੱਤ ਵੱਲ ਵਧਣਾ ਕਿਸ ਗੱਲ ਉਪਰ ਨਿਰਭਰ ਕਰੇਗਾ।

ਅਮਲੀ ਤੌਰ ਉਤੇ, ਰੂਸ ਦੇ ਸਾਰੇ ਸੋਸ਼ਲ-ਡੈਮੋਕਰੈਟ ਇਹ ਸਮਝਦੇ ਹਨ ਕਿ ਪੁਰਾਣੀਆਂ ਵੰਡਾਂ ਅਤੇ ਧੜੇਬੰਦੀਆਂ, ਜੇ ਪੁਰਾਣੀਆਂ ਨਹੀਂ ਹੋ ਗਈਆਂ, ਤਾਂ ਘੱਟੋ ਘੱਟ ਉਹਨਾਂ ਵਿਚ ਤਬਦੀਲੀ ਜ਼ਰੂਰ ਆ ਰਹੀ ਹੈ। ਸਭ ਤੋਂ ਪਹਿਲਾਂ ਜੰਗ ਵਲੋਂ ਉਠਾਏ ਗਏ ਮੁਖ ਮਸਲੇ ਬਾਰੇ ਵੰਡ ਹੈ, ਅਰਥਾਤ "ਕੌਮਾਂਤਰੀਵਾਦੀਆਂ" ਅਤੇ "ਸਮਾਜੀ-ਦੇਸਭਗਤਾਂ" ਵਿਚਕਾਰ ਵੰਡ। ਅਸੀਂ ਇਹ ਸੰਕੇਤ ਸ਼ਬਦ "ਨਾਸ਼ੇ ਸਲੋਵੋ"[65] ਨੰ: ੪੨ ਦੇ ਸੰਪਾਦਕੀ ਵਿਚੋਂ ਲਏ ਹਨ, ਅਤੇ ਹਾਲ ਦੀ ਘੜੀ ਅਸੀਂ ਇਸ ਸਵਾਲ ਨੂੰ ਨਹੀਂ ਲਵਾਂਗੇ ਕਿ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਦਾ ਕੌਮੀ ਉਦਾਰਵਾਦੀ-ਕਿਰਤੀ ਸਿਆਸਤਦਾਨਾਂ ਨਾਲ ਮੁਕਾਬਲਾ ਕਰਕੇ ਇਸਨੂੰ ਪੂਰਿਆ ਜਾਣਾ ਚਾਹੀਦਾ ਹੈ ਜਾਂ ਨਹੀਂ।

ਇਹ ਪੱਕੀ ਗੱਲ ਹੈ ਕਿ ਸਵਾਲ ਨਾਵਾਂ ਦਾ ਨਹੀਂ; ਅਜੋਕੀ ਵੰਡ ਦਾ ਮੁਖ ਤੱਤ "ਨਾਸ਼ੇ ਸਲੋਵੋ" ਵਿਚ ਠੀਕ ਠੀਕ ਦਸਿਆ ਗਿਆ ਹੈ। ਉਹ ਲਿਖਦਾ ਹੈ ਕਿ ਕੌਮਾਂਤਰੀਵਾਦੀ "ਸਮਾਜੀ-ਦੇਸਭਗਤੀ ਵੱਲ, ਜਿਸਦੀ ਪ੍ਰਤਿਨਿਧਤਾ ਕਿ ਪਲੇਖ਼ਾਨੋਵ ਕਰਦਾ ਹੈ, ਆਪਣੇ ਨਫ਼ੀ ਵਤੀਰੇ ਕਾਰਨ ਇਕਮੁਠ ਹਨ।"... ਸੰਪਾਦਕ "ਹੁਣ ਖੇਰੂੰ-ਖੇਰੂੰ ਹੋਏ ਹੋਏ ਗਰੁੱਪਾਂ" ਨੂੰ ਅਪੀਲ ਕਰਦੇ ਹਨ ਕਿ ਉਹ "ਚਾਲੂ ਜੰਗ ਅਤੇ ਰੂਸੀ ਸਮਾਜੀ-ਦੇਸਭਗਤੀ ਵੱਲ ਰੂਸੀ ਸੋਸ਼ਲ-ਡੈਮੋਕਰੈਟਾਂ ਵਾਲਾ ਵਤੀਰਾ ਪ੍ਰਗਟ ਕਰਨ ਦੇ ਘੱਟੋ ਘੱਟ ਇਕ ਕਾਰਜ ਲਈ ਕਿਸੇ ਸਾਂਝੀ ਸੋਚ ਉਤੇ ਪੁੱਜਣ ਅਤੇ ਇਕਮੁਠ ਹੋ ਜਾਣ।"

ਪਰੈਸ ਰਾਹੀਂ ਇਸ ਅਪੀਲ ਤੋਂ ਛੁੱਟ "ਨਾਸ਼ੇ ਸਲੋਵੋ" ਦੇ ਸੰਪਾਦਕਾਂ ਨੇ ਸਾਨੂੰ ਅਤੇ ਜਥੇਬੰਦਕ ਕਮੇਟੀ[66] ਨੂੰ ਇਹ ਤਜਵੀਜ਼ ਦੇਂਦੀ ਇਕ ਚਿੱਠੀ ਭੇਜੀ ਹੈ ਕਿ, ਉਹਨਾਂ ਦੀ ਸ਼ਮੂਲੀ ਨਾਲ, ਇਸ ਮਸਲੇ ਉਤੇ ਵਿਚਾਰ ਕਰਨ ਲਈ ਇਕ ਕਾਨਫ਼ਰੰਸ ਬੁਲਾਈ ਜਾਏ। ਆਪਣੇ ਜਵਾਬ ਵਿਚ ਅਸੀਂ "ਕੁਝ ਮੁਢਲੇ ਸਵਾਲਾਂ ਨੂੰ ਸਪਸ਼ਟ ਕਰਨ" ਦੀ ਲੋੜ ਦੀ ਗੱਲ ਕੀਤੀ, "ਤਾਂ ਕਿ ਸਾਨੂੰ ਇਹ ਪਤਾ ਲਗ ਜਾਏ ਕਿ ਕੀ ਸਾਡੀ ਮੁਖ ਮਸਲੇ ਬਾਰੇ ਕੋਈ ਸਾਂਝ ਹੈ।" ਅਸੀਂ ਇਹੋ ਜਿਹੇ ਦੋ ਮੁਢਲੇ ਸਵਾਲਾਂ ਉਤੇ ਜ਼ੋਰ ਦਿਤਾ ਸੀ: (੧) ਕੋਈ ਐਲਾਨ-ਨਾਮਾ ਵੀ "ਸਮਾਜੀ-ਦੇਸਭਗਤਾਂ" (ਸੰਪਾਦਕ ਪਲੇਖ਼ਾਨੋਵ, ਅਲੈਕਸਿੰਸਕੀ, ਅਤੇ ਪੀਤਰੋਗਰਾਦ ਦੇ ਖ਼ਾਤਮੇਵਾਦੀ ਲੇਖਕਾਂ ਦੇ ਪ੍ਰਸਿਧ ਟੋਲੇ ਦਾ ਨਾਂ ਲੈਂਦੇ ਹਨ, ਜਿਹੜਾ ਕਿਸੇ X. Y. Z.[67] ਰਸਾਲੇ ਦੀ ਹਮਾਇਤ ਕਰਦਾ ਹੈ) ਨੂੰ ਬੇਨਕਾਬ ਕੀਤੇ ਬਿਨਾਂ ਨਹੀਂ ਰਹਿ ਸਕੇਗਾ, ਜਿਹੜੇ "ਰੂਸ ਦੇ ਉੱਨਤ ਪ੍ਰੋਲਤਾਰੀ ਦੀ ਇੱਛਾ ਨੂੰ ਗ਼ਲਤ ਤਰ੍ਹਾਂ ਪੇਸ਼ ਕਰਦੇ ਹਨ" (ਇਹ ਵਾਕੰਸ਼ "ਨਾਸ਼ੇ ਸਲੋਵੋ" ਦੇ ਸੰਪਾਦਕਾਂ ਵਲੋਂ ਵਰਤਿਆ ਗਿਆ ਹੈ) ਸਮਾਜੀ-ਦੇਸਭਗਤਾਂ ਨੂੰ ਬੇਨਕਾਬ ਕਰਨ ਲਈ, ਇਕ ਲੰਮਾ ਘੋਲ ਜ਼ਰੂਰੀ ਹੈ। (੨) ਜਥੇਬੰਦਕ ਕਮੇਟੀ ਨੂੰ "ਕੌਮਾਂਤਰੀਵਾਦੀਆਂ" ਵਿਚ ਗਿਣਨ ਲਈ ਕੀ ਆਧਾਰ ਹਨ?

ਦੂਜੇ ਹਥ, ਜਥੇਬੰਦਕ ਕਮੇਟੀ ਦੇ ਬਦੇਸ ਦੇ ਸੱਕਤਰੇਤ ਨੇ ਸਾਨੂੰ "ਨਾਸ਼ੇ ਸਲੋਵੋ" ਨੂੰ ਭੇਜੇ ਆਪਣੇ ਜਵਾਬ ਦੀ ਨਕਲ ਭੇਜੀ ਜਿਹੜਾ, ਸੰਖੇਪ ਵਿਚ, ਜ਼ੋਰ ਦੇਂਦਾ ਸੀ ਕਿ ਕੁਝ ਗਰੁੱਪਾਂ ਦੀ "**ਮੁਢਲੀ**" ਚੋਣ ਕਰ ਲੈਣ ਅਤੇ "ਦੂਜਿਆਂ ਨੂੰ ਬਾਹਰ ਰੱਖਣ" ਦਾ ਸਵਾਲ ਹੀ ਪੈਦਾ ਨਹੀਂ ਹੁੰਦਾ; ਅਤੇ ਇਹ ਕਿ "ਕਾਨਫ਼ਰੰਸ ਲਈ ਸੱਦਾਪੱਤਰ ਉਹਨਾਂ ਸਾਰੇ ਪਾਰਟੀ ਕੇਂਦਰਾਂ ਅਤੇ ਗਰੁੱਪਾਂ ਦੇ ਬਦੇਸਾਂ ਦੇ ਪ੍ਰਤਿਨਿਧਾਂ ਨੂੰ ਭੇਜੇ ਜਾਣੇ ਚਾਹੀਦੇ ਹਨ ਜਿਹੜੇ ਜੰਗ ਤੋਂ ਪਹਿਲਾਂ ਕੌਮਾਂਤਰੀ ਸੋਸ਼ਲਿਸਟ ਬਿਊਰੋ ਦੀ ਬਰਸੇਲਜ਼ ਕਾਨਫ਼ਰੰਸ ਵਿਚ ਸ਼ਾਮਲ ਹੋਏ ਸਨ।" (੨੫ ਮਾਰਚ, ੧੯੧੫ ਦੀ ਚਿੱਠੀ।)

ਸੋ, ਜਥੇਬੰਦਕ ਕਮੇਟੀ ਨੇ ਸਿਰਫ਼ **ਕੌਮਾਂਤਰੀਵਾਦੀਆਂ** ਨਾਲ ਸਲਾਹ ਕਰਨ ਤੋਂ ਅਸੂਲੀ ਤੌਰ ਉਤੇ ਇਨਕਾਰ ਕਰ ਦਿਤਾ ਹੈ, ਕਿਉਂਕਿ ਇਹ ਸਮਾਜੀ-ਦੇਸਭਗਤਾਂ ਨਾਲ ਵੀ ਸਲਾਹ ਕਰਨਾ ਚਾਹੁੰਦੀ ਹੈ (ਇਹ ਪਤਾ ਹੀ ਹੈ ਕਿ ਬਰਸੇਲਜ਼ ਵਿਚ ਪਲੇਖ਼ਾਨੋਵ ਅਤੇ ਅਲੈਕਸਿੰਸਕੀ ਦੇ ਰੁਝਾਣ ਦੀ ਪ੍ਰਤਿਨਿਧਤਾ ਸੀ)। ਨੇਰਵੀ ਵਿਚ ਇਕੱਠੇ ਹੋਏ ਸੋਸ਼ਲ-ਡੈਮੋਕਰੈਟਾਂ ਦੇ ਮਤੇ ਵਿਚ ਵੀ ਇਹੋ ਭਾਵਨਾ ਦਿਸਦੀ ਸੀ ("ਨਾਸ਼ੇ ਸਲੋਵੋ", ਨੰ: ੫੩), ਜਿਹੜਾ ਯੋਨੋਵ ਦੀ ਰਪੋਰਟ ਤੋਂ ਪਿਛੋਂ ਪ੍ਰਵਾਨ ਕੀਤਾ ਗਿਆ ਸੀ (ਅਤੇ ਪ੍ਰਤੱਖ ਤੌਰ ਉਤੇ ਬੁੰਦ[68] ਵਿਚਲੇ ਸਭ ਤੋਂ ਵਧ ਗਰਮ-ਦਲੀ ਜਾਂ ਕੌਮਾਂਤਰੀਵਾਦੀ ਅਨਸਰਾਂ ਦੇ ਇਸ ਪ੍ਰਤਿਨਿਧ ਦੇ ਵਿਚਾਰਾਂ ਨੂੰ ਪ੍ਰਗਟ ਕਰਦਾ ਸੀ)।

ਇਹ ਮਤਾ, ਜਿਹੜਾ ਬਦੇਸਾਂ ਵਿਚ ਰਹਿੰਦੇ ਕਈ ਸੋਸ਼ਲਿਸਟਾਂ ਵਲੋਂ ਲਭੇ ਜਾ ਰਹੇ "ਵਿਚਲੇ ਰਾਹੇ" ਨੂੰ ਨਿਸ਼ਚਿਤ ਕਰਨ ਵਿਚ ਸਾਡੀ ਸਹਾਇਤਾ ਕਰਨ ਦੇ ਪੱਖੋਂ

ਬੇਹਦ ਵਿਲੱਖਣ ਅਤੇ ਕੀਮਤੀ ਹੈ, "ਨਾਸ਼ੇ ਸਲੋਵੋ" ਦੇ "ਅਸੂਲਾਂ" ਨਾਲ ਹਮਦਰਦੀ ਪ੍ਰਗਟ ਕਰਦਾ ਹੈ, ਪਰ ਨਾਲ ਹੀ "ਨਾਸ਼ੇ ਸਲੋਵੋ" ਦੇ ਦ੍ਰਿਸ਼ਟੀਕੋਣ ਨਾਲ ਅਸੰਮਤੀ ਪ੍ਰਗਟ ਕਰਦਾ ਹੈ, "ਜਿਹੜਾ ਜਥੇਬੰਦਕ ਵੰਡਾਂ ਪੈਦਾ ਕਰਦਾ ਹੈ, ਸਿਰਫ਼ ਸੋਸ਼ਲਿਸਟ-ਕੌਮਾਂਤਰੀਵਾਦੀਆਂ ਨੂੰ ਇਕਮੁਠ ਕਰਦਾ ਹੈ, ਅਤੇ ਸੋਸ਼ਲਿਸਟ ਪ੍ਰੋਲਤਾਰੀ ਪਾਰਟੀਆਂ ਦੇ ਅੰਦਰ ਦੁਫੇੜਾਂ ਦੀ ਲੋੜ ਦੀ ਵਕਾਲਤ ਕਰਦਾ ਹੈ, ਜਿਹੜੀਆਂ ਇਤਿਹਾਸਕ ਤੌਰ ਉਤੇ ਹੋਂਦ ਵਿਚ ਆ ਗਈਆਂ ਹਨ।" ਇਕੱਠ ਦੀ ਰਾਏ ਵਿਚ, "ਨਾਸ਼ੇ ਸਲੋਵੋ" ਵਲੋਂ (ਇਹਨਾਂ ਸਵਾਲਾਂ ਨੂੰ) "ਇਕਪਾਸੜ ਤੌਰ ਉਤੇ ਲਿਆ ਜਾਣਾ ਇੰਟਰਨੈਸ਼ਨਲ ਦੀ ਬਹਾਲੀ ਨਾਲ ਸੰਬੰਧਤ ਮਸਲਿਆਂ ਨੂੰ ਸਪਸ਼ਟ ਕਰਨ ਵਿਚ ਭਾਰੀ ਰੁਕਾਵਟ ਹੈ।"

ਅਸੀਂ ਪਹਿਲਾਂ ਹੀ ਦਸ ਚੁੱਕੇ ਹਾਂ ਕਿ ਜਥੇਬੰਦਕ ਕਮੇਟੀ ਦੇ ਅਧਿਕਾਰਿਤ ਪ੍ਰਤਿਨਿਧ ਅਕਸੇਲਰੋਦ ਦੇ ਵਿਚਾਰ ਸਮਾਜੀ-ਅੰਧਰਾਸ਼ਟਰਵਾਦੀ ਹਨ। ਨਾ ਹੀ ਅਖ਼ਬਾਰ ਵਿਚ ਅਤੇ ਨਾ ਹੀ ਆਪਣੇ ਚਿੱਠੀ ਪੱਤਰ ਵਿਚ "ਨਾਸ਼ੇ ਸਲੋਵੋ" ਨੇ ਇਸਦਾ ਕੋਈ ਜਵਾਬ ਦਿਤਾ ਹੈ। ਅਸੀਂ ਇਸ ਗੱਲ ਵੱਲ ਧਿਆਨ ਦੁਆਇਆ ਹੈ ਕਿ ਬੁੰਦ ਦਾ ਸਟੈਂਡ ਵੀ ਉਹੋ ਹੈ, ਅਤੇ ਜਰਮਨ ਪ੍ਰੇਮੀ ਅੰਧਰਾਸ਼ਟਰਵਾਦ ਵੱਲ ਝੁਕਾਅ ਰਖਦਾ ਹੈ। ਨੇਰਵੀ ਮਤੇ ਨੇ ਇਸਨੂੰ ਅਜਿਹੇ ਢੰਗ ਨਾਲ ਸਿਧ ਕੀਤਾ ਹੈ ਜਿਹੜਾ, ਭਾਵੇਂ ਪ੍ਰੋਖ ਹੈ, ਪਰ ਬੇਹਦ ਉਘੜਵਾਂ ਹੈ: ਇਸਨੇ ਐਲਾਨ ਕੀਤਾ ਹੈ ਕਿ **ਸਿਰਫ਼** ਕੌਮਾਂਤਰੀਵਾਦੀਆਂ ਵਿਚ ਏਕਤਾ ਲਿਆਉਣਾ ਹਾਨੀਕਾਰਕ ਅਤੇ **ਦੁਫ਼ੇੜਪਾਊ** ਹੈ। ਸਵਾਲ ਨੂੰ ਅਜਿਹੀ ਸਪਸ਼ਟਤਾ ਨਾਲ ਪੇਸ਼ ਕੀਤਾ ਗਿਆ ਹੈ ਜਿਹੜੀ ਅਤਿਅੰਤ ਸ਼ਲਾਘਾਯੋਗ ਹੈ।

ਜਥੇਬੰਦਕ ਕਮੇਟੀ ਦਾ ਜਵਾਬ ਹੋਰ ਵੀ ਜ਼ਿਆਦਾ ਸਪਸ਼ਟ ਹੈ, ਜਿਹੜਾ ਮਸਲੇ ਵੱਲ ਟੇਢਾ ਵਤੀਰਾ ਨਹੀਂ, ਸਗੋਂ ਅਜਿਹਾ ਵਤੀਰਾ ਪ੍ਰਗਟ ਕਰਦਾ ਹੈ ਜਿਹੜਾ ਸਾਫ਼-ਬਿਆਨੀ ਵਾਲਾ ਅਤੇ ਰਸਮੀ ਹੈ। ਇਹ ਕਹਿੰਦਾ ਹੈ, ਸਾਨੂੰ ਸਲਾਹ ਕਰਨੀ ਚਾਹੀਦੀ ਹੈ, ਸਮਾਜੀ-ਦੇਸਭਗਤਾਂ ਤੋਂ **ਬਿਨਾਂ** ਨਹੀਂ, ਸਗੋਂ **ਉਹਨਾਂ ਦੇ ਨਾਲ**।

ਸਾਨੂੰ "ਨਾਸ਼ੇ ਸਲੋਵੋ" ਨੂੰ ਚਿੱਠੀ ਲਿਖਣ ਲਈ ਜਥੇਬੰਦਕ ਕਮੇਟੀ ਦਾ ਧੰਨਵਾਦੀ ਹੋਣਾ ਚਾਹੀਦਾ ਹੈ, ਜਿਹੜੀ ਚਿੱਠੀ ਉਸ ਜਥੇਬੰਦੀ ਬਾਰੇ ਸਾਡੀ ਰਾਏ ਦੇ ਠੀਕ ਹੋਣ ਦੀ ਪੁਸ਼ਟੀ ਕਰਦੀ ਹੈ।

ਕੀ ਇਸਦਾ ਮਤਲਬ ਇਹ ਹੈ ਕਿ ਕੌਮਾਂਤਰੀਵਾਦੀਆਂ ਨੂੰ ਇਕਮੁਠ ਕਰਨ ਦਾ "ਨਾਸ਼ੇ ਸਲੋਵੋ" ਦਾ **ਸਮੁਚਾ ਵਿਚਾਰ** ਹੀ ਠੁੱਸ ਹੋ ਗਿਆ ਹੈ? ਨਹੀਂ, ਇਸਦਾ ਮਤਲਬ ਇਹ ਨਹੀਂ। ਜਦੋਂ ਤੱਕ ਸਮਾਜੀ-ਦੇਸਭਗਤੀ ਦਾ ਮੁਕਾਬਲਾ ਕਰਨ ਲਈ ਵਿਚਾਰਧਾਰਕ ਇਕਮੁਠਤਾ ਅਤੇ ਹਾਰਦਿਕ ਇੱਛਾ ਮੌਜੂਦ ਹੈ, ਕਿੰਨੀਆਂ ਵੀ ਕਾਨਫ਼ਰੰਸਾਂ ਦੀ ਅਸਫ਼ਲਤਾ ਕੌਮਾਂਤਰੀਵਾਦੀਆਂ ਵਿਚਕਾਰ ਏਕਤਾ ਨੂੰ ਨਹੀਂ ਰੋਕ ਸਕਦੀ। "ਨਾਸ਼ੇ ਸਲੋਵੋ" ਦੇ ਸੰਪਾਦਕਾਂ ਦੇ ਹਥਾਂ ਵਿਚ ਰੋਜ਼ਾਨਾ ਅਖ਼ਬਾਰ ਦਾ ਇਕ ਮਹਾਨ ਹਥਿਆਰ ਹੈ। ਉਹ ਕਾਨਫ਼ਰੰਸਾਂ ਬੁਲਾਉਣ ਅਤੇ ਐਲਾਨ ਜਾਰੀ ਕਰਨ ਨਾਲੋਂ

ਅਥਾਹ ਤੌਰ ਉਤੇ ਵਧੇਰੇ ਕਾਰੋਬਾਰੀ ਢੰਗ ਦੀ ਅਤੇ ਗੰਭੀਰ ਗੱਲ ਕਰ ਸਕਦੇ ਹਨ; ਉਹ **ਸਾਰੇ** ਗਰੁੱਪਾਂ ਨੂੰ ਸਦਾ ਦੇ ਸਕਦੇ ਹਨ ਅਤੇ ਖ਼ੁਦ ਇਹ ਕੰਮ ਸ਼ੁਰੂ ਕਰ ਸਕਦੇ ਹਨ: (੧) ਕੌਮਾਂਤਰੀਵਾਦ ਦੇ (ਇਸ ਤੱਥ ਦੇ ਬਾਵਜੂਦ ਕਿ ਵਾਂਡਰਵੇਲਡੇ, ਕਾਊਟਸਕੀ, ਪਲੇਖ਼ਾਨੋਵ, ਲੈਂਚ ਅਤੇ ਹਾਇਨਿਸ਼ ਵੀ ਆਪਣੇ ਆਪ ਨੂੰ ਕੌਮਾਂਤਰੀਵਾਦੀ ਕਹਿੰਦੇ ਹਨ!), ਮੌਕਾਪ੍ਰਸਤੀ ਦੇ, ਦੂਜੀ ਇੰਟਰਨੈਸ਼ਨਲ ਦੇ ਢਹਿ-ਢੇਰੀ ਹੋਣ ਦੇ, ਸਮਾਜੀ-ਦੇਸਭਗਤੀ ਦਾ ਮੁਕਾਬਲਾ ਕਰਨ ਦੇ ਕਾਰਜਾਂ ਅਤੇ ਢੰਗਾਂ ਆਦਿ ਦੇ ਵਸਤੂ ਦੀਆਂ ਪੂਰੀਆਂ, ਠੀਕ ਠੀਕ, ਸਿੱਧੀਆਂ ਅਤੇ ਬਿਲਕੁਲ ਸਪਸ਼ਟ ਪ੍ਰੀਭਾਸ਼ਾਵਾਂ ਤੁਰਤ ਘੜਨੀਆਂ; (੨) ਨਾ ਸਿਰਫ਼ ਬਦੇਸਾਂ ਵਿਚ ਹੀ, ਸਗੋਂ ਮੁਖ ਤੌਰ ਉਤੇ ਰੂਸ ਵਿਚ ਨਿਸ਼ਚਿਤ ਅਸੂਲਾਂ ਲਈ ਤੀਖਣ ਘੋਲ ਲਈ ਸ਼ਕਤੀਆਂ ਇਕੱਠੀਆਂ ਕਰਨਾ।

ਬੇਸ਼ਕ, ਕੀ ਕੋਈ ਇਨਕਾਰ ਕਰ ਸਕਦਾ ਹੈ ਕਿ ਸਮਾਜੀ-ਦੇਸਭਗਤੀ ਉਤੇ ਕੌਮਾਂਤਰੀਵਾਦ ਦੀ ਜਿੱਤ ਦਾ **ਹੋਰ ਕੋਈ** ਰਾਹ ਨਹੀਂ, ਅਤੇ ਕੋਈ ਹੋਰ ਹੋ ਵੀ ਨਹੀਂ ਸਕਦਾ? ਰੂਸੀ ਰਾਜਨੀਤਕ ਪ੍ਰਵਾਸ ਦੀ ਅੱਧੀ ਸਦੀ (ਅਤੇ **ਸੋਸ਼ਲ-ਡੈਮੋਕਰੈਟਿਕ** ਪ੍ਰਵਾਸ ਦੇ ਤੀਹ ਵਰ੍ਹੇ)—ਕੀ ਇਹਨਾਂ ਨੇ ਸਿਧ ਨਹੀਂ ਕੀਤਾ ਕਿ ਬਦੇਸਾਂ ਦੇ ਸਾਰੇ ਐਲਾਨ-ਨਾਮੇ, ਕਾਨਫ਼ਰੰਸਾਂ ਆਦਿ ਨਿਰਸ਼ਕਤ, ਨਿਰਮਹੱਤਵ ਅਤੇ ਖੋਖਲੀਆਂ ਹਨ, **ਜਦੋਂ ਤੱਕ** ਰੂਸ ਵਿਚ ਕਿਸੇ ਸਮਾਜਕ ਪਰਤ ਦੀ ਕੋਈ **ਸਥਾਈ** ਲਹਿਰ ਇਹਨਾਂ ਦੀ ਹਮਾਇਤ ਨਹੀਂ ਕਰਦੀ? ਕੀ ਅਜੋਕੀ ਜੰਗ ਵੀ ਸਾਨੂੰ ਇਹ ਨਹੀਂ ਸਿਖਾਉਂਦੀ ਕਿ ਸਾਰਾ ਕੁਝ ਵੀ ਕੱਚਾ ਅਤੇ ਗਲ-ਸੜ ਰਿਹਾ ਹੈ, ਜਿਹੜਾ ਰਵਾਇਤੀ ਜਾਂ ਰਾਜਦੂਤਕ ਹੈ, ਪਹਿਲੇ ਝਟਕੇ ਨਾਲ ਹੀ ਢਹਿ-ਢੇਰੀ ਹੋ ਜਾਏਗਾ?

ਜੰਗ ਦੇ ਅੱਠ ਮਹੀਨਿਆਂ ਦੇ ਦੌਰਾਨ, **ਸਾਰੇ** ਸੋਸ਼ਲ-ਡੈਮੋਕਰੈਟਿਕ ਕੇਂਦਰਾਂ, ਗਰੁੱਪਾਂ, ਲਹਿਰਾਂ, ਅਤੇ ਵਿਚਾਰਾਂ ਦੀਆਂ ਵੰਨਗੀਆਂ ਵਾਲਿਆਂ ਨੇ ਹਰ ਜਣੇ-ਖਣੇ ਨਾਲ ਕਾਨਫ਼ਰੰਸਾਂ ਕੀਤੀਆਂ ਹਨ, ਅਤੇ "ਐਲਾਨ-ਨਾਮੇ" ਲੈ ਕੇ ਸਾਮ੍ਹਣੇ ਆਏ ਹਨ, ਅਰਥਾਤ, ਆਪਣੀਆਂ ਰਾਵਾਂ ਨੂੰ ਜਨਤਾ ਦੇ ਗਿਆਨ ਵਿਚ ਲਿਆਂਦਾ ਹੈ। ਅੱਜ ਕਾਰਜ ਵਖਰਾ ਹੈ, ਅਤੇ **ਅਮਲ ਦੇ ਵਧੇਰੇ ਨੇੜੇ ਹੈ: ਗੂੰਜਵੇਂ** ਐਲਾਨਾਂ ਅਤੇ ਕਾਨਫ਼ਰੰਸਾਂ ਉਤੇ ਵਧੇਰੇ ਬੇਵਿਸਾਹੀ; ਲੇਖਕਾਂ, ਪ੍ਰਚਾਰਕਾਂ, ਅੰਦੋਲਨਕਾਰੀਆਂ, ਅਤੇ ਸਾਰੇ ਸੋਚਣ ਵਾਲੇ ਮਜ਼ਦੂਰਾਂ ਲਈ ਠੀਕ ਠੀਕ ਜਵਾਬ ਅਤੇ ਸਲਾਹ ਕਾਇਮ ਕਰਨ ਉਤੇ ਵਧੇਰੇ ਜ਼ੋਰ ਲਾਉਣਾ, ਜੋ ਇਸ ਢੰਗ ਨਾਲ ਲਿਖੇ ਗਏ ਹੋਣ ਕਿ ਸਮਝ ਆਏ **ਬਿਨਾਂ ਨਾ ਰਹਿ ਸਕਣ**; ਇਹੋ ਜਿਹੀ ਸਲਾਹ ਨੂੰ ਅਮਲ ਵਿਚ ਲਿਆਉਣ ਲਈ ਲੰਮੀ ਮੁੱਦਤ ਦੇ ਯਤਨ ਵਾਸਤੇ ਸ਼ਕਤੀਆਂ ਇਕੱਠੀਆਂ ਕਰਨ ਵਿਚ ਵਧੇਰੇ ਸਪਸ਼ਟਤਾ ਅਤੇ ਮੰਤਵਭਰਪੂਰਤਾ।

ਅਸੀਂ ਦੁਹਰਾਉਂਦੇ ਹਾਂ, "ਨਾਸ਼ੇ ਸਲੋਵੋ" ਦੇ ਸੰਪਾਦਕਾਂ ਨੂੰ ਬਹੁਤ ਕੁਝ ਦਿਤਾ ਜਾ ਚੁੱਕਾ ਹੈ—ਆਖ਼ਰ, ਉਹਨਾਂ ਕੋਲ ਰੋਜ਼ਾਨਾ ਅਖ਼ਬਾਰ ਹੈ!—ਅਤੇ ਉਹਨਾਂ ਨੂੰ

ਬਹੁਤ ਕੁਝ ਦਾ ਜਵਾਬ ਦੇਣਾ ਪਵੇਗਾ ਜੇ ਉਹ ਇਸ "ਘਟ ਤੋਂ ਘਟ ਪ੍ਰੋਗਰਾਮ" ਨੂੰ ਵੀ ਅਮਲ ਵਿਚ ਲਿਆਉਣ ਵਿਚ ਅਸਫ਼ਲ ਰਹਿੰਦੇ ਹਨ।

ਇਕ ਅਖ਼ੀਰੀ ਟਿਪਣੀ: ਮਈ ੧੯੧੦ ਵਿਚ, ਪੂਰੇ ਪੰਜ ਵਰ੍ਹੇ ਪਹਿਲਾਂ, ਅਸੀਂ ਬਦੇਸਾਂ ਦੇ ਆਪਣੇ ਅਖ਼ਬਾਰਾਂ ਵਿਚ, ਕਈ **ਬਹੁਤ** "ਸ਼ਕਤੀਸ਼ਾਲੀ" ਸੋਸ਼ਲ-ਡੈਮੋਕਰੈਟਿਕ ਕੇਂਦਰਾਂ ਦੀਆਂ ਕਾਨਫ਼ਰੰਸਾਂ ਅਤੇ ਐਲਾਨ-ਨਾਮਿਆਂ ਤੋਂ ਵੀ "ਕਿਤੇ ਜ਼ਿਆਦਾ ਮਹੱਤਤਾ ਵਾਲੇ" ਇਕ ਬੇਹਦ ਉਘੇ ਰਾਜਸੀ ਤੱਥ ਦਾ ਜ਼ਿਕਰ ਕੀਤਾ ਸੀ, ਅਰਥਾਤ, ਰੂਸ ਵਿਚ **ਉਸੇ ਹੀ** X. Y. Z. ਰਸਾਲੇ ਵਿਚ ਕੰਮ ਕਰਦੇ ਕਾਨੂੰਨਵਾਦੀ ਲੇਖਕਾਂ ਦੇ ਟੋਲੇ ਦੇ ਕਾਇਮ ਹੋਣ ਦੇ ਤੱਥ ਦਾ। ਇਹਨਾਂ ਪੰਜਾਂ ਵਰ੍ਹਿਆਂ ਦੇ ਦੌਰਾਨ, ਜਿਹੜੇ ਰੂਸ ਵਿਚ ਅਤੇ ਸਾਰੀ ਦੁਨੀਆਂ ਵਿਚ ਕਿਰਤੀ ਲਹਿਰ ਦੇ ਇਤਿਹਾਸ ਵਿਚ ਇੰਨੇਂ ਘਟਨਾ-ਭਰਪੂਰ ਸਾਲ ਸਨ, **ਤੱਥਾਂ** ਨੇ ਕੀ ਦਰਸਾਇਆ ਹੈ? ਕੀ ਤਥਾਂ ਨੇ ਇਹ ਨਹੀਂ ਦਰਸਾਇਆ ਕਿ ਰੂਸ ਵਿਚ ("ਯੂਰਪੀ" ਢੰਗ ਦੀ!) **ਕੌਮੀ ਉਦਾਰਵਾਦੀ-ਕਿਰਤੀ ਪਾਰਟੀ** ਦੇ ਅਨਸਰਾਂ ਨੂੰ ਇਕੱਠਿਆਂ ਕਰਨ ਲਈ ਨਿਸ਼ਚਿਤ **ਸਮਾਜੀ** ਕੇਂਦਰਿਕ ਹੈ? ਇਹ ਹਕੀਕਤ ਕਿ, "ਵੋਪਰੋਸੀ ਸਤਰਾਖ਼ੋਵਾਨੀਯਾ"[69] ਤੋਂ ਬਿਨਾਂ, ਰੂਸ ਵਿਚ ਅਸੀਂ ਸਿਰਫ਼ ਇਸੇ ਰੁਝਾਣ ਦਾ **ਹੀ**, "ਨਾਸ਼ੇ ਦੀਏਲੋ", "ਸਤਰਾਖ਼ੋਵਾਨੀਯੇ ਰਾਬੋਚੀਖ਼", "ਸੇਵੇਰਨੀ ਗੋਲੋਸ",[70] ਮਾਸਲੋਵ ਅਤੇ ਪਲੇਖਾਨੋਵ ਦਾ ਹੀ, **ਖੁਲ੍ਹਾ** ਪ੍ਰਗਟਾਅ ਦੇਖਦੇ ਹਾਂ, ਸਾਰੇ ਸੋਸ਼ਲਿਸਟ-ਡੈਮੋਕਰੈਟਾਂ ਉਤੇ ਕਿਹੜੇ ਸਿੱਟੇ ਠੋਸਦੀ ਹੈ?

ਇਸ ਲਈ ਅਸੀਂ ਦੁਹਰਾਉਂਦੇ ਹਾਂ: ਗੂੰਜਵੇਂ ਐਲਾਨਾਂ ਉਤੇ ਵਧੇਰੇ ਬੇਵਿਸਾਹੀ, ਅਤੇ ਗੰਭੀਰ ਰਾਜਨੀਤਕ ਯਥਾਰਥਾਂ ਦਾ ਮੁਕਾਬਲਾ ਕਰਨ ਵਿਚ ਵਧੇਰੇ ਦਲੇਰੀ।

੧ ਮਈ, ੧੯੧੫ ਨੂੰ
"ਸੋਤਸੀਆਲ-ਦੈਮੋਕਰਾਤ"
ਨੰ: ੪੧ ਵਿਚ ਛਪਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬,
ਪੰਨੇ ੧੮੭-੧੯੧

# ਜੰਗ ਬਾਰੇ ਮੁਖ ਜਰਮਨ ਮੌਕਾਪ੍ਰਸਤ ਕਿਰਤ

## ਵਿਚੋਂ

ਜੋ ਕੁਝ ਕੌਮਾਂਤਰੀ ਹੈ, ਉਹ ਕੌਮ-ਵਿਰੋਧੀ ਬਿਲਕੁਲ ਨਹੀਂ; ਅਸੀਂ ਕੌਮਾਂ ਦੇ ਸਵੈ-ਪ੍ਰਗਟਾਅ ਦੇ ਹੱਕ ਦਾ ਸਮਰਥਨ ਕਰਦੇ ਹਾਂ; ਅਸੀਂ ਕਮਜ਼ੋਰ ਕੌਮਾਂ ਦੇ ਦਬਾਏ ਜਾਣ ਦੇ ਖ਼ਿਲਾਫ਼ ਹਾਂ, ਡੇਵਿਡ ਦਾਅਵਾ ਕਰਦਾ ਹੈ, ਇਹ ਸਮਝਣ ਤੋਂ ਅਸਮਰਥ ਰਹਿੰਦਿਆਂ (ਜਾਂ ਨਾ ਸਮਝਣ ਦਾ ਬਹਾਨਾ ਕਰਦਿਆਂ) ਕਿ ਸਾਮਰਾਜੀ ਜੰਗ ਵਿਚ ਸ਼ਮੂਲੀਅਤ ਨੂੰ ਯੋਗ ਸਿਧ ਕਰਨ ਅਤੇ ਇਸ ਜੰਗ ਵਿਚ "ਹਾਰ-ਵਿਰੋਧ" ਦਾ ਨਾਅਰਾ ਦੇਣ ਦਾ ਮਤਲਬ ਨਾ ਸਿਰਫ਼ ਸੋਸ਼ਲਿਸਟ-ਵਿਰੋਧੀ ਵਜੋਂ ਹੀ, ਸਗੋਂ ਕੌਮ-ਵਿਰੋਧੀ ਨੀਤੀਵਾਨ ਵਜੋਂ ਵੀ ਕਾਰਵਾਈ ਕਰਨਾ ਹੈ। ਕਿਉਂਕਿ ਅਜੋਕੀ ਸਾਮਰਾਜੀ ਜੰਗ ਵੱਡੀਆਂ ਤਾਕਤਾਂ ਵਿਚਕਾਰ (ਅਰਥਾਤ, ਉਹਨਾਂ ਤਾਕਤਾਂ ਵਿਚਕਾਰ ਜਿਹੜੀਆਂ ਕਈ ਦੂਜੀਆਂ ਕੌਮਾਂ ਨੂੰ ਦਬਾਉਂਦੀਆਂ ਹਨ) ਜੰਗ ਹੈ, ਜਿਹੜੀ ਨਵੀਆਂ ਕੌਮਾਂ ਨੂੰ ਦਬਾਉਣ **ਦੇ ਮੰਤਵ ਨਾਲ** ਲੜੀ ਜਾ ਰਹੀ ਹੈ। ਸੋਸ਼ਲਿਸਟ ਰਾਜਨੇਤਾ ਬਣੇ ਤੋਂ ਬਿਨਾਂ ਅਰਥਾਤ ਦਬਾਈਆਂ ਕੌਮਾਂ ਦੇ ਆਜ਼ਾਦ ਹੋਣ ਦੇ, ਉਹਨਾਂ ਨੂੰ ਦਬਾਉਣ ਵਾਲੀਆਂ ਵੱਡੀਆਂ ਤਾਕਤਾਂ ਤੋਂ ਅੱਡ ਹੋਣ ਦੇ ਹੱਕ ਨੂੰ ਮੰਨਣ ਤੋਂ ਬਿਨਾਂ, ਇਕ ਸਾਮਰਾਜੀ ਜੰਗ ਵਿਚ ਕੋਈ "ਕੌਮੀ" ਨਹੀਂ ਹੋ ਸਕਦਾ। ਸਾਮਰਾਜ ਦੇ ਯੁਗ ਵਿਚ, ਦੁਨੀਆਂ ਦੀਆਂ **ਬਹੁਤੀਆਂ** ਕੌਮਾਂ ਲਈ **ਮੁਕਤੀ** ਦਾ ਹੋਰ ਕੋਈ ਰਾਹ ਨਹੀਂ, ਸਿਵਾਏ ਵੱਡੀਆਂ ਤਾਕਤਾਂ ਦੇ ਪ੍ਰੋਲਤਾਰੀ ਵਲੋਂ ਕੀਤੀ ਗਈ ਇਨਕਲਾਬੀ ਕਾਰਵਾਈ ਦੇ ਰਾਹ ਦੇ, ਜਿਹੜੀ ਕੌਮੀਅਤ ਦੀਆਂ ਹੱਦਾਂ ਤੋਂ ਪਰ੍ਹੇ ਤੱਕ ਫੈਲ ਜਾਏ, ਉਹਨਾਂ ਹੱਦਾਂ ਨੂੰ ਤੋੜ ਸੁੱਟੇ, ਅਤੇ ਕੌਮਾਂਤਰੀ ਬੁਰਜੂਆਜ਼ੀ ਦਾ ਤਖ਼ਤਾ ਉਲਟਾ ਦੇਵੇ। ਜਦੋਂ ਤੱਕ ਬੁਰਜੂਆਜ਼ੀ ਦਾ ਤਖ਼ਤਾ ਨਹੀਂ ਉਲਟਦਾ, ਉਦੋਂ ਤੱਕ ਵੱਡੀਆਂ ਤਾਕਤਾਂ ਵਜੋਂ ਜਾਣੀਆਂ ਜਾਂਦੀਆਂ ਕੌਮਾਂ ਰਹਿਣਗੀਆਂ, **ਅਰਥਾਤ**, ਕੁੱਲ ਦੁਨੀਆਂ ਦੀਆਂ ੯/੧੦ ਕੌਮਾਂ ਉਤੇ ਜਬਰ ਕੀਤਾ ਜਾਂਦਾ ਰਹੇਗਾ। ਬੁਰਜੂਆਜ਼ੀ ਦਾ ਤਖ਼ਤਾ ਉਲਟਣ ਨਾਲ ਹਰ ਤਰ੍ਹਾਂ ਦੀਆਂ ਕੌਮੀ **ਵੰਡਾਂ** ਦਾ ਖ਼ਤਮ ਹੋਣਾ ਬਹੁਤ ਜ਼ਿਆਦਾ ਤੇਜ਼ ਹੋ ਜਾਏਗਾ, ਅਤੇ ਇਸ ਨਾਲ ਆਤਮਕ ਜੀਵਨ ਦੇ ਧਨ ਅਤੇ ਭਿੰਨਤਾ ਦੇ, ਵਿਚਾਰਧਾਰਕ ਰੁਝਾਨਾਂ ਦੇ, ਝੁਕਾਆਂ ਅਤੇ

ਵੰਨਗੀਆਂ ਦੇ ਅਰਥਾਂ ਵਿਚ, ਮਨੁਖਤਾ ਦਾ "ਵਿਭੇਦੀਕਰਨ" ਘਟੇਗਾ ਨਹੀਂ ਸਗੋਂ, ਇਸਦੇ ਉਲਟ, ਲੱਖਾਂ ਗੁਣਾ ਵਧੇਗਾ।

ਜੂਨ-ਜੁਲਾਈ ੧੯੧੫
ਵਿਚ ਲਿਖਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੨੬,
ਪੰਨਾ ੨੮੧

# ਅਮਨ ਦਾ ਸਵਾਲ

## ਵਿਚੋਂ

ਜੇ ਕੌਮਾਂ ਦੀ ਆਜ਼ਾਦੀ ਲਈ ਮੰਗ ਨੇ **ਕੁਝ ਇਕੱਲੇ ਇਕੱਲੇ** ਦੇਸਾਂ ਦੇ ਸਾਮਰਾਜ ਅਤੇ ਕੌਮਪ੍ਰਸਤੀ ਨੂੰ ਢੁਕਦੀ ਝੂਠੀ ਲਫਾਜ਼ੀ ਨਹੀਂ ਬਣ ਜਾਣਾ, ਤਾਂ ਇਹ ਮੰਗ **ਸਾਰੀਆਂ** ਕੌਮਾਂ ਅਤੇ **ਸਾਰੀਆਂ** ਬਸਤੀਆਂ ਉਤੇ ਲਾਗੂ ਕੀਤੀ ਜਾਣੀ ਚਾਹੀਦੀ ਹੈ। ਪਰ ਇਹੋ ਜਿਹੀ ਮੰਗ ਪ੍ਰਤੱਖ ਤੌਰ ਉਤੇ ਨਿਰਾਰਥਕ ਹੈ ਜੇ ਇਸਦੇ ਨਾਲ ਨਾਲ **ਸਾਰੇ** ਉੱਨਤ ਦੇਸਾਂ ਵਿਚ ਕਈ ਇਨਕਲਾਬ **ਨਹੀਂ** ਲਿਆਂਦੇ ਜਾਂਦੇ। ਨਾਲ ਹੀ, ਸਫਲ **ਸੋਸ਼ਲਿਸਟ** ਇਨਕਲਾਬ ਤੋਂ ਬਿਨਾਂ ਇਸਨੂੰ ਪੂਰਿਆ ਨਹੀਂ ਕੀਤਾ ਜਾ ਸਕਦਾ।

ਕੀ ਇਸਦਾ ਇਹ ਮਤਲਬ ਸਮਝਿਆ ਜਾਏ ਕਿ ਸੋਸ਼ਲਿਸਟ ਅਮਨ ਲਈ ਮੰਗ ਵੱਲ ਬੇਧਿਆਨ ਰਹਿ ਸਕਦੇ ਹਨ, ਜਿਹੜੀ ਲੋਕਾਂ ਦੇ ਦਿਨੋ ਦਿਨ ਵਧਦੇ ਸਮੂਹਾਂ ਵਲੋਂ ਆ ਰਹੀ ਹੈ? ਬਿਲਕੁਲ ਨਹੀਂ। ਮਜ਼ਦੂਰਾਂ ਦੇ ਜਮਾਤੀ ਚੇਤਨਤਾ ਵਾਲੇ ਹਰਾਵਲ ਦਸਤੇ ਦੇ ਨਾਅਰੇ ਇਕ ਗੱਲ ਹਨ ਜਦ ਕਿ ਜਨਤਾ ਦੀਆਂ ਆਪਮੁਹਾਰੀਆਂ ਮੰਗਾਂ ਬਿਲਕੁਲ ਵਖਰੀ ਗੱਲ ਹਨ। ਅਮਨ ਲਈ ਸਿੱਕ ਇਹ ਪ੍ਰਗਟ ਕਰਦੇ ਅਤਿ ਮਹੱਤਵਪੂਰਨ **ਸੰਕੇਤਾਂ** ਵਿਚੋਂ ਇਕ ਹੈ, ਕਿ "ਆਜ਼ਾਦੀ ਦੀ ਜੰਗ," "ਪਿਤਰੀ-ਭੂਮੀ ਦੀ ਰਾਖੀ" ਬਾਰੇ ਬੁਰਜੂਆ ਝੂਠ, ਅਤੇ ਇਹੋ ਜਿਹੇ ਹੋਰ ਝੂਠਾਂ ਵਿਚ, ਜਿਨ੍ਹਾਂ ਨਾਲ ਸਰਮਾਇਦਾਰਾਂ ਦੀ ਜਮਾਤ ਭੀੜ ਨੂੰ ਛਲਦੀ ਹੈ, **ਨਿਰਾਸਤਾ** ਦਾ ਆਰੰਭ ਹੋ ਗਿਆ ਹੈ। ਇਸ ਸੰਕੇਤ ਨੂੰ ਸੋਸ਼ਲਿਸਟਾਂ ਦਾ ਡੂੰਘਾ ਧਿਆਨ ਖਿੱਚਣਾ ਚਾਹੀਦਾ ਹੈ। ਸਾਰੇ ਯਤਨ ਅਮਨ ਲਈ ਜਨਤਾ ਦੀ ਇੱਛਾ ਨੂੰ **ਵਰਤਣ** ਵੱਲ ਮੋੜੇ ਜਾਣੇ ਚਾਹੀਦੇ ਹਨ। ਪਰ ਇਸਨੂੰ **ਕਿਵੇਂ** ਵਰਤਿਆ ਜਾਏ? ਅਮਨ ਦੇ **ਨਾਅਰੇ** ਨੂੰ ਮਾਨਤਾ ਦੇਣ ਅਤੇ ਇਸਨੂੰ ਦੁਹਰਾਉਣ ਦਾ ਮਤਲਬ "ਬਲਹੀਣ (ਅਤੇ ਅਕਸਰ ਇਸ ਤੋਂ ਵੀ ਮਾੜੇ: **ਦੰਭੀ**) ਫ਼ਿਕਰੇਬਾਜ਼ਾਂ ਦੀ ਦਿਖਾਵੇਭਰੀ ਫੂੰ-ਫਾਂ" ਨੂੰ ਉਤਸ਼ਾਹ ਦੇਣਾ ਹੋਵੇਗਾ। ਇਸਦਾ ਮਤਲਬ ਹੋਵੇਗਾ ਲੋਕਾਂ ਨੂੰ ਇਸ ਭੁਲੇਖੇ ਨਾਲ **ਧੋਖਾ ਦੇਣਾ** ਕਿ ਅਜੋਕੀਆਂ ਸਰਕਾਰਾਂ, ਅਜੋਕੀਆਂ ਮਾਲਕ ਜਮਾਤਾਂ ਬਿਨਾਂ ਇਨਕਲਾਬਾਂ ਦੀ ਲੜੀ ਰਾਹੀਂ ਸੜਕ "ਸਿਖਾਏ" ਜਾਣ ਦੇ (ਜਾਂ, ਸਗੋਂ ਬਿਨਾਂ ਮਿਟਾਏ ਜਾਣ ਦੇ) ਅਮਨ ਕਰਨ ਦੇ **ਸਮਰੱਥ** ਹਨ, ਜਿਹੜਾ ਕਿਸੇ ਤਰ੍ਹਾਂ

ਵੀ ਜਮਹੂਰੀਅਤ ਅਤੇ ਮਜ਼ਦੂਰ ਜਮਤ ਲਈ ਸੰਤੋਖਜਨਕ ਹੋਵੇ। ਇਹੋ ਜਿਹੇ ਧੋਖੇ ਨਾਲੋਂ ਵਧੇਰੇ ਹਾਨੀਕਾਰਕ ਗੱਲ ਹੋਰ ਕੋਈ ਨਹੀਂ। ਕਿਰਤੀਆਂ ਦੀਆਂ ਅੱਖਾਂ ਵਿਚ ਇਸ ਤੋਂ ਵਧੇਰੇ ਹੋਰ ਕੋਈ ਗੱਲ ਘੱਟਾ ਨਹੀਂ ਪਾਉਂਦੀ, ਹੋਰ ਕੋਈ ਗੱਲ ਉਹਨਾਂ ਵਿਚ ਸਰਮਾਇਦਾਰੀ ਅਤੇ ਸੋਸ਼ਲਿਜ਼ਮ ਵਿਚਕਾਰ **ਡੂੰਘੀਆਂ** ਵਿਰੋਧਤਾਈਆਂ ਦੀ **ਅਣਹੋਂਦ** ਬਾਰੇ ਵਧੇਰੇ ਧੋਖੇ-ਭਰਿਆ ਵਿਚਾਰ ਨਹੀਂ ਭਰਦੀ, ਸਰਮਾਇਦਾਰਾਨਾ ਗ਼ੁਲਾਮੀ ਨੂੰ ਇਸ ਧੋਖੇ ਨਾਲੋਂ ਵਧੇਰੇ ਹੋਰ ਕੋਈ ਵੀ ਗੱਲ ਨਹੀਂ **ਸਜਾਉਂਦੀ।** ਨਹੀਂ, ਸਾਨੂੰ ਅਮਨ ਦੀ ਇੱਛਾ ਦੀ ਵਰਤੋਂ ਜਨਤਾ ਨੂੰ ਇਹ ਸਮਝਾਉਣ ਲਈ ਕਰਨੀ ਚਾਹੀਦੀ ਹੈ ਕਿ ਅਮਨ ਤੋਂ ਜਿਨ੍ਹਾਂ ਲਾਭਾਂ ਦੀ ਉਹ ਆਸ ਰਖਦੇ ਹਨ, ਉਹ ਇਨਕਲਾਬਾਂ ਦੀ ਲੜੀ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ।

ਜੰਗਾਂ ਦਾ ਅੰਤ, ਕੌਮਾਂ ਵਿਚਕਾਰ ਅਮਨ, ਮਾਰਧਾੜ ਅਤੇ ਹਿੰਸਾ ਬੰਦ ਕਰਨਾ— ਇਹ ਹੈ ਸਾਡਾ ਆਦਰਸ਼, ਪਰ ਸਿਰਫ਼ ਬੁਰਜੂਆ ਕੁਤਰਕਵਾਦੀ ਹੀ ਜਨਤਾ ਨੂੰ ਇਸ ਆਦਰਸ਼ ਨਾਲ ਛਲ ਸਕਦੇ ਹਨ, ਜੇ ਇਹ ਆਦਰਸ਼ ਇਨਕਲਾਬੀ ਕਾਰਵਾਈ ਲਈ ਸਿਧੇ ਅਤੇ ਤੁਰਤ ਨਾਅਰੇ ਨਾਲੋਂ ਵੱਖ ਹੋਇਆ ਹੋਇਆ ਹੈ। ਇਹੋ ਜਿਹੇ ਪ੍ਰਚਾਰ ਲਈ ਜ਼ਮੀਨ ਤਿਆਰ ਕੀਤੀ ਜਾ ਚੁੱਕੀ ਹੈ; ਇਹੋ ਜਿਹੇ ਪ੍ਰਚਾਰ ਨੂੰ ਅਮਲ ਵਿਚ ਲਿਆਉਣ ਲਈ ਲੋੜ ਸਿਰਫ਼ ਮੌਕਾਪ੍ਰਸਤਾਂ ਨਾਲੋਂ, ਬੁਰਜੂਆਜ਼ੀ ਦੇ ਉਹਨਾਂ ਇਤਿਹਾਦੀਆਂ ਨਾਲੋਂ, ਨਾਤਾ ਤੋੜਨ ਦੀ ਹੈ, ਜਿਹੜੇ ਅਪ੍ਰੋਖ ਤਰ੍ਹਾਂ ਵੀ (ਅਧਿਕਾਰੀਆਂ ਤੱਕ ਸੂਚਨਾ ਪੁਚਾਉਣ ਦੀ ਹੱਦ ਤੱਕ ਵੀ) ਅਤੇ ਪ੍ਰੋਖ ਤਰ੍ਹਾਂ ਵੀ ਇਨਕਲਾਬੀ ਕੰਮ ਵਿਚ ਰੁਕਾਵਟ ਪਾ ਰਹੇ ਹਨ।

ਸਰਮਾਇਦਾਰੀ ਦੇ ਸਾਮਰਾਜੀ ਦੌਰ ਦੇ **ਸੰਬੰਧ ਵਿਚ** ਕੌਮਾਂ ਦੇ ਆਤਮ-ਨਿਰਣੇ ਦਾ ਨਾਅਰਾ ਵੀ ਦਿਤਾ ਜਾਣਾ ਚਾਹੀਦਾ ਹੈ। ਅਸੀਂ ਜਿਵੇਂ ਹੈ, ਉਵੇਂ ਰਹੇ ਦੇ ਹੱਕ ਵਿਚ, ਜਾਂ ਮਹਾਨ ਜੰਗਾਂ ਵਿਚ **ਇਕ ਪਾਸੇ ਖੜੇ ਰਹਿਣ** ਦੇ ਤੰਗਨਜ਼ਰ ਯੂਟੋਪੀਆ ਦੇ ਹੱਕ ਵਿਚ ਨਹੀਂ। ਅਸੀਂ ਸਾਮਰਾਜ, ਅਰਥਾਤ, ਸਰਮਾਇਦਾਰੀ ਦੇ ਖ਼ਿਲਾਫ਼ ਇਨਕਲਾਬੀ ਘੋਲ ਦੇ ਹੱਕ ਵਿਚ ਹਾਂ*। ਸਾਮਰਾਜ ਦਾ ਅਰਥ ਅਜਿਹੀਆਂ ਕੌਮਾਂ ਵਲੋਂ, ਜਿਹੜੀਆਂ ਕਈ ਦੂਜੀਆਂ ਕੌਮਾਂ ਉਤੇ ਜਬਰ ਕਰਦੀਆਂ ਹਨ, ਉਸ ਜਬਰ ਨੂੰ ਫੈਲਾਉਣਾ ਅਤੇ ਵਧਾਉਣਾ ਹੈ, ਅਤੇ ਬਸਤੀਆਂ ਦੀ ਮੁੜ ਵੰਡ ਕਰਨਾ ਹੈ। ਇਹੀ ਕਾਰਨ ਹੈ ਕਿ ਅੱਜ ਕੌਮਾਂ ਦੇ ਆਤਮ-ਨਿਰਣੇ ਦਾ ਸਵਾਲ **ਦਬਾਉਣ ਵਾਲੀਆਂ** ਕੌਮਾਂ ਦੇ ਸੋਸ਼ਲਿਸਟਾਂ ਦੇ ਵਤੀਰੇ ਉਤੇ **ਟਿਕਿਆ ਹੋਇਆ** ਹੈ। ਦਬਾਉਣ ਵਾਲੀ ਕਿਸੇ

---

*ਇਸ ਤੋਂ ਪਿਛੋਂ ਇਹ ਵਾਕ ਲੈਨਿਨ ਨੇ ਮੂਲ ਵਿਚੋਂ ਕੱਟ ਦਿਤਾ ਹੈ: "ਪਰ ਇਸ ਪਾਸੇ ਵੱਲ ਪ੍ਰਚਾਰ, ਸਚਮੁਚ ਇਨਕਲਾਬੀ ਪ੍ਰਚਾਰ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦੇ ਮਸਲੇ ਦੀ **ਸੋਸ਼ਲਿਸਟ** ਪੇਸ਼ਕਾਰੀ ਤੋਂ ਬਿਨਾਂ ਅਸੰਭਵ ਹੈ।"—**ਸੰਪਾ:**

ਵੀ ਕੌਮ (ਬਰਤਾਨੀਆ, ਫ਼ਰਾਂਸ, ਜਰਮਨੀ, ਜਾਪਾਨ, ਰੂਸ, ਅਮਰੀਕਾ ਆਦਿ) ਦਾ ਸੋਸ਼ਲਿਸਟ, ਜਿਹੜਾ ਦਬਾਈਆਂ ਹੋਈਆਂ ਕੌਮਾਂ ਦੇ ਆਤਮ-ਨਿਰਣੇ ਦੇ ਹੱਕ (ਅਰਥਾਤ, ਵੱਖ ਹੋਣ ਦੇ ਹੱਕ) ਨੂੰ ਨਹੀਂ ਮੰਨਦਾ ਅਤੇ ਇਸ ਲਈ ਘੋਲ ਨਹੀਂ ਕਰਦਾ, ਉਹ ਅਸਲ ਵਿਚ ਅੰਧਰਾਸ਼ਟਰਵਾਦੀ ਹੈ, ਸੋਸ਼ਲਿਸਟ ਨਹੀਂ।

ਸਿਰਫ ਇਹ ਦ੍ਰਿਸ਼ਟੀਕੋਣ ਹੀ ਸਾਮਰਾਜ ਦੇ ਖ਼ਿਲਾਫ਼ ਸੱਚੇ ਅਤੇ ਇਕਸਾਰ ਘੋਲ ਵੱਲ, ਕੌਮੀ ਸਵਾਲ ਵੱਲ ਸਾਡੇ ਯੁਗ ਵਿਚ ਇਕ ਪ੍ਰੋਲਤਾਰੀ, ਨਾ ਕਿ ਤੰਗਨਜ਼ਰ ਪਹੁੰਚ ਵੱਲ ਲਿਜਾ ਸਕਦਾ ਹੈ। ਸਿਰਫ਼ ਇਹ ਦ੍ਰਿਸ਼ਟੀਕੋਣ ਹੀ ਕੌਮਾਂ ਉਤੇ ਜਬਰ ਦੇ ਕਿਸੇ ਵੀ ਰੂਪ ਦਾ ਵਿਰੋਧ ਕਰਨ ਦੇ ਅਸੂਲ ਨੂੰ ਇਕਸਾਰ ਤਰ੍ਹਾਂ ਅਮਲ ਵਿਚ ਲਿਆਉਣ ਵੱਲ ਲਿਜਾ ਸਕਦਾ ਹੈ; ਇਹ ਦਬਾਈਆਂ ਅਤੇ ਦਬਾਉਣ ਵਾਲੀਆਂ ਕੌਮਾਂ ਦੇ ਪ੍ਰੋਲਤਾਰੀ ਵਿਚਕਾਰ ਬੇਵਿਸਾਹੀ ਦੂਰ ਕਰਦਾ ਹੈ, ਸਰਮਾਇਦਾਰੀ ਹੇਠ ਆਮ ਤੌਰ ਉਤੇ ਸਾਰੇ ਛੋਟੇ ਰਾਜਾਂ ਦੀ ਆਜ਼ਾਦੀ ਦੇ ਤੰਗਨਜ਼ਰ ਯੂਟੋਪੀਆ ਤੋਂ ਬਿਲਕੁਲ ਵੱਖ, ਸੋਸ਼ਲਿਸਟ ਇਨਕਲਾਬ ਲਈ (ਅਰਥਾਤ, ਪੂਰਨ ਕੌਮੀ ਬਰਾਬਰੀ ਦੇ ਇਕੋ ਇਕ ਪ੍ਰਾਪਤ-ਕਰਨਯੋਗ ਨਿਜ਼ਾਮ ਲਈ) ਇਕਮੁਠ ਕੌਮਾਂਤਰੀ ਘੋਲ ਲਈ ਰਾਹ ਬਣਾਉਂਦਾ ਹੈ।

ਇਹ ਹੈ ਸਾਡੀ ਪਾਰਟੀ ਵਲੋਂ, ਅਰਥਾਤ ਰੂਸ ਦੇ ਉਹਨਾਂ ਸੋਸ਼ਲ-ਡੈਮੋਕਰੈਟਾਂ ਵਲੋਂ ਅਪਣਾਇਆ ਗਿਆ ਦ੍ਰਿਸ਼ਟੀਕੋਣ, ਜਿਹੜੇ ਕੇਂਦਰੀ ਕਮੇਟੀ ਦੁਆਲੇ ਇਕੱਠੇ ਹੋ ਗਏ ਹਨ। ਇਹ ਸੀ ਮਾਰਕਸ ਵਲੋਂ ਅਪਣਾਇਆ ਗਿਆ ਦ੍ਰਿਸ਼ਟੀਕੋਣ, ਜਦੋਂ ਉਸਨੇ ਪ੍ਰੋਲਤਾਰੀਆਂ ਨੂੰ ਸਿਖਾਇਆ ਕਿ "ਜੇ ਇਹ ਦੂਜੀਆਂ ਕੌਮਾਂ ਨੂੰ ਦਬਾਉਂਦੀ ਹੈ ਤਾਂ ਕੋਈ ਕੌਮ ਆਜ਼ਾਦ ਨਹੀਂ ਹੋ ਸਕਦੀ।" ਇਸੇ ਦ੍ਰਿਸ਼ਟੀਕੋਣ ਤੋਂ ਹੀ ਮਾਰਕਸ ਨੇ ਆਇਰਲੈਂਡ ਦੇ ਬਰਤਾਨੀਆ ਤੋਂ ਵੱਖ ਕੀਤੇ ਜਾਣ ਦੀ ਮੰਗ ਕੀਤੀ, ਤੇ ਇਹ ਨਾ ਸਿਰਫ਼ ਆਇਰਿਸ਼ ਮਜ਼ਦੂਰਾਂ ਦੀ ਹੀ, ਸਗੋਂ ਖ਼ਾਸ ਤੌਰ ਉਤੇ **ਬਰਤਾਨਵੀ** ਮਜ਼ਦੂਰਾਂ ਦੀ ਆਜ਼ਾਦੀ ਦੀ ਲਹਿਰ ਦੇ ਹੱਕ ਵਿਚ ਸੀ।

ਜੇ ਬਰਤਾਨੀਆ ਦੇ ਸੋਸ਼ਲਿਸਟ ਆਇਰਲੈਂਡ ਦੇ ਵੱਖ ਹੋਣ ਦੇ ਹੱਕ ਨੂੰ ਨਹੀਂ ਮੰਨਦੇ ਅਤੇ ਇਸਦੀ ਹਮਾਇਤ ਨਹੀਂ ਕਰਦੇ, ਜੇ ਫ਼ਰਾਂਸੀਸੀ ਅਤਾਲਵੀ ਨੀਸੇ ਲਈ, ਜਰਮਨ ਅਲਸਾਸ-ਲੋਰੇਨ, ਡੱਚ ਸ਼ਲੇਸਵਿਗ ਅਤੇ ਪੋਲੈਂਡ ਲਈ, ਰੂਸੀ ਪੋਲੈਂਡ, ਫ਼ਿਨਲੈਂਡ, ਯੂਕਰੇਨ ਆਦਿ ਲਈ ਅਤੇ ਪੋਲ ਯੂਕਰੇਨ ਲਈ ਇਹੋ ਕੁਝ ਨਹੀਂ ਕਰਦੇ — ਜੇ "ਵੱਡੀਆਂ" ਤਾਕਤਾਂ, ਭਾਵ, ਵੱਡੀਆਂ ਡਾਕੂ ਤਾਕਤਾਂ ਦੇ ਸਾਰੇ ਸੋਸ਼ਲਿਸਟ ਬਸਤੀਆਂ ਦੇ ਸੰਬੰਧ ਵਿਚ ਇਸ ਹੱਕ ਦਾ ਸਮਰਥਨ ਨਹੀਂ ਕਰਦੇ, ਤਾਂ ਇਸਦਾ ਇਕੋ ਇਕ ਕਾਰਨ ਇਹ ਹੈ ਕਿ ਉਹ ਅਸਲ ਵਿਚ ਸਾਮਰਾਜੀ ਹਨ, ਸੋਸ਼ਲਿਸਟ ਨਹੀਂ। ਅਜਿਹੇ ਭੁਲੇਖੇ ਰੱਖਣਾ ਹਾਸੋ-ਹੀਣੀ ਗੱਲ ਹੈ ਕਿ ਅਜਿਹੇ ਲੋਕ ਜਿਹੜੇ ਦਬਾਈਆਂ ਹੋਈਆਂ ਕੌਮਾਂ ਦੇ "ਆਤਮ-ਨਿਰਣੇ ਦੇ ਹੱਕ" ਲਈ **ਨਹੀਂ** ਲੜਦੇ,

ਜਦੋਂ ਕਿ ਉਹ ਖ਼ੁਦ ਦਬਾਉਣ ਵਾਲੀ ਕੌਮ ਨਾਲ ਸੰਬੰਧਤ ਹਨ, ਸੋਸ਼ਲਿਸਟ ਨੀਤੀਆਂ ਉਤੇ ਅਮਲ ਕਰਨ ਦੇ ਸਮਰਥ ਹਨ।

ਜਮਹੂਰੀ ਅਮਨ ਦੀ ਸੰਭਾਵਨਾ ਸੰਬੰਧੀ ਫ਼ਿਕਰੇਬਾਜ਼ੀਆਂ ਅਤੇ ਇਕਰਾਰਾਂ ਨਾਲ ਲੋਕਾਂ ਨੂੰ ਧੋਖਾ ਦੇਣਾ ਦੰਭੀ ਫ਼ਿਕਰੇਬਾਜ਼ਾਂ ਲਈ ਛੱਡਣ ਦੀ ਥਾਂ, ਸੋਸ਼ਲਿਸਟਾਂ ਨੂੰ ਚਾਹੀਦਾ ਹੈ ਕਿ ਉਹ ਜਨਤਾ ਨੂੰ ਸਮਝਾਉਣ ਕਿ ਜਮਹੂਰੀ ਅਮਨ ਨਾਲ ਰਲਦੀ-ਮਿਲਦੀ ਕੋਈ ਵੀ ਗੱਲ ਅਸੰਭਵ ਹੈ, ਜਦੋਂ ਤੱਕ ਇਨਕਲਾਬਾਂ ਦੀ ਇਕ ਲੜੀ ਨਹੀਂ ਵਾਪਰਦੀ ਅਤੇ ਜਦੋਂ ਤੱਕ ਹਰ ਦੇਸ ਵਿਚ **ਸੰਬੰਧਤ** ਸਰਕਾਰ ਦੇ ਖ਼ਿਲਾਫ਼ ਇਨਕਲਾਬੀ ਘੋਲ ਨਹੀਂ ਕੀਤਾ ਜਾਂਦਾ। ਬੁਰਜੂਆ ਰਾਜਨੇਤਾਵਾਂ ਨੂੰ ਕੌਮਾਂ ਦੀ ਆਜ਼ਾਦੀ ਬਾਰੇ ਗੱਲਾਂ ਨਾਲ ਲੋਕਾਂ ਨੂੰ ਧੋਖਾ ਦੇਣ ਦੀ ਆਗਿਆ ਦੇਣ ਦੀ ਥਾਂ, ਸੋਸ਼ਲਿਸਟਾਂ ਨੂੰ ਚਾਹੀਦਾ ਹੈ ਕਿ ਉਹ **ਜਾਬਰ** ਕੌਮ ਦੇ ਜਨ-ਸਮੂਹਾਂ ਨੂੰ ਸਮਝਾਉਣ ਕਿ ਉਹ ਆਪਣੀ ਆਜ਼ਾਦੀ ਲਈ ਆਸ ਨਹੀਂ ਕਰ ਸਕਦੇ, ਜਦੋਂ ਤੱਕ ਉਹ ਦੂਜੀਆਂ ਕੌਮਾਂ ਨੂੰ ਦਬਾਉਣ ਵਿਚ ਸਹਾਇਤਾ ਕਰਦੇ ਹਨ, ਅਤੇ ਉਹਨਾਂ ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਨੂੰ, ਭਾਵ, ਵੱਖ ਹੋਣ ਦੀ ਆਜ਼ਾਦੀ ਨੂੰ ਨਹੀਂ ਮੰਨਦੇ ਅਤੇ ਇਸਦਾ ਸਮਰਥਨ ਨਹੀਂ ਕਰਦੇ। ਇਹ ਹੈ, ਸਾਮਰਾਜੀ ਨੀਤੀ ਤੋਂ ਬਿਲਕੁਲ ਵੱਖ, ਸੋਸ਼ਲਿਸਟ ਨੀਤੀ, ਜਿਹੜੀ ਅਮਨ ਦੇ ਸਵਾਲ ਅਤੇ ਕੌਮੀ ਸਵਾਲ ਬਾਰੇ ਸਾਰੇ ਦੇਸਾਂ ਉਤੇ ਲਾਗੂ ਕੀਤੀ ਜਾਣੀ ਚਾਹੀਦੀ ਹੈ। ਠੀਕ ਹੈ ਕਿ ਇਹ ਨੀਤੀ ਵਧੇਰੇ ਹਾਲਤਾਂ ਵਿਚ ਘੋਰ ਗ਼ੱਦਾਰੀ ਲਈ ਸਜ਼ਾ ਦੇਂਦੇ ਕਾਨੂੰਨਾਂ ਨਾਲ ਮੇਲ ਨਹੀਂ ਖਾਂਦੀ — ਪਰ ਬਾਸਲ ਮੱਤਾ ਵੀ ਇਸੇ ਤਰ੍ਹਾਂ ਹੀ ਹੈ, ਜਿਸ ਨਾਲ ਜਾਬਰ ਕੌਮਾਂ ਦੇ ਲਗ ਭਗ ਸਾਰੇ ਸੋਸ਼ਲਿਸਟਾਂ ਵਲੋਂ ਇੰਨੀਂ ਬੇਸ਼ਰਮੀ ਨਾਲ ਵਿਸਾਹਘਾਤ ਕੀਤਾ ਗਿਆ ਹੈ।

ਚੋਣ ਸੋਸ਼ਲਿਜ਼ਮ, ਅਤੇ ਜੌਫ਼ਰੇ ਅਤੇ ਹਿੰਡਨਬਰਗ ਦੇ ਕਾਨੂੰਨਾਂ ਅੱਗੇ ਗੋਡੇ ਟੇਕਣ ਵਿਚਕਾਰ, ਇਨਕਲਾਬੀ ਘੋਲ ਅਤੇ ਸਾਮਰਾਜ ਦੀ ਦਾਸਤਾ ਵਿਚਕਾਰ ਹੈ। ਵਿਚਲਾ ਰਾਹ ਕੋਈ ਨਹੀਂ। ਪ੍ਰੋਲਤਾਰੀ ਨੂੰ ਸਭ ਤੋਂ ਵਧ ਨੁਕਸਾਨ "ਵਿਚ-ਵਿਚਾਲੇ" ਦੀ ਨੀਤੀ ਦੇ ਦੰਭੀ (ਜਾਂ ਮੂਰਖ) ਲੇਖਕਾਂ ਵਲੋਂ ਪੁਚਾਇਆ ਜਾਂਦਾ ਹੈ।

ਜੁਲਾਈ — ਅਗਸਤ,
੧੯੧੫ ਵਿਚ ਲਿਖਿਆ।

ਸੰਗ੍ਰਹਿਤ ਕਿਰਤਾਂ
ਸੈਂਚੀ ੨੬, ਪੰਨੇ ੩੦੩-੩੦੬

# ਸੋਸ਼ਲਿਜ਼ਮ ਅਤੇ ਜੰਗ [71]

## ਰੂ: ਸੋ: ਡੈ: ਲੇ: ਪਾ: ਦੀ ਜੰਗ ਵੱਲ ਵਤੀਰਾ [71]

### ਪਹਿਲੇ ਕਾਂਡ ਵਿਚੋਂ

## ਸੋਸ਼ਲਿਜ਼ਮ ਦੇ ਅਸੂਲ ਅਤੇ ੧੯੧੪-੧੯੧੫ ਦੀ ਜੰਗ

### ਕੌਮਾਂ ਦਾ ਆਤਮ-ਨਿਰਣੇ ਦਾ ਹੱਕ

ਚਾਲੂ ਜੰਗ ਵਿਚ ਬੁਰਜੂਆਜ਼ੀ ਵਲੋਂ ਲੋਕਾਂ ਨੂੰ ਸਭ ਤੋਂ ਵਧ ਵਿਸ਼ਾਲ ਤੇ ਪੈਮਾਨੇ ਉਤੇ ਧੋਖਾ ਆਪਣੇ ਧਾੜਵੀ ਨਿਸ਼ਾਨਿਆਂ ਉਤੇ ਪਰਦਾ ਪਾਉਣ ਲਈ "ਕੌਮੀ ਆਜ਼ਾਦੀ" ਦੀ ਵਿਚਾਰਧਾਰਾ ਨੂੰ ਵਰਤ ਕੇ ਦਿਤਾ ਜਾ ਰਿਹਾ ਹੈ। ਬਰਤਾਨਵੀਆਂ ਨੇ ਬੈਲਜੀਅਮ ਨੂੰ ਆਜ਼ਾਦ ਕਰਾਉਣ ਦਾ, ਜਰਮਨਾਂ ਨੇ ਪੋਲੈਂਡ ਨੂੰ ਆਜ਼ਾਦ ਕਰਾਉਣ ਆਦਿ ਦਾ ਇਕਰਾਰ ਕੀਤਾ ਹੈ। ਅਸਲ ਵਿਚ, ਜਿਹਾ ਕਿ ਅਸੀਂ ਦੇਖਿਆ ਹੈ, ਇਹ ਜੰਗ ਦੁਨੀਆਂ ਦੀਆਂ ਵਧੇਰੇ ਕੌਮਾਂ ਉਤੇ ਜਬਰ ਕਰਨ ਵਾਲਿਆਂ ਵਲੋਂ ਉਸ ਜਬਰ ਨੂੰ ਵਧਾਉਣ ਅਤੇ ਪਸਾਰਨ ਦੇ ਨਿਸ਼ਾਨੇ ਨਾਲ ਲੜੀ ਜਾ ਰਹੀ ਹੈ।

ਕੌਮਾਂ ਉਤੇ ਹੁੰਦੇ ਸਾਰੇ ਜਬਰ ਦੇ ਖ਼ਿਲਾਫ਼ ਲੜੇ ਬਿਨਾਂ ਸੋਸ਼ਲਿਸਟ ਆਪਣਾ ਮਹਾਨ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਉਹਨਾਂ ਨੂੰ ਸਪਸ਼ਟ ਤਰ੍ਹਾਂ ਨਾਲ ਮੰਗ ਕਰਨੀ ਚਾਹੀਦੀ ਹੈ, ਕਿ **ਜਾਬਰ** ਦੇਸਾਂ ਦੀਆਂ (ਖ਼ਾਸ ਤੌਰ ਉਤੇ ਅਖੌਤੀ "ਵਡੀਆਂ" ਤਾਕਤਾਂ ਦੀਆਂ) ਸੋਸ਼ਲ-ਡੈਮੋਕਰੈਟਿਕ ਪਾਰਟੀਆਂ **ਦਬਾਈਆਂ ਹੋਈਆਂ** ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਨੂੰ ਮੰਨਣ ਅਤੇ ਇਸ ਲਈ ਘੋਲ ਕਰਨ, ਖ਼ਾਸ ਤੌਰ ਉਤੇ ਇਸ ਸ਼ਬਦ ਦੇ ਰਾਜਨੀਤਕ ਅਰਥਾਂ ਵਿਚ, ਭਾਵ, ਰਾਜਸੀ ਤੌਰ ਉਤੇ ਵੱਖ ਹੋਣ ਦੇ ਹੱਕ ਨੂੰ। ਹਾਕਮ ਜਾਂ ਬਸਤੀਵਾਦੀ ਕੌਮ ਦਾ ਸੋਸ਼ਲਿਸਟ, ਜਿਹੜਾ ਇਸ ਹੱਕ ਦਾ ਸਮਰਥਨ ਨਹੀਂ ਕਰਦਾ, ਇਕ ਅੰਧਰਾਸ਼ਟਰਵਾਦੀ ਹੈ।

ਇਸ ਹੱਕ ਦਾ ਸਮਰਥਨ ਕਰਨਾ, ਨਿਕੇ ਨਿਕੇ ਰਾਜਾਂ ਦੀ ਕਾਇਮੀ ਨੂੰ ਉਤਸ਼ਾਹ ਦੇਣਾ ਤਾਂ ਇਕ ਪਾਸੇ, ਸਗੋਂ ਇਸਦੇ ਉਲਟ, ਵੱਡੇ ਰਾਜਾਂ ਅਤੇ ਰਾਜਾਂ ਦੀਆਂ ਫ਼ੈਡਰੇਸ਼ਨਾਂ ਦੀ ਵਧੇਰੇ ਆਜ਼ਾਦ, ਨਿਡਰ ਅਤੇ ਇਸ ਲਈ ਵਧੇਰੇ ਵਿਸ਼ਾਲ ਅਤੇ ਵਧੇਰੇ ਸਰਬਲੌਕਿਕ ਕਾਇਮੀ ਵੱਲ ਲੈ ਜਾਂਦਾ ਹੈ, ਜੋ ਕਿ ਜਨਤਾ ਲਈ ਵਧੇਰੇ ਲਾਭਦਾਇਕ ਅਤੇ ਆਰਥਕ ਵਿਕਾਸ ਨਾਲ ਵਧੇਰੇ ਮੇਲ ਖਾਂਦੀਆਂ ਹਨ।

ਆਪਣੇ ਤੌਰ ਉਤੇ, **ਦਬਾਈਆਂ ਹੋਈਆਂ** ਕੌਮਾਂ ਦੇ ਸੋਸ਼ਲਿਸਟਾਂ ਨੂੰ ਦਬਾਈਆਂ

ਅਤੇ ਦਬਾਉਣ ਵਾਲੀਆਂ ਕੌਮੀਅਤਾਂ ਦੇ **ਮਜ਼ਦੂਰਾਂ** ਦੀ ਪੂਰਨ ਏਕਤਾ (ਸਮੇਤ ਜਥੇਬੰਦਕ ਏਕਤਾ ਦੇ) ਲਈ ਅਟੱਲ ਤੌਰ ਉਤੇ ਲੜਨਾ ਚਾਹੀਦਾ ਹੈ। ਇਕ ਕੌਮ ਦਾ ਦੂਜੀ ਕੌਮ ਤੋਂ ਕਾਨੂੰਨੀ ਤੌਰ ਉਤੇ ਵੱਖ ਹੋਣ ਦਾ ਵਿਚਾਰ (ਬਾਊਏਰ ਅਤੇ ਰੈਨਰ ਵਲੋਂ ਪ੍ਰਚਾਰੀ ਜਾਂਦੀ ਅਖੌਤੀ "ਸਭਿਆਚਾਰਕ-ਕੌਮੀ ਖ਼ੁਦ-ਅਖ਼ਤਿਆਰੀ"[72]) ਪਿਛੇ-ਖਿਚੂ ਹੈ।

ਸਾਮਰਾਜ ਮੁਠੀ ਭਰ "ਵੱਡੀਆਂ" ਤਾਕਤਾਂ ਵਲੋਂ ਦੁਨੀਆਂ ਦੀਆਂ ਕੌਮਾਂ ਉਤੇ ਲਗਾਤਾਰ ਵਧਦੇ ਜਬਰ ਦਾ ਦੌਰ ਹੈ; ਇਸ ਲਈ ਸਾਮਰਾਜ ਦੇ ਖ਼ਿਲਾਫ਼ ਸੋਸ਼ਲਿਸਟ ਕੌਮਾਂਤਰੀ ਇਨਕਲਾਬ ਲਈ ਲੜਨਾ ਅਸੰਭਵ ਹੈ ਜਿੰਨਾਂ ਚਿਰ ਤੱਕ ਕੌਮਾਂ ਦੇ ਆਤਮ-ਨਿਰਣੇ ਦਾ ਹੱਕ ਨਹੀਂ ਮੰਨਿਆ ਜਾਂਦਾ। "ਜੇ ਇਹ ਦੂਜੀਆਂ ਕੌਮਾਂ ਨੂੰ ਦਬਾਉਂਦੀ ਹੈ ਤਾਂ ਕੋਈ ਕੌਮ ਆਜ਼ਾਦ ਨਹੀਂ ਹੋ ਸਕਦੀ" (ਮਾਰਕਸ ਅਤੇ ਏਂਗਲਜ਼)। ਜਿਹੜੇ ਪ੍ਰੋਲਤਾਰੀ "ਆਪਣੀ" ਕੌਮ ਵਲੋਂ ਦੂਜੀਆਂ ਕੌਮਾਂ ਉਤੇ ਜ਼ਰਾ ਵੀ ਜ਼ਬਰਦਸਤੀ ਸਹਾਰਦੇ ਕਰਦੇ ਹਨ, ਉਹ ਸੋਸ਼ਲਿਸਟ ਪ੍ਰੋਲਤਾਰੀ ਨਹੀਂ ਹੋ ਸਕਦੇ।

## ਕਾਂਡ ਤੀਜਾ

# ਇੰਟਰਨੈਸ਼ਨਲ ਦੀ ਮੁੜ-ਸਥਾਪਤੀ

ਇੰਟਰਨੈਸ਼ਨਲ ਨੂੰ ਕਿਵੇਂ ਬਹਾਲ ਕੀਤਾ ਜਾਏ? ਪਰ ਪਹਿਲਾਂ ਕੁਝ ਸ਼ਬਦ ਇਸ ਸੰਬੰਧੀ ਕਹਿ ਲਈਏ ਕਿ ਇੰਟਰਨੈਸ਼ਨਲ ਨੂੰ ਕਿਵੇਂ ਬਹਾਲ **ਨਾ** ਕੀਤਾ ਜਾਏ।

### ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਅਤੇ "ਵਿਚਾਲ-ਪੰਥੀਆਂ" ਦਾ ਢੰਗ

ਬੇਸ਼ਕ, ਸਾਰੇ ਦੇਸਾਂ ਦੇ ਸਮਾਜੀ-ਅੰਧਰਾਸ਼ਟਰਵਾਦੀ ਮਹਾਨ "ਕੌਮਾਂਤਰੀਵਾਦੀ" ਹਨ! ਜੰਗ ਦੇ ਐਨ ਸ਼ੁਰੂ ਤੋਂ ਲੈ ਕੇ, ਇੰਟਰਨੈਸ਼ਨਲ ਲਈ ਫ਼ਿਕਰ ਨੇ ਉਹਨਾਂ ਨੂੰ ਦਬਾਈ ਰਖਿਆ ਹੈ। ਇਕ ਹਥ, ਉਹ ਸਾਨੂੰ ਯਕੀਨ ਦੁਆਉਂਦੇ ਹਨ ਕਿ ਇੰਟਰਨੈਸ਼ਨਲ ਦੇ **ਢਹਿ-ਢੇਰੀ ਹੋਣ** ਬਾਰੇ ਗੱਲਾਂ "ਵਧਾਈਆਂ ਚੜ੍ਹਾਈਆਂ ਹੋਈਆਂ ਹਨ"। ਅਸਲ ਵਿਚ, ਕੁਝ ਦੀ ਅਸਾਧਾਰਨ ਨਹੀਂ ਵਾਪਰਿਆ। ਕਾਊਟਸਕੀ ਨੂੰ ਸੁਣੋ: ਇੰਟਰਨੈਸ਼ਨਲ ਸਿਰਫ ਇਕ "ਅਮਨ ਦੇ ਸਮੇਂ ਦਾ ਸਾਧਨ" ਹੈ; ਕੁਦਰਤੀ ਤੌਰ ਉਤੇ, ਇਹ ਸਾਧਨ ਜੰਗ ਦੇ ਸਮੇਂ ਵਿਚ ਆਸ ਅਨੁਕੂਲ ਸਿਧ ਨਹੀਂ ਹੋਇਆ। ਦੂਜੇ ਪਾਸੇ, ਸਾਰੇ ਦੇਸਾਂ ਦੇ ਸਮਾਜੀ-ਅੰਧਰਾਸ਼ਟਰਵਾਦੀਆਂ ਨੇ ਪੈਦਾ ਹੋ ਚੁੱਕੀ ਅਵਸਥਾ

ਵਿਚੋਂ ਨਿਕਲਣ ਲਈ ਬੜਾ ਸਾਦਾ, ਅਤੇ, ਜਿਹੜੀ ਗੱਲ ਸਭ ਤੋਂ ਵਧ ਮਹੱਤਵਪੂਰਨ ਹੈ, ਕੌਮਾਂਤਰੀ ਰਾਹ ਲਭ ਲਿਆ ਹੈ। ਇਹ ਹਲ ਸਿਧਾ ਜਿਹਾ ਹੈ: ਸਿਰਫ਼ ਜੰਗ ਦੇ ਖ਼ਤਮ ਹੋਣ ਤੱਕ ਉਡੀਕ ਕਰਨ ਦੀ ਲੋੜ ਹੈ, ਪਰ ਉਦੋਂ ਤੱਕ ਹਰ ਦੇਸ ਦੇ ਸੋਸ਼ਲਿਸਟਾਂ ਨੂੰ ਆਪਣੀ "ਪਿਤਰੀ-ਭੂਮੀ" ਦੀ ਰਾਖੀ ਕਰਨੀ ਚਾਹੀਦੀ ਹੈ ਅਤੇ "ਆਪਣੀ" ਸਰਕਾਰ ਦੀ ਹਮਾਇਤ ਕਰਨੀ ਚਾਹੀਦੀ ਹੈ। ਜਦੋਂ ਜੰਗ ਖ਼ਤਮ ਹੋਵੇਗੀ, ਤਾਂ ਪ੍ਰਸਪਰ "ਗੁਨਾਹ ਬਖ਼ਸ਼ੀ" ਹੋਵੇਗੀ, ਇਹ ਮੰਨਿਆ ਜਾਵੇਗਾ ਕਿ **ਹਰ ਕੋਈ** ਠੀਕ ਸੀ ਅਤੇ ਅਮਨ ਦੇ ਸਮੇਂ ਅਸੀਂ ਭਰਾਵਾਂ ਵਾਂਗ ਰਹਾਂਗੇ; ਪਰ ਜੰਗ ਦੇ ਸਮੇਂ ਅਸੀਂ ਫ਼ਲਾਣੇ-ਫ਼ਲਾਣੇ ਮੱਤੇ ਉਤੇ ਡੱਟੇ ਰਹਾਂਗੇ ਅਤੇ ਜਰਮਨ ਮਜ਼ਦੂਰਾਂ ਨੂੰ ਆਪਣੇ ਫ਼ਰਾਂਸੀਸੀ ਭਰਾ ਖ਼ਤਮ ਕਰਨ ਦੀ ਅਤੇ ਫ਼ਰਾਂਸੀਸੀ ਮਜ਼ਦੂਰਾਂ ਨੂੰ ਜਰਮਨ ਭਰਾ ਖ਼ਤਮ ਕਰਨ ਦੀ ਅਪੀਲ ਕਰਾਂਗੇ।

ਕਾਊਟਸਕੀ, ਪਲੇਖ਼ਾਨੋਵ, ਵਿਕਟਰ ਐਡਲਰ ਅਤੇ ਹਾਈਨੇ, ਸਾਰੇ ਹੀ ਇਸ ਉਪਰ ਇਕੋ ਜਿੰਨੇ ਸਹਿਮਤ ਹਨ। ਐਡਲਰ ਲਿਖਦਾ ਹੈ ਕਿ "ਜਦੋਂ ਅਸੀਂ ਇਸ ਮੁਸ਼ਕਲ ਸਮੇਂ ਵਿਚੋਂ ਲੰਘ ਜਾਵਾਂਗੇ, ਤਾਂ ਸਾਡਾ ਪਹਿਲਾ ਫ਼ਰਜ਼ ਇਹ ਹੋਵੇਗਾ ਕਿ ਅਸੀਂ ਇਕ ਦੂਜੇ ਦੇ ਧੱਬੇ ਵੱਲ ਧਿਆਨ ਦੁਆਉਣ ਤੋਂ ਬਾਜ਼ ਰਹੀਏ।"[73] ਕਾਊਟਸਕੀ ਦਾਅਵਾ ਕਰਦਾ ਹੈ ਕਿ "ਹੁਣ ਤੱਕ ਕਿਸੇ ਪਾਸੇ ਵਲੋਂ ਵੀ ਕਿਸੇ ਗੰਭੀਰ ਸੋਸ਼ਲਿਸਟ ਨੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਹੀ, ਜਿਹੜੀ" ਇੰਟਰਨੈਸ਼ਨਲ ਦੀ ਹੋਣੀ ਬਾਰੇ "ਸ਼ੱਕ ਪੈਦਾ ਕਰਦੀ ਹੋਵੇ।" (ਜਰਮਨ ਸੋਸ਼ਲ-ਡੈਮੋਕਰੈਟਾਂ ਨਾਲ) "ਹਥ ਮਿਲਾਉਣਾ ਕੋਈ ਸੁਖਾਵੀਂ ਗੱਲ ਨਹੀਂ, ਜਿਹੜੇ ਹਥਾਂ ਵਿਚੋਂ ਕਤਲ ਕੀਤੇ ਗਏ ਮਸੂਮਾਂ ਦੇ ਖ਼ੂਨ ਦੀ ਵਾਸ਼ਨਾ ਆਉਂਦੀ ਹੈ," ਪਲੇਖ਼ਾਨੋਵ ਕਹਿੰਦਾ ਹੈ, ਪਰ ਇਕਦਮ "ਗੁਨਾਹ ਬਖ਼ਸ਼ੀ" ਦੀ ਤਜਵੀਜ਼ ਦੇਣ ਲੱਗ ਪੈਂਦਾ ਹੈ। ਉਹ ਲਿਖਦਾ ਹੈ, "ਇਥੇ **ਮਨ ਨੂੰ ਦਿਲ** ਦੇ ਅਧੀਨ ਕਰ ਦੇਣਾ ਬਿਲਕੁਲ ਉਚਿਤ ਹੋਵੇਗਾ। ਮਹਾਨ ਉਦੇਸ਼ ਦੀ ਖ਼ਾਤਰ, ਇੰਟਰਨੈਸ਼ਨਲ ਨੂੰ ਪਸ਼ੇਮਾਨੀ ਵੱਲ ਧਿਆਨ ਦੇਣਾ ਪਵੇਗਾ, ਭਾਵੇਂ ਇਹ ਦੇਰ ਨਾਲ ਹੀ ਪੈਦਾ ਹੋਈ ਹੋਵੇ।" "Sozialistische Monatshefte"[74] ਵਿਚ ਹਾਈਨੇ ਵਾਂਡਰਵੇਲਡੇ ਦੇ ਵਿਹਾਰ ਨੂੰ "ਦਲੇਰੀ ਵਾਲਾ ਅਤੇ ਮਾਣ ਭਰਿਆ" ਦਸਦਾ ਹੈ, ਅਤੇ ਉਸਨੂੰ ਜਰਮਨ ਖੱਬ-ਪਖੀਆਂ ਲਈ ਮਿਸਾਲ ਵਜੋਂ ਪੇਸ਼ ਕਰਦਾ ਹੈ।

ਮਤਲਬ ਇਹ ਕਿ ਜਦੋਂ ਜੰਗ ਖ਼ਤਮ ਹੋਵੇ, ਤਾਂ ਕਾਊਟਸਕੀ ਅਤੇ ਪਲੇਖ਼ਾਨੋਵ, ਵਾਂਡਰਵੇਲਡੇ ਅਤੇ ਐਡਲਰ ਦਾ ਇਕ ਕਮਿਸ਼ਨ ਨਿਯੁਕਤ ਕਰ ਦਿਓ, ਅਤੇ ਅੱਖ ਦੇ ਪਲਕਾਰੇ ਵਿਚ ਪ੍ਰਸਪਰ ਗੁਨਾਹ-ਬਖ਼ਸ਼ੀ ਦੀ ਭਾਵਨਾ ਨਾਲ "ਸਰਬ-ਸੰਮਤੀ" ਨਾਲ ਇਕ ਮੱਤਾ ਤਿਆਰ ਕਰ ਲਿਆ ਜਾਵੇਗਾ। ਝਗੜੇ ਨੂੰ ਬੜੀ ਸੁਹਣੀ ਤਰ੍ਹਾਂ ਆਇਆ-ਗਿਆ ਕਰ ਦਿਤਾ ਜਾਵੇਗਾ। ਇਹ ਸਮਝਣ ਵਿਚ ਸਹਾਇਤਾ ਦਿਤੇ ਜਾਣ ਦੀ ਥਾਂ ਕਿ ਕੀ ਵਾਪਰਿਆ ਹੈ, ਮਜ਼ਦੂਰਾਂ ਨੂੰ ਨਕਲੀ ਅਤੇ ਕਾਗ਼ਜ਼ੀ "ਏਕਤਾ"

ਨਾਲ ਧੋਖਾ ਦਿਤਾ ਜਾਏਗਾ। ਸਾਰੇ ਦੇਸਾਂ ਦੇ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ ਦੰਭੀਆਂ ਦੀ ਏਕਤਾ ਨੂੰ ਇੰਟਰਨੈਸ਼ਨਲ ਦੀ ਮੁੜ-ਸਥਾਪਤੀ ਵਜੋਂ ਪੇਸ਼ ਕੀਤਾ ਜਾਵੇਗਾ।

ਅਜਿਹੀ "ਮੁੜ-ਸਥਾਪਤੀ" ਵਿਚ ਪਾਏ ਜਾਂਦੇ ਭਾਰੀ ਖ਼ਤਰੇ ਵਲੋਂ ਸਾਨੂੰ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ। ਸਾਰੇ ਦੇਸਾਂ ਦੇ ਸਮਾਜੀ-ਅੰਧਰਾਸ਼ਟਰਵਾਦੀ ਅਜਿਹੇ ਸਿੱਟੇ ਵਿਚ ਇਕੋ ਜਿੰਨੀਂ ਦਿਲਚਸਪੀ ਰਖਦੇ ਹਨ। ਉਹ ਸਾਰੇ ਹੀ ਇਸ ਗੱਲ ਲਈ ਇਕੋ ਜਿੰਨੇ ਅਸਹਿਮਤ ਹਨ ਕਿ ਉਹਨਾਂ ਦੇ ਆਪਣੇ ਆਪਣੇ ਦੇਸਾਂ ਦੇ ਮਜ਼ਦੂਰ ਖ਼ੁਦ ਮਸਲੇ ਨੂੰ ਸਮਝਣ ਦੀ ਕੋਸ਼ਿਸ਼ ਕਰਨ : ਸੋਸ਼ਲਿਜ਼ਮ **ਜਾਂ** ਕੌਮਪ੍ਰਸਤੀ ? ਉਹ ਸਾਰੇ ਹੀ ਇਕ ਦੂਜੇ ਦੇ ਗੁਨਾਹਾਂ ਨੂੰ ਲੁਕਾਉਣ ਵਿਚ ਇਕੋ ਜਿੰਨੀਂ ਦਿਲਚਸਪੀ ਰਖਦੇ ਹਨ। ਉਹਨਾਂ ਵਿਚੋਂ ਕੋਈ ਵੀ ਉਸ ਨਾਲੋਂ ਵੱਖਰਾ ਕੋਈ ਸੁਝਾ ਦੇਣ ਦੇ ਸਮਰੱਥ ਨਹੀਂ ਜਿਹੜਾ "ਕੌਮਾਂਤਰੀ" ਦੰਭ ਦੇ ਉਸ ਗੁਰੂ-ਘੰਟਾਲ, ਕਾਊਟਸਕੀ ਵਲੋਂ ਪਹਿਲਾਂ ਹੀ ਦਿਤਾ ਜਾ ਚੁੱਕਾ ਹੈ।

ਤਾਂ ਵੀ, ਸ਼ਾਇਦ ਖ਼ਤਰੇ ਨੂੰ ਸਮਝਿਆ ਨਹੀਂ ਗਿਆ। ਜੰਗ ਦੇ ਇਕ ਸਾਲ ਦੇ ਦੌਰਾਨ, ਅਸੀਂ ਕੌਮਾਂਤਰੀ ਸੰਬੰਧ ਮੁੜ-ਸਥਾਪਤ ਕਰਨ ਦੇ ਕਈ ਯਤਨ ਹੁੰਦੇ ਦੇਖੇ ਹਨ। ਅਸੀਂ ਲੰਦਨ ਅਤੇ ਵੀਆਨਾ ਕਾਨਫ਼ਰੰਸਾਂ[75] ਦੀ ਗੱਲ ਨਹੀਂ ਕਰਾਂਗੇ, ਜਿਨ੍ਹਾਂ ਵਿਚ ਮੂੰਹ-ਫਟ ਅੰਧਰਾਸ਼ਟਰਵਾਦੀ ਆਪਣੀਆਂ ਆਪਣੀਆਂ "ਪਿਤਰੀ-ਭੂਮੀਆਂ" ਦੀ ਬੁਰਜੂਆਜ਼ੀ ਅਤੇ ਜੰਗੀ ਸਟਾਫ਼ਾਂ ਦੀ ਸਹਾਇਤਾ ਕਰਨ ਲਈ ਮਿਲ ਬੈਠੇ ਸਨ। ਅਸੀਂ ਲੂਗਾਨੋ ਅਤੇ ਕੋਪਨਹੇਗਨ ਦੀਆਂ ਕਾਨਫ਼ਰੰਸਾਂ[76] ਦਾ, ਕੌਮਾਂਤਰੀ ਇਸਤ੍ਰੀ ਕਾਨਫ਼ਰੰਸ ਦਾ ਅਤੇ ਕੌਮਾਂਤਰੀ ਯੁਵਕ ਕਾਨਫ਼ਰੰਸ[77] ਦਾ ਜ਼ਿਕਰ ਕਰ ਰਹੇ ਹਾਂ। ਇਹ ਇਕੱਠ ਸ਼ੁਭ-ਇਛਾਵਾਂ ਨਾਲ ਭਰਪੂਰ ਸਨ, ਪਰ ਇਹ ਉਪ੍ਰੋਕਤ ਖ਼ਤਰੇ ਨੂੰ ਸਮਝਣੋਂ ਪੂਰੀ ਤਰ੍ਹਾਂ ਅਸਮਰਥ ਰਹੇ। ਉਹਨਾਂ ਨੇ ਨਾ ਤਾਂ ਜੁਝਾਰ ਕੌਮਾਂਤਰੀਵਾਦੀ ਸੇਧ ਹੀ ਨਿਸ਼ਚਿਤ ਕੀਤੀ, ਨਾ ਹੀ ਪ੍ਰੋਲਤਾਰੀ ਦਾ ਧਿਆਨ ਉਸ ਖ਼ਤਰੇ ਵੱਲ ਦੁਆਇਆ ਜਿਹੜਾ ਇੰਟਰਨੈਸ਼ਨਲ ਨੂੰ "ਮੁੜ-ਸਥਾਪਤ ਕਰਨ" ਦੇ ਸਮਾਜੀ-ਅੰਧਰਾਸ਼ਟਰਵਾਦੀ ਢੰਗ ਨਾਲ ਉਹਨਾਂ ਉਤੇ ਮੰਡਲਾ ਰਿਹਾ ਹੈ। ਵਧ ਤੋਂ ਵਧ, ਉਹਨਾਂ ਨੇ ਆਪਣੇ ਆਪ ਨੂੰ ਪੁਰਾਣੇ ਮੱਤੇ ਦੁਹਰਾਉਣ ਤੱਕ ਸੀਮਤ ਰਖਿਆ, ਬਿਨਾਂ ਮਜ਼ਦੂਰਾਂ ਨੂੰ ਇਹ ਦੱਸਣ ਦੇ ਕਿ ਜਿੰਨਾਂ ਚਿਰ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖ਼ਿਲਾਫ਼ ਘੋਲ ਨਹੀਂ ਚਲਾਇਆ ਜਾਂਦਾ, ਸੋਸ਼ਲਿਜ਼ਮ ਦਾ ਉਦੇਸ਼ ਹਾਰ ਜਾਏਗਾ। ਵਧ ਤੋਂ ਵਧ, ਉਹ **ਇਕ ਥਾਂ ਖੜੇ** ਰਹੇ।

## ਵਿਰੋਧੀ ਧੜੇ ਵਿਚ ਹਾਲਤ

ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੋ ਸਕਦਾ ਕਿ ਸਾਰੇ ਕੌਮਾਂਤਰੀਵਾਦੀਆਂ ਦੀ ਜਿਸ ਗੱਲ ਵਿਚ ਸਭ ਤੋਂ ਵਧ ਦਿਲਚਸਪੀ ਹੈ, ਉਹ ਜਰਮਨ ਸੋਸ਼ਲ-ਡੈਮੋਕਰੈਟਿਕ

ਪਾਰਟੀ ਦੇ ਵਿਰੋਧੀ ਧੜੇ ਵਿਚ ਹਾਲਤ ਹੈ। ਅਧਿਕਾਰਿਤ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਨੇ, ਜਿਹੜੀ ਦੂਜੀ ਇੰਟਰਨੈਸ਼ਨਲ ਵਿਚ ਸਭ ਤੋਂ ਵਧ ਮਜ਼ਬੂਤ ਅਤੇ ਸਭ ਤੋਂ ਅੱਗੇ ਸੀ, ਕੌਮਾਂਤਰੀ ਮਜ਼ਦੂਰ ਜਥੇਬੰਦੀ ਨੂੰ ਜ਼ੋਰਦਾਰ ਸੱਟ ਲਾਈ ਹੈ। ਪਰ ਇਸਦੇ ਨਾਲ ਹੀ, ਜਰਮਨ ਸੋਸ਼ਲ-ਡੈਮੋਕਰੈਟ ਹੀ ਸਨ, ਜਿਨ੍ਹਾਂ ਵਿਚ ਸਭ ਤੋਂ ਵਧ ਜ਼ੋਰਦਾਰ ਵਿਰੋਧ ਪੈਦਾ ਹੋਇਆ। ਸਾਰੀਆਂ ਵੱਡੀਆਂ ਯੂਰਪੀ ਪਾਰਟੀਆਂ ਵਿਚੋਂ, ਜਰਮਨ ਪਾਰਟੀ ਹੀ ਹੈ ਜਿਸ ਵਿਚ ਸਭ ਤੋਂ ਪਹਿਲਾਂ ਉਹਨਾਂ ਸਾਥੀਆਂ ਵਲੋਂ ਰੋਸ ਦੀ ਉੱਚੀ ਆਵਾਜ਼ ਉਠਾਈ ਗਈ, ਜਿਹੜੇ ਸੋਸ਼ਲਿਜ਼ਮ ਦੇ ਝੰਡੇ ਦੇ ਵਫ਼ਾਦਾਰ ਰਹੇ ਹਨ। ਸਾਨੂੰ ਰਸਾਲੇ "Lichtstrahlen" ਅਤੇ "Die Internationale"[78] ਪੜ੍ਹ ਕੇ ਖ਼ੁਸ਼ੀ ਹੋਈ। ਸਾਨੂੰ ਇਹ ਜਾਣ ਕੇ ਹੋਰ ਵੀ ਜ਼ਿਆਦਾ ਖੁਸ਼ੀ ਹੋਈ ਕਿ ਖੁਫ਼ੀਆ ਢੰਗ ਨਾਲ ਛਾਪੇ ਗਏ ਇਨਕਲਾਬੀ ਮੈਨੀਫ਼ੈਸਟੋ ਜਰਮਨੀ ਵਿਚ ਵੰਡੇ ਗਏ ਹਨ, ਜਿਵੇਂ ਕਿ ''ਵੱਡਾ ਦੁਸ਼ਮਣ ਆਪਣੇ ਦੇਸ ਦੇ ਅੰਦਰ ਹੈ'' ਨਾਂ ਦਾ ਇਕ ਮੈਨੀਫ਼ੈਸਟੋ। ਇਥੋਂ ਪਤਾ ਲਗਦਾ ਹੈ ਕਿ ਜਰਮਨ ਮਜ਼ਦੂਰਾਂ ਵਿਚ ਸੋਸ਼ਲਿਜ਼ਮ ਦੀ ਭਾਵਨਾ ਜਿਉਂਦੀ ਹੈ, ਅਤੇ ਜਰਮਨੀ ਵਿਚ ਇਨਕਲਾਬੀ ਮਾਰਕਸਵਾਦ ਦਾ ਝੰਡਾ ਉੱਚਾ ਚੁੱਕਣ ਵਾਲੇ ਲੋਕ ਅਜੇ ਵੀ ਹਨ।

ਅਜੋਕੀ ਸੋਸ਼ਲਿਸਟ ਲਹਿਰ ਵਿਚ ਦੁਫੇੜ ਜਰਮਨ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਸਭ ਤੋਂ ਵਧ ਉਘੜਵੀਂ ਤਰ੍ਹਾਂ ਸਾਮ੍ਹਣੇ ਆਈ ਹੈ। ਇਥੇ ਤਿੰਨ ਰੁਝਾਣ ਸਾਫ਼ ਸਾਫ਼ ਨਖੇੜੇ ਜਾ ਸਕਦੇ ਹਨ: ਮੌਕਾਪ੍ਰਸਤ ਅੰਧਰਾਸ਼ਟਰਵਾਦੀ, ਜਿਹੜੇ ਹੋਰ ਕਿਤੇ ਵੀ ਇੰਨੇ ਗੰਦੇ ਵਿਸ਼ਵਾਸਘਾਤ ਵਿਚ ਨਹੀਂ ਡੁੱਬੇ, ਜਿੰਨੇ ਜਰਮਨੀ ਵਿਚ; ਕਾਊਟਸਕੀਵਾਦੀ ''ਵਿਚਾਲ-ਪੰਥੀ'', ਜਿਹੜੇ ਇਥੇ ਮੌਕਾਪ੍ਰਸਤਾਂ ਦੇ ਮਾਤਹਿਤਾਂ ਤੋਂ ਬਿਨਾਂ ਹੋਰ ਕੋਈ ਵੀ ਰੋਲ ਅਦਾ ਕਰਨੋਂ ਅਸਮਰਥ ਰਹੇ ਹਨ; ਖੱਬੇ, ਜਿਹੜੇ ਜਰਮਨੀ ਵਿਚ ਇਕੋ ਇਕ ਸੋਸ਼ਲ-ਡੈਮੋਕਰੈਟ ਹਨ।

ਕੁਦਰਤੀ ਤੌਰ ਉਤੇ, ਜਰਮਨ ਖੱਬਿਆਂ ਵਿਚ ਹਾਲਤ ਵਿਚ ਸਾਡੀ ਸਭ ਤੋਂ ਵਧ ਦਿਲਚਸਪੀ ਹੈ। ਉਹਨਾਂ ਦੇ ਰੂਪ ਵਿਚ ਅਸੀਂ ਆਪਣੇ ਸਾਥੀ ਦੇਖਦੇ ਹਾਂ, ਕੌਮਾਂਤਰੀਵਾਦੀ ਅੰਸ਼ਾਂ ਦੀ ਆਸ ਦੇਖਦੇ ਹਾਂ।

ਉਹਨਾਂ ਵਿਚ ਹਾਲਤ ਕਿਹੋ ਜਿਹੀ ਹਨ?

ਰਸਾਲਾ "Die Internationale" ਇਹ ਲਿਖਣ ਵਿਚ ਬਿਲਕੁਲ ਠੀਕ ਸੀ ਕਿ ਜਰਮਨ ਖੱਬੇ ਅਜੇ ਵੀ ਉਬਾਲੇ ਦੀ ਅਵਸਥਾ ਵਿਚ ਹਨ, ਕਿ ਉਹਨਾਂ ਵਿਚ ਅਜੇ ਵੀ ਬੇਹੱਦ ਧੜੇਬਾਜ਼ੀਆਂ ਜਨਮ ਲੈ ਸਕਦੀਆਂ ਹਨ, ਅਤੇ ਉਹਨਾਂ ਦੇ ਆਪਣੇ ਅੰਦਰ ਕੁਝ ਅੰਸ਼ ਵਧੇਰੇ ਦਰਿੜ੍ਹ ਅਤੇ ਦੂਜੇ ਘਟ ਦਰਿੜ੍ਹ ਹਨ।

ਬੇਸ਼ਕ, ਅਸੀਂ ਰੂਸੀ ਕੌਮਾਂਤਰੀਵਾਦੀ ਆਪਣੇ ਸਾਥੀਆਂ, ਜਰਮਨ ਖੱਬ-ਪਖੀਆਂ ਦੇ ਅੰਦਰਲੇ ਮਾਮਲਿਆਂ ਵਿਚ ਦਖ਼ਲ ਦੇਣ ਦੇ ਹੱਕ ਦਾ ਜ਼ਰਾ ਵੀ ਦਾਅਵਾ ਨਹੀਂ

ਕਰਦੇ। ਅਸੀਂ ਸਮਝਦੇ ਹਾਂ ਕਿ ਸਿਰਫ਼ ਉਹ ਹੀ, ਸਮੇਂ ਅਤੇ ਸਥਾਨ ਦੀਆਂ ਹਾਲਤਾਂ ਅਨੁਸਾਰ, ਮੌਕਾਪ੍ਰਸਤਾਂ ਦਾ ਮੁਕਾਬਲਾ ਕਰਨ ਦੇ ਆਪਣੇ ਢੰਗ ਨਿਸ਼ਚਿਤ ਕਰਨ ਦੇ ਪੂਰੀ ਤਰ੍ਹਾਂ ਯੋਗ ਹਨ। ਅਸੀਂ ਸਿਰਫ਼ ਹਾਲਤ ਬਾਰੇ ਆਪਣੀ ਸਾਫ਼ ਸਾਫ਼ ਰਾਏ ਪ੍ਰਗਟ ਕਰਨਾ ਆਪਣਾ ਹੱਕ ਅਤੇ ਆਪਣਾ ਫ਼ਰਜ਼ ਸਮਝਦੇ ਹਨ।

ਸਾਨੂੰ ਯਕੀਨ ਹੈ ਕਿ ਰਸਾਲੇ "Die Internationale" ਦੇ ਸੰਪਾਦਕੀ ਦਾ ਲੇਖਕ ਇਹ ਲਿਖਣ ਵਿਚ ਬਿਲਕੁਲ ਠੀਕ ਸੀ ਕਿ ਕਾਉਟਸਕੀਵਾਦੀ ''ਵਿਚਾਲ-ਪੰਥ'' ਮਾਰਕਸਵਾਦ ਨੂੰ ਕੱਟੜ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲੋਂ ਵਧੇਰੇ ਨੁਕਸਾਨ ਪੁਚਾ ਰਿਹਾ ਹੈ। ਜਿਹੜਾ ਵੀ ਕੋਈ ਮਤਭੇਦਾਂ ਨੂੰ ਘਟਾ ਕੇ ਦਸਦਾ ਹੈ, ਜਾਂ, ਮਾਰਕਸਵਾਦ ਦੇ ਚੋਗ਼ੇ ਵਿਚ ਮਜ਼ਦੂਰਾਂ ਨੂੰ ਉਹ ਕੁਝ ਸਿਖਾਉਂਦਾ ਹੈ, ਜੋ ਕੁਝ ਕਾਉਟਸਕੀਵਾਦ ਪ੍ਰਚਾਰਦਾ ਹੈ, ਉਹ ਅਸਲ ਵਿਚ ਮਜ਼ਦੂਰਾਂ ਨੂੰ ਸੰਵਾ ਰਿਹਾ ਹੈ, ਅਤੇ ਜ਼ੂਦੇਕੁਮਾਂ ਅਤੇ ਹਾਈਨਾਂ ਨਾਲੋਂ ਵਧੇਰੇ ਨੁਕਸਾਨ ਪੁਚਾ ਰਿਹਾ ਹੈ, ਜਿਹੜੇ ਮਸਲੇ ਨੂੰ ਸਾਫ਼ ਸਾਫ਼ ਪੇਸ਼ ਕਰ ਰਹੇ ਹਨ ਅਤੇ ਮਜ਼ਦੂਰਾਂ ਨੂੰ ਮਜਬੂਰ ਕਰ ਰਹੇ ਹਨ ਕਿ ਉਹ ਆਪਣਾ ਵਿਚਾਰ ਬਨਾਉਣ ਦੀ ਕੋਸ਼ਿਸ਼ ਕਰਨ।

''ਸਰਕਾਰੀ ਅਦਾਰਿਆਂ''[79] ਦੇ ਖ਼ਿਲਾਫ਼ ਜ਼ਬਰਦਸਤ ਰਾਜਨੀਤਕ ਵਿਰੋਧਤਾ ਤੋਂ, ਕਿਸੇ ਨੂੰ ਧੋਖਾ ਨਹੀਂ ਖਾਣਾ ਚਾਹੀਦਾ, ਜਿਸਦੀ ਪਿਛਲੇ ਕੁਝ ਸਮੇਂ ਤੋਂ ਕਾਉਟਸਕੀ ਅਤੇ ਹਾਜ਼ੇ ਆਪਣੇ ਆਪ ਨੂੰ ਆਗਿਆ ਦੇ ਰਹੇ ਹਨ। ਉਹਨਾਂ ਅਤੇ ਸ਼ੀਦਮਾਨਾਂ ਵਿਚਕਾਰ ਮਤਭੇਦ ਬੁਨਿਆਦੀ ਅਸੂਲਾਂ ਸੰਬੰਧੀ ਨਹੀਂ। ਕਾਉਟਸਕੀ ਅਤੇ ਹਾਜ਼ੇ ਵਿਸ਼ਵਾਸ ਕਰਦੇ ਹਨ ਕਿ ਹਿੰਡਨਬਰਗ ਅਤੇ ਮੈਕਨਸਨ **ਪਹਿਲਾਂ ਹੀ** ਜੇਤੂ ਹੋ ਚੁੱਕੇ ਹਨ ਅਤੇ ਉਹ ਹੁਣ ਅਲਹਾਕਾਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਦੀ ਅਯਾਸ਼ੀ ਦੀ ਆਪਣੇ ਆਪ ਨੂੰ ਆਗਿਆ ਦੇ ਸਕਦੇ ਹਨ। ਸ਼ੀਦਮਾਨਾਂ ਦਾ ਵਿਸ਼ਵਾਸ ਹੈ ਕਿ ਹਿੰਡਨਬਰਗ ਅਤੇ ਮੈਕਨਸਨ **ਅਜੇ** ਜੇਤੂ ਨਹੀਂ ਹੋਏ, ਇਸ ਲਈ ''ਅਖ਼ੀਰ ਤੱਕ ਡਟਣਾ'' ਜ਼ਰੂਰੀ ਹੈ।

ਕਾਉਟਸਕੀਵਾਦ ''ਸਰਕਾਰੀ ਅਦਾਰਿਆਂ'' ਦੇ ਖ਼ਿਲਾਫ਼ ਸਿਰਫ਼ ਨਕਲੀ ਘੋਲ ਚਲਾ ਰਿਹਾ ਹੈ, ਸਿਰਫ਼ ਇਸ ਲਈ ਕਿ ਜੰਗ ਤੋਂ ਪਿਛੋਂ ਮਜ਼ਦੂਰਾਂ ਤੋਂ ਅਸੂਲਾਂ ਦੀ ਟੱਕਰ ਨੂੰ ਲੁਕਾਉਣ ਦੇ ਅਤੇ ਧੁੰਦਲੀ ਜਿਹੀ ''ਖੱਬ-ਪੱਖੀ'' ਭਾਵਨਾ ਵਿਚ ਤਿਆਰ ਕੀਤੇ ਗਏ ਇਕ ਹਜ਼ਾਰ ਇਕ ਮੋਟੇ ਮੋਟੇ ਮੱਤਿਆਂ ਨਾਲ, ਜਿਨ੍ਹਾਂ ਨੂੰ ਲਿਖਣ ਵਿਚ **ਦੂਜੀ** ਇੰਟਰਨੈਸ਼ਨਲ ਦੇ ਡਿਪਲੋਮੈਟ ਇੰਨੇਂ ਮਾਹਰ ਹਨ, ਮਸਲੇ ਨੂੰ ਕਾਗਜ਼ੀ ਤੌਰ ਉਤੇ ਸਾਫ਼ ਕਰਨ ਦੇ ਸਮਰਥ ਹੋ ਸਕਣ।

ਇਹ ਗੱਲ ਬਿਲਕੁਲ ਸਮਝ ਆ ਸਕਦੀ ਹੈ ਕਿ, ''ਸਰਕਾਰੀ ਅਦਾਰਿਆਂ'' ਦੇ ਖ਼ਿਲਾਫ਼ ਆਪਣੇ ਮੁਸ਼ਕਲ ਘੋਲ ਵਿਚ, ਜਰਮਨ ਵਿਰੋਧੀ ਦਲ ਨੂੰ ਵੀ ਕਾਉਟਸਕੀਵਾਦ ਵਲੋਂ ਖੜੀ ਕੀਤੀ ਗਈ ਇਸ ਗ਼ੈਰ-ਅਸੂਲੀ ਵਿਰੋਧਤਾ ਦੀ ਵਰਤੋਂ

ਕਰਨੀ ਚਾਹੀਦੀ ਹੈ। ਪਰ ਕਿਸੇ ਵੀ ਕੌਮਾਂਤਰੀਵਾਦੀ ਲਈ, ਨਵ-ਕਾਊਟਸਕੀਵਾਦ ਵੱਲ ਵਿਰੋਧ ਕਸੌਟੀ ਬਣਿਆ ਰਹਿਣਾ ਚਾਹੀਦਾ ਹੈ। ਸਿਰਫ਼ ਉਹੋ ਹੀ ਸੱਚਾ ਕੌਮਾਂਤਰੀਵਾਦੀ ਹੈ ਜਿਹੜਾ ਕਾਊਟਸਕੀਵਾਦ ਦਾ ਵਿਰੋਧ ਕਰਦਾ ਹੈ ਅਤੇ ਸਮਝਦਾ ਹੈ ਕਿ, ਇਸਦੇ ਆਗੂਆਂ ਵਲੋਂ ਨੀਅਤ ਤਬਦੀਲ ਹੋਣ ਦਾ ਬਹਾਨਾ ਬਨਾਉਣ ਤੋਂ **ਪਿਛੋਂ ਵੀ**, "ਵਿਚਾਲ-ਪੰਥ", ਸਾਰੇ ਬੁਨਿਆਦੀ ਮਸਲਿਆਂ ਉਤੇ, **ਅੰਧਰਾਸ਼ਟਰਵਾਦੀਆਂ ਅਤੇ ਮੌਕਾਪ੍ਰਸਤਾਂ ਦਾ ਇਤਿਹਾਦੀ** ਬਣਿਆ ਰਹਿੰਦਾ ਹੈ।

ਆਮ ਤੌਰ ਉਤੇ, ਇੰਟਰਨੈਸ਼ਨਲ ਵਿਚ ਥਿੜਕਵੇਂ ਅੰਸ਼ਾਂ ਵੱਲ ਸਾਡਾ ਵਤੀਰਾ ਬੇਹੱਦ ਮਹੱਤਤਾ ਰਖਦਾ ਹੈ। ਇਹ ਅੰਸ਼—ਮੁਖ ਤੌਰ ਉਤੇ **ਸ਼ਾਂਤੀਵਾਦੀ** ਵੰਨਗੀ ਦੇ ਸੋਸ਼ਲਿਸਟ—ਨਿਰਪੱਖ ਦੇਸਾਂ ਵਿਚ ਵੀ ਅਤੇ ਜੰਗ ਵਿਚ ਸ਼ਾਮਲ ਦੇਸਾਂ ਵਿਚੋਂ ਕੁਝ ਵਿਚ ਵੀ (ਉਦਾਹਰਣ ਵਜੋਂ, ਬਰਤਾਨੀਆ ਵਿਚ ਇੰਡੀਪੈਂਡੈਂਟ ਲੇਬਰ ਪਾਰਟੀ) ਦੇਖਣ ਵਿਚ ਆਉਂਦੇ ਹਨ। ਇਹੋ ਜਿਹੇ ਅਨਸਰ ਸਾਡੇ ਸਫ਼ਰ-ਸਾਥੀ ਬਣ ਸਕਦੇ ਹਨ। ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖ਼ਿਲਾਫ਼ ਘੋਲ ਲਈ ਉਹਨਾਂ ਨਾਲ ਸੰਬੰਧ ਜ਼ਰੂਰੀ ਹਨ। ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਉਹ **ਸਿਰਫ਼** ਸਫ਼ਰ-ਸਾਥੀ ਹੀ ਹਨ, ਅਤੇ ਸਾਰੇ ਮੁਖ ਅਤੇ ਬੁਨਿਆਦੀ ਮਸਲਿਆਂ ਉਤੇ ਇਹ ਅੰਸ਼ ਸਾਡੇ ਨਾਲ ਨਹੀਂ ਸਗੋਂ ਸਾਡੇ ਖ਼ਿਲਾਫ਼ ਜਾਣਗੇ, ਜਦੋਂ ਇੰਟਰਨੈਸ਼ਨਲ ਮੁੜ-ਸਥਾਪਤ ਹੋ ਰਹੀ ਹੋਵੇਗੀ; ਉਹ ਕਾਊਟਸਕੀ, ਸ਼ੀਦਮਾਨ, ਵਾਂਡਰਵੇਲਡੇ, ਅਤੇ ਸਮਬਾ ਦਾ ਪਾਸਾ ਲੈਣਗੇ। ਕੌਮਾਂਤਰੀ ਕਾਨਫ਼ਰੰਸਾਂ ਵਿਚ, ਸਾਨੂੰ ਆਪਣਾ ਪ੍ਰੋਗਰਾਮ ਉਥੋਂ ਤੱਕ ਸੀਮਤ ਨਹੀਂ ਰਖਣਾ ਚਾਹੀਦਾ, ਜੋ ਕੁਝ ਇਹਨਾਂ ਅੰਸ਼ਾਂ ਨੂੰ ਪ੍ਰਵਾਨ ਹੋਵੇ। ਜੇ ਅਸੀਂ ਅਜਿਹਾ ਕਰਾਂਗੇ, ਤਾਂ ਅਸੀਂ ਡੱਕੋ-ਡੋਲੇ ਖਾਂਦੇ ਸ਼ਾਂਤੀਵਾਦੀਆਂ ਦੇ ਗ਼ੁਲਾਮ ਬਣ ਜਾਵਾਂਗੇ। ਉਦਾਹਰਣ ਵਜੋਂ, ਬਰਨ ਵਿਚ ਕੌਮਾਂਤਰੀ ਇਸਤ੍ਰੀ ਕਾਨਫ਼ਰੰਸ ਵਿਚ ਜੋ ਵਾਪਰਿਆ, ਉਹ ਇਹੋ ਸੀ। ਉਥੇ ਜਰਮਨ ਪ੍ਰਤਿਨਿਧ-ਮੰਡਲ ਨੇ, ਜਿਹੜਾ ਸਾਥੀ ਕਲਾਰਾ ਜ਼ੈਟਕਿਨ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦਾ ਸੀ, ਅਸਲ "ਵਿਚਾਲ-ਪੰਥ" ਦਾ ਰੋਲ ਅਦਾ ਕੀਤਾ। ਇਸਤ੍ਰੀ ਕਾਨਫ਼ਰੰਸ ਨੇ ਸਿਰਫ਼ ਉਹੋ ਕੁਝ ਕਿਹਾ ਜੋ ਕੁਝ ਤਰੂਲਸਤਰਾ ਦੀ ਅਗਵਾਈ ਹੇਠਲੇ ਮੌਕਾਪ੍ਰਸਤ ਡੱਚ ਪਾਰਟੀ ਦੇ ਡੈਲੀਗੇਟਾਂ ਨੂੰ, ਅਤੇ ਇੰਡੀਪੈਂਡੈਂਟ ਲੇਬਰ ਪਾਰਟੀ ਦੇ ਡੈਲੀਗੇਟਾਂ ਨੂੰ ਪ੍ਰਵਾਨ ਸੀ; ਅਸੀਂ ਹਮੇਸ਼ਾ ਯਾਦ ਰਖਾਂਗੇ ਕਿ "ਇਤਿਹਾਦੀ ਦੇਸਾਂ" ਦੇ ਅੰਧਰਾਸ਼ਟਰਵਾਦੀਆਂ ਦੀ ਲੰਦਨ ਕਾਨਫ਼ਰੰਸ ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਨੇ ਵਾਂਡਰਵੇਲਡੇ ਦੇ ਮੱਤੇ ਦੇ ਹੱਕ ਵਿਚ ਵੋਟਾਂ ਪਾਈਆ ਸਨ। ਅਸੀਂ ਜੰਗ ਦੇ ਦੌਰਾਨ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਇਸ ਵਲੋਂ ਲੜੇ ਜਾਂਦੇ ਰਹੇ ਬਹਾਦਰਾਨਾ ਘੋਲ ਲਈ ਇੰਡੀਪੈਂਡੈਂਟ ਲੇਬਰ ਪਾਰਟੀ ਲਈ ਆਪਣਾ ਅਤਿਅੰਤ ਸਤਿਕਾਰ ਪ੍ਰਗਟ ਕਰਨਾ ਚਾਹੁੰਦੇ ਹਾਂ। ਪਰ ਸਾਨੂੰ ਪਤਾ ਹੈ ਕਿ ਇਸ ਪਾਰਟੀ ਨੇ ਕਦੀ ਮਾਰਕਸਵਾਦੀ ਦ੍ਰਿਸ਼ਟੀਕੋਣ ਨਹੀਂ ਸੀ ਅਪਣਾਇਆ ਤੇ ਨਾ ਹੀ ਅਪਣਾ ਰਹੀਂ ਹੈ। ਆਪਣੇ ਤੌਰ ਉਤੇ, ਸਾਡਾ ਵਿਸ਼ਵਾਸ ਹੈ ਕਿ ਅੱਜ ਇਨਕਲਾਬੀ ਮਾਰਕਸਵਾਦ ਦਾ ਝੰਡਾ

ਉੱਚਾ ਚੁੱਕਣਾ, ਮਜ਼ਦੂਰਾਂ ਨੂੰ ਦਰਿੜ੍ਹਤਾ ਨਾਲ ਅਤੇ ਨਿਸ਼ਚਿਤ ਢੰਗ ਨਾਲ ਇਹ ਦੱਸਣਾ ਕਿ ਅਸੀਂ ਸਾਮਰਾਜੀ ਜੰਗਾਂ ਨੂੰ ਕਿਵੇਂ ਲੈਂਦੇ ਹਾਂ, ਅਤੇ ਵਿਸ਼ਾਲ ਇਨਕਲਾਬੀ ਕਾਰਵਾਈ ਦਾ, ਭਾਵ, ਸਾਮਰਾਜੀ ਜੰਗਾਂ ਦੇ ਦੌਰ ਨੂੰ ਘਰੇਲੂ ਜੰਗਾਂ ਦਾ ਦੌਰ ਆਰੰਭ ਕਰਨ ਵਿਚ ਬਦਲਣ ਦਾ ਨਾਅਰਾ ਦੇਣਾ ਸੋਸ਼ਲ-ਡੈਮੋਕਰੈਟਿਕ ਵਿਰੋਧੀ ਦਲ ਦਾ ਮੁਖ ਕਰਤੱਵ ਹੈ।

ਸਭ ਕੁਝ ਦੇ ਬਾਵਜੂਦ, ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਅੰਸ਼ ਕਈ ਦੇਸਾਂ ਵਿਚ ਮੌਜੂਦ ਹਨ। ਉਹ ਜਰਮਨੀ, ਰੂਸ, ਸਕੈਂਡੇਨੇਵੀਆ (ਜਿਥੇ ਸਾਥੀ ਹੋਗਲੁੰਡ ਪ੍ਰਭਾਵਸ਼ਾਲੀ ਰੁਝਾਣ ਦੀ ਪ੍ਰਤਿਨਿਧਤਾ ਕਰਦਾ ਹੈ), ਬਲਕਾਨ (ਬਲਗਾਰੀਆਈ "ਤੇਸਨੀਆਕੀ"[80] ਦੀ ਪਾਰਟੀ), ਇਟਲੀ, ਬਰਤਾਨੀਆ (ਬਰਤਾਨਵੀ ਸੋਸ਼ਲਿਸਟ ਪਾਰਟੀ[81] ਦਾ ਇਕ ਹਿੱਸਾ), ਫ਼ਰਾਂਸ (ਵਲਿਆਨ ਨੇ "L'Humanité"[82] ਵਿਚ ਆਪ ਮੰਨਿਆ ਹੈ ਕਿ ਉਸਨੂੰ ਕੌਮਾਂਤਰੀਵਾਦੀਆਂ ਵਲੋਂ ਰੋਸ-ਪੱਤਰ ਮਿਲੇ ਹਨ, ਪਰ ਉਸਨੇ ਉਹਨਾਂ ਵਿਚੋਂ ਇਕ ਵੀ ਪੂਰਾ ਨਹੀਂ ਛਾਪਿਆ), ਹਾਲੈਂਡ (ਟ੍ਰੀਬਿਊਨਵਾਦੀ)[83] ਆਦਿ, ਵਿਚ ਦੇਖੇ ਜਾ ਸਕਦੇ ਹਨ। ਇਹਨਾਂ ਮਾਰਕਸਵਾਦੀ ਅੰਸ਼ਾਂ ਨੂੰ ਇਕੱਠਾ ਕਰਨਾ, ਭਾਵੇਂ ਸ਼ੁਰੂ ਵਿਚ ਉਹਨਾਂ ਦੀ ਗਿਣਤੀ ਕਿੰਨੀਂ ਵੀ ਘਟ ਹੋਵੇ; ਉਹਨਾਂ ਦੇ ਨਾਂ ਉਤੇ, ਸੱਚੇ ਸੋਸ਼ਲਿਜ਼ਮ ਦੇ ਹੁਣ ਭੁੱਲੇ-ਵਿਸਰੇ ਆਦਰਸ਼ਾਂ ਵਿਚ ਫਿਰ ਜਾਨ ਪਾਉਣੀ, ਅਤੇ ਸਾਰੇ ਦੇਸਾਂ ਦੇ ਮਜ਼ਦੂਰਾਂ ਨੂੰ ਅੰਧਰਾਸ਼ਟਰਵਾਦੀਆਂ ਨਾਲੋਂ ਨਾਤਾ ਤੋੜਨ ਦੀ ਅਤੇ ਮਾਰਕਸਵਾਦ ਦੇ ਪੁਰਾਣੇ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ ਕਰਨੀ—ਇਹੋ ਜਿਹਾ ਹੈ ਅੱਜ ਦਾ ਕਾਰਜ।

ਅਖੌਤੀ "ਕਾਰਵਾਈ" ਦੇ ਪ੍ਰੋਗਰਾਮਾਂ ਦੀਆਂ ਕਾਨਫ਼ਰੰਸਾਂ ਨੇ ਹੁਣ ਤੱਕ ਆਪਣੇ ਆਪ ਨੂੰ ਨਿਰੋਲ ਸ਼ਾਂਤੀਵਾਦ ਦੇ ਘਟ ਜਾਂ ਵਧ ਸਪਸ਼ਟ ਪ੍ਰੋਗਰਾਮ ਦੇ ਐਲਾਨ ਕਰਨ ਤੱਕ ਸੀਮਤ ਰਖਿਆ ਹੈ। ਮਾਰਕਸਵਾਦ ਸ਼ਾਂਤੀਵਾਦ ਨਹੀਂ। ਬੇਸ਼ਕ, ਜੰਗ ਦੇ ਜਿਥੋਂ ਤੱਕ ਹੋ ਸਕੇ ਛੇਤੀ ਤੋਂ ਛੇਤੀ ਖ਼ਾਤਮੇ ਲਈ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਪਰ "ਅਮਨ" ਦੀ ਮੰਗ ਪ੍ਰੋਲਤਾਰੀ ਮਹੱਤਤਾ ਸਿਰਫ਼ ਤਾਂ ਹੀ ਪ੍ਰਾਪਤ ਕਰਦੀ ਹੈ ਜੇ **ਇਨਕਲਾਬੀ** ਘੋਲ ਦਾ ਨਾਅਰਾ ਦਿਤਾ ਜਾਏ। ਇਨਕਲਾਬਾਂ ਦੀ ਲੜੀ ਤੋਂ ਬਿਨਾਂ, ਜਿਸਨੂੰ ਜਮਹੂਰੀ ਅਮਨ ਕਿਹਾ ਜਾਂਦਾ ਹੈ, ਉਹ ਤੰਗਨਜ਼ਰ ਯੂਟੋਪੀਆ ਹੈ। ਕਾਰਵਾਈ ਦੇ ਸੱਚੇ ਪ੍ਰੋਗਰਾਮ ਦਾ ਮੰਤਵ ਸਿਰਫ਼ ਇਕ **ਮਾਰਕਸਵਾਦੀ** ਪ੍ਰੋਗਰਾਮ ਹੀ ਸਾਰ ਸਕਦਾ ਹੈ, ਜਿਹੜਾ ਜਨਤਾ ਨੂੰ, ਜੋ ਕੁਝ ਵਾਪਰਿਆ ਹੈ, ਪੂਰੀ ਤਰ੍ਹਾਂ ਅਤੇ ਸਪਸ਼ਟਤਾ ਨਾਲ ਸਮਝਾਉਂਦਾ ਹੋਵੇ, ਵਿਆਖਿਆ ਕਰਦਾ ਹੋਵੇ ਕਿ ਸਾਮਰਾਜ ਕੀ ਹੈ ਅਤੇ ਇਸਦਾ ਮੁਕਾਬਲਾ ਕਿਵੇਂ ਕੀਤਾ ਜਾਣਾ ਚਾਹੀਦਾ ਹੈ, ਖੁਲ੍ਹਮ-ਖੁਲ੍ਹਾ ਐਲਾਨ ਕਰਦਾ ਹੋਵੇ ਕਿ ਦੂਜੀ ਇੰਟਰਨੈਸ਼ਨਲ ਨੂੰ ਮੌਕਾਪ੍ਰਸਤੀ ਨੇ ਢਹਿ-ਢੇਰੀ ਕੀਤਾ, ਅਤੇ ਮੌਕਾਪ੍ਰਸਤਾਂ ਤੋਂ ਬਿਨਾਂ ਅਤੇ ਉਹਨਾਂ ਦੇ **ਖ਼ਿਲਾਫ਼** ਉਸਾਰੀ ਜਾਣ ਵਾਲੀ ਮਾਰਕਸਵਾਦੀ ਇੰਟਰਨੈਸ਼ਨਲ ਦਾ ਖੁਲ੍ਹਮ-ਖੁਲ੍ਹਾ ਨਾਅਰਾ ਦੇਂਦਾ ਹੋਵੇ। ਸਿਰਫ਼ ਅਜਿਹਾ ਪ੍ਰੋਗਰਾਮ ਹੀ, ਜਿਹੜਾ ਦਰਸਾਉਂਦਾ ਹੋਵੇ

ਕਿ ਸਾਡਾ ਆਪਣੇ ਆਪ ਵਿਚ ਅਤੇ ਮਾਰਕਸਵਾਦ ਵਿਚ ਵਿਸ਼ਵਾਸ ਹੈ ਅਤੇ ਅਸੀਂ ਮੌਕਾਪ੍ਰਸਤੀ ਦੇ ਖ਼ਿਲਾਫ਼ ਜ਼ਿੰਦਗੀ-ਮੌਤ ਦੇ ਘੋਲ ਦਾ ਐਲਾਨ ਕਰ ਦਿਤਾ ਹੈ, ਸਾਡੇ ਲਈ ਛੇਤੀ ਜਾਂ ਸਮਾਂ ਪਾ ਕੇ ਸੱਚੀ ਪ੍ਰੋਲਤਾਰੀ ਜਨਤਾ ਦੀਆਂ ਹਮਦਰਦੀਆਂ ਜਿੱਤੇਗਾ।

## ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਅਤੇ ਤੀਜੀ ਇੰਟਰਨੈਸ਼ਨਲ[84]

ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਮੁੱਦਤਾਂ ਦੀ ਆਪਣੇ ਮੌਕਾਪ੍ਰਸਤਾਂ ਨਾਲ ਤੋੜ-ਵਿਛੋੜਾ ਕਰ ਚੁੱਕੀ ਹੋਈ ਹੈ। ਇਸ ਤੋਂ ਬਿਨਾਂ, ਰੂਸੀ ਮੌਕਾਪ੍ਰਸਤ ਹੁਣ ਅੰਧਰਾਸ਼ਟਰਵਾਦੀ ਬਣ ਚੁੱਕੇ ਹਨ। ਇਹ ਗੱਲ ਸਾਨੂੰ ਆਪਣੀ ਰਾਏ ਵਿਚ ਪੱਕਿਆਂ ਹੀ ਕਰਦੀ ਹੈ ਕਿ ਉਹਨਾਂ ਨਾਲੋਂ ਟੁੱਟਣਾ ਸੋਸ਼ਲਿਜ਼ਮ ਦੇ ਹਿੱਤਾਂ ਵਿਚ ਲਾਜ਼ਮੀ ਹੈ। ਸਾਨੂੰ ਯਕੀਨ ਹੈ ਕਿ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਸੋਸ਼ਲ-ਡੈਮੋਕਰੈਟਾਂ ਦੇ ਅਜੋਕੇ ਮੱਤਭੇਦ ਕਿਸੇ ਤਰ੍ਹਾਂ ਵੀ ਅਰਾਜਕਤਾਵਾਦੀਆਂ ਨਾਲ ਸੋਸ਼ਲਿਸਟਾਂ ਦੇ ਮੱਤਭੇਦਾਂ ਨਾਲੋਂ ਘਟ ਉਘੜਵੇਂ ਨਹੀਂ, ਜਦੋਂ ਸੋਸ਼ਲ-ਡੈਮੋਕਰੈਟ ਅਰਾਜਕਤਾਵਾਦੀਆਂ ਨਾਲੋਂ ਵੱਖ ਹੋਏ ਸਨ। ਮੌਕਾਪ੍ਰਸਤ ਮਾਨੀਟਰ ਠੀਕ ਸੀ ਜਦੋਂ ਉਸਨੇ "Preußische Jahrbücher"[85] ਵਿਚ ਲਿਖਿਆ ਸੀ ਕਿ ਅੱਜ ਦੀ ਏਕਤਾ ਮੌਕਾਪ੍ਰਸਤਾਂ ਅਤੇ ਬੁਰਜੂਆਜ਼ੀ ਲਈ ਲਾਭਕਾਰੀ ਹੈ, ਕਿਉਂਕਿ ਇਸਨੇ ਅੰਧਰਾਸ਼ਟਰਵਾਦੀਆਂ ਅੱਗੇ ਹਥਿਆਰ ਸੁੱਟਣ ਲਈ ਖੱਬਿਆਂ ਨੂੰ ਮਜਬੂਰ ਕਰ ਦਿਤਾ ਹੈ ਅਤੇ ਮਜ਼ਦੂਰਾਂ ਨੂੰ ਵਿਵਾਦ ਸਮਝਣ ਤੋਂ ਅਤੇ ਆਪਣੀ ਹੀ ਸੱਚੀ ਮਜ਼ਦੂਰ ਜਮਾਤ ਅਤੇ ਸੱਚੀ ਸੋਸ਼ਲਿਸਟ ਪਾਰਟੀ ਬਣਾਉਣ ਤੋਂ ਰੋਕਦੀ ਹੈ। ਸਾਨੂੰ ਪੱਕਾ ਯਕੀਨ ਹੈ ਕਿ, ਅਜੋਕੀਆਂ ਹਾਲਤਾਂ ਵਿਚ, ਮੌਕਾਪ੍ਰਸਤਾਂ ਅਤੇ ਅੰਧਰਾਸ਼ਟਰਵਾਦੀਆਂ ਨਾਲ ਤੋੜ-ਵਿਛੋੜਾ ਕਰਨਾ ਇਨਕਲਾਬੀਆਂ ਦਾ ਪਹਿਲਾ ਫ਼ਰਜ਼ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਪੱਛੜੇ ਮਜ਼ਦੂਰਾਂ ਦੀ ਪ੍ਰਬੁਧਤਾ ਨੂੰ ਤੇਜ਼ੀ ਦੇਣ ਵਿਚ ਅਤੇ ਉਹਨਾਂ ਨੂੰ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀਆਂ ਸਫ਼ਾਂ ਵਿਚ ਖਿੱਚਣ ਵਿਚ ਸਹਾਇਤਾ ਕਰਨ ਲਈ ਪੀਲੀਆਂ ਟਰੇਡ ਯੂਨੀਅਨਾਂ, ਯਹੂਦ-ਵਿਰੋਧੀਆਂ, ਉਦਾਰਵਾਦੀ ਮਜ਼ਦੂਰ ਯੂਨੀਅਨਾਂ ਨਾਲ ਤੋੜ-ਵਿਛੋੜਾ ਜ਼ਰੂਰੀ ਸੀ।

ਸਾਡੀ ਰਾਏ ਵਿਚ, ਤੀਜੀ ਇੰਟਰਨੈਸ਼ਨਲ ਉਸ ਤਰ੍ਹਾਂ ਦੇ ਇਨਕਲਾਬੀ ਆਧਾਰ ਉਤੇ ਉਸਾਰੀ ਜਾਣੀ ਚਾਹੀਦੀ ਹੈ। ਸਾਡੀ ਪਾਰਟੀ ਲਈ, ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਤੋੜ-ਵਿਛੋੜੇ ਦੀ ਉਚਿਤਤਾ ਦੇ ਸਵਾਲ ਦੀ ਹੋਂਦ ਹੀ ਨਹੀਂ, ਇਸਦਾ ਅੰਤਮ ਤੌਰ ਉਤੇ ਜਵਾਬ ਦਿਤਾ ਜਾ ਚੁੱਕਾ ਹੈ। ਸਾਡੀ ਪਾਰਟੀ ਲਈ ਜਿਸ ਇਕੋ ਇਕ ਸਵਾਲ ਦੀ ਹੋਂਦ ਹੈ, ਉਹ ਇਹ ਕਿ ਇਸਨੂੰ ਨਿਕਟ ਭਵਿੱਖ ਵਿਚ ਕੌਮਾਂਤਰੀ ਪਧਰ ਉਤੇ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਨਹੀਂ।

ਇਹ ਬਿਲਕੁਲ ਸਪਸ਼ਟ ਹੈ ਕਿ **ਕੌਮਾਂਤਰੀ** ਮਾਰਕਸਵਾਦੀ ਸੰਸਥਾ ਲਈ, **ਵੱਖੋ ਵੱਖਰੇ** ਦੇਸਾਂ ਵਿਚ ਸਵੈਧੀਨ ਮਾਰਕਸਵਾਦੀ ਪਾਰਟੀਆਂ ਕਾਇਮ ਕਰਨ ਦੀ ਤਤਪਰਤਾ

ਹੋਣੀ ਚਾਹੀਦੀ ਹੈ। ਸਭ ਤੋਂ ਪੁਰਾਣੀ ਅਤੇ ਸਭ ਤੋਂ ਮਜ਼ਬੂਤ ਮਜ਼ਦੂਰ ਜਮਾਤ ਲਹਿਰ ਵਾਲੇ ਦੇਸ ਵਜੋਂ, ਜਰਮਨੀ ਨਿਰਣਾਇਕ ਮਹੱਤਤਾ ਰਖਦਾ ਹੈ। ਨਿਕਟ ਭਵਿੱਖ ਦਰਸਾਵੇਗਾ ਕਿ ਨਵੀਂ ਅਤੇ ਮਾਰਕਸਵਾਦੀ ਇੰਟਰਨੈਸ਼ਨਲ ਕਾਇਮ ਕਰਨ ਲਈ ਹਾਲਤਾਂ ਪੱਕੀਆਂ ਹਨ ਜਾਂ ਨਹੀਂ। ਜੇ ਹਨ, ਤਾਂ ਸਾਡੀ ਪਾਰਟੀ, ਇਹੋ ਜਿਹੀ, ਮੌਕਾਪ੍ਰਸਤੀ ਅਤੇ ਅੰਧਰਾਸ਼ਟਰਵਾਦ ਤੋਂ ਸਾਫ਼ ਹੋਈ ਹੋਈ, ਤੀਜੀ ਇੰਟਰਨੈਸ਼ਨਲ ਵਿਚ ਖ਼ੁਸ਼ੀ ਖ਼ੁਸ਼ੀ ਰਲ ਜਾਵੇਗੀ। ਜੇ ਨਹੀਂ, ਤਾਂ ਇਸ ਤੋਂ ਪਤਾ ਲਗੇਗਾ ਕਿ ਇਸ ਸਫ਼ਾਈ ਨੂੰ ਅਮਲ ਵਿਚ ਲਿਆਉਣ ਲਈ ਕਰਮ-ਵਿਕਾਸ ਦੇ ਘਟ ਜਾਂ ਵਧ ਲੰਮਕਵੇਂ ਦੌਰ ਦੀ ਲੋੜ ਹੈ। ਫਿਰ ਸਾਡੀ ਪਾਰਟੀ ਪੁਰਾਣੀ ਇੰਟਰਨੈਸ਼ਨਲ ਵਿਚ ਅਤਿਵਾਦੀ ਵਿਰੋਧੀ ਦਲ ਕਾਇਮ ਕਰੇਗੀ, ਉਸ ਸਮੇਂ ਤੱਕ, ਜਦੋਂ ਕਿ ਵੱਖੋ ਵੱਖਰੇ ਦੇਸਾਂ ਵਿਚ ਹਾਲਤਾਂ ਇਨਕਲਾਬੀ ਮਾਰਕਸਵਾਦ ਦੇ ਆਧਾਰ ਉਤੇ ਖੜੀ ਕੌਮਾਂਤਰੀ ਮਜ਼ਦੂਰਾਂ ਦੀ ਸਭਾ ਕਾਇਮ ਕਰਨੀ ਸੰਭਵ ਬਣਾ ਦੇਣਗੀਆਂ।

ਅਸੀਂ ਨਹੀਂ ਜਾਣਦੇ, ਅਤੇ ਨਹੀਂ ਜਾਣ ਸਕਦੇ ਕਿ ਅਗਲੇ ਕੁਝ ਵਰ੍ਹਿਆਂ ਵਿਚ ਸੰਸਾਰ ਘਟਨਾਵਾਂ ਕਿਹੜਾ ਰਾਹ ਫੜਨਗੀਆਂ। ਅਸੀਂ ਜੋ ਪੱਕੀ ਤਰ੍ਹਾਂ ਜਾਣਦੇ ਹਾਂ ਅਤੇ ਜਿਸ ਬਾਰੇ ਸਾਨੂੰ ਅਡੋਲ ਵਿਸ਼ਵਾਸ ਹੈ, ਉਹ ਇਹ ਕਿ **ਸਾਡੀ** ਪਾਰਟੀ, **ਸਾਡੇ** ਦੇਸ ਵਿਚ ਅਤੇ **ਸਾਡੇ** ਪ੍ਰੋਲਤਾਰੀ ਵਿਚ, ਉਪ੍ਰੋਕਤ ਪਾਸੇ ਵੱਲ ਅਣਥੱਕ ਤੌਰ ਉਤੇ ਕੰਮ ਕਰੇਗੀ, ਅਤੇ ਆਪਣੀਆਂ ਨਿੱਤਾਪ੍ਰਤਿ ਸਰਗਰਮੀਆਂ ਰਾਹੀਂ **ਮਾਰਕਸਵਾਦੀ** ਇੰਟਰਨੈਸ਼ਨਲ ਦਾ ਰੂਸੀ ਹਿੱਸਾ ਉਸਾਰੇਗੀ।

ਰੂਸ ਵਿਚ ਵੀ ਕੱਟੜ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ ''ਵਿਚਾਲ-ਪੰਥੀ'' ਟੋਲਿਆਂ ਦੀ ਘਾਟ ਨਹੀਂ। ਇਹ ਲੋਕ ਮਾਰਕਸਵਾਦੀ ਇੰਟਰਨੈਸ਼ਨਲ ਦੀ ਕਾਇਮੀ ਦੇ ਖ਼ਿਲਾਫ਼ ਲੜਨਗੇ। ਅਸੀਂ ਜਾਣਦੇ ਹਾਂ ਕਿ, ਅਸੂਲ ਵਿਚ, ਪਲੇਖ਼ਾਨੋਵ, ਜ਼ੂਦੇਕੂਮ ਦੇ ਦ੍ਰਿਸ਼ਟੀਕੋਣ ਵਿਚ ਭਿਆਲ ਹੈ ਅਤੇ ਪਹਿਲਾਂ ਹੀ ਉਸ ਵੱਲ ਹਥ ਵਧਾਈ ਖੜਾ ਹੈ। ਅਸੀਂ ਜਾਣਦੇ ਹਾਂ ਕਿ, ਅਕਸੇਲਰੋਦ ਦੀ ਲੀਡਰਸ਼ਿਪ ਹੇਠਾਂ, ਅਖੌਤੀ ''ਜਥੇਬੰਦਕ ਕਮੇਟੀ'' ਰੂਸੀ ਧਰਤੀ ਉਪਰ ਕਾਊਟਸਕੀਵਾਦ ਦਾ ਪ੍ਰਚਾਰ ਕਰ ਰਹੀ ਹੈ। ਮਜ਼ਦੂਰ ਜਮਾਤ ਏਕਤਾ ਦੇ ਚੋਗੇ ਹੇਠ, ਇਹ ਲੋਕ ਮੌਕਾਪ੍ਰਸਤਾਂ ਨਾਲ, ਅਤੇ ਉਹਨਾਂ ਰਾਹੀਂ ਬੁਰਜੂਆਜ਼ੀ ਨਾਲ ਏਕਤਾ ਲਈ ਅਪੀਲ ਕਰ ਰਹੇ ਹਨ। ਪਰ ਰੂਸ ਵਿਚ ਅਜੋਕੀ ਮਜ਼ਦੂਰ ਜਮਾਤ ਲਹਿਰ ਬਾਰੇ ਅਸੀਂ ਜੋ ਕੁਝ ਵੀ ਜਾਣਦੇ ਹਾਂ, ਉਹ ਸਾਨੂੰ ਪੂਰਾ ਯਕੀਨ ਦੁਆਉਂਦਾ ਹੈ ਕਿ ਰੂਸ ਦੇ ਜਮਾਤੀ ਚੇਤਨਤਾ ਵਾਲੇ ਪ੍ਰੋਲਤਾਰੀ **ਸਾਡੀ ਪਾਰਟੀ ਨਾਲ** ਰਹਿਣਗੇ, ਜਿਵੇਂ ਹੁਣ ਤੱਕ ਰਹੇ ਹਨ।

ਜੁਲਾਈ-ਅਗਸਤ, ੧੯੧੫ ਵਿਚ
ਲਿਖਿਆ ਗਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੨੬,
ਪੰਨੇ ੩੨੮-੩੨੯ ਅਤੇ
੩੩੫-੩੪੩

# ਸੋਸ਼ਲਿਸਟ ਪ੍ਰਾਪੇਗੰਡਾ ਲੀਗ ਦੇ ਸਕੱਤਰ ਨੂੰ ਚਿੱਠੀ [86]

ਪਿਆਰੇ ਸਾਥੀਓ!

ਸਾਨੂੰ ਤੁਹਾਡੀ ਦੁਵਰਕੀ ਮਿਲੀ, ਬੜੀ ਖੁਸ਼ੀ ਹੋਈ। ਨਵੀਂ ਇੰਟਰਨੈਸ਼ਨਲ ਲਈ, ਸਪਸ਼ਟ ਇਨਕਲਾਬੀ ਸੋਸ਼ਲਿਜ਼ਮ ਵਾਸਤੇ ਜਿਵੇਂ ਕਿ ਮਾਰਕਸ ਅਤੇ ਏਂਗਲਜ਼ ਨੇ ਸਿਖਾਇਆ, ਅਤੇ ਮੌਕਾਪ੍ਰਸਤੀ ਦੇ ਖ਼ਿਲਾਫ਼, ਖ਼ਾਸ ਕਰਕੇ ਉਹਨਾਂ ਦੇ ਖ਼ਿਲਾਫ਼ ਜਿਹੜੇ ਰਖਿਆ ਦੀ ਜੰਗ ਵਿਚ ਮਜ਼ਦੂਰ ਜਮਾਤ ਦੀ ਸ਼ਮੂਲੀ ਦੇ ਹੱਕ ਵਿਚ ਹਨ, ਘੋਲ ਲਈ ਸੋਸ਼ਲਿਸਟ ਪਾਰਟੀ ਦੇ ਮੈਂਬਰਾਂ ਨੂੰ ਕੀਤੀ ਗਈ ਤੁਹਾਡੀ ਅਪੀਲ ਉਸ ਪੁਜ਼ੀਸ਼ਨ ਨਾਲ ਬਿਲਕੁਲ ਮੇਲ ਖਾਂਦੀ ਹੈ ਜਿਹੜੀ ਸਾਡੀ ਪਾਰਟੀ (ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ **ਕੇਂਦਰੀ ਕਮੇਟੀ** ਨੇ) ਇਸ ਜੰਗ ਦੇ ਸ਼ੁਰੂ ਤੋਂ ਹੀ ਲਈ ਹੈ, ਅਤੇ ਜਿਹੜੀ ਇਹ ਪਿਛਲੇ ਦੱਸਾਂ ਸਾਲਾਂ ਤੋਂ ਹਮੇਸ਼ਾ ਹੀ ਲੈਂਦੀ ਰਹੀ ਹੈ।

ਅਸੀਂ ਤੁਹਾਨੂੰ ਹਾਰਦਿਕ ਵਧਾਈਆਂ ਅਤੇ ਸੱਚੇ ਕੌਮਾਂਤਰੀਵਾਦ ਲਈ ਆਪਣੇ ਘੋਲ ਵਿਚ ਸਫ਼ਲਤਾ ਲਈ ਕਾਮਨਾਵਾਂ ਭੇਜਦੇ ਹਾਂ।

ਆਪਣੇ ਅਖ਼ਬਾਰਾਂ ਅਤੇ ਆਪਣੇ ਪ੍ਰਚਾਰ ਵਿਚ ਅਸੀਂ ਤੁਹਾਡੇ ਪ੍ਰੋਗਰਾਮ ਨਾਲ ਕਈ ਨੁਕਤਿਆਂ ਬਾਰੇ ਵਖੇਵਾਂ ਰਖਦੇ ਹਾਂ ਅਤੇ ਅਸੀਂ ਖ਼ਿਆਲ ਕਰਦੇ ਹਾਂ ਕਿ ਇਹ ਬਿਲਕੁਲ ਜ਼ਰੂਰੀ ਹੈ ਕਿ ਦਰਿੜ੍ਹ ਇਨਕਲਾਬੀ ਸੋਸ਼ਲਿਸਟਾਂ, ਖ਼ਾਸ ਕਰਕੇ ਸਾਰੇ ਦੇਸਾਂ ਵਿਚਲੇ ਮਾਰਕਸਵਾਦੀਆਂ ਦੇ ਕੌਮਾਂਤਰੀ ਘੋਲ ਨੂੰ ਅਨੁਸਾਰਨ ਲਈ ਤੁਰਤ ਅਤੇ ਗੰਭੀਰ ਕਦਮ ਚੁੱਕਣ ਲਈ, ਇਹਨਾਂ ਨੁਕਤਿਆਂ ਨੂੰ ਸੰਖੇਪ ਵਿਚ ਤੁਹਾਡੇ ਸਾਮ੍ਹਣੇ ਲਿਆਈਏ।

ਅਸੀਂ ਅਤਿ ਕਰੜੇ ਢੰਗ ਨਾਲ ਪੁਰਾਣੀ, ਦੂਜੀ ਇੰਟਰਨੈਸ਼ਨਲ (੧੮੮੯-੧੯੧੪) ਦੀ ਆਲੋਚਨਾ ਕਰਦੇ ਹਾਂ, ਅਸੀਂ ਇਸਨੂੰ ਮਰ ਚੁੱਕੀ ਸਮਝਦੇ ਹਾਂ ਅਤੇ ਪੁਰਾਣੇ ਆਧਾਰ ਉਤੇ ਇਸਨੂੰ ਬਹਾਲ ਕੀਤੇ ਜਾਣ ਦੇ ਯੋਗ ਨਹੀਂ ਸਮਝਦੇ। ਪਰ ਅਸੀਂ ਆਪਣੇ ਅਖ਼ਬਾਰਾਂ ਵਿਚ ਇਹ ਕਦੀ ਨਹੀਂ ਕਹਿੰਦੇ ਕਿ ਇਥੇ ਅਖੌਤੀ "ਫੌਰੀ ਮੰਗਾਂ" ਉਤੇ ਬਹੁਤ ਜ਼ਿਆਦਾ ਜ਼ੋਰ ਦਿਤਾ ਗਿਆ ਹੈ, ਅਤੇ ਇਹ ਕਿ ਸੋਸ਼ਲਿਜ਼ਮ ਨੂੰ ਪਤਲਾ

ਕੀਤਾ ਜਾ ਸਕਦਾ ਹੈ। ਅਸੀਂ ਕਹਿੰਦੇ ਹਾਂ ਅਤੇ ਅਸੀਂ ਸਾਬਤ ਕਰਦੇ ਹਾਂ ਕਿ ਸਾਰੀਆਂ ਬੁਰਜੂਆ ਪਾਰਟੀਆਂ, ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਤੋਂ ਛੁਟ ਸਾਰੀਆਂ ਪਾਰਟੀਆਂ, ਝੂਠੀਆਂ ਅਤੇ ਦੰਭੀ ਹਨ ਜਦੋਂ ਉਹ ਸੁਧਾਰਾਂ ਬਾਰੇ ਗੱਲਾਂ ਕਰਦੀਆਂ ਹਨ। ਅਸੀਂ ਮਜ਼ਦੂਰ ਜਮਾਤ ਦੀ ਅਵਸਥਾ ਵਿਚ ਛੋਟੇ ਤੋਂ ਛੋਟਾ ਸੰਭਵ ਪਰ ਅਸਲੀ ਸੁਧਾਰ (ਆਰਥਕ ਅਤੇ ਰਾਜਨੀਤਕ) ਪ੍ਰਾਪਤ ਕਰਨ ਵਿਚ ਉਹਨਾਂ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਅਸੀਂ ਹਮੇਸ਼ਾ ਇਹ ਕਹਿੰਦੇ ਹਾਂ ਕਿ **ਕੋਈ ਵੀ** ਸੁਧਾਰ ਸਥਾਈ, ਸੱਚੇ ਦਿਲੋਂ ਅਤੇ ਗੰਭੀਰ ਨਹੀਂ ਹੋ ਸਕਦਾ ਜੇ ਜਨਤਾ ਦੇ ਘੋਲ ਦੇ ਇਨਕਲਾਬੀ ਢੰਗਾਂ ਨਾਲ ਇਸਦਾ ਸਮਰਥਨ ਨਹੀਂ ਹੁੰਦਾ। ਅਸੀਂ ਹਮੇਸ਼ਾ ਇਹ ਪ੍ਰਚਾਰ ਕਰਦੇ ਹਾਂ ਕਿ ਅਜਿਹੀ ਸੋਸ਼ਲਿਸਟ ਪਾਰਟੀ, ਜਿਹੜੀ ਸੁਧਾਰਾਂ ਲਈ ਇਸ ਘੋਲ ਨੂੰ ਮਜ਼ਦੂਰ ਜਮਾਤ ਲਹਿਰ ਦੇ ਇਨਕਲਾਬੀ ਢੰਗਾਂ ਨਾਲ ਨਹੀਂ ਜੋੜਦੀ, ਇਕ ਫੋਕੀ ਗੱਲ ਬਣ ਸਕਦੀ ਹੈ, ਜਨਤਾ ਨਾਲੋਂ ਵੱਖ ਕੀਤੀ ਜਾ ਸਕਦੀ ਹੈ, ਅਤੇ ਇਹ ਗੱਲ ਸਪਸ਼ਟ ਇਨਕਲਾਬੀ ਸੋਸ਼ਲਿਜ਼ਮ ਦੀ ਸਫ਼ਲਤਾ ਲਈ ਅਤਿ ਦਾ ਘਾਤਕ ਖ਼ਤਰਾ ਹੈ।

ਅਸੀਂ ਆਪਣੇ ਅਖ਼ਬਾਰਾਂ ਵਿਚ ਪਾਰਟੀ ਅੰਦਰ ਜਮਹੂਰੀਅਤ ਦੀ ਹਮੇਸ਼ਾ ਵਕਾਲਤ ਕਰਦੇ ਹਾਂ। ਪਰ ਅਸੀਂ ਪਾਰਟੀ ਨੂੰ ਕੇਂਦਰ-ਮੁਖੀ ਕਰਨ ਦੇ ਖਿਲਾਫ਼ ਕਦੀ ਗੱਲ ਨਹੀਂ ਕਰਦੇ। ਅਸੀਂ ਜਮਹੂਰੀ ਕੇਂਦਰਵਾਦ[87] ਦੇ ਹੱਕ ਵਿਚ ਹਾਂ। ਅਸੀਂ ਇਹ ਕਹਿੰਦੇ ਹਾਂ ਕਿ ਜਰਮਨ ਮਜ਼ਦੂਰ ਲਹਿਰ ਦਾ ਕੇਂਦਰ-ਮੁਖੀ ਹੋਣਾ ਇਸਦਾ ਕਮਜ਼ੋਰ ਨਹੀਂ, ਸਗੋਂ ਮਜ਼ਬੂਤ ਅਤੇ ਚੰਗਾ ਲੱਛਣ ਹੈ। ਜਰਮਨੀ ਦੀ ਅਜੋਕੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਬੁਰਾਈ ਇਸਦੇ ਕੇਂਦਰ-ਮੁਖੀ ਹੋਣ ਵਿਚ ਨਹੀਂ ਸਗੋਂ ਮੌਕਾਪ੍ਰਸਤਾਂ ਦੀ ਬੇਹੱਦ ਬਹੁਲਤਾ ਵਿਚ ਹੈ, ਜਿਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿਤਾ ਜਾਣਾ ਚਾਹੀਦਾ ਹੈ, ਖ਼ਾਸ ਤੌਰ ਉਤੇ ਹੁਣ, ਜੰਗ ਵਿਚ ਉਹਨਾਂ ਦੇ ਵਿਸਾਹਘਾਤੀ ਵਿਹਾਰ ਤੋਂ ਪਿਛੋਂ। ਜੇ ਕਿਸੇ ਵੀ ਖ਼ਾਸ ਸੰਕਟ ਵਿਚ ਛੋਟਾ ਜਿਹਾ ਗਰੁੱਪ (ਉਦਾਹਰਣ ਵਜੋਂ, ਸਾਡੀ ਕੇਂਦਰੀ ਕਮੇਟੀ ਇਕ ਛੋਟਾ ਜਿਹਾ ਗਰੁੱਪ ਹੈ) ਸ਼ਕਤੀਸ਼ਾਲੀ ਜਨਸਮੂਹ ਨੂੰ **ਇਨਕਲਾਬੀ ਰੁਖ਼ ਵਿਚ** ਸੇਧ ਦੇਣ ਲਈ ਕਾਰਵਾਈ ਕਰ ਸਕਦੀ ਹੈ, ਤਾਂ ਇਹ ਬੜਾ ਚੰਗਾ ਹੋਵੇਗਾ। ਅਤੇ **ਸਾਰੇ** ਸੰਕਟਾਂ ਵਿਚ ਜਨਸਮੂਹ ਤੁਰਤ ਕਾਰਵਾਈ ਨਹੀਂ ਕਰ ਸਕਦੇ, ਉਹ ਪਾਰਟੀਆਂ ਦੀਆਂ ਕੇਂਦਰੀ ਜਥੇਬੰਦੀਆਂ ਦੇ ਛੋਟੇ ਛੋਟੇ ਗਰੁੱਪਾਂ ਵਲੋਂ ਸਹਾਇਤਾ ਕੀਤੇ ਜਾਣ ਦੀ ਮੰਗ ਕਰਦੇ ਹਨ। ਸਾਡੀ ਕੇਂਦਰੀ ਕਮੇਟੀ ਨੇ ਇਸ ਜੰਗ ਦੇ ਬਿਲਕੁਲ ਸ਼ੁਰੂ ਤੋਂ ਹੀ, ਸਤੰਬਰ ੧੯੧੪ ਵਿਚ, ਜਨਤਾ ਨੂੰ ਹਦਾਇਤ ਕੀਤੀ ਹੋਈ ਹੈ ਕਿ ਉਹ "ਰਖਿਆ ਦੀ ਜੰਗ" ਬਾਰੇ ਝੂਠ ਨੂੰ ਪ੍ਰਵਾਨ ਨਾ ਕਰੇ ਅਤੇ ਮੌਕਾਪ੍ਰਸਤਾਂ ਨਾਲੋਂ ਅਤੇ ਅਖੌਤੀ "ਸੰਭਵ-ਸੋਸ਼ਲਿਸਟ-ਜੰਗਬਾਜ਼ਾਂ"[88] (ਅਸੀਂ ਉਹਨਾਂ "ਸੋਸ਼ਲਿਸਟਾਂ" ਨੂੰ **ਇਸ** ਨਾਂ ਨਾਲ ਸਦਦੇ ਹਾਂ, ਜਿਹੜੇ **ਇਸ ਸਮੇਂ** ਰਖਿਆ ਦੀ ਜੰਗ ਦੇ ਹੱਕ ਵਿਚ

ਹਨ) ਨਾਲੋਂ ਨਾਤਾ ਤੋੜ ਲਵੇ। ਸਾਡਾ ਖ਼ਿਆਲ ਹੈ ਕਿ ਸਾਡੀ ਕੇਂਦਰੀ ਕਮੇਟੀ ਦਾ ਇਹ ਕੇਂਦਰ-ਮੁਖੀ ਕਦਮ ਲਾਭਦਾਇਕ ਅਤੇ ਜ਼ਰੂਰੀ ਸੀ।

ਅਸੀਂ ਤੁਹਾਡੇ ਨਾਲ ਸਹਿਮਤ ਹਾਂ ਕਿ ਸਾਨੂੰ ਵਿਰਤਕ ਯੂਨੀਅਨਵਾਦ ਦੇ ਖ਼ਿਲਾਫ਼ ਅਤੇ ਸਨਅਤੀ ਯੂਨੀਅਨਵਾਦ ਦੇ, ਭਾਵ, ਵੱਡੀਆਂ, ਕੇਂਦਰ-ਮੁਖੀ ਟਰੇਡ ਯੂਨੀਅਨਾਂ ਦੇ ਹੱਕ ਵਿਚ ਅਤੇ ਮਜ਼ਦੂਰ ਜਮਾਤ ਦੇ ਆਰਥਕ ਘੋਲਾਂ ਵਿਚ ਅਤੇ **ਸਾਰੀਆਂ** ਟਰੇਡ ਯੂਨੀਅਨ ਅਤੇ ਸਹਿਕਾਰ ਜਥੇਬੰਦੀਆਂ ਵਿਚ ਪਾਰਟੀ ਦੇ **ਸਾਰੇ** ਮੈਂਬਰਾਂ ਦੀ ਅਤਿ ਸਰਗਰਮ ਸ਼ਮੂਲੀ ਦੇ ਹੱਕ ਵਿਚ ਹੋਣਾ ਚਾਹੀਦਾ ਹੈ। ਪਰ ਅਸੀਂ ਸਮਝਦੇ ਹਾਂ ਕਿ ਜਰਮਨੀ ਵਿਚ ਮਿ: ਲੇਗੀਨ ਅਤੇ ਅਮਰੀਕਾ ਵਿਚ ਮਿ: ਗੋਮਪਰਜ਼ ਜਿਹੇ ਲੋਕ ਬੂਰਜੂਆ ਹਨ ਅਤੇ ਉਹਨਾਂ ਦੀ ਨੀਤੀ ਸੋਸ਼ਲਿਸਟ ਨਹੀਂ ਸਗੋਂ ਕਮਪ੍ਰਸਤੀ ਵਾਲੀ, ਮਧਵਰਗੀ ਨੀਤੀ ਹੈ। ਮਿ: ਲੇਗੀਨ, ਮਿ: ਗੋਮਪਰਜ਼ ਅਤੇ ਉਹਨਾਂ ਜਿਹੇ ਬੰਦੇ ਮਜ਼ਦੂਰ ਜਮਾਤ ਦੇ ਪ੍ਰਤਿਨਿਧ ਨਹੀਂ, ਉਹ ਮਜ਼ਦੂਰ ਜਮਾਤ ਦੀ ਅਮੀਰਸ਼ਾਹੀ ਅਤੇ ਦਫ਼ਤਰਸ਼ਾਹੀ ਦੀ ਪ੍ਰਤਿਨਿਧਤਾ ਕਰਦੇ ਹਨ।

ਸਾਡੀ ਤੁਹਾਡੇ ਨਾਲ ਪੂਰਨ ਹਮਦਰਦੀ ਹੈ ਜਦੋਂ ਤੁਸੀਂ ਰਾਜਸੀ ਕਾਰਵਾਈ ਵਿਚ ਮਜ਼ਦੂਰਾਂ ਦੀ "ਵਿਸ਼ਾਲ ਕਾਰਵਾਈ" ਦਾ ਦਾਅਵਾ ਕਰਦੇ ਹੋ। ਜਰਮਨ ਇਨਕਲਾਬੀ ਅਤੇ ਕੌਮਾਂਤਰੀਵਾਦੀ ਸੋਸ਼ਲਿਸਟ ਵੀ ਇਸਦਾ ਦਾਅਵਾ ਕਰਦੇ ਹਨ। ਆਪਣੇ ਅਖ਼ਬਾਰਾਂ ਵਿਚ ਅਸੀਂ ਵਧੇਰੇ ਵਿਸਥਾਰ ਨਾਲ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਰਾਜਨੀਤਕ ਵਿਸ਼ਾਲ ਕਾਰਵਾਈ ਦਾ ਅਰਥ ਕੀ ਲਿਆ ਜਾਣਾ ਚਾਹੀਦਾ ਹੈ, ਜਿਵੇਂ ਕਿ ਰਾਜਸੀ ਹੜਤਾਲਾਂ (ਰੂਸ ਵਿਚ ਬੜੀਆਂ ਆਮ ਹਨ), ਗਲੀਆਂ ਬਾਜ਼ਾਰਾਂ ਵਿਚ ਮੁਜ਼ਾਹਰੇ ਅਤੇ ਕੌਮਾਂ ਵਿਚਕਾਰ ਅਜੋਕੀ ਸਾਮਰਾਜੀ ਜੰਗ ਵਲੋਂ ਤਿਆਰ ਕੀਤੀ ਗਈ ਘਰੇਲੂ ਜੰਗ।

ਅਸੀਂ **ਅਜੋਕੀਆਂ** (ਦੂਜੀ ਇੰਟਰਨੈਸ਼ਨਲ ਵਿਚਲੀਆਂ) ਸੋਸ਼ਲਿਸਟ ਪਾਰਟੀਆਂ ਦੀ ਏਕਤਾ ਦਾ ਪ੍ਰਚਾਰ ਨਹੀਂ ਕਰਦੇ। ਇਸਦੇ ਉਲਟ ਅਸੀਂ ਮੌਕਾਪ੍ਰਸਤਾਂ ਨਾਲੋਂ **ਵੱਖ** ਹੋਣ ਦਾ ਪ੍ਰਚਾਰ ਕਰਦੇ ਹਾਂ। ਜੰਗ ਸਭ ਤੋਂ ਚੰਗਾ ਅਮਲੀ ਸਬਕ ਹੈ। **ਸਾਰੇ** ਦੇਸਾਂ ਵਿਚ ਮੌਕਾਪ੍ਰਸਤ, ਉਹਨਾਂ ਦੇ ਆਗੂ, ਉਹਨਾਂ ਦੇ ਅਤਿ ਪ੍ਰਭਾਵਸ਼ਾਲੀ ਦੈਨਿਕ ਅਤੇ ਰਸਾਲੇ ਜੰਗ ਦੇ **ਹੱਕ** ਵਿਚ ਹਨ, ਦੂਜੇ ਸ਼ਬਦਾਂ ਵਿਚ, ਉਹ ਅਸਲ ਵਿਚ ਪ੍ਰੋਲਤਾਰੀ ਜਨਤਾ ਦੇ ਖ਼ਿਲਾਫ਼ "ਆਪਣੀ" ਕੌਮੀ ਬੁਰਜੂਆਜ਼ੀ (ਮਧ ਸ਼੍ਰੇਣੀ, ਸਰਮਾਇਦਾਰਾਂ) ਨਾਲ **ਇਕਮਿਕ** ਹੋ ਗਏ ਹਨ। ਤੁਸੀਂ ਕਹਿੰਦੇ ਹੋ ਕਿ ਅਮਰੀਕਾ ਵਿਚ ਸੋਸ਼ਲਿਸਟ ਵੀ ਹਨ ਜਿਨ੍ਹਾਂ ਨੇ ਰਖਿਆ ਦੀ ਜੰਗ ਵਿਚ ਸ਼ਾਮਲ ਹੋਣ ਦੇ ਹੱਕ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਸਾਨੂੰ ਯਕੀਨ ਹੈ ਕਿ ਇਹੋ ਜਿਹੇ ਲੋਕਾਂ ਨਾਲ ਏਕਤਾ ਇਕ ਬੁਰਾਈ ਹੈ। **ਇਹੋ ਜਿਹੀ** ਏਕਤਾ ਕੌਮੀ ਮਧ ਸ਼੍ਰੇਣੀ ਅਤੇ ਸਰਮਾਇਦਾਰਾਂ ਨਾਲ ਏਕਤਾ ਹੈ, ਅਤੇ ਕੌਮਾਂਤਰੀ ਇਨਕਲਾਬੀ ਮਜ਼ਦੂਰ ਜਮਾਤ

ਨਾਲੋਂ **ਪਾੜਾ** ਹੈ। ਅਤੇ ਅਸੀਂ ਕੌਮਪ੍ਰਸਤ ਮੌਕਾਪ੍ਰਸਤਾਂ ਨਾਲੋਂ ਵੱਖ ਹੋਣ ਦੇ ਅਤੇ ਕੌਮਾਂਤਰੀ ਇਨਕਲਾਬੀ ਮਾਰਕਸਵਾਦੀਆਂ ਅਤੇ ਮਜ਼ਦੂਰ ਜਮਾਤ ਪਾਰਟੀਆਂ ਨਾਲ ਏਕਤਾ ਦੇ ਹੱਕ ਵਿਚ ਹਾਂ।

ਅਸੀਂ ਆਪਣੇ ਅਖ਼ਬਾਰਾਂ ਵਿਚ ਕਦੀ ਵੀ ਅਮਰੀਕਾ ਵਿਚ ਸੋਸ਼ਲਿਸਟ ਪਾਰਟੀ ਅਤੇ ਸੋਸ਼ਲਿਸਟ ਲੇਬਰ ਪਾਰਟੀ[89] ਦੀ ਏਕਤਾ ਉਤੇ ਇਤਰਾਜ਼ ਨਹੀਂ ਕਰਦੇ। ਅਸੀਂ ਹਮੇਸ਼ਾ ਮਾਰਕਸ ਅਤੇ ਏਂਗਲਜ਼ ਦੀਆਂ ਚਿੱਠੀਆਂ ਦਾ ਹਵਾਲਾ ਦੇਂਦੇ ਹਾਂ (ਖ਼ਾਸ ਤੌਰ ਉਤੇ ਅਮਰੀਕੀ ਸੋਸ਼ਲਿਸਟ ਲਹਿਰ ਦੇ ਸਰਗਰਮ ਮੈਂਬਰ ਜ਼ੋਰਗੇ ਨੂੰ ਲਿਖੀਆਂ ਚਿੱਠੀਆਂ ਦਾ), ਜਿਥੇ ਦੋਵੇਂ ਹੀ ਸੋਸ਼ਲਿਸਟ ਲੇਬਰ ਪਾਰਟੀ ਦੇ ਕੱਟੜਪੰਥੀ ਖ਼ਾਸੇ ਦੀ ਨਖੇਧੀ ਕਰਦੇ ਹਨ।

ਅਸੀਂ ਪੁਰਾਣੀ ਇੰਟਰਨੈਸ਼ਨਲ ਦੀ ਤੁਹਾਡੇ ਵਲੋਂ ਕੀਤੀ ਗਈ ਆਲੋਚਨਾ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਅਸੀਂ ੫-੮ ਸਤੰਬਰ, ੧੯੧੫ ਦੀ ਜ਼ਿੱਮਰਵਾਲਡ (ਸਵਿਟਜ਼ਰਲੈਂਡ) ਦੀ ਕਾਨਫਰੰਸ ਵਿਚ ਸ਼ਾਮਲ ਹੋਏ ਹਾਂ। ਅਸੀਂ ਉਥੇ ਇਕ **ਖੱਬਾ ਧੜਾ**[90] ਕਾਇਮ ਕੀਤਾ ਹੈ, ਅਤੇ **ਆਪਣਾ ਮੱਤਾ**, ਮੈਨੀਫ਼ੈਸਟੋ ਦਾ ਆਪਣਾ ਖਰੜਾ ਪੇਸ਼ ਕੀਤਾ ਹੈ। ਅਸੀਂ ਇਹ ਦਸਤਾਵੇਜ਼ਾਂ ਹੁਣੇ ਹੁਣੇ ਜਰਮਨ ਵਿਚ ਪ੍ਰਕਾਸ਼ਤ ਕੀਤੀਆਂ ਹਨ ਅਤੇ ਅਸੀਂ ਤੁਹਾਨੂੰ ਭੇਜ ਰਹੇ ਹਾਂ (ਨਾਲ ਹੀ "ਸੋਸ਼ਲਿਜ਼ਮ ਅਤੇ ਜੰਗ" ਬਾਰੇ ਆਪਣੀ ਛੋਟੀ ਜਿਹੀ ਕਿਤਾਬ ਦਾ ਜਰਮਨ ਅਨੁਵਾਦ ਵੀ ਭੇਜ ਰਹੇ ਹਾਂ), ਇਸ ਆਸ ਨਾਲ ਕਿ ਤੁਹਾਡੀ ਲੀਗ ਵਿਚ ਸ਼ਾਇਦ ਕੁਝ ਸਾਥੀ ਹੋਣ, ਜਿਹੜੇ ਜਰਮਨ ਜਾਣਦੇ ਹੋਣ। ਜੇ ਤੁਸੀਂ ਇਹ ਅੰਗਰੇਜ਼ੀ ਵਿਚ ਪ੍ਰਕਾਸ਼ਤ ਕਰਾਉਣ ਵਿਚ ਸਾਡੀ ਸਹਾਇਤਾ ਕਰ ਸਕੋ (ਇਹ ਸਿਰਫ਼ ਅਮਰੀਕਾ ਵਿਚ ਹੀ ਸੰਭਵ ਹੈ ਅਤੇ ਪਿਛੋਂ ਸਾਨੂੰ ਇਹ ਇੰਗਲੈਂਡ ਭੇਜਣੀਆਂ ਚਾਹੀਦੀਆਂ ਹਨ), ਤਾਂ ਅਸੀਂ ਬੜੀ ਖ਼ੁਸ਼ੀ ਨਾਲ ਤੁਹਾਡੀ ਸਹਾਇਤਾ ਪ੍ਰਵਾਨ ਕਰਾਂਗੇ।

ਸੱਚੇ ਕੌਮਾਂਤਰੀਵਾਦ ਲਈ ਅਤੇ "ਸੰਭਵ-ਸੋਸ਼ਲਿਜ਼ਮ ਜੰਗਬਾਜ਼" ਦੇ ਖ਼ਿਲਾਫ਼ ਆਪਣੇ ਘੋਲ ਵਿਚ ਅਸੀਂ ਆਪਣੀਆਂ ਅਖ਼ਬਾਰਾਂ ਵਿਚ ਹਮੇਸ਼ਾ ਅਮਰੀਕਾ ਦੇ ਸੋਸ਼ਲਿਸਟ ਪਾਰਟੀ ਦੇ ਮੌਕਾਪ੍ਰਸਤ ਆਗੂਆਂ ਦੀ ਉਦਾਹਰਣ ਦੇਂਦੇ ਹਾਂ, ਜਿਹੜੇ (ਖ਼ਾਸ ਤੌਰ ਉਤੇ ਸਟੁਟਗਾਰਟ ਦੀ ਕਾਂਗਰਸ, ੧੯੦੭,[91] ਤੋਂ ਪਿਛੋਂ ਅਤੇ ਸਟੁਟਗਾਰਟ ਦੇ ਫ਼ੈਸਲਿਆਂ **ਦੇ ਖ਼ਿਲਾਫ਼**) ਚੀਨੀ ਅਤੇ ਜਾਪਾਨੀ ਮਜ਼ਦੂਰਾਂ ਦੇ ਆਵਾਸ ਉਤੇ ਪਾਬੰਦੀਆਂ ਦੇ ਹੱਕ ਵਿਚ ਹਨ। ਅਸੀਂ ਖ਼ਿਆਲ ਕਰਦੇ ਹਾਂ ਕਿ ਕੋਈ ਇਕੋ ਸਮੇਂ ਕੌਮਾਂਤਰੀਵਾਦੀ ਅਤੇ ਇਹੋ ਜਿਹੀਆਂ ਪਾਬੰਦੀਆਂ ਦੇ ਹੱਕ ਵਿਚ ਨਹੀਂ ਹੋ ਸਕਦਾ। ਅਤੇ ਅਸੀਂ ਜ਼ੋਰ ਦੇ ਕੇ ਕਹਿੰਦੇ ਹਾਂ ਕਿ ਅਮਰੀਕਾ ਦੇ ਸੋਸ਼ਲਿਸਟ, ਖ਼ਾਸ ਤੌਰ ਉਤੇ ਅੰਗਰੇਜ਼ ਸੋਸ਼ਲਿਸਟ, ਜਿਹੜੇ ਹਾਕਮ ਅਤੇ **ਜਾਬਰ** ਕੌਮ ਵਿਚੋਂ ਹਨ, ਜਿਹੜੇ ਆਵਾਸ ਉਤੇ ਕੋਈ ਪਾਬੰਦੀਆਂ ਦੇ ਖ਼ਿਲਾਫ਼ ਨਹੀਂ, ਬਸਤੀਆਂ (ਹਵਾਈ) ਰੱਖਣ ਦੇ ਖ਼ਿਲਾਫ਼ ਹਨ ਅਤੇ ਬਸਤੀਆਂ

ਦੀ ਮੁਕੰਮਲ ਆਜ਼ਾਦੀ ਦੇ ਹੱਕ ਵਿਚ ਹਨ, ਉਹ ਅਸਲ ਵਿਚ "ਜਿੰਗੋ"* ਹਨ।

ਅਖ਼ੀਰ ਵਿਚ ਮੈਂ ਇਕ ਵਾਰ ਫਿਰ ਤੁਹਾਡੀ ਲੀਗ ਨੂੰ ਸ਼ੁਭ-ਕਾਮਨਾਵਾਂ ਅਤੇ ਇੱਛਾਵਾਂ ਭੇਜਦਾ ਹਾਂ। ਤੁਹਾਡੇ ਵਲੋਂ ਹੋਰ ਸੂਚਨਾ ਪ੍ਰਾਪਤ ਕਰਕੇ, ਅਤੇ ਮੌਕਾਪ੍ਰਸਤੀ ਦੇ ਖ਼ਿਲਾਫ਼ ਅਤੇ ਸੱਚੇ ਕੌਮਾਂਤਰੀਵਾਦ ਦੇ ਹੱਕ ਵਿਚ ਆਪਣਾ ਘੋਲ **ਇਕਮੁਠ** ਕਰਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ।

ਤੁਹਾਡਾ ਨ. **ਲੈਨਿਨ**

ਨੋਟ: ਰੂਸ ਵਿਚ **ਦੋ** ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਹਨ। ਸਾਡੀ ਪਾਰਟੀ ("**ਕੇਂਦਰੀ** ਕਮੇਟੀ") ਮੌਕਾਪ੍ਰਸਤੀ ਦੇ ਖ਼ਿਲਾਫ਼ ਹੈ। ਦੂਜੀ ਪਾਰਟੀ ("**ਜਥੇਬੰਦਕ** ਕਮੇਟੀ"[92]) ਮੌਕਾਪ੍ਰਸਤ ਹੈ। ਅਸੀਂ ਉਹਨਾਂ ਨਾਲ ਏਕਤਾ ਦੇ **ਖ਼ਿਲਾਫ਼** ਹਾਂ।

ਤੁਸੀਂ ਸਾਡੇ ਅਧਿਕਾਰਿਤ ਸਿਰਨਾਵੇਂ ਉਤੇ ਲਿਖ ਸਕਦੇ ਹੋ (ਬਿਬਲਿਓਤਿਕ ਰੂਸੇ। ਕੇਂਦਰੀ ਕਮੇਟੀ — ੭ ਰੂ. ਹਿਊਗੋ ਦ' ਸਾਂਜੇ, **ਜਨੇਵਾ**, ਸਵਿਟਜ਼ਰਲੈਂਡ)। ਪਰ ਚੰਗਾ ਹੋਵੇ ਜੇ ਤੁਸੀਂ ਮੇਰੇ ਨਿੱਜੀ ਸਿਰਨਾਵੇਂ ਉਤੇ ਲਿਖੋ: **ਵਲਾ**: **ਉਲੀਆਨੋਵ**। ਜ਼ਾਈਡਨਵੇਗ, ੪-ਐ. III. **ਬਰਨ**, ਸਵਿਟਜ਼ਰਲੈਂਡ।

ੜ੧ ਅਕਤੂਬਰ ਅਤੇ ੯ ਨਵੰਬਰ
(੧੩ ਨਵੰਬਰ ਅਤੇ ੨੨ ਨਵੰਬਰ),
੧੯੧੫ ਵਿਚਕਾਰ ਅੰਗਰੇਜ਼ੀ ਵਿਚ
ਲਿਖਿਆ ਗਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੨੭,
ਪੰਨੇ ੭੧-੭੫

---

* ਅੰਧਰਾਸ਼ਟਰਵਾਦੀ। — **ਅਨੁ:**

# ਸੋਸ਼ਲਿਸਟ ਇਨਕਲਾਬ ਅਤੇ ਕੌਮਾਂ ਦਾ ਆਤਮ-ਨਿਰਣੇ ਦਾ ਹੱਕ

## ਵਿਚੋਂ

(ਥੀਸਿਸ)

### ੪. ਕੌਮਾਂ ਦੇ ਆਤਮ-ਨਿਰਣੇ ਦੇ ਸਵਾਲ ਦੀ ਪ੍ਰੋਲਤਾਰੀ-ਇਨਕਲਾਬੀ ਪੇਸ਼ਕਾਰੀ

ਨਿਕੀ ਬੁਰਜੂਆਜ਼ੀ ਨਾ ਕੇਵਲ ਕੌਮਾਂ ਦੀ ਆਤਮ-ਨਿਰਣੇ ਦੀ ਮੰਗ ਹੀ ਸਗੋਂ ਸਾਡੇ ਜਮਹੂਰੀ ਘਟੋ ਘਟ ਪ੍ਰੋਗਰਾਮ[93] ਦੇ **ਸਾਰੇ** ਨੁਕਤੇ ਮੁੱਦਤਾਂ **ਪਹਿਲਾਂ**, ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿਚ ਹੀ, ਪੇਸ਼ ਕਰ ਚੁੱਕੀ ਸੀ। ਕਿਉਂਕਿ ਉਹ ਜਮਾਤੀ ਘੋਲ ਅਤੇ ਜਮਹੂਰੀਅਤ ਹੇਠ ਇਸਦੀ ਵਧੀ ਤੀਖਣਤਾ ਨੂੰ ਦੇਖਣੋਂ ਅਸਮਰਥ ਰਹਿੰਦੀ ਹੈ, ਅਤੇ ਕਿਉਂਕਿ ਉਹ "ਸ਼ਾਂਤਮਈ" ਸਰਮਾਇਦਾਰੀ ਵਿਚ ਨਿਸ਼ਚਾ ਰਖਦੀ ਹੈ, ਉਹ ਅਜੇ ਵੀ ਉਹਨਾਂ **ਸਾਰੀਆਂ** ਨੂੰ ਯੂਟੋਪੀਆਈ ਢੰਗ ਨਾਲ ਪੇਸ਼ ਕਰੀ ਜਾ ਰਹੀ ਹੈ। ਸਾਮਰਾਜ ਅਧੀਨ ਬਰਾਬਰ **ਦੀਆਂ** ਕੌਮਾਂ ਦੀ ਸ਼ਾਂਤਮਈ ਏਕਤਾ ਦੇ ਯੂਟੋਪੀਆ ਦਾ ਬਿਲਕੁਲ ਇਹੋ ਹੀ ਖ਼ਾਸਾ ਹੈ, ਜਿਹੜਾ ਲੋਕਾਂ ਨੂੰ ਧੋਖਾ ਦੇਂਦਾ ਹੈ ਅਤੇ ਜਿਸਦੀ ਕਾਊਟਸਕੀ ਦੇ ਅਨੁਆਈਆਂ ਵਲੋਂ ਵਕਾਲਤ ਕੀਤੀ ਜਾਂਦੀ ਹੈ। ਇਸ ਨਿਕ-ਬੁਰਜੂਆ, ਮੌਕਾਪ੍ਰਸਤ ਯੂਟੋਪੀਆ ਦੀ ਕਾਟ ਵਜੋਂ, ਸੋਸ਼ਲ-ਡੈਮੋਕਰੇਸੀ ਦੇ ਪ੍ਰੋਗਰਾਮ ਵਿਚ ਦਬਾਉਣ ਵਾਲੀਆਂ ਅਤੇ ਦਬਾਈਆਂ ਹੋਈਆਂ ਵਿਚ ਕੌਮਾਂ ਦੀ ਵੰਡ ਨੂੰ ਬੁਨਿਆਦੀ, ਮਹੱਤਵਪੂਰਨ ਅਤੇ ਸਾਮਰਾਜ ਅਧੀਨ ਅਟੱਲ ਮੰਨਿਆ ਜਾਣਾ ਚਾਹੀਦਾ ਹੈ।

ਦਬਾਉਣ ਵਾਲੀਆਂ ਕੌਮਾਂ ਦੇ ਪ੍ਰੋਲਤਾਰੀ ਨੂੰ ਆਪਣੇ ਆਪ ਨੂੰ ਅਲਹਾਕ ਦੇ ਖ਼ਿਲਾਫ਼ ਅਤੇ ਆਮ ਤੌਰ ਉਤੇ ਕੌਮਾਂ ਦੀ ਬਰਾਬਰੀ ਦੇ ਹੱਕ ਵਿਚ ਆਮ, ਘਸੇ-ਪਿਟੇ ਫ਼ਿਕਰਿਆਂ ਤੱਕ ਸੀਮਤ ਨਹੀਂ ਰਖਣਾ ਚਾਹੀਦਾ, ਜਿਵੇਂ ਕਿ ਕੋਈ ਵੀ ਸ਼ਾਂਤੀਵਾਦੀ ਬੁਰਜੂਆ ਦੁਹਰਾਈ ਜਾਏਗਾ। ਪ੍ਰੋਲਤਾਰੀ ਕੌਮੀ ਜਬਰ ਦੀ ਬੁਨਿਆਦ ਉਤੇ ਬਣੇ ਰਾਜ ਦੀਆਂ **ਸਰਹੱਦਾਂ** ਦੇ ਸਵਾਲ ਬਾਰੇ ਚੁੱਪ ਨਹੀਂ ਰਹਿ ਸਕਦੇ, ਜੋ ਅਜਿਹਾ ਸਵਾਲ ਹੈ ਜਿਹੜਾ ਸਾਮਰਾਜੀ ਬੁਰਜੂਆਜ਼ੀ ਲਈ "ਅਸੁਖਾਵਾਂ" ਹੈ। ਪ੍ਰੋਲਤਾਰੀ ਨੂੰ ਦਬਾਈਆਂ ਕੌਮਾਂ ਨੂੰ ਸੰਬੰਧਤ ਰਾਜ ਦੀਆਂ ਹੱਦਾਂ ਅੰਦਰ ਜ਼ਬਰਦਸਤੀ ਰਖੇ ਜਾਣ ਦੇ ਖ਼ਿਲਾਫ਼ ਘੋਲ ਕਰਨਾ ਚਾਹੀਦਾ ਹੈ, ਜਿਸਦਾ ਮਤਲਬ ਹੈ ਕਿ ਉਹਨਾਂ ਨੂੰ ਆਤਮ-ਨਿਰਣੇ ਦੇ ਹੱਕ ਲਈ ਲੜਨਾ ਚਾਹੀਦਾ ਹੈ। ਪ੍ਰੋਲਤਾਰੀ ਨੂੰ "ਖ਼ੁਦ ਆਪਣੀ" ਕੌਮ ਵਲੋਂ

ਦਬਾਈਆਂ ਗਈਆਂ ਬਸਤੀਆਂ ਅਤੇ ਕੌਮਾਂ ਦੀ ਰਾਜਸੀ ਤੌਰ ਉਤੇ ਵੱਖ ਹੋਣ ਦੀ ਆਜ਼ਾਦੀ ਦੀ ਮੰਗ ਕਰਨੀ ਚਾਹੀਦੀ ਹੈ। ਨਹੀਂ ਤਾਂ, ਪ੍ਰੋਲਤਾਰੀ ਦਾ ਕੌਮਾਂਤਰੀਵਾਦ ਫੋਕੇ ਸ਼ਬਦਾਂ ਤੋਂ ਛੁੱਟ ਹੋਰ ਕੁਝ ਨਹੀਂ ਹੋਵੇਗਾ; ਨਾ ਹੀ ਦਬਾਈਆਂ ਅਤੇ ਦਬਾਉਣ ਵਾਲੀਆਂ ਕੌਮਾਂ ਦੇ ਮਜ਼ਦੂਰਾਂ ਵਿਚਕਾਰ ਵਿਸ਼ਵਾਸ ਅਤੇ ਨਾ ਹੀ ਜਮਾਤੀ ਇਕਮੁਠਤਾ ਸੰਭਵ ਹੋਣਗੀਆਂ; ਸੁਧਾਰਵਾਦੀਆਂ ਅਤੇ ਕਾਉਟਸਕੀਵਾਦੀਆਂ ਦਾ ਮਕਰ, ਜਿਹੜੇ ਆਤਮ-ਨਿਰਣੇ ਦਾ ਸਮਰਥਨ ਕਰਦੇ ਹਨ ਪਰ "ਖ਼ੁਦ ਆਪਣੀ" ਕੌਮ ਵਾਲੋਂ ਦਬਾਈਆਂ ਗਈਆਂ ਅਤੇ "ਖ਼ੁਦ ਆਪਣੇ" ਰਾਜ ਵਿਚ ਜ਼ਬਰਦਸਤੀ ਰਖੀਆਂ ਗਈਆਂ ਕੌਮਾਂ ਬਾਰੇ ਚੁੱਪ ਰਹਿੰਦੇ ਹਨ, ਬੇਨਕਾਬ ਹੋਣ ਤੋਂ ਬਿਨਾਂ ਹੀ ਰਹੇਗਾ।

ਦੂਜੇ ਹਥ, ਦਬਾਈਆਂ ਕੌਮਾਂ ਦੇ ਸੋਸ਼ਲਿਸਟਾਂ ਨੂੰ ਦਬਾਈ ਕੌਮ ਅਤੇ ਦਬਾਉਣ ਵਾਲੀ ਕੌਮ ਦੇ ਮਜ਼ਦੂਰਾਂ ਦੀ ਪੂਰਨ ਅਤੇ ਬਿਨਾਂ-ਸ਼ਰਤ ਏਕਤਾ ਦਾ, ਸਮੇਤ ਜਥੇਬੰਦਕ ਏਕਤਾ, ਖ਼ਾਸ ਤੌਰ ਉਤੇ, ਸਮਰਥਨ ਕਰਨਾ ਅਤੇ ਇਸਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਇਸ ਤੋਂ ਬਿਨਾਂ ਬੁਰਜੂਆਜ਼ੀ ਦੀਆਂ ਹਰ ਤਰ੍ਹਾਂ ਦੀਆਂ ਸਾਜ਼ਸ਼ਾਂ, ਵਿਸਾਹਘਾਤ ਅਤੇ ਚਾਲਬਾਜ਼ੀ ਦੇ ਰੂਬਰੂ ਪ੍ਰੋਲਤਾਰੀ ਦੀ ਸਵੈਧੀਨ ਨੀਤੀ ਦੀ ਅਤੇ ਦੂਜੇ ਦੇਸਾਂ ਦੇ ਪ੍ਰੋਲਤਾਰੀ ਨਾਲ ਉਹਨਾਂ ਦੀ ਜਮਾਤੀ ਇਕਮੁਠਤਾ ਦੀ ਰਾਖੀ ਕਰ ਸਕਣਾ ਅਸੰਭਵ ਹੈ। ਕਿਉਂਕਿ ਦਬਾਈਆਂ ਕੌਮਾਂ ਦੀ ਬੁਰਜੂਆਜ਼ੀ ਮਜ਼ਦੂਰਾਂ ਨੂੰ ਧੋਖਾ ਦੇਣ ਲਈ ਕੌਮੀ ਆਜ਼ਾਦੀ ਦੇ ਨਾਅਰਿਆਂ ਦੀ ਲਗਾਤਾਰ ਵਰਤੋਂ ਕਰਦੀ ਹੈ; ਆਪਣੀ ਘਰੇਲੂ ਨੀਤੀ ਵਿਚ ਉਹ ਇਹਨਾਂ ਨਾਅਰਿਆਂ ਦੀ ਵਰਤੋਂ ਗ਼ਾਲਬ ਕੌਮ ਦੀ ਬੁਰਜੂਆਜ਼ੀ ਨਾਲ ਪਿਛੇ-ਖਿਚੂ ਸਮਝੌਤੇ ਕਰਨ ਲਈ ਕਰਦੀ ਹੈ (ਉਦਾਹਰਣ ਵਜੋਂ, ਆਸਟਰੀਆ ਅਤੇ ਰੂਸ ਦੇ ਪੋਲ, ਜਿਹੜੇ ਯਹੂਦੀਆਂ ਅਤੇ ਯੂਕਰੇਨੀਆਂ ਨੂੰ ਦਬਾਉਣ ਲਈ ਪਿਛੇ-ਖਿਚੂਆਂ ਨਾਲ ਸਮਝੌਤਾ ਕਰ ਲੈਂਦੇ ਹਨ); ਆਪਣੀ ਬਦੇਸ ਨੀਤੀ ਵਿਚ ਉਹ ਆਪਣੇ ਧਾੜਵੀ ਆਸ਼ਿਆਂ ਨੂੰ ਅਮਲ ਵਿਚ ਲਿਆਉਣ ਲਈ ਵਿਰੋਧੀ ਸਾਮਰਾਜੀ ਤਾਕਤਾਂ ਵਿਚੋਂ ਇਕ ਨਾਲ ਸਮਝੌਤਾ ਕਰ ਲੈਂਦੇ ਹਨ (ਬਲਕਾਨ ਦੇ ਛੋਟੇ ਰਾਜਾਂ ਆਦਿ ਦੀ ਨੀਤੀ)।

ਇਸ ਹਕੀਕਤ ਤੋਂ, ਕਿ ਹੋ ਸਕਦਾ ਹੈ ਕੁਝ ਹਾਲਤਾਂ ਵਿਚ ਇਕ ਸਾਮਰਾਜੀ ਸ਼ਕਤੀ ਦੇ ਖ਼ਿਲਾਫ਼ ਕੌਮੀ ਆਜ਼ਾਦੀ ਲਈ ਘੋਲ ਨੂੰ ਦੂਜੀ "ਵੱਡੀ" ਸ਼ਕਤੀ ਵਲੋਂ ਆਪਣੇ ਹੀ, ਉਨੇ ਹੀ ਸਾਮਰਾਜੀ ਮੰਤਵਾਂ ਲਈ ਵਰਤਿਆ ਜਾਵੇ, ਸੋਸ਼ਲ-ਡੈਮੋਕਰੈਟਾਂ ਵਲੋਂ ਕੌਮਾਂ ਦਾ ਆਤਮ-ਨਿਰਣੇ ਦਾ ਹੱਕ ਮੰਨਣ ਤੋਂ ਇਨਕਾਰ ਕਰਨਾ ਉਨਾ ਹੀ ਅਸੰਭਵ ਲਗਦਾ ਹੈ, ਜਿੰਨਾਂ ਕਿ ਬੁਰਜੂਆਜ਼ੀ ਵਲੋਂ ਗਣ-ਰਾਜੀ ਨਾਅਰਿਆਂ ਨੂੰ ਰਾਜਸੀ ਧੋਖੇ ਅਤੇ ਮਾਇਕ ਲੁੱਟ ਲਈ ਵਰਤਣ ਦੀਆਂ ਅਨੇਕਾਂ ਉਦਾਹਰਣਾਂ ਤੋਂ (ਜਿਵੇਂ ਕਿ,

ਉਦਾਹਰਣ ਵਜੋਂ, ਰੋਮਾਂਸ ਦੇਸਾਂ ਵਿਚ) ਸੋਸ਼ਲ-ਡੈਮੋਕਰੈਟਾਂ ਦਾ ਉਹਨਾਂ ਦੇ ਗਣ-ਰਾਜਵਾਦ ਨੂੰ ਰੱਦ ਕਰਨਾ ਅਸੰਭਵ ਹੈ।*

## ੫. ਕੌਮੀ ਸਵਾਲ ਬਾਰੇ ਮਾਰਕਸਵਾਦ ਅਤੇ ਪਰੂਦੋਨਵਾਦ

ਨਿਕ-ਬੁਰਜੂਆ ਜਨਵਾਦੀਆਂ ਦੇ ਮੁਕਾਬਲੇ ਉਤੇ, ਮਾਰਕਸ ਬਿਨਾਂ ਕਿਸੇ ਛੋਟ ਦੇ ਹਰ ਜਮਹੂਰੀ ਮੰਗ ਨੂੰ ਨਿਰਪੱਖ ਨਹੀਂ ਸੀ ਮੰਨਦਾ, ਸਗੋਂ ਸਾਮੰਤਵਾਦ ਦੇ ਖ਼ਿਲਾਫ਼, ਬੁਰਜੂਆਜ਼ੀ ਦੀ ਅਗਵਾਈ ਹੇਠ ਲੋਕਾਂ ਦੇ ਜਨ-ਸਮੂਹਾਂ ਦੇ ਘੋਲ ਦਾ ਇਤਿਹਾਸਕ ਪ੍ਰਗਟਾਅ ਮੰਨਦਾ ਸੀ। ਇਹਨਾਂ ਵਿਚੋਂ ਇਕ ਵੀ ਅਜਿਹੀ ਮੰਗ ਨਹੀਂ ਜੋ, ਕੁਝ ਹਾਲਤਾਂ ਵਿਚ, ਮਜ਼ਦੂਰਾਂ ਨੂੰ ਧੋਖਾ ਦੇਣ ਲਈ ਬੁਰਜੂਆਜ਼ੀ ਦੇ ਹਥਾਂ ਵਿਚ ਸਾਧਨ ਦਾ ਕੰਮ ਨਹੀਂ ਸੀ ਕਰ ਸਕਦੀ, ਅਤੇ ਨਾ ਕੀਤਾ ਹੋਵੇ। ਇਸ ਪੱਖੋਂ, ਰਾਜਸੀ ਜਮਹੂਰੀਅਤ ਦੀਆਂ ਮੰਗਾਂ ਵਿਚੋਂ ਇਕ ਨੂੰ, ਖ਼ਾਸ ਤੌਰ ਉਤੇ ਕੌਮਾਂ ਦੇ ਆਤਮ-ਨਿਰਣੇ ਦੀ ਮੰਗ ਨੂੰ, ਵੱਖਰਿਆਂ ਕਰ ਲੈਣਾ ਅਤੇ ਇਸਨੂੰ ਬਾਕੀ ਮੰਗਾਂ ਦੇ ਮੁਕਾਬਲੇ ਉਤੇ ਰਖ ਦੇਣਾ ਬੁਨਿਆਦੀ ਤੌਰ ਉਤੇ ਗ਼ਲਤ ਹੈ। ਅਮਲ ਵਿਚ, ਪ੍ਰੋਲਤਾਰੀ ਸਾਰੀਆਂ ਜਮਹੂਰੀ ਮੰਗਾਂ ਲਈ ਆਪਣੇ ਘੋਲ ਨੂੰ, ਗਣ-ਰਾਜ ਲਈ ਮੰਗ ਜਿਨ੍ਹਾਂ ਤੋਂ ਬਾਹਰ ਨਹੀਂ ਬੁਰਜੂਆਜ਼ੀ ਦਾ ਤਖ਼ਤਾ ਉਲਟਾਉਣ ਲਈ ਆਪਣੇ ਇਨਕਲਾਬੀ ਘੋਲ ਦੇ ਅਧੀਨ ਕਰਕੇ ਹੀ ਆਪਣੀ ਸਵੈਧੀਨਤਾ ਨੂੰ ਕਾਇਮ ਰਖ ਸਕਦੇ ਹਨ।

---

*ਇਹ ਕਹਿਣ ਦੀ ਲੋੜ ਨਹੀਂ ਕਿ ਆਤਮ-ਨਿਰਣੇ ਦੇ ਹੱਕ ਨੂੰ ਇਹਨਾਂ ਬੁਨਿਆਦਾਂ ਉਤੇ, ਕਿ ਇਸਦਾ ਮਤਲਬ "ਪਿਤਰੀ-ਭੂਮੀ ਦੀ ਰਾਖੀ" ਹੈ, ਰੱਦ ਕਰਨਾ ਬਿਲਕੁਲ ਹਾਸੋ-ਹੀਣਾ ਹੈ। ਬਰਾਬਰ ਦੇ ਹੱਕ ਨਾਲ ਹੀ, ਭਾਵ, ਇੰਨੀਂ ਹੀ ਗੰਭੀਰਤਾ ਦੀ ਘਾਟ ਨਾਲ, ੧੯੧੪-੧੯੧੬ ਦੇ ਸਮਾਜੀ-ਅੰਧਰਾਸ਼ਟਰਵਾਦੀ ਜਮਹੂਰੀਅਤ ਦੀ ਕਿਸੇ ਵੀ ਮੰਗ ਦਾ (ਉਦਾਹਰਣ ਵਜੋਂ, ਇਸਦੇ ਗਣ-ਰਾਜਵਾਦ ਦਾ) ਅਤੇ ਕੌਮੀ ਜਬਰ ਦੇ ਖ਼ਿਲਾਫ਼ ਘੋਲ ਦੇ ਕਿਸੇ ਵੀ ਸੂਤਰ ਦਾ ਹਵਾਲਾ "ਪਿਤਰੀ-ਭੂਮੀ ਦੀ ਰਾਖੀ" ਨੂੰ ਠੀਕ ਸਿਧ ਕਰਨ ਲਈ ਦੇਂਦੇ ਹਨ। ਮਾਰਕਸਵਾਦ ਹਰ ਵੱਖਰੀ ਵੱਖਰੀ ਜੰਗ ਦੀਆਂ ਠੋਸ ਇਤਿਹਾਸਕ ਵਿਸ਼ੇਸ਼ਤਾਈਆਂ ਦੇ ਵਿਸ਼ਲੇਸ਼ਣ ਤੋਂ ਜੰਗ ਵਿਚ ਪਿਤਰੀ-ਭੂਮੀ ਦੀ ਰਾਖੀ ਬਾਰੇ, ਜਿਵੇਂ ਕਿ ਮਹਾਨ ਫ਼ਰਾਂਸੀਸੀ ਇਨਕਲਾਬ ਵਿਚ ਜਾਂ ਯੂਰਪ ਵਿਚ ਗੈਰੀਬਾਲਡੀ ਦੀਆਂ ਜੰਗਾਂ ਵਿਚ, ਅਤੇ ੧੯੧੪-੧੯੧੬ ਦੀ ਸਾਮਰਾਜੀ ਜੰਗ ਵਿਚ ਪਿਤਰੀ-ਭੂਮੀ ਦੀ ਰਾਖੀ ਦੇ ਤਿਆਗ ਬਾਰੇ ਸਿੱਟਾ ਕੱਢਦਾ ਹੈ, ਅਤੇ ਕਿਸੇ "ਆਮ ਅਸੂਲ" ਤੋਂ ਜਾਂ ਪ੍ਰੋਗਰਾਮ ਦੇ ਕਿਸੇ ਇਕ ਨੁਕਤੇ ਤੋਂ ਕਦੀ ਵੀ ਨਹੀਂ। — **ਸੰਪਾ:**

ਦੂਜੇ ਹਥ, ਪਰੂਦੋਨਵਾਦੀਆਂ ਦੇ ਮੁਕਾਬਲੇ ਉਤੇ, ਜਿਨ੍ਹਾਂ ਨੇ "ਸਮਾਜਕ ਇਨਕਲਾਬ ਦੇ ਨਾਂ ਉਤੇ" ਕੌਮੀ ਮਸਲੇ ਤੋਂ "ਇਨਕਾਰ ਕੀਤਾ", ਮਾਰਕਸ ਨੇ, ਸਭ ਤੋਂ ਪਹਿਲਾਂ, ਉੱਨਤ ਦੇਸਾਂ ਦੇ ਪ੍ਰੋਲਤਾਰੀ ਦੇ ਜਮਾਤੀ ਘੋਲ ਦੇ ਹਿਤਾਂ ਨੂੰ ਧਿਆਨ ਵਿਚ ਰਖਦਿਆਂ, ਕੌਮਾਂਤਰੀਵਾਦ ਦਾ ਅਤੇ ਸੋਸ਼ਲਿਜ਼ਮ ਦਾ ਬੁਨਿਆਦੀ ਨਿਯਮ ਸਭ ਤੋਂ ਅੱਗੇ ਰਖਿਆ— ਭਾਵ, ਕਿ ਜੇ ਇਹ ਹੋਰਨਾਂ ਕੌਮਾਂ ਨੂੰ ਦਬਾਉਂਦੀ ਹੈ ਤਾਂ ਕੋਈ ਕੌਮ ਵੀ ਆਜ਼ਾਦ ਨਹੀਂ ਹੋ ਸਕਦੀ।[94] ਇਹ ਜਰਮਨ ਮਜ਼ਦੂਰਾਂ ਦੀ ਇਨਕਲਾਬੀ ਲਹਿਰ ਦੇ ਹਿਤ ਹੀ ਸਨ, ਜਿਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ੧੮੪੮ ਵਿਚ ਮਾਰਕਸ ਨੇ ਮੰਗ ਕੀਤੀ ਕਿ ਜਰਮਨੀ ਦੀ ਜੇਤੂ ਜਮਹੂਰੀਅਤ ਨੂੰ ਜਰਮਨਾਂ ਵਲੋਂ ਦਬਾਈਆਂ ਕੌਮਾਂ ਦੀ ਆਜ਼ਾਦੀ ਦਾ ਐਲਾਨ ਕਰਨਾ ਅਤੇ ਉਹਨਾਂ ਨੂੰ ਆਜ਼ਾਦੀ ਦੇਣੀ ਚਾਹੀਦੀ ਹੈ।[95] ਅੰਗਰੇਜ਼ ਮਜ਼ਦੂਰਾਂ ਦੇ ਇਨਕਲਾਬੀ ਘੋਲ ਦੇ ਦ੍ਰਿਸ਼ਟੀਕੋਣ ਤੋਂ ਹੀ ਮਾਰਕਸ ਨੇ ੧੮੬੯ ਵਿਚ ਇੰਗਲੈਂਡ ਤੋਂ ਆਇਰਲੈਂਡ ਨੂੰ ਵੱਖ ਕਰਨ ਦੀ ਮੰਗ ਕੀਤੀ ਅਤੇ ਨਾਲ ਹੀ ਕਿਹਾ: "...ਭਾਵੇਂ ਵੱਖ ਹੋਣ ਤੋਂ ਪਿਛੋਂ ਫੈਡਰੇਸ਼ਨ ਹੀ ਬਣ ਜਾਏ"।[96] ਸਿਰਫ਼ ਇਹ ਮੰਗ ਪੇਸ਼ ਕਰਕੇ ਹੀ ਮਾਰਕਸ ਅੰਗਰੇਜ਼ ਮਜ਼ਦੂਰਾਂ ਨੂੰ ਕੌਮਾਂਤਰੀਵਾਦ ਦੀ ਭਾਵਨਾ ਵਿਚ ਸਚਮੁਚ ਵਿਦਿਆ ਦੇ ਰਿਹਾ ਸੀ। ਸਿਰਫ਼ ਇਸ ਤਰ੍ਹਾਂ ਹੀ ਉਹ ਮੌਕਾਪ੍ਰਸਤਾਂ ਅਤੇ ਬੁਰਜੂਆ ਸੁਧਾਰਵਾਦ ਦੇ ਮੁਕਾਬਲੇ ਉਤੇ—ਜਿਨ੍ਹਾਂ ਨੇ ਅੱਜ ਤੱਕ, ਅੱਧੀ ਸਦੀ ਪਿਛੋਂ ਤੱਕ ਵੀ, ਆਇਰਿਸ਼ "ਸੁਧਾਰ" ਅਮਲ ਵਿਚ ਨਹੀਂ ਲਿਆਂਦਾ—ਸੰਬੰਧਤ ਇਤਿਹਾਸਕ ਕਾਰਜ ਦਾ ਇਨਕਲਾਬੀ ਹਲ ਰਖ ਸਕਦਾ ਸੀ। ਸਿਰਫ਼ ਇਸ ਤਰ੍ਹਾਂ ਹੀ—ਸਰਮਾਏ ਦੇ ਵਕੀਲਾਂ ਦੇ ਉਲਟ, ਜਿਹੜੇ ਚੀਕਦੇ ਹਨ ਕਿ ਨਿੱਕੀਆਂ ਕੌਮਾਂ ਦੀ ਵੱਖ ਹੋਣ ਦੀ ਆਜ਼ਾਦੀ ਯੂਟੋਪੀਆਈ ਅਤੇ ਗ਼ੈਰ-ਅਮਲੀ ਹੈ, ਅਤੇ ਨਾ ਸਿਰਫ਼ ਆਰਥਕ ਸਗੋਂ ਰਾਜਸੀ ਕੇਂਦਰੀਣ ਅਗੇ-ਵਧੂ ਹੈ—ਮਾਰਕਸ ਇਹ ਸਿਧ ਕਰ ਸਕਿਆ ਕਿ ਇਹ ਕੇਂਦਰੀਣ ਅਗੇ-ਵਧੂ ਸਿਰਫ਼ ਉਦੋਂ ਹੈ ਜਦੋਂ ਇਹ **ਗ਼ੈਰ**-ਸਾਮਰਾਜੀ ਹੋਵੇ, ਅਤੇ ਇਹ ਕਿ ਕੌਮਾਂ ਨੂੰ ਤਾਕਤ ਨਾਲ ਨਹੀਂ, ਸਗੋਂ ਸਾਰੇ ਦੇਸਾਂ ਦੇ ਪ੍ਰੋਲਤਾਰੀ ਦੇ ਆਜ਼ਾਦ ਏਕੇ ਨਾਲ ਇੱਕਠਿਆਂ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਇਉਂ ਹੀ ਮਾਰਕਸ, ਕੌਮਾਂ ਦੀ ਬਰਾਬਰੀ ਅਤੇ ਆਤਮ-ਨਿਰਣੇ ਦੀ ਸਿਰਫ਼ ਲਫ਼ਜ਼ੀ ਅਤੇ ਅਕਸਰ ਮਕਰ-ਭਰੀ ਮਾਨਤਾ ਦੇ ਉਲਟ, ਕੌਮੀ ਸਵਾਲਾਂ ਦੇ ਨਿਪਟਾਰੇ ਵਿਚ **ਵੀ** ਜਨਤਾ ਦੀ ਇਨਕਲਾਬੀ ਕਾਰਵਾਈ ਦੀ ਵਕਾਲਤ ਕਰ ਸਕਿਆ। ੧੯੧੪-੧੯੧੬ ਦੀ ਸਾਮਰਾਜੀ ਜੰਗ ਨੇ, ਅਤੇ ਮੌਕਾਪ੍ਰਸਤਾਂ ਅਤੇ ਕਾਊਟਸਕੀਵਾਦੀਆਂ ਦੇ ਦੰਭ ਦੇ ਸ਼ਾਹ ਅਵਗੀ ਦੇ ਅਸਤਬਲਾਂ[97] ਨੇ, ਜਿਨ੍ਹਾਂ ਤੋਂ ਇਸ ਜੰਗ ਨੇ ਪਰਦਾ ਲਾਹਿਆ ਹੈ, ਮਾਰਕਸ ਦੀ ਨੀਤੀ ਦੇ ਠੀਕ ਹੋਣ ਦੀ ਉਘੜਵੇਂ ਢੰਗ ਨਾਲ ਪੁਸ਼ਟੀ ਕੀਤੀ ਹੈ, ਜਿਸਨੂੰ ਸਾਰੇ ਉੱਨਤ ਦੇਸਾਂ ਲਈ

ਆਦਰਸ਼ਕ ਮਿਸਾਲ ਦਾ ਕੰਮ ਦੇਣਾ ਚਾਹੀਦਾ ਹੈ, ਕਿਉਂਕਿ ਉਹ ਸਾਰੇ ਹੀ ਇਸ ਸਮੇਂ ਦੂਜੀਆਂ ਕੌਮਾਂ ਨੂੰ ਦਬਾ ਰਹੇ ਹਨ।*

## ੬. ਕੌਮਾਂ ਦੇ ਆਤਮ-ਨਿਰਣੇ ਦੇ ਸੰਬੰਧ ਵਿਚ ਦੇਸਾਂ ਦੀਆਂ ਤਿੰਨ ਕਿਸਮਾਂ

ਇਸ ਪਾਸਿਉਂ, ਦੇਸਾਂ ਨੂੰ ਤਿੰਨ ਮੁਖ ਕਿਸਮਾਂ ਵਿਚ ਵੰਡਿਆ ਜਾਣਾ ਚਾਹੀਦਾ ਹੈ।

ਪਹਿਲੇ, ਪੱਛਮੀ ਯੂਰਪ ਦੇ ਉੱਨਤ ਸਰਮਾਇਦਾਰ ਦੇਸ ਅਤੇ ਅਮਰੀਕਾ। ਇਹਨਾਂ ਦੇਸਾਂ ਵਿਚ ਅਗੇ-ਵਧੂ ਬੁਰਜੂਆ ਕੌਮੀ ਲਹਿਰਾਂ ਮੁੱਦਤਾਂ ਪਹਿਲਾਂ ਸਮਾਪਤ ਹੋ ਗਈਆਂ ਸਨ। ਇਹਨਾਂ "ਵੱਡੀਆਂ" ਕੌਮਾਂ ਵਿਚੋਂ ਹਰ ਕੌਮ ਬਸਤੀਆਂ ਵਿਚ ਵੀ ਅਤੇ ਦੇਸ ਦੇ ਅੰਦਰ ਵੀ ਦੂਜੀਆਂ ਕੌਮਾਂ ਉਤੇ ਜਬਰ ਕਰਦੀ ਹੈ। ਇਹਨਾਂ ਹਾਕਮ ਕੌਮਾਂ ਦੇ ਪ੍ਰੋਲਤਾਰੀ ਦੇ ਕਾਰਜ ਉਹੋ ਹਨ ਜਿਹੜੇ ਉਨ੍ਹੀਵੀਂ ਸਦੀ ਵਿਚ ਆਇਰਲੈਂਡ ਦੇ ਸੰਬੰਧ ਵਿਚ ਇੰਗਲੈਂਡ ਦੇ ਪ੍ਰੋਲਤਾਰੀ ਦੇ ਸਨ।**

---

*ਇਸ ਤੱਥ ਦਾ ਅਕਸਰ ਹਵਾਲਾ ਦਿਤਾ ਜਾਂਦਾ ਹੈ — ਜਿਵੇਂ ਕਿ ਪਿਛੇ ਜਿਹੇ ਹੀ "Die Glocke"[98] ਨੰ: ੮ ਅਤੇ ੯ ਵਿਚ ਜਰਮਨ ਅੰਧਰਾਸ਼ਟਰਵਾਦੀ ਲੈਂਚ ਨੇ ਦਿਤਾ ਹੈ — ਕਿ ਕੁਝ ਕੌਮਾਂ ਦੀ ਕੌਮੀ ਲਹਿਰ ਉਤੇ ਮਾਰਕਸ ਦਾ ਇਤਰਾਜ਼, ਜਿਵੇਂ ਕਿ ਉਦਾਹਰਣ ਵਜੋਂ ੧੮੪੮ ਵਿਚ ਚੈੱਕ ਲਹਿਰ ਵੱਲ, ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕੌਮਾਂ ਦੇ ਆਤਮ-ਨਿਰਣੇ ਨੂੰ ਮਾਨਤਾ ਦੇਣ ਦੀ ਲੋੜ ਨੂੰ ਗ਼ਲਤ ਸਿਧ ਕਰਦਾ ਹੈ। ਪਰ ਇਹ ਗ਼ਲਤ ਹੈ, ਕਿਉਂਕਿ ੧੮੪੮ ਵਿਚ "ਪਿਛੇ-ਖਿਚੂ" ਅਤੇ ਇਨਕਲਾਬੀ-ਜਮਹੂਰੀ ਕੌਮਾਂ ਵਿਚਕਾਰ ਨਖੇੜਾ ਕਰਨ ਲਈ ਇਤਿਹਾਸਕ ਅਤੇ ਰਾਜਨੀਤਕ ਬੁਨਿਆਦਾਂ ਮੌਜੂਦ ਸਨ। ਮਾਰਕਸ "ਪਿਛੇ-ਖਿਚੂ" ਕੌਮਾਂ ਦੀ ਨਖੇਧੀ ਕਰਨ ਵਿਚ ਅਤੇ ਇਨਕਲਾਬੀ-ਜਮਹੂਰੀ ਕੌਮਾਂ ਦਾ ਸਮਰਥਨ ਕਰਨ ਵਿਚ ਠੀਕ ਸੀ।[99] ਆਤਮ-ਨਿਰਣੇ ਦਾ ਹੱਕ ਜਮਹੂਰੀਅਤ ਦੀਆਂ ਮੰਗਾਂ ਵਿਚੋਂ ਇਕ ਹੈ, ਜਿਸਨੂੰ ਕੁਦਰਤੀ ਤੌਰ ਉਤੇ ਇਸਦੇ ਆਮ ਹਿਤਾਂ ਦੇ ਅਧੀਨ ਕੀਤਾ ਜਾਣਾ ਚਾਹੀਦਾ ਹੈ। ੧੮੪੮ ਵਿਚ ਅਤੇ ਪਿਛੋਂ ਦੇ ਵਰ੍ਹਿਆਂ ਵਿਚ, ਇਹ ਆਮ ਹਿਤ ਪਹਿਲੀ ਥਾਂ ਉਤੇ ਜ਼ਾਰਸ਼ਾਹੀ ਦਾ ਵਿਰੋਧ ਕਰਨ ਵਿਚ ਸਨ। — **ਸੰਪਾ:**

**ਕੁਝ ਛੋਟੇ ਰਾਜਾਂ ਵਿਚ, ਜਿਹੜੇ ੧੯੧੪-੧੯੧੬ ਦੀ ਜੰਗ ਤੋਂ ਬਾਹਰ ਰਹੇ ਹਨ — ਉਦਾਹਰਣ ਵਜੋਂ ਹਾਲੈਂਡ ਅਤੇ ਸਵਿਟਜ਼ਰਲੈਂਡ — ਬੁਰਜੂਆਜ਼ੀ ਸਾਮਰਾਜੀ ਜੰਗ ਵਿਚ ਸ਼ਮੂਲੀ ਨੂੰ ਠੀਕ ਸਿਧ ਕਰਨ ਲਈ "ਕੌਮਾਂ ਦੇ ਆਤਮ-ਨਿਰਣੇ" ਦੇ ਨਾਅਰੇ ਦੀ ਵਿਸ਼ਾਲ ਵਰਤੋਂ ਕਰਦੀ ਹੈ। ਇਹ ਮੰਤਵ ਹੈ ਜਿਹੜਾ ਇਹੋ ਜਿਹੇ ਦੇਸਾਂ ਦੇ ਸੋਸ਼ਲ-ਡੈਮੋਕਰੈਟਾਂ ਨੂੰ ਆਤਮ-ਨਿਰਣਾ ਰੱਦ ਕਰਨ ਲਈ ਪ੍ਰੇਰਦਾ ਹੈ। ਠੀਕ ਪ੍ਰੋਲਤਾਰੀ ਨੀਤੀ, **ਸਾਮਰਾਜੀ** ਜੰਗ ਵਿਚ "ਪਿਤਰੀ-ਭੂਮੀ ਦੀ ਰਾਖੀ" ਨੂੰ ਰੱਦ **ਕਰਨ ਦਾ** ਸਮਰਥਨ ਕਰਨ ਲਈ ਗ਼ਲਤ ਦਲੀਲਾਂ ਵਰਤੀਆਂ ਜਾਂਦੀਆਂ ਹਨ। ਇਸਦਾ

ਦੂਜੇ, ਪੂਰਬੀ ਯੂਰਪ: ਆਸਟਰੀਆ, ਬਲਕਾਨ ਅਤੇ ਖ਼ਾਸ ਰੂਸ। ਇਥੇ ਵੀਹਵੀਂ ਸਦੀ ਵਿਚ ਕਿਤੇ ਆ ਕੇ ਬੁਰਜੂਆ-ਜਮਹੂਰੀ ਕੌਮੀ ਲਹਿਰਾਂ ਦਾ ਖ਼ਾਸ ਕਰਕੇ ਵਿਕਾਸ ਹੋਇਆ ਅਤੇ ਕੌਮੀ ਘੋਲ ਤੀਖਣ ਹੋਇਆ। ਇਹਨਾਂ ਦੇਸਾਂ ਦੇ ਪ੍ਰੋਲਤਾਰੀ ਦੇ ਕਾਰਜ, ਆਪਣੇ ਬੁਰਜੂਆ-ਜਮਹੂਰੀ ਸੁਧਾਰਾਂ ਨੂੰ ਪੂਰਿਆਂ ਕਰਨ ਵਿਚ ਵੀ ਅਤੇ ਦੂਜੇ ਦੇਸਾਂ ਦੇ ਸੋਸ਼ਲਿਸਟ ਇਨਕਲਾਬ ਨੂੰ ਸਹਾਇਤਾ ਦੇਣ ਵਿਚ ਵੀ ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦਾ ਸਮਰਥਣ ਕਰਨ ਤੋਂ ਬਿਨਾਂ ਨੇਪਰੇ ਨਹੀਂ ਚੜ੍ਹਾਏ ਜਾ ਸਕਦੇ। ਇਸ ਵਿਚ ਸਭ ਤੋਂ ਮੁਸ਼ਕਲ ਅਤੇ ਸਭ ਤੋਂ ਮਹੱਤਵਪੂਰਨ ਕੰਮ ਜਾਬਰ ਕੌਮਾਂ ਦੇ ਮਜ਼ਦੂਰਾਂ ਦੇ ਜਮਾਤੀ ਘੋਲ ਨੂੰ ਦਬਾਈਆਂ ਕੌਮਾਂ ਦੇ ਮਜ਼ਦੂਰਾਂ ਦੇ ਜਮਾਤੀ ਘੋਲ ਨਾਲ ਇਕਮੁਠ ਕਰਨਾ ਹੈ।

ਤੀਜੇ, ਅਰਧ-ਬਸਤੀਆਂ ਬਣੇ ਦੇਸ, ਜਿਵੇਂ ਕਿ ਚੀਨ, ਈਰਾਨ ਅਤੇ ਤੁਰਕੀ, ਅਤੇ ਸਾਰੀਆਂ ਬਸਤੀਆਂ, ਜਿਨ੍ਹਾਂ ਦੀ ਮਿਲਵੀਂ ਵੱਸੋਂ ਇਕ ਸੌ ਕਰੋੜ ਦੀ ਹੈ। ਇਹਨਾਂ ਦੇਸਾਂ ਵਿਚ ਬੁਰਜੂਆ-ਜਮਹੂਰੀ ਲਹਿਰਾਂ ਜਾਂ ਅਜੇ ਮਸਾਂ ਸ਼ੁਰੂ ਹੀ ਹੋਈਆਂ ਹਨ, ਜਾਂ ਉਹਨਾਂ ਨੇ ਅਜੇ ਲੰਮਾ ਪੈਂਡਾ ਮਾਰਨਾ ਹੈ। ਸੋਸ਼ਲਿਸਟਾਂ ਨੂੰ ਨਾ ਸਿਰਫ਼ ਬਸਤੀਆਂ ਦੀ ਬਿਨਾਂ ਮੁਆਵਜ਼ੇ ਦੇ, ਬਿਨਾਂ ਸ਼ਰਤ ਅਤੇ ਤੁਰਤ ਆਜ਼ਾਦੀ ਦੀ ਮੰਗ ਕਰਨੀ ਚਾਹੀਦੀ ਹੈ — ਅਤੇ ਇਸ ਮੰਗ ਦਾ ਆਪਣੇ ਰਾਜਸੀ ਪ੍ਰਗਟਾ ਵਿਚ ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦੀ ਮਾਨਤਾ ਤੋਂ ਵੱਖਰਾ ਕੋਈ ਮਤਲਬ ਨਹੀਂ; ਉਹਨਾਂ ਨੂੰ ਇਹਨਾਂ ਦੇਸਾਂ ਵਿਚ ਕੌਮੀ ਆਜ਼ਾਦੀ ਦੀ ਲਹਿਰ ਲਈ ਬੁਰਜੂਆ-ਜਮਹੂਰੀ ਲਹਿਰਾਂ ਦੇ ਵਧੇਰੇ ਇਨਕਲਾਬੀ ਅੰਸ਼ਾਂ ਦੀ ਦ੍ਰਿੜ੍ਹ ਹਮਾਇਤ ਵੀ ਕਰਨੀ ਚਾਹੀਦੀ ਹੈ, ਅਤੇ ਉਹਨਾਂ ਨੂੰ ਦਬਾਉਣ ਵਾਲੀਆਂ ਸਾਮਰਾਜੀ ਸ਼ਕਤੀਆਂ ਦੇ **ਖ਼ਿਲਾਫ਼** ਉਹਨਾਂ ਦੀ ਬਗ਼ਾਵਤ ਵਿਚ — ਜਾਂ ਇਨਕਲਾਬੀ ਜੰਗ ਵਿਚ, ਜੇ ਇਹ ਸ਼ੁਰੂ ਹੋ ਜਾਏ ਤਾਂ — ਸਹਾਇਤਾ ਕਰਨੀ ਚਾਹੀਦੀ ਹੈ।

ਜਨਵਰੀ-ਫ਼ਰਵਰੀ ੧੯੧੬ ਵਿਚ ਲਿਖਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੨੨
ਪੰਨੇ ੨੫੬-੨੬੧

---

ਸਿੱਟਾ ਸਿਧਾਂਤ ਵਿਚ ਮਾਰਕਸਵਾਦ ਦੇ ਰੂਪ-ਵਿਗਾੜ ਵਿਚ ਨਿਕਲਦਾ ਹੈ, ਅਤੇ ਅਮਲ ਵਿਚ ਇਹ ਇਕ ਖ਼ਾਸ ਤਰ੍ਹਾਂ ਦੀ ਨਿਕ-ਕੌਮੀ ਤੰਗਨਜ਼ਰੀ ਵੱਲ, "ਪ੍ਰਬਲ" ਕੌਮਾਂ ਵਲੋਂ ਗ਼ੁਲਾਮ ਬਣਾਈਆਂ ਗਈਆਂ ਕੌਮਾਂ ਦੇ **ਕਰੋੜਾਂ** ਲੋਕਾਂ ਵਲੋਂ ਬੇਧਿਆਨੀ ਵੱਲ ਲੈ ਜਾਂਦਾ ਹੈ। ਸਾਥੀ ਗੋਰਟਰ, ਆਪਣੇ ਸ਼ਾਨਦਾਰ ਪੈਂਫ਼ਲਟ "ਸਾਮਰਾਜ, ਜੰਗ ਅਤੇ ਸੋਸ਼ਲ-ਡੈਮੋਕਰੇਸੀ" ਵਿਚ, ਗ਼ਲਤ ਤਰ੍ਹਾਂ ਕੌਮਾਂ ਦੇ ਆਤਮ-ਨਿਰਣੇ ਦੇ ਅਸੂਲ ਨੂੰ ਰੱਦ ਕਰਦਾ ਹੈ, ਪਰ ਇਸਨੂੰ ਠੀਕ ਤਰ੍ਹਾਂ **ਲਾਗੂ ਕਰਦਾ ਹੈ** ਜਦੋਂ ਉਹ ਡੱਚ ਇੰਡੀਜ਼ ਨੂੰ "ਰਾਜਸੀ ਅਤੇ **ਕੌਮੀ** ਸਵੈਧੀਨਤਾ" **ਤੁਰਤ** ਦੇਣ ਦੀ ਮੰਗ ਕਰਦਾ ਹੈ ਅਤੇ ਡੱਚ ਮੌਕਾਪ੍ਰਸਤਾਂ ਨੂੰ ਬੇਨਕਾਬ ਕਰਦਾ ਹੈ, ਜਿਹੜੇ ਇਸ ਮੰਗ ਨੂੰ ਪੇਸ਼ ਕਰਨ ਤੋਂ ਅਤੇ ਇਸ ਲਈ ਲੜਾਈ ਕਰਨ ਤੋਂ ਇਨਕਾਰ ਕਰਦੇ ਹਨ। — **ਸੰਪਾ:**

# ਆਤਮ-ਨਿਰਣੇ ਬਾਰੇ ਬਹਿਸ ਦਾ ਨਚੋੜ

# ਵਿਚੋਂ

## ੭. ਮਾਰਕਸਵਾਦ ਜਾਂ ਪਰੂਦੋਨਵਾਦ[100] ?

ਇਕ ਛੋਟ ਵਜੋਂ, ਸਾਡੇ ਪੋਲਿਸ਼ ਸਾਥੀ ਆਇਰਲੈਂਡ ਦੇ ਵਖ ਹੋਣ ਨਾਲ ਮਾਰਕਸ ਦੇ ਵਤੀਰੇ ਸੰਬੰਧੀ ਸਾਡੇ ਹਵਾਲੇ ਨੂੰ ਪ੍ਰੱਖ ਤੌਰ ਉਤੇ ਨਹੀਂ, ਅਪ੍ਰੱਖ ਤੌਰ ਉਤੇ ਟਾਲਦੇ ਹਨ। ਉਹਨਾਂ ਦਾ ਇਤਰਾਜ਼ ਕੀ ਹੈ? ਮਾਰਕਸ ਨੇ ੧੮੪੮ ਤੋਂ ੧੮੭੧ ਤੱਕ ਜੋ ਦ੍ਰਿਸ਼ਟੀਕੋਣ ਅਪਣਾਇਆ ਉਸ ਸੰਬੰਧੀ ਹਵਾਲੇ, ਉਹ ਕਹਿੰਦੇ ਹਨ, "ਮਾਮੂਲੀ ਜਿਹੇ ਮੁੱਲ ਦੇ ਵੀ ਨਹੀਂ" ਹਨ। ਇਸ ਅਸਾਧਾਰਨ ਤੌਰ ਤੇ ਕਰੋਧਵਾਨ ਤੇ ਪੱਕੇ ਦਾਅਵੇ ਦੀ ਹਮਾਇਤ ਵਿਚ ਪੇਸ਼ ਕੀਤੀ ਜਾਂਦੀ ਦਲੀਲ ਹੈ ਕਿ ਮਾਰਕਸ ਨੇ "ਇਕੋ ਸਮੇਂ" 'ਚੈੱਕਾਂ, ਦਖਣੀ ਸਲਾਵਾਂ, ਆਦਿ"[101], ਦੀ ਆਜ਼ਾਦੀ ਲਈ ਘਾਲਣਾਵਾਂ ਸੰਬੰਧੀ ਵਿਰੋਧ ਪ੍ਰਗਟ ਕੀਤਾ।

ਇਹ ਦਲੀਲ ਬਸ ਇਸ ਲਈ ਇੰਨੀਂ ਜ਼ਿਆਦਾ ਕਰੋਧਵਾਨ ਹੈ, ਕਿਉਂਕਿ ਇਹ ਇੰਨੀਂ ਜ਼ਿਆਦਾ ਗ਼ੈਰ-ਸਹੀ ਹੈ। ਪੋਲਿਸ਼ ਮਾਰਕਸਵਾਦੀਆਂ ਅਨੁਸਾਰ, ਮਾਰਕਸ ਬਸ ਇਕ ਭੌਂਦਲੀ ਸੋਚਣੀ ਵਾਲਾ ਮਨੁਖ ਸੀ, ਜਿਹੜਾ "ਇਕੋ ਸਮੇਂ" ਵਿਰੋਧੀ ਗੱਲਾਂ ਕਹਿੰਦਾ ਸੀ। ਇਹ ਉੱਕਾ ਹੀ ਅਸ਼ੁੱਧ ਹੈ, ਅਤੇ ਇਹ ਨਿਰਸੰਦੇਹ ਮਾਰਕਸਵਾਦ ਨਹੀਂ। ਇਹ ਠੀਕ "ਨਿੱਗਰ" ਵਿਸ਼ਲੇਸ਼ਣ ਲਈ ਮੰਗ ਹੈ, ਜਿਸ ਉਤੇ ਸਾਡੇ ਪੋਲਿਸ਼ ਸਾਥੀ ਜ਼ੋਰ ਦੇਂਦ ਹਨ, **ਪਰ ਉਹ ਖ਼ੁਦ ਇਹਨੂੰ ਲਾਗੂ ਨਹੀਂ ਕਰਦੇ**, ਜੋ ਸਾਡੇ ਲਈ ਇਹ ਖੋਜਣਾ ਜ਼ਰੂਰੀ ਬਣਾਉਂਦਾ ਹੈ ਕਿ ਮਾਰਕਸ ਨੇ ਵੱਖ ਵੱਖ ਨਿੱਗਰ "ਕੌਮੀ" ਲਹਿਰਾਂ ਵੱਲ ਜਿਹੜੇ ਵੱਖ ਵੱਖ ਵਤੀਰੇ ਧਾਰਨ ਕੀਤੇ ਕੀ ਉਹ **ਇਕੋ ਹੀ** ਸੋਸ਼ਲਿਸਟ ਦ੍ਰਿਸ਼ਟੀਕੋਣ ਦੀ ਉਪਜ ਨਹੀਂ ਸਨ।

ਜਿਹਾ ਕਿ ਆਮ ਤੌਰ ਉਤੇ ਪਤਾ ਹੈ, ਮਾਰਕਸ ਜ਼ਾਰਸ਼ਾਹੀ ਦੀ ਤਾਕਤ ਅਤੇ ਪ੍ਰਭਾਵ ਵਿਰੁਧ—ਜਾਂ, ਕਿਹਾ ਜਾ ਸਕਦਾ ਹੈ, ਇਸਦੇ ਸਰਬ-ਵਿਆਪੀ ਅਤੇ ਪ੍ਰਬਲ ਪਿੱਛੇ-ਖਿਚੂ ਪ੍ਰਭਾਵ ਵਿਰੁਧ—**ਯੂਰਪੀ** ਜਮਹੂਰੀਅਤ ਦੇ ਘੋਲ ਵਿਚ ਇਸਦੇ ਹਿਤਾਂ ਵਿਚ ਪੋਲਿਸ਼ ਆਜ਼ਾਦੀ ਦੇ ਹੱਕ ਵਿਚ ਸੀ। ਇਹ ਕਿ ਇਹ ਵਤੀਰਾ ਸਹੀ ਸੀ ੧੮੪੯ ਵਿਚ ਅਤਿ ਸਾਫ਼ ਤੌਰ ਉਤੇ ਅਤੇ ਅਮਲੀ ਤੌਰ ਉਤੇ ਸਿੱਧ ਹੋ ਗਿਆ, ਜਦੋਂ ਰੂਸੀ

ਖੇਤ-ਗੁਲਾਮ ਫ਼ੌਜ ਨੇ ਹੰਗਰੀ ਵਿਚ ਕੌਮੀ ਆਜ਼ਾਦੀ ਦੀ ਤੇ ਇਨਕਲਾਬੀ-ਜਮਹੂਰੀ ਬਗ਼ਾਵਤ ਨੂੰ ਕੁਚਲ ਦਿਤਾ। ਉਸ ਸਮੇਂ ਤੋਂ ਮਾਰਕਸ ਦੀ ਮੌਤ ਤੱਕ, ਤੇ ਇਸਤੋਂ ਪਿਛੋਂ ਵੀ, ੧੮੯੦ ਤੱਕ, ਜਦੋਂ ਇਹ ਖ਼ਤਰਾ ਸੀ ਕਿ ਜ਼ਾਰਸ਼ਾਹੀ, ਫ਼ਰਾਂਸ ਨਾਲ ਮਿਲ ਕੇ, **ਗ਼ੈਰ-ਸਾਮਰਾਜੀ** ਅਤੇ ਕੌਮੀ ਤੌਰ ਉਤੇ ਆਜ਼ਾਦ ਜਰਮਨੀ ਵਿਰੁਧ ਪਿੱਛੇ-ਖਿੱਚੂ ਜੰਗ ਛੇੜੇਗੀ, ਏਂਗਲਜ਼ ਸਭ ਤੋਂ ਪਹਿਲਾਂ ਜ਼ਾਰਸ਼ਾਹੀ ਵਿਰੁਧ ਘੋਲ ਦੇ ਹੱਕ ਵਿਚ ਡਟਿਆ। ਇਸੇ ਹੀ ਕਾਰਨ, ਨਿਰੋਲ ਇਸੇ ਹੀ ਕਾਰਨ, ਮਾਰਕਸ ਅਤੇ ਏਂਗਲਜ਼ ਚੈੱਕਾਂ ਅਤੇ ਦਖਣੀ ਸਲਾਵਾਂ ਦੀ ਕੌਮੀ ਲਹਿਰ ਦੇ ਵਿਰੁਧ ਸਨ। ਮਾਰਕਸ ਅਤੇ ਏਂਗਲਜ਼ ਨੇ ੧੮੪੮ ਅਤੇ ੧੮੪੯ ਵਿਚ ਜੋ ਕੁਝ ਲਿਖਿਆ ਉਸਦਾ ਸਾਧਾਰਨ ਜਿਹਾ ਮੁਕਾਬਲਾ ਹਰ ਉਸ ਬੰਦੇ ਨੂੰ, ਜਿਸਨੂੰ ਮਾਰਕਸਵਾਦ ਵਿਚ ਬਸ ਮਾਰਕਸਵਾਦ ਨੂੰ ਲਾਂਭੇ ਸੁੱਟਣ ਲਈ ਹੀ ਦਿਲਚਸਪੀ ਨਹੀਂ, ਇਹ ਸਿਧ ਕਰ ਦੇਵੇਗਾ ਕਿ ਮਾਰਕਸ ਅਤੇ ਏਂਗਲਜ਼ ਨੇ ਉਸ ਸਮੇਂ ਯੂਰਪ ਵਿਚ "ਰੂਸੀ ਬਾਹਰਲੀਆਂਚੌਕੀਆਂ" ਦਾ ਕੰਮ ਦੇਂਦੀਆਂ "ਪੂਰੀਆਂ ਪਿੱਛੇ-ਖਿਚੂ ਕੌਮਾਂ", ਅਤੇ "ਇਨਕਲਾਬੀ ਕੌਮਾਂ", ਜਿਵੇਂ ਕਿ, ਜਰਮਨਾਂ, ਪੋਲਾਂ ਤੇ ਮਗਿਆਰਾਂ ਵਿਚਕਾਰ ਸਾਫ਼ ਅਤੇ ਨਿਸ਼ਚਿਤ **ਫ਼ਰਕ ਉਲੀਕਿਆ**। ਇਹ ਇਕ ਤੱਥ ਹੈ। ਅਤੇ ਇਹ ਤਥ **ਉਸ ਸਮੇਂ ਮੰਨੇ ਹੋਏ ਸੱਚ ਨਾਲ** ਦਸਿਆ ਗਿਆ: ੧੮੪੮ ਵਿਚ ਇਨਕਲਾਬੀ ਕੌਮਾਂ ਆਜ਼ਾਦੀ ਲਈ ਲੜੀਆਂ, ਜਿਨ੍ਹਾਂ ਦੀ ਮੁਖ ਵੈਰੀ ਜ਼ਾਰਸ਼ਾਹੀ ਸੀ, ਜਦੋਂ ਕਿ ਚੈੱਕ, ਆਦਿ, ਅਸਲ ਵਿਚ ਪਿੱਛੇ-ਖਿੱਚੂ ਕੌਮਾਂ, ਜਾਂ ਜ਼ਾਰਸ਼ਾਹੀ ਦੀਆਂ ਬਾਹਰਲੀਆਂ ਚੌਕੀਆਂ ਸਨ।

ਇਸ ਠੋਸ ਮਿਸਾਲ ਤੋਂ, ਜਿਸਦਾ ਜੇ ਕੋਈ ਮਾਰਕਸਵਾਦ ਵੱਲ ਸੱਚਾ ਰਹਿਣਾ ਚਾਹੁੰਦਾ ਹੈ **ਠੋਸ ਤੌਰ ਉਤੇ** ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ, ਕੀ ਸਬਕ ਮਿਲਦਾ ਹੈ? ਬਸ ਇਹ: ੧) ਕਿ ਯੂਰਪ ਵਿਚ ਕਈ ਵੱਡੀਆਂ ਤੇ ਬਹੁਤ ਵੱਡੀਆਂ ਕੌਮਾਂ ਦੀ ਆਜ਼ਾਦੀ ਦੇ ਹਿਤ ਛੋਟੀਆਂ ਕੌਮਾਂ ਦੀ ਆਜ਼ਾਦੀ ਲਈ ਲਹਿਰ ਦੇ ਹਿਤਾਂ ਤੋਂ ਉਚੇਰੇ ਹਨ; ੨) ਕਿ ਕੋਈ ਜਮਹੂਰੀ ਮੰਗ ਵਖਰੀ ਕਰਕੇ ਨਹੀਂ ਸਗੋਂ ਯੂਰਪੀ—ਅਜ ਸਾਨੂੰ ਕਹਿਣਾ ਚਾਹੀਦਾ ਹੈ ਸੰਸਾਰ—ਪੈਮਾਨੇ ਉਤੇ ਵਿਚਾਰਨੀ ਚਾਹੀਦੀ ਹੈ।

ਹੋਰ ਕੁਝ ਨਹੀਂ। ਉਸ ਮੁਢਲੇ ਸੋਸ਼ਲਿਸਟ ਅਸੂਲ ਦੇ ਖੰਡਣ ਦਾ ਇਸ਼ਾਰਾ ਵੀ ਨਹੀਂ ਜਿਸਨੂੰ ਪੋਲ ਭੁਲ ਗਏ ਪਰ ਜਿਸ ਵੱਲ ਮਾਰਕਸ **ਸਦਾ** ਵਫ਼ਾਦਾਰ ਰਿਹਾ—ਕਿ ਕੋਈ ਕੌਮ ਵੀ ਜੇ ਉਹ ਦੂਜੀਆਂ ਕੌਮਾਂ ਉਤੇ ਜ਼ੁਲਮ ਢਾਹੁੰਦੀ ਹੈ, ਆਜ਼ਾਦ ਨਹੀਂ ਹੋ ਸਕਦੀ[102]। ਜੇ ਠੋਸ ਸਥਿਤੀ, ਜਿਸਦਾ ਸਾਮ੍ਹਣਾ ਮਾਰਕਸ ਨੂੰ ਉਸ ਦੌਰ ਵਿਚ ਕਰਨਾ ਪਿਆ ਜਦੋਂ ਜ਼ਾਰਸ਼ਾਹੀ ਪ੍ਰਭਾਵ ਕੌਮਾਂਤਰੀ ਨੀਤੀ ਵਿਚ ਪਰਬਲ ਸੀ, ਆਪਣੇ ਆਪ ਨੂੰ, ਮਿਸਾਲ ਵਜੋਂ, ਇਸ ਸ਼ਕਲ ਵਿਚ ਦੁਹਰਾਏ ਕਿ ਬਹੁਤ ਸਾਰੀਆਂ ਕੌਮਾਂ ਸੋਸ਼ਲਿਸਟ ਇਨਕਲਾਬ ਸ਼ੁਰੂ ਕਰ ਦੇਣ (ਜਿਵੇਂ ੧੮੪੮ ਵਿਚ ਯੂਰਪ ਵਿਚ ਬੁਰਜੂਆ-ਜਮਹੂਰੀ ਇਨਕਲਾਬ ਸ਼ੁਰੂ ਹੋਇਆ ਸੀ), ਜਦੋਂ ਕਿ **ਦੂਜੀਆਂ** ਕੌਮਾਂ ਬੁਰਜੂਆ

ਪਿਛਾਖੜ ਦੀ ਮੁਖ ਟੇਕ ਦਾ ਕੰਮ ਦੇਣ — ਤਾਂ ਸਾਨੂੰ ਵੀ ਇਹਨਾਂ ਵਿਰੁਧ ਇਨਕਲਾਬੀ ਜੰਗ ਦੇ ਹੱਕ ਵਿਚ, ਇਹਨਾਂ ਨੂੰ "ਕੁਚਲਣ" ਦੇ ਹੱਕ ਵਿਚ, ਇਹਨਾਂ ਦੀਆਂ ਸਭ ਬਾਹਰਲੀਆਂ ਚੌਕੀਆਂ ਤਬਾਹ ਕਰਨ ਦੇ ਹੱਕ ਵਿਚ ਹੋਣਾ ਪਵੇਗਾ, ਇਹਨਾਂ ਵਿਚ ਭਾਵੇਂ ਕੋਈ ਵੀ ਛੁਟ-ਕੌਮੀ ਲਹਿਰਾਂ ਕਿਉਂ ਨਾ ਪਈਆਂ ਉਠਣ। ਇਸੇ ਕਾਰਨ, ਮਾਰਕਸ ਦੇ ਦਾਅ-ਪੇਚਾਂ ਦੀ ਕਿਸੇ ਉਦਾਹਰਣ ਨੂੰ ਰੱਦ ਕਰਨਾ ਤਾਂ ਕਿਤੇ ਰਿਹਾ — ਇਹਦੇ ਅਰਥ ਹੋਣਗੇ ਸ਼ਬਦਾਂ ਵਿਚ ਤਾਂ ਮਾਰਕਸਵਾਦ ਦਾ ਧਾਰਨੀ ਹੋਣਾ ਪਰ ਇਹਨੂੰ ਅਮਲ ਵਿਚ ਤਜਣਾ — ਸਾਨੂੰ ਇਹਨਾਂ ਦਾ ਠੋਸ ਤੌਰ ਉਤੇ ਵਿਸ਼ਲੇਸ਼ਣ ਕਰਨਾ ਅਤੇ ਭਵਿੱਖ ਲਈ ਇਹਨਾਂ ਤੋਂ ਸਬਕ ਕਢਣੇ ਚਾਹੀਦੇ ਹਨ। ਆਤਮ-ਨਿਰਣੇ ਸਮੇਤ ਜਮਹੂਰੀਅਤ ਦੀਆਂ ਅਨੇਕਾਂ ਮੰਗਾਂ ਆਪਣੇ ਆਪ ਵਿਚ ਅੰਤਮ ਰੂਪ ਨਹੀਂ ਹਨ, ਸਗੋਂ ਆਮ-ਜਮਹੂਰੀ (ਹੁਣ: ਆਮ-ਸੋਸ਼ਲਿਸਟ) **ਸੰਸਾਰ** ਲਹਿਰ ਦਾ ਬੱਸ ਇਕ **ਛੋਟਾ ਭਾਗ** ਹਨ। ਇਕੱਲੀਆਂ ਇਕੱਲੀਆਂ ਠੋਸ ਸੂਰਤਾਂ ਵਿਚ, ਭਾਗ ਸਮੁੱਚੇ ਦਾ ਵਿਰੋਧ ਕਰ ਸਕਦਾ ਹੈ; ਜੇ ਅਜਿਹਾ ਹੈ, ਤਾਂ ਇਹਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਸੰਭਵ ਹੈ ਕਿ ਇਕ ਦੇਸ ਵਿਚ ਗਣ-ਤੰਤਰੀ ਲਹਿਰ ਦੂਜੇ ਦੇਸਾਂ ਦੀਆਂ ਪਾਦਰੀਸ਼ਾਹੀ ਜਾਂ ਵਿੱਤੀ-ਬਾਦਸ਼ਾਹੀ ਸਾਜ਼ਸ਼ਾਂ ਦਾ ਹੀ ਹਥਿਆਰ ਹੋਵੇ; ਜੇ ਅਜਿਹਾ ਹੈ, ਤਾਂ ਸਾਨੂੰ ਇਸ ਵਿਸ਼ੇਸ਼, ਠੋਸ ਲਹਿਰ ਦੀ ਹਮਾਇਤ **ਨਹੀਂ** ਕਰਨੀ ਚਾਹੀਦੀ। ਪਰ ਇਹਨਾਂ ਕਾਰਨਾਂ ਕਾਰਨ ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਦੇ ਪ੍ਰੋਗਰਾਮ ਵਿਚੋਂ ਗਣ-ਤੰਤਰ ਲਈ ਮੰਗ ਨੂੰ ਕੱਢ ਦੇਣਾ ਬੇਥੁਵਾ ਹੋਵੇਗਾ।

੧੮੪੮-੧੮੭੧ ਦੇ ਦੌਰ ਅਤੇ ੧੮੯੮-੧੯੧੬ ਦੇ ਦੌਰ (ਮੈਂ ਦੌਰ ਵਜੋਂ ਸਾਮਰਾਜ ਦੇ ਅਤਿ ਅਹਿਮ ਸੀਮਾ ਚਿਨ੍ਹ ਲੈਂਦਾ ਹਾਂ: ਸਪੇਨੀ-ਅਮਰੀਕੀ ਸਾਮਰਾਜੀ ਜੰਗ[103] ਤੋਂ ਯੂਰਪੀ ਸਾਮਰਾਜੀ ਜੰਗ ਤੱਕ) ਵਿਚਕਾਰ ਠੋਸ ਸਥਿਤੀ ਕਿਵੇਂ ਬਦਲੀ ਹੈ? ਜ਼ਾਰਸ਼ਾਹੀ ਸਪਸ਼ਟ ਤੌਰ ਉਤੇ ਅਤੇ ਯਕੀਨੀ ਤੌਰ ਉਤੇ ਪਿਛਾਖੜ ਦੀ ਮੁਖ ਟੇਕ ਨਹੀਂ ਰਹੀ, ਪਹਿਲੀ ਗੱਲ, ਕਿਉਂਕਿ ਕੌਮਾਂਤਰੀ ਵਿੱਤ ਸਰਮਾਇਆ, ਖ਼ਾਸ ਤੌਰ ਉਤੇ ਫ਼ਰਾਂਸੀਸੀ, ਇਹਦੀ ਹਮਾਇਤ ਕਰਦਾ ਹੈ, ਦੂਜੇ, ੧੯੦੫ ਕਾਰਨ। ਉਸ ਸਮੇਂ ਵੱਡੇ ਕੌਮੀ ਰਾਜਾਂ — ਯੂਰਪ ਦੀਆਂ ਜਮਹੂਰੀਅਤਾਂ — ਦਾ ਨਿਜ਼ਾਮ ਜ਼ਾਰਸ਼ਾਹੀ ਦੇ ਹੁੰਦਿਆਂ ਹੋਇਆਂ ਦੁਨੀਆਂ ਨੂੰ ਜਮਹੂਰੀਅਤ ਤੇ ਸੋਸ਼ਲਿਜ਼ਮ ਬਖ਼ਸ਼ ਰਿਹਾ ਸੀ।* ਮਾਰਕਸ ਅਤੇ ਏਂਗਲਜ਼ ਸਾਮਰਾਜ ਦਾ ਦੌਰ ਵੇਖਣ ਲਈ ਜੀਉਂਦੇ ਨਾ ਰਹੇ। ਵਰਤਮਾਨ

---

* ਰਿਆਜ਼ਾਨੋਵ ਨੇ ਗਰੂਨਬਰਗ ਦੇ "ਸੋਸ਼ਲਿਜ਼ਮ ਦੇ ਇਤਿਹਾਸ ਦਾ ਮੁਹਾਫ਼ਜ਼ਖ਼ਾਨਾ" (੧੯੧੬, I) ਵਿਚ ਪੋਲਿਸ਼ ਸਵਾਲ ਬਾਰੇ ਏਂਗਲਜ਼ ਦਾ, ੧੮੬੬ ਵਿਚ ਲਿਖਿਆ, ਇਕ ਬੜਾ ਦਿਲਚਸਪ ਲੇਖ ਪ੍ਰਕਾਸ਼ਤ ਕੀਤਾ। ਏਂਗਲਜ਼ ਜ਼ੋਰ ਦੇਂਦਾ ਹੈ ਕਿ ਪ੍ਰੋਲਤਾਰੀ ਲਈ ਯੂਰਪ ਦੀਆਂ ਮਹਾਨ, ਵੱਡੀਆਂ ਕੌਮਾਂ ਦੀ ਰਾਜਸੀ ਆਜ਼ਾਦੀ ਤੇ "ਆਤਮ-

ਸਮੇਂ ਮੁੱਠੀ ਭਰ ਸਾਮਰਾਜੀ 'ਵੱਡੀਆਂ'' ਤਾਕਤਾਂ (ਗਿਣਤੀ ਵਿਚ ਪੰਜ ਜਾਂ ਛੇ) ਦਾ ਨਿਜ਼ਾਮ ਹੋਂਦ ਵਿਚ ਆ ਚੁੱਕਾ ਹੈ, ਜਿਨ੍ਹਾਂ ਵਿਚੋਂ ਹਰ ਇਕ ਦੂਜੀਆਂ ਕੌਮਾਂ ਉਤੇ ਜ਼ੁਲਮ ਢਾਹੁੰਦੀ ਹੈ; ਅਤੇ ਇਹ ਜ਼ੁਲਮ ਸਰਮਾਇਦਾਰੀ ਦੇ ਢਹਿ-ਢੇਰੀ ਹੋਣ ਦੀ ਬਣਾਉਟੀ ਢਿੱਲ ਦਾ ਅਤੇ ਸਾਮਰਾਜੀ ਕੌਮਾਂ, ਜਿਨ੍ਹਾਂ ਦਾ ਦੁਨੀਆਂ ਉਤੇ ਗ਼ਲਬਾ ਹੈ, ਵਿਚ ਮੌਕਾਪ੍ਰਸਤੀ ਤੇ ਸਮਾਜੀ-ਅੰਧਰਾਸ਼ਟਰਵਾਦ ਦੀ ਬਣਾਉਟੀ ਹਮਾਇਤ ਦਾ ਇਕ ਸੋਮਾ ਹੈ। ਉਸ ਸਮੇਂ ਪਛਮੀ ਯੂਰਪੀ ਜਮਹੂਰੀਅਤ, ਜੋ ਵੱਡੀਆਂ ਕੌਮਾਂ ਨੂੰ ਆਜ਼ਾਦ ਕਰ ਰਹੀ ਸੀ, ਜ਼ਾਰਸ਼ਾਹੀ ਦੀ, ਜਿਹੜੀ ਕੁਝ ਛੋਟੀਆਂ ਕੌਮਾਂ ਦੀਆਂ ਲਹਿਰਾਂ ਨੂੰ ਪਿੱਛੇ-ਖਿੱਚੂ ਨਿਸ਼ਾਨਿਆਂ ਲਈ ਵਰਤ ਰਹੀ ਸੀ, ਵਿਰੋਧੀ ਸੀ। ਅਜ, ਸੋਸ਼ਲਿਸਟ ਪ੍ਰੋਲਤਾਰੀ ਨੂੰ, ਜੋ ਇਕ ਹਥ ਅੰਧਰਾਸ਼ਟਰਵਾਦੀਆਂ, ''ਸਮਾਜੀ-ਸਾਮਰਾਜੀਆਂ'' ਅਤੇ, ਦੂਜੇ ਹਥ, ਇਨਕਲਾਬੀਆਂ ਵਿਚ ਪਾਟੇ ਹੋਏ ਹਨ, ਜ਼ਾਰਸ਼ਾਹੀ ਸਾਮਰਾਜ ਅਤੇ ਉੱਨਤ ਸਰਮਾਇਦਾਰ, ਯੂਰਪੀ, ਸਾਮਰਾਜ ਦੇ **ਇਤਿਹਾਦ** ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਤਿਹਾਦ ਜੋ ਅਨੇਕਾਂ ਕੌਮਾਂ ਨੂੰ ਮਿਲ ਕੇ ਦਬਾਉਣ ਉਤੇ ਆਧਾਰਤ ਹੈ।

ਅਜਿਹੀਆਂ ਹਨ ਠੋਸ ਤਬਦੀਲੀਆਂ ਜੋ ਸਥਿਤੀ ਵਿਚ ਹੋਈਆਂ ਹਨ ਅਤੇ ਇਹੋ ਜਿਨ੍ਹਾਂ ਨੂੰ ਪੋਲਿਸ਼ ਸੋਸ਼ਲ-ਡੈਮੋਕਰੈਟ, ਅਖੋਂ ਉਹਲੇ ਕਰਦੇ ਹਨ, ਇਸ ਗੱਲ ਦੇ ਬਾਵਜੂਦ ਕਿ ਉਹ ਠੋਸ ਹੋਣ ਦਾ ਵਚਨ ਦੇਂਦੇ ਹਨ! ਇਸ ਲਈ ਉਹੋ ਸੋਸ਼ਲਿਸਟ ਅਸੂਲ **ਲਾਗੂ ਕਰਨ ਸੰਬੰਧੀ** ਠੋਸ ਤਬਦੀਲੀ: **ਪਹਿਲੀਆਂ ਵਿਚ** ਮੁਖ ਗੱਲ ''ਜ਼ਾਰਸ਼ਾਹੀ ਵਿਰੁਧ'' (ਤੇ ਕੁਝ ਛੋਟੀਆਂ ਕੌਮਾਂ ਦੀਆਂ ਲਹਿਰਾਂ ਵਿਰੁਧ, ਜਿਨ੍ਹਾਂ ਦੀ ਵਰਤੋਂ **ਜ਼ਾਰਸ਼ਾਹੀ** ਗ਼ੈਰ-ਜਮਹੂਰੀ ਨਿਸ਼ਾਨਿਆਂ ਲਈ ਕਰ ਰਹੀ ਸੀ), ਅਤੇ ਪੱਛਮ ਦੀਆਂ ਵਡੇਰੀਆਂ ਇਨਕਲਾਬੀ ਕੌਮਾਂ ਲਈ ਲੜਨਾ ਸੀ; **ਅੱਜ** ਅਸੀਂ ਮੁਖ ਤੌਰ ਉਤੇ ਸਾਮਰਾਜੀ ਤਾਕਤਾਂ, ਸਾਮਰਾਜੀ ਬੁਰਜੂਆਜ਼ੀ ਅਤੇ ''ਸਮਾਜੀ-ਸਾਮਰਾਜੀਆਂ'' ਦੇ ਇਕ-ਮੁਠ, ਨਿੱਗਰ ਮੁਹਾਜ਼ ਦੇ ਵਿਰੁਧ ਹਾਂ, ਅਤੇ ਸੋਸ਼ਲਿਸਟ ਇਨਕਲਾਬ ਦੇ ਮੰਤਵਾਂ

---

ਨਿਰਣੇ'' (right to dispose of itself —''ਆਪਣੇ ਆਪ ਦਾ ਇੰਤਜ਼ਾਮ ਕਰਨ'') ਨੂੰ ਪ੍ਰਵਾਨ ਕਰਨਾ ਜ਼ਰੂਰੀ ਹੈ ਅਤੇ ''ਕੌਮੀਅਤਾਂ ਦੇ ਨਿਯਮ'' (ਖ਼ਾਸ ਤੌਰ ਉਤੇ ਇਹਨੂੰ ਬੋਨਾਪਾਰਟੀ ਰੂਪ ਵਿਚ ਲਾਗੂ ਕਰਨ ਸੰਬੰਧੀ) ਦੇ, ਅਰਥਾਤ, ਹਰ ਛੋਟੀ ਕੌਮ ਨੂੰ ਇਹਨਾਂ ਵੱਡੀਆਂ ਕੌਮਾਂ ਦੀ ਹੀ ਪੱਧਰ ਉਤੇ ਰਖਣ ਦੇ ਬੇਥ੍ਹਵੇਪੁਣੇ ਬਾਰੇ ਦਸਦਾ ਹੈ। ''ਰੂਸ'', ਏਂਗਲਜ਼ ਕਹਿੰਦਾ ਹੈ, ''ਚੁਰਾਈ ਹੋਈ'' (ਭਾਵ, ਮਜ਼ਲੂਮ ਕੌਮਾਂ ਦੀ) ''ਸੰਪਤੀ ਦੀ ਬੜੀ ਵੱਡੀ ਮਾਤਰਾ ਦਾ ਮਾਲਕ ਹੈ, ਜੋ ਲੇਖੇ ਦੇ ਦਿਨ ਉਹਨੂੰ ਮੋੜਨੀ ਪਵੇਗੀ।''[104] ਬੋਨਾਪਾਰਟਵਾਦ ਅਤੇ ਜ਼ਾਰਸ਼ਾਹੀ ਦੋਵੇਂ ਹੀ ਛੋਟੀਆਂ-ਕੌਮੀ ਲਹਿਰਾਂ ਨੂੰ ਖ਼ੁਦ **ਆਪਣੇ** ਲਾਭ ਲਈ, ਯੂਰਪੀ ਜਮਹੂਰੀਅਤ ਦੇ **ਵਿਰੁਧ ਵਰਤਦੀਆਂ ਹਨ।**

ਲਈ ਸਾਮਰਾਜ ਵਿਰੁਧ **ਸਭਨਾਂ** ਕਮੀ ਲਹਿਰਾਂ ਦੀ ਵਰਤੋਂ ਦੇ **ਹੱਕ ਵਿਚ** ਹਾਂ। ਹੁਣ ਆਮ ਸਾਮਰਾਜੀ ਮੁਹਾਜ਼ ਵਿਰੁਧ ਘੋਲ ਜਿੰਨਾਂ ਵਧੇਰੇ **ਨਿਰੋਲ ਤੌਰ ਉਤੇ** ਪ੍ਰੋਲਤਾਰੀ ਬਣਦਾ ਹੈ, ਉਨਾ ਹੀ ਵਧੇਰੇ ਸਜੀਵ, ਪ੍ਰਤੱਖ ਤੌਰ ਉਤੇ ਇਹ ਕੌਮਾਂਤਰੀ ਅਸੂਲ ਬਣ ਜਾਂਦਾ ਹੈ: "ਜੇ ਕੋਈ ਕੌਮ ਦੂਜੀਆਂ ਕੌਮਾਂ ਉਤੇ ਜ਼ੁਲਮ ਢਾਹੁੰਦੀ ਹੈ, ਤਾਂ ਉਹ ਆਜ਼ਾਦ ਨਹੀਂ ਹੋ ਸਕਦੀ।"

ਸਮਾਜ ਇਨਕਲਾਬ ਦੇ ਆਪਣੇ ਸਿਧਾਂਤਵਾਦੀ ਸੰਕਲਪ **ਦੇ ਨਾਂ ਉਤੇ**, ਪਰੂਦੋਂਨਵਾਦੀਆਂ ਨੇ ਪੋਲੈਂਡ ਦੇ ਕੌਮਾਂਤਰੀ ਰੋਲ ਨੂੰ ਅੱਖੋਂ ਉਹਲੇ ਕੀਤਾ ਅਤੇ ਕੌਮੀ ਲਹਿਰਾਂ ਨੂੰ ਇਕ ਪਾਸੇ ਧਰ ਦਿਤਾ। ਇੰਨਾਂ ਹੀ ਸਿਧਾਂਤਵਾਦੀ ਪੋਲਿਸ਼ ਸੋਸ਼ਲ-ਡੈਮੋਕਰੈਟਾਂ ਦਾ ਵਤੀਰਾ ਹੈ, ਕਿਉਂਕਿ ਉਹ ਸਮਾਜੀ-ਸਾਮਰਾਜੀਆਂ ਵਿਰੁਧ ਘੋਲ ਦੇ ਕੌਮਾਂਤਰੀ ਮੋਰਚੇ ਨੂੰ **ਤੋੜਦੇ ਹਨ**, ਅਤੇ (ਬਾਹਰਮੁਖੀ ਤੌਰ ਉਤੇ) ਅਲਹਾਕਾਂ ਦੇ ਸਵਾਲ ਤੇ ਆਪਣੀ ਡਾਵਾਂਡੋਲਤਾ ਨਾਲ ਸਮਾਜੀ-ਸਾਮਰਾਜੀਆਂ ਦੀ ਸਹਾਇਤਾ ਕਰਦੇ ਹਨ। ਕਿਉਂਕਿ ਇਹ ਠੀਕ ਪ੍ਰੋਲਤਾਰੀ ਘੋਲ ਦਾ ਕੌਮਾਂਤਰੀ ਮੁਹਾਜ਼ ਹੀ ਹੈ, ਜਿਹੜਾ ਛੋਟੀਆਂ ਕੌਮਾਂ ਦੀ ਠੋਸ ਪੁਜ਼ੀਸ਼ਨ ਦੇ ਸੰਬੰਧ ਵਿਚ ਬਦਲ ਗਿਆ ਹੈ: ਉਸ ਸਮੇਂ (੧੮੪੮-੧੮੭੧) ਵਿਚ ਛੋਟੀਆਂ ਕੌਮਾਂ "ਪਛਮੀ ਜਮਹੂਰੀਅਤ", ਅਤੇ ਇਨਕਲਾਬੀ ਕੌਮਾਂ ਦੇ, ਜਾਂ ਜ਼ਾਰਸ਼ਾਹੀ ਦੇ ਸੰਭਾਵੀ ਇਤਿਹਾਦੀਆਂ ਵਜੋਂ ਮਹੱਤਵ-ਪੂਰਨ ਸਨ; ਹੁਣ (੧੮੯੮-੧੯੧੪) ਛੋਟੀਆਂ ਕੌਮਾਂ ਨੇ ਆਪਣੀ ਮਹੱਤਤਾ ਗੁਆ ਲਈ ਹੈ; ਅਜ ਉਹ ਪਰਜੀਵਤਾ ਅਤੇ, ਇਸੇ ਲਈ, "ਪ੍ਰਬਲ ਕੌਮਾਂ" ਦੇ ਸਮਾਜੀ-ਸਾਮਰਾਜ ਦੇ ਇਕ ਅਹਾਰਕ ਮਾਧਿਅਮ ਵਜੋਂ ਅਹਿਮ ਹਨ। ਮਹਤਵ-ਪੂਰਨ ਗੱਲ ਇਹ ਨਹੀਂ ਕਿ ਸੋਸ਼ਲਿਸਟ ਇਨਕਲਾਬ ਤੋਂ ਪਹਿਲਾਂ ਛੋਟੀਆਂ ਕੌਮਾਂ ਦਾ ਪੰਜਾਹਵਾਂ ਹਿੱਸਾ ਸੁਤੰਤਰ ਹੁੰਦਾ ਹੈ ਜਾਂ ਸੌਵਾਂ ਹਿੱਸਾ, ਸਗੋਂ ਇਹ ਤੱਥ ਹੈ ਕਿ ਸਾਮਰਾਜ ਦੇ ਜੁਗ ਵਿਚ, ਬਾਹਰਮੁਖੀ ਕਾਰਨਾਂ ਕਾਰਨ, ਪ੍ਰੋਲਤਾਰੀ ਦੋ ਕੌਮਾਂਤਰੀ ਧੜਿਆਂ ਵਿਚ ਪਾਟੇ ਹਨ ਜਿਨ੍ਹਾਂ ਵਿਚੋਂ ਇਕ ਉਹਨਾਂ ਟੁਕੜਿਆਂ ਨਾਲ ਭਰਸ਼ਟ ਕਰ ਦਿਤਾ ਗਿਆ ਹੈ ਜਿਹੜੇ ਪ੍ਰਬਲ ਕੌਮਾਂ ਦੀ ਬੁਰਜੂਆਜ਼ੀ ਦੇ ਮੇਜ਼ ਤੋਂ ਡਿਗਦੇ ਹਨ। ਜਿਹੜੇ, ਹੋਰਨਾਂ ਗੱਲਾਂ ਤੋਂ ਬਿਨਾਂ, ਛੋਟੀਆਂ ਕੌਮਾਂ ਦੀ ਦੂਹਰੀ ਜਾਂ ਤੀਹਰੀ ਲੁੱਟ-ਖਸੁੱਟ ਤੋਂ ਹਾਸਲ ਹੁੰਦੇ ਹਨ — ਜਦੋਂ ਕਿ ਦੂਜਾ ਹਿੱਸਾ ਛੋਟੀਆਂ ਕੌਮਾਂ ਨੂੰ ਸੁਤੰਤਰ ਕੀਤੇ ਬਿਨਾਂ, ਜਨਤਾ ਨੂੰ ਅੰਧਰਾਸ਼ਟਰਵਾਦ-ਵਿਰੋਧੀ, ਅਰਥਾਤ, ਅਲਹਾਕਵਾਦ-ਵਿਰੋਧੀ, ਅਰਥਾਤ, "ਆਤਮ-ਨਿਰਣੇ" ਦੇ ਜਜ਼ਬੇ ਵਿਚ ਸੁਸਿਖਿਅਤ ਕੀਤੇ ਬਿਨਾਂ ਆਪਣੇ ਆਪ ਨੂੰ ਸੁਤੰਤਰ ਨਹੀਂ ਕਰ ਸਕਦਾ।

ਸਵਾਲ ਦੇ ਇਸ ਅਤਿ ਮਹੱਤਵ-ਪੂਰਨ ਪੱਖ ਨੂੰ ਪੋਲਿਸ਼ ਸਾਥੀ ਅੱਖੋਂ ਉਹਲੇ ਕਰਦੇ ਹਨ, ਜਿਹੜੇ ਸਾਮਰਾਜ ਦੇ ਜੁਗ ਵਿਚ ਮਾਮਲਿਆਂ ਨੂੰ ਕੇਂਦਰੀ ਸਥਿਤੀ ਤੋਂ, **ਕੌਮਾਂਤਰੀ ਪ੍ਰੋਲਤਾਰੀ ਦੀ ਦੋ ਧੜਿਆਂ ਵਿਚ ਵੰਡ** ਦੇ ਦ੍ਰਿਸ਼ਟੀਕੋਣ ਤੋਂ **ਨਹੀਂ** ਵੇਖਦੇ।

ਇਥੇ ਅਸੀਂ ਪਰੂਦੋਨਵਾਦ ਦੀਆਂ ਹੋਰ ਠੋਸ ਉਦਾਹਰਣਾਂ ਦੇਂਦੇ ਹਾਂ: ੧) ੧੯੧੬ ਦੀ ਆਇਰਿਸ਼ ਬਗ਼ਾਵਤ[105] ਵੱਲ, ਜਿਸ ਬਾਰੇ ਅਸੀਂ ਅਗੇ ਚਲ ਕੇ ਦਸਾਂਗੇ, ਉਹਨਾਂ ਦਾ ਵਤੀਰਾ; ੨) ਥੀਸਿਸ ਵਿਚ ਇਹ ਐਲਾਨ (II, ੩, § ੩ ਦਾ ਅੰਤ) ਕਿ ਸੋਸ਼ਲਿਸਟ ਇਨਕਲਾਬ ਦਾ ਨਾਅਰਾ "ਕਿਸੇ ਗੱਲ ਰਾਹੀਂ ਵੀ ਪਿਛੇ ਸੁਟਿਆ ਨਹੀਂ ਜਾਣਾ ਚਾਹੀਦਾ।" ਇਹ ਵਿਚਾਰ ਕਿ ਸੋਸ਼ਲਿਸਟ ਇਨਕਲਾਬ ਦਾ ਨਾਅਰਾ ਇਹਨੂੰ ਸਭਨਾਂ ਸਵਾਲਾਂ ਬਾਰੇ, ਜਿਨ੍ਹਾਂ ਵਿਚ ਕੌਮੀ ਸਵਾਲ ਵੀ ਸ਼ਾਮਲ ਹੈ, ਇਕਸਾਰ ਤੌਰ ਉਤੇ ਇਨਕਲਾਬੀ ਪੁਜ਼ੀਸ਼ਨ ਨਾਲ **ਜੋੜਕੇ** "ਪਿਛੇ ਸੁਟਿਆ" ਜਾ ਸਕਦਾ ਹੈ, ਨਿਸ਼ਚੇ ਹੀ ਮਾਰਕਸਵਾਦ-ਵਿਰੋਧੀ ਹੈ।

ਪੋਲਿਸ਼ ਸੋਸ਼ਲ-ਡੈਮੋਕਰੈਟ ਸਮਝਦੇ ਹਨ ਕਿ ਸਾਡਾ ਪ੍ਰੋਗਰਾਮ "ਕੌਮੀ-ਸੁਧਾਰਵਾਦੀ" ਪ੍ਰੋਗਰਾਮ ਹੈ। ਦੋ ਅਮਲੀ ਪ੍ਰਸਤਾਵਨਾਵਾਂ ਦਾ ਮੁਕਾਬਲਾ ਕਰੋ: ੧) ਖ਼ੁਦ-ਅਖ਼ਤਿਆਰੀ ਲਈ (ਪੋਲਿਸ਼ ਥੀਸਿਸ, III, ੪) ਅਤੇ ੨) ਵੱਖ ਹੋਣ ਦੀ ਆਜ਼ਾਦੀ। ਇਹੋ ਗੱਲ ਹੈ, ਅਤੇ ਕੇਵਲ ਇਹੋ, ਜਿਸ ਸੰਬੰਧੀ ਸਾਡੇ ਪ੍ਰੋਗਰਾਮ ਫ਼ਰਕ ਵਾਲੇ ਹਨ! ਅਤੇ ਕੀ ਇਹ ਸਪਸ਼ਟ ਨਹੀਂ ਕਿ ਇਹ ਠੀਕ ਪਹਿਲੀ ਪ੍ਰਸਤਾਵਨਾ ਹੀ ਹੈ ਜਿਹੜੀ ਸੁਧਾਰਵਾਦੀ ਹੈ ਅਤੇ ਦੂਜੀ ਨਹੀਂ? ਸੁਧਾਰਵਾਦੀ ਤਬਦੀਲੀ ਉਹ ਹੁੰਦੀ ਹੈ ਜਿਹੜੀ ਹਾਕਮ ਸ਼੍ਰੇਣੀ ਦੀ ਸੱਤਾ ਦੀਆਂ ਬੁਨਿਆਦਾਂ ਨੂੰ ਜਿਉਂ ਦੀਆਂ ਤਿਉਂ ਰਹਿਣ ਦੇਂਦੀ ਹੈ ਅਤੇ ਕੇਵਲ ਇਕ ਰਿਆਇਤ ਹੁੰਦੀ ਹੈ ਜਿਹੜੀ ਇਸ ਸੱਤਾ ਨੂੰ ਕਮਜ਼ੋਰ ਕੀਤੇ ਬਿਨਾਂ ਰਹਿਣ ਦੇਂਦੀ ਹੈ। ਇਨਕਲਾਬੀ ਤਬਦੀਲੀ ਸੱਤਾ ਦੀਆਂ ਨੀਹਾਂ ਦੇ ਜੜ੍ਹੀਂ ਤੇਲ ਦੇ ਦੇਂਦੀ ਹੈ। ਸੁਧਾਰਵਾਦੀ ਕੌਮੀ ਪ੍ਰੋਗਰਾਮ ਹਾਕਮ ਕੌਮ ਦੇ **ਸਭਨਾਂ** ਵਿਸ਼ੇਸ਼-ਅਧਿਕਾਰਾਂ ਨੂੰ ਖ਼ਤਮ **ਨਹੀਂ** ਕਰਦਾ; ਇਹ ਕੌਮੀ ਜ਼ੁਲਮ ਨੂੰ ਇਹਦੀਆਂ **ਸਭਨਾਂ ਸ਼ਕਲਾਂ ਵਿਚ** ਖ਼ਤਮ **ਨਹੀਂ** ਕਰਦਾ। "ਖ਼ੁਦ-ਅਖ਼ਤਿਆਰ" ਕੌਮ ਨੂੰ "ਹਾਕਮ" ਕੌਮ ਦੇ ਬਰਾਬਰ ਹੱਕ ਹਾਸਲ ਨਹੀਂ ਹੁੰਦੇ; ਸਾਡੇ ਪੋਲਿਸ਼ ਸਾਥੀ ਜੇ ਉਹਨਾਂ ਨੇ (ਸਾਡੇ ਪੁਰਾਣੇ "ਆਰਥਕਤਾਵਾਦੀਆਂ"[106] ਵਾਂਗ) **ਰਾਜਸੀ** ਸੰਕਲਪਾਂ ਅਤੇ ਪ੍ਰਾਵਰਗਾਂ ਦੇ ਵਿਸ਼ਲੇਸ਼ਣ ਤੋਂ ਬਚਣ ਦੀ ਜ਼ਿਦ ਨਾ ਕੀਤੀ ਹੁੰਦੀ ਤਾਂ ਇਹਨੂੰ ਵੇਖੇ ਬਿਨਾਂ ਨਾ ਰਹਿ ਸਕਦੇ। ੧੯੦੫ ਤੱਕ ਖ਼ੁਦ-ਅਖ਼ਤਿਆਰ ਨਾਰਵੇ ਨੂੰ, ਸਵੀਡਨ ਦੇ ਅੰਗ ਵਜੋਂ, ਅਤਿ ਵਿਸ਼ਾਲ ਖ਼ੁਦ-ਅਖ਼ਤਿਆਰੀ ਹਾਸਲ ਸੀ। ਪਰ ਉਹ ਸਵੀਡਨ ਦੇ ਬਰਾਬਰ ਨਹੀਂ ਸੀ। ਕੇਵਲ ਉਹਦੇ ਸੁਤੰਤਰ ਵੱਖ ਹੋਣ ਰਾਹੀਂ ਹੀ ਉਹਦੀ ਬਰਾਬਰੀ **ਅਮਲ ਵਿਚ** ਪ੍ਰਗਟ ਹੋਈ ਅਤੇ ਸਿਧ ਹੋਈ (ਤੇ ਆਓ ਅਸੀਂ ਬਰੈਕਟਾਂ ਵਿਚ ਇਹ ਕਹਿ ਦਈਏ ਕਿ ਇਹ ਠੀਕ ਇਹੋ ਸੁਤੰਤਰ ਵੱਖ ਹੋਣਾ ਸੀ ਜਿਸਨੇ, ਅਧਿਕਾਰਾਂ ਦੀ ਬਰਾਬਰੀ ਉਤੇ ਆਧਾਰਤ, ਵਧੇਰੇ ਨੇੜਵੇਂ ਤੋਂ ਵਧੇਰੇ ਜਮਹੂਰੀ ਮੇਲ ਲਈ ਆਧਾਰ ਦੀ ਸਿਰਜਣਾ ਕੀਤੀ)। ਜਿੰਨਾਂ ਚਿਰ ਨਾਰਵੇ ਬਸ ਖ਼ੁਦ-ਅਖ਼ਤਿਆਰ ਸੀ, ਸਵੀਡਨੀ ਅਮੀਰ-ਸ਼ਾਹੀ ਨੂੰ **ਇਕ** ਵਾਧੂ ਵਿਸ਼ੇਸ਼ ਅਧਿਕਾਰ ਪ੍ਰਾਪਤ ਸੀ; ਅਤੇ ਇਹ ਵਿਸ਼ੇਸ਼-ਅਧਿਕਾਰ ਵੱਖ ਹੋਣ ਰਾਹੀਂ "ਘਟਿਆ" ਨਹੀਂ (ਸੁਧਾਰਵਾਦ ਦਾ ਸਾਰ

ਬੁਰਾਈ ਨੂੰ ਤਬਾਹ ਕਰਨਾ ਨਹੀਂ, ਇਹਨੂੰ **ਘਟਾਉਣਾ** ਹੈ), ਸਗੋਂ **ਪੂਰੀ ਤਰ੍ਹਾਂ ਦੂਰ ਕਰ ਦਿਤਾ ਗਿਆ** (ਪ੍ਰੋਗਰਾਮ ਦੇ ਇਨਕਲਾਬੀ ਖ਼ਾਸੇ ਦੀ ਮੁਖ ਕਸੌਟੀ)।

ਇਸੇ ਸੰਬੰਧ ਵਿਚ, ਇਹ ਯਾਦ ਰਹੇ ਕਿ ਸੁਧਾਰ ਵਜੋਂ, ਖ਼ੁਦ-ਅਖ਼ਤਿਆਰੀ, ਇਨਕਲਾਬੀ ਕਦਮ ਵਜੋਂ, ਵੱਖ ਹੋਣ ਦੀ ਆਜ਼ਾਦੀ ਤੋਂ ਵੱਖਰੀ ਹੁੰਦੀ ਹੈ। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ। ਪਰ ਜਿਹਾ ਕਿ ਹਰ ਇਕ ਜਾਣਦਾ ਹੈ, ਅਮਲ ਵਿਚ ਸੁਧਾਰ ਅਕਸਰ ਬਸ ਇਨਕਲਾਬ ਵੱਲ ਹੀ ਇਕ ਕਦਮ ਹੁੰਦਾ ਹੈ। ਇਹ ਠੀਕ ਖ਼ੁਦ-ਅਖ਼ਤਿਆਰੀ ਹੀ ਹੈ ਜਿਹੜੀ ਸੰਬੰਧਤ ਰਾਜ ਦੀਆਂ ਹੱਦਾਂ ਦੇ ਅੰਦਰ-ਅੰਦਰ ਜ਼ਬਰਦਸਤੀ ਰਖੀ ਹੋਈ ਕੌਮ ਨੂੰ ਆਪਣੇ ਆਪ ਨੂੰ ਨਿਸ਼ਚਿਤ ਤੌਰ ਉਤੇ ਇਕ ਕੌਮ ਦਾ ਰੂਪ ਦੇਣ, ਆਪਣੀਆਂ ਸ਼ਕਤੀਆਂ ਨੂੰ ਇਕੱਠਾ ਕਰਨ, ਹਾੜਣ-ਜੋਖਣ ਅਤੇ ਜਥੇਬੰਦ ਕਰਨ, ਅਤੇ ''ਨਾਰਵਿਜੀਅਨ'' ਜਜ਼ਬੇ ਅਨੁਸਾਰ... **ਐਲਾਨ-ਨਾਮੇ** ਲਈ ਅਤਿ ਯੋਗ ਘੜੀ ਚੁਣਨ ਦੇ ਯੋਗਾ ਬਣਾਉਂਦੀ ਹੈ: ਅਸੀਂ ਅਮਕੀ ਕੌਮ ਦੀ, ਜਾਂ ਅਮਕੇ ਇਲਾਕੇ ਦੀ ਖ਼ੁਦ-ਅਖ਼ਤਿਆਰ ਡਾਇਟ * ਐਲਾਨ ਕਰਦੇ ਹਾਂ ਕਿ ਸਭਨਾਂ ਰੂਸਾਂ ਦਾ ਸ਼ਹਿਨਸ਼ਾਹ ਪੋਲੈਂਡ ਦਾ ਬਾਦਸ਼ਾਹ ਨਹੀਂ ਰਿਹਾ, ਆਦਿ। ਇਸ ਉਤੇ ਆਮ ''ਇਤਰਾਜ਼'' ਇਹ ਹੈ ਕਿ ਅਜਿਹੇ ਸਵਾਲ ਐਲਾਨ-ਨਾਮਿਆਂ ਨਾਲ ਨਹੀਂ, ਜੰਗਾਂ ਰਾਹੀਂ ਨਜਿੱਠੇ ਜਾਂਦੇ ਹਨ। ਠੀਕ: ਹਾਲਤਾਂ ਦੀ ਵਿਸ਼ਾਲ ਬਹੁ-ਗਿਣਤੀ ਵਿਚ ਜੰਗਾਂ ਰਾਹੀਂ ਇਹਨਾਂ ਦਾ ਫ਼ੈਸਲਾ ਹੁੰਦਾ ਹੈ (ਜਿਵੇਂ, ਹਾਲਤਾਂ ਦੀ ਵਿਸ਼ਾਲ ਬਹੁ-ਗਿਣਤੀ ਵਿਚ, ਵੱਡੇ ਰਾਜਾਂ ਦੀ ਹਕੂਮਤ ਦੀ ਸ਼ਕਲ ਦੇ ਸਵਾਲ ਦਾ ਫ਼ੈਸਲਾ ਸਿਰਫ਼ ਜੰਗਾਂ ਤੇ ਇਨਕਲਾਬਾਂ ਰਾਹੀਂ ਹੁੰਦਾ ਹੈ)। ਪਰ ਇਹ ਸੋਚਣ ਨਾਲ ਕੋਈ ਨੁਕਸਾਨ ਨਹੀਂ ਪੁਜਣ ਲੱਗਾ ਕਿ ਇਨਕਲਾਬੀ ਪਾਰਟੀ ਦੇ ਰਾਜਸੀ ਪ੍ਰੋਗਰਾਮ ਉਤੇ **ਅਜਿਹਾ** ''ਇਤਰਾਜ਼'' ਮੰਤਕੀ ਹੈ ? ਕੀ ਅਸੀਂ ਉਸ **ਵਲੋਂ** ਜੋ ਪ੍ਰੋਲਤਾਰੀ ਲਈ ਨਿਆਈਂ ਅਤੇ ਲਾਭਦਾਇਕ ਹੈ, ਜਮਹੂਰੀਅਤ ਅਤੇ ਸੋਸ਼ਲਿਜ਼ਮ **ਵਲੋਂ** ਜੰਗਾਂ ਤੇ ਇਨਕਲਾਬਾਂ ਦੇ ਵਿਰੁਧ ਹਾਂ ?

''ਪਰ ਅਸੀਂ ਵੱਡੀਆਂ ਕੌਮਾਂ ਵਿਚਕਾਰ ਜੰਗ ਦੇ ਹੱਕ ਵਿਚ, ਸ਼ਾਇਦ ਇਕ ਜਾਂ ਦੋ ਕਰੋੜ ਦੀ ਵੱਸੋਂ ਵਾਲੀ ਇਕ ਛੋਟੀ ਕੌਮ ਦੀ ਅਨਿਸ਼ਚਿਤ ਬੰਦ-ਖ਼ਲਾਸੀ ਲਈ ਦੋ ਕਰੋੜ ਲੋਕਾਂ ਨੂੰ ਕਤਲ ਕਰਨ ਦੇ ਹੱਕ ਵਿਚ ਨਹੀਂ ਹੋ ਸਕਦੇ!'' ਨਹੀਂ, ਅਸੀਂ ਨਿਰਸੰਦੇਹ ਹੀ ਨਹੀਂ ਹੋ ਸਕਦੇ। ਅਤੇ ਇਸ ਲਈ ਨਹੀਂ ਕਿ ਅਸਾਂ ਪੂਰਨ ਕੌਮੀ ਬਰਾਬਰੀ ਨੂੰ ਆਪਣੇ ਪ੍ਰੋਗਰਾਮ ਵਿਚੋਂ ਕੱਢ ਦਿਤਾ ਹੈ, ਸਗੋਂ ਇਸ ਲਈ ਕਿ **ਇਕ** ਦੇਸ ਦੇ ਜਮਹੂਰੀ ਹਿਤ **ਬਹੁਤ ਸਾਰੇ ਅਤੇ ਸਭਨਾਂ** ਦੇਸਾਂ ਦੇ ਜਮਹੂਰੀ ਹਿਤਾਂ ਦੇ ਅਧੀਨ ਹੋਣੇ ਚਾਹੀਦੇ ਹਨ। ਆਓ ਫ਼ਰਜ਼ ਕਰੀਏ ਕਿ ਦੋ ਵੱਡੀਆਂ ਬਾਦਸ਼ਾਹੀਆਂ

---

* ਪਾਰਲੀਮੈਂਟ। — ਸੰਪਾ:

ਵਿਚਕਾਰ ਇਕ ਛੋਟੀ ਬਾਦਸ਼ਾਹੀ ਹੈ ਜਿਸਦਾ ਛੋਟਾ ਜਿਹਾ ਬਾਦਸ਼ਾਹ ਦੂਹਾਂ ਗੁਆਂਢੀ ਦੇਸਾਂ ਦੀਆਂ ਬਾਦਸ਼ਾਹੀਆਂ ਨਾਲ ਲਹੂ ਦੇ ਤੇ ਦੂਜੇ ਬੰਧਨਾਂ ਨਾਲ "ਬੱਝਾ" ਹੋਈਆ ਹੈ। ਆਓ ਹੋਰ ਫ਼ਰਜ਼ ਕਰੀਏ ਕਿ ਛੋਟੇ ਜਿਹੇ ਦੇਸ ਵਿਚ ਗਣ-ਰਾਜ ਦਾ ਐਲਾਨ ਅਤੇ **ਇਹਦੇ** ਬਾਦਸ਼ਾਹ ਦਾ ਕਢਿਆ ਜਾਣਾ ਅਮਲ ਵਿਚ ਛੋਟੇ ਜਿਹੇ ਦੇਸ ਵਿਚ ਉਸ ਜਾਂ ਕਿਸੇ ਹੋਰ ਬਾਦਸ਼ਾਹ ਦੀ ਬਹਾਲੀ ਲਈ ਦੋ ਗੁਆਂਢੀ ਵੱਡੇ ਦੇਸਾਂ ਵਿਚਕਾਰ ਜੰਗ ਦਾ ਕਾਰਨ ਬਣ ਸਕਦਾ ਹੈ। ਇਸ ਬਾਰੇ ਕੋਈ ਸ਼ੱਕ ਨਹੀਂ ਕਿ ਸਾਰੀ ਕੌਮਾਂਤਰੀ ਸੋਸ਼ਲ-ਡੈਮਕਰੇਸੀ, ਅਤੇ ਇਸ ਛੋਟੇ ਜਿਹੇ ਦੇਸ ਵਿਚ ਸੋਸ਼ਲ-ਡੈਮੋਕਰੇਸੀ ਦਾ ਅਸਲੋਂ ਹੀ ਕੌਮਾਂਤਰੀਵਾਦੀ ਭਾਗ, ਇਸ ਹਾਲਤ ਵਿਚ **ਬਾਦਸ਼ਾਹੀ ਦੀ ਥਾਂ ਗਣ-ਰਾਜ ਨੂੰ ਦੇਣ ਦੇ ਵਿਰੁਧ ਹੋਵੇਗਾ।** ਬਾਦਸ਼ਾਹੀ ਦੀ ਥਾਂ ਗਣ-ਰਾਜ ਨੂੰ ਦੇਣਾ ਨਿਰਪੇਖ ਨਹੀਂ, ਸਗੋਂ ਜਮਹੂਰੀ ਮੰਗਾਂ ਵਿਚੋਂ ਇਕ ਹੈ ਜੋ ਸਮੁੱਚੇ ਤੌਰ ਉਤੇ ਜਮਹੂਰੀਅਤ ਦੇ ਹਿਤਾਂ ਦੇ ਅਧੀਨ ਹੁੰਦੀ ਹੈ (ਅਤੇ, ਨਿਰਸੰਦੇਹ, ਇਸ ਤੋਂ ਵੀ ਵਧੇਰੇ, ਸੋਸ਼ਲਿਸਟ ਪ੍ਰੋਲਤਾਰੀ ਦੇ ਹਿਤਾਂ ਦੇ ਅਧੀਨ)। ਸੌ ਵਿਸਵੇ ਇਸ ਤਰ੍ਹਾਂ ਦਾ ਮਾਮਲਾ ਕਿਸੇ ਵੀ ਦੇਸ ਵਿਚ ਸੋਸ਼ਲ-ਡੈਮੋਕਰੈਟਾਂ ਵਿਚ ਅਤਿ ਤੁਛ ਜਿਹੇ ਮਤ-ਭੇਦ ਨੂੰ ਵੀ ਜਨਮ ਨਹੀਂ ਦੇਵੇਗਾ। ਪਰ ਜੇ ਕੋਈ ਸੋਸ਼ਲ-ਡੈਮੋਕਰੈਟ **ਇਹਨਾਂ** ਕਾਰਨਾਂ ਕਰਕੇ ਇਹ ਤਜਵੀਜ਼ ਪੇਸ਼ ਕਰੇ ਕਿ ਗਣ-ਰਾਜ ਦੀ ਮੰਗ ਨੂੰ ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਦੇ ਪ੍ਰੋਗਰਾਮ ਵਿਚੋਂ ਉਕਾ ਹੀ ਕੱਢ ਦਿਤਾ ਜਾਵੇ, ਤਾਂ ਉਹਨੂੰ ਜ਼ਰੂਰ ਹੀ ਮੂਰਖ ਸਮਝਿਆ ਜਾਵੇਗਾ। ਉਹਨੂੰ ਦਸਿਆ ਜਾਵੇਗਾ ਕਿ **ਖ਼ਾਸ** ਤੇ **ਆਮ** ਵਿਚਕਾਰ ਮੁਢਲੇ ਮੰਤਕੀ ਫ਼ਰਕ ਨੂੰ ਭੁਲਣਾ ਨਹੀਂ ਚਾਹੀਦਾ।

ਇਹ ਮਿਸਾਲ ਸਾਨੂੰ, ਕੁਝ ਵਖਰੇ ਕੋਣ ਤੋਂ ਕਿਰਤੀ ਸ਼੍ਰੇਣੀ ਦੀ **ਕੌਮਾਂਤਰੀਵਾਦੀ** ਸਿਖਿਆ ਦੇ ਸਵਾਲ ਤੱਕ ਲਿਜਾਂਦੀ ਹੈ। ਕੀ ਅਜਿਹੀ ਸਿਖਿਆ — ਜਿਸਦੀ ਲੋੜ ਅਤੇ ਅਤਿ ਜ਼ਰੂਰੀ ਮਹੱਤਤਾ ਬਾਰੇ ਜ਼ਿੱਮਰਵਾਲਡ ਖੱਬੇ ਪੱਖ ਵਿਚਕਾਰ ਰਾਏ ਦੇ ਫ਼ਰਕ ਕਿਆਸ ਵੀ ਨਹੀਂ ਕੀਤੇ ਜਾ ਸਕਦੇ — ਵੱਡੀਆਂ, ਜ਼ਾਲਮ ਕੌਮਾਂ ਵਿਚ ਅਤੇ ਛੋਟੀਆਂ, ਮਜ਼ਲੂਮ ਕੌਮਾਂ ਵਿਚ, ਅਲਹਾਕ ਕਰਨ ਵਾਲੀਆਂ ਕੌਮਾਂ ਵਿਚ ਅਤੇ ਜਿਨ੍ਹਾਂ ਦਾ ਅਲਹਾਕ ਕੀਤਾ ਗਿਆ ਹੈ ਉਹਨਾਂ ਕੌਮਾਂ ਵਿਚ **ਠੋਸ ਤੌਰ ਤੇ ਇਕ ਰੂਪ** ਹੋ ਸਕਦੀ ਹੈ ?

ਸਪਸ਼ਟ ਤੌਰ ਉਤੇ ਨਹੀਂ। ਹਰ ਠੋਸ ਸੂਰਤ ਵਿਚ, ਸਾਂਝੇ ਮਨੋਰਥ — ਪੂਰਨ ਬਰਾਬਰੀ, **ਸਭਨਾਂ** ਕੌਮਾਂ ਦਾ ਅਤਿ ਨੇੜਵਾਂ ਮੇਲ-ਜੋਲ ਅਤੇ ਪਿਛੋਂ ਜਾ ਕੇ **ਸਾਂਝ-ਭਿਆਲੀ** — ਦਾ ਪੰਧ ਉਸੇ ਤਰ੍ਹਾਂ ਹੀ ਨਿਰਸੰਦੇਹ ਵੱਖ ਵੱਖ ਰਾਹਾਂ ਦੁਆਰਾ ਹੈ, ਜਿਵੇਂ, ਆਓ ਕਹਿ ਲਈਏ, ਸੰਬੰਧਤ ਸਫ਼ੇ ਦੇ ਮਧ ਵਿਚ ਨੁਕਤੇ ਵੱਲ ਜਾਂਦਾ ਰਾਹ ਇਕ ਸਿਰੇ ਤੋਂ ਖੱਬੇ ਵੱਲ ਅਤੇ ਸਾਹਮਣੇ ਸਿਰੇ ਤੋਂ ਸੱਜੇ ਵੱਲ ਹੁੰਦਾ ਹੈ। ਜੇ ਕੋਈ ਸੋਸ਼ਲ-ਡੈਮੋਕਰੈਟ ਜਿਸਦਾ ਨਾਤਾ ਵੱਡੀ, ਜ਼ਾਲਮ, ਅਲਹਾਕ ਕਰਨ ਵਾਲੀ ਕੌਮ ਨਾਲ ਹੈ, ਇਕ ਛਿਣ ਲਈ, ਆਮ ਰੂਪ ਵਿਚ ਕੌਮਾਂ ਦੀ ਸਾਂਝ-ਭਿਆਲੀ ਦੀ ਹਮਾਇਤ ਕਰਦਿਆਂ, ਇਹ ਵੀ ਭੁਲ ਜਾਵੇ ਕਿ "ਉਹਦਾ" ਨਿਕੋਲਸ ਦੂਜਾ, "ਉਹਦਾ" ਵਿਲਹਲਮ, ਜਾਰਜ,

ਪ੍ਰਅੰਕਾਰੇ ਆਦਿ **ਵੀ** ਛੋਟੀਆਂ ਕੌਮਾਂ ਨਾਲ **ਸਾਂਝ-ਭਿਆਲੀ ਦੇ ਹੱਕ ਵਿਚ** ਹਨ (ਅਲਹਾਕਾਂ ਦੇ ਸਾਧਨ ਰਾਹੀਂ) — ਨਿਕੋਲਸ ਦੂਜਾ ਗਲੇਸ਼ੀਆ ਨਾਲ "ਸਾਂਝ-ਭਿਆਲੀ" ਲਈ, ਵਿਲਹਲਮ ਦੂਜਾ ਬੈਲਜੀਅਮ ਨਾਲ "ਸਾਂਝ-ਭਿਆਲੀ" ਲਈ, ਆਦਿ — ਤਾਂ ਅਜਿਹਾ ਸੋਸ਼ਲ-ਡੈਮੋਕਰੈਟ ਸਿਧਾਂਤ ਵਿਚ ਹਾਸੋ-ਹੀਣਾ ਸਿਧਾਂਤਵਾਦੀ ਅਤੇ ਅਮਲ ਵਿਚ ਸਾਮਰਾਜ ਦਾ ਹਾਮੀ ਹੋਵੇਗਾ।

ਜ਼ਾਲਮ ਦੇਸਾਂ ਦੇ ਕਾਮਿਆਂ ਦੀ ਕੌਮਾਂਤਰੀਵਾਦੀ ਸਿਖਿਆ ਸੰਬੰਧੀ, ਜ਼ੋਰ ਜ਼ਰੂਰੀ ਤੌਰ ਉਤੇ ਮਜ਼ਲੂਮ ਕੌਮਾਂ ਦੇ ਵੱਖ ਹੋਣ ਸੰਬੰਧੀ ਹਮਾਇਤ ਉਤੇ ਅਤੇ ਇਹਦੇ ਲਈ ਲੜਨ ਉਤੇ ਦੇਣਾ ਚਾਹੀਦਾ ਹੈ। ਇਸਤੋਂ ਬਿਨਾਂ ਕੋਈ ਕੌਮਾਂਤਰੀਵਾਦ **ਨਹੀਂ** ਹੋ ਸਕਦਾ। ਜਾਬਰ ਕੌਮ ਦੇ ਹਰ ਸੋਸ਼ਲ-ਡੈਮੋਕਰੈਟ ਨਾਲ, ਜਿਹੜਾ ਅਜਿਹਾ ਪ੍ਰਚਾਰ ਕਰਨੋਂ **ਨਾਬਰ** ਹੈ, ਸਾਮਰਾਜੀ ਅਤੇ ਬਦਮਾਸ਼ ਸਮਝ ਕੇ ਵਰਤਣਾ ਸਾਡਾ ਹੱਕ ਅਤੇ ਫ਼ਰਜ਼ ਹੈ। ਇਹ ਇਕ ਅੰਨਨ ਮੰਗ ਹੈ, ਭਾਵੇਂ ਸੋਸ਼ਲਿਜ਼ਮ ਦੇ ਲਾਗੂ ਹੋਣ ਤੋਂ ਪਹਿਲਾਂ ਵੱਖ ਹੋਣ ਦਾ **ਮੌਕਾ** ਸੰਭਵ ਅਤੇ "ਅਮਲ-ਯੋਗ" ਹਜ਼ਾਰ ਵਿਚੋਂ ਇਕ ਹੋਵੇ।

ਮਜ਼ਦੂਰਾਂ ਨੂੰ ਕੌਮੀ ਵਖਰੇਵਿਆਂ ਵੱਲ "ਬੇਪਰਵਾਹ" ਹੋਣਾ ਸਿਖਾਉਣਾ ਸਾਡਾ ਕਰਤੱਵ ਹੈ। ਇਸ ਬਾਰੇ ਕੋਈ ਸ਼ੱਕ ਨਹੀਂ। ਪਰ ਇਹ **ਅਲਹਾਕਵਾਦੀਆਂ** ਦੀ ਬੇਪਰਵਾਹੀ ਨਹੀਂ ਹੋਣੀ ਚਾਹੀਦੀ। ਜਾਬਰ ਕੌਮ ਦਾ ਜੀਅ ਇਸ ਵਲੋਂ "ਬੇਪਰਵਾਹ" ਹੋਣਾ ਚਾਹੀਦਾ ਹੈ ਕਿ ਛੋਟੀਆਂ ਕੌਮਾਂ **ਉਹਦੇ** ਰਾਜ ਨਾਲ ਸੰਬੰਧਤ ਹਨ ਜਾਂ **ਗੁਆਂਢੀ** ਰਾਜ ਨਾਲ ਜਾਂ, ਖ਼ੁਦ ਆਪਣੇ ਆਪ ਨਾਲ, ਜਿਵੇਂ ਕਿ ਉਹਨਾਂ ਦੀਆਂ ਹਮਦਰਦੀਆਂ ਹੋਣ। ਜੇ ਉਹ **ਇਸ** ਤਰ੍ਹਾਂ "ਬੇਪਰਵਾਹ" ਨਹੀਂ ਤਾਂ ਉਹ ਸੋਸ਼ਲ-ਡੈਮੋਕਰੈਟ **ਨਹੀਂ**। **ਕੌਮਾਂਤਰੀਵਾਦੀ** ਸੋਸ਼ਲ-ਡੈਮੋਕਰੈਟ ਹੋਣ ਲਈ ਖ਼ੁਦ ਆਪਣੀ ਹੀ ਕੌਮ ਬਾਰੇ **ਨਹੀਂ** ਸੋਚਣਾ ਚਾਹੀਦਾ, ਸਗੋਂ ਸਭਨਾਂ ਕੌਮਾਂ ਦੇ ਹਿਤਾਂ, ਉਹਨਾਂ ਦੀ ਆਮ ਸੁਤੰਤਰਤਾ ਅਤੇ ਬਰਾਬਰੀ ਨੂੰ, ਆਪਣੀ ਕੌਮ **ਤੋਂ ਉਤੇ** ਰਖਣਾ ਚਾਹੀਦਾ ਹੈ। "ਸਿਧਾਂਤ" ਵਿਚ ਹਰ ਕੋਈ ਇਸ ਨਾਲ ਸਹਿਮਤ ਹੈ, ਪਰ ਅਮਲ ਵਿਚ ਅਲਹਾਕਵਾਦੀ ਬੇਪਰਵਾਹੀ ਵਿਖਾਈ ਜਾਂਦੀ ਹੈ। ਸਾਰੀ ਬੁਰਾਈ ਦੀ ਜੜ੍ਹ ਇਸੇ ਵਿਚ ਹੈ।

**ਦੂਜੇ** ਹਥ, ਛੋਟੀ ਕੌਮ ਨਾਲ ਸੰਬੰਧਤ ਸੋਸ਼ਲ-ਡੈਮੋਕਰੈਟ ਆਪਣੀ ਐਜੀਟੇਸ਼ਨ ਵਿਚ ਸਾਡੇ ਆਮ ਸੂਤਰ: ਕੌਮਾਂ ਦੇ "ਸਵੈ-ਇਛਤ **ਏਕੇ**" ਦੇ **ਦੂਜੇ** ਸ਼ਬਦ ਉਤੇ ਜ਼ੋਰ ਦੇਵੇ। ਉਹ, ਕੌਮਾਂਤਰੀਵਾਦੀ ਵਜੋਂ ਆਪਣੇ ਫ਼ਰਜ਼ਾਂ ਦੀ ਉਲੰਘਣਾ ਕੀਤੇ ਬਿਨਾਂ, ਆਪਣੀ ਕੌਮ ਦੀ ਰਾਜਸੀ ਸੁਤੰਤਰਤਾ ਅਤੇ ਇਹਦੇ ਜਾਂ ਫਲਾਣੇ ਫਲਾਣੇ ਗੁਆਂਢੀ ਰਾਜ ਵਿਚ ਇਹਦੀ ਸ਼ਮੂਲੀਅਤ, **ਦੁਹਾਂ**, ਦੇ ਹੱਕ ਵਿਚ ਹੋ ਸਕਦਾ ਹੈ। ਪਰ ਸਭਨਾਂ ਹਾਲਤਾਂ ਵਿਚ ਉਹਨੂੰ ਛੋਟੀ-ਕੌਮ ਦੀ ਤੰਗਨਜ਼ਰੀ, ਵਖਵਾਦ ਅਤੇ ਵਵਰੇਵੇਂ **ਵਿਰੁਧ** ਲੜਨਾ ਚਾਹੀਦਾ ਹੈ, ਉਹਨੂੰ ਸਮੁੱਚੇ ਅਤੇ ਆਮ ਦੀ ਪ੍ਰਵਾਨਗੀ ਲਈ, ਖ਼ਾਸ ਦੇ ਹਿਤਾਂ ਨੂੰ ਆਮ ਦੇ ਹਿਤਾਂ ਦੇ ਅਧੀਨ ਰਖਣ ਲਈ ਲੜਨਾ ਚਾਹੀਦਾ ਹੈ।

ਲੋਕ ਜਿਨ੍ਹਾਂ ਨੇ ਇਸ ਸਵਾਲ ਦਾ ਪੂਰੀ ਤਰ੍ਹਾਂ ਅਧਿਅਨ ਨਹੀਂ ਕੀਤਾ, ਸਮਝਦੇ ਹਨ ਕਿ ਜ਼ਾਲਮ ਕੌਮਾਂ ਦੇ ਸੋਸ਼ਲ-ਡੈਮੋਕਰੈਟਾਂ ਲਈ "**ਵੱਖ ਹੋਣ** ਦੀ ਆਜ਼ਾਦੀ" ਉਤੇ ਜ਼ੋਰ ਦੇਣਾ "ਵਿਰੋਧ ਵਾਲੀ" ਗੱਲ ਹੈ, ਜਿਥੇ ਕਿ ਮਜ਼ਲੂਮ ਕੌਮਾਂ ਦੇ ਸੋਸ਼ਲ-ਡੈਮੋਕਰੈਟ "**ਏਕੇ** ਦੀ ਆਜ਼ਾਦੀ" ਉਤੇ ਜ਼ੋਰ ਦੇਂਦੇ ਹਨ। ਪਰ, ਥੋੜਾ ਜਿਹਾ ਸੋਚਣ ਨਾਲ ਹੀ ਦਿਸ ਪਵੇਗਾ ਕਿ **ਸੰਬੰਧਤ** ਸਥਿਤੀ ਤੋਂ ਕੌਮਾਂਤਰੀਵਾਦ ਅਤੇ ਕੌਮਾਂ ਦੀ ਸਾਂਝ-ਭਿਆਲੀ ਵੱਲ ਜਾਣ ਵਾਲਾ **ਦੂਜਾ** ਰਾਹ, ਨਿਸ਼ਾਨੇ ਵੱਲ ਜਾਣ ਵਾਲਾ ਦੂਜਾ ਰਾਹ ਕੋਈ ਨਹੀਂ, ਅਤੇ ਨਾ ਹੋ ਸਕਦਾ ਹੈ।

## ੯. ਕਾਊਟਸਕੀ ਨੂੰ ਏਂਗਲਜ਼ ਦਾ ਪੱਤਰ

ਆਪਣੇ ਪੈਂਫ਼ਲਟ "ਸੋਸ਼ਲਿਜ਼ਮ ਤੇ ਬਸਤੀਵਾਦੀ ਰਾਜਨੀਤੀ" (ਬਰਲਿਨ, ੧੯੦੭.) ਵਿਚ ਕਾਊਟਸਕੀ ਨੇ, ਜਿਹੜਾ ਉਦੋਂ ਮਾਰਕਸਵਾਦੀ ਸੀ, ਇਕ ਪੱਤਰ ਛਾਪਿਆ ਜੋ ਉਹਨੂੰ ਏਂਗਲਜ਼ ਨੇ ੧੨ ਸਤੰਬਰ ੧੮੮੨ ਨੂੰ ਲਿਖਿਆ ਸੀ ਜੋ ਬਹਿਸ-ਹੇਠਲੇ ਸਵਾਲ ਦੇ ਸੰਬੰਧ ਵਿਚ ਬਹੁਤ ਹੀ ਦਿਲਚਸਪ ਹੈ। ਅਸੀਂ ਉਸ ਪੱਤਰ ਦਾ ਮੁਖ ਹਿੱਸਾ ਇਥੇ ਦੇਂਦੇ ਹਾਂ।

"...ਮੇਰੀ ਰਾਏ ਵਿਚ ਖ਼ਾਸ ਬਸਤੀਆਂ, ਅਰਥਾਤ, ਉਹ ਦੇਸ ਜਿਥੇ ਯੂਰਪੀ ਵੱਸੋਂ ਦਾ ਕਬਜ਼ਾ ਹੈ—ਕੈਨੇਡਾ, ਕੇਪ *, ਆਸਟਰੇਲੀਆ—ਸਭ ਆਜ਼ਾਦ ਹੋ ਜਾਣਗੇ; ਦੂਜੇ ਹਥ, ਉਹ ਦੇਸ ਜਿਥੇ ਉਥੋਂ ਦੇ ਹੀ ਲੋਕ ਵਸਦੇ ਹਨ, ਜਿਨ੍ਹਾਂ ਨੂੰ ਬਸ ਅਧੀਨ ਕਰ ਲਿਆ ਗਿਆ ਹੈ—ਹਿੰਦੁਸਤਾਨ, ਅਲਜੇਰੀਆ, ਡੱਚ, ਪੁਰਤਗੇਜ਼ੀ ਤੇ ਸਪੇਨੀ ਕਬਜ਼ੇ ਹੇਠਲੇ ਇਲਾਕੇ—ਪ੍ਰੋਲਤਾਰੀ ਹਾਲ ਦੀ ਘੜੀ ਇਹਨਾਂ ਨੂੰ ਸੰਭਾਲਣ ਅਤੇ ਜਿੰਨੀ ਤੇਜ਼ ਤੋਂ ਤੇਜ਼ ਸੰਭਵ ਹੋਵੇ ਆਜ਼ਾਦੀ ਵੱਲ ਅਗਵਾਈ ਕਰਨ। ਇਹ ਅਮਲ ਕਿਵੇਂ ਵਿਕਸਤ ਹੋਵੇਗਾ, ਇਹ ਕਹਿਣਾ ਔਖਾ ਹੈ। ਹਿੰਦੁਸਤਾਨ ਸ਼ਾਇਦ, ਠੀਕ ਹੀ ਸੌ ਵਿਸਵੇ, ਇਨਕਲਾਬ **ਕਰੇ**, ਅਤੇ ਕਿਉਂਕਿ ਪ੍ਰੋਲਤਾਰੀ ਸਵੈ-ਮੁਕਤੀ ਦੇ ਅਮਲ ਵਿਚ ਕੋਈ ਬਸਤੀਵਾਦੀ ਜੰਗਾਂ ਨਹੀਂ ਲੜ ਸਕਦੇ, ਇਹਨਾਂ ਨੂੰ ਆਪਣਾ ਰਾਹ ਤੈ ਕਰਨ ਦੀ ਆਗਿਆ ਦੇਣੀ ਹੋਵੇਗੀ; ਇਹ ਸਭ ਕਿਸਮ ਦੀ ਤਬਾਹੀ ਤੋਂ ਬਿਨਾਂ, ਨਿਰਸੰਦੇਹ ਹੀ, ਨਹੀਂ ਲੰਘੇਗਾ, ਪਰ ਇਸ ਕਿਸਮ ਦੀ ਗੱਲ ਤਾਂ ਸਭਨਾਂ ਇਨਕਲਾਬਾਂ ਦਾ ਅਨਿਖੜਵਾਂ ਅੰਗ ਹੈ। ਹੋਰਨੀਂ ਥਾਈਂ ਵੀ ਇਹੋ ਵਾਪਰ ਸਕਦਾ ਹੈ, ਜਿਵੇਂ ਕਿ, ਅਲਜੇਰੀਆ ਅਤੇ ਮਿਸਰ ਵਿਚ, ਅਤੇ ਇਹ **ਸਾਡੇ ਲਈ** ਸਭ ਤੋਂ ਵਧੀਆ ਗੱਲ ਹੋਵੇਗੀ। ਸਾਡੇ ਲਈ ਘਰੇ ਕਰਨ ਨੂੰ ਕਾਫ਼ੀ ਕੁਝ ਹੋਵੇਗਾ। ਇਕ ਵਾਰ ਯੂਰਪ ਦੇ

---

* ਦਖਣੀ ਅਫ਼ਰੀਕਾ।—**ਸੰਪਾ:**

ਮੁੜ-ਜਥੇਬੰਦ ਹੋਣ ਦੀ ਹੈ, ਅਤੇ ਉਤਰੀ ਅਮਰੀਕਾ, ਜਿਹੜਾ ਅਜਿਹੀ ਧੜਵੈਲ ਸ਼ਕਤੀ ਅਤੇ ਅਜਿਹੀ ਉਦਾਹਰਣ ਪ੍ਰਾਪਤ ਕਰੇਗਾ ਕਿ ਅਧ-ਸਭਿਅ ਦੇਸ ਆਪਣੇ ਆਪ ਹੀ ਉਹਦੇ ਪਾਏ ਪੂਰਨਿਆਂ ਉਤੇ ਟੁਰਨ ਲਗਣਗੇ; ਆਰਥਕ ਲੋੜਾਂ, ਜੇ ਕੋਈ ਹੋਈਆਂ, ਉਹਨਾਂ ਬਾਰੇ ਸੋਚਿਆ ਜਾਵੇਗਾ। ਪਰ ਜਿਨ੍ਹਾਂ ਸਮਾਜਕ ਤੇ ਰਾਜਸੀ ਪੜਾਆਂ ਵਿਚੋਂ ਇਹਨਾਂ ਦੇਸਾਂ ਨੂੰ ਲੰਘਣਾ ਪਵੇਗਾ ਇਸਤੋਂ ਪਹਿਲਾਂ ਕਿ ਉਹ ਇਸੇ ਤਰ੍ਹਾਂ ਹੀ ਸੋਸ਼ਲਿਸਟ ਜਥੇਬੰਦੀ ਤੱਕ ਪਹੁੰਚਣ, ਮੇਰਾ ਖਿਆਲ ਹੈ ਅਜ ਅਸੀਂ ਬਸ ਕੁਝ-ਕੁਝ ਵਾਧੂ ਵਿਚਾਰ ਹੀ ਪੇਸ਼ ਕਰ ਸਕਦੇ ਹਾਂ। ਬਸ ਇਕੋ ਗੱਲ ਹੀ ਪੱਕੀ ਹੈ: **ਜੇਤੂ ਪ੍ਰੋਲਤਾਰੀ ਕਿਸੇ ਬਦੇਸੀ ਕੌਮ ਉਤੇ ਕਿਸੇ ਤਰ੍ਹਾਂ ਦੀਆਂ ਕੋਈ ਦਾਤਾਂ ਨੂੰ ਨਹੀਂ ਮੜ੍ਹ ਸਕਦੇ ਅਜਿਹਾ ਕਰਕੇ ਉਹ ਖ਼ੁਦ ਆਪਣੀ ਜਿੱਤ ਦੇ ਜੜ੍ਹੀਂ ਤੇਲ ਹੀ ਦੇਣਗੇ।** ਜੋ ਨਿਰਸੰਦੇਹ ਵੱਖ ਵੱਖ ਤਰ੍ਹਾਂ ਦੀਆਂ ਰਖਿਅਕ ਜੰਗਾਂ ਨੂੰ ਕਿਸੇ ਤਰ੍ਹਾਂ ਵੀ ਖ਼ਾਰਜ ਨਹੀਂ ਕਰਦਾ...।"

ਏਂਗਲਜ਼ ਉਕਾ ਹੀ ਇਹ ਫ਼ਰਜ਼ ਨਹੀਂ ਕਰਦਾ ਕਿ ਸਿਰਫ਼ "ਆਰਥਕ" ਯਤਨ ਹੀ ਸਭਨਾਂ ਮੁਸ਼ਕਲਾਂ ਨੂੰ ਸਿਧੇ ਤੌਰ ਤੇ ਦੂਰ ਕਰ ਦੇਣਗੇ। ਆਰਥਕ ਇਨਕਲਾਬ ਸੋਸ਼ਲਿਜ਼ਮ ਲਈ **ਜਤਨ ਕਰਨ** ਲਈ **ਸਭਨਾਂ** ਕੌਮਾਂ ਨੂੰ ਪ੍ਰੇਰਤ ਕਰੇਗਾ; **ਪਰ** ਇਹਦੇ ਨਾਲ ਹੀ ਇਨਕਲਾਬ—ਸੋਸ਼ਲਿਸਟ ਰਿਆਸਤ ਵਿਰੁਧ—ਅਤੇ ਜੰਗਾਂ ਸੰਭਵ ਹਨ। ਰਾਜਨੀਤੀ ਅਟੱਲ ਤੌਰ ਉਤੇ ਆਪਣੇ ਆਪ ਨੂੰ ਆਰਥਕਤਾ ਅਨੁਸਾਰ ਢਾਲ ਲਵੇਗੀ, ਪਰ ਤੁਰਤ ਹੀ ਤੇ ਸਵਾਹਰੀ ਤਰ੍ਹਾਂ ਨਹੀਂ, ਨਾ ਹੀ ਸਰਲ ਤਰ੍ਹਾਂ, ਨਾ ਹੀ ਸਿਧੇ ਤੌਰ ਉਤੇ। ਏਂਗਲਜ਼ ਸਿਰਫ਼ ਇਕ, ਉਕਾ ਹੀ ਕੌਮਾਂਤਰੀਵਾਦੀ, ਅਸੂਲ ਨੂੰ "ਯਕੀਨੀ" ਦਸਦਾ ਹੈ, ਅਤੇ ਇਹਨੂੰ ਉਹ **ਸਭਨਾਂ** "ਬਦੇਸੀ ਕੌਮਾਂ" ਉਤੇ ਲਾਗੂ ਕਰਦਾ ਹੈ, ਅਰਥਾਤ, ਸਿਰਫ਼ ਬਸਤੀਆਂ ਦੀਆਂ ਕੌਮਾਂ ਉਤੇ ਨਹੀਂ: ਉਹਨਾਂ ਉਤੇ ਦਾਤਾਂ ਮੜ੍ਹਨ ਦੇ ਅਰਥ ਹੋਣਗੇ ਪ੍ਰੋਲਤਾਰੀ ਦੀ ਜਿੱਤ ਦੇ ਜੜ੍ਹੀਂ ਤੇਲ ਦੇਣਾ।

ਪ੍ਰੋਲਤਾਰੀ ਭੁੱਲਾਂ ਅਤੇ ਕਮਜ਼ੋਰੀਆਂ ਤੋਂ ਕੇਵਲ ਇਸ ਤੱਥ ਕਾਰਨ ਹੀ ਪਵਿੱਤਰ ਅਤੇ ਮੁਕਤ ਨਹੀਂ ਹੋ ਸਕਦੇ ਕਿ ਇਹਨਾਂ ਨੇ ਸਮਾਜੀ ਇਨਕਲਾਬ ਸਿਰੇ ਚਾੜ੍ਹ ਲਿਆ ਹੈ। ਪਰ ਸੰਭਵ ਭੁੱਲਾਂ (ਅਤੇ ਸਵਾਰਥ-ਹਿਤ ਹੋਰਨਾਂ ਦੀ ਪਿੱਠ ਉਤੇ ਸਵਾਰ ਹੋਣ ਦੇ ਜਤਨ) ਅਟੱਲ ਤੌਰ ਉਤੇ ਇਹਦੇ ਸੱਚ ਨੂੰ ਸਲਾਹੁਣ ਦਾ ਕਾਰਨ ਬਣਨਗੀਆਂ।

ਸਾਡਾ, ਜ਼ਿੱਮਰਵਾਲਡ ਖੱਬੇ ਪੱਖ ਵਾਲਿਆਂ[107] ਸਭਨਾਂ ਦਾ ਨਿਸ਼ਚਾ ਵੀ ਉਹੋ ਹੈ ਜੋ, ਮਿਸਾਲ ਲਈ, ੧੯੧੪ ਵਿਚ ਅੰਧਰਾਸ਼ਟਰਵਾਦ ਦੀ ਰਖਿਆ ਲਈ ਮਾਰਕਸਵਾਦ ਨੂੰ ਤਿਆਗਣ ਤੋਂ ਪਹਿਲਾਂ ਕਾਊਟਸਕੀ ਦਾ ਸੀ, ਅਰਥਾਤ, ਕਿ ਸੋਸ਼ਲਿਸਟ ਇਨਕਲਾਬ **ਨੇੜੇ ਦੇ** ਭਵਿੱਖ ਵਿਚ ਹੀ ਬਿਲਕੁਲ ਸੰਭਵ ਹੈ—"ਕਿਸੇ ਵੀ ਦਿਨ", ਜਿਵੇਂ ਕਿ ਘਿਰਣਾ ਖ਼ੁਦ ਕਾਊਟਸਕੀ ਨੇ ਇਕ ਵਾਰ ਕਿਹਾ ਸੀ। ਕੌਮੀ ਨਫ਼ਰਤਾਂ ਇੰਨੀਂ ਛੇਤੀ ਅਲੋਪ ਨਹੀਂ ਹੋ ਜਾਣਗੀਆਂ: ਕਿਸੇ ਪਸਿਤੀ ਕੌਮ ਦੀ ਆਪਣੇ ਜਾਬਰ ਵੱਲ—ਤੇ ਪੂਰੀ ਤਰ੍ਹਾਂ ਜਾਇਜ਼ ਨਫ਼ਰਤ—ਕੁਝ ਚਿਰ **ਜਾਰੀ ਰਹੇਗੀ**; ਇਹ

ਤਾਂ ਸੋਸ਼ਲਿਜ਼ਮ ਦੀ ਜਿੱਤ **ਪਿਛੋਂ** ਹੀ ਅਤੇ ਕੌਮਾਂ ਵਿਚਕਾਰ ਪੂਰੇ ਤੌਰ ਉਤੇ ਜਮਹੂਰੀ ਸੰਬੰਧਾਂ ਦੇ ਕਾਇਮ ਹੋਣ **ਪਿਛੋਂ** ਹੀ ਅਲੋਪ ਹੋਵੇਗੀ। ਜੇ ਅਸੀਂ ਸੋਸ਼ਲਿਜ਼ਮ ਵੱਲ ਵਫ਼ਾਦਾਰ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਹੁਣ ਵੀ ਆਮ ਲੋਕਾਂ ਨੂੰ ਕੌਮਾਂਤਰੀਵਾਦ ਦੇ ਜਜ਼ਬੇ ਵਿਚ ਸੁਸਿਖਿਅਤ ਕਰਨਾ ਚਾਹੀਦਾ ਹੈ, ਜੋ ਪਸਿਤੀਆਂ ਕੌਮਾਂ ਲਈ ਵੱਖ ਹੋਣ ਦੀ ਆਜ਼ਾਦੀ ਦੀ ਹਮਾਇਤ ਕੀਤੇ ਬਿਨਾਂ ਜਾਬਰ ਕੌਮਾਂ ਵਿਚ ਅਸੰਭਵ ਹੈ।

ਜੁਲਾਈ ੧੯੧੬ ਵਿਚ ਲਿਖਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੩੦,
ਪੰਨੇ, ੩੭-੪੫ ਅਤੇ ੫੦-੫੧

# ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿਚਲੇ ਖੱਬੇ ਜ਼ਿੱਮਰਵਾਲਦਵਾਦੀਆਂ ਦੇ ਕਾਰਜ ਵਿਚੋਂ

## ੫. ਸਵਿਸ ਸੋਸ਼ਲ-ਡੈਮੋਕਰੈਟਾਂ ਦੇ ਕੌਮਾਂਤਰੀ ਕਰਤੱਵ

੨੭. ਤਾਂ ਜੁ ਕੌਮਾਂਤਰੀਵਾਦ ਸਵਿਸ ਸੋਸ਼ਲ-ਡੈਮੋਕਰੈਟਾਂ ਲਈ ਫੋਕੀ ਅਤੇ ਗ਼ੈਰ-ਪਾਬੰਦ ਲਫਾਜ਼ੀ ਨਾ ਬਣੀ ਰਹੇ — ਜਿਸ ਤੱਕ "ਵਿਚਾਲ-ਪੰਥ" ਦੇ ਅਨੁਆਈ, ਅਤੇ ਆਮ ਤੌਰ ਉਤੇ ਦੂਜੀ ਇੰਟਰਨੈਸ਼ਨਲ ਦੇ ਦੌਰ ਦੇ ਸੋਸ਼ਲ-ਡੈਮੋਕਰੈਟ ਹਮੇਸ਼ਾ ਆਪਣੇ ਆਪ ਨੂੰ ਸੀਮਤ ਰਖਦੇ ਹਨ — ਪਹਿਲੀ ਥਾਂ, ਬਦੇਸੀ ਅਤੇ ਸਵਿਸ ਮਜ਼ਦੂਰਾਂ ਨੂੰ ਸਾਂਝੀਆਂ ਯੂਨੀਅਨਾਂ ਵਿਚ ਇਕੱਠਿਆਂ ਕਰਦਿਆਂ ਉਹਨਾਂ ਦੀ ਜਥੇਬੰਦਕ ਨੇੜਤਾ ਲਈ, ਅਤੇ ਉਹਨਾਂ ਦੀ ਪੂਰਨ ਬਰਾਬਰੀ (ਸ਼ਹਿਰੀ ਅਤੇ ਰਾਜਨੀਤਕ) ਲਈ ਇਕਸਾਰ ਅਤੇ ਨਿਰੰਤਰ ਘੋਲ ਕਰਨਾ ਜ਼ਰੂਰੀ ਹੈ। ਸਵਿਟਜ਼ਰਲੈਂਡ ਵਿਚ ਸਾਮਰਾਜ ਦਾ ਵਿਸ਼ੇਸ਼ ਲੱਛਣ ਸਵਿਸ ਬੁਰਜੂਆਜ਼ੀ ਵਲੋਂ ਵੋਟ-ਹੀਣ ਬਦੇਸੀ ਮਜ਼ਦੂਰਾਂ ਦੀ ਵਧਦੀ ਲੁੱਟ ਹੀ ਹੈ, ਜਿਹੜੀ ਬੁਰਜੂਆਜ਼ੀ ਕਿ ਇਹਨਾਂ ਦੋ ਵਰਗਾਂ ਦੇ ਮਜ਼ਦੂਰਾਂ ਵਿਚਕਾਰ ਤਰੇੜ ਉਤੇ ਆਪਣੀਆਂ ਆਸਾਂ ਆਧਾਰਤ ਕਰਦੀ ਹੈ।

ਦੂਜੀ ਗੱਲ, ਸਵਿਟਜ਼ਰਲੈਂਡ ਦੇ ਜਰਮਨ, ਫ਼ਰਾਂਸੀਸੀ ਅਤੇ ਅਤਾਲਵੀ ਮਜ਼ਦੂਰਾਂ ਵਿਚਕਾਰ **ਇਕਮੁਠ ਕੌਮਾਂਤਰੀਵਾਦੀ** ਰੁਝਾਣ ਪੈਦਾ ਕਰਨ ਲਈ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ, ਜਿਹੜਾ ਰੁਝਾਣ ਕਿ ਕਿਰਤੀ ਲਹਿਰ ਵਿਚ ਸਾਰੀ **ਅਮਲੀ** ਸਰਗਰਮੀ ਵਿਚ ਸੱਚੀ ਏਕਤਾ ਲਈ ਰਾਹ ਬਣਾਏਗਾ, ਅਤੇ, ਉਨੇ ਹੀ ਸਿਰੜ ਨਾਲ ਅਤੇ ਅਸੂਲ ਅਨੁਸਾਰ, ਫ਼ਰਾਂਸੀਸੀ (ਲਾਤੀਨੀ ਸਵਿਟਜ਼ਰਲੈਂਡ ਵਿਚ), ਜਰਮਨ ਅਤੇ ਅਤਾਲਵੀ ਸਮਾਜੀ-ਦੇਸਭਗਤੀ ਦਾ ਮੁਕਾਬਲਾ ਕਰੇਗਾ। ਅਜੋਕੇ ਪ੍ਰੋਗਰਾਮ ਨੂੰ ਸਵਿਟਜ਼ਰਲੈਂਡ **ਦੀਆਂ ਤਿੰਨ ਦੀਆਂ ਤਿੰਨ** ਮੁਖ ਕੌਮੀਅਤਾਂ ਜਾਂ ਬੋਲੀਆਂ ਦੇ ਮਜ਼ਦੂਰਾਂ ਦੇ ਸਾਂਝੇ ਅਤੇ ਮਿਲਵੇਂ ਪ੍ਰੋਗਰਾਮ ਦਾ ਆਧਾਰ ਬਣਾਇਆ ਜਾਣਾ ਚਾਹੀਦਾ ਹੈ। ਜਿੰਨਾਂ ਚਿਰ ਤੱਕ ਸਵਿਟਜ਼ਰਲੈਂਡ ਦੀਆਂ ਸਾਰੀਆਂ ਕੌਮੀਅਤਾਂ ਨਾਲ ਸੰਬੰਧਤ ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਮਜ਼ਦੂਰ ਹਮਾਇਤੀ ਇਸ ਨਾਲ ਇਕਮੁਠ ਨਹੀਂ ਕੀਤੇ ਜਾਂਦੇ, ਕੌਮਾਂਤਰੀਵਾਦ ਇਕ ਬੇਕਾਰ ਲਫ਼ਜ਼ ਬਣਿਆ ਰਹੇਗਾ।

ਇਸ ਰਲਣ-ਮਿਲਣ ਨੂੰ ਅਮਲ ਵਿਚ ਲਿਆਉਣ ਲਈ, ਸਾਰੇ ਸੋਸ਼ਲ-ਡੈਮੋਕਰੈਟਿਕ

ਅਖ਼ਬਾਰਾਂ ਦੇ (ਅਤੇ ਮਜ਼ਦੂਰਾਂ ਦੀਆਂ, ਦਫ਼ਤਰੀ ਕਰਮਚਾਰੀਆਂ ਆਦਿ ਦੀਆਂ ਟਰੇਡ ਯੂਨੀਅਨਾਂ ਵਲੋਂ ਛਾਪੇ ਜਾਂਦੇ ਸਾਰੇ ਰਸਾਲਿਆਂ ਦੇ) ਜ਼ਮੀਮੇ ਪ੍ਰਕਾਸ਼ਤ ਕਰਨੇ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ (ਭਾਵੇਂ ਇਹ ਸ਼ੁਰੂ ਸ਼ੁਰੂ ਵਿਚ ਸਪਤਾਹਕ (ਮਾਸਕ) ਅਤੇ ਸਿਰਫ਼ ਦੋ ਪੰਨਿਆਂ ਦੇ ਹੀ ਹੋਣ)। ਇਹ ਜ਼ਮੀਮੇ **ਤਿੰਨ ਬੋਲੀਆਂ ਵਿਚ** ਪ੍ਰਕਾਸ਼ਤ ਹੋਣੇ ਚਾਹੀਦੇ ਹਨ ਅਤੇ ਅਜੋਕੀਆਂ ਰਾਜਸੀ ਘਟਨਾਵਾਂ ਦੀ ਰੋਸ਼ਨੀ ਵਿਚ ਉਹਨਾਂ ਨੂੰ ਅਜੋਕਾ ਪ੍ਰੋਗਰਾਮ ਸਮਝਾਉਣਾ ਚਾਹੀਦਾ ਹੈ।

੨੮. ਸਵਿਸ ਸੋਸ਼ਲ-ਡੈਮੋਕਰੈਟਾਂ ਨੂੰ ਹੋਰ ਸਾਰੀਆਂ ਸੋਸ਼ਲਿਸਟ ਪਾਰਟੀਆਂ ਵਿਚ **ਸਿਰਫ਼** ਇਨਕਲਾਬੀ-ਕੌਮਾਂਤਰੀਵਾਦੀ ਸ਼ਕਤੀਆਂ ਦੀ ਹਮਾਇਤ ਕਰਨੀ ਚਾਹੀਦੀ ਹੈ, ਜਿਹੜੀਆਂ ਸ਼ਕਤੀਆਂ ਜ਼ਿੱਮਰਵਾਲਡ ਖੱਬੇ ਧੜੇ ਨੂੰ ਪ੍ਰਵਾਨ ਕਰਦੀਆਂ ਹਨ। ਇਹ ਹਮਾਇਤ ਲੱਫ਼ਜ਼ੀ ਨਹੀਂ ਰਹਿਣੀ ਚਾਹੀਦੀ। ਜਰਮਨੀ, ਫ਼ਰਾਂਸ ਅਤੇ ਇਟਲੀ ਵਿਚ **ਗੁਪਤ** ਤੌਰ ਉਤੇ ਜਾਰੀ ਕੀਤੇ ਗਏ ਸਰਕਾਰ-ਵਿਰੋਧੀ ਮੈਨੀਫ਼ੈਸਟੋ ਸਵਿਟਜ਼ਰਲੈਂਡ ਵਿਚ ਮੁੜ-ਛਾਪਣਾ, ਉਹਨਾਂ ਦਾ ਤਿੰਨਾਂ ਦੀਆਂ ਤਿੰਨਾਂ ਬੋਲੀਆਂ ਵਿਚ ਅਨੁਵਾਦ ਕਰਨਾ ਅਤੇ ਉਹਨਾਂ ਨੂੰ ਸਵਿਟਜ਼ਰਲੈਂਡ ਅਤੇ ਸਾਰੇ ਗੁਆਂਢੀ ਦੇਸਾਂ ਦੇ ਮਜ਼ਦੂਰਾਂ ਵਿਚ ਵੰਡਣਾ ਖ਼ਾਸ ਤੌਰ ਉਤੇ ਮਹੱਤਵਪੂਰਨ ਹੈ।

੨੯. ਬਰਨ ਕਾਂਗਰਸ (ਫ਼ਰਵਰੀ, ੧੯੧੭) ਵਿਚ ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਨੂੰ ਨਾ ਸਿਰਫ਼ ਕੈਂਥਲ ਕਾਨਫ਼ਰੰਸ[108] ਦੇ ਫ਼ੈਸਲੇ ਬਿਨਾਂ ਰੱਖ-ਰਖਾਅ ਦੇ ਮੰਨ ਲੈਣੇ ਚਾਹੀਦੇ ਹਨ, ਸਗੋਂ ਮੌਕਾਪ੍ਰਸਤੀ ਅਤੇ ਸਮਾਜੀ-ਦੇਸਭਗਤੀ, ਜੋ ਕਿ ਸੋਸ਼ਲਿਜ਼ਮ ਦੇ ਹਿਤਾਂ ਦੇ ਪੱਕੇ ਵਿਰੋਧੀ ਹਨ, ਦੇ ਉਸ ਆਸਰੇ, ਹੇਗ ਨੇ L. S. B.[109] (ਕੌਮਾਂਤਰੀ ਸੋਸ਼ਲਿਸਟ ਬਿਊਰੋ) ਨਾਲ ਤੁਰਤ ਅਤੇ ਪੂਰਨ ਜਥੇਬੰਦਕ ਤੋੜ-ਵਿਛੋੜੇ ਦੀ ਮੰਗ ਵੀ ਕਰਨੀ ਚਾਹੀਦੀ ਹੈ।

੩੦. ਉੱਨਤ ਯੂਰਪੀ ਦੇਸਾਂ ਦੀ ਮਜ਼ਦੂਰ ਲਹਿਰ ਦੀਆਂ ਘਟਨਾਵਾਂ ਨਾਲ ਸੰਪਰਕ ਰਖਣ ਲਈ ਅਤੇ ਇਸਦੇ ਇਨਕਲਾਬੀ ਅੰਸ਼ਾਂ ਨੂੰ ਇਕਮੁਠ ਕਰਨ ਲਈ ਸਵਿਟਜ਼ਰਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਖ਼ਾਸ ਤੌਰ ਉਤੇ ਢੁਕਵੀਂ ਅਵਸਥਾ ਵਿਚ ਹੈ। ਇਸ ਲਈ, ਪਾਰਟੀ ਨੂੰ ਚੁੱਪ ਕਰਕੇ ਉਡੀਕ ਨਹੀਂ ਕਰਨੀ ਚਾਹੀਦੀ ਕਿ ਉਸ ਲਹਿਰ ਦੇ ਅੰਦਰ ਘੋਲ ਵਧ ਲਵੇ, ਸਗੋਂ ਉਸ ਘੋਲ ਦੇ **ਅੱਗੇ ਅੱਗੇ ਰਹਿ ਕੇ ਚਲਣਾ** ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ, ਇਸਨੂੰ ਜ਼ਿੱਮਰਵਾਲਡ ਦੇ ਖੱਬੇ ਧੜੇ ਦੇ ਪਿਛੇ ਚਲਣਾ ਚਾਹੀਦਾ ਹੈ, ਜਿਸਦੇ ਠੀਕ ਹੋਣ ਨੂੰ ਜਰਮਨੀ, ਫ਼ਰਾਂਸ, ਇੰਗਲੈਂਡ ਅਤੇ ਅਮਰੀਕਾ ਦੀਆਂ, ਅਤੇ ਆਮ ਤੌਰ ਉਤੇ ਸਾਰੇ ਸਭਯ ਦੇਸਾਂ ਦੀਆਂ ਸੋਸ਼ਲਿਸਟ ਲਹਿਰਾਂ ਦੀਆਂ ਘਟਨਾਵਾਂ ਵੀ ਹੁਣ ਹਰ ਰੋਜ਼ ਵਧੇਰੇ ਸਪਸ਼ਟਤਾ ਨਾਲ ਸਿਧ ਕਰ ਰਹਿਆਂ ਹਨ।

੧੯੧੬ ਦੇ ਅਕਤੂਬਰ ਦੇ ਅਖੀਰ ਅਤੇ ਨਵੰਬਰ ਦੇ ਸ਼ੁਰੂ ਵਿਚ ਲਿਖਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੩੦, ਪੰਨੇ ੨੦੬-੨੦੮

# ਯੁਵਕ ਇੰਟਰਨੈਸ਼ਨਲ
# ਰੀਵੀਊ

ਉਪ੍ਰੋਕਤ ਨਾਂ ਵਾਲੀ ਜਰਮਨ ਬੋਲੀ ਵਿਚ ਪ੍ਰਕਾਸ਼ਨਾ ੧ ਸਤੰਬਰ, ੧੯੧੫ ਤੋਂ ਲੈ ਕੇ ਸਵਿਟਜ਼ਰਲੈਂਡ ਵਿਚ ਛਪਦੀ ਰਹੀ ਹੈ। ਇਸਦਾ ਉਪਨਾਮ ਹੈ: "ਸੋਸ਼ਲਿਸਟ ਯੁਵਕ ਜਥੇਬੰਦੀਆਂ ਦੀ ਕੌਮਾਂਤਰੀ ਲੀਗ ਦਾ ਜੁਝਾਰ ਅਤੇ ਪ੍ਰਚਾਰ ਰਸਾਲਾ।" ਹੁਣ ਤੱਕ ਕੁੱਲ ਮਿਲਾ ਕੇ ਛੇ ਅੰਕ ਨਿਕਲੇ ਹਨ। ਇਹ ਰਸਾਲਾ ਸਾਡੇ ਧਿਆਨ ਦਾ ਹੱਕਦਾਰ ਹੈ ਅਤੇ ਇਸਦੀ ਉਹਨਾਂ ਸਾਰੇ ਪਾਰਟੀ ਮੈਂਬਰਾਂ ਨੂੰ ਜ਼ੋਰਦਾਰ ਸਫ਼ਾਰਸ਼ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਬਦੇਸੀ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਅਤੇ ਯੁਵਕ ਜਥੇਬੰਦੀਆਂ ਨਾਲ ਸੰਬੰਧ ਕਾਇਮ ਕਰਨ ਦੀ ਅਵਸਥਾ ਵਿਚ ਹਨ।

ਅਜ ਅਧਿਕਾਰਿਤ ਯੂਰਪੀ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਵਿਚੋਂ ਵਧੇਰੇ ਗੰਦੇ ਤੋਂ ਗੰਦੇ ਅਤੇ ਬੁਰੇ ਤੋਂ ਬੁਰੇ ਸਮਾਜੀ-ਅੰਧਰਾਸ਼ਟਰਵਾਦ ਅਤੇ ਮੌਕਾਪ੍ਰਸਤੀ ਦਾ ਦ੍ਰਿਸ਼ਟੀਕੋਣ ਅਪਣਾਉਂਦੀਆਂ ਹਨ। ਇਹ ਗੱਲ ਜਰਮਨ ਅਤੇ ਫ਼ਰਾਂਸੀਸੀ ਪਾਰਟੀਆਂ, ਇੰਗਲੈਂਡ ਦੀ ਫ਼ੇਬੀਅਨ ਸੁਸਾਇਟੀ ਅਤੇ ਲੇਬਰ ਪਾਰਟੀ[110], ਸਵੀਡਿਸ਼, ਡੱਚ (ਤਰੂਲਸਤਰਾ ਦੀ ਪਾਰਟੀ), ਡੇਨਿਸ਼, ਆਸਟਰੀਅਨ ਪਾਰਟੀਆਂ ਆਦਿ ਉਤੇ ਢੁਕਦੀ ਹੈ। ਸਵਿਸ ਪਾਰਟੀ ਵਿਚ ਅਤਿ ਦੇ ਮੌਕਾਪ੍ਰਸਤਾਂ ਦੇ ਨਿਕਲ ਜਾਣ ਦੇ ਬਾਵਜੂਦ (ਮਜ਼ਦੂਰ ਲਹਿਰ ਨੂੰ ਇਸ ਤੋਂ ਅਤਿਅੰਤ ਲਾਭ ਹੋਇਆ ਹੈ), ਜਿਹੜੇ ਹੁਣ **ਗੈਰ**-ਪਾਰਟੀ "ਗਰੂਤਲੀ-ਫ਼ੇਰਾਈਨ"[111] ਵਿਚ ਜਥੇਬੰਦ ਹਨ, ਅਜੇ ਵੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਅੰਦਰ ਅਣਗਿਣਤ ਮੌਕਾਪ੍ਰਸਤ, ਸਮਾਜੀ-ਅੰਧਰਾਸ਼ਟਰਵਾਦੀ ਅਤੇ ਕਾਊਟਸਕੀਵਾਦੀ ਆਗੂ ਹਨ ਜਿਹੜੇ ਪਾਰਟੀ ਦੇ ਮਾਮਲਿਆਂ ਉਤੇ **ਬੇਹੱਦ** ਅਸਰ ਪਾਉਂਦੇ ਹਨ।

ਯੂਰਪ ਵਿਚ ਹਾਲਤ ਅਜਿਹੀ ਹੋਣ ਕਾਰਨ, ਇਨਕਲਾਬੀ ਕੌਮਾਂਤਰੀਵਾਦ **ਲਈ**, ਸੱਚੇ ਸੋਸ਼ਲਿਜ਼ਮ **ਲਈ** ਅਤੇ ਪ੍ਰਚਲਿਤ ਮੌਕਾਪ੍ਰਸਤੀ ਦੇ ਖ਼ਿਲਾਫ਼, ਜਿਹੜੀ ਗੱਦਾਰੀ ਕਰਕੇ ਸਾਮਰਾਜੀ ਬੁਰਜੂਆਜ਼ੀ ਵੱਲ ਚਲੀ ਗਈ ਹੈ, ਲੜਨ ਦਾ ਬੇਹੱਦ ਵੱਡਾ, ਸਵੀਕਾਰ ਕਰਨ ਯੋਗ ਪਰ ਔਖਾ ਕੰਮ ਸੋਸ਼ਲਿਸਟ ਯੁਵਕ ਜਥੇਬੰਦੀਆਂ ਦੀ ਲੀਗ ਉਤੇ ਆ ਪੈਂਦਾ ਹੈ। "ਯੁਵਕ ਇੰਟਰਨੈਸ਼ਨਲ" ਨੇ ਇਨਕਲਾਬੀ ਕੌਮਾਂਤਰੀਵਾਦ ਦੀ

ਰਾਖੀ ਵਿਚ ਕਈ ਚੰਗੇ ਲੇਖ ਛਾਪੇ ਹਨ, ਅਤੇ ਰਸਾਲਾ ਸਮੁੱਚੇ ਤੌਰ ਉਤੇ ਸੋਸ਼ਲਿਜ਼ਮ ਨਾਲ ਗ਼ੱਦਾਰੀ ਕਰਨ ਵਾਲਿਆਂ ਲਈ, ਅਜੋਕੀ ਜੰਗ ਵਿਚ "ਪਿਤਰੀ-ਭੂਮੀ ਦੇ ਰਾਖਿਆਂ" ਵਾਲਿਆਂ ਲਈ ਤੀਖਨ ਨਫ਼ਰਤ ਦੀ ਭਾਵਨਾ ਨਾਲ, ਅਤੇ ਕੌਮਾਂਤਰੀ ਮਜ਼ਦੂਰ ਲਹਿਰ ਵਿਚੋਂ ਅੰਧਰਾਸ਼ਟਰਵਾਦ ਅਤੇ ਮੌਕਾਪ੍ਰਸਤੀ ਦੇ ਢਾਹ ਲਾਉਂਦੇ ਪ੍ਰਭਾਵ ਨੂੰ ਖ਼ਤਮ ਕਰ ਦੇਣ ਦੀ ਤੀਬਰ ਇੱਛਾ ਨਾਲ ਭਰਿਆ ਪਿਆ ਹੈ।

ਬੇਸ਼ਕ, ਯੁਵਕ ਰਸਾਲੇ ਵਿਚ **ਅਜੇ ਵੀ** ਸਿਧਾਂਤਕ ਸਪਸ਼ਟਤਾ ਅਤੇ ਇਕਸਾਰਤਾ ਦੀ ਘਾਟ ਹੈ। ਸ਼ਾਇਦ ਇਹ ਇਹਨਾਂ ਗੱਲਾਂ ਨੂੰ ਕਦੀ ਵੀ ਪ੍ਰਾਪਤ ਨਾ ਕਰ ਸਕੇ, ਕਿਉਂਕਿ ਇਹ ਉਬਲਦੀ, ਠਾਠਾਂ ਮਾਰਦੀ ਅਤੇ ਘੋਖੀ ਜਵਾਨੀ ਦਾ ਰਸਾਲਾ ਹੈ। ਪਰ **ਇਹੋ ਜਿਹੇ** ਲੋਕਾਂ ਦੀ ਸਿਧਾਂਤਕ ਸਪਸ਼ਟਤਾ ਦੀ ਘਾਟ ਵੱਲ ਸਾਡਾ ਵਤੀਰਾ ਸਾਡੇ ਉਸ ਵਤੀਰੇ ਨਾਲੋਂ ਬਿਲਕੁਲ ਵੱਖਰਾ ਹੋਣਾ ਚਾਹੀਦਾ ਹੈ, ਜਿਹੜਾ ਸਾਡੇ "ਜਥੇਬੰਦਕ-ਕਮੇਟੀ-ਵਾਦੀਆਂ", "ਸੋਸ਼ਲਿਸਟ-ਇਨਕਲਾਬੀਆਂ," ਟਾਲਸਟਾਈਵਾਦੀਆਂ [112], ਅਰਾਜਕਤਾਵਾਦੀਆਂ, ਯੂਰਪੀ ਕਾਊਟਸਕੀਵਾਦੀਆਂ ("ਵਿਚਾਲ-ਪੰਥ") ਆਦਿ ਦੇ ਦਿਮਾਗ਼ਾਂ ਦੇ ਸਿਧਾਂਤਕ ਘਚੋਲੇ, ਅਤੇ ਦਿਲਾਂ ਦੇ ਇਨਕਲਾਬੀ ਸਿਰੜ ਦੀ ਘਾਟ ਵੱਲ ਹੈ ਅਤੇ ਹੋਣਾ ਚਾਹੀਦਾ ਹੈ। ਅਜਿਹੇ ਬਾਲਗ਼, ਜਿਹੜੇ ਪ੍ਰੋਲਤਾਰੀ ਨੂੰ ਸਿਖਿਆ ਦੇਣ ਦਾ ਅਤੇ ਉਹਨਾਂ ਦੀ ਅਗਵਾਈ ਕਰਨ ਦਾ ਦਾਅਵਾ ਕਰਦੇ ਹਨ, ਪਰ ਅਸਲ ਵਿਚ ਉਹਨਾਂ ਨੂੰ ਕੁਰਾਹੇ ਪਾਉਂਦੇ ਹਨ; ਇਕ ਗੱਲ ਹਨ: ਇਹੋ ਜਿਹੇ ਲੋਕਾਂ ਦੇ ਖ਼ਿਲਾਫ਼ **ਬੇਕਿਰਕ** ਘੋਲ ਚਲਾਇਆ ਜਾਣਾ ਚਾਹੀਦਾ ਹੈ। ਪਰ **ਨੌਜਵਾਨਾਂ** ਦੀਆਂ ਜਥੇਬੰਦੀਆਂ, ਜਿਹੜੇ ਖੁਲ੍ਹਮ-ਖੁਲ੍ਹਾ ਐਲਾਨ ਕਰਦੇ ਹਨ ਕਿ ਉਹ ਅਜੇ ਸਿਖ ਰਹੇ ਹਨ, ਕਿ ਉਹਨਾਂ ਦਾ ਮੁਖ ਕੰਮ ਸੋਸ਼ਲਿਸਟ ਪਾਰਟੀਆਂ ਲਈ ਪਾਰਟੀ ਕਾਰਕੁਨਾਂ ਨੂੰ ਸਿਖਲਾਈ ਦੇਣਾ ਹੈ, ਬਿਲਕੁਲ ਦੂਜੀ ਗੱਲ ਹਨ। ਇਹੋ ਜਿਹੇ ਲੋਕਾਂ ਨੂੰ ਹਰ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ। ਸਾਨੂੰ ਉਹਨਾਂ ਦੇ ਨੁਕਸਾਂ ਵੱਲ ਸਹਿਨਸ਼ੀਲ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਹੌਲੀ ਹੌਲੀ, ਮੁਖ ਤੌਰ ਉਤੇ **ਦਲੀਲ ਨਾਲ** ਮਨਾ ਕੇ, ਨਾ ਕਿ ਉਹਨਾਂ ਨਾਲ ਲੜ ਕੇ, ਠੀਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦਾ ਹੈ। ਅਧ-ਖੜ ਉਮਰ ਦਿਆਂ ਅਤੇ ਬੁਢਿਆਂ ਨੂੰ ਅਕਸਰ **ਪਤਾ ਨਹੀਂ ਹੁੰਦਾ** ਕਿ ਨੌਜਵਾਨਾਂ ਵੱਲ ਕੀ ਪਹੁੰਚ ਰੱਖਣੀ ਹੈ, ਕਿਉਂਕਿ ਨੌਜਵਾਨਾਂ ਨੂੰ ਲਾਜ਼ਮੀ ਤੌਰ ਉਤੇ ਸੋਸ਼ਲਿਜ਼ਮ ਵੱਲ ਆਪਣੇ ਪਿੱਤਰਾਂ ਨਾਲੋਂ **ਵੱਖਰੇ** ਤਰੀਕੇ ਨਾਲ, **ਦੂਜੇ** ਰਾਹਾਂ ਰਾਹੀਂ, **ਦੂਜੇ ਰੂਪਾਂ ਵਿਚ**, **ਦੂਜੀਆਂ** ਹਾਲਤਾਂ ਵਿਚ ਵਧਣਾ ਚਾਹੀਦਾ ਹੈ। ਉਂਞ ਇਹੀ ਕਾਰਨ ਹੈ ਕਿ ਸਾਨੂੰ ਨਿਸ਼ਚਿਤ ਤੌਰ ਉਤੇ ਯੁਵਕ ਲੀਗ ਦੀ **ਜਥੇਬੰਦਕ ਸਵੈਧੀਨਤਾ** ਦਾ ਪੱਖ ਲੈਣਾ ਚਾਹੀਦਾ ਹੈ, **ਸਿਰਫ਼ ਇਸ ਲਈ ਨਹੀਂ** ਕਿ ਮੌਕਾਪ੍ਰਸਤ ਇਹੋ ਜਿਹੀ ਸਵੈਧੀਨਤਾ ਤੋਂ ਡਰਦੇ ਹਨ, ਸਗੋਂ ਇਸ ਮਾਮਲੇ ਦੇ ਐਨ ਖ਼ਾਸੇ ਕਾਰਨ ਹੀ। ਕਿਉਂਕਿ ਜਿੰਨਾਂ ਚਿਰ ਉਹਨਾਂ ਨੂੰ ਪੂਰਨ ਸਵੈਧੀਨਤਾ ਨਹੀਂ ਮਿਲਦੀ, ਨੌਜਵਾਨ ਆਪਣੇ ਵਿਚਕਾਰੋਂ ਚੰਗੇ

ਸੋਸ਼ਲਿਸਟਾਂ ਨੂੰ ਸਿਖਲਾਉਣ ਵਿਚ ਵੀ ਅਤੇ ਸੋਸ਼ਲਿਜ਼ਮ ਨੂੰ **ਅੱਗੇ** ਲਿਜਾਣ ਲਈ ਆਪਣੇ ਆਪ ਨੂੰ ਤਿਆਰ ਕਰਨ ਵਿਚ ਵੀ **ਅਸਮਰਥ** ਰਹਿਣਗੇ।

ਅਸੀਂ ਯੁਵਕ ਲੀਗਾਂ ਦੀ ਪੂਰਨ ਸਵੈਧੀਨਤਾ ਦੇ ਹੱਕ ਵਿਚ ਹਾਂ, ਪਰ ਉਹਨਾਂ ਦੀਆਂ ਗ਼ਲਤੀਆਂ ਦੀ ਸਾਥੀਆਂ ਵਾਲੀ ਪੜਚੋਲ ਦੀ ਪੂਰਨ ਆਜ਼ਾਦੀ ਦੇ ਵੀ ਹੱਕ ਵਿਚ ਹਾਂ! ਸਾਨੂੰ ਨੌਜਵਾਨਾਂ ਦੀ ਚਾਪਲੂਸੀ ਨਹੀਂ ਕਰਨੀ ਚਾਹੀਦੀ।

ਇਸ ਸ਼ਾਨਦਾਰ ਰਸਾਲੇ ਵਿਚ ਇਸਦੀਆਂ ਗ਼ਲਤੀਆਂ ਵਿਚੋਂ, ਸਭ ਤੋਂ ਪਹਿਲਾਂ ਹੇਠਲੀਆਂ ਤਿੰਨ ਗ਼ਲਤੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ:

(੧) ਨਿਸ਼ਸਤ੍ਰੀਕਰਨ (ਜਾਂ "ਹਥਿਆਰ ਖੋਹਣ") ਦੇ ਸਵਾਲ ਉਤੇ ਗ਼ਲਤ ਪੁਜ਼ੀਸ਼ਨ, ਜਿਸਦੀ ਅਸੀਂ ਪਹਿਲਾਂ ਇਕ ਲੇਖ[113] ਵਿਚ ਪੜਚੋਲ ਕੀਤੀ ਸੀ। ਇਹ ਵਿਸ਼ਵਾਸ ਕਰਨ ਲਈ ਆਧਾਰ ਹੈ, ਕਿ ਇਹ ਗ਼ਲਤੀ ਪੂਰੀ ਤਰ੍ਹਾਂ "ਸੈਨਾਵਾਦ ਦੇ ਪੂਰਨ ਖ਼ਾਤਮੇ" ਲਈ ਯਤਨ ਕਰਨ ਦੀ ਲੋੜ ਉਤੇ ਜ਼ੋਰ ਦੇਣ ਦੀ ਪ੍ਰਸੰਸਾਯੋਗ ਇੱਛਾ ਤੋਂ ਹੀ ਪੈਦਾ ਹੁੰਦੀ ਹੈ (ਜਿਹੜੀ ਇੱਛਾ ਕਿ ਬਿਲਕੁਲ ਠੀਕ ਹੈ); ਪਰ ਸੋਸ਼ਲਿਸਟ ਇਨਕਲਾਬ ਵਿਚ ਘਰੇਲੂ ਜੰਗਾਂ ਦੇ ਰੋਲ ਨੂੰ ਭੁਲਣਾ ਨਹੀਂ ਚਾਹੀਦਾ!

(੨) ਰਾਜ ਵੱਲ ਆਪਣੇ ਵਤੀਰੇ ਵਿਚ ਸੋਸ਼ਲਿਸਟਾਂ ਅਤੇ ਅਰਾਜਕਤਾਵਾਦੀਆਂ ਵਿਚਲੇ ਮਤਭੇਦਾਂ ਦੇ ਸਵਾਲ ਉਤੇ, ਸਾਥੀ Nota-Bene ਆਪਣੇ ਲੇਖ ਵਿਚ (ਅੰਕ ਨੰ: ੬) ਬੜੀ ਗੰਭੀਰ ਗ਼ਲਤੀ ਕਰਦਾ ਹੈ (ਜਿਵੇਂ ਕਿ ਉਹ ਕਈ ਹੋਰ ਪ੍ਰਸ਼ਨਾਂ ਸੰਬੰਧੀ ਵੀ ਕਰਦਾ ਹੈ, ਉਦਾਹਰਣ ਵਜੋਂ, "ਪਿਤਰੀ-ਭੂਮੀ ਦੀ ਰਖਿਆ" ਦੇ ਨਾਅਰੇ ਦਾ ਮੁਕਾਬਲਾ ਕਰਨ ਦੇ ਸਾਡੇ **ਕਾਰਨਾਂ** ਸੰਬੰਧੀ)। ਲੇਖਕ "ਆਮ ਤੌਰ ਉਤੇ ਰਾਜ ਦੀ ਸਪਸ਼ਟ ਤਸਵੀਰ" ਪੇਸ਼ ਕਰਨੀ ਚਾਹੁੰਦਾ ਹੈ (ਸਾਮਰਾਜੀ ਧਾੜਵੀ ਰਾਜ ਦੀ ਤਸਵੀਰ ਸਮੇਤ)। ਉਹ ਮਾਰਕਸ ਅਤੇ ਏਂਗਲਜ਼ ਦੇ ਕਈ ਕਥਨਾਂ ਦਾ ਹਵਾਲਾ ਦੇਂਦਾ ਹੈ, ਅਤੇ ਹੋਰਨਾਂ ਦੇ ਨਾਲ ਨਾਲ ਹੇਠ ਲਿਖੇ ਦੋ ਸਿੱਟਿਆਂ ਉਤੇ ਪੁਜਦਾ ਹੈ:

(ੳ) "...ਇਸ ਤਥ ਵਿਚ ਸੋਸ਼ਲਿਸਟਾਂ ਅਤੇ ਅਰਾਜਕਤਾਵਾਦੀਆਂ ਵਿਚਕਾਰ ਮਤਭੇਦ ਲਭਣਾ ਬਿਲਕੁਲ ਗ਼ਲਤ ਹੈ, ਕਿ ਸੋਸ਼ਲਿਸਟ ਰਾਜ ਦੇ ਹੱਕ ਵਿਚ ਹਨ ਜਿਥੇ ਕਿ ਅਰਾਜਕਤਾਵਾਦੀ ਇਸਦੇ ਵਿਰੁਧ ਹਨ। ਅਸਲੀ ਫ਼ਰਕ ਇਹ ਹੈ ਕਿ ਇਨਕਲਾਬੀ ਸੋਸ਼ਲ-ਡੈਮੋਕਰੇਸੀ ਸਮਾਜੀ ਉਤਪਾਦਨ ਨੂੰ ਨਵੀਆਂ ਲੀਹਾਂ ਉਤੇ, ਉਤਪਾਦਨ ਦੇ ਕੇਂਦਰੀ ਕੀਤੇ, ਅਰਥਾਤ ਟੈਕਨੀਕਲ ਪੱਖ ਤੋਂ ਸਭ ਤੋਂ ਵਧ ਅਗੇ-ਵਧੂ ਢੰਗ ਦੇ ਤੌਰ ਉਤੇ ਜਥੇਬੰਦ ਕਰਨਾ ਚਾਹੁੰਦੀ ਹੈ, ਜਿਥੇ ਕਿ ਅਕੇਂਦਰੀ ਕੀਤੇ, ਅਰਾਜਕਤਾਵਾਦੀ ਉਤਪਾਦਨ ਦਾ ਮਤਲਬ ਸਮਾਂ ਵਿਹਾ ਚੁੱਕੇ ਤਕਨੀਕਾਂ ਵੱਲ ਕੰਮ-ਪ੍ਰਬੰਧ ਦੇ ਪੁਰਾਣੇ ਰੂਪਾਂ ਵੱਲ ਪਿੱਛੇ ਮੁੜਨਾ ਹੋਵੇਗਾ।" ਇਹ ਗ਼ਲਤ ਹੈ। ਲੇਖਕ **ਰਾਜ ਵੱਲ** ਸੋਸ਼ਲਿਸਟਾਂ ਅਤੇ ਅਰਾਜਕਤਾਵਾਦੀਆਂ ਦੇ ਵਤੀਰੇ ਵਿਚਲੇ ਫ਼ਰਕ ਦਾ ਪ੍ਰਸ਼ਨ ਖੜਾ ਕਰਦਾ ਹੈ। ਪਰ **ਉਹ** ਉਤਰ ਇਸ ਪ੍ਰਸ਼ਨ ਦਾ **ਨਹੀਂ**, ਸਗੋਂ **ਕਿਸੇ ਹੋਰ** ਪ੍ਰਸ਼ਨ ਦਾ ਦੇਂਦਾ ਹੈ,

ਭਾਵ, ਭਵਿੱਖ ਦੇ ਸਮਾਜ ਦੀ ਆਰਥਕ ਬੁਨਿਆਦ ਵੱਲ ਉਹਨਾਂ ਦੇ ਵਤੀਰੇ ਵਿਚ ਫ਼ਰਕ। ਨਿਰਸੰਦੇਹ ਇਹ ਇਕ ਮਹੱਤਵਪੂਰਨ ਅਤੇ ਜ਼ਰੂਰੀ ਪ੍ਰਸ਼ਨ ਹੈ। ਪਰ ਰਾਜ ਵੱਲ ਵਤੀਰੇ ਵਿਚ ਸੋਸ਼ਲਿਸਟਾਂ ਅਤੇ ਅਰਾਜਕਤਾਵਾਦੀਆਂ ਵਿਚਕਾਰ ਫ਼ਰਕ ਦੇ **ਮੁਖ** ਨੁਕਤੇ ਨੂੰ ਅੱਖੋਂ ਉਹਲੇ ਕਰਨ ਦਾ ਇਹ ਕੋਈ ਕਾਰਨ ਨਹੀਂ ਹੋ ਸਕਦਾ। ਸੋਸ਼ਲਿਸਟ ਅਜੋਕੇ ਰਾਜ ਅਤੇ ਇਸਦੀਆਂ ਸੰਸਥਾਵਾਂ ਨੂੰ ਮਜ਼ਦੂਰ ਜਮਾਤ ਦੀ ਮੁਕਤੀ ਲਈ ਘੋਲ ਵਿਚ ਵਰਤਣ ਦੇ ਹੱਕ ਵਿਚ ਹਨ, ਨਾਲ ਇਹ ਵਿਸ਼ਵਾਸ ਰਖਦਿਆਂ ਕਿ ਸਰਮਾਇਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਦੇ ਵਿਸ਼ੇਸ਼ ਰੂਪ ਲਈ ਰਾਜ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਹ ਤਬਦੀਲੀ ਦੇ ਸਮੇਂ ਦਾ ਰੂਪ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਹੈ, ਜੋ ਕਿ ਰਾਜ **ਹੀ** ਹੈ।

ਅਰਾਜਕਤਾਵਾਦੀ ਰਾਜ ਨੂੰ "ਖ਼ਤਮ ਕਰ ਦੇਣਾ", "ਉਡਾਦੇਣਾ" ("spren-gen") ਚਾਹੁੰਦੇ ਹਨ, ਜਿਵੇਂ ਕਿ ਸਾਥੀ Nota-Bene, ਗ਼ਲਤ ਤਰੀਕੇ ਨਾਲ ਸੋਸ਼ਲਿਸਟਾਂ ਦੇ ਸਿਰ ਇਹ ਵਿਚਾਰ ਮੜ੍ਹਦਾ ਹੋਇਆ, ਇਕ ਥਾਂ ਲਿਖਦਾ ਹੈ। ਸੋਸ਼ਲਿਸਟ—ਮੰਦੇ ਭਾਗੀਂ ਲੇਖਕ ਏਂਗਲਜ਼ ਦੇ ਸੰਬੰਧਤ ਸ਼ਬਦਾਂ ਦਾ ਬਹੁਤ ਅਧੂਰਾ ਹਵਾਲਾ ਦੇਂਦਾ ਹੈ—ਵਿਸ਼ਵਾਸ ਰਖਦੇ ਹਨ ਕਿ ਰਾਜ ਦਾ "ਪੱਤਨ ਹੋ ਜਾਏਗਾ," ਬੁਰਜੂਆਜ਼ੀ ਤੋਂ ਸਭ ਕੁਝ ਖੋਹ ਲੈਣ **ਪਿਛੋਂ** ਇਹ ਹੌਲੀ ਹੌਲੀ "ਸੌਂ ਜਾਏਗਾ"।

(ਅ) "ਸੋਸ਼ਲ-ਡੈਮੋਕਰੇਸੀ, ਜਿਹੜੀ ਜਨਤਾ ਦੀ ਸਿਖਿਅਕ ਹੈ, ਜਾਂ ਘਟੋ ਘਟ ਹੋਣੀ ਚਾਹੀਦੀ ਹੈ, ਨੂੰ ਅਸੂਲੀ ਤੌਰ ਉਤੇ ਹੁਣ ਹਮੇਸ਼ਾ ਨਾਲੋਂ ਜ਼ਿਆਦਾ ਰਾਜ ਵੱਲ ਆਪਣੀ ਵਿਰੋਧਤਾ ਉਤੇ ਜ਼ੋਰ ਦੇਣਾ ਚਾਹੀਦਾ ਹੈ।... ਅਜੋਕੀ ਜੰਗ ਨੇ ਦਰਸਾ ਦਿਤਾ ਹੈ ਕਿ ਰਾਜ ਦਾ ਵਿਚਾਰ ਮਜ਼ਦੂਰਾਂ ਦੀਆਂ ਰੂਹਾਂ ਵਿਚ ਕਿੰਨਾਂ ਡੂੰਘਾ ਧਸ ਚੁੱਕਾ ਹੈ," ਸਾਥੀ Nota-Bene ਲਿਖਦਾ ਹੈ। "ਅਸੂਲੀ ਤੌਰ ਉਤੇ" ਰਾਜ ਵੱਲ ਆਪਣੀ "ਵਿਰੋਧਤਾ ਉਤੇ ਜ਼ੋਰ ਦੇਣ" ਲਈ ਸਾਨੂੰ ਸਚਮੁਚ ਇਸਨੂੰ "ਸਪਸ਼ਟਤਾ" ਨਾਲ ਸਮਝ ਲੈਣਾ ਚਾਹੀਦਾ ਹੈ, ਅਤੇ ਇਹੋ ਸਪਸ਼ਟਤਾ ਹੈ ਜਿਸਦੀ ਸਾਡੇ ਲੇਖਕ ਵਿਚ ਘਾਟ ਹੈ। "ਰਾਜਤਵ ਦੀਆਂ ਬੁਨਿਆਦਾਂ" ਬਾਰੇ ਉਸਦੀ ਟਿਪਣੀ ਬਿਲਕੁਲ ਘਚੋਲੇ ਵਾਲੀ ਹੈ। ਇਹ ਗ਼ੈਰ-ਮਾਰਕਸਵਾਦੀ ਅਤੇ ਗ਼ੈਰ-ਸੋਸ਼ਲਿਸਟ ਹੈ। ਨੁਕਤਾ ਇਹ ਨਹੀਂ ਕਿ "ਰਾਜਤਵ ਦੀਆਂ ਬੁਨਿਆਦਾਂ" ਰਾਜ ਨੂੰ ਰੱਦ ਕਰਨ ਨਾਲ ਟੱਕਰਾ ਗਈਆਂ ਹਨ, ਸਗੋਂ ਇਹ ਹੈ ਕਿ ਮੌਕਾਪ੍ਰਸਤ ਨੀਤੀ (ਭਾਵ, ਰਾਜ ਵੱਲ ਮੌਕਾਪ੍ਰਸਤ, ਸੁਧਾਰਵਾਦੀ, ਬੁਰਜੂਆ ਵਤੀਰਾ) ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਨੀਤੀ (ਭਾਵ, ਬੁਰਜੂਆ ਰਾਜ ਵੱਲ ਅਤੇ ਬੁਰਜੂਆਜ਼ੀ ਨੂੰ ਉਲਟਾਉਣ ਲਈ ਬੁਰਜੂਆਜ਼ੀ ਦੇ ਖ਼ਿਲਾਫ਼ ਇਸਨੂੰ ਵਰਤਣ ਵੱਲ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਵਤੀਰੇ) ਨਾਲ ਟੱਕਰਾ ਗਈ ਹੈ। ਇਹ ਬਿਲਕੁਲ ਵੱਖ ਵੱਖ ਗੱਲਾਂ ਹਨ। ਅਸੀਂ ਵੱਖਰੇ ਲੇਖ[114] ਵਿਚ ਬਿਲਕੁਲ **ਇਸੇ ਵਿਸ਼ੇ ਵੱਲ ਮੁੜਨ ਦੀ ਆਸ ਰਖਦੇ ਹਾਂ।**

(੩) "ਸੋਸ਼ਲਿਸਟ ਯੁਵਕ ਜਥੇਬੰਦੀਆਂ ਦੀ ਕੌਮਾਂਤਰੀ ਲੀਗ ਦੇ ਅਸੂਲਾਂ ਦਾ ਐਲਾਨਨਾਮਾ" ਅੰਕ ਨੰ: ੬ ਵਿਚ "ਸਕੱਤਰੇਤ ਦੇ ਖਰੜੇ" ਵਜੋਂ ਛਪਿਆ ਹੈ। ਇਸ ਵਿਚ ਕੋਈ ਥੋੜ੍ਹੀਆਂ ਗ਼ਲਤੀਆਂ ਨਹੀਂ, ਅਤੇ **ਮੁਖ** ਗੱਲ ਇਸ ਵਿਚ ਹੈ ਹੀ ਨਹੀਂ: ਸਾਰੇ ਦੇਸਾਂ ਦੀਆਂ ਸੋਸ਼ਲਿਸਟ ਲਹਿਰਾਂ ਵਿਚ ਇਸ ਸਮੇਂ ਇਕ ਦੂਜੇ ਨਾਲ ਬਿਦ ਰਹੇ **ਤਿੰਨ** ਬੁਨਿਆਦੀ ਰੁਝਾਣਾਂ (ਸਮਾਜੀ-ਅੰਧਰਾਸ਼ਟਰਵਾਦ, "ਵਿਚਾਲ-ਪੰਥ" ਅਤੇ ਖੱਬਾ) ਦੀ ਸਪਸ਼ਟ ਤੁਲਨਾ।

ਅਸੀਂ ਦੁਹਰਾਉਂਦੇ ਹਾਂ, ਇਹਨਾਂ ਗ਼ਲਤੀਆਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ, ਅਤੇ ਇਹ ਸਮਝਾਈਆਂ ਜਾਣੀਆਂ ਚਾਹੀਦੀਆਂ ਹਨ। ਇਸਦੇ ਨਾਲ ਹੀ ਸਾਨੂੰ ਯੁਵਕ ਜਥੇਬੰਦੀਆਂ ਨਾਲ ਸੰਪਰਕ ਦੇ ਨੁਕਤੇ ਲਭਣ ਲਈ ਅਤੇ ਡੂੰਘੇਰੇ ਸੰਬੰਧਾਂ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਹਨਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ ਚਾਹੀਦੀ ਹੈ, ਪਰ ਸਾਨੂੰ ਉਹਨਾਂ ਵੱਲ ਪਹੁੰਚ ਦਾ **ਯੋਗ** ਤਰੀਕਾ ਲੱਭਣਾ ਚਾਹੀਦਾ ਹੈ।

ਦਸੰਬਰ ੧੯੧੬ ਵਿਚ "ਸਬੋਰਨਿਕ ਸੋਤਸੀਆਲ-ਦੈਮੋਕਰਾਤਾ" ਨੰ: ੨ ਵਿਚ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ, ਸੈਂਚੀ ੩੦, ਪੰਨੇ ੨੨੫-੨੨੯

# ਕੌਮਾਂਤਰੀ ਸੋਸ਼ਲਿਸਟ ਕਮੇਟੀ ਅਤੇ ਸਾਰੀਆਂ ਸੋਸ਼ਲਿਸਟ ਪਾਰਟੀਆਂ ਨੂੰ ਅਪੀਲ ਲਈ ਥੀਸਿਸ ਵਿਚੋਂ

੯. ਮਜ਼ਦੂਰਾਂ ਨੂੰ ਕੁਰਾਹੇ ਪਾਉਣ ਲਈ ਨਹੀਂ, ਸਗੋਂ ਹਕੀਕਤ ਵੱਲ ਉਹਨਾਂ ਦੀਆਂ ਅੱਖਾਂ ਖੋਹਲਣ ਲਈ ਬਣਾਈ ਗਈ ਨੀਤੀ ਵਿਚ ਇਹ ਕੁਝ ਹੋਣਾ ਚਾਹੀਦਾ ਹੈ:

(ੳ) ਹੁਣ ਜਦੋਂ ਕਿ ਅਮਨ ਦਾ ਸਵਾਲ ਸਿਧੀ ਤਰ੍ਹਾਂ ਸਾਮ੍ਹਣੇ ਆ ਗਿਆ ਹੈ, ਹਰ ਦੇਸ ਵਿਚ ਸੋਸ਼ਲਿਸਟਾਂ ਨੂੰ ਚਾਹੀਦਾ ਹੈ ਕਿ **ਆਪਣੀ ਆਪਣੀ** ਬੁਰਜੂਆਜ਼ੀ ਅਤੇ **ਆਪਣੀਆਂ ਆਪਣੀਆਂ** ਸਰਕਾਰਾਂ ਨੂੰ ਅਟੱਲ ਤਰ੍ਹਾਂ ਨਾਲ ਅਤੇ ਆਮ ਤੌਰ ਉਤੇ ਵਧੇਰੇ ਜ਼ੋਰ ਨਾਲ ਉਘੇੜਨ। ਉਹਨਾਂ ਨੂੰ **ਉਹਨਾਂ ਵਲੋਂ ਆਪਣੇ** ਸਾਮਰਾਜੀ ਇਤਿਹਾਦੀਆਂ ਨਾਲ ਬਸਤੀਆਂ ਦੀ ਵੰਡ ਲਈ, ਪ੍ਰਭਾਵ ਦੇ ਖੇਤਰਾਂ ਲਈ, ਦੂਜੇ ਦੇਸਾਂ ਵਿਚ ਸਾਂਝੇ ਵਿੱਤੀ ਕੰਮਾਂ ਲਈ, ਹਿੱਸੇ ਖ਼ਰੀਦਣ ਲਈ, ਅਜਾਰੇਦਾਰਾ ਪ੍ਰਬੰਧਾਂ, ਛੋਟਾਂ ਆਦਿ ਲਈ ਕੀਤੇ ਗਏ ਅਤੇ ਕੀਤੇ ਜਾ ਰਹੇ ਗੁਪਤ ਸਮਝੌਤਿਆਂ ਉਤੋਂ ਪਰਦਾ ਲਾਹੁਣਾ ਚਾਹੀਦਾ ਹੈ।

ਕਿਉਂਕਿ ਇਸ ਵਿਚ, ਅਤੇ **ਸਿਰਫ਼** ਇਸ ਵਿਚ, ਸਾਮਰਾਜੀ ਅਮਨ ਦਾ, ਜਿਸਦੀ ਹੁਣ ਤਿਆਰੀ ਕੀਤੀ ਜਾ ਰਹੀ ਹੈ, ਅਸਲੀ, ਨਾ ਕਿ ਧੋਖਾ ਦੇਣ ਵਾਲਾ, **ਆਧਾਰ** ਅਤੇ ਤੱਤ ਹੈ। ਬਾਕੀ ਸਭ ਕੁਝ ਲੋਕਾਂ ਨੂੰ ਧੋਖਾ ਦੇਣ ਲਈ ਹੈ। ਜਿਹੜੇ ਲੋਕ ਇਹਨਾਂ ਸੰਕੇਤ-ਨਾਅਰਿਆਂ ਦੇ ਨਾਂ ਉਤੇ ਵਚਨ ਦੇਂਦੇ ਅਤੇ ਸੌਂਹਾਂ ਖਾਂਦੇ ਹਨ, ਉਹ ਅਲਹਾਕਾਂ ਆਦਿ ਤੋਂ ਬਿਨਾਂ ਜਮਹੂਰੀ ਅਮਨ ਦੀ ਸਚਮੁਚ ਹਮਾਇਤ ਨਹੀਂ ਕਰ ਰਹੇ, ਕਿਉਂਕਿ **ਅਸਲੀ** ਹਮਾਇਤ ਦਾ **ਅਮਲ ਵਿਚ ਖ਼ੁਦ ਆਪਣੀ** ਬੁਰਜੂਆਜ਼ੀ ਨੂੰ ਉਘੇੜਨਾ ਹੈ, ਜਿਹੜੀ ਆਪਣੀਆਂ **ਕਾਰਵਾਈਆਂ** ਨਾਲ ਸੱਚੇ ਸੋਸ਼ਲਿਜ਼ਮ ਅਤੇ ਸੱਚੀ ਜਮਹੂਰੀਅਤ ਦੇ ਇਹਨਾਂ ਮਹਾਨ ਅਸੂਲਾਂ ਨੂੰ ਖ਼ਤਮ ਕਰ ਰਹੀ ਹੈ।

ਕਿਉਂਕਿ ਹਰ ਪਾਰਲੀਮੈਂਟ ਮੈਂਬਰ, ਹਰ ਸੰਪਾਦਕ, ਮਜ਼ਦੂਰ ਯੂਨੀਅਨ ਦਾ ਹਰ ਸਕੱਤਰ, ਹਰ ਪੱਤਰਕਾਰ ਅਤੇ ਲੋਕ-ਆਗੂ ਸਰਕਾਰ ਵਲੋਂ ਅਤੇ ਧਨ-ਕੁਬੇਰਾਂ ਵਲੋਂ ਗੁਪਤ ਰਖੀ ਗਈ ਜਾਣਕਾਰੀ ਨੂੰ **ਹਮੇਸ਼ਾ** ਇਕੱਠੀ **ਕਰ ਸਕਦਾ ਹੈ,** ਜਿਹੜੀ

ਸਾਮਰਾਜੀ ਸੌਦਿਆਂ ਦੇ ਠੋਸ ਆਧਾਰ ਬਾਰੇ **ਸਚਾਈ** ਸਾਮ੍ਹਣੇ ਲਿਆਉਂਦੀ ਹੈ। ਇਹ ਫ਼ਰਜ਼ ਨਿਭਾਉਣ ਵਿਚ ਸੋਸ਼ਲਿਸਟਾਂ ਦੀ **ਅਸਫ਼ਲਤਾ** ਸੋਸ਼ਲਿਜ਼ਮ ਨਾਲ **ਗ਼ੱਦਾਰੀ** ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ **ਕੋਈ** ਹਕੂਮਤ **ਵੀ**, ਖ਼ਾਸ ਤੌਰ ਉਤੇ ਹੁਣ, ਆਪਣੀ ਅਸਲੀ ਨੀਤੀ, ਆਪਣੀਆਂ ਸੰਧੀਆਂ, ਵਿੱਤੀ ਸੌਦੇਬਾਜ਼ੀਆਂ ਆਦਿ ਨੂੰ ਉਘੇੜਦੀਆਂ ਗੱਲਾਂ ਖੁਲ੍ਹੀ ਤਰ੍ਹਾਂ ਪ੍ਰਕਾਸ਼ਤ ਹੋਣ ਦੀ ਆਗਿਆ ਨਹੀਂ ਦੇਵੇਗੀ। ਇਹੋ ਜਿਹੇ ਪਾਜ-ਉਘਾੜਨ ਦਾ ਤਿਆਗ ਕਰਨ ਦਾ ਕੋਈ ਕਾਰਨ ਨਹੀਂ। ਸਗੋਂ ਸੈਂਸਰਸ਼ਿਪ ਵੱਲ ਗ਼ੁਲਾਮਾਂ ਵਾਲੀ ਅਧੀਨਗੀ ਤਿਆਗਣ ਦਾ ਅਤੇ ਆਜ਼ਾਦੀ ਨਾਲ, ਭਾਵ, ਬਿਨਾਂ ਸੈਂਸਰ ਦੇ, ਗ਼ੈਰ-ਕਾਨੂੰਨੀ ਤਰੀਕੇ ਨਾਲ ਪ੍ਰਕਾਸ਼ਤ ਕਰਨ ਦਾ ਇਹ ਕਾਰਨ ਬਣਨਾ ਚਾਹੀਦਾ ਹੈ।

ਕਿਉਂਕਿ **ਦੂਜੇ** ਦੇਸ ਦਾ ਸੋਸ਼ਲਿਸਟ "ਖ਼ੁਦ ਆਪਣੀ" ਕੌਮ ਨਾਲ ਜੰਗ ਕਰ ਰਹੇ ਦੇਸ ਦੀ ਸਰਕਾਰ ਅਤੇ ਬੁਰਜੂਆਜ਼ੀ ਦਾ ਪਾਜ ਨਹੀਂ ਉਘਾੜ ਸਕਦਾ, ਸਿਰਫ਼ ਇਸ ਲਈ ਨਹੀਂ ਕਿ ਉਹ ਉਸ ਦੇਸ ਦੀ ਬੋਲੀ, ਇਤਿਹਾਸ, ਜਨਤਾ ਦੇ ਵਿਸ਼ੇਸ਼ ਲੱਛਣਾਂ ਆਦਿ ਨੂੰ ਨਹੀਂ ਜਾਣਦਾ, ਸਗੋਂ ਇਸ ਲਈ ਵੀ ਕਿ **ਇਹੋ ਜਿਹਾ** ਪਾਜ-ਉਘਾੜਨਾ **ਸਾਮਰਾਜੀ** ਸਾਜ਼ਸ਼ ਦਾ ਹਿੱਸਾ ਹੋਵੇਗਾ, ਨਾ ਕਿ **ਕੌਮਾਂਤਰੀਵਾਦੀ** ਫ਼ਰਜ਼ ਦਾ।

ਕੌਮਾਂਤਰੀਵਾਦੀ ਉਹ ਨਹੀਂ ਜਿਹੜਾ ਕੌਮਾਂਤਰੀਵਾਦ ਦੇ ਨਾਂ ਉਤੇ ਵਚਨ ਦੇਂਦਾ ਅਤੇ ਸੌਂਹਾਂ ਖਾਂਦਾ ਹੈ। ਕੌਮਾਂਤਰੀਵਾਦੀ ਸਿਰਫ਼ ਉਹ ਹੈ ਜਿਹੜਾ ਸਚਮੁਚ ਕੌਮਾਂਤਰੀਵਾਦੀ ਢੰਗ ਨਾਲ **ਖ਼ੁਦ ਆਪਣੀ** ਬੁਰਜੂਆਜ਼ੀ ਦਾ **ਆਪਣੇ** ਸਮਾਜੀ-ਅੰਧਰਾਸ਼ਟਰਵਾਦੀਆਂ ਦਾ, **ਆਪਣੇ** ਕਾਉਟਸਕੀਵਾਦੀਆਂ ਦਾ ਮੁਕਾਬਲਾ ਕਰਦਾ ਹੈ।

੨੫ ਦਸੰਬਰ, ੧੯੧੬ (੭ ਜਨਵਰੀ, ੧੯੧੭) ਤੋਂ ਪਹਿਲਾਂ ਲਿਖਿਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੦, ਪੰਨੇ ੨੭੭-੨੭੮

# ਸਾਡੇ ਇਨਕਲਾਬ ਵਿਚ ਪ੍ਰੋਲਤਾਰੀ ਦੇ ਕਰਤੱਵ (ਪ੍ਰੋਲਤਾਰੀ ਪਾਰਟੀ ਦੇ ਪ੍ਰੋਗਰਾਮ ਦਾ ਖਰੜਾ)

# ਵਿਚੋਂ

## ਜ਼ਰਅਈ ਅਤੇ ਕੌਮੀ ਪ੍ਰੋਗਰਾਮ
## (ਕੁਝ ਹਿੱਸਾ)

੧੪. ਜਿਥੋਂ ਤੱਕ ਕੌਮੀ ਸਵਾਲ ਦਾ ਸੰਬੰਧ ਹੈ, ਪ੍ਰੋਲਤਾਰੀ ਪਾਰਟੀ ਨੂੰ ਸਭ ਤੋਂ ਪਹਿਲਾਂ ਉਹਨਾਂ ਸਾਰੀਆਂ ਕੌਮਾਂ ਅਤੇ ਕੌਮੀਅਤਾਂ ਦੀ ਜਿਨ੍ਹਾਂ ਨੂੰ ਜ਼ਾਰਸ਼ਾਹੀ ਨੇ ਦਬਾਇਆ ਹੋਇਆ ਸੀ, ਜਾਂ ਜਿਨ੍ਹਾਂ ਨੂੰ ਰਾਜ ਵਿਚ ਜ਼ਬਰਦਸਤੀ ਸ਼ਾਮਲ ਕੀਤਾ ਗਿਆ ਸੀ, ਭਾਵ ਜਿਨ੍ਹਾਂ ਦਾ ਅਲਹਾਕ ਕੀਤਾ ਗਿਆ ਸੀ, ਜਾਂ ਜਿਨ੍ਹਾਂ ਨੂੰ ਜ਼ਬਰਦਸਤੀ ਰਾਜ ਦੀਆਂ ਹੱਦਾਂ ਦੇ ਅੰਦਰ ਰਖਿਆ ਗਿਆ ਸੀ, ਰੂਸ ਤੋਂ ਵੱਖ ਹੋਣ ਦੀ ਪੂਰਨ ਆਜ਼ਾਦੀ ਦੇ ਐਲਾਨ ਅਤੇ ਇਸਦੀ ਤੁਰਤ ਪੂਰਤੀ ਦੀ ਵਕਾਲਤ ਕਰਨੀ ਚਾਹੀਦੀ ਹੈ।

ਅਲਹਾਕਾਂ ਦੇ ਤਿਆਗ ਬਾਰੇ ਸਾਰੇ ਬਿਆਨ, ਐਲਾਨ ਅਤੇ ਮੈਨੀਫ਼ੈਸਟੋ, ਜਿਨ੍ਹਾਂ ਨਾਲ ਅਮਲ ਵਿਚ ਵੱਖ ਹੋਣ ਦੇ ਹੱਕ ਦੀ ਪੂਰਤੀ ਸ਼ਾਮਲ ਨਹੀਂ, ਲੋਕਾਂ ਨਾਲ ਬੁਰਜੂਆ ਛਲ ਤੋਂ ਸਿਵਾ ਕੁਝ ਨਹੀਂ, ਜਾਂ ਸਿਰਫ਼ ਪਵਿੱਤਰ ਨਿਕ-ਬੁਰਜੂਆ ਇੱਛਾਵਾਂ ਹਨ।

ਪ੍ਰੋਲਤਾਰੀ ਪਾਰਟੀ ਜਿਥੋਂ ਤੱਕ ਸੰਭਵ ਹੋ ਸਕੇ ਵੱਡਾ ਰਾਜ ਸਿਰਜਣ ਦੀ ਕੋਸ਼ਿਸ਼ ਕਰਦੀ ਹੈ, ਕਿਉਂਕਿ ਇਹ ਮਜ਼ਦੂਰ ਲੋਕਾਂ ਦੇ ਲਾਭ ਵਿਚ ਹੈ; ਇਹ ਕੌਮਾਂ ਨੂੰ **ਇਕ ਦੂਜੀ ਦੇ ਹੋਰ ਨੇੜੇ ਖਿੱਚਣ** ਦੀ, ਅਤੇ ਉਹਨਾਂ ਦਾ **ਹਰ ਘੁਲਣਾ-ਮਿਲਣਾ** ਸੰਭਵ ਬਨਾਉਣ ਦੀ ਕੋਸ਼ਿਸ਼ ਕਰਦੀ ਹੈ; ਪਰ ਇਹ ਇਸ ਨਿਸ਼ਾਨੇ ਨੂੰ ਹਿੰਸਾ ਨਾਲ ਨਹੀਂ, ਸਗੋਂ ਨਰੋਲ ਰੂਪ ਵਿਚ ਸਾਰੀਆਂ ਕੌਮਾਂ ਦੇ ਮਜ਼ਦੂਰਾਂ ਅਤੇ ਕਾਮੇ ਲੋਕਾਂ ਦੀ ਆਜ਼ਾਦ ਭਰਾਤਰੀ ਯੂਨੀਅਨ ਰਾਹੀਂ ਪ੍ਰਾਪਤ ਕਰਨ ਦੀ ਇੱਛਾ ਕਰਦੀ ਹੈ।

ਰੂਸੀ ਗਣ-ਰਾਜ ਜਿੰਨਾ ਵਧੇਰੇ ਜਮਹੂਰੀ ਹੋਵੇਗਾ, ਅਤੇ ਇਹ ਆਪਣੇ ਆਪ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ[115] ਦੇ ਗਣ-ਰਾਜ ਵਿਚ ਜਿੰਨੀ ਵਧੇਰੇ ਸਫ਼ਲਤਾ ਨਾਲ ਜਥੇਬੰਦ ਕਰਦਾ ਹੈ, **ਸਾਰੀਆਂ** ਕੌਮਾਂ ਦੇ ਕਾਮੇ ਲੋਕਾਂ ਲਈ ਇਹੋ ਜਿਹੇ ਗਣ-ਰਾਜ ਲਈ **ਸਵੈ-ਇੱਛਤ** ਖਿੱਚ ਉਨੀ ਹੀ ਜ਼ਿਆਦਾ ਸ਼ਕਤੀਸ਼ਾਲੀ ਹੋਵੇਗੀ।

ਵੱਖ ਹੋਣ ਦੀ ਪੂਰਨ ਆਜ਼ਾਦੀ, ਵਧ ਤੋਂ ਵਧ ਵਿਸ਼ਾਲ ਸਥਾਨਕ (ਅਤੇ ਕੌਮੀ)

ਖ਼ੁਦ-ਅਖ਼ਤਿਆਰੀ, ਅਤੇ ਕੌਮੀ ਘਟ-ਗਿਣਤੀਆਂ ਦੇ ਹੱਕਾਂ ਲਈ ਵਿਸਥਾਰ ਵਿਚ ਜ਼ਾਮਨੀਆਂ — ਇਹ ਹੈ ਪ੍ਰੋਗਰਾਮ ਇਨਕਲਾਬੀ ਪ੍ਰੋਲਤਾਰੀ ਦਾ।

## ਸੋਸ਼ਲਿਸਟ ਇੰਟਰਨੈਸ਼ਨਲ ਦੇ ਅੰਦਰ ਪ੍ਰਸਥਿਤੀ

੧੬. ਰੂਸ ਦੀ ਮਜ਼ਦੂਰ ਜਮਾਤ ਦੇ ਕੌਮਾਂਤਰੀ ਫ਼ਰਜ਼ ਹੁਣ ਹੀ ਖ਼ਾਸ ਜ਼ੋਰ ਨਾਲ ਅੱਗੇ ਆ ਰਹੇ ਹਨ।

ਇਹਨਾਂ ਦਿਨਾਂ ਵਿਚ ਸਿਰਫ਼ ਸੁਸਤ ਲੋਕ ਹੀ ਕੌਮਾਂਤਰੀਵਾਦ ਦੀ ਸੌਂਹ ਨਹੀਂ ਖਾਂਦੇ। ਅੰਧਰਾਸ਼ਟਰਵਾਦੀ-ਰਖਿਆਵਾਦੀ ਵੀ, ਪੋਤਰੇਸੋਵ ਅਤੇ ਪਲੇਖ਼ਾਨੋਵ ਵੀ, ਇਥੋਂ ਤੱਕ ਕਿ ਕੇਰੇਂਸਕੀ ਵੀ ਆਪਣੇ ਆਪ ਨੂੰ ਕੌਮਾਂਤਰੀਵਾਦੀ ਕਹਿੰਦੇ ਹਨ। ਇਸ ਲਈ ਪ੍ਰੋਲਤਾਰੀ ਪਾਰਟੀ ਦਾ ਹੋਰ ਵੀ ਵਧੇਰੇ ਜ਼ਰੂਰੀ ਫ਼ਰਜ਼ ਬਣ ਜਾਂਦਾ ਹੈ ਕਿ ਉਹ ਕਥਨੀ ਦੇ ਕੌਮਾਂਤਰੀਵਾਦ ਦੇ ਮੁਕਾਬਲੇ ਉਤੇ ਕਰਨੀ ਵਿਚ ਕੌਮਾਂਤਰੀਵਾਦ ਸਪਸ਼ਟਤਾ ਨਾਲ, ਠੀਕ ਠੀਕ ਅਤੇ ਨਿਸ਼ਚਿਤ ਤਰ੍ਹਾਂ ਨਾਲ ਸਾਮ੍ਹਣੇ ਲਿਆਏ।

ਸਾਰੇ ਦੇਸਾਂ ਦੇ ਮਜ਼ਦੂਰਾਂ ਨੂੰ ਸਿਰਫ਼ ਅਪੀਲਾਂ, ਕੌਮਾਂਤਰੀਵਾਦ ਵੱਲ ਵਫ਼ਾਦਾਰੀ ਦੇ ਫੋਕੇ ਯਕੀਨ ਦਿਵਾਉਣੇ, ਜੰਗ ਵਿਚ ਸ਼ਾਮਲ ਵੱਖੋ ਵੱਖ ਦੇਸਾਂ ਦੇ ਇਨਕਲਾਬੀ ਪ੍ਰੋਲਤਾਰੀ ਵਲੋਂ ਕਾਰਵਾਈ ਦੀ "ਤਰਤੀਬ" ਨਿਸ਼ਚਿਤ ਕਰਨ ਦੇ ਸਿਧੇ ਜਾਂ ਅਣਸਿਧੇ ਯਤਨ, ਇਨਕਲਾਬੀ ਘੋਲ ਦੇ **ਸਵਾਲ ਉਤੇ** ਜੰਗ ਵਿਚ ਸ਼ਾਮਲ ਦੇਸਾਂ ਦੇ ਸੋਸ਼ਲਿਸਟਾਂ ਵਿਚਕਾਰ "ਸਮਝੌਤੇ" ਕਰਨ ਦੇ ਵਧਾਏ-ਚੜ੍ਹਾਏ ਯਤਨ, ਅਮਨ ਮੁਹਿੰਮ **ਦੇ ਮੰਤਵ ਲਈ** ਸੋਸ਼ਲਿਸਟ ਕਾਂਗਰਸਾਂ ਸੱਦਣ ਸੰਬੰਧੀ ਸਾਰਾ ਰੌਲਾ-ਰੱਪਾ, ਇਤਿ-ਆਦਿ — ਇਹੋ ਜਿਹੇ ਵਿਚਾਰਾਂ, ਯਤਨਾਂ ਅਤੇ ਮਨਸੂਬਿਆਂ ਦੇ ਘੜਣਹਾਰੇ ਭਾਵੇਂ ਕਿੰਨੇ ਵੀ ਸੁਹਿਰਦ ਕਿਉਂ ਨਾ ਹੋਣ — ਜਿਥੋਂ ਤੱਕ ਇਹਨਾਂ ਦੀ **ਬਾਹਰਮੁਖੀ** ਮਹੱਤਤਾ ਦਾ ਸਵਾਲ ਹੈ, ਇਹ ਸਿਰਫ਼ ਫ਼ਿਕਰੇਬਾਜ਼ੀ ਹੋ ਨਿਬੜਦੇ ਹਨ, ਅਤੇ **ਵਧ ਤੋਂ ਵਧ** ਇਹ ਮਸੂਮ ਅਤੇ ਪਵਿੱਤਰ ਇੱਛਾਵਾਂ ਹਨ, ਜੋ ਅੰਧਰਾਸ਼ਟਰਵਾਦੀਆਂ ਵਲੋਂ ਲੋਕਾਂ ਨੂੰ **ਧੋਖਾ ਦੇਣ** ਉਤੇ ਪਰਦਾ ਪਾਉਣ ਦੇ ਹੀ ਯੋਗ ਹਨ। **ਫ਼ਰਾਂਸੀਸੀ** ਸਮਾਜੀ-ਅੰਧਰਾਸ਼ਟਰਵਾਦੀ, ਜਿਹੜੇ ਪਾਰਲੀਮੈਂਟਰੀ ਬਾਜ਼ੀਗਰੀ ਦੇ ਢੰਗਾਂ ਵਿਚ ਸਭ ਤੋਂ ਵਧ ਚਲਾਕ ਅਤੇ ਨਿਪੁੰਨ ਹਨ, ਅਤੇ **ਨਾਲ ਹੀ ਨਾਲ** ਸੋਸ਼ਲਿਜ਼ਮ ਅਤੇ ਇੰਟਰਨੈਸ਼ਨਲ ਨਾਲ ਯਕੀਨੋਂ-ਬਾਹਰੀ ਬੇਸ਼ਰਮੀ ਨਾਲ ਗ਼ੱਦਾਰੀ ਕਰਨ, ਸਾਮਰਾਜੀ ਜੰਗ ਚਲਾ ਰਹੀਆਂ ਸਰਕਾਰਾਂ ਵਿਚ ਪਦਵੀਆਂ ਪ੍ਰਵਾਨ ਕਰਨ, ਉਧਾਰਾਂ **ਜਾਂ ਕਰਜ਼ਿਆਂ ਦੇ ਹੱਕ ਵਿਚ** ਵੋਟ ਪਾਉਣ (ਜਿਵੇਂ ਕਿ ਰੂਸ ਵਿਚ ਪਿਛਲੇ ਕੁਝ ਸਮੇਂ ਤੋਂ ਛੇਈਦਜ਼ੇ, ਸਕੋਬੇਲੇਵ, ਤਸੇਰੇਤੇਲੀ ਅਤੇ ਸਤੇਕਲੋਵ ਕਰ ਰਹੇ ਹਨ), ਖ਼ੁਦ **ਆਪਣੇ ਦੇਸ** ਵਿਚ ਇਨਕਲਾਬੀ ਘੋਲ ਦੀ ਵਿਰੋਧਤਾ ਕਰਨ, ਆਦਿ ਦੇ ਨਾਲ ਹੀ ਨਾਲ, ਖੜਕਵੀਆਂ ਅਤੇ ਸ਼ਾਂਤੀਵਾਦੀ ਅਤੇ

ਕੌਮਾਂਤਰੀਵਾਦੀ ਫ਼ਿਕਰੇਬਾਜ਼ੀਆਂ ਦੇ ਮੁੱਦਤਾਂ ਤੋਂ ਰੀਕਾਰਡ ਮਾਤ ਕਰ ਚੁਕੇ ਹਨ।

ਚੰਗੇ ਲੋਕ ਸਾਮਰਾਜੀ ਸੰਸਾਰ ਜੰਗ ਦੇ ਵਹਿਸ਼ੀ ਅਤੇ ਦਰਿੰਦਗੀ ਵਾਲੇ ਵਾਯੂਮੰਡਲ ਨੂੰ ਭੁੱਲ ਜਾਂਦੇ ਹਨ। ਇਹ ਵਾਯੂਮੰਡਲ ਫ਼ਿਕਰੇਬਾਜ਼ੀਆਂ ਨੂੰ ਪ੍ਰਵਾਨ ਨਹੀਂ ਕਰਦਾ, ਅਤੇ ਮਸੂਮ ਅਤੇ ਪਵਿੱਤਰ ਇਛਾਵਾਂ ਦਾ ਮਜ਼ਾਕ ਉਡਾਉਂਦਾ ਹੈ।

ਅਸਲੀ ਕੌਮਾਂਤਰੀਵਾਦ ਦੀ ਇਕ ਅਤੇ ਸਿਰਫ਼ ਇਕ ਹੀ ਕਿਸਮ ਹੈ ਅਤੇ ਉਹ ਹੈ— **ਖ਼ੁਦ ਆਪਣੇ** ਦੇਸ ਵਿਚ ਇਨਕਲਾਬੀ ਲਹਿਰ ਅਤੇ ਇਨਕਲਾਬੀ ਘੋਲ ਦੇ ਵਿਕਾਸ ਲਈ ਤਨੋ-ਮਨੋ ਕੰਮ ਕਰਨਾ ਅਤੇ ਬਿਨਾਂ ਕਿਸੇ ਛੋਟ ਦੇ **ਹਰ** ਦੇਸ ਵਿਚ **ਇਸ ਘੋਲ ਦੀ**, ਇਸ, ਅਤੇ **ਸਿਰਫ਼ ਇਸ**, ਨੀਤੀ ਦੀ (ਪ੍ਰਚਾਰ, ਹਮਦਰਦੀ ਅਤੇ ਪਦਾਰਥਕ ਸਹਾਇਤਾ ਨਾਲ) ਹਮਾਇਤ ਕਰਨਾ।

ਬਾਕੀ ਸਭ ਕੁਝ ਧੋਖਾ ਅਤੇ ਮਾਨੀਲੋਵਵਾਦ[116] ਹੈ।

ਜੰਗ ਦੇ ਦੋ ਕੁ ਸਾਲਾਂ ਦੇ ਦੌਰਾਨ **ਹਰ** ਦੇਸ ਵਿਚ ਕੌਮਾਂਤਰੀ ਸੋਸ਼ਲਿਸਟ ਅਤੇ ਮਜ਼ਦੂਰ ਜਮਾਤ ਲਹਿਰ ਵਿਚ ਤਿੰਨ ਰੁਝਾਣ ਸਾਮ੍ਹਣੇ ਆਏ ਹਨ। ਜਿਹੜਾ ਵੀ ਕੋਈ **ਅਸਲੀਅਤ** ਨੂੰ ਅਖੋਂ ਉਹਲੇ ਕਰਦਾ ਹੈ ਅਤੇ ਇਹਨਾਂ ਤਿੰਨਾਂ ਰੁਝਾਣਾਂ ਦੀ ਹੋਂਦ ਨੂੰ ਮੰਨਣ ਤੋਂ, ਉਹਨਾਂ ਦਾ ਵਿਸ਼ਲੇਸ਼ਣ ਕਰਨ ਤੋਂ, ਉਸ ਰੁਝਾਣ ਲਈ, ਜਿਹੜਾ ਸਚਮੁਚ ਕੌਮਾਂਤਰੀਵਾਦੀ ਹੈ, ਸਿਰੜ ਨਾਲ ਲੜਨ ਤੋਂ ਇਨਕਾਰ ਕਰਦਾ ਹੈ, ਉਹ ਦੂਰਬਲਤਾ, ਲਾਚਾਰੀ ਅਤੇ ਗ਼ਲਤੀਆਂ ਵਿਚ ਜਾ ਡਿਗੇਗਾ।

ਇਹ ਤਿੰਨ ਰੁਝਾਣ ਹਨ:

(੧) ਸਮਾਜੀ-ਅੰਧਰਾਸ਼ਟਰਵਾਦੀ, ਭਾਵ, ਕਥਨੀ ਵਿਚ ਸੋਸ਼ਲਿਸਟ ਅਤੇ ਕਰਨੀ ਵਿਚ ਅੰਧਰਾਸ਼ਟਰਵਾਦੀ, ਉਹ ਲੋਕ ਜਿਹੜੇ ਸਾਮਰਾਜੀ ਜੰਗ ਵਿਚ (ਅਤੇ, ਸਭ ਤੋਂ ਵਧ, ਅਜੋਕੀ ਸਾਮਰਾਜੀ ਜੰਗ ਵਿਚ) "ਪਿਤਰੀ-ਭੂਮੀ ਦੀ ਰਾਖੀ" ਨੂੰ ਮਾਨਤਾ ਦੇਂਦੇ ਹਨ।

ਇਹ ਲੋਕ ਸਾਡੇ **ਜਮਾਤੀ** ਦੁਸ਼ਮਣ ਹਨ। ਉਹ ਬੁਰਜੂਆਜ਼ੀ ਵੱਲ ਹੋ ਗਏ ਹਨ।

ਉਹ **ਸਾਰੇ** ਦੇਸਾਂ ਦੀਆਂ ਅਧਿਕਾਰਿਤ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੇ ਅਧਿਕਾਰਿਤ ਆਗੂਆਂ ਦੀ ਬਹੁ-ਗਿਣਤੀ ਹਨ—ਰੂਸ ਵਿਚ ਪਲੇਖ਼ਾਨੋਵ ਐਂਡ ਕੰਪਨੀ, ਜਰਮਨੀ ਵਿਚ ਸ਼ੀਦਮਾਨ, ਫ਼ਰਾਂਸ ਵਿਚ ਰੇਨਾਡੇਲ, ਗੇਦ ਅਤੇ ਸਮਬਾ, ਇਤਲੀ ਵਿਚ ਬਿਸੋਲਾਤੀ ਐਂਡ ਕੰਪਨੀ, ਬਰਤਾਨੀਆ ਵਿਚ ਹਿੰਡਮਨ, ਫ਼ੇਬੀਅਨ ਅਤੇ ਲੇਬਰਵਾਦੀ[117] ("ਲੇਬਰ ਪਾਰਟੀ" ਦੇ ਆਗੂ), ਸਵੀਡਨ ਵਿਚ ਬਰਾਂਟਿੰਗ ਐਂਡ ਕੰਪਨੀ, ਹਾਲੈਂਡ ਵਿਚ ਤਰੂਲਸਤਰਾ ਅਤੇ ਉਸਦੀ ਪਾਰਟੀ, ਡੈਨਮਾਰਕ ਵਿਚ ਸਟਾਊਨਿੰਗ ਅਤੇ ਉਸਦੀ ਪਾਰਟੀ, ਅਮਰੀਕਾ ਵਿਚ ਵਿਕਟਰ ਬਰਗਰ ਅਤੇ ਹੋਰ "ਪਿਤਰੀ-ਭੂਮੀ ਦੇ ਰਾਖੇ" ਆਦਿ।

(੨) ਦੂਜਾ ਰੁਝਾਣ, ਜਿਹੜਾ "ਵਿਚਾਲ-ਪੰਥ" ਵਜੋਂ ਜਾਣਿਆ ਜਾਂਦਾ ਹੈ,

ਉਹਨਾਂ ਲੋਕਾਂ ਦਾ ਹੈ ਜਿਹੜੇ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ ਸੱਚੇ ਕੌਮਾਂਤਰੀਵਾਦੀਆਂ ਵਿਚਕਾਰ ਡੱਕੋ-ਡੋਲੇ ਖਾਂਦੇ ਹਨ।

''ਵਿਚਾਲ-ਪੰਥ'' ਵਾਲੇ ਸਾਰੇ ਸੌਂਹਾਂ ਖਾਂਦੇ ਅਤੇ ਐਲਾਨ ਕਰਦੇ ਹਨ ਕਿ ਉਹ ਮਾਰਕਸਵਾਦੀ ਅਤੇ ਕੌਮਾਂਤਰੀਵਾਦੀ ਹਨ, ਕਿ ਉਹ ਅਮਨ ਦੇ ਹੱਕ ਵਿਚ, ਸਰਕਾਰਾਂ ਉਤੇ ਹਰ ਤਰ੍ਹਾਂ ਦਾ ''ਦਬਾਅ'' ਪਾਉਣ ਦੇ ਹੱਕ ਵਿਚ, ਹਰ ਤਰ੍ਹਾਂ ਨਾਲ ਇਹ ''ਮੰਗ ਕਰਨ'' ਦੇ ਹੱਕ ਵਿਚ ਹਨ ਕਿ ਉਹਨਾਂ ਦੀ ਆਪਣੀ ਸਰਕਾਰ ਨੂੰ ''ਲੋਕਾਂ ਦੀ ਅਮਨ ਲਈ ਇੱਛਾ ਦਾ ਪੱਕਾ ਪਤਾ'' ਲਾ ਲੈਣਾ ਚਾਹੀਦਾ ਹੈ, ਕਿ ਉਹ ਹਰ ਤਰ੍ਹਾਂ ਦੀਆਂ ਅਮਨ ਮੁਹਿੰਮਾਂ ਦੇ ਹੱਕ ਵਿਚ ਹਨ, ਅਲਹਾਕਾਂ ਤੋਂ ਬਿਨਾਂ ਅਮਨ ਦੇ ਹੱਕ ਵਿਚ ਹਨ, ਇਤਿ-ਆਦਿ — **ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਅਮਨ ਦੇ ਹੱਕ ਵਿਚ ਹਨ**। ''ਵਿਚਾਲ-ਪੰਥ'' ''ਏਕੇ'' ਦੇ ਹੱਕ ਵਿਚ ਹੈ, ਵਿਚਾਲ-ਪੰਥ ਦੁਫੇੜ ਦੇ ਖ਼ਿਲਾਫ਼ ਹੈ।

''ਵਿਚਾਲ-ਪੰਥ'' ਖੰਡ-ਗਲੇਫੀਆਂ ਨਿਕ-ਬੁਰਜੂਆ ਫ਼ਿਕਰੇਬਾਜ਼ੀਆਂ ਦੀ, ਕਥਨੀ ਵਿਚ ਕੌਮਾਂਤਰੀਵਾਦ ਅਤੇ ਕਰਨੀ ਵਿਚ ਕਾਇਰਾਂ ਵਾਲੀ ਮੌਕਾਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਦੀ ਖ਼ੁਸ਼ਾਮਦ ਕਰਨ ਦੀ ਦੁਨੀਆਂ ਹੈ।

ਨਚੋੜ ਇਹ ਹੈ ਕਿ ''ਵਿਚਾਲ-ਪੰਥ'' ਖ਼ੁਦ ਆਪਣੀ ਸਰਕਾਰ ਦੇ ਖ਼ਿਲਾਫ਼ ਇਨਕਲਾਬ ਦੀ ਲੋੜ ਨਾਲ ਸਹਿਮਤ ਨਹੀਂ; ਇਹ ਇਨਕਲਾਬ ਦਾ ਪ੍ਰਚਾਰ ਨਹੀਂ ਕਰਦਾ; ਇਹ ਪੂਰੇ ਦਿਲ ਨਾਲ ਇਨਕਲਾਬੀ ਘੋਲ ਨਹੀਂ ਚਲਾਉਂਦਾ; ਅਤੇ ਇਹੋ ਜਿਹੇ ਘੋਲ ਨੂੰ ਟਾਲਣ ਲਈ ਇਹ ਨਿਗੂਣੇ ਤੋਂ ਨਿਗੂਣੇ ਪੜ-''ਮਾਰਕਸਵਾਦੀ'' ਦਿੱਖ ਵਾਲੇ **ਬਹਾਨਿਆਂ** ਦਾ ਆਸਰਾ ਲੈਂਦਾ ਹੈ।

ਸਮਾਜੀ-ਅੰਧਰਾਸ਼ਟਰਵਾਦੀ ਸਾਡੇ **ਜਮਾਤੀ ਦੁਸ਼ਮਣ** ਹਨ, ਉਹ ਮਜ਼ਦੂਰ ਜਮਾਤ ਲਹਿਰ ਦੇ ਅੰਦਰ **ਬੁਰਜੂਆ** ਹਨ। ਉਹ ਅਜਿਹੇ ਤਬਕੇ ਦੀ, ਜਾਂ ਟੋਲਿਆਂ ਦੀ, ਜਾਂ ਮਜ਼ਦੂਰ ਜਮਾਤ ਦੇ ਹਿੱਸਿਆਂ ਦੀ ਪ੍ਰਤਿਨਿਧਤਾ ਕਰਦੇ ਹਨ, ਜਿਨ੍ਹਾਂ ਨੂੰ **ਬਾਹਰਮੁਖੀ ਤੌਰ ਉਤੇ** ਬੁਰਜੂਆਜ਼ੀ ਵਲੋਂ ਰਿਸ਼ਵਤ ਦਿਤੀ ਜਾ ਚੁਕੀ ਹੈ (ਚੰਗੇਰੀਆਂ ਉਜਰਤਾਂ, ਸਨਮਾਣ ਵਾਲੀਆਂ ਥਾਵਾਂ, ਆਦਿ ਨਾਲ), ਅਤੇ **ਖ਼ੁਦ ਆਪਣੀ** ਬੁਰਜੂਆਜ਼ੀ ਦੀ ਛੋਟੀਆਂ ਅਤੇ ਕਮਜ਼ੋਰ ਕੌਮਾਂ ਨੂੰ ਲੁੱਟਣ ਅਤੇ ਦਬਾਉਣ ਵਿਚ, ਅਤੇ ਸਰਮਾਇਦਾਰਾਨਾ ਲੁੱਟ ਦੇ ਮਾਲ ਦੀਆਂ ਵੰਡੀਆਂ ਪਾਉਣ **ਲਈ** ਲੜਾਈ ਵਿਚ ਸਹਾਇਤਾ ਕਰਦੇ ਹਨ।

''ਵਿਚਾਲ-ਪੰਥ'' ਵਿਚ ਨਿੱਤ-ਕਿਰਿਆ ਦੇ ਪੁਜਾਰੀ, ਕਾਨੂੰਨੀਅਤ ਦੇ ਘੁਣ ਨਾਲ ਖਾਧੇ ਹੋਏ, ਪਾਰਲੀਮੈਂਟਰੀ ਵਾਯੂ-ਮੰਡਲ ਨਾਲ ਭ੍ਰਸ਼ਟੇ ਹੋਏ, ਆਦਿ, ਹਨ, ਨਿਘੀਆਂ ਥਾਵਾਂ ਅਤੇ ''ਸੁਖਾਵੀਆਂ'' ਨੌਕਰੀਆਂ ਦੇ ਆਦੀ ਦਫ਼ਤਰਸ਼ਾਹ ਹਨ। ਇਤਿਹਾਸਕ ਤੌਰ ਉਤੇ ਅਤੇ ਆਰਥਕ ਤੌਰ ਉਤੇ ਗੱਲ ਕੀਤਿਆਂ, ਉਹ **ਵੱਖਰਾ ਤਬਕਾ** ਨਹੀਂ ਹਨ, ਸਗੋਂ ਮਜ਼ਦੂਰ ਜਮਾਤ ਲਹਿਰ ਦੇ ਪਿਛਲੇ ਦੌਰ ਤੋਂ — ੧੮੭੧

ਅਤੇ ੧੯੧੪ ਵਿਚਲੇ ਦੌਰ ਤੋਂ, ਜਿਸਨੇ ਪ੍ਰੋਲਤਾਰੀਆਂ ਨੂੰ ਬਹੁਤ ਕੁਝ ਦਿਤਾ ਜੋ ਕੀਮਤੀ ਸੀ, ਖ਼ਾਸ ਤੌਰ ਉਤੇ ਵੱਡੇ ਅਤੇ ਬਹੁਤ ਵੱਡੇ ਪੈਮਾਨੇ ਉਤੇ ਹੌਲੀ ਹੌਲੀ, ਅਤੇ ਬਾਕਾਇਦਾ ਜਥੇਬੰਦਕ ਕੰਮ ਦੀ ਲਾਜ਼ਮੀ ਕਲਾ ਵਿਚ — ਨਵੇਂ **ਦੌਰ** ਵੱਲ **ਤਬਦੀਲੀ** ਦੀ ਹੀ ਪ੍ਰਤਿਨਿਧਤਾ ਕਰਦੇ ਹਨ, ਜਿਹੜਾ ਦੌਰ ਪਹਿਲੀ ਸਾਮਰਾਜੀ ਸੰਸਾਰ ਜੰਗ ਦੇ ਛਿੜਣ ਨਾਲ, ਜਿਸਨੇ **ਸਮਾਜੀ ਇਨਕਲਾਬ ਦੇ ਯੁਗ** ਦਾ ਉਦਘਾਟਣ ਕੀਤਾ, **ਬਾਹਰਮੁਖੀ ਤੌਰ ਉਤੇ** ਲਾਜ਼ਮੀ ਬਣ ਗਿਆ।

''ਵਿਚਾਲ-ਪੰਥ'' ਦਾ ਮੁਖ ਆਗੂ ਅਤੇ ਬੁਲਾਰਾ ਕਾਰਲ ਕਾਊਟਸਕੀ ਹੈ, ਦੂਜੀ ਇੰਟਰਨੈਸ਼ਨਲ (੧੮੮੯-੧੯੧੪) ਵਿਚ ਸਭ ਤੋਂ ਵਧ ਸਿਰਕੱਢ ਪ੍ਰਮਾਣ-ਪੁਰਸ਼, ਅਗਸਤ ੧੯੧੪ ਤੋਂ ਲੈ ਕੇ ਮਾਰਕਸਵਾਦੀ ਵਿਚੋਂ ਨਿਰੋਲ ਦੀਵਾਲੀਆਪੁਣੇ ਦਾ ਸਾਕਾਰ ਰੂਪ, ਅਣਸੁਣੀ ਕਾਇਰਤਾ ਦਾ ਅਤੇ ਅਤਿ ਭੈੜੇ ਜੱਕੋ-ਤੱਕਿਆਂ ਅਤੇ ਗ਼ੱਦਾਰੀਆਂ ਦਾ ਸਾਕਾਰ ਰੂਪ ਹੈ। ਇਸ ''ਵਿਚਾਲ-ਪੰਥੀ'' ਰੁਝਾਣ ਵਿਚ ਕਾਊਟਸਕੀ, ਹਾਜ਼ੇ, ਲੇਦੇਬੂਰ ਅਤੇ ਰਾਈਖ਼ਸਤਾਗ ਵਿਚ ਅਖੌਤੀ ਮਜ਼ਦੂਰ ਜਾਂ ਕਿਰਤੀ ਟੋਲੇ''[118] ਸ਼ਾਮਲ ਹਨ; ਫ਼ਰਾਂਸ ਵਿਚ ਇਹਨਾਂ ਵਿਚ ਲਾਂਗੇ, ਪ੍ਰਸਮੈਨ ਅਤੇ ਆਮ ਤੌਰ ਉਤੇ ਅਖੌਤੀ ''ਮਿਨਾਰੀਤੇਰ''[119] (ਮੈਨਸ਼ਵਿਕ) ਸ਼ਾਮਲ ਹਨ; ਬਰਤਾਨੀਆ ਵਿਚ ਫ਼ਿਲਿਪ ਸਨੋਡਨ, ਰੈਮਜ਼ੇ ਮੈਕਡਾਨਲਡ ਅਤੇ ਸਵੈਧੀਨ ਲੇਬਰ ਪਾਰਟੀ ਦੇ ਕਈ ਹੋਰ ਆਗੂ, ਅਤੇ ਬਰਤਾਨਵੀ ਸੋਸ਼ਲਿਸਟ ਪਾਰਟੀ[120] ਦੇ ਕੁਲ ਆਗੂ ਸ਼ਾਮਲ ਹਨ; ਅਮਰੀਕਾ ਵਿਚ ਮੌਰਿਸ ਹਿਲਕੁਇਟ ਅਤੇ ਕਈ ਹੋਰ; ਇਟਲੀ ਵਿਚ ਤੂਰਾਤੀ, ਤਰੇਵੇਜ਼, ਮੋਦੀਲਿਆਨੀ ਆਦਿ; ਸਵਿਟਜ਼ਰਲੈਂਡ ਵਿਚ ਰਾਬਰਟ ਗਰਿੱਮ ਆਦਿ; ਆਸਟਰੀਆ ਵਿਚ ਵਿਕਟਰ ਐਡਲਰ ਐਂਡ ਕੰਪਨੀ; ਰੂਸ ਵਿਚ ਜਥੇਬੰਦਕ ਕਮੇਟੀ ਦੀ ਪਾਰਟੀ, ਅਕਸੇਲਰੋਦ, ਮਾਰਤੋਵ, ਛੇਈਦਜ਼ੇ, ਤਸੇਰੇਤੇਲੀ ਆਦਿ।

ਕੁਦਰਤੀ ਤੌਰ ਉਤੇ, ਸਮੇਂ ਸਮੇਂ ਵਿਅਕਤੀ ਅਚੇਤ ਤੌਰ ਉਤੇ ਸਮਾਜੀ-ਅੰਧਰਾਸ਼ਟਰਵਾਦੀ ਤੋਂ ''ਵਿਚਾਲ-ਪੰਥੀ'' ਦ੍ਰਿਸ਼ਟੀਕੋਣ ਵੱਲ, ਅਤੇ ''ਵਿਚਾਲ-ਪੰਥ'' ਤੋਂ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਵੱਲ ਤਿਲਕ ਜਾਂਦੇ ਹਨ। ਹਰ ਮਾਰਕਸਵਾਦੀ ਜਾਣਦਾ ਹੈ ਕਿ ਜਮਾਤਾਂ ਸਪਸ਼ਟ ਹੁੰਦੀਆਂ ਹਨ, ਭਾਵੇਂ ਵਿਅਕਤੀ ਇਕ ਜਮਾਤ ਤੋਂ ਦੂਜੀ ਜਮਾਤ ਵੱਲ ਖੁਲ੍ਹੀ ਤਰ੍ਹਾਂ ਆ ਜਾ ਸਕਦੇ ਹਨ; ਇਸੇ ਤਰ੍ਹਾਂ ਬਾਵਜੂਦ ਇਸ ਤੱਥ ਦੇ ਕਿ ਵਿਅਕਤੀ ਭਾਵੇਂ ਇਕ ਤੋਂ ਦੂਜੇ ਰੁਝਾਣ ਵੱਲ ਜਾਂਦੇ ਰਹਿਣ, ਅਤੇ ਰੁਝਾਣਾਂ ਨੂੰ **ਇਕ ਦੂਜੇ ਵਿਚ ਮਿਲਾਉਣ** ਦੇ ਸਾਰੇ ਯਤਨਾਂ ਅਤੇ ਕੋਸ਼ਿਸ਼ਾਂ ਦੇ ਬਾਵਜੂਦ, ਰਾਜਸੀ ਜੀਵਨ ਦੇ **ਰੁਝਾਣ** ਸਪਸ਼ਟ ਹੁੰਦੇ ਹਨ।

(੩) ਤੀਜੇ ਰੁਝਾਣ, ਸੱਚੇ ਕੌਮਾਂਤਰੀਵਾਦੀਆਂ ਦੇ ਰੁਝਾਣ, ਦੀ ਸਭ ਤੋਂ ਚੰਗੀ ਪ੍ਰਤਿਨਿਧਤਾ ''ਜ਼ਿੱਮਰਵਾਲਡ ਖੱਬਾ ਧੜਾ''[121] ਕਰਦਾ ਹੈ (ਅਸੀਂ ਪਾਠਕ ਨੂੰ ਇਸ

ਰੁਝਾਣ ਦੇ ਬਣਨ ਬਾਰੇ **ਖ਼ੁਦ** ਆਪ ਜਾਨਣ ਦੇ ਸਮਰਥ ਬਨਾਉਣ ਲਈ, ਇਸਦਾ ਸਤੰਬਰ ੧੯੧੫ ਦਾ ਮੈਨੀਫ਼ੈਸਟੋ ਜ਼ਮੀਮੇ ਵਜੋਂ ਮੁੜ ਛਾਪ ਰਹੇ ਹਾਂ)।

ਇਸਦਾ ਨਿੱਖੜਵਾਂ ਲੱਛਣ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਵੀ ਅਤੇ "ਵਿਚਾਲ-ਪੰਥ" ਨਾਲ ਵੀ ਪੂਰਨ ਤੋੜ-ਵਿਛੋੜਾ, ਅਤੇ **ਖ਼ੁਦ ਆਪਣੀ** ਸਾਮਰਾਜੀ ਸਰਕਾਰ ਦੇ ਅਤੇ **ਖ਼ੁਦ ਆਪਣੀ** ਸਾਮਰਾਜੀ ਬੁਰਜੁਆਜ਼ੀ ਦੇ ਖ਼ਿਲਾਫ਼ ਇਸਦਾ ਦਲੇਰ ਇਨਕਲਾਬੀ ਘੋਲ ਹੈ। ਇਸਦਾ ਅਸੂਲ ਹੈ: "ਸਾਡਾ ਮੁਖ ਦੁਸ਼ਮਣ ਘਰ ਵਿਚ ਹੈ।" ਇਹ ਖੰਡ-ਗਲੇਫੀਆਂ ਸਮਾਜੀ-ਸ਼ਾਂਤੀਵਾਦੀ ਫ਼ਿਕਰੇਬਾਜ਼ੀਆਂ ਦੇ ਖ਼ਿਲਾਫ਼ (ਸਮਾਜੀ-ਸ਼ਾਂਤੀਵਾਦੀ ਕਥਨੀ ਵਿਚ ਸੋਸ਼ਲਿਸਟ ਅਤੇ ਕਰਨੀ ਵਿਚ ਬੁਰਜੂਆ ਸ਼ਾਂਤੀਵਾਦੀ ਹੈ; ਬੁਰਜੂਆ ਸ਼ਾਂਤੀਵਾਦੀ ਸਰਮਾਏ ਦੇ ਜੂਲੇ ਅਤੇ ਗ਼ਲਬੇ ਨੂੰ ਲਾਹ ਮਾਰਨ **ਤੋਂ ਬਿਨਾਂ** ਹੀ ਸਦੀਵੀ ਅਮਨ ਦੇ ਸੁਪਨੇ ਲੈਂਦੇ ਹਨ) ਅਤੇ ਸਾਰੇ **ਬਹਾਨਿਆਂ** ਦੇ ਖ਼ਿਲਾਫ਼ ਬੇਕਿਰਕ ਘੋਲ ਕਰਦਾ ਹੈ, ਜਿਹੜੇ ਬਹਾਨੇ ਪ੍ਰੋਲਤਾਰੀ ਇਨਕਲਾਬੀ ਘੋਲ ਦੇ, ਅਤੇ ਅਜੋਕੀ ਜੰਗ **ਦੇ ਸੰਬੰਧ ਵਿਚ** ਪ੍ਰੋਲਤਾਰੀ ਸੋਸ਼ਲਿਸਟ ਇਨਕਲਾਬ ਦੀ ਸੰਭਾਵਨਾ, ਜਾਂ ਯੋਗਤਾ, ਜਾਂ ਸਮੇਂ-ਅਨੁਕੂਲਤਾ ਤੋਂ ਇਨਕਾਰ ਕਰਨ ਲਈ ਵਰਤੇ ਜਾਂਦੇ ਹਨ।

ਜਰਮਨੀ ਵਿਚ ਇਸ ਰੁਝਾਣ ਦਾ ਸਭ ਤੋਂ ਸਿਰਕੱਢ ਪ੍ਰਤਿਨਿਧ ਸਪਾਰਟਾਕਸ ਗਰੁੱਪ ਜਾਂ ਇੰਟਰਨੈਸ਼ਨਲ ਗਰੁੱਪ[122] ਹੈ, ਜਿਸ ਨਾਲ ਕਾਰਲ ਲੀਬਕਨੇਖ਼ਤ ਸੰਬੰਧ ਰਖਦਾ ਹੈ। ਕਾਰਲ ਲੀਬਕਨੇਖ਼ਤ ਇਸ ਰੁਝਾਣ ਦਾ ਅਤੇ **ਨਵੀਂ**, ਅਤੇ ਸੱਚੀ, ਪ੍ਰੋਲਤਾਰੀ ਇੰਟਰਨੈਸ਼ਨਲ ਦਾ ਸਭ ਤੋਂ ਵਧ ਸਨਮਾਣਤ ਪ੍ਰਤਿਨਿਧ ਹੈ।

ਕਾਰਲ ਲੀਬਕਨੇਖ਼ਤ ਨੇ ਜਰਮਨੀ ਦੇ ਮਜ਼ਦੂਰਾਂ ਅਤੇ ਫ਼ੌਜੀਆਂ ਨੂੰ **ਖ਼ੁਦ ਆਪਣੀ** ਸਰਕਾਰ ਦੇ ਖ਼ਿਲਾਫ਼ **ਆਪਣੀਆਂ ਬੰਦੂਕਾਂ ਮੋੜਨ** ਲਈ ਅਪੀਲ ਕੀਤੀ। ਕਾਰਲ ਲੀਬਕਨੇਖ਼ਤ ਨੇ ਖੁਲ੍ਹਮ-ਖੁਲ੍ਹਾ ਪਾਰਲੀਮੈਂਟ (ਰਾਈਖ਼ਸਤਾਗ਼) ਦੇ ਮੰਚ ਤੋਂ ਅਜਿਹਾ ਕੀਤਾ। ਫਿਰ ਉਹ ਬਰਲਿਨ ਵਿਚਲੇ ਸਭ ਤੋਂ ਵੱਡੇ ਆਮ ਚੌਕਾਂ ਵਿਚੋਂ ਇਕ, ਪੋਟਸਦਾਮੇਰ ਪਲਾਟਜ਼, ਵਿਚ, "ਸਰਕਾਰ ਮੁਰਦਾਬਾਦ!" ਦੇ ਨਾਅਰੇ ਦਾ ਐਲਾਨ ਕਰਦੀਆਂ ਗ਼ੈਰ-ਕਾਨੂੰਨੀ ਤੌਰ ਉਤੇ ਛਪੀਆਂ ਦੁਵਰਕੀਆਂ ਲੈ ਕੇ, ਮੁਜ਼ਾਹਰੇ ਵਿਚ ਪੁੱਜਾ। ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸ਼ਖ਼ਤ **ਕੈਦ** ਦੀ ਸਜ਼ਾ ਦਿਤੀ ਗਈ। ਇਸ ਸਮੇਂ ਉਹ, ਜੇ ਹਜ਼ਾਰਾਂ ਨਹੀਂ, ਤਾਂ **ਸੈਂਕੜੇ** ਦੂਜੇ **ਸੱਚੇ** ਜਰਮਨ ਸੋਸ਼ਲਿਸਟਾਂ ਵਾਂਗ, ਜਿਨ੍ਹਾਂ ਨੂੰ ਉਹਨਾਂ ਦੀਆਂ ਜੰਗ-ਵਿਰੋਧੀ ਸਰਗਰਮੀਆਂ ਲਈ ਕੈਦ ਕਰ ਦਿਤਾ ਗਿਆ ਹੈ, ਜਰਮਨ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ।

ਕਾਰਲ ਲੀਬਕਨੇਖ਼ਤ ਨੇ ਆਪਣੀਆਂ ਤਕਰੀਰਾਂ ਅਤੇ ਚਿੱਠੀਆਂ ਵਿਚ ਨਾ ਸਿਰਫ਼ **ਆਪਣੇ** ਪਲੇਖ਼ਾਨੋਵਾਂ ਅਤੇ ਪੋਤਰੇਸੋਵਾਂ (ਸ਼ੀਦਮਾਨਾਂ, ਲੇਗੀਨਾਂ, ਡੇਵਿਡਾਂ ਐਂਡ ਕੰਪਨੀ) ਦੀ ਹੀ ਸਗੋਂ **ਆਪਣੇ ਵਿਚਾਲ-ਪੰਥੀਆਂ**, ਆਪਣੇ ਛੇਈਦਜ਼ਿਆਂ ਅਤੇ ਤਸੇਰੇਤੇਲੀਆਂ (ਕਾਊਟਸਕੀ, ਹਾਜ਼ੇ, ਲੇਦੇਬੂਰ ਐਂਡ ਕੰਪਨੀ) ਦੀ ਵੀ ਬੇਕਿਰਕ ਆਲੋਚਨਾ ਕੀਤੀ।

ਕਾਰਲ ਲੀਬਕਨੇਖ਼ਤ ਅਤੇ ਉਸਦਾ ਮਿੱਤਰ ਆਟੋ ਰਿਊਲੇ ਇਕ ਸੌ ਦਸ ਡਿਪਟੀਆਂ ਵਿਚੋਂ ਦੋ ਡਿਪਟੀ ਸਨ ਜਿਨ੍ਹਾਂ ਨੇ ਜ਼ਬਤ ਦੀ ਉਲੰਘਣਾ ਕੀਤੀ, "ਵਿਚਾਲ-ਪੰਥ" ਅਤੇ ਅੰਧਰਾਸ਼ਟਰਵਾਦੀਆਂ ਨਾਲ "ਏਕਤਾ" ਖ਼ਤਮ ਕੀਤੀ ਅਤੇ **ਉਹਨਾਂ ਸਾਰਿਆਂ ਦੇ ਉਲਟ ਗਏ। ਇਕੱਲਾ** ਲੀਬਕਨੇਖ਼ਤ ਸੋਸ਼ਲਿਜ਼ਮ ਦੀ, ਪ੍ਰੋਲਤਾਰੀ ਉਦੇਸ਼ ਦੀ, ਪ੍ਰੋਲਤਾਰੀ ਇਨਕਲਾਬ ਦੀ ਪ੍ਰਤਿਨਿਧਤਾ ਕਰਦਾ ਹੈ। ਜਰਮਨ ਸੋਸ਼ਲ-ਡੈਮੋਕਰੇਸੀ ਦੇ **ਸਾਰੇ**, ਰੋਜ਼ਾ ਲਕਸਮਬੁਰਗ ਦੇ ਯੋਗ ਸ਼ਬਦਾਂ ਵਿਚ (ਉਹ ਵੀ ਸਪਾਰਟਾਕਸ ਗਰੁੱਪ ਦੀ ਮੈਂਬਰ ਅਤੇ ਇਸਦੀ ਇਕ ਆਗੂ ਹੈ), "**ਬੋ-ਮਾਰਦੀ ਲਾਸ਼**" ਹਨ।

ਜਰਮਨੀ ਵਿਚ ਸੱਚੇ ਕੌਮਾਂਤਰੀਵਾਦੀਆਂ ਦਾ ਇਕ ਹੋਰ ਗਰੁੱਪ ਬਰੇਮਨ ਦੇ ਅਖ਼ਬਾਰ "Arbeiterpolitik"[123] ਦਾ ਹੈ।

ਕਰਨੀ ਵਿਚ ਕੌਮਾਂਤਰੀਵਾਦੀਆਂ ਦੇ ਸਭ ਤੋਂ ਨੇੜੇ ਇਹ ਹਨ: ਫ਼ਰਾਂਸ ਵਿਚ ਲੋਰੀਓ ਅਤੇ ਉਸਦੇ ਮਿੱਤਰ (ਬੂਰਦੇਰੋਨ ਅਤੇ ਮਰਹਾਈਮ ਸਮਾਜੀ-ਸ਼ਾਂਤੀਵਾਦ ਵਿਚ ਜਾ ਡਿੱਗੇ ਹਨ), ਅਤੇ ਫ਼ਰਾਂਸੀਸੀ ਹੈਨਰੀ ਗਿਲਬੋ ਜਿਹੜਾ ਜਨੇਵਾ ਤੋਂ ਰਸਾਲਾ "Demain"[124] ਕੱਢਦਾ ਹੈ, ਬਰਤਾਨੀਆ ਵਿਚ ਅਖ਼ਬਾਰ "ਟਰੇਡ ਯੂਨੀਅਨਿਸਟ"[125] ਅਤੇ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਅਤੇ ਸਵੈਧੀਨ ਲੇਬਰ ਪਾਰਟੀ ਦੇ **ਕੁਝ** ਮੈਂਬਰ (ਉਦਾਹਰਣ ਵਜੋਂ, ਵਿਲੀਅਮਜ਼ ਰਸਲ, ਜਿਸਨੇ ਉਹਨਾਂ ਆਗੂਆਂ ਨਾਲੋਂ ਨਾਤਾ ਤੋੜਨ ਦਾ ਖੁਲ੍ਹਮ-ਖੁਲ੍ਹਾ ਨਾਅਰਾ ਦਿਤਾ ਜਿਹੜੇ ਸੋਸ਼ਲਿਜ਼ਮ ਨਾਲ **ਦਗ਼ਾ ਕਰ ਗਏ ਹਨ**), ਸਕਾਟਲੈਂਡ ਦਾ ਸੋਸ਼ਲਿਸਟ ਸਕੂਲ-ਮਾਸਟਰ **ਮੈਕਲੀਨ**, ਜਿਸਨੂੰ ਜੰਗ ਦੇ ਖ਼ਿਲਾਫ਼ ਇਨਕਲਾਬੀ ਘੋਲ ਕਾਰਨ ਬਰਤਾਨੀਆ ਦੀ ਬੁਰਜੂਆ ਸਰਕਾਰ ਨੇ ਸਖ਼ਤ **ਕੈਦ** ਦੀ ਸਜ਼ਾ ਦਿਤੀ, ਅਤੇ ਸੈਂਕੜੇ ਬਰਤਾਨਵੀ ਸੋਸ਼ਲਿਸਟ ਜਿਹੜੇ ਇਸੇ ਹੀ ਜੁਰਮ ਕਰਕੇ ਕੈਦ ਹਨ। ਉਹ, ਅਤੇ ਸਿਰਫ਼ ਉਹੋ, **ਕਰਨੀ ਵਿਚ** ਕੌਮਾਂਤਰੀਵਾਦੀ ਹਨ। ਅਮਰੀਕਾ ਵਿਚ ਸੋਸ਼ਲਿਸਟ ਲੇਬਰ ਪਾਰਟੀ[126] ਅਤੇ ਮੌਕਾਪ੍ਰਸਤ ਸੋਸ਼ਲਿਸਟ ਪਾਰਟੀ[127] ਵਿਚ ਉਹ ਲੋਕ ਜਿਨ੍ਹਾਂ ਨੇ ਜਨਵਰੀ ੧੯੧੭ ਵਿਚ ਅਖ਼ਬਾਰ "ਦੀ ਇੰਟਰਨੈਸ਼ਨਲਿਸਟ" ("The Internationalist")[128] ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ; ਹਾਲੈਂਡ ਵਿਚ, "ਟਰਿਬਿਊਨਵਾਦੀਆਂ" ਦੀ ਪਾਰਟੀ ਜਿਹੜੀ ਅਖ਼ਬਾਰ "The Tribune"[129] ਪ੍ਰਕਾਸ਼ਤ ਕਰਦੀ ਹੈ (ਪਾਨੇਕੁਕ, ਹਰਮਨ ਗੋਰਟਰ, ਵਾਈਨਕੂਪ ਅਤੇ ਹੈਨਰੀਟੇ ਰੋਲਾਂਦ-ਹੋਲਸਤ, ਜਿਹੜਾ ਜ਼ਿਮਰਵਾਲਡ ਵਿਚ ਭਾਵੇਂ ਵਿਚਾਲ-ਪੰਥੀ ਸੀ, ਪਰ ਹੁਣ ਸਾਡੀਆਂ ਸਫ਼ਾਂ ਵਿਚ ਆ ਰਲਿਆ ਹੈ); ਸਵੀਡਨ ਵਿਚ ਨੌਜਵਾਨਾਂ ਦੀ, ਜਾਂ ਖੱਬੇ ਦਲ ਦੀ ਪਾਰਟੀ[130] ਜਿਸਦੇ ਆਗੂ ਲਿੰਦਹਗਨ, ਤੂਰੇ ਨੇਰਮਾਨ, ਕਾਰਲਸਨ, ਸਤਰਿਓਮ ਅਤੇ ਜ਼: ਹੋਗਲੂੰਡ ਹਨ, ਜਿਹੜਾ ਜ਼ਿੱਮਰਵਾਲਡ ਵਿਚ "ਜ਼ਿਮਰਵਾਲਡ ਖੱਬੇ ਦਲ" ਨੂੰ ਜਥੇਬੰਦ ਕਰਨ ਵਿਚ ਖ਼ੁਦ ਸਰਗਰਮ ਸੀ ਅਤੇ ਜਿਹੜਾ ਹੁਣ ਜੰਗ ਦੇ ਖ਼ਿਲਾਫ਼ ਇਨਕਲਾਬੀ ਘੋਲ ਲਈ ਜੇਲ੍ਹ

ਵਿਚ ਹੈ; ਡੈਨਮਾਰਕ ਵਿਚ, ਤਰੀਏਰ ਅਤੇ ਉਸਦੇ ਮਿੱਤਰ ਜਿਹੜੇ **ਮੰਤਰੀ** ਸਟਾਊਨਿੰਗ ਦੀ ਅਗਵਾਈ ਹੇਠਲੀ ਹੁਣ ਡੈਨਮਾਰਕ ਦੀ ਨਿਰੋਲ **ਬੁਰਜੂਆ** "ਸੋਸ਼ਲ-ਡੈਮੋਕਰੈਟਿਕ" ਪਾਰਟੀ ਵਿਚੋਂ ਨਿਕਲ ਗਏ ਹਨ, ਬਲਗਾਰੀਆ ਵਿਚ "ਤੇਸਨੀਆਕੀ"[131], ਇਟਲੀ ਵਿਚ ਨੇੜੇ ਤੋਂ ਨੇੜੇ ਹਨ, ਪਾਰਟੀ ਦਾ ਸਕੱਤਰ ਕਨਸਤਨਤੀਨੋ ਲਾਜ਼ਾਰੀ ਅਤੇ ਕੇਂਦਰੀ ਅਖ਼ਬਾਰ "Avanti!" ਦਾ ਸੰਪਾਦਕ ਸੇਰਾਤੀ; ਪੋਲੈਂਡ ਵਿਚ ਰਾਦੇਕ, ਹਨੇਤਸਕੀ ਅਤੇ "ਇਲਾਕਾਈ ਕਾਰਜ-ਕਾਰੀ" ਹੇਠ ਇਕੱਠੇ ਹੋਏ ਹੋਏ ਸੋਸ਼ਲ-ਡੈਮੋਕਰੈਟਾਂ ਦੇ ਦੂਜੇ ਆਗੂ, ਅਤੇ ਰੋਜ਼ਾ ਲਕਸਮਬੁਰਗ, ਤੀਸ਼ਕਾ ਅਤੇ "ਮੁਖ ਕਾਰਜ-ਕਾਰੀ"[132] ਹੇਠ ਇਕੱਠੇ ਹੋਏ ਹੋਏ ਸੋਸ਼ਲ-ਡੈਮੋਕਰੈਟਾਂ ਦੇ ਹੋਰ ਆਗੂ; ਸਵਿਟਜ਼ਰਲੈਂਡ ਵਿਚ, ਖਬੇ ਦੱਲ ਦੇ ਉਹ ਲੋਕ ਜਿਨ੍ਹਾਂ ਨੇ **ਖ਼ੁਦ ਆਪਣੇ** ਦੇਸ ਵਿਚ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ "ਵਿਚਾਲ-ਪੰਥ" ਨਾਲ ਜੂਝਣ ਲਈ "ਰੀਫ਼ਰੈਂਡਮ" (ਜਨਵਰੀ ੧੯੧੭) ਦੇ ਹੱਕ ਵਿਚ ਦਲੀਲ ਘੜੀ ਅਤੇ ਜਿਨ੍ਹਾਂ ਨੇ ੧੧ ਫ਼ਰਵਰੀ, ੧੯੧੭ ਵਿਚ ਤੋਸ ਵਿਖੇ ਹੋਈ ਜ਼ਿਊਰਚ ਕੈਂਟੋਨਲ ਸੋਸ਼ਲਿਸਟ ਕਨਵੈਨਸ਼ਨ ਵਿਚ ਜੰਗ ਦੇ ਖ਼ਿਲਾਫ਼ ਇਕਸਾਰ ਇਨਕਲਾਬੀ ਮੱਤਾ ਰਖਿਆ; ਆਸਟਰੀਆ ਵਿਚ, ਫ਼ਰੀਡਰਿਖ ਐਡਲਰ ਦੇ ਨੌਜਵਾਨ ਖੱਬੇ-ਦਲੀ ਦੋਸਤ, ਜਿਹੜੇ ਕੁਝ ਹੱਦ ਤੱਕ ਵੀਆਨਾ ਦੇ "ਕਾਰਲ ਮਾਰਕਸ" ਕਲੱਬ ਰਾਹੀਂ ਕਾਰਵਾਈ ਕਰਦੇ ਸਨ, ਜਿਹੜਾ ਕਲੱਬ ਅਤਿ ਦੀ ਪਿਛੇ-ਖਿਚੂ ਆਸਟਰਵੀ ਸਰਕਾਰ ਨੇ ਬੰਦ ਕਰ ਦਿਤਾ ਹੈ, ਅਤੇ ਇਹ ਸਰਕਾਰ ਇਕ ਮੰਤਰੀ ਉਤੇ ਬਹਾਦਰਾਨਾ, ਭਾਵੇਂ ਗ਼ਲਤ-ਸੋਚੀ ਗੋਲੀ ਚਲਾਉਣ ਲਈ ਐਡਲਰ ਦੀ ਜ਼ਿੰਦਗੀ ਤਬਾਹ ਕਰ ਰਹੀ ਹੈ; ਅਤੇ ਇਸੇ ਤਰ੍ਹਾਂ ਕਈ ਹੋਰ।

ਇਹ ਰਾਵਾਂ ਦੀ ਭਿੰਨਤਾ ਦਾ ਸਵਾਲ ਨਹੀਂ, ਜਿਹੜੀ ਯਕੀਨਨ ਖੱਬੇ ਦਲ ਵਾਲਿਆਂ ਵਿਚ ਵੀ ਮੌਜੂਦ ਹੈ। ਸਵਾਲ **ਰੁਝਾਣ** ਦਾ ਹੈ। ਗੱਲ ਇਹ ਹੈ ਕਿ ਭਿਅੰਕਰ ਸਾਮਰਾਜੀ ਜੰਗ ਦੇ ਦੌਰਾਨ ਕਰਨੀ ਵਿਚ ਕੌਮਾਂਤਰੀਵਾਦੀ ਹੋਣਾ ਕੋਈ ਸੌਖਾ ਨਹੀਂ। ਇਹੋ ਜਿਹੇ ਲੋਕ ਬਹੁਤ ਘਟ ਹਨ; ਪਰ ਇਹੋ ਜਿਹੇ ਲੋਕ **ਹੀ** ਹਨ ਜਿਨ੍ਹਾਂ ਉਤੇ ਸੋਸ਼ਲਿਜ਼ਮ ਦਾ ਭਵਿੱਖ ਨਿਰਭਰ ਹੈ; ਸਿਰਫ ਉਹ **ਹੀ ਲੋਕਾਂ ਦੇ ਆਗੂ** ਹਨ, ਉਹਨਾਂ ਨੂੰ ਭ੍ਰਸ਼ਟ ਕਰਨ ਵਾਲੇ ਨਹੀਂ।

ਸੋਸ਼ਲ-ਡੈਮੋਕਰੈਟਾਂ ਵਿਚ, ਅਤੇ ਆਮ ਤੌਰ ਉਤੇ ਸੋਸ਼ਲਿਸਟਾਂ ਵਿਚ, ਸੁਧਾਰਵਾਦੀਆਂ ਅਤੇ ਇਨਕਲਾਬੀਆਂ ਵਿਚ ਨਖੇੜੇ ਵਿਚ ਸਾਮਰਾਜੀ ਜੰਗ ਦੀਆਂ ਹਾਲਤਾਂ ਵਿਚ ਤਬਦੀਲੀ ਆਉਣੀ ਬਾਹਰਮੁਖੀ ਤੌਰ ਉਤੇ ਜ਼ਰੂਰੀ ਸੀ। ਜਿਹੜੇ ਲੋਕ ਆਪਣੇ ਆਪ ਨੂੰ ਇਹ "ਮੰਗ ਕਰਨ" ਤੱਕ ਸੀਮਤ ਰਖਦੇ ਹਨ ਕਿ ਬੁਰਜੂਆ ਸਰਕਾਰਾਂ ਨੂੰ ਅਮਨ ਸੰਧੀ ਕਰਨੀ ਚਾਹੀਦੀ ਹੈ ਜਾਂ "ਅਮਨ ਲਈ ਲੋਕਾਂ ਦੀ ਮਰਜ਼ੀ ਦਾ ਪਤਾ ਲਾ ਲੈਣਾ ਚਾਹੀਦਾ ਹੈ," ਆਦਿ, ਉਹ **ਅਸਲ ਵਿਚ** ਸੁਧਾਰਾਂ ਵੱਲ ਡਿਗ ਰਹੇ ਹਨ। **ਕਿਉਂਕਿ**

ਬਾਹਰਮੁਖੀ ਤੌਰ ਉਤੇ, **ਜੰਗ ਦੇ ਮਸਲੇ** ਸਿਰਫ਼ **ਇਨਕਲਾਬੀ ਤਰੀਕੇ ਨਾਲ ਹੀ** ਹਲ ਕੀਤੇ ਜਾ ਸਕਦੇ ਹਨ।

ਪ੍ਰੋਲਤਾਰੀ ਦੇ ਇਨਕਲਾਬ ਤੋਂ ਛੁਟ ਇਸਦੀ ਹੋਰ ਕੋਈ ਸੰਭਾਵਨਾ ਨਹੀਂ ਕਿ ਅਜੋਕੀ ਜੰਗ ਜਮਹੂਰੀ, ਗੈਰ-ਜਾਬਰ ਅਮਨ ਵਿਚ ਮੁਕੇਗੀ, ਜਾਂ ਲੋਕਾਂ ਨੂੰ ਸਰਮਾਇਦਾਰਾਂ ਨੂੰ ਸੂਦ ਵਜੋਂ ਅਦਾ ਕੀਤੇ ਗਏ **ਅਰਬਾਂ** ਦੇ ਬੋਝ ਤੋਂ ਛੁਟਕਾਰਾ ਮਿਲੇਗਾ, ਜਿਨ੍ਹਾਂ ਸਰਮਾਇਦਾਰਾਂ ਨੇ ਜੰਗ ਵਿਚੋਂ ਥੈਲੀਆਂ ਭਰ ਲਈਆਂ ਹਨ।

ਬੁਰਜੂਆ ਸਰਕਾਰਾਂ ਤੋਂ ਅਤਿ ਦੇ ਭਾਂਤ ਭਾਂਤ ਦੇ ਸੁਧਾਰਾਂ ਦੀ ਮੰਗ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਣੀ ਚਾਹੀਦੀ ਹੈ, ਪਰ ਮਾਨੀਲੋਵਵਾਦ ਅਤੇ ਸੁਧਾਰਵਾਦ ਤੱਕ ਥੱਲੇ ਲਹਿ ਜਾਣ ਤੋਂ ਬਿਨਾਂ, ਕੋਈ ਇਹ ਮੰਗ ਨਹੀਂ ਕਰ ਸਕਦਾ ਕਿ ਸਾਮਰਾਜੀ ਸਰਮਾਏ ਦੀਆਂ ਹਜ਼ਾਰਾਂ ਤੰਦਾਂ ਵਿਚ ਫਸੇ ਲੋਕ ਅਤੇ ਜਮਾਤਾਂ ਉਹਨਾਂ ਤੰਦਾਂ ਨੂੰ **ਤੋੜ ਦੇਣ** ਅਤੇ ਜਿੰਨਾਂ ਚਿਰ ਉਹਨਾਂ ਨੂੰ ਤੋੜੀਆ ਨਹੀਂ ਜਾਂਦੀਆਂ, ਜੰਗ ਦੇ ਖ਼ਿਲਾਫ਼ ਜੰਗ ਦੀਆਂ ਸਾਰੀਆਂ ਗੱਲਾਂ ਫਜ਼ੂਲ ਹਨ ਅਤੇ ਧੋਖੇ ਭਰੀ ਬਕਵਾਹਤ ਹਨ।

"ਕਾਊਟਸਕੀਵਾਦੀ", "ਵਿਚਾਲ-ਪੰਥੀ" ਕਥਨੀ ਵਿਚ ਇਨਕਲਾਬੀ ਅਤੇ ਕਰਨੀ ਵਿਚ ਸੁਧਾਰਵਾਦੀ ਹਨ, ਉਹ ਕਥਨੀ ਵਿਚ ਕੌਮਾਂਤਰੀਵਾਦੀ ਅਤੇ ਕਰਨੀ ਵਿਚ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਪਿਛਲੱਗ ਹਨ।

## ਜ਼ਿੱਮਰਵਾਲਡ ਇੰਟਰਨੈਸ਼ਨਲ ਦਾ ਢਹਿ-ਢੇਰੀ ਹੋਣਾ।— ਤੀਜੀ ਇੰਟਰਨੈਸ਼ਨਲ ਦੀ ਨੀਂਹ ਰੱਖਣ ਦੀ ਲੋੜ

੧੭. ਬਿਲਕੁਲ ਸ਼ੁਰੂ ਤੋਂ ਹੀ, ਜ਼ਿੱਮਰਵਾਲਡ ਇੰਟਰਨੈਸ਼ਨਲ ਨੇ ਡੱਕੋ-ਡੋਲੇ ਖਾਂਦਾ, "ਕਾਊਟਸਕੀਵਾਦੀ", "ਵਿਚਾਲ-ਪੰਥੀ" ਦ੍ਰਿਸ਼ਟੀਕੋਣ ਅਪਣਾਇਆ, ਜਿਸਨੇ **ਜ਼ਿੱਮਰਵਾਲਡ ਖੱਬੇ ਦਲ** ਨੂੰ ਤੁਰਤ ਮਜਬੂਰ ਕਰ ਦਿਤਾ ਕਿ ਉਹ ਬਾਕੀ ਦਿਆਂ ਨਾਲੋਂ ਆਪਣਾ ਸੰਬੰਧ ਤੋੜ ਲਵੇ, ਆਪਣੇ ਆਪ ਨੂੰ ਵੱਖ ਕਰ ਲਵੇ, ਅਤੇ **ਖ਼ੁਦ ਆਪਣਾ** ਮੈਨੀਫ਼ੈਸਟੋ ਜਾਰੀ ਕਰੇ (ਜਿਹੜਾ ਸਵਿਟਜ਼ਰਲੈਂਡ ਵਿਚ, ਰੂਸੀ, ਜਰਮਨ ਅਤੇ ਫ਼ਰਾਂਸੀਸੀ ਵਿਚ ਪ੍ਰਕਾਸ਼ਤ ਕੀਤਾ ਗਿਆ)।

ਜ਼ਿੱਮਰਵਾਲਡ ਇੰਟਰਨੈਸ਼ਨਲ ਦੀ ਮੁਖ ਕਮੀ ਅਤੇ ਇਸਦੇ **ਢਹਿ-ਢੇਰੀ ਹੋਣ** ਦਾ ਕਾਰਨ (ਕਿਉਂਕਿ ਰਾਜਨੀਤਕ ਅਤੇ ਵਿਚਾਰਧਾਰਕ ਤੌਰ ਉਤੇ ਇਹ ਪਹਿਲਾਂ ਹੀ ਢਹਿ-ਢੇਰੀ ਹੋ ਚੁਕੀ ਹੈ) ਇਸਦੀ ਡਾਵਾਂਡੋਲਤਾ, ਅਤੇ ਸਮਾਜੀ-ਅੰਧਰਾਸ਼ਟਰਵਾਦ ਨਾਲ ਅਤੇ ਹੇਗ (ਹਾਲੈਂਡ ਦੇ) ਵਾਂਡਰਵੇਲਡੇ, ਹੂਈਸਮਾਨ ਆਦਿ ਦੀ ਅਗਵਾਈ

ਹੇਠਲੀ ਪੁਰਾਣੀ ਸਮਾਜੀ-ਅੰਧਰਾਸ਼ਟਰਵਾਦੀ ਇੰਟਰਨੈਸ਼ਨਲ ਨਾਲ ਪੂਰੀ ਤਰ੍ਹਾਂ ਨਾਤਾ ਤੋੜਨ ਜਿਹੇ ਅਮਲੀ **ਮਹੱਤਤਾ ਵਾਲੇ ਜ਼ਰੂਰੀ** ਮਸਲੇ ਸੰਬੰਧੀ ਇਸਦੀ ਦੁਚਿਤੀ ਸੀ।

ਰੂਸ ਵਿਚ ਅਜੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਜ਼ਿੰਮਰਵਾਲਡ ਦੀ ਬਹੁ-ਗਿਣਤੀ ਸਿਵਾਏ **ਕਾਊਟਸਕੀਵਾਦੀਆਂ ਦੇ ਹੋਰ ਕੁਝ ਨਹੀਂ**। ਤਾਂ ਵੀ ਇਹ ਬੁਨਿਆਦੀ ਹਕੀਕਤ ਹੈ, ਅਜਿਹੀ ਹਕੀਕਤ ਜਿਸਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ, ਅਤੇ ਜਿਸਦਾ ਹੁਣ ਪੱਛਮੀ ਯੂਰਪ ਵਿਚ ਆਮ ਪਤਾ ਹੈ। ਇਥੋਂ ਤੱਕ ਕਿ ਉਹ ਅੰਧਰਾਸ਼ਟਰਵਾਦੀ, ਉਹ ਅਤਿਵਾਦੀ ਜਰਮਨ ਅੰਧਰਾਸ਼ਟਰਵਾਦੀ, ਪੜ-ਅੰਧਰਾਸ਼ਟਰਵਾਦੀ "Chemnitzer Volksstimme" ਦਾ ਸੰਪਾਦਕ ਅਤੇ ਪਾਰਵੂਸ ਦੇ ਪੜ-ਅੰਧਰਾਸ਼ਟਰਵਾਦੀ "Glocke"[133] ਵਿਚ ਲਿਖਣ ਵਾਲਾ, ਹਾਈਲਮੱਨ, (ਬੇਸ਼ਕ, ਇਕ "ਸੋਸ਼ਲ-ਡੈਮੋਕਰੈਟ", ਅਤੇ ਸੋਸ਼ਲ-ਡੈਮੋਕਰੈਟਿਕ "ਏਕਤਾ" ਦਾ ਜੋਸ਼ੀਲਾ ਪੱਖੀ), ਵੀ ਅਖ਼ਬਾਰਾਂ ਵਿਚ ਇਹ ਮੰਨਣ ਲਈ ਮਜਬੂਰ ਹੋ ਗਿਆ ਸੀ ਕਿ ਵਿਚਾਲ-ਪੰਥੀ, ਜਾਂ "ਕਾਊਟਸਕੀਵਾਦ", ਅਤੇ **ਜ਼ਿੰਮਰਵਾਲਡ ਬਹੁ-ਗਿਣਤੀ** ਇਕੋ ਹੀ ਗੱਲ ਹਨ।

੧੯੧੬ ਦੇ ਅਖ਼ੀਰ ਅਤੇ ੧੯੧੭ ਦੇ ਸ਼ੁਰੂ ਵਿਚ ਇਹ ਹਕੀਕਤ ਨਿਸ਼ਚਿਤ ਤਰ੍ਹਾਂ ਨਾਲ ਸਥਾਪਤ ਹੋ ਚੁੱਕੀ ਸੀ। ਭਾਵੇਂ ਕੈਂਥਲ ਮੈਨੀਫ਼ੈਸਟੋ[134] ਵਿਚ ਸਮਾਜੀ-ਸ਼ਾਂਤੀਵਾਦ ਦੀ ਨਖੇਧੀ ਕੀਤੀ ਗਈ ਸੀ, ਪਰ **ਕੁੱਲ** ਜ਼ਿੰਮਰਵਾਲਡ ਸੱਜਾ ਦਲ, **ਸਾਰੀ** ਜ਼ਿੰਮਰਵਾਲਡ ਬਹੁ-ਗਿਣਤੀ ਸਮਾਜੀ-ਸ਼ਾਂਤੀਵਾਦ ਵਿਚ ਡੁੱਬ ਗਈ: ਕਾਊਟਸਕੀ ਐਂਡ ਕੰਪਨੀ ਜਨਵਰੀ ਅਤੇ ਫ਼ਰਵਰੀ ੧੯੧੭ ਦੇ ਕਈ ਕਥਨਾਂ ਵਿਚ; ਫ਼ਰਾਂਸ ਵਿਚ ਬੂਰਦੇਰੋਨ ਅਤੇ ਮਰਹਾਈਮ, ਜਿਨ੍ਹਾਂ ਨੇ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ **ਇਕ-ਆਵਾਜ਼ ਹੋ ਕੇ** ਸੋਸ਼ਲਿਸਟ ਪਾਰਟੀ ਦੇ ਸ਼ਾਂਤੀਵਾਦੀ ਮੱਤਿਆਂ ਦੇ ਹਕ ਵਿਚ (ਦਸੰਬਰ, ੧੯੧੬), ਅਤੇ (ਦਸੰਬਰ, ੧੯੧੬ ਵਿਚ ਹੀ) "ਕਨਫ਼ੈਡਰੇਸ਼ਨ ਜਨਰਾਲ ਦੂ ਤਰਾਵੇਲ" (ਫ਼ਰਾਂਸੀਸੀ ਟਰੇਡ ਯੂਨੀਅਨਾਂ ਦੀ ਕੌਮੀ ਜਥੇਬੰਦੀ) ਦੇ ਮੱਤਿਆਂ ਦੇ ਹੱਕ ਵਿਚ ਵੋਟਾਂ ਪਾਈਆਂ; ਇਟਲੀ ਵਿਚ ਤੂਰਾਤੀ ਐਂਡ ਕੰਪਨੀ, ਜਿਥੇ ਕਿ ਸਾਰੀ ਪਾਰਟੀ ਨੇ ਸਮਾਜੀ-ਸ਼ਾਂਤੀਵਾਦੀ ਪੁਜ਼ੀਸ਼ਨ ਲਈ ਜਦੋਂ ਕਿ ਤੂਰਾਤੀ ਖ਼ੁਦ, ੧੭ ਦਸੰਬਰ, ੧੯੧੬ ਨੂੰ ਕੀਤੀ ਇਕ ਤਕਰੀਰ ਵਿਚ, ਸਾਮਰਾਜੀ ਜੰਗ ਉਤੇ ਪੋਚਾ ਪਾਉਂਦੀਆਂ **ਕੌਮਪ੍ਰਸਤ** ਫ਼ਿਕਰੇਬਾਜ਼ੀਆਂ ਵਿਚ "ਜਾ ਡਿੱਗਾ" (ਬੇਸ਼ਕ, ਸਬੱਬੀ ਹੀ ਨਹੀਂ)।

ਜਨਵਰੀ ੧੯੧੭ ਵਿਚ, ਜ਼ਿੰਮਰਵਾਲਡ ਅਤੇ ਕੈਂਥਲ ਕਾਨਫ਼ਰੰਸਾਂ ਦਾ ਪ੍ਰਧਾਨ, ਰਾਬਰਟ ਗਰਿੱਮ, ਕਰਨੀ ਵਿਚ ਕੌਮਾਂਤਰੀਵਾਦੀਆਂ ਦੇ **ਖ਼ਿਲਾਫ਼ ਖ਼ੁਦ ਆਪਣੀ** ਪਾਰਟੀ ਵਿਚ ਸਮਾਜੀ-ਅੰਧਰਾਸ਼ਟਰਵਾਦੀਆਂ (ਗਰੇਈਲਿਖ਼, ਪਫ਼ਲੂਗੇਰ, ਗੁਸਤਾਵ ਮੂਲਰ ਆਦਿ) ਨਾਲ ਜਾ ਰਲਿਆ।

ਜਨਵਰੀ ਅਤੇ ਫ਼ਰਵਰੀ ੧੯੧੭ ਵਿਚ, ਵੱਖ ਵੱਖ ਦੇਸਾਂ ਦੇ **ਜ਼ਿੰਮਰਵਾਲਡਵਾਦੀਆਂ** ਦੀਆਂ ਦੋ ਕਾਨਫ਼ਰੰਸਾਂ ਵਿਚ ਜ਼ਿੰਮਰਵਾਲਡ ਬਹੁ-ਗਿਣਤੀ ਦੇ ਇਸ ਗੋਲ-ਮੋਲ, ਦੋ-

ਮੂੰਹੋਂ ਵਤੀਰੇ ਨੂੰ ਕਈ ਦੇਸਾਂ ਦੇ ਖੱਬੇ ਕੌਮਾਂਤਰੀਵਾਦੀਆਂ ਨੇ ਦਾਗ਼ੀ ਠਹਿਰਾਇਆ: ਕੌਮਾਂਤਰੀ ਯੁਵਕ ਜਥੇਬੰਦੀ ਦੇ ਸਕੱਤਰ ਅਤੇ ਸ਼ਾਨਦਾਰ ਕੌਮਾਂਤਰੀਵਾਦੀ ਰਸਾਲੇ "Die Jugendinternationale"[135] ਦੇ ਸੰਪਾਦਕ ਮੁਨਜ਼ੇਨਬਰਗ ਨੇ; ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਪ੍ਰਤਿਨਿਧ ਜ਼ਿਨੋਵੀਏਵ ਨੇ; ਪੋਲਿਸ਼ ਸੋਸ਼ਲ-ਡੈਮੋਕਰੈਟਿਕ ਪਾਰਟੀ ("ਇਲਾਕਾਈ ਕਾਰਜ-ਕਾਰੀ") ਦੇ ਪ੍ਰਤਿਨਿਧ ਕ. ਰਾਦੇਕ ਨੇ, ਅਤੇ ਇਕ ਜਰਮਨ ਸੋਸ਼ਲ-ਡੈਮੋਕਰੈਟ ਅਤੇ ਸਪਾਰਟਾਕਸ ਗਰੁੱਪ ਦੇ ਮੈਂਬਰ ਹਾਰਸ਼ਟਾਈਨ ਨੇ।

ਰੂਸੀ ਪ੍ਰੋਲਤਾਰੀ ਨੂੰ ਬਹੁਤ ਕੁਝ ਦਿਤਾ ਜਾ ਚੁੱਕਾ ਹੈ; ਦੁਨੀਆਂ ਵਿਚ ਹੋਰ ਕਿਧਰੇ ਵੀ ਮਜ਼ਦੂਰ ਜਮਾਤ ਅਜੇ ਇੰਨੀਂ ਜ਼ਿਆਦਾ ਇਨਕਲਾਬੀ ਸ਼ਕਤੀ ਦਾ ਵਿਕਾਸ ਕਰਨ ਵਿਚ ਸਫਲ ਨਹੀਂ ਹੋਈ ਜਿੰਨੀਂ ਰੂਸ ਵਿਚ। ਪਰ ਜਿਸਨੂੰ ਬਹੁਤ ਕੁਝ ਦਿਤਾ ਜਾਂਦਾ ਹੈ, ਉਸ ਤੋਂ ਬਹੁਤ ਕੁਝ ਦੀ ਮੰਗ ਵੀ ਕੀਤੀ ਜਾਂਦੀ ਹੈ।

ਜ਼ਿੱਮਰਵਾਲਡ ਦੀ ਜਿਲ੍ਹਣ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜ਼ਿੱਮਰਵਾਲਡ ਦੇ "ਕਾਊਟਸਕੀਵਾਦੀਆਂ" ਦੀ ਖ਼ਾਤਰ, ਸਾਨੂੰ ਪਲੇਖ਼ਾਨੋਵਾਂ ਅਤੇ ਸ਼ੀਦਮਾਨਾਂ ਦੀ ਅੰਧਰਾਸ਼ਟਰਵਾਦੀ ਇੰਟਰਨੈਸ਼ਨਲ ਨਾਲ ਅਰਧ-ਗਠਜੋੜ ਜਾਰੀ ਨਹੀਂ ਰੱਖਣਾ ਚਾਹੀਦਾ। ਸਾਨੂੰ ਇਸ ਇੰਟਰਨੈਸ਼ਨਲ ਨਾਲੋਂ ਤੁਰਤ ਵੱਖ ਹੋ ਜਾਣਾ ਚਾਹੀਦਾ ਹੈ। ਸਾਨੂੰ **ਸਿਰਫ਼** ਜਾਣਕਾਰੀ ਦੇ ਮੰਤਵਾਂ ਲਈ ਜ਼ਿੱਮਰਵਾਲਡ ਵਿਚ ਰਹਿਣਾ ਚਾਹੀਦਾ ਹੈ।

ਅਸੀਂ ਹੀ ਹਾਂ ਜਿਨ੍ਹਾਂ ਨੂੰ ਇਕ **ਨਵੀਂ** ਇਨਕਲਾਬੀ, ਪ੍ਰੋਲਤਾਰੀ ਇੰਟਰਨੈਸ਼ਨਲ ਦੀ ਨੀਂਹ ਰੱਖਣੀ ਚਾਹੀਦੀ ਹੈ, ਅਤੇ ਬਿਲਕੁਲ ਹੁਣੇ, ਬਿਨਾਂ ਢਿਲ ਕੀਤਿਆਂ; ਜਾਂ, ਸਗੋਂ ਸਾਨੂੰ ਖੁਲ੍ਹੇ-ਆਮ ਇਹ ਮੰਨਣ ਤੋਂ ਨਹੀਂ ਡਰਨਾ ਚਾਹੀਦਾ ਕਿ ਇਹ ਨਵੀਂ ਇੰਟਰਨੈਸ਼ਨਲ **ਪਹਿਲਾਂ ਹੀ ਸਥਾਪਤ ਹੋ ਚੁੱਕੀ ਹੈ** ਅਤੇ ਕੰਮ ਕਰ ਰਹੀ ਹੈ।

ਇਹ ਹੈ ਇੰਟਰਨੈਸ਼ਨਲ ਉਹਨਾਂ "ਸਚਮੁਚ ਦੇ ਕੌਮਾਂਤਰੀਵਾਦੀਆਂ" ਦੀ, ਜਿਨ੍ਹਾਂ ਨੂੰ ਮੈਂ ਬਿਲਕੁਲ ਉਤੇ ਗਿਣਵਾਇਆ ਹੈ। ਉਹ, ਅਤੇ ਸਿਰਫ਼ ਉਹੋ ਇਨਕਲਾਬੀ, ਕੌਮਾਂਤਰੀਵਾਦੀ ਸਮੂਹ ਦੇ ਪ੍ਰਤਿਨਿਧ ਹਨ, ਨਾ ਕਿ ਉਹਨਾਂ ਨੂੰ ਭ੍ਰਸ਼ਟ ਕਰਨ ਵਾਲੇ।

ਅਤੇ ਜੇ **ਇਸ ਤਰ੍ਹਾਂ ਦੇ** ਸੋਸ਼ਲਿਸਟ ਥੋੜ੍ਹੇ ਹਨ, ਤਾਂ ਹਰ ਰੂਸੀ ਮਜ਼ਦੂਰ ਜ਼ਰਾ ਆਪਣੇ ਆਪ ਤੋਂ ਪੁੱਛੇ ਕਿ ੧੯੧੭ ਦੇ ਫ਼ਰਵਰੀ-ਮਾਰਚ ਦੇ ਇਨਕਲਾਬ **ਦੇ ਮੌਕੇ ਉਤੇ** ਰੂਸ ਵਿਚ ਕੀ ਸਚਮੁਚ ਜਮਾਤੀ ਚੇਤਨਤਾ ਵਾਲੇ ਇਨਕਲਾਬੀ ਬਹੁਤ ਸਨ?

ਸਵਾਲ ਗਿਣਤੀ ਦਾ ਨਹੀਂ, ਸਗੋਂ ਸੱਚੇ ਇਨਕਲਾਬੀ ਪ੍ਰੋਲਤਾਰੀ ਦੇ ਵਿਚਾਰਾਂ ਅਤੇ ਨੀਤੀਆਂ ਦਾ ਠੀਕ ਤਰ੍ਹਾਂ ਨਾਲ ਪ੍ਰਗਟਾਅ ਕਰਨ ਦਾ ਹੈ। ਮਸਲਾ ਕੌਮਾਂਤਰੀਵਾਦ ਦਾ "ਐਲਾਨ ਕਰਨ" ਦਾ ਨਹੀਂ, ਸਗੋਂ ਕਰਨੀ ਵਿਚ ਕੌਮਾਂਤਰੀਵਾਦੀ ਬਨਣ ਦੇ ਸਮਰਥ ਹੋਣ ਦਾ ਹੈ, ਉਦੋਂ ਜਦੋਂ ਵੀ ਸਮਾਂ ਬਹੁਤ ਔਖਾ ਹੋਵੇ।

ਆਓ, ਸਮਝੌਤਿਆਂ ਅਤੇ ਕੌਮਾਂਤਰੀ ਕਾਂਗਰਸਾਂ ਦੀਆਂ ਉਮੀਦਾਂ ਨਾਲ ਆਪਣੇ

ਆਪ ਨੂੰ ਧੋਖਾ ਨਾ ਦੇਈਏ। ਜਦੋਂ ਤੱਕ ਸਾਮਰਾਜੀ ਜੰਗ ਜਾਰੀ ਹੈ, ਉਦੋਂ ਤੱਕ ਕੌਮਾਂਤਰੀ ਗੱਲ ਬਾਤ ਸਾਮਰਾਜੀ ਬੁਰਜੂਆਜ਼ੀ ਦੀ ਫੌਜੀ ਡਿਕਟੇਟਰਸ਼ਿਪ ਦੀ ਲੋਹ ਬੁਰਾਈ ਵਿਚ ਹੀ ਹੁੰਦੀ ਹੈ। ਜੇ "ਗਣ-ਰਾਜੀ" ਮੀਲੀਊਕੋਵ ਨੇ ਵੀ, ਜਿਹੜਾ ਕਿਰਤੀ ਡਿਪਟੀਆਂ ਦੀ ਸੋਵੀਅਤ[136] ਦੀ ਟਾਕਰੇ ਦੀ ਸਰਕਾਰ ਸਹਾਰਨ ਲਈ ਮਜਬੂਰ ਹੈ, ਸਵਿਸ ਸੋਸ਼ਲਿਸਟ, ਪਾਰਟੀ ਦੇ ਸਕੱਤਰ, ਇਕ ਕੌਮਾਂਤਰੀਵਾਦੀ ਅਤੇ ਜ਼ਿੱਮਰਵਾਲਡ ਅਤੇ ਕੈਂਥਲ ਕਾਨਫ਼ਰੰਸਾਂ ਵਿਚ ਭਾਗ ਲੈਣ ਵਾਲੇ **ਫ਼ਰੀਡਰਿਖ਼ ਪਲਾਟਨ** ਨੂੰ ਅਪ੍ਰੈਲ ੧੯੧੭ ਵਿਚ ਰੂਸ ਵਿਚ ਦਾਖ਼ਲ ਹੋਣ ਦੀ **ਆਗਿਆ ਨਹੀਂ ਸੀ ਦਿਤੀ**, ਬਾਵਜੂਦ ਇਸ ਤੱਥ ਦੇ ਕਿ ਪਲਾਟਨ ਦੀ ਪਤਨੀ ਰੂਸੀ ਹੈ ਅਤੇ ਉਹ ਆਪਣੀ ਪਤਨੀ ਦੇ ਰਿਸ਼ਤੇਦਾਰਾਂ ਨੂੰ ਮਿਲਣ ਜਾ ਰਿਹਾ ਸੀ, ਅਤੇ ਬਾਵਜੂਦ ਇਸ ਤੱਥ ਦੇ ਕਿ ਉਸਨੇ ਰੀਗਾ ਵਿਚ ੧੯੦੫ ਦੇ ਇਨਕਲਾਬ ਵਿਚ ਹਿੱਸਾ ਲਿਆ ਸੀ, ਜਿਸ ਲਈ ਉਸਨੂੰ ਰੂਸੀ ਜੇਲ੍ਹ ਵਿਚ ਕੈਦ ਰਖਿਆ ਗਿਆ ਸੀ, ਉਸਨੇ ਆਪਣੀ ਰਿਹਾਈ ਲਈ ਜ਼ਾਰਸ਼ਾਹੀ ਸਰਕਾਰ ਨੂੰ ਜ਼ਮਾਨਤ ਦਿਤੀ ਸੀ ਅਤੇ ਉਹ ਜ਼ਮਾਨਤ ਵਾਪਸ ਲੈਣ ਦੀ ਇੱਛਾ ਰਖਦਾ ਸੀ—ਜੇ "ਗਣ-ਰਾਜੀ" ਮੀਲੀਊਕੋਵ ਰੂਸ ਵਿਚ ਅਪ੍ਰੈਲ ੧੯੧੭ ਵਿਚ ਇਹੋ ਜਿਹੀ ਗੱਲ **ਕਰ** ਸਕਦਾ ਸੀ, ਤਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਲਹਾਕਾਂ ਤੋਂ ਬਿਨਾਂ ਅਮਨ ਆਦਿ ਦੇ ਵਿਸ਼ੇ ਬਾਰੇ ਬੁਰਜੂਆਜ਼ੀ ਦੇ ਇਕਰਾਰਾਂ ਅਤੇ ਯਕੀਨ-ਦਹਾਨੀਆਂ ਦੀ, ਫ਼ਿਕਰੇਬਾਜ਼ੀਆਂ ਅਤੇ ਐਲਾਨਨਾਮਿਆਂ ਦੀ ਕੀ ਕੀਮਤ ਹੋ ਸਕਦੀ ਹੈ।

ਅਤੇ ਬਰਤਾਨਵੀ ਸਰਕਾਰ ਵਲੋਂ ਟਰਾਟਸਕੀ ਦੀ ਗ੍ਰਿਫ਼ਤਾਰੀ? ਅਤੇ ਮਾਰਤੋਵ ਨੂੰ ਸਵਿਟਜ਼ਰਲੈਂਡ ਤੋਂ ਜਾਣ ਦੀ ਆਗਿਆ ਦੇਣ ਤੋਂ ਇਨਕਾਰ, ਅਤੇ ਉਸਨੂੰ ਬਰਤਾਨੀਆ ਵੱਲ ਖਿੱਚਣ ਦੀ ਕੋਸ਼ਿਸ਼, ਜਿਥੇ ਟਰਾਟਸਕੀ ਦੀ ਹੋਣੀ ਉਸਦੀ ਉਡੀਕ ਕਰ ਰਹੀ ਹੈ?

ਸਾਨੂੰ ਕੋਈ ਭੁਲੇਖਾ ਨਹੀਂ ਰਖਣਾ ਚਾਹੀਦਾ। ਸਾਨੂੰ ਆਪਣੇ ਆਪ ਨੂੰ ਧੋਖਾ ਨਹੀਂ ਦੇਣਾ ਚਾਹੀਦਾ।

ਕੌਮਾਂਤਰੀ ਕਾਂਗਰਸਾਂ ਜਾਂ ਕਾਨਫ਼ਰੰਸਾਂ ਦੀ "ਉਡੀਕ ਕਰਨ" ਦਾ ਮਤਲਬ ਸਿਰਫ਼ ਕੌਮਾਂਤਰੀਵਾਦ ਨਾਲ **ਗੱਦਾਰੀ ਕਰਨਾ** ਹੈ, ਕਿਉਂਕਿ ਇਹ ਦਰਸਾਇਆ ਜਾ ਚੁੱਕਾ ਹੈ ਕਿ ਸਟਾਕਹੋਮ ਤੋਂ ਵੀ ਨਾ ਕੌਮਾਂਤਰੀਵਾਦ ਵੱਲ ਵਫ਼ਾਦਾਰ ਸੋਸ਼ਲਿਸਟਾਂ ਨੂੰ ਅਤੇ **ਨਾ ਹੀ ਉਹਨਾਂ ਦੀਆਂ ਚਿੱਠੀਆਂ** ਨੂੰ ਇਥੋਂ ਤੱਕ ਆਉਣ ਦੀ ਆਗਿਆ **ਦਿਤੀ** ਜਾਂਦੀ ਹੈ, ਭਾਵੇਂ ਇਹ ਬਿਲਕੁਲ ਸੰਭਵ ਹੈ, ਅਤੇ ਭਾਵੇਂ ਨਿਰਦਈ ਫੌਜੀ **ਸੈਂਸਰਸ਼ਿਪ** ਮੌਜੂਦ ਹੈ।

ਸਾਡੀ ਪਾਰਟੀ ਨੂੰ "ਉਡੀਕਣਾ" ਨਹੀਂ ਚਾਹੀਦਾ, ਸਗੋਂ ਤੁਰਤ **ਤੀਜੀ** ਇੰਟਰਨੈਸ਼ਨਲ ਦੀ **ਨੀਂਹ ਰਖਣੀ** ਚਾਹੀਦੀ ਹੈ। ਜਰਮਨੀ ਅਤੇ ਬਰਤਾਨੀਆ ਵਿਚ ਕੈਦ ਹੋਏ ਸੈਂਕੜੇ ਸੋਸ਼ਲਿਸਟਾਂ ਨੂੰ ਫਿਰ ਸੁਖ ਦਾ ਸਾਹ ਆਵੇਗਾ, ਹਜ਼ਾਰਾਂ ਹੀ ਜਰਮਨ ਮਜ਼ਦੂਰਾਂ ਨੂੰ, ਜਿਹੜੇ ਇਸ ਸਮੇਂ ਹੜਤਾਲਾਂ ਅਤੇ ਮੁਜ਼ਾਹਰੇ ਕਰ ਰਹੇ ਹਨ ਜਿਹੜੇ,

ਉਸ ਬਦਮਾਸ਼ ਅਤੇ ਡਾਕੂ ਵਿਲਹਲਮ ਨੂੰ ਡਰਾ ਰਹੇ ਹਨ, **ਗ਼ੈਰ-ਕਾਨੂੰਨੀ** ਦੁਵਰਕੀਆਂ ਤੋਂ ਸਾਡੇ **ਫ਼ੈਸਲੇ** ਦਾ ਪਤਾ ਲਗੇਗਾ, ਕਾਰਲ ਲੀਬਕਨੇਖ਼ਤ ਵਿਚ, ਅਤੇ ਸਿਰਫ਼ ਉਹਦੇ ਵਿਚ, ਸਾਡੇ ਭਰਾਤਰੀ ਵਿਸ਼ਵਾਸ ਦਾ ਪਤਾ ਲਗੇਗਾ, **ਹੁਣ ਵੀ** "ਇਨਕਲਾਬੀ ਰਖਿਆਵਾਦ" ਦੇ ਖ਼ਿਲਾਫ਼ ਲੜਾਈ ਕਰਨ ਦੇ **ਸਾਡੇ** ਫ਼ੈਸਲੇ ਦਾ ਪਤਾ ਲਗੇਗਾ; ਉਹ ਇਸਨੂੰ ਪੜ੍ਹਣਗੇ ਅਤੇ ਉਹਨਾਂ ਦੇ ਇਨਕਲਾਬੀ ਕੌਮਾਂਤਰੀਵਾਦ ਨੂੰ ਮਜ਼ਬੂਤੀ ਮਿਲੇਗੀ।

ਜਿਸਨੂੰ ਬਹੁਤਾ ਮਿਲਦਾ ਹੈ, ਉਸਤੋਂ ਬਹੁਤੇ ਦੀ ਮੰਗ ਹੁੰਦੀ ਹੈ। ਦੁਨੀਆਂ ਵਿਚ ਹੁਣ ਕੋਈ ਦੇਸ ਇੰਨਾਂ ਆਜ਼ਾਦ ਨਹੀਂ ਜਿੰਨਾਂ ਰੂਸ ਹੈ। ਆਓ ਅਸੀਂ ਇਸ ਆਜ਼ਾਦੀ ਦੀ ਵਰਤੋਂ ਕਰੀਏ, ਬੁਰਜੂਆਜ਼ੀ ਜਾਂ ਬੁਰਜੂਆ "ਇਨਕਲਾਬੀ ਰਖਿਆਵਾਦ" ਦੀ ਹਮਾਇਤ ਦੀ ਵਕਾਲਤ ਕਰਨ ਲਈ ਨਹੀਂ, ਸਗੋਂ ਦਲੇਰ, ਇਮਾਨਦਾਰ, ਪ੍ਰੋਲਤਾਰੀ, ਲੀਬਕਨੇਖ਼ਤ ਤਰੀਕੇ ਨਾਲ **ਤੀਜੀ ਇੰਟਰਨੈਸ਼ਨਲ ਦੀ ਨੀਂਹ ਰਖਣ ਲਈ**, ਜਿਹੜੀ ਇੰਟਰਨੈਸ਼ਨਲ ਸਮਾਜੀ-ਅੰਧਰਾਸ਼ਟਰਵਾਦੀ ਗ਼ੱਦਾਰਾਂ ਦੀ ਵੀ ਅਤੇ ਡਾਵਾਂਡੋਲ "ਵਿਚਾਲ-ਪੰਥੀਆਂ" ਦੀ ਵੀ ਸਮਝੌਤਾ-ਰਹਿਤ ਢੰਗ ਨਾਲ ਵਿਰੋਧੀ ਹੋਵੇਗੀ।

੧੮. ਜੋ ਕੁਝ ਕਿਹਾ ਜਾ ਚੁੱਕਾ ਹੈ, ਉਸਤੋਂ ਪਿਛੋਂ ਇਸ ਗੱਲ ਦੀ ਵਿਆਖਿਆ ਕਰਨ ਲਈ ਵਧੇਰੇ ਸ਼ਬਦ ਜ਼ਾਇਆ ਕਰਨ ਦੀ ਲੋੜ ਨਹੀਂ ਕਿ ਰੂਸ ਵਿਚ ਸੋਸ਼ਲ-ਡੈਮੋਕਰੈਟਾਂ ਦੇ ਘੁਲਣ-ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਿਰਫ਼ ਇਕ ਦੋਸਤ ਨਾਲ, ਲੀਬਕਨੇਖ਼ਤ ਜਿਹੇ ਨਾਲ, ਰਹਿਣਾ ਚੰਗੇਰਾ ਹੈ, ਅਤੇ **ਇਸਦਾ ਮਤਲਬ ਹੈ ਇਨਕਲਾਬੀ ਪ੍ਰੋਲਤਾਰੀ ਨਾਲ ਰਹਿਣਾ**, ਇਸ ਨਾਲੋਂ ਕਿ ਜਥੇਬੰਦਕ ਕਮੇਟੀ ਦੀ ਪਾਰਟੀ ਨਾਲ, ਛੇਈਦਜ਼ੇ ਅਤੇ ਤਸੇਰੇਤੇਲੀ ਨਾਲ ਘੁਲ-ਮਿਲ ਜਾਣ ਦਾ ਖ਼ਿਆਲ ਘੜੀ-ਪਲ ਲਈ ਵੀ ਦਿਮਾਗ਼ ਵਿਚ ਲਿਆਂਦਾ ਜਾਏ, ਜਿਹੜੇ "ਰਾਬੋਚਾਯਾ ਗਜ਼ੇਤਾ"[137] ਵਿਚ ਪੋਤਰੇਸੋਵ ਨਾਲ ਗਠਜੋੜ ਨੂੰ ਬਰਦਾਸ਼ਤ ਕਰ ਸਕਦੇ ਹਨ, ਜਿਸਨੇ ਮਜ਼ਦੂਰ ਡਿਪਟੀਆਂ ਦੀ ਸੋਵੀਅਤ ਦੀ ਕਾਰਜ-ਕਾਰੀ ਕਮੇਟੀ[138] ਵਿਚ ਕਰਜ਼ੇ ਦੇ ਹੱਕ ਵਿਚ ਵੋਟ ਪਾਇਆ ਸੀ, ਅਤੇ ਜਿਹੜੇ "ਰਖਿਆਵਾਦ" ਤੱਕ ਹੇਠਾਂ ਲਹਿ ਗਏ ਹਨ।

ਬੀਤੇ ਨੂੰ ਬੀਤ ਜਾਣ ਦਿਓ!

ਜਿਹੜਾ ਵੀ ਕੋਈ ਡਾਵਾਂਡੋਲ ਲੋਕਾਂ ਦੀ **ਸਹਾਇਤਾ ਕਰਨਾ** ਚਾਹੁੰਦਾ ਹੈ, ਉਸਨੂੰ ਪਹਿਲਾਂ ਆਪਣੀ ਡਾਵਾਂਡੋਲਤਾ ਛੱਡਣੀ ਚਾਹੀਦੀ ਹੈ।

੧੦ (੨੩) ਅਪ੍ਰੈਲ, ੧੯੧੭ ਨੂੰ

ਸੰਗ੍ਰਹਿਤ ਕਿਰਤਾਂ, ਸੈਂਚੀ ੩੧,
ਪੰਨੇ ੧੬੭ ਅਤੇ ੧੬੮,
੧੬੯-੧੭੯

# ਜੰਗ ਵਿਚ ਸ਼ਾਮਲ ਸਾਰੇ ਦੇਸਾਂ ਦੇ ਸਿਪਾਹੀਆਂ ਨੂੰ ਅਪੀਲ

ਵੀਰੋ ਫ਼ੌਜੀਓ!

ਅਸੀਂ ਸਾਰੇ ਇਸ ਡਰਾਉਣੀ ਜੰਗ ਤੋਂ ਥੱਕ ਚੁੱਕੇ ਹਾਂ, ਜਿਹੜੀ ਲੱਖਾਂ ਜਾਨਾਂ ਖਾ ਗਈ ਹੈ, ਜਿਸਨੇ ਲੱਖਾਂ ਨੂੰ ਲੂਲ੍ਹੇ-ਲੰਗੜੇ ਕਰ ਦਿਤਾ ਹੈ ਅਤੇ ਅਣ-ਕਹੀ ਬਿਪਤਾ, ਬਰਬਾਦੀ ਅਤੇ ਭੁੱਖ ਵਰਤਾਈ ਹੈ।

ਅਤੇ ਦਿਨੋ ਦਿਨ ਵਧੇਰੇ ਲੋਕ ਆਪਣੇ ਆਪ ਤੋਂ ਪੁੱਛ ਰਹੇ ਹਨ: ਇਹ ਜੰਗ ਕਿਸ ਗੱਲ ਤੋਂ ਸ਼ੁਰੂ ਹੋਈ, ਕਾਹਦੇ ਲਈ ਇਹ ਲੜੀ ਜਾ ਰਹੀ ਹੈ?

ਹਰ ਨਵੇਂ ਦਿਨ ਸਾਨੂੰ ਮਜ਼ਦੂਰਾਂ ਅਤੇ ਕਿਸਾਨਾਂ ਨੂੰ, ਜਿਹੜੇ ਜੰਗ ਦਾ ਭਾਰ ਸਹਿੰਦੇ ਹਨ, ਇਹ ਵਧੇਰੇ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਇਸਨੂੰ ਸਰਮਾਇਦਾਰਾਂ ਦੇ ਹਿਤਾਂ ਦੀ ਖ਼ਾਤਰ, ਸੰਸਾਰ ਸਰਵਉਚਤਾ ਪ੍ਰਾਪਤ ਕਰਨ ਲਈ, ਕਾਰਖ਼ਾਨੇਦਾਰਾਂ, ਫ਼ੈਕਟਰੀ-ਮਾਲਕਾਂ ਅਤੇ ਸਾਹੂਕਾਰਾਂ ਲਈ ਮੰਡੀਆਂ ਲੱਭਣ ਖ਼ਾਤਰ, ਕਮਜ਼ੋਰ ਕੌਮੀਅਤਾਂ ਨੂੰ ਲੁੱਟਣ ਦੀ ਖ਼ਾਤਰ ਸਾਰੇ ਦੇਸਾਂ ਦੇ ਸਰਮਾਇਦਾਰਾਂ ਨੇ ਸ਼ੁਰੂ ਕੀਤਾ ਅਤੇ ਉਹੋ ਹੀ ਇਸਨੂੰ ਲੜ ਰਹੇ ਹਨ। ਉਹ ਬਸਤੀਆਂ ਵੰਡ ਰਹੇ ਹਨ ਅਤੇ ਬਲਕਾਨ ਵਿਚ ਅਤੇ ਤੁਰਕੀ ਵਿਚ ਇਲਾਕੇ ਹਥਿਆ ਰਹੇ ਹਨ — ਅਤੇ ਇਸ ਗੱਲ ਲਈ ਯੂਰਪੀ ਲੋਕਾਂ ਨੂੰ ਤਬਾਹ ਕੀਤਾ ਜਾਣਾ ਜ਼ਰੂਰੀ ਹੈ, ਇਸ ਗੱਲ ਲਈ ਸਾਨੂੰ ਮਰਨਾ ਪੈ ਰਿਹਾ ਹੈ, ਇਸ ਗੱਲ ਲਈ ਸਾਨੂੰ ਤਬਾਹੀ, ਭੁੱਖ ਅਤੇ ਸਾਡੇ ਪਰਵਾਰਾਂ ਦੀ ਮੌਤ ਦੇਖਣੀ ਪੈ ਰਹੀ ਹੈ।

ਸਾਰੇ ਦੇਸਾਂ ਦੀ ਸਰਮਾਇਦਾਰ ਜਮਾਤ ਠੇਕਿਆਂ ਤੋਂ ਅਤੇ ਜੰਗੀ ਮਾਲ ਪ੍ਰਯਾਪਤ ਕਰਨ ਤੋਂ, ਅਲਹਾਕ ਕੀਤੇ ਦੇਸਾਂ ਵਿਚ ਰਿਆਇਤਾਂ ਤੋਂ, ਅਤੇ ਮਾਲ ਦੀ ਚੜ੍ਹਦੀ ਕੀਮਤ ਤੋਂ ਅਥਾਹ, ਕਲਪਨਾ ਤੋਂ ਬਾਹਰੇ, ਰੋਹ ਚੜ੍ਹਾਉਣ ਵਾਲੇ ਉੱਚੇ ਮੁਨਾਫ਼ੇ ਕਮਾ ਰਹੀ ਹੈ। ਸਰਮਾਇਦਾਰ ਜਮਾਤ ਨੇ ਜੰਗੀ ਕਰਜ਼ਿਆਂ ਵਿਚ ਹੁਦਾਰ ਦਿਤੇ ਅਰਬਾਂ ਉਤੇ ਵਧੇਰੇ ਸੂਦ ਦੀ ਸ਼ਕਲ ਵਿਚ ਸਾਰੀਆਂ ਕੌਮਾਂ ਉਤੇ ਦਹਾਕਿਆਂ ਲਈ ਤਾਵਾਨ ਠੋਸ ਦਿਤਾ ਹੈ। ਅਤੇ ਸਾਡੇ ਲਈ, ਮਜ਼ਦੂਰਾਂ ਅਤੇ ਕਿਸਾਨਾਂ ਲਈ, ਵੱਖੋ ਵੱਖਰੇ ਦੇਸਾਂ ਦੇ

ਮਜ਼ਦੂਰਾਂ ਨੂੰ ਇਕ ਦੂਜੇ ਨੂੰ ਖ਼ਤਮ ਕਰਨ, ਅਤੇ ਇਕ ਦੂਜੇ ਲਈ ਨਫ਼ਰਤ ਮਹਿਸੂਸ ਕਰਨ ਦੇ ਕੇ, ਮਰਨਾ, ਤਬਾਹ ਹੋਣਾ, ਅਤੇ ਭੁੱਖੇ ਮਰਨਾ ਜ਼ਰੂਰੀ ਹੈ, ਸਾਡੇ ਲਈ ਇਹ ਸਾਰਾ ਕੁਝ ਸਬਰ ਨਾਲ ਸਹਾਰਨਾ ਅਤੇ ਆਪਣੇ ਉਤੇ ਜਬਰ ਕਰਨ ਵਾਲੇ ਨੂੰ ਤਕੜਿਆਂ ਕਰਨਾ ਜ਼ਰੂਰੀ ਹੈ।

ਕੀ ਅਸੀਂ ਆਪਣੇ ਜ਼ੁਲੇ ਨੂੰ ਮਸਕੀਨਾਂ ਵਾਂਗ ਸਹਾਰਨਾ, ਸਰਮਾਇਦਾਰ ਜਮਾਤਾਂ ਵਿਚਕਾਰ ਜੰਗ ਨੂੰ ਬਰਦਾਸ਼ਤ ਕਰਨਾ ਜਾਰੀ ਰਖੀ ਜਾਵਾਂਗੇ? ਕੀ ਅਸੀਂ ਆਪਣੀਆਂ ਕੌਮੀ ਸਰਕਾਰਾਂ, ਆਪਣੀ ਆਪਣੀ ਕੌਮੀ ਬੁਰਜੂਆਜ਼ੀ, ਆਪਣੇ ਆਪਣੇ ਕੌਮੀ ਸਰਮਾਇਦਾਰਾਂ ਦੀ ਧਿਰ ਲੈ ਕੇ ਇਸ ਜੰਗ ਨੂੰ ਲਮਕੀ ਜਾਣ ਦੀ ਆਗਿਆ ਦਈ ਜਾਵਾਂਗੇ, ਅਤੇ ਇਸ ਤਰ੍ਹਾਂ ਸਾਰੇ ਦੇਸਾਂ ਦੇ, ਸਾਰੀ ਦੁਨੀਆਂ ਦੇ ਮਜ਼ਦੂਰਾਂ ਦੀ ਕੌਮਾਂਤਰੀ ਏਕਤਾ ਨੂੰ ਤਬਾਹ ਕਰੀ ਜਾਵਾਂਗੇ?

ਨਹੀਂ, ਵੀਰੋ ਫ਼ੌਜੀਓ, ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਅੱਖਾਂ ਖੋਹਲੀਏ, ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਹੋਣੀ ਖ਼ੁਦ ਆਪਣੇ ਹੱਥਾਂ ਵਿਚ ਲਈਏ। ਸਾਰੇ ਦੇਸਾਂ ਵਿਚ ਸਰਮਾਇਦਾਰ ਜਮਾਤ ਦੇ ਖ਼ਿਲਾਫ਼, ਜਿਸਨੇ ਲੋਕਾਂ ਨੂੰ ਜੰਗ ਵਿਚ ਖਿੱਚਿਆ ਹੈ, ਲੋਕਾਂ ਦਾ ਰੋਹ ਵਧ ਰਿਹਾ ਹੈ, ਫੈਲ ਰਿਹਾ ਹੈ ਅਤੇ ਜ਼ੋਰ ਫੜ ਰਿਹਾ ਹੈ। ਨਾ ਸਿਰਫ਼ ਜਰਮਨੀ ਵਿਚ, ਸਗੋਂ ਬਰਤਾਨੀਆ ਵਿਚ ਵੀ, ਜਿਹੜਾ ਜੰਗ ਤੋਂ ਪਹਿਲਾਂ ਦੁਨੀਆਂ ਵਿਚ ਸਭ ਤੋਂ ਵਧ ਆਜ਼ਾਦ ਦੇਸਾਂ ਵਿਚੋਂ ਇਕ ਦੇਸ ਵਜੋਂ ਪ੍ਰਸਿਧਤਾ ਰਖਦਾ ਸੀ, ਮਜ਼ਦੂਰ ਜਮਾਤ ਦੇ ਸੈਂਕੜੇ ਹੀ ਸੱਚੇ ਮਿੱਤਰ ਅਤੇ ਪ੍ਰਤਿਨਿਧ ਜੰਗ ਦੇ ਖ਼ਿਲਾਫ਼ ਅਤੇ ਸਰਮਾਇਦਾਰਾਂ ਦੇ ਖ਼ਿਲਾਫ਼ ਇਮਾਨਦਾਰ ਸਚਾਈ ਕਹਿਣ ਕਰਕੇ ਜੇਲ੍ਹਾਂ ਵਿਚ ਦਮ ਤੋੜ ਰਹੇ ਹਨ। ਰੂਸ ਵਿਚ ਇਨਕਲਾਬ ਪਹਿਲੇ ਇਨਕਲਾਬ ਦਾ ਸਿਰਫ਼ ਪਹਿਲਾ ਕਦਮ ਹੈ; ਇਸਤੋਂ ਪਿਛੋਂ ਦੂਜੇ ਕਦਮ ਚੁੱਕੇ ਜਾਣੇ ਚਾਹੀਦੇ ਹਨ, ਅਤੇ ਚੁੱਕੇ ਜਾਣਗੇ।

ਰੂਸ ਵਿਚ ਨਵੀਂ ਸਰਕਾਰ—ਜਿਸਨੇ ਨਿਕੋਲਸ ਦੂਜੇ ਦਾ ਤਖ਼ਤਾ ਉਲਟਾਇਆ ਹੈ, ਜਿਹੜਾ ਵਿਲਹਲਮ ਦੂਜੇ ਵਰਗਾ ਹੀ ਭੈੜਾ ਸ਼ਾਹੀ ਡਾਕੂ ਸੀ—ਸਰਮਾਇਦਾਰਾਂ ਦੀ ਸਰਕਾਰ ਹੈ। ਇਹ ਜਰਮਨੀ, ਬਰਤਾਨੀਆ ਅਤੇ ਦੂਜੇ ਦੇਸਾਂ ਦੇ ਸਰਮਾਇਦਾਰਾਂ ਜਿੰਨੀਂ ਹੀ ਧਾੜਵੀ ਅਤੇ ਸਾਮਰਾਜੀ ਜੰਗ ਚਲਾ ਰਹੀ ਹੈ। ਇਸਨੇ ਬਰਤਾਨੀਆ, ਫ਼ਰਾਂਸ ਅਤੇ ਹੋਰਨਾਂ ਦੇਸਾਂ ਦੇ ਸਰਮਾਇਦਾਰਾਂ ਨਾਲ ਨਿਕੋਲਸ ਦੂਜੇ ਵਲੋਂ ਕੀਤੀਆਂ ਗਈਆਂ ਧਾੜਵੀ ਗੁਪਤ ਸੰਧੀਆਂ ਦੀ ਪੁਸ਼ਟੀ ਕਰ ਦਿਤੀ ਹੈ; ਇਹ ਦੁਨੀਆਂ ਦੇ ਗਿਆਨ ਲਈ ਇਹਨਾਂ ਸੰਧੀਆਂ ਨੂੰ ਪ੍ਰਕਾਸ਼ਤ ਨਹੀਂ ਕਰ ਰਹੀ, ਜਿਵੇਂ ਜਰਮਨ ਸਰਕਾਰ ਆਸਟਰੀਆ, ਬਲਗਾਰੀਆ ਆਦਿ ਨਾਲ ਆਪਣੀਆਂ ਗੁਪਤ ਅਤੇ ਉੱਨੀਆਂ ਹੀ ਧਾੜਵੀ ਸੰਧੀਆਂ ਪ੍ਰਕਾਸ਼ਤ ਨਹੀਂ ਕਰ ਰਹੀ।

੨੦ ਅਪ੍ਰੈਲ ਨੂੰ ਰੂਸ ਦੀ ਆਰਜ਼ੀ ਸਰਕਾਰ ਨੇ ਜ਼ਾਰ ਵਲੋਂ ਕੀਤੀਆਂ ਗਈਆਂ

ਪੁਰਾਣੀਆਂ ਧਾੜਵੀ ਸੰਧੀਆਂ ਦੀ ਮੁੜ-ਪੁਸ਼ਟੀ ਕਰਦਾ, ਅਤੇ ਜੰਗ ਨੂੰ ਜੇਤੂ ਖ਼ਾਤਮੇ ਤੱਕ ਲੜਨ ਦੀ ਆਪਣੀ ਤਤਪਰਤਾ ਦਾ ਐਲਾਨ ਕਰਦਾ ਇਕ ਨੋਟ ਪ੍ਰਕਾਸ਼ਤ ਕੀਤਾ, ਅਤੇ ਇਸ ਤਰ੍ਹਾਂ ਉਹਨਾਂ ਵਿਚ ਵੀ ਰੋਹ ਪੈਦਾ ਕਰ ਦਿਤਾ ਜਿਹੜੇ ਹੁਣ ਤੱਕ ਇਸ ਉਤੇ ਵਿਸ਼ਵਾਸ ਕਰਦੇ ਅਤੇ ਇਸਦੀ ਹਮਾਇਤ ਕਰਦੇ ਰਹੇ ਹਨ।

ਪਰ, ਸਰਮਾਇਦਾਰ ਸਰਕਾਰ ਦੇ ਨਾਲ ਨਾਲ, ਰੂਸੀ ਇਨਕਲਾਬ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਵਿਸ਼ਾਲ ਬਹੁ-ਗਿਣਤੀ ਦੀ ਪ੍ਰਤਿਨਿਧਤਾ ਕਰਦੀਆਂ ਆਪਮੁਹਾਰੀਆਂ ਇਨਕਲਾਬੀ ਜਥੇਬੰਦੀਆਂ, ਅਰਥਾਤ, ਮਜ਼ਦੂਰਾਂ ਅਤੇ ਫ਼ੌਜੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ, ਨੂੰ ਵੀ ਪੀਤਰੋਗਰਾਦ ਅਤੇ ਰੂਸ ਦੇ ਬਹੁ-ਗਿਣਤੀ ਸ਼ਹਿਰਾਂ ਵਿਚ ਜਨਮ ਦਿਤਾ ਹੈ। ਰੂਸ ਵਿਚ ਬਹੁਤੇ ਫ਼ੌਜੀ ਅਤੇ ਮਜ਼ਦੂਰਾਂ ਵਿਚੋਂ ਕੁਝ — ਜਰਮਨੀ ਦੇ ਬਹੁਤ ਸਾਰੇ ਮਜ਼ਦੂਰਾਂ ਅਤੇ ਫ਼ੌਜੀਆਂ ਸਿਪਾਹੀਆਂ ਵਾਂਗ — ਅਜੇ ਵੀ ਸਰਮਾਇਦਾਰਾਂ ਦੀ ਸਰਕਾਰ ਵਿਚ, ਅਤੇ ਅਲਹਾਕਾਂ ਤੋਂ ਬਿਨਾਂ ਅਮਨ ਬਾਰੇ, ਰਖਿਆ ਦੀ ਜੰਗ, ਇਤਿ-ਆਦਿ ਬਾਰੇ ਉਹਨਾਂ ਦੀਂ ਝੂਠੀ ਗੱਲਬਾਤ ਵਿਚ ਬੇਦਲੀਲਾ ਵਿਸ਼ਵਾਸ ਸਾਂਭੀ ਬੈਠੇ ਹਨ।

ਪਰ, ਸਰਮਾਇਦਾਰਾਂ ਤੋਂ ਉਲਟ, ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੀ ਅਲਹਾਕਾਂ ਵਿਚ ਜਾਂ ਸਰਮਾਇਦਾਰਾਂ ਦੇ ਮੁਨਾਫ਼ਿਆਂ ਦੀ ਰਾਖੀ ਕਰਨ ਵਿਚ ਕੋਈ ਦਿਲਚਸਪੀ ਨਹੀਂ। ਇਸ ਲਈ, ਹਰ ਰੋਜ਼, ਰੂਸ ਅਤੇ ਜਰਮਨੀ, ਦੂਹਾਂ ਵਿਚ ਸਰਮਾਇਦਾਰ ਸਰਕਾਰ ਵਲੋਂ ਚੁੱਕਿਆ ਗਿਆ ਹਰ ਕਦਮ ਸਰਮਾਇਦਾਰਾਂ ਦੇ ਛਲ ਨੂੰ ਬੇਨਕਾਬ ਕਰੇਗਾ, ਇਸ ਹਕੀਕਤ ਨੂੰ ਬੇਨਕਾਬ ਕਰੇਗਾ ਕਿ ਜਦੋਂ ਤੱਕ ਸਰਮਾਇਦਾਰ ਹਕੂਮਤ ਚਲਦੀ ਹੈ, ਉਦੋਂ ਤੱਕ ਸਾਰੇ ਅਲਹਾਕਾਂ ਦੇ ਅਸਲੀ ਤਿਆਗ ਉਤੇ ਆਧਾਰਤ, ਅਰਥਾਤ, ਬਿਨਾਂ ਕਿਸੇ ਛੋਟ ਦੇ ਸਾਰੀਆਂ ਬਸਤੀਆਂ ਦੀ, ਸਾਰੀਆਂ ਦਬਾਈਆਂ ਹੋਈਆਂ, ਜ਼ਬਰਦਸਤੀ ਨਾਲ ਮਿਲਾਈਆਂ ਜਾ ਘੱਟ ਅਧਿਕਾਰਾਂ ਵਾਲੀਆਂ ਕੌਮੀਅਤਾਂ ਦੀ ਬਿਨਾਂ ਕਿਸੇ ਛੋਟ ਦੇ ਆਜ਼ਾਦੀ ਉਤੇ ਆਧਾਰਤ, ਸਚਮੁਚ ਦਾ ਜਮਹੂਰੀ, ਗ਼ੈਰ-ਜਾਬਰ ਅਮਨ ਨਹੀਂ ਹੋ ਸਕਦਾ, ਅਤੇ ਪੂਰੀ ਸੰਭਾਵਨਾ ਇਹ ਹੈ ਕਿ ਜੰਗ ਹੋਰ ਵੀ ਵਧੇਰੇ ਤੀਖਣ ਅਤੇ ਲੰਮਕਵੀਂ ਹੋ ਜਏਗੀ।

**ਸਿਰਫ਼** ਜੇ ਇਸ ਸਮੇਂ ਦੁਹਾਂ ਦੁਸ਼ਮਣ ਦੇਸਾਂ ਵਿਚ, ਉਦਾਹਰਣ ਵਜੋਂ ਰੂਸ ਅਤੇ ਜਰਮਨੀ ਦੁਹਾਂ ਵਿਚ, ਰਾਜ ਸੱਤਾ ਪੂਰੀ ਤਰ੍ਹਾਂ ਅਤੇ ਨਿਰੋਲ ਰੂਪ ਵਿਚ ਮਜ਼ਦੂਰਾਂ ਅਤੇ ਫ਼ੌਜੀਆਂ ਦੇ ਡਿਪਟੀਆਂ ਦੀਆਂ ਇਨਕਲਾਬੀ ਸੋਵੀਅਤਾਂ ਦੇ ਹੱਥਾਂ ਵਿਚ ਆ ਜਾਏ, ਜਿਹੜੀਆਂ ਸਰਮਾਇਦਾਰਾਨਾ ਸੰਬੰਧਾਂ ਅਤੇ ਹਿਤਾਂ ਦੇ ਸਾਰੇ ਜਾਲ ਨੂੰ ਫ਼ੀਤਾ-ਫ਼ੀਤਾ ਕਰ ਦੇਣ ਦੇ ਸਚਮੁਚ ਸਮਰੱਥ ਹਨ, ਤਾਂ ਜੰਗ ਵਿਚ ਸ਼ਾਮਲ ਦੁਹਾਂ ਦੇਸਾਂ ਦੇ ਮਜ਼ਦੂਰਾਂ ਦਾ ਇਕ ਦੂਜੇ ਵਿਚ ਵਿਸ਼ਵਾਸ ਕਾਇਮ ਹੋਵੇਗਾ, ਅਤੇ ਉਹ ਸਚਮੁਚ ਦੇ ਜਮਹੂਰੀ ਅਮਨ ਦੇ ਆਧਾਰ ਉਤੇ, ਜਿਹੜਾ ਸਚਮੁਚ ਦੁਨੀਆਂ ਦੀਆਂ **ਸਾਰੀਆਂ** ਕੌਮਾਂ

ਅਤੇ ਕੌਮੀਅਤਾਂ ਨੂੰ ਆਜ਼ਾਦ ਕਰ ਦੇਵੇਗਾ, ਜੰਗ ਦਾ ਤੇਜ਼ੀ ਨਾਲ ਅੰਤ ਕਰਨ ਦੇ ਯੋਗ ਹੋ ਸਕਣਗੇ।

ਵੀਰੋ ਫ਼ੌਜੀਓ!

ਆਓ, ਇਸ ਵਿਚ ਤੇਜ਼ੀ ਲਿਆਉਣ ਲਈ, ਇਹ ਨਿਸ਼ਾਨਾ ਪ੍ਰਾਪਤ ਕਰਨ ਲਈ ਜੋ ਕੁਝ ਕਰ ਸਕਦੇ ਹਾਂ, ਕਰੀਏ। ਆਓ, ਕੁਰਬਾਨੀਆਂ ਤੋਂ ਨਾ ਡਰੀਏ—ਮਜ਼ਦੂਰਾਂ ਦੇ ਇਨਕਲਾਬ ਲਈ ਕੀਤੀ ਕੋਈ ਵੀ ਕੁਰਬਾਨੀ ਜੰਗ ਦੀਆਂ ਕੁਰਬਾਨੀਆਂ ਨਾਲੋਂ ਘਟ ਦੁਖਦਾਈ ਹੋਵੇਗੀ। ਇਨਕਲਾਬ ਦਾ ਹਰ ਜੇਤੂ ਕਦਮ ਲੱਖਾਂ, ਕਰੋੜਾਂ ਲੋਕਾਂ ਨੂੰ ਮੌਤ, ਤਬਾਹੀ ਅਤੇ ਭੁੱਖ ਤੋਂ ਬਚਾਏਗਾ।

ਝੁੱਗੀਆਂ ਵਿਚ ਅਮਨ ਹੋਵੇ, ਮਹਿਲਾਂ ਉਤੇ ਚੜ੍ਹਾਈ ਕਰੋ! ਸਾਰੇ ਦੇਸਾਂ ਦੇ ਮਜ਼ਦੂਰਾਂ ਨੂੰ ਅਮਨ ਮਿਲੇ! ਸਾਰੇ ਦੇਸਾਂ ਦੇ ਇਨਕਲਾਬੀ ਮਜ਼ਦੂਰਾਂ ਦੀ ਏਕਤਾ, ਜ਼ਿੰਦਾਬਾਦ! ਸੋਸ਼ਲਿਜ਼ਮ, ਜ਼ਿੰਦਾਬਾਦ!

**ਰੂ::ਸੋ:ਡੈ:ਲੇ:ਪਾ: ਦੀ ਕੇਂਦਰੀ ਕਮੇਟੀ,**
**ਰੂ:ਸੋ:ਡੈ:ਲੇ:ਪਾ: ਦੀ ਪੀਤਰੋਗਰਾਦ ਕਮੇਟੀ,**
**"ਪਰਾਵਦਾ" ਦਾ ਸੰਪਾਦਕੀ ਮੰਡਲ**

੪ ਮਈ (੨੧ ਅਪ੍ਰੈਲ),
੧੯੧੭ ਨੂੰ "ਪਰਾਵਦਾ" ਨੰ: ੩੭ ਵਿਚ
ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੧,
ਪੰਨੇ ੨੯੩-੨੯੬

# ਮਜ਼ਦੂਰ ਅਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਹੱਕਾਂ ਦਾ ਐਲਾਨਨਾਮਾ[139]

ਵਿਧਾਨ ਸਭਾ ਫ਼ੈਸਲਾ ਕਰਦੀ ਹੈ:

I. ੧. ਰੂਸ ਦੇ ਹੁਣ ਤੋਂ, ਮਜ਼ਦੂਰਾਂ, ਫ਼ੌਜੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਗਣ-ਰਾਜ ਹੋਣ ਦਾ ਐਲਾਨ ਕੀਤਾ ਜਾਂਦਾ ਹੈ। ਸਾਰੀ ਸੱਤਾ ਕੇਂਦਰੀ ਤੌਰ ਉਤੇ ਅਤੇ ਸਥਾਨਕ ਤੌਰ ਉਤੇ, ਇਹਨਾਂ ਸੋਵੀਅਤਾਂ ਹੱਥ ਦਿਤੀ ਜਾਂਦੀ ਹੈ।

੨. ਰੂਸੀ ਸੋਵੀਅਤ ਦਾ ਗਣ-ਰਾਜ ਆਜ਼ਾਦ ਕੌਮਾਂ ਦੀ ਆਜ਼ਾਦ ਏਕੇ ਦੇ ਅਸੂਲ ਉਤੇ, ਸੋਵੀਅਤ ਕੌਮੀ ਗਣ-ਰਾਜਾਂ ਦੀ ਫ਼ੈਡਰੇਸ਼ਨ ਵਜੋਂ, ਸਥਾਪਤ ਕੀਤਾ ਜਾਂਦਾ ਹੈ।

II. ਇਹਦਾ ਬੁਨਿਆਦੀ ਨਿਸ਼ਾਨਾ ਕਿਉਂਕਿ ਮਨੁਖ ਹੱਥੋਂ ਮਨੁਖ ਦੀ ਸਾਰੀ ਲੁੱਟ-ਖਸੁੱਟ ਖ਼ਤਮ ਕਰਨਾ, ਸਮਾਜ ਦੀ ਜਮਾਤਾਂ ਵਿਚ ਵੰਡ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ, ਲੋਟੂਆਂ ਵਲੋਂ ਹੁੰਦੇ ਵਿਰੋਧ ਨੂੰ ਬੇਰਹਿਮੀ ਨਾਲ ਕੁਚਲਣਾ, ਸਮਾਜ ਦੀ ਸੋਸ਼ਲਿਸਟ ਜਥੇਬੰਦੀ ਨੂੰ ਸਥਾਪਤ ਕਰਨਾ ਅਤੇ ਸਾਰੇ ਦੇਸਾਂ ਵਿਚ ਸੋਸ਼ਲਿਜ਼ਮ ਦੀ ਜਿੱਤ ਪ੍ਰਾਪਤ ਕਰਨਾ ਹੈ, ਵਿਧਾਨ ਸਭਾ ਇਹ ਵੀ ਫ਼ੈਸਲਾ ਕਰਦੀ ਹੈ:

੧. ਜ਼ਮੀਨ ਦੀ ਨਿੱਜੀ ਮਲਕੀਅਤ ਹੁਣ ਤੋਂ ਖ਼ਤਮ ਕੀਤੀ ਜਾਂਦੀ ਹੈ। ਸਾਰੀ ਜ਼ਮੀਨ ਬਾਰੇ, ਸਮੇਤ ਸਾਰੀਆਂ ਇਮਾਰਤਾਂ, ਖੇਤੀ ਸੰਦਾਂ ਅਤੇ ਜ਼ਰਾਇਤੀ ਉਤਪਾਦਨ ਦੀਆਂ ਦੂਜੀਆਂ ਸਹਾਇਕ ਵਸਤਾਂ ਦੇ, ਸਾਰੇ ਕਾਮੇ ਲੋਕਾਂ ਦੀ ਮਲਕੀਅਤ ਹੋਣ ਦਾ ਐਲਾਨ ਕੀਤਾ ਜਾਂਦਾ ਹੈ।

੨. ਲੋਟੂਆਂ ਉਤੇ ਮਜ਼ਦੂਰ ਲੋਕਾਂ ਦੀ ਸੱਤਾ ਦੀ ਜ਼ਮਾਨਤ ਦੇਣ ਦੇ ਮੰਤਵ ਨਾਲ ਅਤੇ ਫ਼ੈਕਟਰੀਆਂ, ਖਾਣਾਂ, ਰੇਲਵੇ, ਅਤੇ ਉਤਪਾਦਨ ਅਤੇ ਆਵਾਜਾਈ ਦੇ ਹੋਰ ਸਾਧਨਾਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੇ ਰਾਜ ਦੀ ਜਾਇਦਾਦ ਵਿਚ ਪੂਰੀ ਤਰ੍ਹਾਂ ਬਦਲਣ ਵੱਲ ਪਹਿਲੇ ਕਦਮ ਵਜੋਂ ਮਜ਼ਦੂਰਾਂ ਦੇ ਕੰਟਰੋਲ[140] ਬਾਰੇ ਅਤੇ ਸਰਵਉਚ ਆਰਥਕ ਪ੍ਰੀਸ਼ਦ[141] ਬਾਰੇ ਸੋਵੀਅਤ ਕਾਨੂੰਨਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ।

੩. ਸਰਮਾਏ ਦੇ ਜੂਲੇ ਤੋਂ ਮਜ਼ਦੂਰ ਲੋਕਾਂ ਦੀ ਮੁਕਤੀ ਦੀ ਇਕ ਸ਼ਰਤ

ਵਜੋਂ, ਸਾਰੇ ਬੈਂਕਾਂ ਦੀ ਮਜ਼ਦੂਰਾਂ ਅਤੇ ਕਿਸਾਨਾਂ ਦੇ ਰਾਜ ਦੀ ਮਲਕੀਅਤ ਵਿਚ ਤਬਦੀਲੀ ਦੀ ਪੁਸ਼ਟੀ ਕੀਤੀ ਜਾਂਦੀ ਹੈ।

੪. ਸਮਾਜ ਦੇ ਜੋਕਾਂ ਬਣੇ ਹਿੱਸਿਆਂ ਨੂੰ ਖ਼ਤਮ ਕਰਨ ਦੇ ਮੰਤਵ ਨਾਲ, ਹੁਣ ਤੋਂ ਸਰਬਲੌਕਿਕ ਕਿਰਤ ਦੀ ਜਬਰੀ ਭਰਤੀ ਸ਼ੁਰੂ ਕੀਤੀ ਜਾਂਦੀ ਹੈ।

੫. ਮਜ਼ਦੂਰ ਲੋਕਾਂ ਦੀ ਖ਼ੁਦ-ਮੁਖ਼ਤਾਰ ਸੱਤਾ ਯਕੀਨੀ ਬਨਾਉਣ ਲਈ ਅਤੇ ਲੋਟੂਆਂ ਦੀ ਸੱਤਾ ਦੀ ਬਹਾਲੀ ਦੀ ਹਰ ਸੰਭਾਵਨਾ ਖ਼ਤਮ ਕਰਨ ਲਈ, ਹੁਣ ਤੋਂ ਮਜ਼ਦੂਰ ਲੋਕਾਂ ਨੂੰ ਹਥਿਆਰਬੰਦ ਕਰਨ, ਮਜ਼ਦੂਰਾਂ ਅਤੇ ਕਿਸਾਨਾਂ ਦੀ ਸੋਸ਼ਲਿਸਟ ਲਾਲ ਫ਼ੌਜ ਸਿਰਜਣ ਅਤੇ ਜਾਇਦਾਦ-ਮਾਲਕ ਜਮਾਤਾਂ ਨੂੰ ਪੂਰੀ ਤਰ੍ਹਾਂ ਬੇਹਥਿਆਰ ਕਰਨ ਦਾ ਫ਼ਰਮਾਨ ਜਾਰੀ ਕੀਤਾ ਜਾਂਦਾ ਹੈ।

III. ੧. ਮਨੁਖਤਾ ਨੂੰ ਵਿੱਤ ਸਰਮਾਏ ਅਤੇ ਸਾਮਰਾਜ ਦੇ ਪੰਜੇ ਤੋਂ, ਜਿਨ੍ਹਾਂ ਨੇ ਇਸ ਸਭ ਤੋਂ ਵਧ ਮੁਜਰਮਾਨਾ ਜੰਗ ਵਿਚ ਦੁਨੀਆਂ ਨੂੰ ਲਹੂ ਵਿਚ ਲਥ-ਪਥ ਕਰ ਦਿਤਾ ਹੈ, ਕੱਢਣ ਦੀ ਦ੍ਰਿੜ੍ਹਤਾ ਪ੍ਰਗਟ ਕਰਦਿਆਂ, ਵਿਧਾਨ ਸਭਾ ਗੁਪਤ ਸੰਧੀਆਂ ਦੀ ਨਖੇਧੀ ਕਰਨ ਦੀ, ਜੰਗ ਲੜ ਰਹੀਆਂ ਫ਼ੌਜਾਂ ਦੇ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਅਤਿ ਦੇ ਵਿਸ਼ਾਲ ਭਰਾਤਰੀਕਰਨ ਨੂੰ ਜਥੇਬੰਦ ਕਰਨ ਦੀ, ਅਤੇ ਹਰ ਕੀਮਤ ਉਤੇ, ਬਿਨਾਂ ਅਲਹਾਕਾਂ ਅਤੇ ਹਰਜਾਨਿਆਂ ਦੇ ਅਤੇ ਕੌਮਾਂ ਦੇ ਆਜ਼ਾਦ ਆਤਮ-ਨਿਰਣੇ ਦੇ ਆਧਾਰ ਉਤੇ, ਇਨਕਲਾਬੀ ਸਾਧਨਾਂ ਰਾਹੀਂ ਕੌਮਾਂ ਵਿਚਕਾਰ ਜਮਹੂਰੀ ਅਮਨ ਕਰਾਉਣ ਦੀ ਸੋਵੀਅਤ ਸੱਤਾ ਵਲੋਂ ਅਪਣਾਈ ਗਈ ਨੀਤੀ ਦੀ ਪੂਰੇ ਦਿਲ ਨਾਲ ਪੁਸ਼ਟੀ ਕਰਦੀ ਹੈ।

੨. ਇਸੇ ਹੀ ਆਸ਼ੇ ਨੂੰ ਮੁਖ ਰਖਦਿਆਂ, ਵਿਧਾਨ ਸਭਾ ਬੁਰਜੂਆ ਸਭਿਅਤਾ ਦੀ ਵਹਿਸ਼ੀ ਨੀਤੀ ਨਾਲ ਪੂਰੀ ਤਰ੍ਹਾਂ ਨਾਤਾ ਤੋੜਨ ਉਤੇ ਜ਼ੋਰ ਦੇਂਦੀ ਹੈ, ਜਿਸਨੇ ਏਸ਼ੀਆ ਦੇ, ਆਮ ਤੌਰ ਉਤੇ ਬਸਤੀਆਂ ਦੇ, ਅਤੇ ਛੋਟੇ ਛੋਟੇ ਦੇਸਾਂ ਦੇ ਕਰੋੜਾਂ ਮਜ਼ਦੂਰ ਲੋਕਾਂ ਨੂੰ ਗ਼ੁਲਾਮ ਬਣਾ ਕੇ ਕੁਝ ਚੋਣਵੀਆਂ ਕੌਮਾਂ ਨਾਲ ਸੰਬੰਧਤ ਲੋਟੂਆਂ ਦੀ ਖੁਸ਼ਹਾਲੀ ਨੂੰ ਉਸਾਰਿਆ ਹੈ।

ਵਿਧਾਨ ਸਭਾ ਫ਼ਿਨਲੈਂਡ ਦੀ ਪੂਰਨ ਸਵੈਧੀਨਤਾ ਦਾ ਐਲਾਨ ਕਰਨ ਵਿਚ, ਈਰਾਨ ਤੋਂ ਫ਼ੌਜਾਂ ਕੱਢਣਾ ਸ਼ੁਰੂ ਕਰਨ[142] ਵਿਚ ਅਤੇ ਆਰਮੀਨੀਆ ਲਈ ਆਤਮ-ਨਿਰਣੇ ਦੀ ਆਜ਼ਾਦੀ ਦਾ ਐਲਾਨ ਕਰਨ ਵਿਚ ਲੋਕ ਕੁਮੀਸਾਰਾਂ ਦੀ ਕੌਂਸਲ[143] ਦੀ ਨੀਤੀ ਦਾ ਸੁਆਗਤ ਕਰਦੀ ਹੈ।

੩. ਵਿਧਾਨ ਸਭਾ ਜ਼ਾਰ, ਭੂਮੀਪਤੀਆਂ ਅਤੇ ਬੁਰਜੂਆਜ਼ੀ ਦੀਆਂ ਸਰਕਾਰਾਂ ਵਲੋਂ ਲਏ ਗਏ ਕਰਜ਼ਿਆਂ ਨੂੰ ਮਨਸੂਖ਼ ਕਰਨ ਬਾਰੇ ਸੋਵੀਅਤ ਕਾਨੂੰਨ ਨੂੰ ਕੌਮਾਂਤਰੀ ਬੈਂਕਿੰਗ, ਵਿੱਤ ਸਰਮਾਏ ਨੂੰ ਲਾਈ ਗਈ ਪਹਿਲੀ ਸੱਟ ਸਮਝਦੀ ਹੈ, ਅਤੇ ਵਿਸ਼ਵਾਸ

ਪ੍ਰਗਟ ਕਰਦੀ ਹੈ ਕਿ ਸੋਵੀਅਤ ਸੱਤਾ ਇਸ ਰਸਤੇ ਉਤੇ ਦ੍ਰਿੜ੍ਹਤਾ ਨਾਲ ਚੱਲਦੀ ਜਾਏਗੀ ਜਦੋਂ ਤੱਕ ਸਰਮਾਏ ਦੇ ਜੂਲੇ ਦੇ ਖ਼ਿਲਾਫ਼ ਕੌਮਾਂਤਰੀ ਮਜ਼ਦੂਰ ਬਗ਼ਾਵਤ ਪੂਰੀ ਤਰ੍ਹਾਂ ਜਿੱਤ ਨਹੀਂ ਜਾਂਦੀ।

IV. ਅਕਤੂਬਰ ਇਨਕਲਾਬ ਤੋਂ ਪਹਿਲਾਂ ਬਣਾਈਆਂ ਗਈਆਂ ਪਾਰਟੀ ਸੂਚੀਆਂ ਦੇ ਆਧਾਰ ਉਤੇ ਚੁਣੀ ਗਈ ਹੋਣ ਕਰਕੇ, ਜਦੋਂ ਲੋਕ ਅਜੇ ਲੋਟੂਆਂ ਦੇ ਖ਼ਿਲਾਫ਼ ਸਮੂਹਕ ਰੂਪ ਵਿਚ ਬਗ਼ਾਵਤ ਕਰਨ ਦੀ ਅਵਸਥਾ ਵਿਚ ਨਹੀਂ ਸਨ, ਅਜੇ ਉਹਨਾਂ ਨੇ ਲੋਟੂਆਂ ਦੇ, ਆਪਣੇ ਜਮਾਤੀ ਵਿਸ਼ੇਸ਼ਾਧਿਕਾਰਾਂ ਦੀ ਰਾਖੀ ਵਿਚ, ਵਿਰੋਧ ਦੀ ਪੂਰੀ ਤਾਕਤ ਨੂੰ ਮਹਿਸੂਸ ਨਹੀਂ ਸੀ ਕੀਤਾ, ਅਤੇ ਅਜੇ ਆਪਣੇ ਆਪ ਨੂੰ ਸੋਸ਼ਲਿਸਟ ਸਮਾਜ ਉਸਾਰਨ ਦੇ ਕੰਮ ਲਈ ਅਮਲ ਵਿਚ ਨਹੀਂ ਸੀ ਲਾਇਆ, ਵਿਧਾਨ ਸਭਾ ਖ਼ਿਆਲ ਕਰਦੀ ਹੈ ਕਿ ਆਪਣੇ ਆਪ ਨੂੰ ਸੋਵੀਅਤ ਸੱਤਾ ਦੇ ਵਿਰੁਧ ਰਖਣਾ ਬੁਨਿਆਦੀ ਤੌਰ ਉਤੇ, ਸਗੋਂ ਕਾਨੂੰਨੀ ਤੌਰ ਉਤੇ ਵੀ, ਗ਼ਲਤ ਹੋਵੇਗਾ।

ਤੱਤ ਰੂਪ ਵਿਚ, ਵਿਧਾਨ ਸਭਾ ਸਮਝਦੀ ਹੈ ਕਿ ਹੁਣ , ਜਦੋਂ ਕਿ ਲੋਕ ਆਪਣੇ ਲੋਟੂਆਂ ਦੇ ਖ਼ਿਲਾਫ਼ ਆਖ਼ਰੀ ਲੜਾਈ ਲੜ ਰਹੇ ਹਨ, ਕਿਸੇ ਵੀ ਸਰਕਾਰੀ ਅਦਾਰੇ ਵਿਚ ਲੋਟੂਆਂ ਲਈ ਕੋਈ ਥਾਂ ਨਹੀਂ ਹੋ ਸਕਦੀ। ਸੱਤਾ ਸਾਰੀ ਦੀ ਸਾਰੀ ਅਤੇ ਪੂਰੀ ਤਰ੍ਹਾਂ ਮਜ਼ਦੂਰ ਲੋਕਾਂ ਅਤੇ ਉਹਨਾਂ ਦੇ ਅਧਿਕਾਰਿਤ ਪ੍ਰਤਿਨਿਧਾਂ — ਮਜ਼ਦੂਰਾਂ, ਫ਼ੌਜੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ — ਦੇ ਹੱਥ ਦਿਤੀ ਜਾਣੀ ਚਾਹੀਦੀ ਹੈ।

ਸੋਵੀਅਤ ਸੱਤਾ ਦਾ ਅਤੇ ਲੋਕ ਕੁਮੀਸਾਰਾਂ ਦੀ ਕੌਂਸਲ ਦੇ ਫ਼ਰਮਾਨਾਂ ਦਾ ਸਮਰਥਨ ਕਰਦਿਆਂ, ਵਿਧਾਨ ਸਭਾ ਖ਼ਿਆਲ ਕਰਦੀ ਹੈ ਕਿ ਇਸਦਾ ਆਪਣਾ ਕੰਮ ਸਮਾਜ ਦੀ ਸੋਸ਼ਲਿਸਟ ਮੁੜ-ਉਸਾਰੀ ਦੇ ਬੁਨਿਆਦੀ ਅਸੂਲ ਸਥਾਪਤ ਕਰਨ ਤੱਕ ਸੀਮਤ ਹੈ।

ਇਸਦੇ ਨਾਲ ਹੀ, ਰੂਸ ਦੀਆਂ ਸਾਰੀਆਂ ਕੌਮਾਂ ਦੀਆਂ ਮਜ਼ਦੂਰ ਜਮਾਤਾਂ ਦੀ ਆਜ਼ਾਦ ਅਤੇ ਸਵੈ-ਇੱਛਤ, ਅਤੇ ਇਸ ਤਰ੍ਹਾਂ, ਹੋਰ ਵੀ ਜ਼ਿਆਦਾ ਪੱਕੀ ਅਤੇ ਸਥਿਰ ਯੂਨੀਅਨ ਸਿਰਜਣ ਦੀ ਕੋਸ਼ਿਸ਼ ਕਰਦਿਆਂ, ਵਿਧਾਨ ਸਭਾ ਆਪਣਾ ਕੰਮ ਰੂਸ ਦੇ ਸੋਵੀਅਤ ਗਣ-ਰਾਜਾਂ ਦੀ ਫ਼ੈਡਰੇਸ਼ਨ ਦੇ ਬੁਨਿਆਦੀ ਅਸੂਲ ਕਾਇਮ ਕਰਨ ਤੱਕ ਸੀਮਤ ਕਰਦੀ ਹੈ, ਜਦ ਕਿ ਇਸ ਗੱਲ ਦਾ, ਕਿ ਕੀ ਉਹ ਫ਼ੈਡਰਲ ਸਰਕਾਰ ਵਿਚ ਅਤੇ ਫ਼ੈਡਰਲ ਸੋਵੀਅਤ ਸੰਸਥਾਵਾਂ ਵਿਚ ਸ਼ਾਮਲ ਹੋਣ ਦੀ ਇੱਛਾ ਰਖਦੇ ਹਨ, ਅਤੇ ਕਿਨ੍ਹਾਂ ਸ਼ਰਤਾਂ ਉਤੇ, ਆਪਣੀਆਂ ਹੀ ਸੋਵੀਅਤਾਂ ਦੀਆਂ ਅਧਿਕਾਰਿਤ ਕਾਂਗਰਸਾਂ ਵਿਚ ਸਵੈਧੀਨ ਤੌਰ ਉਤੇ ਫ਼ੈਸਲਾ ਕਰਨਾ ਹਰ ਕੌਮ ਦੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਸਿਰ ਛੱਡਦੀ ਹੈ।

੩ (੧੬) ਜਨਵਰੀ, ੧੯੧੮ ਤੋਂ ਪਹਿਲਾਂ ਲਿਖਿਆ ਗਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੩੫, ਪੰਨੇ ੨੨੧-੨੨੩

# 'ਖੱਬ-ਪੱਖੀ" ਬਚਗਾਨਾਪੁਣਾ ਅਤੇ ਨਿਕ-ਬੁਰਜੂਆ ਪ੍ਰਵਿਰਤੀ

## ਵਿਚੋਂ

ਵਡ–ਬੋਲੇ ਫ਼ਿਕਰਿਆਂ ਦਾ ਵਿਖਾਵਾ ਕਰਨਾ ਜਮਾਤ–ਹੀਣ ਹੋਏ ਨਿਕ–ਬੁਰਜੂਆ ਬੁਧੀਮਾਨਾਂ ਦਾ ਲੱਛਣ ਹੈ। ਜਥੇਬੰਦ ਪ੍ਰੋਲਤਾਰੀ ਕਮਿਊਨਿਸਟ ਯਕੀਨਨ ਇਸ "ਆਦਤ" ਦੀ ਘੱਟੋ ਘੱਟ ਸਜ਼ਾ ਇਸਦੀ ਖਿੱਲੀ ਉਡਾਉਣ ਤੇ ਸਾਰੀਆਂ ਜ਼ਿਮੇਵਾਰ ਪਦਵੀਆਂ ਤੋਂ ਕੱਢ ਦੇਣ ਨਾਲ ਦੇਣਗੇ। ਲੋਕਾਂ ਨੂੰ ਕੌੜੀ ਸਚਾਈ ਸਾਦੀ ਤਰ੍ਹਾਂ ਸਪਸ਼ਟਤਾ ਨਾਲ ਤੇ ਬਿਲਕੁਲ ਸਿੱਧੇ ਢੰਗ ਨਾਲ ਦੱਸੀ ਜਾਣੀ ਚਾਹੀਦੀ ਹੈ: ਇਹ ਹੋ ਸਕਦਾ ਹੈ, ਸਗੋਂ ਸੰਭਵ ਹੈ, ਕਿ ਜੰਗੀ ਪਾਰਟੀ ਦਾ ਜਰਮਨੀ ਵਿਚ ਹੱਥ ਉਪਰ ਹੋ ਜਾਏ (ਅਰਥਾਤ, ਸਾਡੇ ਉਤੇ ਹਮਲਾ ਇਕਦਮ ਸ਼ੁਰੂ ਹੋ ਜਾਏ), ਤੇ ਜਾਪਾਨ ਨਾਲ ਰਲ ਕੇ ਜਰਮਨੀ, ਸਰਕਾਰੀ ਸਮਝੌਤੇ ਰਾਹੀਂ ਜਾਂ ਲੁਕਵੀਂ ਸਮਝ ਰਾਹੀਂ, ਸਾਨੂੰ ਵੰਡ ਦੇਵੇ ਤੇ ਗਲਾ ਘੁੱਟ ਦੇਵੇ। ਜੇ ਅਸੀਂ ਰੌਲਾ ਪਾਉਣ ਵਾਲਿਆਂ ਨੂੰ ਸੁਣਨਾ ਨਹੀਂ ਚਾਹੁੰਦੇ ਤਾਂ ਸਾਡੇ ਦਾਅ-ਪੇਚ ਹੋਣੇ ਚਾਹੀਦੇ ਹਨ—ਉਡੀਕੋ, ਲੰਮਕਾਓ, ਲੜਾਈ ਟਾਲੋ ਤੇ ਪਿੱਛੇ ਹਟ ਜਾਓ। ਜੇ ਅਸੀਂ ਰੌਲਾ ਪਾਉਣ ਵਾਲਿਆਂ ਨੂੰ ਹਿਲੂਣ ਕੇ ਕੱਢ ਦਈਏ ਤੇ ਸਚਮੁਚ ਦਾ ਅਸਪਾਤੀ, ਸਚਮੁਚ ਦਾ ਪ੍ਰੋਲਤਾਰੀ, ਸਚਮੁਚ ਦਾ ਕਮਿਊਨਿਸਟ ਡਿਸਿਪਲਿਨ ਪੈਦਾ ਕਰਕੇ "ਆਪਣੇ ਆਪ ਨੂੰ ਕੱਸ ਲਈਏ", ਤਾਂ ਸਾਡੇ ਕੋਲ ਮਹੀਨੇ ਲੈ ਲੈਣ ਦਾ ਚੰਗਾ ਮੌਕਾ ਹੋਵੇਗਾ। ਤੇ ਫਿਰ, ਜੇ ਹਾਲਤ ਭੈੜੀ ਤੋਂ ਭੈੜੀ ਵੀ ਹੋ ਜਾਂਦੀ ਹੈ ਤਾਂ, ਯੂਰਾਲ ਤੱਕ ਵੀ ਪਿੱਛੇ ਹਟ ਕੇ ਅਸੀਂ ਆਪਣੇ ਇਤਿਹਾਦੀ (ਕੌਮਾਂਤਰੀ ਪ੍ਰੋਲਤਾਰੀ) ਲਈ ਸਾਡੀ ਸਹਾਇਤਾ ਲਈ ਬਹੁੜਨ, ਇਨਕਲਾਬੀ ਬਗ਼ਾਵਤਾਂ ਦੇ ਸ਼ੁਰੂ ਹੋਣ ਤੇ ਇਨਕਲਾਬ ਵਿਚਲੇ ਫ਼ਾਸਲੇ ਨੂੰ ਮੁਕਾ ਕੇ "ਨਾਲ ਰਲਣਾ" (ਖੇਡਾਂ ਦੀ ਬੋਲੀ ਵਿਚ) ਵਧੇਰੇ **ਸੌਖਾ ਬਣਾ ਦੇਵਾਂਗੇ।**

ਇਹ, ਅਤੇ ਸਿਰਫ਼ ਇਹ, ਹਨ ਦਾਅ-ਪੇਚ ਜਿਹੜੇ ਅਸਲ ਵਿਚ ਕੌਮਾਂਤਰੀ ਸੋਸ਼ਲਿਜ਼ਮ ਦੇ ਇਕ ਆਰਜ਼ੀ ਤੌਰ ਤੇ ਨਿੱਖੜੇ ਹੋਏ ਹਿੱਸੇ ਤੇ ਦੂਜੇ ਹਿੱਸਿਆਂ ਵਿਚਕਾਰ ਸੰਬੰਧ ਨੂੰ ਮਜ਼ਬੂਤ ਕਰ ਸਕਦੇ ਹਨ। ਪਰ ਸਚਾਈ ਇਹ ਹੈ ਕਿ ਤੁਹਾਡੀਆਂ ਸਾਰੀਆਂ ਦਲੀਲਾਂ, ਪਿਆਰੇ "ਖੱਬੇ ਕਮਿਊਨਿਸਟੋ"[144], ਜਿਧਰ ਨੂੰ ਲਿਜਾਂਦੀਆਂ ਹਨ ਉਹ

ਹੈ ਇਕ ਵਡ-ਬੋਲੇ ਫ਼ਿਕਰੇ ਤੇ ਦੂਜੇ ਵਿਚਕਾਰ "ਸਜੀਵ ਸੰਬੰਧ ਨੂੰ ਮਜ਼ਬੂਤ ਬਣਾਉਣਾ।" ਭੈੜੀ ਤਰ੍ਹਾਂ ਦਾ "ਸਜੀਵ ਸੰਬੰਧ" ਹੈ, ਇਹ!

ਮੇਰੇ ਮਿਲਾਪੜੇ ਦੋਸਤੋ, ਮੈਂ ਤੁਹਾਨੂੰ ਚਾਨਣ ਪਾਵਾਂਗਾ ਕਿ ਇਹੋ ਜਿਹਾ ਭਾਣਾ ਤੁਹਾਡੇ ਨਾਲ ਕਿਉਂ ਵਰਤਿਆ। ਇਸਦਾ ਕਾਰਨ ਇਹ ਹੈ ਕਿ ਤੁਸੀਂ ਇਨਕਲਾਬੀ ਨਾਅਰਿਆਂ ਨੂੰ ਯਾਦ ਕਰਨ ਤੇ ਰੱਟਾ ਲਾਉਣ ਦੀ ਉਹਨਾਂ ਬਾਰੇ ਸੋਚਣ ਨਾਲੋਂ ਵਧੇਰੇ ਕੋਸ਼ਿਸ਼ ਕਰਦੇ ਹੋ। ਇਹ ਗੱਲ ਤੁਹਾਨੂੰ "ਸੋਸ਼ਲਿਸਟ ਪਿਤਰੀ-ਭੂਮੀ ਦੀ ਰਾਖੀ" ਸ਼ਬਦਾਂ ਨੂੰ ਕਾਮਿਆਂ ਵਿਚ ਲਿਖਣ ਵੱਲ ਲੈ ਜਾਂਦੀ ਹੈ ਜਿਨ੍ਹਾਂ ਦਾ ਮਤਲਬ ਸ਼ਾਇਦ ਤੁਹਾਡੇ ਵਿਅੰਗਮਈ ਹੋਣ ਦੇ ਜਤਨਾਂ ਦਾ ਸੰਕੇਤ ਦੇਣਾ ਹੈ, ਪਰ ਜਿਹੜੇ ਸਚਮੁਚ ਸਿਧ ਕਰਦੇ ਹਨ ਕਿ ਤੁਸੀਂ ਘਚੋਲੇ ਭਰੀ ਸੋਚਣੀ ਵਾਲੇ ਹੋ। ਤੁਸੀਂ "ਰਖਿਆਵਾਦ" ਨੂੰ ਕੋਈ ਘਟੀਆ ਤੇ ਘਿਨਾਉਣੀ ਚੀਜ਼ ਸਮਝਣ ਦੇ ਆਦੀ ਹੋ, ਤੁਸੀਂ ਇਹ ਸਿੱਖ ਲਿਆ ਅਤੇ ਰੱਟਾ ਲਾ ਲਿਆ ਹੈ। ਤੁਸੀਂ ਇਸਨੂੰ ਇਨੀਂ ਪੱਕੀ ਤਰ੍ਹਾਂ ਮੂੰਹ-ਜ਼ਬਾਨੀ ਯਾਦ ਕਰ ਲਿਆ ਹੈ ਕਿ ਤੁਹਾਡੇ ਵਿਚੋਂ ਕਈਆਂ ਨੇ ਝੱਖਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਹਨ ਕਿ ਸਾਮਰਾਜੀ **ਦੌਰ ਵਿਚ** ਪਿਤਰੀ-ਭੂਮੀ ਦੀ ਰਾਖੀ ਦੀ ਆਗਿਆ ਨਹੀਂ ਹੋ ਸਕਦੀ (ਅਸਲ ਵਿਚ, ਇਸਦੀ ਬੁਰਜੂਆਜ਼ੀ ਵਲੋਂ ਲੜੀ ਜਾ ਰਹੀ **ਸਾਮਰਾਜੀ,** ਪਿਛੇ-ਖਿਚੂ ਜੰਗ ਵਿਚ ਹੀ ਆਗਿਆ ਨਹੀਂ ਹੋ ਸਕਦੀ)। ਪਰ ਤੁਸੀਂ ਇਹ ਨਹੀਂ ਸੋਚਿਆ ਕਿ "ਰਖਿਆਵਾਦ" ਕਿਉਂ ਤੇ ਕਦੋਂ ਘਿਰਣਾ ਯੋਗ ਹੈ।

ਪਿਤਰੀ-ਭੂਮੀ ਦੀ ਰਾਖੀ ਨੂੰ ਮਾਨਤਾ ਦੇਣ ਦਾ ਮਤਲਬ ਜੰਗ ਦੇ ਕਾਨੂੰਨੀ ਤੇ ਨਿਆਈਂ ਹੋਣ ਨੂੰ ਮਾਨਤਾ ਦੇਣਾ ਹੈ। ਕਿਸ ਦ੍ਰਿਸ਼ਟੀਕੋਣ ਤੋਂ ਕਾਨੂੰਨੀ ਤੇ ਨਿਆਈਂ ਹੋਣਾ? ਸਿਰਫ਼ ਸੋਸ਼ਲਿਸਟ ਪ੍ਰੋਲਤਾਰੀ ਦੇ ਤੇ ਆਪਣੀ ਮੁਕਤੀ ਲਈ ਇਸਦੇ ਘੋਲ ਦੇ ਦ੍ਰਿਸ਼ਟੀਕੋਣ ਤੋਂ। ਅਸੀਂ ਹੋਰ ਕਿਸੇ ਦ੍ਰਿਸ਼ਟੀਕੋਣ ਨੂੰ ਨਹੀਂ ਮੰਨਦੇ। ਜੇ ਜੰਗ ਲੋਟੂ ਜਮਾਤ ਵਲੋਂ ਜਮਾਤ ਦੇ ਤੌਰ ਉਤੇ ਆਪਣੀ ਹਕੂਮਤ ਮਜ਼ਬੂਤ ਕਰਨ ਦੇ ਨਿਸ਼ਾਨੇ ਨਾਲ ਲੜੀ ਜਾਂਦੀ ਹੈ, ਤਾਂ ਇਹੋ ਜਿਹੀ ਜੰਗ ਮੁਜਰਮਾਨਾ ਜੰਗ ਹੈ, ਤੇ **ਇਹੋ ਜਿਹੀ** ਜੰਗ ਵਿਚ "ਰਖਿਆਵਾਦ" ਸੋਸ਼ਲਿਜ਼ਮ ਨਾਲ ਨੀਚ ਗ਼ੱਦਾਰੀ ਹੈ। ਜੇ ਜੰਗ ਪ੍ਰੋਲਤਾਰੀ ਵਲੋਂ ਆਪਣੇ ਦੇਸ ਵਿਚ ਬੁਰਜੂਆਜ਼ੀ ਉਤੇ ਜਿੱਤ ਪ੍ਰਾਪਤ ਕਰ ਲੈਣ ਪਿਛੋਂ ਲੜੀ ਜਾਂਦੀ ਹੈ, ਅਤੇ ਸੋਸ਼ਲਿਜ਼ਮ ਨੂੰ ਮਜ਼ਬੂਤ ਕਰਨ ਤੇ ਅੱਗੇ ਖੜਣ ਦੇ ਨਿਸ਼ਾਨੇ ਨਾਲ ਲੜੀ ਜਾਂਦੀ ਹੈ, ਤਾਂ ਇਹੋ ਜਿਹੀ ਜੰਗ ਕਾਨੂੰਨੀ ਤੇ "ਪਵਿੱਤਰ" ਹੈ।

੨੫ ਅਕਤੂਬਰ, ੧੯੧੭ ਤੋਂ ਅਸੀਂ "ਰਖਿਆਵਾਦੀ" ਹਾਂ। ਮੈਂ ਇਹ ਕਈ ਵਾਰ ਬਹੁਤ ਸਾਫ਼ ਸਾਫ਼ ਕਿਹਾ ਹੈ, ਤੇ ਤੁਸੀਂ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕੌਮਾਂਤਰੀ ਸੋਸ਼ਲਿਜ਼ਮ ਨਾਲ "ਸੰਬੰਧ ਮਜ਼ਬੂਤ ਕਰਨ" ਦੇ ਹਿਤਾਂ ਵਿਚ ਹੀ, ਆਪਣੀ **ਸੋਸ਼ਲਿਸਟ** ਪਿਤਰੀ-ਭੂਮੀ ਦੀ ਰਾਖੀ ਕਰਨਾ ਸਾਡਾ **ਫ਼ਰਜ਼** ਬਣਦਾ ਹੈ। ਜਿਹੜੇ ਲੋਕ

ਉਸ ਦੇਸ ਦੀ ਰਾਖੀ ਨੂੰ, ਜਿਸ ਵਿਚ ਪ੍ਰੋਲਤਾਰੀ ਪਹਿਲਾਂ ਹੀ ਜਿੱਤ ਪ੍ਰਾਪਤ ਕਰ ਚੁੱਕੇ ਹਨ, ਹਲਕੀ ਤਰ੍ਹਾਂ ਲੈਂਦੇ ਹਨ, ਉਹ ਅਜਿਹੇ ਲੋਕ ਹਨ ਜਿਹੜੇ ਕੌਮਾਂਤਰੀ ਸੋਸ਼ਲਿਜ਼ਮ ਨਾਲ ਸੰਬੰਧ ਤਬਾਹ ਕਰਦੇ ਹਨ। ਜਦੋਂ ਅਸੀਂ ਦਬਾਈ ਹੋਈ ਜਮਾਤ ਦੇ ਪ੍ਰਤਿਨਿਧ ਸਾਂ, ਉਦੋਂ ਅਸੀਂ ਸਾਮਰਾਜੀ ਜੰਗ ਵਿਚ ਪਿਤਰੀ-ਭੂਮੀ ਦੀ ਰਾਖੀ ਵੱਲ ਹੋਛਾ ਵਤੀਰਾ ਨਹੀਂ ਸੀ ਅਪਣਾਇਆ। ਅਸੀਂ ਇਹੋ ਜਿਹੀ ਰਾਖੀ ਦੀ ਅਸੂਲ ਕਾਰਨ ਵਿਰੋਧਤਾ ਕੀਤੀ ਸੀ। ਹੁਣ, ਜਦੋਂ ਅਸੀਂ ਹਾਕਮ ਜਮਾਤ ਦੇ ਪ੍ਰਤਿਨਿਧ ਬਣ ਗਏ ਹਾਂ, ਜਿਸਨੇ ਸੋਸ਼ਲਿਜ਼ਮ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ ਹੈ, ਅਸੀਂ ਮੰਗ ਕਰਦੇ ਹਾਂ ਕਿ ਹਰ ਕੋਈ ਦੇਸ ਦੀ ਰਾਖੀ ਵੱਲ **ਗੰਭੀਰ** ਵਤੀਰਾ ਅਪਣਾਏ। ਦੇਸ ਦੀ ਰਾਖੀ ਵੱਲ ਗੰਭੀਰ ਵਤੀਰਾ ਅਪਣਾਉਣ ਦਾ ਮਤਲਬ ਇਸ ਲਈ ਪੂਰੀ ਤਰ੍ਹਾਂ ਤਿਆਰੀ ਕਰਨਾ, ਅਤੇ ਤਾਕਤਾਂ ਦੇ ਸੰਤੁਲਣ ਦਾ ਪੂਰੀ ਤਰ੍ਹਾਂ ਹਿਸਾਬ ਲਾਉਣਾ ਹੈ। ਜੇ ਸਾਡੀਆਂ ਤਾਕਤਾਂ ਪ੍ਰਤੱਖ ਤੌਰ ਉਤੇ ਘੱਟ ਹਨ, ਤਾਂ ਰਾਖੀ ਦਾ ਸਭ ਤੋਂ ਚੰਗਾ ਤਰੀਕਾ **ਦੇਸ ਦੇ ਅੰਦਰ ਪਿਛੇ ਹਟ ਜਾਣਾ** ਹੈ (ਜਿਹੜਾ ਵੀ ਕੋਈ ਇਸਨੂੰ ਬਨਾਵਟੀ ਫ਼ਾਰਮੂਲਾ ਸਮਝਦਾ ਹੈ ਜਿਹੜਾ ਮੌਕੇ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਘੜਿਆ ਗਿਆ ਹੈ, ਉਸਨੂੰ ਇਸ ਸੰਬੰਧ ਵਿਚ ਇਤਿਹਾਸ ਦੇ ਸਬਕ ਸਿੱਖਣ ਦੇ ਸੰਬੰਧ ਵਿਚ ਪੁਰਾਣੇ ਕਲਾਊਜ਼ੇਵਿਟਜ਼ ਨੂੰ ਪੜ੍ਹਨਾ ਚਾਹੀਦਾ ਹੈ, ਜੋ ਕਿ ਫ਼ੌਜੀ ਮਾਮਲਿਆਂ ਬਾਰੇ ਸਭ ਤੋਂ ਵੱਡੀਆਂ ਪ੍ਰਮਾਣੀਕ ਹਸਤੀਆਂ ਵਿਚੋਂ ਇਕ ਹੈ)। ਪਰ "ਖੱਬੇ ਕਮਿਊਨਿਸਟ" ਮਾੜਾ ਜਿਹਾ ਸੰਕੇਤ ਵੀ ਨਹੀਂ ਦੇਂਦੇ ਕਿ ਉਹ ਤਾਕਤਾਂ ਦੇ ਸੰਤੁਲਣ ਦੇ ਸਵਾਲ ਦੀ ਮਹੱਤਤਾ ਨੂੰ ਸਮਝਦੇ ਹਨ।

ਜਦੋਂ ਅਸੀਂ ਅਸੂਲੀ ਤੌਰ ਉਤੇ ਰਖਿਆਵਾਦ ਦੇ ਵਿਰੁਧ ਸਾਂ ਅਸੀਂ ਉਹਨਾਂ ਲੋਕਾਂ ਦਾ ਮਜ਼ਾਕ ਉਡਾਉਣ ਵਿਚ ਠੀਕ ਸਾਂ ਜਿਹੜੇ, ਦੰਭੀ ਤਰ੍ਹਾਂ ਸੋਸ਼ਲਿਜ਼ਮ ਦੇ ਹਿਤਾਂ ਵਿਚ, ਆਪਣੀ ਪਿਤਰੀ-ਭੂਮੀ ਦੀ "ਰਾਖੀ" ਕਰਨਾ ਚਾਹੁੰਦੇ ਸਨ। ਜਦੋਂ ਅਸੀਂ ਪ੍ਰੋਲਤਾਰੀ ਰਖਿਆਵਾਦੀ ਹੋਣ ਦਾ ਹੱਕ ਪ੍ਰਾਪਤ ਕਰ ਲਿਆ ਤਾਂ ਸਾਰਾ ਸਵਾਲ ਬੁਨਿਆਦੀ ਤੌਰ ਉਤੇ ਬਦਲ ਗਿਆ। ਸੰਬੰਧਤ ਵੱਖੋ ਵੱਖਰੀਆਂ ਤਾਕਤਾਂ ਦਾ ਬਿਲਕੁਲ ਸ਼ੁਧਤਾਈ ਨਾਲ ਹਿਸਾਬ ਲਾਉਣਾ, ਆਪਣੇ ਇਤਿਹਾਦੀ (ਕੌਮਾਂਤਰੀ ਪ੍ਰੋਲਤਾਰੀ) ਦੇ ਸਮੇਂ ਸਿਰ ਸਾਡੀ ਸਹਾਇਤਾ ਲਈ ਬਹੁੜ ਸਕਣ ਦੇ ਮੌਕਿਆਂ ਨੂੰ ਬੇਹਦ ਧਿਆਨ ਨਾਲ ਤੋਲਣਾ ਸਾਡਾ ਫ਼ਰਜ਼ ਬਣ ਗਿਆ ਹੈ। ਇਹ ਸਰਮਾਏ ਦੇ ਹਿਤਾਂ ਵਿਚ ਹੈ ਕਿ ਇਸ ਤੋਂ ਪਹਿਲਾਂ ਕਿ ਸਾਰੇ ਦੇਸਾਂ ਦੇ ਮਜ਼ਦੂਰ ਇਕਮੁਠ ਹੋ ਜਾਣ (ਸਚਮੁਚ ਇਕਮੁਠ, ਅਰਥਾਤ, ਇਨਕਲਾਬ ਸ਼ੁਰੂ ਕਰ ਕੇ), ਆਪਣੇ ਦੁਸ਼ਮਣ (ਇਨਕਲਾਬੀ ਪ੍ਰੋਲਤਾਰੀ) ਨੂੰ ਇਕ ਇਕ ਟੋਟਾ ਕਰਕੇ ਤਬਾਹ ਕਰ ਦੇਵੇ। ਇਹ ਸਾਡੇ ਹਿਤਾਂ ਵਿਚ ਹੈ ਕਿ ਅਸੀਂ ਫ਼ੈਸਲਾਕੁਨ ਲੜਾਈ ਨੂੰ ਪਿੱਛੇ ਪਾਉਣ ਲਈ ਨਿੱਕੇ ਤੋਂ ਨਿੱਕੇ ਮੌਕੇ ਦਾ ਵੀ ਲਾਭ ਉਠਾਉਣ ਲਈ

ਜੋ ਵੀ ਸੰਭਵ ਹੋਵੇ ਕਰੀਏ, ਉਸ ਘੜੀ ਤੱਕ (ਜਾਂ ਉਸ ਘੜੀ ਦੇ "**ਪਿੱਛੋਂ ਤੱਕ**") ਜਦੋਂ ਤੱਕ ਕਿ ਇਨਕਲਾਬੀ ਮਜ਼ਦੂਰਾਂ ਦੇ ਦਸਤੇ ਇਕੋ ਇਕ ਮਹਾਨ ਕੌਮਾਂਤਰੀ ਫ਼ੌਜ ਵਿਚ ਇਕਮੁਠ ਨਹੀਂ ਹੋ ਜਾਂਦੇ।

੯, ੧੦ ਤੇ ੧੧ ਮਈ,
੧੯੧੮ ਨੂੰ "ਪਰਾਵਦਾ" ਨੰ: ੮੮, ੮੯
ਤੇ ੯੦ ਵਿਚ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੬, ਪੰਨੇ
੨੯੦-੨੯੩।

# ੫ ਜੁਲਾਈ, ੧੯੧੮ ਨੂੰ ਮਜ਼ਦੂਰਾਂ, ਕਿਸਾਨਾਂ, ਫ਼ੌਜੀਆਂ ਅਤੇ ਲਾਲ ਫ਼ੌਜ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਪੰਜਵੀਂ ਕਾਂਗਰਸ ਵਿਚ ਲੋਕ ਕੁਮੀਸਾਰਾਂ ਦੀ ਕੌਂਸਲ ਦੀ ਰਪੋਰਟ

## ਵਿਚੋਂ

ਸਾਡੀ ਕਾਂਗਰਸ ਤੋਂ ਪਤਾ ਲਗਦਾ ਹੈ ਕਿ ਸਭ ਕੁਝ ਦੇ ਬਾਵਜੂਦ ਸਾਰੇ ਕਿਰਤੀ ਲੋਕਾਂ ਦਾ ਏਕਾ ਨਾ ਸਿਰਫ਼ ਰੂਸ ਵਿਚ ਹੀ ਸਗੋਂ ਸਾਰੀ ਦੁਨੀਆਂ ਵਿਚ ਵਧ ਰਿਹਾ, ਫੈਲ ਰਿਹਾ ਅਤੇ ਤਾਕਤ ਫੜ ਰਿਹਾ ਹੈ। ਸਾਡੇ ਇਨਕਲਾਬ ਬਾਰੇ ਬਦੇਸਾਂ ਵਿਚ ਬੇਹੂਦਗੀ ਹੱਦ ਤੱਕ ਥੋੜ੍ਹਾ, ਭਿਆਨਕ ਹੱਦ ਤੱਕ ਥੋੜ੍ਹਾ ਜਾਣਿਆ ਜਾਂਦਾ ਹੈ। ਉਥੋਂ ਦੀ ਫ਼ੌਜੀ ਸੈਂਸਰਸ਼ਿਪ ਕੁਝ ਵੀ ਨਹੀਂ ਜਾਣ ਦੇਂਦੀ। ਬਦੇਸਾਂ ਤੋਂ ਮੁੜੇ ਸਾਥੀਆਂ ਨੇ ਸਾਨੂੰ ਇਹ ਦਸਿਆ ਹੈ। ਤਾਂ ਵੀ ਸਭ ਕੁਝ ਦੇ ਬਾਵਜੂਦ, ਨਿਰੋਲ ਆਪਣੀ ਅੰਤਰ-ਪ੍ਰੇਰਣਾ ਤੋਂ ਹੀ ਅਗਵਾਈ ਲੈਂਦਿਆਂ, ਯੂਰਪੀ ਮਜ਼ਦੂਰ ਬਾਲਸ਼ਵਿਕ ਸਰਕਾਰ ਨਾਲ ਹਮਦਰਦੀ ਰਖਦੇ ਹਨ। ਅਤੇ ਦਿਨੋ ਦਿਨ ਵਧੇਰੇ ਗਿਣਤੀ ਵਿਚ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੋਸ਼ਲਿਸਟ ਇਨਕਲਾਬ ਲਈ ਹਮਦਰਦੀ ਯੂਰਪ ਦੇ ਉਹਨਾਂ ਦੇਸਾਂ ਵਿਚ ਵਧ ਰਹੀ ਹੈ, ਜਿਥੇ ਸਾਮਰਾਜੀ ਜੰਗ ਅਜੇ ਚਲ ਰਹੀ ਹੈ। ਬਾਲਸ਼ਵਿਕ ਸਰਕਾਰ ਨੂੰ ਜਰਮਨ ਸੋਸ਼ਲਿਸਟਾਂ ਅਤੇ ਹੋਰਨਾਂ ਮਰਦਾਂ ਅਤੇ ਇਸਤ੍ਰੀਆਂ ਵਲੋਂ ਧੰਨਵਾਦ, ਹਮਦਰਦੀ ਅਤੇ ਹਮਾਇਤ ਦੇ ਪ੍ਰਗਟਾਅ ਮਿਲ ਰਹੇ ਹਨ, ਜਿਨ੍ਹਾਂ ਦੇ ਨਾਂ ਹਰ ਰੌਸ਼ਨ-ਦਿਮਾਗ਼ ਮਜ਼ਦੂਰ ਅਤੇ ਕਿਸਾਨ ਜਾਣਦਾ ਹੈ, ਕਲਾਰਾ ਜ਼ੈਟਕਿਨ ਅਤੇ ਫਰਾਂਜ਼ ਮੇਹਰਿੰਗ ਜਿਹੇ ਲੋਕ। ਇਟਲੀ ਵਿਚ, ਪਾਰਟੀ ਦਾ ਬਜ਼ੁਰਗ ਸਕੱਤਰ, ਲਾਜ਼ਾਰੀ, ਜਿਹੜਾ ਜ਼ਿਮਰਵਾਲਡ ਵਿਚ ਬਾਲਸ਼ਵਿਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਸੀ, ਸਾਡੇ ਲਈ ਹਮਦਰਦੀ ਪ੍ਰਗਟ ਕਰਨ ਕਰਕੇ ਹੁਣ ਜੇਲ੍ਹ ਵਿਚ ਹੈ।

ਇਨਕਲਾਬ ਬਾਰੇ ਸੂਝ ਵਧ ਰਹੀ ਹੈ। ਫ਼ਰਾਂਸ ਵਿਚ, ਉਹਨਾਂ ਸਾਥੀਆਂ ਅਤੇ ਮਜ਼ਦੂਰਾਂ ਨੇ, ਜਿਹੜੇ ਜ਼ਿਮਰਵਾਲਡ ਵਿਚ ਬਾਲਸ਼ਵਿਕਾਂ ਵੱਲ ਡੂੰਘੀ ਬੇਵਿਸ਼ਵਾਸੀ ਵਾਲਾ ਵਤੀਰਾ ਰਖਦੇ ਸਨ, ਕੁਝ ਦਿਨ ਹੋਏ ਕੌਮਾਂਤਰੀ ਸੰਬੰਧਾਂ ਦੀ ਕਮੇਟੀ[145] ਦੇ ਨਾਂ ਉਤੇ ਇਕ ਮੈਨੀਫ਼ੈਸਟੋ ਜਾਰੀ ਕੀਤਾ ਹੈ, ਜਿਸ ਵਿਚ ਬਾਲਸ਼ਵਿਕ ਸਰਕਾਰ ਦੀ

ਹਮਾਇਤ ਲਈ ਤੀਬਰ ਅਪੀਲ ਕੀਤੀ ਗਈ ਹੈ ਅਤੇ ਕਿਸੇ ਵੀ ਪਾਰਟੀ ਵਲੋਂ ਮਾਅਰਕਿਆਂ ਦਾ ਵਿਰੋਧ ਕੀਤਾ ਗਿਆ ਹੈ।

ਅਤੇ ਇਸ ਲਈ, ਸਾਥੀਓ, ਅਗੋਂ ਆਉਣ ਵਾਲਾ ਸਮਾਂ ਭਾਵੇਂ ਕਿੰਨਾਂ ਵੀ ਮੁਸ਼ਕਲ ਅਤੇ ਕਰੜਾ ਹੋਵੇ, ਸਚਾਈ ਦੱਸਣਾ ਅਤੇ ਇਸ ਬਾਰੇ ਲੋਕਾਂ ਦੀਆਂ ਅੱਖਾਂ ਖੋਹਲਣਾ ਸਾਡਾ ਫ਼ਰਜ਼ ਹੈ, ਕਿਉਂਕਿ ਸਿਰਫ਼ ਲੋਕ ਹੀ, ਆਪਣੇ ਉੱਦਮ ਅਤੇ ਸੰਗਠਨ ਨਾਲ, ਇਕ ਤੋਂ ਪਿਛੋਂ ਦੂਜੀ ਮੰਗ-ਪੇਸ਼ ਕਰਕੇ ਅਤੇ ਸੋਸ਼ਲਿਸਟ ਗਣ-ਰਾਜ ਦੀ ਰਾਖੀ ਕਰਕੇ, ਸਾਡੀ ਸਹਾਇਤਾ ਕਰ ਸਕਦੇ ਹਨ। ਅਤੇ ਅਸੀਂ ਕਹਿੰਦੇ ਹਾਂ, ਸਾਥੀਓ, ਕਿ ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਜੇ ਅਸੀਂ ਉਸ ਰਾਹ ਉਤੇ ਚਲਦੇ ਜਾਈਏ ਜਿਹੜਾ ਅਸੀਂ ਚੁਣਿਆ ਹੈ ਅਤੇ ਘਟਨਾਵਾਂ ਨੇ ਜਿਸਦੀ ਪੁਸ਼ਟੀ ਕੀਤੀ ਹੈ, ਜੇ ਅਸੀਂ ਰਾਹ ਉਤੇ ਦ੍ਰਿੜ੍ਹਤਾ ਅਤੇ ਸਿਰੜ ਨਾਲ ਚਲਦੇ ਜਾਈਏ, ਜੇ ਅਸੀਂ ਫ਼ਿਕਰੇਬਾਜ਼ ਝਾਵਲਿਆਂ, ਧੋਖਿਆਂ ਅਤੇ ਵੇਗਾਂ ਨਾਲ ਆਪਣੇ ਆਪ ਨੂੰ ਠੀਕ ਰਾਹ ਤੋਂ ਲਾਂਭੇ ਨਾ ਜਾਣ ਦਈਏ, ਤਾਂ ਦੁਨੀਆਂ ਵਿਚ ਆਪਣੀ ਪੁਜ਼ੀਸ਼ਨ ਕਾਇਮ ਰੱਖ ਸਕਣ ਦਾ, ਅਤੇ ਰੂਸ ਵਿਚ ਸੋਸ਼ਲਿਜ਼ਮ ਦੀ ਜਿੱਤ ਨੂੰ ਦ੍ਰਿੜ੍ਹਤਾ ਨਾਲ ਅੱਗੇ ਖੜਣ ਦਾ, ਅਤੇ ਇਸ ਤਰ੍ਹਾਂ ਸੰਸਾਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਨੂੰ ਅੱਗੇ ਖੜਣ ਦਾ ਸਾਡੇ ਕੋਲ ਹਰ ਅਵਸਰ ਹੈ! (**ਉੱਚੀਆਂ ਅਤੇ ਲੰਮੀਆਂ ਤਾੜੀਆਂ ਅਤੇ ਜੇ ਜੈਕਾਰੇ**)

੬ ਜੁਲਾਈ, ੧੯੧੮ ਨੂੰ
''ਇਜ਼ਵੇਸਤੀਆ'' ਨੰ:
੧੩੯ ਵਿਚ ਛਪੀ ਅਖ਼ਬਾਰੀ
ਖ਼ਬਰ।

ਸੰਗ੍ਰਹਿਤ ਕਿਰਤਾਂ, ਸੈਂਚੀ ੩੬,
ਪੰਨੇ ੫੧੨-੫੧੩

# ੨੩ ਜੁਲਾਈ, ੧੯੧੮ ਨੂੰ ਫ਼ੈਕਟਰੀ ਕਮੇਟੀਆਂ ਦੀ ਮਾਸਕੋ ਗੁਬੇਰਨੀਆ ਕਾਨਫਰੰਸ ਵਿਚ ਪੇਸ਼ ਕੀਤੀ ਗਈ ਰਪੋਰਟ ਵਿਚੋਂ

## ਅਖ਼ਬਾਰੀ ਖ਼ਬਰ

(ਕਾਨਫ਼ਰੰਸ ਹਾਲ ਵਿਚ ਲੈਨਿਨ ਦੇ ਦਾਖ਼ਲੇ ਦੇ ਉੱਚੀਆਂ ਤਾੜੀਆਂ ਨਾਲ ਸੁਆਗਤ ਕੀਤਾ ਗਿਆ, ਜਿਹੜੀਆਂ ਕਈ ਮਿੰਟਾਂ ਤੱਕ ਵੱਜਦੀਆਂ ਰਹੀਆਂ।) ਪਿਛਲੇ ਕੁਝ ਦਿਨ ਸੋਵੀਅਤ ਗਣ-ਰਾਜ ਦੇ ਮਾਮਲਿਆਂ ਦੇ ਅਤਿ ਦੇ ਗੰਭੀਰ ਹੋਣ ਕਰਕੇ ਉਘੜਵੇਂ ਰਹੇ ਹਨ, ਜਿਸ ਦਾ ਕਾਰਨ ਕੌਮਾਂਤਰੀ ਤੌਰ ਉਤੇ ਦੇਸ ਦੀ ਪੁਜ਼ੀਸ਼ਨ ਵੀ ਸੀ ਅਤੇ ਉਲਟ-ਇਨਕਲਾਬੀ ਸਾਜ਼ਸ਼ਾਂ ਅਤੇ ਅੰਨ ਦਾ ਸੰਕਟ ਵੀ ਸੀ, ਜਿਹੜੇ ਉਹਨਾਂ ਨਾਲ ਡੂੰਘੀ ਤਰ੍ਹਾਂ ਸੰਬੰਧ ਰਖਦੇ ਹਨ।

ਮੈਨੂੰ ਕੌਮਾਂਤਰੀ ਅਵਸਥਾ ਬਾਰੇ ਦੱਸਣ ਦੀ ਆਗਿਆ ਦਿਓ। ਰੂਸੀ ਇਨਕਲਾਬ ਕੌਮਾਂਤਰੀ ਸੋਸ਼ਲਿਸਟ ਫ਼ੌਜ ਦੇ ਦਸਤਿਆਂ ਵਿਚੋਂ ਸਿਰਫ਼ ਇਕ ਹੈ, ਜਿਨ੍ਹਾਂ ਦੀ ਕਾਰਵਾਈ ਉਤੇ ਸਾਡੇ ਇਨਕਲਾਬ ਦੀ ਸਫ਼ਲਤਾ ਅਤੇ ਜਿੱਤ ਨਿਰਭਰ ਹੈ। ਇਹ ਇਕ ਹਕੀਕਤ ਹੈ ਜਿਸਨੂੰ ਸਾਡੇ ਵਿਚੋਂ ਕੋਈ ਵੀ ਭੁਲ ਨਹੀਂ ਸਕਦਾ। ਇਸੇ ਤਰ੍ਹਾਂ ਅਸੀਂ ਇਹ ਗੱਲ ਵੀ ਦਿਮਾਗ਼ ਵਿਚ ਰਖਦੇ ਹਾਂ ਕਿ ਸੰਸਾਰ ਮਜ਼ਦੂਰ ਜਮਾਤ ਲਹਿਰ ਵਿਚ ਰੂਸੀ ਪ੍ਰੋਲਤਾਰੀ ਦਾ ਹਰਾਵਲ ਦਸਤੇ ਵਾਲਾ ਰੋਲ ਦੇਸ ਦੇ ਆਰਥਕ ਵਿਕਾਸ ਕਾਰਨ ਨਹੀਂ। ਇਸਦੇ ਉਲਟ, ਇਸਦਾ ਕਾਰਨ ਰੂਸ ਦਾ ਪਛੜੇਵਾਂ, ਅਤੇ ਜਿਸਨੂੰ ਸਾਡੀ ਸਥਾਨਕ ਬੁਰਜੂਆਜ਼ੀ ਕਹਿੰਦੇ ਹਨ, ਉਸਦੀ ਜੰਗ ਅਤੇ ਇਸਦੇ ਰੁਕਣ ਨਾਲ ਸੰਬੰਧ ਬੇਹੱਦ ਵਡੇ ਮਸਲਿਆਂ ਨਾਲ ਨਜਿੱਠ ਸਕਣ ਦੀ ਅਸਮਰਥਾ ਹੈ, ਜਿਸਦਾ ਸਿੱਟਾ ਪ੍ਰੋਲਤਾਰੀ ਵਲੋਂ ਰਾਜਸੀ ਸੱਤਾ ਉਤੇ ਕਬਜ਼ਾ ਕਰਨ ਅਤੇ ਆਪਣੀ ਜਮਾਤੀ ਡਿਕਟੇਟਰਸ਼ਿਪ ਸਥਾਪਤ ਕਰਨ ਵਿਚ ਨਿਕਲਿਆ ਹੈ।

ਆਪਣੇ ਇਨਕਲਾਬ ਦੇ ਨਿੱਖੜੇ ਹੋਣ ਤੋਂ ਚੇਤੰਨ, ਰੂਸੀ ਪ੍ਰੋਲਤਾਰੀ ਸਪਸ਼ਟ ਤਰ੍ਹਾਂ ਨਾਲ ਮਹਿਸੂਸ ਕਰਦੇ ਹਨ ਕਿ ਇਸਦੀ ਜਿੱਤ ਲਈ ਲਾਜ਼ਮੀ ਸ਼ਰਤ ਅਤੇ ਪਹਿਲੀ ਲੋੜ ਸਾਰੀ ਦੁਨੀਆਂ ਦੇ, ਜਾਂ ਸਰਮਾਇਦਾਰਾਨਾ ਤੌਰ ਉਤੇ ਉੱਨਤ ਕਈ ਦੇਸਾਂ ਦੇ ਮਜ਼ਦਰਾਂ ਦੀ ਇਕਮੁਠ ਕਾਰਵਾਈ ਹੈ। ਪਰ ਰੂਸੀ ਪ੍ਰੋਲਤਾਰੀ ਚੰਗੀ ਤਰ੍ਹਾਂ

ਜਾਣਦੇ ਹਨ ਕਿ ਹਰ ਦੇਸ ਵਿਚ ਉਹਨਾਂ ਦੇ ਪ੍ਰਤੱਖ ਅਤੇ ਅਪ੍ਰਤੱਖ ਮਿੱਤਰ ਹਨ। ਉਦਾਹਰਣ ਵਜੋਂ, ਅਜਿਹਾ ਕੋਈ ਦੇਸ ਨਹੀਂ ਜਿਥੇ ਜੇਲ੍ਹਾਂ ਅਜਿਹੇ ਕੌਮਾਂਤਰੀਵਾਦੀਆਂ ਨਾਲ ਨਾ ਭਰੀਆਂ ਪਈਆਂ ਹੋਣ ਜਿਹੜੇ ਸੋਵੀਅਤ ਰੂਸ ਨਾਲ ਹਮਦਰਦੀ ਰਖਦੇ ਹਨ; ਕੋਈ ਅਜਿਹਾ ਦੇਸ ਨਹੀਂ ਜਿਥੇ ਇਨਕਲਾਬੀ ਸੋਸ਼ਲਿਸਟ ਚਿੰਤਨ ਖੁਲ੍ਹੀ ਤਰ੍ਹਾਂ ਜਾਂ ਗੁਪਤ ਰਹਿ ਕੇ ਕੰਮ ਕਰਦੇ ਅਖ਼ਬਾਰਾਂ ਵਿਚ ਪ੍ਰਗਟ ਨਾ ਹੋਇਆ ਹੋਵੇ। ਅਤੇ ਇਸ ਲਈ, ਆਪਣੇ ਸੱਚੇ ਮਿੱਤਰਾਂ ਨੂੰ ਜਾਣਦਿਆਂ, ਅਸੀਂ ਮੈਨਸ਼ਵਿਕਾਂ[146] ਨਾਲ ਕਿਸੇ ਸਮਝੌਤੇ ਉਤੇ ਅਪੜਣ ਤੋਂ ਇਨਕਾਰ ਕਰਦੇ ਹਾਂ, ਜਿਨ੍ਹਾਂ ਨੇ ਕੇਰੇਂਸਕੀ ਦੀ ਅਤੇ ਉਸਦੇ ਹੱਲੇ ਦੀ ਹਮਾਇਤ ਕੀਤੀ।[147] ਇਸ ਪਾਸਿਓਂ ਕੌਮਾਂਤਰੀਵਾਦੀ ਰੋਜ਼ਾ ਲਕਸਮਬੁਰਗ ਦੀ ਇਕ ਚਿੱਠੀ (ਆਕਾਰ ਵਿਚ ਛੋਟੀ ਪਰ ਤੱਤ ਵਿਚ ਪ੍ਰਤੱਖ ਤੌਰ ਉਤੇ ਕੌਮਾਂਤਰੀਵਾਦੀ) ਬੜੀ ਮਹੱਤਵਪੂਰਨ ਹੈ, ਜਿਹੜੀ ਜੂਨ ਦੇ ਹੱਲੇ ਦੇ ਵਿਸ਼ੇ ਉਤੇ ਬਰਤਾਨਵੀ ਅਖ਼ਬਾਰ "Workers' Dreadnought"[148] ਵਿਚ ਛਪੀ ਸੀ। ਰੋਜ਼ਾ ਲਕਸਮਬੁਰਗ ਦਾ ਵਿਸ਼ਵਾਸ ਹੈ ਕਿ ਮਹਾਨ ਰੂਸੀ ਇਨਕਲਾਬ ਦੇ ਕੌਮਾਂਤਰੀਵਾਦ ਨੂੰ ਕੇਰੇਂਸਕੀ ਦੇ ਹੱਲੇ ਨੇ ਅਤੇ ਸੋਵੀਅਤਾਂ ਦੀ ਪਹਿਲੀ ਕੁੱਲ-ਰੂਸ ਕਾਂਗਰਸ ਵਲੋਂ ਇਸਨੂੰ ਦਿਤੀ ਗਈ ਪ੍ਰਵਾਨਗੀ ਨੇ ਢਾਹ ਲਾਈ ਸੀ। ਇਨਕਲਾਬੀ ਰੂਸ ਵਲੋਂ ਇਸ ਹੱਲੇ ਨੇ ਪੱਛਮ ਵਿਚ ਇਨਕਲਾਬ ਦੇ ਵਿਕਾਸ ਨੂੰ ਮਧਮ ਕੀਤਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਹੀ ਸੀ, ਇਸ ਵਲੋਂ ਕੁੱਲ ਸੱਤਾ ਨੂੰ ਆਪਣੇ ਹੱਥ ਕਰਨਾ ਹੀ ਸੀ ਜਿਸਦਾ ਸਿੱਟਾ ਗੁਪਤ ਸੰਧੀਆਂ ਦੇ ਅਸਫ਼ਲ ਹੋਣ ਵਿਚ ਅਤੇ ਉਹਨਾਂ ਦੇ ਧਾੜਵੀ, ਸਾਮਰਾਜੀ ਖ਼ਾਸੇ ਦਾ ਪਾਜ ਉਘੜਣ ਵਿਚ, ਅਤੇ ਇਸ ਤਰ੍ਹਾਂ, ਯੂਰਪ ਦੀਆਂ ਇਨਕਲਾਬੀ ਘਟਨਾਵਾਂ ਦੇ ਤੇਜ਼ ਹੋਣ ਵਿਚ ਨਿਕਲਿਆ। ਪੱਛਮ ਵਿਚ ਪ੍ਰੋਲਤਾਰੀ ਸ਼ਕਤੀਆਂ ਨੂੰ ਜਗਾਉਣ ਅਤੇ ਵਿਕਸਾਉਣ ਵਿਚ ਇੰਨਾਂ ਹੀ ਜ਼ੋਰਦਾਰ ਪ੍ਰਭਾਵ ਬਿਨਾਂ ਅਲਹਾਕਾਂ ਅਤੇ ਹਰਜਾਨਿਆਂ ਦੇ ਜਮਹੂਰੀ ਅਮਨ ਸੰਧੀ ਕਰਨ ਲਈ ਸਾਰੀਆਂ ਕੌਮਾਂ ਦੇ ਨਾਂ ਸਾਡੀ ਅਪੀਲ ਨੇ ਪਾਇਆ[149]। ਇਹਨਾਂ ਸਾਰੀਆਂ ਇਨਕਲਾਬੀ ਕਾਰਵਾਈਆਂ ਨੇ ਸਾਰੀ ਦੁਨੀਆਂ ਦੇ ਮਜ਼ਦੂਰਾਂ ਦੀਆਂ ਅੱਖਾਂ ਖੋਹਲ ਦਿਤੀਆਂ ਹਨ ਅਤੇ ਬੁਰਜੂਆਜ਼ੀ ਅਤੇ ਭਗੌੜੇ ਸੋਸ਼ਲਿਸਟ ਟੋਲਿਆਂ ਦੇ ਕੋਈ ਵੀ ਯਤਨ ਉਹਨਾਂ ਦੀ ਜਾਗ ਚੁੱਕੀ ਜਮਾਤੀ ਚੇਤਨਤਾ ਨੂੰ ਧੁੰਧਲਾਉਣ ਵਿਚ ਸਫ਼ਲ ਨਹੀਂ ਹੋਣਗੇ। ਬਰਤਾਨਵੀ ਮਜ਼ਦੂਰਾਂ ਵਲੋਂ ਕੇਰੇਂਸਕੀ ਦਾ ਕੀਤਾ ਗਿਆ ਸੁਆਗਤ ਬਿਲਕੁਲ ਸਪਸ਼ਟ ਤਰ੍ਹਾਂ ਇਹ ਦਰਸਾਉਂਦਾ ਹੈ। ਰੂਸੀ ਇਨਕਲਾਬ ਵਲੋਂ ਪੈਦਾ ਕੀਤੀ ਗਈ ਖਿੱਚ ਜੰਗ ਸ਼ੁਰੂ ਹੋਣ ਤੋਂ ਲੈਕੇ ਜਰਮਨ ਮਜ਼ਦੂਰਾਂ ਦੀ ਸ਼ਾਨਦਾਰ ਪੈਮਾਨੇ ਉਤੇ ਕੀਤੀ ਗਈ ਪਹਿਲੀ ਕਾਰਵਾਈ ਵਿਚ ਪ੍ਰਗਟ ਹੋਈ, ਜਦੋਂ ਉਹਨਾਂ ਨੇ ਬਰਲਿਨ ਵਿਚ ਅਤੇ ਹੋਰ ਸਨਅਤੀ ਕੇਂਦਰਾਂ ਵਿਚ ਬੇਹੱਦ ਵਡੀ ਹੜਤਾਲ ਨਾਲ ਬ੍ਰੈਸਤ ਗੱਲਬਾਤ[150] ਵੱਲ ਪ੍ਰਤਿਕਰਮ ਦਿਤਾ। ਕੌਮਪ੍ਰਸਤੀ

ਦੀ ਜ਼ਹਿਰੀਲੀ ਗੈਸ ਨਾਲ ਬੇਹਿੱਸ ਕੀਤੇ ਅੰਧਰਾਸ਼ਟਰਵਾਦ ਦੀ ਜ਼ਹਿਰ ਨਾਲ ਨਸ਼ਿਆਏ ਦੇਸ ਵਿਚ ਪ੍ਰੋਲਤਾਰੀ ਦੀ ਇਹ ਕਾਰਵਾਈ ਸਰਵਉਚ ਮਹੱਤਤਾ ਵਾਲੀ ਇਕ ਹਕੀਕਤ ਹੈ ਅਤੇ ਜਰਮਨ ਪ੍ਰੋਲਤਾਰੀ ਦੇ ਭਾਵਾਂ ਦੇ ਮੋੜ ਦੀ ਸੂਚਕ ਹੈ।

੨੪ ਜੁਲਾਈ, ੧੯੧੮ ਨੂੰ
"ਪਰਾਵਦਾ" ਨੰ: ੧੫੩ ਅਤੇ
"ਇਜ਼ਵੇਸਤੀਆ" ਨੰ:
੧੫੫ ਵਿਚ ਛਪੀ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੬,
ਪੰਨੇ ੫੨੯-੫੩੧

# ਅਮਰੀਕੀ ਮਜ਼ਦੂਰਾਂ ਦੇ ਨਾਂ ਚਿੱਠੀ
## ਵਿਚੋਂ

ਸਾਰੀ ਦੁਨੀਆਂ ਦੇ ਮਜ਼ਦੂਰ, ਭਾਵੇਂ ਉਹ ਕਿਸੇ ਦੇਸ ਵਿਚ ਵੀ ਰਹਿੰਦੇ ਹੋਣ, ਸਾਨੂੰ ਵਧਾਈ ਦੇਂਦੇ ਹਨ, ਸਾਡੇ ਨਾਲ ਹਮਦਰਦੀ ਕਰਦੇ ਹਨ, ਸਾਮਰਾਜੀ ਬੰਧਨਾਂ ਦੇ, ਨੀਚ ਸਾਮਰਾਜੀ ਸੰਧੀਆਂ ਦੇ, ਸਾਮਰਾਜੀ ਜ਼ੰਜੀਰਾਂ ਦੇ ਅਸਪਾਤੀ ਘੇਰੇ ਨੂੰ ਤੋੜਨ ਲਈ—ਤੋੜਕੇ ਆਜ਼ਾਦੀ ਤੱਕ ਪੁੱਜਣ ਲਈ, ਅਤੇ ਅਜਿਹਾ ਕਰਦਿਆਂ ਵਧ ਤੋਂ ਵਧ ਕੁਰਬਾਨੀਆਂ ਕਰਨ ਲਈ—ਸੋਸ਼ਲਿਸਟ ਗਣ-ਰਾਜ ਵਜੋਂ, ਭਾਵੇਂ ਇਹ ਸਾਮਰਾਜੀਆਂ ਦਾ ਟੁਕੜੇ ਕੀਤਾ ਹੋਇਆ ਅਤੇ ਲੁੱਟਿਆ ਹੋਇਆ ਹੈ, ਸਾਮਰਾਜੀ ਜੰਗ ਤੋਂ **ਬਾਹਰ** ਰਹਿਣ ਲਈ ਅਤੇ ਅਮਨ ਦਾ ਝੰਡਾ ਉੱਚਾ ਕਰਨ ਲਈ, ਸਾਰੀ ਦੁਨੀਆਂ ਸਾਮ੍ਹਣੇ ਸੋਸ਼ਲਿਜ਼ਮ ਦਾ ਝੰਡਾ ਉੱਚਾ ਕਰਨ ਲਈ ਸਾਡੀ ਪ੍ਰਸੰਸਾ ਕਰਦੇ ਹਨ।

ਕੋਈ ਹੈਰਾਨੀ ਵਾਲੀ ਗੱਲ ਨਹੀਂ ਕੌਮਾਂਤਰੀ ਸਾਮਰਾਜੀ ਟੋਲਾ ਇਸ ਲਈ ਸਾਨੂੰ ਨਫ਼ਰਤ ਕਰਦਾ ਹੈ, ਕਿ ਇਹ ਸਾਡੇ ਉਤੇ "ਦੋਸ਼ ਲਾਉਂਦਾ ਹੈ", ਕਿ ਸਾਮਰਾਜੀਆਂ ਦੇ ਸਾਰੇ ਚਾਟੜੇ, ਸਮੇਤ ਸਾਡੇ ਸੱਜੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੇ, ਵੀ ਸਾਡੇ ਉਤੇ "ਦੋਸ਼ ਥੱਪਦੇ ਹਨ"। ਸਾਮਰਾਜ ਦੇ ਇਹ ਪਾਹਰੂ-ਕੁੱਤੇ ਬਾਲਸ਼ਵਿਕਾਂ ਲਈ ਜਿਹੜੀ ਨਫ਼ਰਤ ਪ੍ਰਗਟ ਕਰਦੇ ਹਨ, ਅਤੇ ਦੁਨੀਆਂ ਦੇ ਜਮਾਤੀ ਚੇਤਨਤਾ ਵਾਲੇ ਮਜ਼ਦੂਰਾਂ ਦੀ ਹਮਦਰਦੀ ਸਾਡੇ ਉਦੇਸ਼ ਦੇ ਨਿਆਈਂ ਹੋਣ ਦਾ ਸਾਨੂੰ ਹਮੇਸ਼ਾ ਨਾਲੋਂ ਜ਼ਿਆਦਾ ਯਕੀਨ ਦੁਆਉਂਦੀ ਹੈ।

ਸੱਚਾ ਸੋਸ਼ਲਿਸਟ ਇਹ ਸਮਝਣ ਤੋਂ ਅਸਮਰਥ ਨਹੀਂ ਰਹੇਗਾ ਕਿ ਬੁਰਜੂਆਜ਼ੀ ਉਤੇ ਜਿੱਤ ਹਾਸਲ ਕਰਨ ਲਈ, ਸੱਤਾ ਨੂੰ ਮਜ਼ਦੂਰਾਂ ਦੇ ਹੱਥ ਲਿਆਉਣ ਲਈ, ਸੰਸਾਰ ਪ੍ਰੋਲਤਾਰੀ ਇਨਕਲਾਬ **ਸ਼ੁਰੂ** ਕਰਨ ਲਈ, ਅਸੀਂ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਕਰਨ ਤੋਂ **ਨਹੀਂ** ਝਿਜਕ ਸਕਦੇ ਅਤੇ ਸਾਨੂੰ **ਨਹੀਂ** ਝਿਜਕਣਾ ਚਾਹੀਦਾ, ਜਿਨ੍ਹਾਂ ਵਿਚ ਸਾਡੇ ਇਲਾਕੇ ਦੇ ਇਕ ਹਿੱਸੇ ਦੀ ਕੁਰਬਾਨੀ, ਸਾਮਰਾਜ ਦੇ ਹੱਥੋਂ ਭਾਰੀ ਹਾਰਾਂ ਸਹਿਣ ਦੀ ਕੁਰਬਾਨੀ ਸ਼ਾਮਲ ਹੈ। ਸੋਸ਼ਲਿਸਟ ਇਨਕਲਾਬ ਦੇ ਉਦੇਸ਼ ਨੂੰ ਅੱਗੇ ਵੱਲ ਅਸਲੀ ਧੱਕਾ ਲਾਉਣ ਲਈ, ਇਕ ਸੱਚਾ ਸੋਸ਼ਲਿਸਟ "ਆਪਣੇ" ਦੇਸ

ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਆਪਣੀ ਤਤਪਰਤਾ **ਕੰਮਾਂ** ਰਾਹੀਂ ਸਿਧ ਕਰਦਾ।

"ਆਪਣੇ" ਉਦੇਸ਼ ਦੀ ਖ਼ਾਤਰ, ਅਰਥਾਤ, ਸੰਸਾਰ ਸਰਦਾਰੀ ਜਿੱਤਣ ਦੀ ਖ਼ਾਤਰ, ਬਰਤਾਨੀਆ ਅਤੇ ਜਰਮਨੀ ਦੇ ਸਾਮਰਾਜੀਆਂ ਨੇ ਬੈਲਜੀਅਮ ਅਤੇ ਸਰਬੀਆ ਤੋਂ ਲੈ ਕੇ ਫ਼ਲਸਤੀਨ ਅਤੇ ਮੈਸੋਪੋਟੇਮੀਆ ਤੱਕ ਪੂਰੇ ਦੇ ਪੂਰੇ ਦੇਸਾਂ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਅਤੇ ਗਲਾ ਘੁਟਣ ਵਿਚ ਝਿਜਕ ਨਹੀਂ ਵਿਖਾਈ। ਪਰ ਕੀ ਸੋਸ਼ਲਿਸਟਾਂ ਨੂੰ "ਆਪਣੇ" ਉਦੇਸ਼ ਲਈ, ਸਾਰੀ ਦੁਨੀਆਂ ਦੇ ਕਾਮੇ ਲੋਕਾਂ ਨੂੰ ਸਰਮਾਏ ਦੇ ਜੂਲੇ ਤੋਂ ਆਜ਼ਾਦ ਕਰਾਉਣ ਦੇ, ਸੰਸਾਰ-ਵਿਆਪੀ ਅਤੇ ਸਥਾਈ ਅਮਨ ਪ੍ਰਾਪਤ ਕਰਨ ਦੇ ਉਦੇਸ਼ ਲਈ ਉਡੀਕ ਕਰਨੀ ਚਾਹੀਦੀ ਹੈ, ਜਦੋਂ ਤੱਕ ਕੁਰਬਾਨੀਆਂ ਤੋਂ ਬਿਨਾਂ ਕੋਈ ਰਾਹ ਨਹੀਂ ਲਭ ਜਾਂਦਾ? ਕੀ ਉਹਨਾਂ ਨੂੰ ਲੜਾਈ ਸ਼ੁਰੂ ਕਰਨ ਤੋਂ ਡਰਦੇ ਰਹਿਣਾ ਚਾਹੀਦਾ ਹੈ ਜਦੋਂ ਤੱਕ ਸੌਖੀ ਜਿੱਤ "ਯਕੀਨੀ" ਨਹੀਂ ਹੋ ਜਾਂਦੀ? ਕੀ ਉਹਨਾਂ ਨੂੰ "ਆਪਣੀ" ਬੁਰਜੂਆ-ਸਿਰਜੀ "ਪਿਤਰੀ-ਭੂਮੀ" ਦੀ ਅਖੰਡਤਾ ਅਤੇ ਸੁਰੱਖਿਆ ਨੂੰ ਸੰਸਾਰ ਸੋਸ਼ਲਿਸਟ ਇਨਕਲਾਬ ਦੇ ਹਿਤਾਂ ਤੋਂ ਉੱਪਰ ਰਖਣਾ ਚਾਹੀਦਾ ਹੈ? ਕੌਮਾਂਤਰੀ ਸੋਸ਼ਲਿਸਟ ਲਹਿਰ ਵਿਚ ਬਦਮਾਸ਼, ਜਿਹੜੇ ਇੰਞ ਸੋਚਦੇ ਹਨ, ਉਹ ਚਾਟੜੇ ਜਿਹੜੇ ਬੁਰਜੂਆ ਸਦਾਚਾਰ ਅੱਗੇ ਅੱਡੀਆਂ ਰਗੜਦੇ ਹਨ, ਤੀਹਰੀ ਨਖੇਧੀ ਦੇ ਹੱਕਦਾਰ ਹਨ।

੨੦ ਅਗਸਤ,
੧੯੧੮ ਨੂੰ ਲਿਖੀ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੭,
ਪੰਨੇ ੫੩-੫੪

# ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ, ਮਾਸਕੋ ਸੋਵੀਅਤ, ਅਤੇ ਫੈਕਟਰੀ ਕਮੇਟੀਆਂ ਅਤੇ ਟਰੇਡ ਯੂਨੀਅਨਾਂ ਦੇ ਸਾਂਝੇ ਸਮਾਗਮ ਦੇ ਨਾਂ ਚਿੱਠੀ

**੩ ਅਕਤੂਬਰ, ੧੯੧੮ ਨੂੰ**[151]

ਜਰਮਨੀ ਰਾਜਸੀ ਸੰਕਟ ਦਾ ਸੂਲ ਸਹਿ ਰਿਹਾ ਹੈ। ਸਰਕਾਰ ਦੀ ਵੀ ਅਤੇ ਆਮ ਤੌਰ ਉਤੇ ਸਾਰੀਆਂ ਲੋਟੂ ਜਮਾਤਾਂ ਦੀ ਵੀ ਘਬਰਾਹਟ-ਭਰੀ ਬੌਂਦਲਾਹਟ ਸਾਰੇ ਲੋਕਾਂ ਲਈ ਕਾਫ਼ੀ ਜ਼ਿਆਦਾ ਸਪਸ਼ਟ ਹੋ ਗਈ ਹੈ। ਫ਼ੌਜੀ ਹਾਲਤ ਦਾ ਨਿਰਾਸ਼ਾਜਨਕ ਹੋਣਾ ਅਤੇ ਕਾਮੇ ਲੋਕਾਂ ਵਿਚ ਹਾਕਮ ਜਮਾਤਾਂ ਲਈ ਸਮਰਥਨ ਦੀ ਘਾਟ ਦਾ ਇਕੋ ਵਾਰ ਹੀ ਪਤਾ ਲਗ ਗਿਆ ਹੈ। ਇਸ ਸੰਕਟ ਦਾ ਮਤਲਬ ਇਹ ਹੈ ਕਿ ਜਾਂ ਤਾਂ ਇਨਕਲਾਬ ਸ਼ੁਰੂ ਹੋ ਗਿਆ ਹੈ ਜਾਂ ਕਿਸੇ ਤਰ੍ਹਾਂ ਵੀ ਲੋਕਾਂ ਨੇ ਸਪਸ਼ਟ ਤਰ੍ਹਾਂ ਨਾਲ ਸਮਝ ਲਿਆ ਹੈ ਕਿ ਇਹ ਅਟੱਲ ਹੈ ਅਤੇ ਸਿਰ ਉਤੇ ਖੜ੍ਹਾ ਹੈ।

ਸਦਾਚਾਰਕ ਤੌਰ ਉਤੇ ਸਰਕਾਰ ਹਿੰਮਤ ਹਾਰ ਚੁੱਕੀ ਹੈ ਅਤੇ ਇਸ ਸਮੇਂ ਇਹ ਫ਼ੌਜੀ ਡਿਕਟੇਟਰਸ਼ਿਪ ਅਤੇ ਕੁਲੀਸ਼ਨ ਕੈਬੀਨਟ ਵਿਚਕਾਰ ਡੱਕੋ-ਡੋਲੇ ਖਾਂਦੀ ਹੋਈ ਵੱਸੋਂ-ਬਾਹਰੀ ਦੁਚਿਤੀ ਵਿਚ ਹੈ। ਪਰ ਜੇ ਹਕੀਕਤ ਵਿਚ ਗੱਲ ਕੀਤੀ ਜਾਏ ਤਾਂ ਫ਼ੌਜੀ ਡਿਕਟੇਟਰਸ਼ਿਪ ਉਦੋਂ ਤੋਂ ਹੀ ਅਜ਼ਮਾਈ ਜਾ ਰਹੀ ਹੈ ਜਦੋਂ ਤੋਂ ਜੰਗ ਛਿੜੀ ਸੀ, ਅਤੇ ਹੁਣ ਇਹ ਉਚਿਤ ਨਹੀਂ ਰਹੀ ਕਿਉਂਕਿ ਫ਼ੌਜ ਗ਼ੈਰ-ਭਰੋਸੇਯੋਗ ਹੋ ਗਈ ਹੈ। ਅਤੇ ਸ਼ੀਦਮਾਨ ਐਂਡ ਕੰਪਨੀ ਨੂੰ ਕੈਬੀਨਟ ਵਿਚ ਦਾਖ਼ਲ ਕਰਨਾ ਸਿਰਫ਼ ਇਨਕਲਾਬੀ ਵਿਸਫੋਟ ਵਿਚ ਹੀ ਤੇਜ਼ੀ ਲਿਆਏਗਾ ਅਤੇ ਇਹਨਾਂ ਬੁਰਜੂਆਜ਼ੀ ਦੇ ਚਾਟੜਿਆਂ, ਇਹਨਾਂ ਭ੍ਰਸ਼ਟ ਵਿਅਕਤੀਆਂ ਦੀ ਜਿਹੜੇ ਬਿਲਕੁਲ ਸਾਡੇ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ[152] ਜਿਹੇ ਹਨ, ਬਰਤਾਨੀਆ ਦੇ ਹੈਂਡਰਸਨ ਅਤੇ ਸਿਡਨੀ ਵੈਬ ਜਿਹੇ ਹਨ, ਫ਼ਰਾਂਸ ਦੇ ਐਲਬਰ ਤੋਮਾ ਅਤੇ ਰੇਨਾਡੇਲ ਜਿਹੇ ਹਨ, ਤਰਸਯੋਗ ਨਿਪੁੰਸਕਤਾ ਦਾ ਪਾਜ ਉਘਾੜਣ ਪਿਛੋਂ ਇਸ ਇਨਕਲਾਬੀ ਵਿਸਫੋਟ ਨੂੰ ਵਧੇਰੇ ਵਿਸ਼ਾਲ, ਵਧੇਰੇ ਚੇਤੰਨ, ਵਧੇਰੇ ਪੱਕਾ ਅਤੇ ਦ੍ਰਿੜ੍ਹ ਬਣਾਏਗਾ।

ਜਰਮਨੀ ਵਿਚਲਾ ਸੰਕਟ ਅਜੇ ਸ਼ੁਰੂ ਹੀ ਹੋਇਆ ਹੈ। ਇਹ ਅਟੱਲ ਤੌਰ ਉਤੇ ਰਾਜਸੀ ਸੱਤਾ ਜਰਮਨ ਪ੍ਰੋਲਤਾਰੀ ਦੇ ਹੱਥ ਦੇਣ ਨਾਲ ਖ਼ਤਮ ਹੋਵੇਗਾ। ਰੂਸੀ ਪ੍ਰੋਲਤਾਰੀ ਘਟਨਾਵਾਂ ਨੂੰ ਡੂੰਘੇ ਧਿਆਨ ਅਤੇ ਉਤਸ਼ਾਹ ਨਾਲ ਦੇਖ ਰਹੇ ਹਨ। ਹੁਣ

ਵਖ ਵੱਖ ਦੇਸਾਂ ਦੇ ਅੰਨ੍ਹੇ ਤੋਂ ਅੰਨ੍ਹੇ ਮਜ਼ਦੂਰ ਵੀ ਵੇਖ ਲੈਣਗੇ ਕਿ ਬਾਲਸ਼ਵਿਕ ਆਪਣੇ ਕੁੱਲ ਦਾਅ-ਪੇਚ ਸੰਸਾਰ ਮਜ਼ਦੂਰ ਇਨਕਲਾਬ ਦੀ ਹਮਾਇਤ ਉਤੇ ਆਧਾਰਤ ਕਰਨ ਵਿਚ ਅਤੇ ਹਰ ਤਰ੍ਹਾਂ ਦੀਆਂ ਭਾਰੀ ਕੁਰਬਾਨੀਆਂ ਸਹਿਣ ਤੋਂ ਨਾ ਡਰਨ ਵਿਚ ਠੀਕ ਸਨ। ਅੱਜ ਅਤਿ ਦਾ ਅਗਿਆਨੀ ਵੀ ਵੇਖ ਲਵੇਗਾ ਕਿ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਵਲੋਂ ਸੋਸ਼ਲਿਜ਼ਮ ਨਾਲ ਕਿੰਨੀਂ ਅਕਹਿ ਤੌਰ ਉਤੇ ਨੀਚ ਗ਼ੱਦਾਰੀ ਕੀਤੀ ਗਈ ਸੀ, ਜਦੋਂ ਉਹਨਾਂ ਨੇ ਦੰਭੀ ਤਰ੍ਹਾਂ ਨਾਲ ਬ੍ਰੈਸਤ-ਲਿਤੋਵਸਕ ਅਮਨ ਸੰਧੀ ਨੂੰ ਰੱਦ ਕਰਨਾ ਯਕੀਨੀ ਬਨਾਉਣ ਲਈ ਧਾੜਵੀ ਬਰਤਾਨਵੀ ਅਤੇ ਫ਼ਰਾਂਸੀਸੀ ਬੁਰਜੂਆਜ਼ੀ ਨਾਲ ਗਠਜੋੜ ਕਰ ਲਿਆ ਸੀ। ਅਤੇ ਬ੍ਰੈਸਤ-ਲਿਤੋਵਸਕ ਅਮਨ ਸੰਧੀ ਦੀ ਉਲੰਘਣਾ ਦੀ ਕੋਸ਼ਿਸ਼ ਕਰਕੇ, ਅਜਿਹੇ ਮੌਕੇ ਉਤੇ ਜਦੋਂ ਜਰਮਨੀ ਵਿਚਲੀ ਸਾਮਰਾਜ-ਵਿਰੋਧੀ ਸ਼ਕਤੀਆਂ ਉਬਾਲੇ ਖਾਣੇ ਸ਼ੁਰੂ ਕਰ ਰਹੀਆਂ ਹਨ, ਅਤੇ ਜਦੋਂ ਜਰਮਨ ਬੁਰਜੂਆਜ਼ੀ ਆਪਣੇ ਲੋਕਾਂ ਸਾਮ੍ਹਣੇ ਇਹੋ ਜਿਹੀ ਅਮਨ ਸੰਧੀ ਕਰਨ ਲਈ ਬਹਾਨੇ ਪੇਸ਼ ਕਰਨਾ ਅਤੇ ਆਪਣੀ ਨੀਤੀ ਨੂੰ "ਬਦਲਣ" ਦੇ ਤਰੀਕੇ ਦੀ ਖੋਜ ਕਰਨਾ ਸ਼ੁਰੂ ਕਰ ਰਹੀ ਹੈ, ਇਸ ਸੰਧੀ ਨੂੰ ਪਾੜਣ ਦੀ ਕੋਸ਼ਿਸ਼ ਕਰਕੇ ਸੋਵੀਅਤ ਸਰਕਾਰ ਨਿਸ਼ਚੇ ਹੀ ਜਰਮਨ ਸਾਮਰਾਜੀਆਂ ਦੀ ਸਹਾਇਤਾ ਨਹੀਂ ਕਰੇਗੀ।

ਪਰ ਰੂਸ ਦੇ ਮਜ਼ਦੂਰ ਘਟਨਾਵਾਂ ਨੂੰ ਧਿਆਨ ਅਤੇ ਉਤਸ਼ਾਹ ਨਾਲ ਸਿਰਫ਼ ਵੇਖ ਹੀ ਨਹੀਂ ਰਹੇ। ਉਹ ਮੰਗ ਕਰ ਰਹੇ ਹਨ ਕਿ **ਜਰਮਨ ਮਜ਼ਦੂਰਾਂ ਦੀ ਸਹਾਇਤਾ ਕਰਨ ਲਈ** ਸਭ ਕੁਝ ਕੀਤਾ ਜਾਏ, ਜਿਨ੍ਹਾਂ ਦੇ ਸਾਮ੍ਹਣੇ ਅਤਿ ਦੀਆਂ ਗੰਭੀਰ ਅਜ਼ਮਾਇਸ਼ਾਂ ਪਈਆਂ ਹਨ, ਗ਼ੁਲਾਮੀ ਤੋਂ ਆਜ਼ਾਦੀ ਵੱਲ ਨੂੰ ਅਤਿ ਦੀ ਮੁਸ਼ਕਲ ਤਬਦੀਲੀ ਪਈ ਹੈ, **ਖ਼ੁਦ ਆਪਣੇ ਅਤੇ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਅਤਿ ਦਾ ਸਿਰੜੀ ਘੋਲ** ਪਿਆ ਹੈ। ਜਰਮਨ ਸਾਮਰਾਜ ਦੀ ਹਾਰ ਕੁਝ ਸਮੇਂ ਲਈ ਬਰਤਾਨਵੀ ਅਤੇ ਫ਼ਰਾਂਸੀਸੀ ਸਾਮਰਾਜ ਦੀ ਗੁਸਤਾਖੀ, ਦਰਿੰਦਗੀ, ਪਿਛਾ-ਖੜ ਅਤੇ ਅਲਹਾਕ ਦੇ ਯਤਨਾਂ ਵਿਚ ਵਾਧਾ ਕਰਨ ਦਾ ਅਸਰ ਰਖੇਗੀ।

ਰੂਸ ਦੀ ਬਾਲਸ਼ਵਿਕ ਮਜ਼ਦੂਰ ਜਮਾਤ, ਕਾਰਵਾਈ ਵਿਚ ਹਮੇਸ਼ਾ ਕੌਮਾਂਤਰੀ ਰਹੀ ਹੈ, ਉਹਨਾਂ ਬਦਮਾਸ਼ਾਂ ਤੋਂ, ਦੂਜੀ ਇੰਟਰਨੈਸ਼ਨਲ ਦੇ ਯੋਧਿਆਂ ਅਤੇ ਆਗੂਆਂ ਤੋਂ ਉਲਟ, ਜਿਨ੍ਹਾਂ ਨੇ ਆਪਣੀ ਆਪਣੀ ਬੁਰਜੂਆਜ਼ੀ ਨਾਲ ਗਠਜੋੜ ਕਰਕੇ ਨਰੋਲ ਗ਼ੱਦਾਰੀ ਦਾ ਆਸਰਾ ਲਿਆ, ਜਾਂ ਫ਼ਿਕਰੇਬਾਜ਼ੀ ਅਤੇ ਬਹਾਨਿਆਂ ਨਾਲ (ਜਿਵੇਂ ਕਾਉਟਸਕੀ, ਓਟੋ ਬਾਊਏਰ ਐਂਡ ਕੰਪਨੀ ਨੇ ਕੀਤਾ) ਇਨਕਲਾਬ ਤੋਂ ਬਚਣ ਦੀ ਕੋਸ਼ਿਸ਼ ਕੀਤੀ, ਅਤੇ ਹਰ ਦਲੇਰ ਅਤੇ ਇਨਕਲਾਬੀ ਦੀ ਮਜ਼ਦੂਰ ਇਨਕਲਾਬ ਨੂੰ ਅੱਗੇ ਵਧਾਉਣ ਦੀ ਖ਼ਾਤਰ ਤੰਗ, ਕੌਮੀ ਹਿਤਾਂ ਦੀ ਹਰ ਕੁਰਬਾਨੀ ਦੀ ਵਿਰੋਧਤਾ ਕੀਤੀ।

**ਰੂਸੀ ਪ੍ਰੋਲਤਾਰੀ** ਸਮਝ ਜਾਣਗੇ ਕਿ ਬਹੁਤ ਜਲਦੀ ਹੀ ਉਹਨਾਂ ਨੂੰ ਕੌਮਾਂਤਰੀਵਾਦ

ਦੇ ਉਦੇਸ਼ ਲਈ ਵਡੀਆਂ ਤੋਂ ਵਡੀਆਂ ਕੁਰਬਾਨੀਆਂ ਕਰਨੀਆਂ ਪੈਣਗੀਆਂ। ਵਕਤ ਆ ਰਿਹਾ ਹੈ ਜਦੋਂ ਹੋ ਸਕਦਾ ਹੈ ਕਿ ਹਾਲਾਤ ਮੰਗ ਕਰਨ ਕਿ ਅਸੀਂ ਜਰਮਨ ਲੋਕਾਂ ਦੀ ਸਹਾਇਤਾ ਲਈ ਬਹੁੜੀਏ, ਜਿਹੜੇ ਆਪਣੇ ਸਾਮਰਾਜ ਤੋਂ ਆਪਣੀ ਆਜ਼ਾਦੀ ਲਈ, ਬਰਤਾਨਵੀ ਅਤੇ ਫ਼ਰਾਂਸੀਸੀ ਸਾਮਰਾਜ ਦੇ ਖ਼ਿਲਾਫ਼ ਘੋਲ ਕਰ ਰਹੇ ਹਨ।

ਆਓ ਇਕ ਵਾਰ ਫਿਰ ਤਿਆਰੀ ਕਰਨੀ ਸ਼ੁਰੂ ਕਰੀਏ। ਆਓ ਵਿਖਾ ਦਈਏ ਕਿ ਰੂਸੀ ਮਜ਼ਦੂਰ ਕਿਤੇ ਸਖ਼ਤ ਮਿਹਨਤ ਕਰਨ ਦੇ, ਕਿਤੇ ਜ਼ਿਆਦਾ ਆਪਾ-ਵਾਰਨ ਨਾਲ ਲੜਨ ਅਤੇ ਮਰਨ ਦੇ ਸਮਰਥ ਹੈ, ਜਦੋਂ ਸੰਸਾਰ ਮਜ਼ਦੂਰ ਇਨਕਲਾਬ, ਅਤੇ ਰੂਸੀ ਇਨਕਲਾਬ ਵੀ, ਖ਼ਤਰੇ ਵਿਚ ਹੋਵੇ।

ਪਹਿਲੀ ਥਾਂ ਉਤੇ, ਆਓ ਅਨਾਜ ਦੇ ਭੰਡਾਰ ਇਕਠੇ ਕਰਨ ਵਿਚ ਆਪਣੇ ਯਤਨ ਤੇਜ਼ ਕਰ ਦੇਈਏ। ਆਓ ਫ਼ੈਸਲਾ ਕਰੀਏ ਕਿ ਹਰ ਵਡਾ ਐਲੀਵੇਟਰ ਜਰਮਨ ਮਜ਼ਦੂਰਾਂ ਦੀ ਸਹਾਇਤਾ ਲਈ ਕੁਝ ਕਣਕ ਜ਼ਰੂਰ ਵੱਖ ਰਖੇਗਾ, ਜੇ ਉਹ ਸਾਮਰਾਜੀ ਦੈਂਤਾਂ ਅਤੇ ਦਰਿੰਦਿਆਂ ਤੋਂ ਮੁਕਤੀ ਲਈ ਆਪਣੇ ਘੋਲ ਵਿਚ ਸਖ਼ਤ ਔਕੜ ਵਿਚ ਹੋਣ। ਹਰ ਪਾਰਟੀ ਜਥੇਬੰਦੀ, ਹਰ ਟਰੇਡ ਯੂਨੀਅਨ, ਹਰ ਫ਼ੈਕਟਰੀ ਅਤੇ ਵਰਕਸ਼ਾਪ ਆਦਿ, ਕਿਸਾਨਾਂ ਨਾਲ ਏਕਾ ਮਜ਼ਬੂਤ ਕਰਨ, ਉਹਨਾਂ ਦੀ ਸਹਾਇਤਾ ਕਰਨ ਅਤੇ ਗਿਆਨ ਦੇਣ, ਕੁਲਾਕਾਂ[153] ਨੂੰ ਹਰਾਉਣ, ਅਤੇ ਆਖ਼ਰੀ ਦਾਣੇ ਤੱਕ ਅਨਾਜ ਦੀ ਸਾਰੀ ਵਾਧੂ ਉਪਜ ਨੂੰ ਇਕਠਿਆਂ ਕਰਨ ਦੇ ਨਿਸ਼ਾਨੇ ਨਾਲ ਆਪਣੀ ਚੋਣ ਦੇ ਕਈ ਪੇਂਡੂ ਹਲਕਿਆਂ ਨਾਲ ਵਿਸ਼ੇਸ਼ ਸੰਬੰਧ ਸਥਾਪਤ ਕਰ ਲਵੇ।

ਇਸੇ ਤਰ੍ਹਾਂ, ਆਓ ਪ੍ਰੋਲਤਾਰੀ ਲਾਲ ਫ਼ੌਜ ਸਿਰਜਣ ਵਿਚ ਵੀ ਆਪਣੇ ਯਤਨ ਤੇਜ਼ ਕਰ ਦੇਈਏ। ਮੋੜ ਆ ਗ਼ਿਆ ਹੈ—ਅਸੀਂ ਸਾਰੇ ਇਹ ਜਾਣਦੇ ਹਾਂ, ਅਸੀਂ ਸਾਰੇ ਇਹ ਵੇਖਦੇ ਅਤੇ ਮਹਿਸੂਸ ਕਰਦੇ ਹਾਂ। ਮਜ਼ਦੂਰਾਂ ਅਤੇ ਕਾਮੇ ਕਿਸਾਨਾਂ ਨੂੰ ਸਾਮਰਾਜੀ ਕਤਲਾਮ ਦੀਆਂ ਭਿਅੰਕਰਤਾਵਾਂ ਤੋਂ ਚੈਨ ਮਿਲਿਆ ਰਿਹਾ ਹੈ, ਉਹਨਾਂ ਨੇ. ਮਹਿਸੂਸ ਕਰ ਲਿਆ ਹੈ ਅਤੇ ਤਜਰਬੇ ਤੋਂ ਜਾਣ ਲਿਆ ਹੈ ਕਿ ਆਪਣੇ ਇਨਕਲਾਬ ਦੀਆਂ, ਮਜ਼ਦੂਰ ਲੋਕਾਂ ਦੇ ਇਨਕਲਾਬ ਦੀਆਂ ਪ੍ਰਾਪਤੀਆਂ ਦੀ ਰਾਖੀ ਵਿਚ, ਆਪਣੀ ਸਰਕਾਰ ਦੀ, ਸੋਵੀਅਤ ਸਰਕਾਰ ਦੀ ਰਾਖੀ ਵਿਚ ਜਾਬਰਾਂ ਦੇ ਖ਼ਿਲਾਫ਼ ਜੰਗ ਲੜੀ ਜਾਣੀ ਚਾਹੀਦੀ ਹੈ। ਇਕ ਫ਼ੌਜ ਸਿਰਜੀ ਜਾ ਰਹੀ ਹੈ, ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੀ ਲਾਲ ਫ਼ੌਜ, ਜਿਹੜੇ ਸੋਸ਼ਲਿਜ਼ਮ ਦੀ ਰਾਖੀ ਕਰਦਿਆਂ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ। ਇਹ ਫ਼ੌਜ ਤਾਕਤ ਫੜ ਰਹੀ ਹੈ ਅਤੇ ਚੈਕਾਂ[154] ਅਤੇ ਸਫ਼ੇਦ ਗਾਰਦਾਂ[155] ਨਾਲ ਲੜਾਈ ਵਿਚ ਪਾਣ ਚੜ੍ਹ ਰਹੀ ਹੈ। ਪੱਕੀ ਬੁਨਿਆਦ ਰੱਖ ਲਈ ਗਈ ਹੈ, ਅਤੇ ਹੁਣ ਸਾਨੂੰ ਇਮਾਰਤ ਉਸਾਰਨ ਲਈ ਕਾਹਲੀ ਕਰਨੀ ਚਾਹੀਦੀ ਹੈ।

ਅਸੀਂ ਬਸੰਤ ਤੱਕ ਦੱਸ ਲੱਖ ਆਦਮੀਆਂ ਦੀ ਫ਼ੌਜ ਬਨਾਉਣ ਦਾ ਫ਼ੈਸਲਾ ਕੀਤਾ ਸੀ; ਹੁਣ ਸਾਨੂੰ ਤੀਹ ਲੱਖ ਆਦਮੀਆਂ ਦੀ ਫ਼ੌਜ ਦੀ ਲੋੜ ਹੈ। ਅਸੀਂ ਇਹ ਬਣਾ ਸਕਦੇ ਹਾਂ। **ਅਤੇ ਅਸੀਂ ਇਹ ਬਣਾਵਾਂਗੇ!**

ਇਹਨਾਂ ਪਿਛਲੇ ਕੁਝ ਦਿਨਾਂ ਵਿਚ ਸੰਸਾਰ ਇਤਿਹਾਸ ਨੇ ਸੰਸਾਰ ਕਿਰਤੀ ਇਨਕਲਾਬ ਨੂੰ ਬੇਹੱਦ ਤੇਜ਼ੀ ਦਿਤੀ ਹੈ। ਅਤਿ ਦੀਆਂ ਤੇਜ਼ ਤਬਦੀਲੀਆਂ ਸੰਭਵ ਹੋ ਸਕਦੀਆਂ ਹਨ। ਸੋਵੀਅਤ ਸਰਕਾਰ ਦੇ ਖ਼ਿਲਾਫ਼ ਜਰਮਨ ਅਤੇ ਅੰਗ੍ਰੇਜ਼-ਫ਼ਰਾਂਸੀਸੀ ਸਾਮਰਾਜ ਵਿਚਕਾਰ ਗਠਜੋੜ ਕਾਇਮ ਕਰਨ ਦੇ ਯਤਨ ਹੋ ਸਕਦੇ ਹਨ।

ਅਤੇ ਸਾਨੂੰ ਵੀ ਆਪਣੀਆਂ ਤਿਆਰੀਆਂ ਤੇਜ਼ ਕਰ ਦੇਣੀਆਂ ਚਾਹੀਦੀਆਂ ਹਨ। ਸਾਨੂੰ ਆਪਣੇ ਯਤਨ ਕਈ ਗੁਣਾ ਕਰ ਦੇਣੇ ਚਾਹੀਦੇ ਹਨ।

ਆਓ ਪ੍ਰੋਲਤਾਰੀ ਦੇ ਮਹਾਨ ਅਕਤੂਬਰ ਇਨਕਲਾਬ ਦੀ ਵਰ੍ਹੇ-ਗੰਢ ਦਾ ਇਹ ਨਾਅਰਾ ਬਣਾਈਏ!

ਆਓ, ਸੰਸਾਰ ਪ੍ਰੋਲਤਾਰੀ ਇਨਕਲਾਬ ਦੀਆਂ ਭਵਿੱਖ ਦੀਆਂ ਜਿੱਤਾਂ ਨੂੰ ਅਸੀਂ ਇਹ ਵਚਨ ਦੇਈਏ!

ਨ. ਲੈਨਿਨ

ਸੰਗ੍ਰਹਿਤ ਕਿਰਤਾਂ,
ਸੈਂਚੀ ੩੭,
ਪੰਨੇ ੯੭-੧੦੦

# ਪ੍ਰੋਲਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ

## ਵਿਚੋਂ

ਮੈਨੂੰ ਮਿ: ਕਾਊਟਸਕੀ ਦੇ "ਕੌਮਾਂਤਰੀਵਾਦ" ਬਾਰੇ ਇਕ ਦੋ ਸ਼ਬਦ ਕਹਿਣੇ ਚਾਹੀਦੇ ਹਨ। ਉਸਨੇ ਮੈਨਸ਼ਵਿਕਾਂ ਦੇ ਕੌਮਾਂਤਰੀਵਾਦ ਨੂੰ ਚਿਤਰਨ ਦੇ ਆਪਣੇ ਅਤਿ ਦੇ ਹਮਦਰਦੀ ਭਰੇ ਤਰੀਕੇ ਨਾਲ ਇਸ ਉਤੇ ਅਣਭੋਲ ਹੀ ਆਪੇ ਰੌਸ਼ਨੀ ਪਾਈ ਹੈ, ਜਿਹੜੇ ਮੈਨਸ਼ਵਿਕ ਕਿ, ਪਿਆਰਾ ਸ੍ਰੀਮਾਨ ਕਾਊਟਸਕੀ ਸਾਨੂੰ ਯਕੀਨ ਦਿਵਾਉਂਦਾ ਹੈ, ਜ਼ਿੱਮਰਵਾਲਡਵਾਦੀਏ[156] ਹੀ ਸਨ ਅਤੇ, ਜੇ ਤੁਹਾਡਾ ਮਨ ਚਾਹੇ ਤਾਂ, ਬਾਲਸ਼ਵਿਕਾਂ ਦੇ "ਭਰਾ" ਹਨ!

ਮੈਨਸ਼ਵਿਕਾਂ ਦੇ "ਜ਼ਿੱਮਰਵਾਲਡਵਾਦ" ਦੀ ਇਹ ਹੈ ਉਸਦੀ ਸੁੰਦਰ ਸੰਖੇਪ ਤਸਵੀਰ:

"ਮੈਨਸ਼ਵਿਕ ਸੰਸਾਰ ਅਮਨ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਜੰਗ ਵਿਚ ਸ਼ਾਮਲ ਸਾਰੇ ਹੀ ਇਹ ਨਾਅਰਾ ਪ੍ਰਵਾਨ ਕਰ ਲੈਣ: ਕੋਈ ਅਲਹਾਕ ਜਾਂ ਹਰਜਾਨੇ ਨਹੀਂ। ਜਦੋਂ ਤੱਕ ਇਹ ਨਹੀਂ ਹੋ ਜਾਂਦਾ, ਰੂਸੀ ਫ਼ੌਜ ਨੂੰ, ਉਹਨਾਂ ਦੀ ਰਾਏ ਵਿਚ, ਆਪਣੇ ਆਪ ਨੂੰ ਲੜਨ ਲਈ ਤਿਆਰ-ਬਰ-ਤਿਆਰ ਅਵਸਥਾ ਵਿਚ ਰੱਖਣਾ ਚਾਹੀਦਾ ਸੀ।..." ਪਰ ਕਮਬਖ਼ਤ ਬਾਲਸ਼ਵਿਕਾਂ ਨੇ ਫ਼ੌਜ ਨੂੰ "ਖੇਰੂੰ-ਖੇਰੂੰ ਕਰ ਦਿਤਾ" ਅਤੇ ਬਦਕਿਸਮਤ ਬ੍ਰੈਸਤ-ਲਿਤੋਵਸਕ ਅਮਨ ਸੰਧੀ[157] ਕਰ ਲਈ।... ਅਤੇ ਕਾਊਟਸਕੀ ਜਿੰਨਾਂ ਵਧ ਤੋਂ ਵਧ ਸਪਸ਼ਟ ਹੋ ਸਕਦਾ ਹੈ, ਉੱਨੀ ਸਪਸ਼ਟਤਾ ਨਾਲ ਕਹਿੰਦਾ ਹੈ ਕਿ ਵਿਧਾਨ-ਘੜਨੀ ਸਭਾ ਨੂੰ ਕਾਇਮ ਰਖਿਆ ਜਾਣਾ ਚਾਹੀਦਾ ਸੀ, ਅਤੇ ਬਾਲਸ਼ਵਿਕਾਂ ਨੂੰ ਸੱਤਾ ਹੱਥ ਨਹੀਂ ਸੀ ਲੈਣੀ ਚਾਹੀਦੀ।

ਸੋ ਕੌਮਾਂਤਰੀਵਾਦ ਦਾ ਮਤਲਬ ਹੈ **ਖ਼ੁਦ "ਆਪਣੀ"** ਸਾਮਰਾਜੀ ਸਰਕਾਰ ਦੀ **ਹਮਾਇਤ ਕਰਨਾ** ਜਿਵੇਂ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ[158] ਨੇ ਕੇਰੇਂਸਕੀ ਦੀ ਹਮਾਇਤ ਕੀਤੀ ਸੀ, ਇਸਦਾ ਮਤਲਬ ਹੈ ਇਸਦੀਆਂ ਗੁਪਤ ਸੰਧੀਆਂ ਨੂੰ ਛੁਪਾਉਣਾ, ਲੋਕਾਂ ਨੂੰ ਸੁੰਦਰ ਲਫ਼ਾਜ਼ੀ ਨਾਲ ਛਲਣਾ, ਜਿਵੇਂ ਕਿ ਅਸੀਂ "ਮੰਗ ਕਰਦੇ ਹਾਂ" ਕਿ ਵਹਿਸ਼ੀ ਦਰਿੰਦੇ ਕਾਬੂ ਵਿਚ ਆ ਜਾਣ, ਅਸੀਂ "ਮੰਗ ਕਰਦੇ ਹਾਂ" ਕਿ

ਸਾਮਰਾਜੀ ਸਰਕਾਰਾਂ ''ਕੋਈ ਅਲਹਾਕ ਜਾਂ ਹਰਜਾਨੇ ਨਹੀਂ ਦਾ ਨਾਅਰਾ ਸਵੀਕਾਰ ਕਰ ਲੈਣ''।

ਇਹ ਹੈ, ਕਾਊਟਸਕੀ ਦੀ ਰਾਏ ਵਿਚ, ਕੌਮਾਂਤਰੀਵਾਦ।

ਸਾਡੀ ਰਾਏ ਵਿਚ ਇਹ ਨਿਰੋਲ ਭਗੌੜਾਪਨ ਹੈ।

ਕੌਮਾਂਤਰੀਵਾਦ ਦਾ ਮਤਲਬ ਹੈ **ਖ਼ੁਦ ਆਪਣੇ** ਅੰਧਰਾਸ਼ਟਰਵਾਦੀਆਂ (ਅਰਥਾਤ, ਰਖਿਆ ਦੇ ਵਕੀਲਾਂ) ਅਤੇ **ਖ਼ੁਦ ਆਪਣੀ** ਸਾਮਰਾਜੀ ਸਰਕਾਰ ਨਾਲੋਂ ਸੰਬੰਧ ਤੋੜਨਾ; ਇਸ ਸਰਕਾਰ ਦੇ ਖ਼ਿਲਾਫ਼ ਇਨਕਲਾਬੀ ਲਹਿਰ ਚਲਾਉਣਾ ਅਤੇ ਇਸਨੂੰ ਉਲਟਾਉਣਾ, ਅਤੇ ਵਧ ਤੋਂ ਵਧ ਕੌਮੀ ਕੁਰਬਾਨੀਆਂ ਕਰਨ ਲਈ (ਇਥੋਂ ਤੱਕ ਕਿ ਬ੍ਰੈਸਤ-ਲਿਤੋਵਸਕ ਅਮਨ ਸੰਧੀ ਕਰਨ ਲਈ ਵੀ) ਤਿਆਰ ਰਹਿਣਾ, ਜੇ ਇਹਨਾਂ ਨਾਲ **ਕੌਮਾਂਤਰੀ** ਮਜ਼ਦੂਰ ਇਨਕਲਾਬ ਦੇ ਵਿਕਾਸ ਦਾ ਭਲਾ ਹੁੰਦਾ ਹੋਵੇ ਤਾਂ।

ਅਸੀਂ ਸਾਰੇ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਾਊਟਸਕੀ ਅਤੇ ਉਸਦੇ ਮਿੱਤਰ (ਸਤਰੋਬਲ, ਬਰਨਸ਼ਟਾਈਨ, ਅਤੇ ਹੋਰ) ਬ੍ਰੈਸਤ-ਲਿਤੋਵਸਕ ਸੰਧੀ ਨਾਲ ਬਹੁਤ ਜ਼ਿਆਦਾ ''ਲੋਹੇ-ਲਾਖੇ ਹੋ ਗਏ'' ਸਨ: ਉਹ ਚੰਗਾ ਸਮਝਦੇ ਜੇ ਅਸੀਂ ਅਜਿਹੀ ''ਹਰਕਤ'' ਕਰਦੇ... ਜਿਹੜੀ ਰੂਸ ਵਿਚ ਸੱਤਾ ਇਕ ਦਮ ਬੁਰਜੂਆਜ਼ੀ ਦੇ ਹੱਥ ਦੇ ਦੇਂਦੀ! ਇਹ ਮੰਦ-ਬੁਧੀ ਵਾਲੇ ਪਰ ਬਹੁਤ ਨਫ਼ੀਸ ਅਤੇ ਮਿਹਰਬਾਨ ਜਰਮਨ ਨਿਕ-ਬੁਰਜੂਆ ਇਸ ਵਿਚ ਦਿਲਚਸਪੀ ਨਹੀਂ ਸਨ ਰਖਦੇ ਕਿ ਪ੍ਰੋਲਤਾਰੀ ਸੋਵੀਅਤ ਗਣ-ਰਾਜ — ਇਨਕਲਾਬੀ ਸਾਧਨਾਂ ਰਾਹੀਂ ਆਪਣੇ ਸਾਮਰਾਜ ਨੂੰ ਉਲਟਾ ਦੇਣ ਵਾਲਾ ਦੁਨੀਆਂ ਵਿਚ ਪਹਿਲਾ ਦੇਸ — ਆਪਣੇ ਆਪ ਨੂੰ ਉਦੋਂ ਤੱਕ ਕਾਇਮ ਰਖੇ ਜਦੋਂ ਤੱਕ ਯੂਰਪ ਵਿਚ ਇਨਕਲਾਬ ਨਹੀਂ ਵਾਪਰ ਜਾਂਦਾ, ਦੂਜੇ ਦੇਸਾਂ ਵਿਚ ਅੱਗ ਦੇ ਭਾਂਬੜ ਨਹੀਂ ਬਲਣ ਲੱਗ ਪੈਂਦੇ (ਨਿਕੀ ਬੁਰਜੂਆਜ਼ੀ ਯੂਰਪ ਵਿਚ ਭਾਂਬੜ ਤੋਂ **ਤ੍ਰਹਿੰਦੀ** ਹੈ, ਉਹ ਘਰੇਲੂ ਜੰਗ ਤੋਂ **ਤ੍ਰਹਿੰਦੀ** ਹੈ, ਜਿਹੜੀ ''ਅਮਨ ਅਤੇ ਸੁਰਖਿਆ'' ਨੂੰ ਭੰਗ ਕਰੇਗੀ)। ਨਹੀਂ, ਉਹਨਾਂ ਨੂੰ ਦਿਲਚਸਪੀ ਇਸ ਵਿਚ ਸੀ ਕਿ **ਸਾਰੇ** ਦੇਸਾਂ ਵਿਚ **ਨਿਕ-ਬੁਰਜੂਆ** ਕੌਮਪ੍ਰਸਤੀ ਕਾਇਮ ਰਖੀ ਜਾਵੇ ਜਿਹੜੀ ਆਪਣੇ ਆਪ ਨੂੰ ''ਸੰਜਮ ਅਤੇ ਚੰਗੇ ਵਿਹਾਰ'' ਕਰਕੇ ''ਕੌਮਾਂਤਰੀਵਾਦ'' ਕਹਿੰਦੀ ਹੈ। ਸਿਰਫ਼ ਜੇ ਕਿਤੇ ਰੂਸੀ ਗਣ-ਰਾਜ ਬੁਰਜੂਆ ਬਣਿਆ ਰਹਿੰਦਾ ਅਤੇ... ਉਡੀਕ ਕਰਦਾ ਰਹਿੰਦਾ... ਤਾਂ ਧਰਤੀ ਉਤੇ ਹਰ ਕੋਈ ਚੰਗਾ, ਸੰਜਮੀ, ਗ਼ੈਰ-ਧਾੜਵੀ, ਨਿਕ-ਬੁਰਜੂਆ ਕੌਮਪ੍ਰਸਤ ਹੁੰਦਾ — ਅਤੇ ਇਹ, ਅਸਲ ਵਿਚ, ਕੌਮਾਂਤਰੀਵਾਦ ਹੁੰਦਾ!

ਇਹ ਹੈ ਸੋਚ ਦੀ ਸੇਧ — ਜਰਮਨੀ ਵਿਚ ਕਾਊਟਸਕੀਵਾਦੀਆਂ ਦੀ, ਫ਼ਰਾਂਸ ਵਿਚ ਲਾਂਗੇਵਾਦੀਆਂ ਦੀ, ਇੰਗਲੈਂਡ ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਵਾਲਿਆਂ ਦੀ,[159] ਇਟਲੀ ਵਿਚ ਤੂਰਾਤੀ ਅਤੇ ਭਗੌੜੇਪਨ ਵਿਚ ਉਸਦੇ ''ਸਾਥੀਆਂ'' ਦੀ ਅਤੇ ਬਾਕੀ ਦੇ ਝੁੰਡ ਦੀ।

ਹੁਣ ਤੱਕ ਸਿਰਫ਼ ਨਿਰੋਲ ਮੂਰਖ ਹੀ ਇਹ ਵੇਖੇ ਬਿਨਾਂ ਰਹਿ ਸਕਦਾ ਹੈ ਕਿ ਅਸੀਂ ਨਾ ਸਿਰਫ਼ ਆਪਣੀ ਬੁਰਜੂਆਜ਼ੀ (ਅਤੇ ਉਸਦੇ ਚਾਟੜਿਆਂ, ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ) ਨੂੰ ਉਲਟਾਉਣ ਵਿਚ ਹੀ, ਸਗੋਂ ਸੰਸਾਰ ਅਮਨ ਲਈ ਸਾਡੀ ਖੁਲ੍ਹੀ ਅਪੀਲ ਨੂੰ, ਜਿਸਦੀ ਪੁਸ਼ਟੀ ਗੁਪਤ ਸੰਧੀਆਂ ਨੂੰ ਛਾਪਣ ਅਤੇ ਰੱਦ ਕਰਨ ਨਾਲ ਹੁੰਦੀ, ਐਂਤੇਂਤੇ[160] ਦੇ ਬੁਰਜੂਆਜ਼ੀ ਵਲੋਂ ਰੱਦ ਕੀਤੇ **ਜਾਣ ਤੋਂ ਪਿਛੋਂ** ਬ੍ਰੈਸਤ-ਲਿਤੋਵਸਕ ਅਮਨ ਸੰਧੀ ਕਰਨ ਵਿਚ ਵੀ ਠੀਕ ਸਾਂ। ਪਹਿਲੀ ਥਾਂ ਉਤੇ, ਜੇ ਅਸੀਂ ਬ੍ਰੈਸਤ-ਲਿਤੋਵਸਕ ਅਮਨ ਸੰਧੀ ਨਾ ਕੀਤੀ ਹੁੰਦੀ, ਤਾਂ ਸਾਨੂੰ ਸੱਤਾ ਇਕ ਦਮ ਰੂਸੀ ਬੁਰਜੂਆਜ਼ੀ ਦੇ ਹੱਥਾਂ ਵਿਚ ਦੇ ਦੇਣੀ ਪੈਂਦੀ ਅਤੇ ਇਸ ਤਰ੍ਹਾਂ ਅਸੀਂ ਸੰਸਾਰ ਸੋਸ਼ਲਿਸਟ ਇਨਕਲਾਬ ਨੂੰ ਅਕਹਿ ਹਾਨੀ ਪੁਚਾਉਂਦੇ। ਦੂਜੀ ਗੱਲ, **ਕੌਮੀ** ਕੁਰਬਾਨੀਆਂ ਦੀ ਕੀਮਤ ਉਤੇ, ਅਸੀਂ ਅਜਿਹਾ **ਕੌਮਾਂਤਰੀ** ਇਨਕਲਾਬੀ ਪ੍ਰਭਾਵ ਕਾਇਮ ਰਖਿਆ ਕਿ ਅੱਜ ਅਸੀਂ ਬਲਗ਼ਾਰੀਆ ਨੂੰ ਸਿੱਧਾ ਸਾਡੀ ਰੀਸ ਕਰਦਾ ਦੇਖਦੇ ਹਾਂ, ਆਸਟਰੀਆ ਅਤੇ ਜਰਮਨੀ ਉਬਾਲੇ ਖਾ ਰਹੇ ਹਨ, **ਦੋਵੇਂ** ਸਾਮਰਾਜੀ ਪ੍ਰਬੰਧ ਕਮਜ਼ੋਰ ਹੋ ਗਏ ਹਨ, ਜਦੋਂ ਕਿ ਅਸੀਂ ਵਧੇਰੇ ਮਜ਼ਬੂਤ ਹੋ ਗਏ ਹਾਂ ਅਤੇ ਅਸਲੀ ਪ੍ਰੋਲਤਾਰੀ ਫ਼ੌਜ ਸਿਰਜਣੀ **ਸ਼ੁਰੂ ਕਰ ਦਿਤੀ ਹੈ।**

ਭਗੌੜੇ ਕਾਊਟਸਕੀ ਦੇ ਦਾਅ-ਪੇਚਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਰਮਨ ਮਜ਼ਦੂਰਾਂ ਨੂੰ ਹੁਣ ਬੁਰਜੂਆਜ਼ੀ ਦੇ ਨਾਲ ਮਿਲ ਕੇ ਆਪਣੀ ਮਾਤ-ਭੂਮੀ ਦੀ ਰਾਖੀ ਕਰਨੀ ਚਾਹੀਦੀ ਹੈ, ਅਤੇ ਸਭ ਤੋਂ ਵਧ ਜਰਮਨ ਇਨਕਲਾਬ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਹੋ ਸਕਦਾ ਹੈ ਅੰਗ੍ਰੇਜ਼ ਬ੍ਰੈਸਤ-ਲਿਤੋਵਸਕ ਅਮਨ ਸੰਧੀ ਦੀ ਨਵੀਂ ਛਾਪ ਉਹਨਾਂ ਉਤੇ ਠੋਸ ਦੇਣ। ਇਹ ਹੈ ਭਗੌੜਾਪਨ, ਤੁਹਾਡੇ ਵੇਖਣ ਲਈ। ਇਹ ਹੈ ਨਿਕ-ਬੁਰਜੂਆ ਕੌਮਪ੍ਰਸਤੀ।

ਪਰ ਅਸੀਂ ਕਹਿੰਦੇ ਹਾਂ ਕਿ ਜਦੋਂ ਕਿ ਯੂਕਰੇਨ ਦਾ ਜਾਣਾ[161] ਗੰਭੀਰ ਕੌਮੀ ਕੁਰਬਾਨੀ ਸੀ, ਇਸਨੇ ਕੌਮਾਂਤਰੀ ਮਜ਼ਦੂਰ ਇਨਕਲਾਬ ਲਈ ਇਨਕਲਾਬੀ ਘੁਲਾਟੀਆਂ ਵਜੋਂ ਯੂਕਰੇਨ ਦੇ ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਨੂੰ ਪਾਣ ਚਾੜ੍ਹਨ ਅਤੇ **ਮਜ਼ਬੂਤ ਕਰਨ** ਵਿਚ ਸਹਾਇਤਾ ਕੀਤੀ। ਯੂਕਰੇਨ ਦਾ ਕਸ਼ਟ ਕੌਮਾਂਤਰੀ ਇਨਕਲਾਬ ਦਾ ਲਾਭ ਸੀ, ਕਿਉਂਕਿ ਜਰਮਨ ਫ਼ੌਜਾਂ ਭ੍ਰਸ਼ਟ ਕੀਤੀਆਂ ਗਈਆਂ, ਜਰਮਨ ਸਾਮਰਾਜ ਕਮਜ਼ੋਰ ਕੀਤਾ ਗਿਆ ਅਤੇ ਜਰਮਨ, ਯੂਕਰੇਨੀ ਅਤੇ ਰੂਸੀ ਇਨਕਲਾਬੀ ਮਜ਼ਦੂਰ **ਇਕ ਦੂਜੇ ਦੇ ਨੇੜੇ ਲਿਆਂਦੇ ਗਏ।**

ਬੇਸ਼ਕ ਇਹ "ਵਧੇਰੇ ਚੰਗਾ" ਹੋਵੇਗਾ ਜੇ ਅਸੀਂ ਵਿਲਹਲਮ ਅਤੇ ਵਿਲਸਨ ਦੂਹਾਂ ਨੂੰ ਸਿਰਫ਼ ਜੰਗ ਨਾਲ ਉਲਟਾ ਸਕੀਏ। ਪਰ ਇਹ ਬਿਲਕੁਲ ਫਜ਼ੂਲ ਗੱਲ ਹੈ। ਅਸੀਂ ਬਾਹਰੋਂ ਜੰਗ ਕਰਕੇ ਉਹਨਾਂ ਨੂੰ ਨਹੀਂ ਉਲਟਾ ਸਕਦੇ। ਪਰ ਅਸੀਂ ਉਹਨਾਂ ਦੇ **ਅੰਦਰੋਂ** ਖੇਰੂੰ-ਖੇਰੂੰ ਹੋਣ ਵਿਚ ਤੇਜ਼ੀ ਲਿਆ ਸਕਦੇ ਹਾਂ। ਸੋਵੀਅਤ, ਪ੍ਰੋਲਤਾਰੀ

ਇਨਕਲਾਬ ਨਾਲ ਅਸੀਂ ਇਹ ਗੱਲ **ਬੇਹਦ ਵਡੇ** ਪੈਮਾਨੇ ਉਤੇ ਪ੍ਰਾਪਤ ਕਰ ਲਈ ਹੈ।

ਜਰਮਨ ਮਜ਼ਦੂਰ ਇਸਨੂੰ ਹੋਰ ਵੀ ਵਧੇਰੇ ਸਫ਼ਲਤਾ ਨਾਲ ਕਰਨਗੇ ਜੇ ਉਹ ਕੌਮੀ ਕੁਰਬਾਨੀਆਂ ਦੀ **ਪਰਵਾਹ ਕੀਤੇ ਬਿਨਾਂ** ਇਨਕਲਾਬ ਸ਼ੁਰੂ ਕਰ ਦੇਣ (ਸਿਰਫ਼ ਇਹ ਹੀ ਕੌਮਾਂਤਰੀਵਾਦ ਹੈ), ਜੇ ਉਹ ਇਹ ਕਹਿਣ (ਅਤੇ ਕਥਨੀ ਦੀ ਪੁਸ਼ਟੀ **ਕੰਮਾਂ ਰਾਹੀਂ** ਕਰਨ) ਕਿ ਉਹ ਸੰਸਾਰ ਮਜ਼ਦੂਰ ਇਨਕਲਾਬ ਦੇ ਹਿਤਾਂ ਨੂੰ ਕਿਸੇ ਵੀ ਕੌਮੀ ਰਾਜ ਦੇ, **ਅਤੇ ਖ਼ਾਸ ਤੌਰ ਉਤੇ ਆਪਣੇ** ਕੌਮੀ ਰਾਜ ਦੇ, ਅਮਨ, ਸੁਰਖਿਆ ਅਤੇ ਅਖੰਡਤਾ ਨਾਲੋਂ **ਉਚੇਰਾ** ਸਮਝਦੇ ਹਨ।

* * *

ਯੂਰਪ ਦੀ ਸਭ ਤੋਂ ਵਡੀ ਬਦਕਿਸਮਤੀ ਅਤੇ ਖ਼ਤਰਾ ਇਹ ਹੈ ਕਿ ਇਸ ਵਿਚ ਕੋਈ ਇਨਕਲਾਬੀ ਪਾਰਟੀ **ਨਹੀਂ**। ਇਸ ਵਿਚ ਸ਼ੀਦਮਾਨਾਂ, ਰੇਨਾਡੇਲਾਂ, ਹੈਂਡਰਸਨਾਂ, ਵੈਬਾਂ ਐਂਡ ਕੰਪਨੀ ਜਿਹੇ ਗ਼ੱਦਾਰਾਂ ਦੀਆਂ, ਅਤੇ ਕਾਊਟਸਕੀ ਜਿਹੇ ਗ਼ੁਲਾਮ ਵਿਅਕਤੀਆਂ ਦੀਆਂ ਪਾਰਟੀਆਂ ਹਨ। ਪਰ ਇਨਕਲਾਬੀ ਪਾਰਟੀ ਕੋਈ ਨਹੀਂ।

ਬੇਸ਼ਕ, ਇਕ ਸ਼ਕਤੀਸ਼ਾਲੀ, ਜਨਤਕ ਇਨਕਲਾਬੀ ਲਹਿਰ ਹੋ ਸਕਦਾ ਹੈ ਇਸ ਕਮੀ ਨੂੰ ਪੂਰਾ ਕਰ ਦੇਵੇ, ਪਰ ਤਾਂ ਵੀ ਇਹ ਗੰਭੀਰ ਬਦਕਿਸਮਤੀ ਅਤੇ ਭਿਆਨਕ ਖ਼ਤਰਾ ਹੈ।

ਇਹੋ ਕਾਰਨ ਹੈ ਕਿ ਸਾਨੂੰ ਕਾਊਟਸਕੀ ਜਿਹੇ ਭਗੌੜਿਆਂ ਦਾ ਪਾਜ ਉਘੇੜਨ ਲਈ ਵਧ ਤੋਂ ਵਧ ਜ਼ੋਰ ਲਾਉਣਾ ਚਾਹੀਦਾ ਹੈ, ਅਤੇ ਇਉਂ ਸੱਚੇ ਕੌਮਾਂਤਰੀਵਾਦੀ ਮਜ਼ਦੂਰਾਂ ਦੇ ਇਨਕਲਾਬੀ **ਗਰੁੱਪਾਂ** ਦੀ ਹਮਾਇਤ ਕਰਨੀ ਚਾਹੀਦੀ ਹੈ ਜਿਹੜੇ **ਸਾਰੇ** ਦੇਸਾਂ ਵਿਚ ਮਿਲਦੇ ਹਨ। ਪ੍ਰੋਲਤਾਰੀ ਬੜੀ ਜਲਦੀ ਗ਼ੱਦਾਰਾਂ ਅਤੇ ਭਗੌੜਿਆਂ ਤੋਂ ਮੂੰਹ ਫੇਰ ਲੈਣਗੇ ਅਤੇ ਇਹਨਾਂ ਗਰੁੱਪਾਂ ਦੇ ਪਿੱਛੇ ਲਗ ਜਾਣਗੇ, ਉਹਨਾਂ ਵਿਚੋਂ ਆਗੂ ਕੱਢਣਗੇ ਅਤੇ ਸਿਖਾਉਣਗੇ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਾਰੇ ਦੇਸਾਂ ਦੀ ਬੁਰਜੂਆਜ਼ੀ "**ਸੰਸਾਰ** ਬਾਲਸ਼ਵਿਕਵਾਦ" ਬਾਰੇ ਚੀਕ ਰਹੀ ਹੈ।

ਸੰਸਾਰ ਬਾਲਸ਼ਵਿਕਵਾਦ ਸੰਸਾਰ ਬੁਰਜੂਆਜ਼ੀ ਉਤੇ ਜਿੱਤ ਪ੍ਰਾਪਤ ਕਰੇਗਾ।

੯. ੧੦. ੧੯੧੮

ਸੰਗ੍ਰਹਿਤ ਕਿਰਤਾਂ,
ਸੈਂਚੀ ੩੭,
ਪੰਨੇ ੧੦੭-੧੧੦

# ਪ੍ਰੋਲਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ

# ਵਿਚੋਂ

## ਕੌਮਾਂਤਰੀਵਾਦ ਕੀ ਹੈ ?

ਜਰਮਨੀ ਵਿਚ ਕਾਊਟਸਕੀ ਦੇ ਹਮਾਇਤੀ, ਫ਼ਰਾਂਸ ਵਿਚ ਲਾਂਗੇ ਦੇ ਹਮਾਇਤੀ, ਇਟਲੀ ਵਿਚ ਤੂਰਾਤੀ ਐਂਡ ਕੰਪਨੀ ਇਸ ਤਰੀਕੇ ਨਾਲ ਦਲੀਲ ਦੇਂਦੇ ਹਨ: ਸੋਸ਼ਲਿਜ਼ਮ ਕੌਮਾਂ ਦੀ ਬਰਾਬਰੀ ਅਤੇ ਆਜ਼ਾਦੀ, ਉਹਨਾਂ ਦੇ ਆਤਮ-ਨਿਰਣੇ ਨੂੰ ਮਿਥ ਕੇ ਚਲਦਾ ਹੈ, **ਇਸ ਲਈ** ਜਦੋਂ ਸਾਡੇ ਦੇਸ ਉਤੇ ਹਮਲਾ ਹੁੰਦਾ ਹੈ, ਜਾਂ ਜਦੋਂ ਦੁਸ਼ਮਣ ਦੀਆਂ ਫ਼ੌਜਾਂ ਸਾਡੇ ਇਲਾਕੇ ਉਤੇ ਚੜ੍ਹ ਆਉਂਦੀਆਂ ਹਨ, ਤਾਂ ਆਪਣੇ ਦੇਸ ਦੀ ਰਾਖੀ ਕਰਨਾ ਸੋਸ਼ਲਿਸਟਾਂ ਦਾ ਹੱਕ ਅਤੇ ਫ਼ਰਜ਼ ਬਣਦਾ ਹੈ। ਪਰ ਸਿਧਾਂਤਕ ਤੌਰ ਉਤੇ ਇਹੋ ਜਿਹੀ ਦਲੀਲ ਜਾਂ ਤਾਂ ਸੋਸ਼ਲਿਜ਼ਮ ਦਾ ਨਿਰੋਲ ਮਜ਼ਾਕ ਹੈ ਜਾਂ ਮੱਕਾਰੀ-ਭਰਿਆ ਛਲ ਹੈ, ਜਦੋਂ ਕਿ ਅਮਲੀ ਰਾਜਨੀਤੀ ਦੇ ਦ੍ਰਿਸ਼ਟੀਕੋਣ ਤੋਂ ਇਹ ਬਿਲਕੁਲ ਜਾਹਲ ਪੇਂਡੂ ਦੀ ਦਲੀਲ ਨਾਲ ਮੇਲ ਖਾਂਦੀ ਹੈ, ਜਿਸਨੂੰ ਜੰਗ ਦੇ ਸਮਾਜਕ, ਜਮਾਤੀ ਖ਼ਾਸੇ ਦਾ, ਅਤੇ ਪਿਛੇ-ਖਿਚੂ ਜੰਗ ਦੇ ਦੌਰਾਨ ਇਨਕਲਾਬੀ ਪਾਰਟੀ ਦੇ ਕਰਤੱਵਾਂ ਦਾ ਕੋਈ ਸੰਕਲਪ ਤੱਕ ਨਹੀਂ।

ਸੋਸ਼ਲਿਜ਼ਮ ਕੌਮਾਂ ਦੇ ਖ਼ਿਲਾਫ ਹਿੰਸਾ ਦੇ ਵਿਰੁਧ ਹੈ। ਇਹ ਗੱਲ ਸ਼ੱਕ ਤੋਂ ਪਰੇ ਹੈ। ਪਰ ਸੋਸ਼ਲਿਜ਼ਮ ਆਮ ਤੌਰ ਉਤੇ ਲੋਕਾਂ ਦੇ ਖ਼ਿਲਾਫ਼ ਹਿੰਸਾ ਦੇ ਵਿਰੁਧ ਹੈ। ਪਰ ਇਸਾਈ ਅਰਾਜਕਤਾਵਾਦੀਆਂ ਅਤੇ ਟਾਲਸਟਾਈਵਾਦੀਆਂ ਤੋਂ ਬਿਨਾਂ ਹੋਰ ਕਿਸੇ ਨੇ ਵੀ ਇਸਤੋਂ ਅਜੇ ਤੱਕ ਇਹ ਸਿੱਟਾ ਨਹੀਂ ਕੱਢਿਆ ਕਿ ਸੋਸ਼ਲਿਜ਼ਮ **ਇਨਕਲਾਬੀ** ਹਿੰਸਾ ਦੇ ਵਿਰੁਧ ਹੈ। ਇਸ ਲਈ ਆਮ ਤੌਰ ਉਤੇ "ਹਿੰਸਾ" ਦੀ ਗੱਲ ਕਰਨਾ, ਉਹਨਾਂ ਹਾਲਤਾਂ ਦੀ ਨਿਰਖ-ਪਰਖ ਕੀਤੇ ਬਿਨਾਂ ਜਿਹੜੀਆਂ ਇਨਕਲਾਬੀ ਹਿੰਸਾ ਤੋਂ ਪਿਛੇ-ਖਿਚੂ ਹਿੰਸਾ ਨੂੰ ਨਿਖੇੜਦੀਆਂ ਹਨ, ਦਾ ਮਤਲਬ ਅਜਿਹਾ ਖੂਹ-ਦਾ-ਡੱਡੂ ਬਨਣਾ ਹੈ ਜਿਹੜਾ ਇਨਕਲਾਬ ਦਾ ਤਿਆਗ ਕਰਦਾ ਹੈ, ਜਾਂ ਇਸਦਾ ਮਤਲਬ ਗ਼ਲਤ ਤਰਕ ਨਾਲ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਧੋਖਾ ਦੇਣਾ ਹੈ।

ਕੌਮਾਂ ਦੇ ਖ਼ਿਲਾਫ਼ ਹਿੰਸਾ ਬਾਰੇ ਵੀ ਇਹੀ ਗੱਲ ਠੀਕ ਹੈ। ਹਰ ਜੰਗ ਕੌਮਾਂ ਦੇ ਖ਼ਿਲਾਫ਼ ਹਿੰਸਾ ਹੈ, ਪਰ ਇਹ ਗੱਲ ਸੋਸ਼ਲਿਸਟਾਂ ਨੂੰ ਇਨਕਲਾਬੀ ਜੰਗ **ਦੇ ਹੱਕ ਵਿਚ ਹੋਣ ਤੋਂ ਨਹੀਂ ਰੋਕਦੀ।** ਜੰਗ ਦਾ ਜਮਾਤੀ ਖ਼ਾਸਾ—ਇਹ ਬੁਨਿਆਦੀ ਸਵਾਲ ਹੈ

ਜਿਹੜਾ ਇਕ ਸੋਸ਼ਲਿਸਟ ਦੇ (ਜੇ ਉਹ ਭਗੌੜਾ ਨਾ ਹੋਵੇ ਤਾਂ) ਸਾਮ੍ਹਣੇ ਖੜਾ ਹੈ। ੧੯੧੪-੧੯੧੮ ਦੀ ਸਾਮਰਾਜੀ ਜੰਗ ਸੰਸਾਰ ਦੀ ਵੰਡ ਲਈ, ਲੁੱਟੇ ਮਾਲ ਦੀ ਵੰਡ ਲਈ, ਅਤੇ ਛੋਟੀਆਂ ਅਤੇ ਕਮਜ਼ੋਰ ਕੌਮਾਂ ਨੂੰ ਲੁੱਟਣ ਅਤੇ ਉਹਨਾਂ ਦਾ ਗਲਾ ਘੁੱਟਣ ਲਈ ਸਾਮਰਾਜੀ ਬੁਰਜੂਆਜ਼ੀ ਦੇ ਦੋ ਟੋਲਿਆਂ ਵਿਚਕਾਰ ਜੰਗ ਹੈ। ਇਹ ਸੀ ਸਿਰ ਉਤੇ ਖੜੀ ਜੰਗ ਦਾ ੧੯੧੨ ਬਾਸਲ ਮੈਨੀਫ਼ੈਸਟੋ[162] ਵਿਚ ਕੀਤਾ ਗਿਆ ਮੁਲੰਗਨ, ਅਤੇ ਤੱਥਾਂ ਨੇ ਇਸਦੀ ਪੁਸ਼ਟੀ ਕੀਤੀ ਹੈ। ਜੰਗ ਦੇ ਇਸ ਦ੍ਰਿਸ਼ਟੀਕੋਣ ਤੋਂ ਜਿਹੜਾ ਵੀ ਕੋਈ ਲਾਂਭੇ ਜਾਂਦਾ ਹੈ, ਉਹ ਸੋਸ਼ਲਿਸਟ ਨਹੀਂ।

ਜੇ ਵਿਲਹੈਲਮ ਹੇਠ ਕੋਈ ਜਰਮਨ ਜਾਂ ਕਲੈਮਨਸ਼ੋ ਹੇਠ ਕੋਈ ਫ਼ਰਾਂਸੀਸੀ ਕਹਿੰਦਾ ਹੈ, "ਆਪਣੇ ਦੇਸ ਦੀ ਰਾਖੀ ਕਰਨਾ ਸੋਸ਼ਲਿਸਟ ਵਜੋਂ ਮੇਰਾ ਹੱਕ ਅਤੇ ਫ਼ਰਜ਼ ਬਣਦਾ ਹੈ, ਜੇ ਇਸ ਉਤੇ ਦੁਸ਼ਮਣ ਹੱਲਾ ਕਰ ਦੇਵੇ ਤਾਂ," ਉਹ ਸੋਸ਼ਲਿਸਟ ਵਜੋਂ ਨਹੀਂ, ਕੌਮਾਂਤਰੀਵਾਦੀ ਵਜੋਂ ਨਹੀਂ, ਇਨਕਲਾਬੀ ਪ੍ਰੋਲਤਾਰੀ ਵਜੋਂ ਨਹੀਂ, ਸਗੋਂ **ਨਿਕ-ਬੁਰਜੂਆ ਕੌਮਪ੍ਰਸਤ** ਵਜੋਂ ਦਲੀਲ ਦੇ ਰਿਹਾ ਹੈ। ਕਿਉਂਕਿ ਇਹ ਦਲੀਲ ਸਰਮਾਏ ਦੇ ਖਿਲਾਫ਼ ਮਜ਼ਦੂਰਾਂ ਦੇ ਇਨਕਲਾਬੀ ਜਮਾਤੀ ਘੋਲ ਨੂੰ ਅੱਖੋਂ ਉਹਲੇ ਕਰਦੀ ਹੈ, ਇਹ ਸੰਸਾਰ ਬੁਰਜੂਆਜ਼ੀ ਅਤੇ ਸੰਸਾਰ ਪ੍ਰੋਲਤਾਰੀ ਦੇ ਦ੍ਰਿਸ਼ਟੀਕੋਣ ਤੋਂ ਸਮੁੱਚੇ ਤੌਰ ਉਤੇ **ਸਾਰੀ** ਜੰਗ ਦੇ ਮੁਲੰਗਨ ਨੂੰ ਅੱਖੋਂ ਉਹਲੇ ਕਰਦੀ ਹੈ, ਅਰਥਾਤ, ਇਹ ਕੌਮਾਂਤਰੀਵਾਦ ਨੂੰ ਅਖੋਂ ਉਹਲੇ ਕਰਦੀ ਹੈ ਅਤੇ ਜੋ ਕੁਝ ਬਾਕੀ ਰਹਿ ਜਾਂਦਾ ਹੈ, ਉਹ ਹੈ ਘਟੀਆ ਅਤੇ ਤੰਗ-ਨਜ਼ਰ ਕੌਮਪ੍ਰਸਤੀ। ਮੇਰੇ ਦੇਸ ਨੂੰ ਨੁਕਸਾਨ ਪੁਚਾਇਆ ਜਾ ਰਿਹਾ ਹੈ, ਮੈਨੂੰ ਬਸ ਇਸੇ ਗੱਲ ਦੀ ਪਰਵਾਹ ਹੈ—ਇਸ ਦਲੀਲ ਦਾ ਮਤਲਬ ਇਹੀ ਨਿਕਲਦਾ ਹੈ, ਅਤੇ ਇਸ ਵਿਚ ਹੀ ਇਸਦੀ ਨਿਕ-ਬੁਰਜੂਆ, ਕੌਮਪ੍ਰਸਤ ਤੰਗ-ਨਜ਼ਰੀ ਪਾਈ ਜਾਂਦੀ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਕਿ ਵਿਅਕਤੀਗਤ ਹਿੰਸਾ ਦੇ ਵਿਅਕਤੀ ਦੇ ਖ਼ਿਲਾਫ਼ ਹਿੰਸਾ ਦੇ ਸੰਬੰਧ ਵਿਚ ਕੋਈ ਇਹ ਦਲੀਲ ਦੇਵੇ ਕਿ ਸੋਸ਼ਲਿਜ਼ਮ ਹਿੰਸਾ ਦੇ ਵਿਰੁਧ ਹੈ, ਇਸ ਲਈ ਮੈਂ ਜੇਲ੍ਹ ਜਾਣ ਨਾਲੋਂ ਗ਼ੱਦਾਰ ਬਨਣ ਨੂੰ ਪਹਿਲ ਦੇਵਾਂਗਾ।

ਫ਼ਰਾਂਸੀਸੀ, ਜਰਮਨ ਜਾਂ ਅਤਾਲਵੀ, ਜਿਹੜਾ ਕਹਿੰਦਾ ਹੈ: "ਸੋਸ਼ਲਿਜ਼ਮ ਕੌਮਾਂ ਦੇ ਖ਼ਿਲਾਫ਼ ਹਿੰਸਾ ਦੇ ਵਿਰੁਧ ਹੈ, **ਇਸ ਲਈ** ਮੈਂ ਆਪਣੀ ਰਾਖੀ ਕਰਦਾ ਹਾਂ ਜਦੋਂ ਮੇਰੇ ਦੇਸ ਉਤੇ ਹਮਲਾ ਹੁੰਦਾ ਹੈ।" ਸੋਸ਼ਲਿਜ਼ਮ ਅਤੇ ਕੌਮਾਂਤਰੀਵਾਦ ਨਾਲ **ਗ਼ੱਦਾਰੀ ਕਰਦਾ ਹੈ**, ਕਿਉਂਕਿ ਇਹੋ ਜਿਹਾ ਬੰਦਾ **ਸਿਰਫ਼** ਆਪਣੇ "ਦੇਸ" ਨੂੰ **ਦੇਖਦਾ ਹੈ**, ਉਹ "ਖ਼ੁਦ ਆਪਣੀ"... **ਬੁਰਜੂਆਜ਼ੀ** ਨੂੰ ਬਾਕੀ ਹਰ ਗੱਲ ਤੋਂ ਉਤੇ ਰਖਦਾ ਹੈ ਅਤੇ ਉਹਨਾਂ **ਕੌਮਾਂਤਰੀ ਸੰਬੰਧਾਂ** ਬਾਰੇ ਜ਼ਰਾ ਨਹੀਂ ਸੋਚਦਾ ਜਿਹੜੇ ਜੰਗ ਨੂੰ ਸਾਮਰਾਜੀ ਜੰਗ ਅਤੇ **ਉਸਦੀ** ਬੁਰਜੂਆਜ਼ੀ ਨੂੰ ਸਾਮਰਾਜੀ ਲੁੱਟ ਦੀ ਸੰਗਲੀ ਵਿਚ ਇਕ ਕੜੀ ਬਣਾਉਂਦੇ ਹਨ।

ਸਾਰੇ ਖੂਹ-ਦੇ-ਡੱਡੂ ਅਤੇ ਸਾਰੇ ਮੂਰਖ ਅਤੇ ਜਾਹਲ ਗੰਵਾਰ ਲੋਕ ਉਸੇ ਤਰ੍ਹਾਂ

ਹੀ ਦਲੀਲ ਦੇਂਦੇ ਹਨ, ਜਿਸ ਤਰ੍ਹਾਂ ਭਗੌੜੇ ਕਾਊਟਸਕੀ ਦੇ ਹਮਾਇਤੀ, ਲਾਂਗੇ ਦੇ ਹਮਾਇਤੀ, ਤੂਰਾਤੀ ਐਂਡ ਕੰਪਨੀ ਵਾਲੇ ਦੇਂਦੇ ਹਨ: "ਦੁਸ਼ਮਣ ਨੇ ਮੇਰੇ ਦੇਸ ਉਤੇ ਹਮਲਾ ਕਰ ਦਿਤਾ ਹੈ, ਮੈਨੂੰ ਹੋਰ ਕਿਸੇ ਗਲ ਦੀ ਪਰਵਾਹ ਨਹੀਂ।"*

ਸੋਸ਼ਲਿਸਟ, ਇਨਕਲਾਬੀ ਪ੍ਰੋਲਤਾਰੀ, ਕੌਮਾਂਤਰੀਵਾਦੀ ਹੋਰ ਤਰ੍ਹਾਂ ਦਲੀਲ ਦੇਂਦਾ ਹੈ। ਉਹ ਕਹਿੰਦਾ ਹੈ: "ਜੰਗ ਦਾ ਖ਼ਾਸਾ (ਕਿ ਇਹ ਪਿਛੇ-ਖਿਚੂ ਹੈ ਜਾਂ ਇਨਕਲਾਬੀ) ਇਸ ਉਤੇ ਨਿਰਭਰ ਨਹੀਂ ਕਿ ਹਮਲਾਵਰ ਕੌਣ ਸੀ, ਜਾਂ 'ਦੁਸ਼ਮਣ' ਨੇ ਕਿਸਦੇ ਦੇਸ ਵਿਚ ਛਾਉਣੀ ਪਾਈ ਹੋਈ ਹੈ; ਇਹ **ਇਸ ਗੱਲ ਉਤੇ** ਨਿਰਭਰ ਹੈ ਕਿ **ਕਿਹੜੀ ਜਮਾਤ** ਜੰਗ ਲੜ ਰਹੀ ਹੈ, ਅਤੇ ਇਹ ਜੰਗ ਕਿਸ **ਰਾਜਨੀਤੀ** ਨੂੰ ਜਾਰੀ ਰਖਦੀ ਹੈ। ਜੇ ਜੰਗ ਪਿਛੇ-ਖਿਚੂ, ਸਾਮਰਾਜੀ ਹੈ, ਅਰਥਾਤ, ਜੇ ਇਹ ਸਾਮਰਾਜੀ, ਹਿਰਸੀ, ਧਾੜਵੀ, ਪਿਛੇ-ਖਿਚੂ ਬੁਰਜੂਆਜ਼ੀ ਦੇ ਦੋ ਸੰਸਾਰ ਟੋਲਿਆਂ ਵਲੋਂ ਲੜੀ ਜਾ ਰਹੀ ਹੈ, ਫਿਰ ਹਰ ਬੁਰਜੂਆਜ਼ੀ (ਇਥੋਂ ਤੱਕ ਕਿ ਛੋਟੀ ਤੋਂ ਛੋਟੀ ਕੌਮ ਦੀ ਵੀ) ਲੁੱਟ ਵਿਚ ਭਿਆਲ ਬਣ ਜਾਂਦੀ ਹੈ, ਅਤੇ ਇਨਕਲਾਬੀ ਪ੍ਰੋਲਤਾਰੀ ਦੇ ਪ੍ਰਤਿਨਿਧ ਵਜੋਂ ਮੇਰਾ ਫ਼ਰਜ਼ ਸੰਸਾਰ ਕਤਲਾਮ ਦੀਆਂ ਭਿਅੰਕਰਤਾਵਾਂ ਤੋਂ ਛੁਟਕਾਰੇ ਦੇ **ਇਕੋ ਇਕ** ਰਾਹ ਵਜੋਂ **ਸੰਸਾਰ ਪ੍ਰੋਲਤਾਰੀ ਇਨਕਲਾਬ** ਲਈ ਤਿਆਰੀ ਕਰਨਾ ਹੈ। ਮੈਨੂੰ 'ਆਪਣੇ' ਦੇਸ ਦੇ ਦ੍ਰਿਸ਼ਟੀਕੋਣ ਤੋਂ ਨਹੀਂ (ਕਿਉਂਕਿ ਇਹ ਘਟੀਆ, ਮੂਰਖ, ਨਿਕ-ਬੁਰਜੂਆ ਕੌਮਪ੍ਰਸਤੀ ਦੀ ਦਲੀਲ ਹੈ, ਜਿਹੜਾ ਇਹ ਨਹੀਂ ਮਹਿਸੂਸ ਕਰਦਾ ਕਿ ਉਹ ਸਾਮਰਾਜੀ ਬੁਰਜੂਆਜ਼ੀ ਦੇ ਹਥਾਂ ਵਿਚ ਸਿਰਫ਼ ਇਕ ਖਿਡੌਣਾ ਹੈ) ਸਗੋਂ ਸੰਸਾਰ ਪ੍ਰੋਲਤਾਰੀ ਇਨਕਲਾਬ ਦੀ ਤਿਆਰੀ ਕਰਨ ਵਿਚ, ਪ੍ਰਚਾਰ ਵਿਚ,

---

*ਸਮਾਜੀ-ਅੰਧਰਾਸ਼ਟਰਵਾਦੀ (ਸ਼ੀਦਮਾਨ, ਰੇਨਾਡੇਲ, ਹੈਂਡਰਸਨ, ਗੋਮਪਰਜ਼ ਐਂਡ ਕੰਪਨੀ) ਜੰਗ ਦੇ ਦੌਰਾਨ "ਇੰਟਰਨੈਸ਼ਨਲ" ਦੀ ਗੱਲ ਕਰਨ ਤੋਂ ਬਿਲਕੁਲ ਇਨਕਾਰੀ ਹਨ। ਉਹ "**ਆਪਣੀ ਆਪਣੀ**" ਬੁਰਜੂਆਜ਼ੀ ਦੇ ਦੁਸ਼ਮਣ ਨੂੰ ਸੋਸ਼ਲਿਜ਼ਮ ਦੇ ਗ਼ੱਦਾਰ ਸਮਝਦੇ ਹਨ। ਉਹ **ਆਪਣੀ ਆਪਣੀ** ਬੁਰਜੂਆਜ਼ੀ ਵਲੋਂ ਚਲਾਈ ਜਾ ਰਹੀ ਮੱਲਾਂ ਮਾਰਨ ਦੀ ਨੀਤੀ ਦੀ **ਹਮਾਇਤ ਕਰਦੇ ਹਨ**। ਸਮਾਜੀ-ਸ਼ਾਂਤੀਵਾਦੀ (ਅਰਥਾਤ, ਕਥਨੀ ਵਿਚ ਸੋਸ਼ਲਿਸਟ, ਕਰਨੀ ਵਿਚ ਨਿਕ-ਬੁਰਜੂਆ ਸ਼ਾਂਤੀਵਾਦੀ) ਹਰ ਤਰ੍ਹਾਂ ਦੇ "ਕੌਮਾਂਤਰੀਵਾਦੀ" ਮਨੋਭਾਵ ਪ੍ਰਗਟ ਕਰਦੇ ਹਨ, ਅਲਹਾਕਾਂ ਆਦਿ ਦੇ ਖ਼ਿਲਾਫ਼ ਰੋਸ ਪ੍ਰਗਟ ਕਰਦੇ ਹਨ, ਪਰ **ਅਮਲ ਵਿਚ** ਉਹ **ਆਪਣੀ ਆਪਣੀ** ਸਾਮਰਾਜੀ ਬੁਰਜੂਆਜ਼ੀ ਦੀ **ਹਮਾਇਤ ਕਰਨਾ** ਜਾਰੀ ਰਖਦੇ ਹਨ। ਦੁਹਾਂ ਵੰਨਗੀਆਂ ਵਿਚਕਾਰ ਫ਼ਰਕ ਮਹੱਤਵਪੂਰਨ ਨਹੀਂ; ਇਹ ਦੋ ਸਰਮਾਇਦਾਰਾਂ ਵਿਚਕਾਰ ਫ਼ਰਕ ਵਾਂਗ ਹੈ—ਜਿਨ੍ਹਾਂ ਵਿਚੋਂ ਇਕ ਦੇ ਬੁਲ੍ਹਾਂ ਉਤੇ ਕੌੜੇ ਅਤੇ ਦੂਜੇ ਦੇ ਬੁਲ੍ਹਾਂ ਉਤੇ ਮਿਠੇ ਸ਼ਬਦ ਹੋਣ।

ਅਤੇ ਇਸ ਵਿਚ ਤੇਜ਼ੀ ਲਿਆਉਣ ਵਿਚ **ਆਪਣੇ ਹਿੱਸੇ** ਦੇ ਦ੍ਰਿਸ਼ਟੀਕੋਣ ਤੋਂ ਦਲੀਲ ਦੇਣੀ ਚਾਹੀਦੀ ਹੈ।"

ਇਹ ਹੈ ਕੌਮਾਂਤਰੀਵਾਦ ਦਾ ਮਤਲਬ, ਅਤੇ ਇਹ ਹੈ ਕੌਮਾਂਤਰੀਵਾਦੀ, ਇਨਕਲਾਬੀ ਮਜ਼ਦੂਰ ਦਾ, ਸੱਚੇ ਸੋਸ਼ਲਿਸਟ ਦਾ ਫ਼ਰਜ਼। ਇਹ ਹੈ **ੳ ਅ** ਜਿਹੜਾ ਭਗੌੜਾ ਕਾਊਟਸਕੀ "ਭੁੱਲ ਗਿਆ" ਹੈ। ਅਤੇ ਉਸਦਾ ਵਿਸ਼ਵਾਸਘਾਤ ਹੋਰ ਵੀ ਵਧੇਰੇ ਸਪਸ਼ਟ ਹੋ ਜਾਂਦਾ ਹੈ ਜਦੋਂ ਉਹ ਨਿਕ-ਬੁਰਜੂਆ ਕੌਮਪ੍ਰਸਤਾਂ (ਰੂਸ ਵਿਚਲੇ ਮੈਨਸ਼ਵਿਕਾਂ, ਫ਼ਰਾਂਸ ਵਿਚਲੇ ਲਾਂਗੇ ਦੇ ਸਮਰਥਕਾਂ, ਇਟਲੀ ਵਿਚਲੇ ਤੂਰਾਤੀਆਂ ਅਤੇ ਜਰਮਨੀ ਵਿਚਲੇ ਹਾਜ਼ੇ ਐਂਡ ਕੰਪਨੀ ਵਾਲਿਆਂ) ਦੇ ਦਾਅ-ਪੇਚਾਂ ਦਾ ਸਮਰਥਨ ਕਰਨ ਤੋਂ ਬਾਲਸ਼ਵਿਕ ਦਾਅ-ਪੇਚਾਂ ਦੀ ਆਲੋਚਨਾ ਕਰਨ ਵੱਲ ਚਲਾ ਜਾਂਦਾ ਹੈ। ਇਹ ਹੈ ਉਸਦੀ ਆਲੋਚਨਾ:

> "ਬਾਲਸ਼ਵਿਕ ਇਨਕਲਾਬ ਇਸ ਮਨੌਤ ਉਤੇ ਆਧਾਰਤ ਸੀ ਕਿ ਇਹ ਆਮ ਯੂਰਪੀ ਇਨਕਲਾਬ ਦਾ ਆਰੰਭਕ ਨੁਕਤਾ ਬਣ ਜਾਏਗਾ, ਕਿ ਰੂਸ ਦੀ ਦਲੇਰ ਪਹਿਲਕਦਮੀ ਸਾਰੇ ਯੂਰਪ ਦੇ ਪ੍ਰੋਲਤਾਰੀ ਨੂੰ ਬਗ਼ਾਵਤ ਕਰਨ ਦੀ ਪ੍ਰੇਰਨਾ ਦੇਵੇਗੀ।
>
> ਇਸ ਮਨੌਤ ਉਤੇ, ਬੇਸ਼ਕ, ਇਸਦੀ ਕੋਈ ਮਹੱਤਤਾ ਨਹੀਂ ਸੀ ਕਿ ਰੂਸ ਦੀ ਵੱਖਰੀ ਅਮਨ ਸੰਧੀ ਕੀ ਰੂਪ ਲੈਂਦੀ ਹੈ, ਕਿ ਰੂਸੀ ਲੋਕਾਂ ਨੂੰ ਇਸ ਨਾਲ ਕੀ ਕਠਿਨਾਈਆਂ ਅਤੇ ਇਲਾਕਾਈ ਨੁਕਸਾਨ (ਸ਼ਬਦੀ ਅਰਥ: ਕਾਂਟ-ਛਾਂਟ ਜਾਂ ਅੰਗ ਕੱਟਣਾ — (Verstümmelungen) ਸਹਿਣੇ ਪੈਂਦੇ ਹਨ, ਅਤੇ ਕੌਮਾਂ ਦੇ ਆਤਮ-ਨਿਰਣੇ ਨੂੰ ਇਹ ਕੀ ਮਤਲਬ ਦੇਂਦੀ ਹੈ। ਉਸ ਸਮੇਂ ਇਹ ਵੀ ਮਹੱਤਵਪੂਰਨ ਨਹੀਂ ਸੀ ਕਿ ਰੂਸ ਆਪਣੀ ਰਾਖੀ ਕਰਨ ਦੇ ਸਮਰਥ ਹੈ ਜਾਂ ਨਹੀਂ। ਇਸ ਦ੍ਰਿਸ਼ਟੀਕੋਣ ਤੋਂ, ਯੂਰਪੀ ਇਨਕਲਾਬ ਰੂਸੀ ਇਨਕਲਾਬ ਦੀ ਸਭ ਤੋਂ ਚੰਗੀ ਰਖਿਆ ਹੋਵੇਗਾ, ਅਤੇ ਪਹਿਲੇ ਰੂਸੀ ਇਲਾਕੇ ਵਿਚ ਰਹਿੰਦੀਆਂ ਸਾਰੀਆਂ ਕੌਮਾਂ ਲਈ ਪੂਰਨ ਅਤੇ ਸੱਚਾ ਆਤਮ-ਨਿਰਣੇ ਦਾ ਹੱਕ ਲਿਆਵੇਗਾ।
>
> ਯੂਰਪ ਵਿਚ ਇਨਕਲਾਬ, ਜਿਹੜਾ ਉਥੇ ਸੋਸ਼ਲਿਜ਼ਮ ਸਥਾਪਤ ਕਰੇਗਾ ਅਤੇ ਮਜ਼ਬੂਤ ਕਰੇਗਾ, ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਦਾ ਵੀ ਸਾਧਨ ਬਣ ਜਾਏਗਾ ਜਿਹੜੀਆਂ ਰੂਸ ਦੇ ਆਰਥਕ ਪਛੜੇਵੇਂ ਕਾਰਨ ਉਤਪਾਦਨ ਦੇ ਸੋਸ਼ਲਿਸਟ ਪ੍ਰਬੰਧ ਨੂੰ ਲਾਗੂ ਕਰਨ ਦੇ ਰਾਹ ਵਿਚ ਉਥੇ ਪੈਦਾ ਹੋ ਜਾਣਗੀਆਂ।
>
> ਇਹ ਸਾਰਾ ਕੁਝ ਬੜਾ ਬਾ-ਦਲੀਲ ਅਤੇ ਬਿਲਕੁਲ ਠੀਕ ਸੀ — ਸਿਰਫ਼ ਜੇ ਮੁਖ ਮਨੌਤ ਪੂਰੀ ਹੋ ਜਾਂਦੀ, ਅਰਥਾਤ, ਰੂਸੀ ਇਨਕਲਾਬ ਅਟੱਲ ਤੌਰ ਉਤੇ ਯੂਰਪੀ ਇਨਕਲਾਬ ਨੂੰ ਸ਼ੁਰੂ ਕਰ ਦੇਂਦਾ। ਪਰ ਜੇ ਇਹ ਨਹੀਂ ਵਾਪਰਦਾ, ਤਾਂ ?

ਅਜੇ ਤੱਕ ਇਸ ਮਨੌਤ ਨੇ ਆਪਣੇ ਆਪ ਨੂੰ ਠੀਕ ਸਿਧ ਨਹੀਂ ਕੀਤਾ। ਅਤੇ ਯੂਰਪ ਦੇ ਪ੍ਰੋਲਤਾਰੀ ਉਤੇ ਰੂਸੀ ਇਨਕਲਾਬ ਦਾ ਸਾਥ ਛੱਡ ਦੇਣ ਅਤੇ ਇਸ ਨਾਲ ਗ਼ੱਦਾਰੀ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ। ਇਹ ਅਜਿਹਾ ਦੋਸ਼ ਹੈ ਜਿਹੜਾ ਕਿਸੇ ਅਣਜਾਣੇ ਬੰਦੇ ਦੇ ਖ਼ਿਲਾਫ਼ ਲਾਇਆ ਜਾ ਰਿਹਾ ਹੈ, ਕਿਉਂਕਿ ਯੂਰਪੀ ਪ੍ਰੋਲਤਾਰੀ ਦੇ ਵਤੀਰੇ ਲਈ ਕਿਸਨੂੰ ਜ਼ਿਮੇਵਾਰ ਠਹਿਰਾਇਆ ਜਾ ਸਕਦਾ ਹੈ?" (ਪੰਨਾ ੨੮)

ਅਤੇ ਕਾਊਟਸਕੀ ਫਿਰ ਕਾਫ਼ੀ ਵਿਸਥਾਰ ਨਾਲ ਇਸ ਗੱਲ ਦੀ ਵਿਆਖਿਆ ਜਾਰੀ ਰਖਦਾ ਹੈ ਕਿ ਮਾਰਕਸ, ਏਂਗਲਜ਼ ਅਤੇ ਬੇਬਲ ਨੇ ਇਨਕਲਾਬ ਦੀ ਆਮਦ ਬਾਰੇ, ਜਿਸਦੀ ਕਿ ਉਹਨਾਂ ਨੂੰ ਆਸ ਸੀ, ਇਕ ਤੋਂ ਵਧੇਰੇ ਵਾਰ ਗ਼ਲਤੀ ਖਾਧੀ ਸੀ, ਪਰ ਉਹਨਾਂ ਨੇ ਕਦੀ ਵੀ ਆਪਣੇ ਦਾਅ-ਪੇਚ "**ਕਿਸੇ ਨਿਸ਼ਚਿਤ ਤਰੀਕ ਉਤੇ**" (ਸਫਾ ੨੯) ਇਨਕਲਾਬ ਦੀ ਆਸ ਉਤੇ ਆਧਾਰਤ ਨਹੀਂ ਸਨ ਕੀਤੇ, ਜਦ ਕਿ, ਉਹ ਕਹਿੰਦਾ ਹੈ, ਬਾਲਸ਼ਵਿਕਾਂ ਨੇ "ਸਾਰਾ ਕੁਝ ਇਕ ਪੱਤੇ ਉਤੇ ਲਾ ਦਿਤਾ, ਅਮਨ-ਭਰੇ ਯੂਰਪੀ ਇਨਕਲਾਬ ਉਤੇ।"

ਅਸੀਂ ਜਾਣ-ਬੁਝ ਕੇ ਇਹ ਲੰਮਾ ਹਵਾਲਾ ਦਿਤਾ ਹੈ, ਆਪਣੇ ਪਾਠਕ ਨੂੰ ਇਹ ਵਿਖਾਉਣ ਲਈ ਕਿ ਮਾਰਕਸਵਾਦ ਦੀ ਥਾਂ ਆਪਣਾ ਤੁੱਛ ਜਿਹਾ ਅਤੇ ਪਿਛੇ-ਖਿਚੂ, ਖੂਹ-ਦੇ-ਡੱਡੂ ਵਾਲਾ ਵਿਚਾਰ ਪੇਸ਼ ਕਰਕੇ ਕਾਊਟਸਕੀ ਮਾਰਕਸਵਾਦ ਦੀ ਨਕਲ ਪੇਸ਼ ਕਰਨ ਵਿਚ ਕਿੰਨਾ "ਹੁਸ਼ਿਆਰ" ਹੈ।

ਪਹਿਲੀ ਗੱਲ, ਵਿਰੋਧੀ ਦੇ ਮੱਥੇ ਪ੍ਰਤੱਖ ਤੌਰ ਉਤੇ ਮੂਰਖ ਵਿਚਾਰ ਮੜ੍ਹਨਾ ਅਤੇ ਫਿਰ ਉਸਨੂੰ ਗ਼ਲਤ ਸਿਧ ਕਰਨਾ ਇਕ ਅਜਿਹੀ ਚਲਾਕੀ ਹੈ ਜਿਹੜੀ ਬਹੁਤੇ ਹੁਸ਼ਿਆਰ ਬੰਦੇ ਨਹੀਂ ਵਰਤਦੇ । ਜੇ ਬਾਲਸ਼ਵਿਕਾਂ ਨੇ **ਕਿਸੇ ਨਿਸ਼ਚਿਤ ਤਰੀਕ ਤੱਕ** ਹੋਰਨਾਂ ਦੇਸਾਂ ਵਿਚ ਇਨਕਲਾਬ ਦੀ ਆਸ ਉਤੇ ਆਪਣੇ ਦਾਅ-ਪੇਚ ਆਧਾਰਤ ਕੀਤੇ ਹੁੰਦੇ, ਤਾਂ ਇਹ ਅਜਿਹੀ ਮੂਰਖਤਾ ਹੁੰਦੀ ਜਿਸਤੋਂ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ। ਪਰ ਬਾਲਸ਼ਵਿਕ ਪਾਰਟੀ ਇਹੋ ਜਿਹੀ ਮੂਰਖਤਾ ਦੀ ਕਦੀ ਦੋਸ਼ੀ ਨਹੀਂ ਰਹੀ। ਅਮਰੀਕੀ ਮਜ਼ਦੂਰਾਂ ਦੇ ਨਾਂ ਆਪਣੀ ਚਿਠੀ (੨੦ ਅਗਸਤ, ੧੯੧੮) ਵਿਚ, ਮੈਂ ਇਹ ਕਹਿ ਕੇ ਕਿ ਅਸੀਂ ਅਮਰੀਕੀ ਇਨਕਲਾਬ ਉਤੇ ਆਸਰਾ ਰਖਦੇ ਹਾਂ, ਪਰ ਕਿਸੇ ਨਿਸ਼ਚਿਤ ਤਰੀਕ ਤੱਕ ਨਹੀਂ, ਸਪਸ਼ਟ ਤਰ੍ਹਾਂ ਇਸ ਮੂਰਖਾਂ ਵਾਲੇ ਵਿਚਾਰ ਨੂੰ ਅਸਵੀਕਾਰ ਕੀਤਾ ਹੈ।* ਖੱਬੇ ਸੋਸ਼ਲਿਸਟ-ਇਨਕਲਾਬੀਆਂ[163] ਅਤੇ "ਖੱਬੇ ਕਮਿਊਨਿਸਟਾਂ"[164] ਨਾਲ

---

*ਵ. ਇ. ਲੈਨਿਨ, ਸੰਗ੍ਰਹਿਤ ਕਿਰਤਾਂ, ਪੰਜਵੀਂ ਛਾਪ, ਸੈਂਚੀ ੩੭, ਪੰਨੇ ੬੩-੬੪। — **ਸੰਪਾ:**

ਆਪਣੇ ਵਿਵਾਦ ਵਿਚ (ਜਨਵਰੀ-ਮਾਰਚ ੧੯੧੮) ਮੈਂ ਇਕ ਤੋਂ ਵਧ ਵਾਰ ਉਸੇ ਹੀ ਵਿਚਾਰ ਬਾਰੇ ਕਾਫ਼ੀ ਵਿਸਥਾਰ ਨਾਲ ਦਸਿਆ ਹੈ। ਕਾਊਟਸਕੀ ਨੇ ਜ਼ਰਾ ਕੁ... ਬੱਸ ਬਿਲਕੁਲ ਜ਼ਰਾ ਕੁ ਜਾਅਲਸਾਜ਼ੀ ਕੀਤੀ ਹੈ, ਜਿਸ ਉਪਰ ਉਸਨੇ ਅਸਲ ਵਿਚ ਬਾਲਸ਼ਵਿਕਵਾਦ ਦੀ ਆਪਣੀ ਆਲੋਚਨਾ ਆਧਾਰਤ ਕੀਤੀ ਹੈ। ਕਾਊਟਸਕੀ ਨੇ ਵਧ ਜਾਂ ਘਟ ਨੇੜਲੇ ਭਵਿੱਖ ਵਿਚ, ਪਰ ਕਿਸੇ ਨਿਸ਼ਚਿਤ ਤਰੀਕ ਤੱਕ ਨਹੀਂ, ਯੂਰਪੀ ਇਨਕਲਾਬ ਦੀ ਆਸ ਉਤੇ ਆਧਾਰਤ ਦਾਅ-ਪੇਚਾਂ ਨੂੰ, ਨਿਸ਼ਚਿਤ ਤਰੀਕ ਤੱਕ ਯੂਰਪੀ ਇਨਕਲਾਬ ਹੋਣ ਦੀ ਆਸ ਉਤੇ ਆਧਾਰਤ ਦਾਅ-ਪੇਚਾਂ ਨਾਲ ਗਡਮਡ ਕੀਤਾ ਹੈ। ਇਕ ਮਾਮੂਲੀ ਜਿਹੀ, ਬੱਸ ਬਿਲਕੁਲ ਮਾਮੂਲੀ ਜਿਹੀ ਜਾਅਲਸਾਜ਼ੀ!

ਦੂਜੀ ਤਰ੍ਹਾਂ ਦੇ ਦਾਅ-ਪੇਚ ਮੂਰਖਾਂ ਵਾਲੇ ਹਨ। ਪਹਿਲੀ ਤਰ੍ਹਾਂ ਦੇ ਦਾਅ-ਪੇਚ ਇਕ ਮਾਰਕਸਵਾਦੀ ਲਈ, ਹਰ ਇਨਕਲਾਬੀ ਪ੍ਰੋਲਤਾਰੀ ਅਤੇ ਕੌਮਾਂਤਰੀਵਾਦੀ ਲਈ **ਲਾਜ਼ਮੀ** ਹਨ—ਲਾਜ਼ਮੀ, ਕਿਉਂਕਿ ਸਿਰਫ਼ ਇਹੋ ਹੀ ਸਾਰੇ ਯੂਰਪੀ ਦੇਸਾਂ ਵਿਚ ਜੰਗ ਨਾਲ ਪੈਦਾ ਕੀਤੀ ਬਾਹਰਮੁਖੀ ਅਵਸਥਾ ਨੂੰ ਠੀਕ ਮਾਰਕਸਵਾਦੀ ਤਰੀਕੇ ਨਾਲ ਧਿਆਨ ਵਿਚ ਰਖਦੇ ਹਨ, ਅਤੇ ਸਿਰਫ਼ ਇਹੋ ਦਾਅ-ਪੇਚ ਹੀ ਪ੍ਰੋਲਤਾਰੀ ਦੇ ਕੌਮਾਂਤਰੀ ਕਰਤੱਵਾਂ ਨਾਲ ਮੇਲ ਖਾਂਦੇ ਹਨ।

ਕਿਸੇ ਗ਼ਲਤੀ ਬਾਰੇ, ਜਿਹੜੀ ਬਾਲਸ਼ਵਿਕ ਇਨਕਲਾਬੀ ਕਰ ਸਕਦੇ ਸਨ, ਪਰ ਉਹਨਾਂ ਨੇ ਨਹੀਂ ਕੀਤੀ, ਤੁਛ ਜਿਹੇ ਸਵਾਲ ਨੂੰ ਆਮ ਤੌਰ ਉਤੇ ਇਨਕਲਾਬੀ ਦਾਅ-ਪੇਚਾਂ ਦੀਆਂ ਨੀਹਾਂ ਦੇ ਮਹੱਤਵਪੂਰਨ ਸਵਾਲ ਦੀ ਥਾਂ ਦੇ ਕੇ, ਕਾਊਟਸਕੀ ਪੱਤੇਬਾਜ਼ੀ ਨਾਲ ਸਾਰੇ ਇਨਕਲਾਬੀ ਦਾਅ-ਪੇਚਾਂ ਨੂੰ ਤਿਆਗ ਦੇਂਦਾ ਹੈ!

ਰਾਜਨੀਤੀ ਵਿਚ ਇਕ ਭਗੌੜਾ, ਉਹ ਸਿਧਾਂਤਕ ਤੌਰ ਉਤੇ ਇਨਕਲਾਬੀ ਦਾਅ-ਪੇਚਾਂ ਦੀਆਂ ਬਾਹਰਮੁਖੀ ਪੂਰਵ-ਲੋੜਾਂ ਦੇ **ਸਵਾਲ ਨੂੰ ਪੇਸ਼ ਕਰਨ ਦੇ ਵੀ ਅਸਮਰਥ ਹੈ।**

ਅਤੇ ਇਸ ਤੋਂ ਅਸੀਂ ਦੂਜੇ ਨੁਕਤੇ ਵੱਲ ਆਉਂਦੇ ਹਾਂ।

ਦੂਜੀ ਗੱਲ, ਜੇ **ਇਨਕਲਾਬੀ ਅਵਸਥਾ** ਮੌਜੂਦ ਹੈ ਤਾਂ ਇਕ ਮਾਰਕਸਵਾਦੀ ਲਈ ਯੂਰਪੀ ਇਨਕਲਾਬ ਉਤੇ ਟੇਕ ਰਖਣਾ ਲਾਜ਼ਮੀ ਹੈ। ਇਹ ਮਾਰਕਸਵਾਦ ਦਾ ਓ ਅ ਹੈ ਕਿ ਸੋਸ਼ਲਿਸਟ ਪ੍ਰੋਲਤਾਰੀ ਦੇ ਦਾਅ-ਪੇਚ ਦੋਵੇਂ ਸਮੇਂ ਹੀ, ਜਦੋਂ ਇਨਕਲਾਬੀ ਅਵਸਥਾ ਪਾਈ ਜਾਂਦੀ ਹੈ ਅਤੇ ਜਦੋਂ ਇਨਕਲਾਬੀ ਅਵਸਥਾ ਨਹੀਂ ਪਾਈ ਜਾਂਦੀ, ਇਕੋ ਨਹੀਂ ਹੋ ਸਕਦੇ।

ਜੇ ਕਾਊਟਸਕੀ ਨੇ ਇਹ ਸਵਾਲ ਪੁਛਿਆ ਹੁੰਦਾ ਕਿ ਮਾਰਕਸਵਾਦੀ ਲਈ ਕਿਹੜਾ ਲਾਜ਼ਮੀ ਹੈ, ਤਾਂ ਉਹ ਵੇਖ ਲੈਂਦਾ ਕਿ ਜਵਾਬ ਬਿਲਕੁਲ ਉਸਦੇ ਖ਼ਿਲਾਫ਼ ਜਾਂਦਾ ਹੈ। ਜੰਗ ਤੋਂ ਬਹੁਤ ਪਹਿਲਾਂ ਸਾਰੇ ਮਾਰਕਸਵਾਦੀ, ਸਾਰੇ ਸੋਸ਼ਲਿਸਟ ਸਹਿਮਤ ਸਨ ਕਿ ਯੂਰਪੀ ਜੰਗ ਇਨਕਲਾਬੀ ਅਵਸਥਾ ਪੈਦਾ ਕਰੇਗੀ। ਭਗੌੜਾ ਬਣਨ ਤੋਂ ਪਹਿਲਾਂ

ਖ਼ੁਦ ਕਾਊਟਸਕੀ ਇਹ ਸਪਸ਼ਟ ਨਿਸ਼ਚਿਤ ਤਰ੍ਹਾਂ ਨਾਲ ਮੰਨਦਾ ਸੀ—੧੯੦੨ ਵਿਚ (ਆਪਣੀ "ਸਮਾਜੀ ਇਨਕਲਾਬ" ਵਿਚ) ਅਤੇ ੧੯੦੯ ਵਿਚ (ਆਪਣੀ "ਸੱਤਾ ਦਾ ਰਾਹ" ਵਿਚ)। ਬਾਸਲ ਮੈਨੀਫ਼ੈਸਟੋ ਵਿਚ ਸਮੁਚੀ ਦੂਜੀ ਇੰਟਰਨੈਸ਼ਨਲ[165] ਦੇ ਨਾਂ ਉਤੇ ਵੀ ਇਹ ਮੰਨਿਆ ਗਿਆ ਸੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਾਰੇ ਦੇਸਾਂ ਦੇ ਸਮਾਜੀ-ਅੰਧਰਾਸ਼ਟਰਵਾਦੀ ਅਤੇ ਕਾਊਟਸਕੀ ਦੇ ਹਮਾਇਤੀ ("ਵਿਚਾਲ-ਪੰਥੀ", ਅਰਥਾਤ, ਉਹ ਜਿਹੜੇ ਇਨਕਲਾਬੀਆਂ ਤੇ ਮੌਕਾਪ੍ਰਸਤਾਂ ਵਿਚਕਾਰ ਡੱਕੋ-ਡੋਲੇ ਖਾਂਦੇ ਹਨ) ਇਸ ਨੁਕਤੇ ਉਤੇ ਬਾਸਲ ਮੈਨੀਫ਼ੈਸਟੋ ਦੇ ਐਲਾਨ ਤੋਂ ਦੂਰ ਨਠਦੇ ਹਨ, ਜਿਵੇਂ ਪਲੇਗ ਤੋਂ!

ਇਸ ਲਈ, ਯੂਰਪ ਵਿਚ ਇਨਕਲਾਬੀ ਅਵਸਥਾ ਦੀ ਉਮੀਦ ਬਾਲਸ਼ਵਿਕਾਂ ਦਾ ਝੱਲ ਨਹੀਂ ਸੀ, ਸਗੋਂ ਮਾਰਕਸਵਾਦੀਆਂ ਦੀ **ਆਮ ਰਾਏ** ਸੀ। ਜਦੋਂ ਕਾਊਟਸਕੀ ਇਹੋ ਜਿਹੇ ਫ਼ਿਕਰੇ ਵਰਤ ਕੇ, ਕਿ ਬਾਲਸ਼ਵਿਕ "ਹਮੇਸ਼ਾ ਹੀ ਹਿੰਸਾ ਅਤੇ ਇਰਾਦੇ ਦੀ ਸਰਬ-ਸ਼ਕਤੀਮਾਨਤਾ ਵਿਚ ਵਿਸ਼ਵਾਸ ਰਖਦੇ ਰਹੇ ਹਨ", ਇਸ ਨਿਰਵਿਵਾਦ ਸਚਾਈ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਸਿਰਫ਼ ਇਨਕਲਾਬੀ ਅਵਸਥਾ ਦਾ ਸਵਾਲ ਪੇਸ਼ ਕਰਨ ਤੋਂ ਆਪਣੇ ਖਿਸਕਣ ਉਤੇ, ਸ਼ਰਮਨਾਕ ਖਿਸਕਣ ਉਤੇ **ਪਰਦਾ ਪਾਉਣ ਲਈ** ਗੂੰਜਵੀਂ ਅਤੇ ਫੋਕੀ ਲਫ਼ਾਜ਼ੀ ਹੀ ਉਚਾਰ ਰਿਹਾ ਹੈ।

ਅੱਗੇ ਚਲੀਏ। ਕੀ ਇਨਕਲਾਬੀ ਅਵਸਥਾ ਸਚਮੁਚ ਪੈਦਾ ਹੋ ਗਈ ਹੈ ਜਾਂ ਨਹੀਂ? ਕਾਊਟਸਕੀ ਇਹ ਸਵਾਲ ਪੇਸ਼ ਕਰਨ ਦੇ ਵੀ ਅਸਮਰਥ ਸਿਧ ਹੋਇਆ ਹੈ। ਆਰਥਕ ਤੱਥ ਸਿਟਾ ਜਵਾਬ ਦੇਂਦੇ ਹਨ: ਜੰਗ ਵਲੋਂ ਹਰ ਥਾਂ ਪੈਦਾ ਕੀਤਾ ਕਾਲ ਅਤੇ ਤਬਾਹੀ ਇਨਕਲਾਬੀ ਅਵਸਥਾ ਲੁਕਾਈ ਬੈਠੇ ਹਨ। ਰਾਜਸੀ ਤੱਥ ਵੀ ਜਵਾਬ ਮੁਹਈਆ ਕਰਦੇ ਹਨ: ੧੯੧੫ ਤੋਂ ਲੈ ਕੇ **ਸਾਰੇ** ਦੇਸਾਂ ਵਿਚ ਪੁਰਾਣੀਆਂ ਅਤੇ ਢਲ ਚੁੱਕੀਆਂ ਸੋਸ਼ਲਿਸਟ ਪਾਰਟੀਆਂ ਵਿਚ ਦੁਫੇੜ ਦਾ ਅਮਲ ਪ੍ਰਤੱਖ ਰਿਹਾ ਹੈ, ਪ੍ਰੋਲਤਾਰੀ ਦੇ **ਵਿਸ਼ਾਲ ਸਮੂਹਾਂ ਦਾ** ਸਮਾਜੀ-ਅੰਧਰਾਸ਼ਟਰਵਾਦੀ ਆਗੂਆਂ ਵਲੋਂ ਖੱਬੇ ਵੱਲ ਨੂੰ, ਇਨਕਲਾਬੀ ਵਿਚਾਰਾਂ ਅਤੇ ਮਨੋਭਾਵਾਂ ਵੱਲ ਨੂੰ, ਇਨਕਲਾਬੀ ਆਗੂਆਂ ਵੱਲ ਨੂੰ **ਜਾਣ ਦਾ** ਅਮਲ।

ਸਿਰਫ਼ ਅਜਿਹਾ ਆਦਮੀ ਹੀ, ਜਿਹੜਾ ਇਨਕਲਾਬ ਤੋਂ ਤ੍ਰਹਿੰਦਾ ਅਤੇ ਇਸ ਨਾਲ ਗ਼ੱਦਾਰੀ ਕਰਦਾ ਹੈ, ੫ ਅਗਸਤ, ੧੯੧੮ ਨੂੰ ਇਹ ਤੱਥ ਵੇਖਣ ਤੋਂ ਰਹਿ ਸਕਦਾ ਸੀ, ਜਦੋਂ ਕਾਊਟਸਕੀ ਆਪਣਾ ਪੈਂਫ਼ਲਟ ਲਿਖ ਰਿਹਾ ਸੀ। ਅਤੇ ਹੁਣ, ਅਕਤੂਬਰ ੧੯੧੮ ਦੇ ਅਖ਼ੀਰ ਵਿਚ, **ਕਈ** ਯੂਰਪੀ ਦੇਸਾਂ ਵਿਚ ਇਨਕਲਾਬ ਵਧ ਰਿਹਾ ਹੈ, ਅਤੇ ਹਰ ਇਕ ਦੀਆਂ ਅੱਖਾਂ ਸਾਮ੍ਹਣੇ ਵਧ ਰਿਹਾ ਹੈ, ਅਤੇ ਬੜੀ ਤੇਜ਼ੀ ਨਾਲ ਵਧ ਰਿਹਾ ਹੈ। "ਇਨਕਲਾਬੀ" ਕਾਊਟਸਕੀ, ਜਿਹੜਾ ਅਜੇ ਵੀ ਮਾਰਕਸਵਾਦੀ ਸਮਝਿਆ ਜਾਣਾ ਚਾਹੁੰਦਾ ਹੈ, ਨੇੜ-ਦ੍ਰਿਸ਼ਟੀ ਵਾਲਾ ਖੂਹ-ਦਾ-ਡੱਡੂ ਸਿਧ ਹੋਇਆ ਹੈ, ਜਿਹੜਾ

੧੮੪੭ ਦੇ ਉਹਨਾਂ ਖੂਹ-ਦੇ-ਡੱਡੂਆਂ ਵਾਂਗ, ਜਿਨ੍ਹਾਂ ਦਾ ਮਾਰਕਸ ਨੇ ਮਜ਼ਾਕ ਉਡਾਇਆ ਸੀ, ਆਉਂਦੇ ਇਨਕਲਾਬ ਨੂੰ ਵੇਖਣ ਤੋਂ ਅਸਮਰਥ ਰਿਹਾ।

ਹੁਣ ਤੀਜੇ ਨੁਕਤੇ ਵੱਲ ਆਈਏ।

ਤੀਜੀ ਗੱਲ, ਜਦੋਂ ਯੂਰਪ ਵਿਚ ਇਨਕਲਾਬੀ ਅਵਸਥਾ ਹੋਵੇ ਤਾਂ ਇਨਕਲਾਬੀ ਦਾਅ-ਪੇਚਾਂ ਦੇ ਵਿਸ਼ੇਸ਼ ਲੱਛਣ ਕੀ ਹੋਣੇ ਚਾਹੀਦੇ ਹਨ? ਭਗੌੜਾ ਬਣਨ ਪਿਛੋਂ, ਕਾਊਟਸਕੀ ਇਹ ਸਵਾਲ ਪੇਸ਼ ਕਰਨ ਤੋਂ ਡਰਦਾ ਸੀ, ਜਿਹੜਾ ਇਕ ਮਾਰਕਸਵਾਦੀ ਲਈ ਲਾਜ਼ਮੀ ਹੈ। ਕਾਊਟਸਕੀ ਬਿਲਕੁਲ ਨਿਕ-ਬੁਰਜੂਆ, ਖੂਹ-ਦੇ-ਡੱਡੂ ਵਾਂਗ, ਜਾਂ ਅਗਿਆਨੀ ਕਿਸਾਨ ਵਾਂਗ ਦਲੀਲ ਦੇਂਦਾ ਹੈ: ਕੀ "ਆਮ ਯੂਰਪੀ ਇਨਕਲਾਬ" ਸ਼ੁਰੂ ਹੋ ਗਿਆ ਹੈ, ਜਾਂ ਨਹੀਂ? ਜੇ ਹੋ ਗਿਆ ਹੈ, ਤਾਂ **ਉਹ ਵੀ** ਇਨਕਲਾਬੀ ਬਣਨ ਲਈ ਤਿਆਰ ਹੈ! ਪਰ ਫਿਰ, ਜ਼ਰਾ ਧਿਆਨ ਦਿਓ, ਹਰ ਬਦਮਾਸ਼ (ਉਹਨਾਂ ਬਦਮਾਸ਼ਾਂ ਵਾਂਗ ਜਿਹੜੇ ਹੁਣ ਕਦੀ ਕਦੀ ਆਪਣੇ ਆਪ ਨੂੰ ਜੇਤੂ ਬਾਲਸ਼ਵਿਕਾਂ ਨਾਲ ਜੋੜ ਲੈਂਦੇ ਹਨ) ਆਪਣੇ ਆਪ ਬਾਰੇ ਇਕ ਇਨਕਲਾਬੀ ਹੋਣ ਦਾ ਐਲਾਨ ਕਰ ਦੇਵੇਗਾ।

ਜੇ ਇਹ ਸ਼ੁਰੂ ਨਹੀਂ ਹੋਇਆ ਤਾਂ ਕਾਊਟਸਕੀ ਇਨਕਲਾਬ ਵਲੋਂ ਆਪਣਾ ਮੂੰਹ ਮੋੜ ਲਵੇਗਾ! ਕਾਊਟਸਕੀ ਇਸ ਸਚਾਈ ਦੀ ਰਤਾ ਵੀ ਸੂਝ ਨਹੀਂ ਵਿਖਾਉਂਦਾ ਕਿ ਇਕ ਇਨਕਲਾਬੀ ਮਾਰਕਸਵਾਦੀ ਖੂਹ-ਦੇ-ਡੱਡੂ ਅਤੇ ਨਿਕ-ਬੁਰਜੂਆ ਨਾਲੋਂ ਆਪਣੀ ਇਸ ਯੋਗਤਾ ਕਾਰਨ ਵੱਖਰਾ ਹੈ ਕਿ ਉਹ ਅਨਪੜ੍ਹ ਜਨਤਾ ਵਿਚ ਇਹ **ਪ੍ਰਚਾਰ ਕਰ** ਸਕਦਾ ਹੈ ਕਿ ਪੱਕ ਰਿਹਾ ਇਨਕਲਾਬ ਜ਼ਰੂਰੀ ਹੈ, ਇਹ **ਸਿਧ ਕਰ** ਸਕਦਾ ਹੈ ਕਿ ਇਹ ਅਟੱਲ ਹੈ, ਇਸਦੇ ਲਾਭ ਲੋਕਾਂ ਨੂੰ **ਸਮਝਾ** ਸਕਦਾ ਹੈ, ਅਤੇ ਪ੍ਰੋਲਤਾਰੀ ਨੂੰ, ਅਤੇ ਸਾਰੇ ਮਜ਼ਦੂਰਾਂ ਅਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਨੂੰ ਇਸ ਲਈ **ਤਿਆਰ ਕਰ** ਸਕਦਾ ਹੈ।

ਕਾਊਟਸਕੀ ਨੇ ਇਕ ਬੇਹੂਦਗੀ ਬਾਲਸ਼ਵਿਕਾਂ ਦੇ ਮੱਥੇ ਮੜ੍ਹੀ ਹੈ, ਅਰਥਾਤ, ਕਿ ਉਹਨਾਂ ਨੇ ਸਭ ਕੁਝ ਇਕੋ ਪਤੇ ਉਤੇ ਦਾਅ ਉਤੇ ਲਾ ਦਿਤਾ, ਨਿਸ਼ਚਿਤ ਤਰੀਕ ਨੂੰ ਯੂਰਪੀ ਇਨਕਲਾਬ ਸ਼ੁਰੂ ਹੋਣ ਉਤੇ। ਇਹ ਬੇਹੂਦਗੀ ਖ਼ੁਦ ਕਾਊਟਸਕੀ ਉਤੇ ਪੁੱਠੀ ਪੈ ਗਈ ਹੈ, ਕਿਉਂਕਿ ਇਸ ਦਲੀਲ ਦਾ ਮੰਤਕੀ ਸਿੱਟਾ ਇਹ ਨਿਕਲਦਾ ਹੈ ਕਿ ਬਾਲਸ਼ਵਿਕਾਂ ਦੇ ਦਾਅ-ਪੇਚ ਠੀਕ ਹੁੰਦੇ ਜੇ ੫ ਅਗਸਤ, ੧੯੧੮ ਤੱਕ ਯੂਰਪੀ ਇਨਕਨਾਬ ਸ਼ੁਰੂ ਹੋ ਗਿਆ ਹੁੰਦਾ! ਇਹ ਹੈ ਤਰੀਕ ਜਿਹੜੀ ਕਾਊਟਸਕੀ ਅਜਿਹੇ ਸਮੇਂ ਵਜੋਂ ਦਸਦਾ ਹੈ ਜਦੋਂ ਉਹ ਆਪਣਾ ਪੈਂਫਲਟ ਲਿਖ ਰਿਹਾ ਸੀ। ਅਤੇ ਜਦੋਂ, ਇਸ ੫ ਅਗਸਤ ਤੋਂ ਕੁਝ ਹਫ਼ਤੇ ਪਿਛੋਂ ਇਹ ਸਪਸ਼ਟ ਹੋ ਗਿਆ ਕਿ ਕਈ ਯੂਰਪੀ ਦੇਸਾਂ ਵਿਚ ਇਨਕਲਾਬ ਆ ਰਿਹਾ ਹੈ ਤਾਂ ਕਾਊਟਸਕੀ ਦੀ ਸਾਰੀ ਵਿਸ਼ਵਾਸਘਾਤਕਤਾ, ਉਸ ਵਲੋਂ ਮਾਰਕਸਵਾਦ ਨੂੰ ਸਾਰਾ ਝੂਠਾ ਰੂਪ ਦੇਣਾ, ਅਤੇ ਇਨਕਲਾਬੀ ਢੰਗ ਨਾਲ

ਦਲੀਲ ਕਰਨ ਦੀ ਜਾਂ ਇਥੋਂ ਤੱਕ ਕਿ ਸਵਾਲਾਂ ਨੂੰ ਪੇਸ਼ ਕਰਨ ਦੀ ਵੀ ਉਸਦੀ ਪੂਰਨ ਅਸਮਰਥਾ ਆਪਣੇ ਸਾਰੇ ਲੁਭਾਉਣੇ ਰੂਪ ਵਿਚ ਸਾਮ੍ਹਣੇ ਆ ਗਈ!

ਜਦੋਂ ਯੂਰਪ ਦੇ ਪ੍ਰੋਲਤਾਰੀ ਉਤੇ ਗ਼ੱਦਾਰੀ ਦਾ ਦੋਸ਼ ਲਾਇਆ ਜਾਂਦਾ ਹੈ ਤਾਂ, ਕਾਊਟਸਕੀ ਲਿਖਦਾ ਹੈ, ਇਹ ਅਣਜਾਣੇ ਬੰਦਿਆਂ ਉਤੇ ਲਾਇਆ ਗਿਆ ਦੋਸ਼ ਹੈ।

ਸ੍ਰੀਮਾਨ ਕਾਊਟਸਕੀ, ਤੁਹਾਨੂੰ ਗ਼ਲਤੀ ਲਗ ਰਹੀ ਹੈ! ਸ਼ੀਸ਼ੇ ਵਿਚ ਦੇਖੋ ਅਤੇ ਤੁਸੀਂ ਉਹਨਾਂ "ਅਣਜਾਣੇ ਬੰਦਿਆਂ" ਨੂੰ ਦੇਖ ਲਵੋਗੇ, ਜਿਨ੍ਹਾਂ ਦੇ ਖ਼ਿਲਾਫ਼ ਇਹ ਦੋਸ਼ ਲਾਇਆ ਜਾਂਦਾ ਹੈ। ਕਾਊਟਸਕੀ ਸਿੱਧੜ ਹੋਣ ਦਾ ਅੰਦਾਜ਼ ਅਖ਼ਤਿਆਰ ਕਰਦਾ ਹੈ ਅਤੇ ਇਹ ਨਾ ਸਮਝਣ ਦਾ ਬਹਾਨਾ ਕਰਦਾ ਹੈ ਕਿ ਇਹ ਦੋਸ਼ **ਕਿਸਨੇ** ਲਾਇਆ ਸੀ ਅਤੇ ਇਸਦਾ **ਅਰਥ ਕੀ** ਹੈ। ਪਰ ਅਸਲ ਵਿਚ ਕਾਊਟਸਕੀ ਬਿਲਕੁਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਦੋਸ਼ ਜਰਮਨ "ਖੱਬਿਆਂ" ਵਲੋਂ, ਸਪਾਰਟਾਕਸਵਾਦੀਆਂ[166] ਵਲੋਂ, ਲੀਬਕਨੇਖ਼ਤ ਅਤੇ ਉਸਦੇ ਮਿਤਰਾਂ ਵਲੋਂ ਲਾਇਆ ਗਿਆ ਹੈ ਅਤੇ ਲਾਇਆ ਜਾ ਰਿਹਾ ਹੈ। ਇਹ ਦੋਸ਼ ਇਸ ਤੱਥ ਦਾ **ਸਪਸ਼ਟ ਮੁਲੰਗਨ** ਪ੍ਰਗਟ ਕਰਦਾ ਹੈ ਕਿ ਜਰਮਨ ਪ੍ਰੋਲਤਾਰੀ ਨੇ ਰੂਸੀ (ਅਤੇ ਸੰਸਾਰ) ਇਨਕਲਾਬ ਨਾਲ ਗ਼ੱਦਾਰੀ ਕੀਤੀ ਜਦੋਂ ਉਹਨਾਂ ਨੇ ਫ਼ਿਨਲੈਂਡ, ਯੂਕਰੇਨ, ਲੈਤਵੀਆ ਅਤੇ ਐਸਤੋਨੀਆ ਦਾ ਗਲਾ ਘੁੱਟਿਆ। ਇਹ ਦੋਸ਼ ਪਹਿਲੀ ਥਾਂ ਉਤੇ ਅਤੇ ਸਭ ਤੋਂ ਵਧ, **ਜਨਤਾ** ਦੇ ਖ਼ਿਲਾਫ਼ ਨਹੀਂ, ਜੋ ਹਮੇਸ਼ਾ ਹੀ ਦੱਬੀ-ਕੁਚਲੀ ਹੁੰਦੀ ਹੈ, ਸਗੋਂ ਉਹਨਾਂ **ਆਗੂਆਂ** ਦੇ ਖ਼ਿਲਾਫ਼ ਲਾਇਆ ਜਾਂਦਾ ਹੈ ਜਿਹੜੇ, ਸ਼ੀਦਮਾਨਾਂ ਅਤੇ ਕਾਊਟਸਕੀਆਂ ਵਾਂਗ, ਜਨਤਾ ਦੀ ਕਾਰਜਹੀਣਤਾ ਨੂੰ ਦੂਰ ਕਰਨ ਲਈ ਉਸ ਵਿਚਕਾਰ ਇਨਕਲਾਬੀ ਅੰਦੋਲਨ, ਇਨਕਲਾਬੀ ਪ੍ਰਚਾਰ ਅਤੇ ਇਨਕਲਾਬੀ ਕੰਮ ਨੂੰ ਜਾਰੀ ਰੱਖਣ ਦੇ ਆਪਣੇ ਫ਼ਰਜ਼ ਵਿਚ **ਅਸਫ਼ਲ** ਰਹੇ, ਜਿਨ੍ਹਾਂ ਨੇ ਅਸਲ ਵਿਚ ਇਨਕਲਾਬੀ ਜਜ਼ਬਿਆਂ ਅਤੇ ਆਸ਼ਾਵਾਂ ਦੇ **ਖ਼ਿਲਾਫ਼** ਕੰਮ ਕੀਤਾ, ਜਿਹੜੀਆਂ ਦੱਬੀ-ਕੁਚਲੀ ਜਮਾਤ ਦੇ ਸਮੂਹਾਂ ਵਿਚਕਾਰ ਹਮੇਸ਼ਾ ਹੀ ਧੁਰ ਡੂੰਘਾਨਾਂ ਵਿਚ ਜਾਗ ਰਹੀਆਂ ਹੁੰਦੀਆਂ ਹਨ। ਸ਼ੀਦਮਾਨਾਂ ਨੇ ਕੋਰੀ ਤਰ੍ਹਾਂ, ਭੱਦੀ ਤਰ੍ਹਾਂ, ਸਨਕੀ ਤਰ੍ਹਾਂ, ਅਤੇ ਬਹੁਤੀਆਂ ਹਾਲਤਾਂ ਵਿਚ, ਖ਼ੁਦਗਰਜ਼ ਮੰਤਵਾਂ ਲਈ ਪ੍ਰੋਲਤਾਰੀ ਨਾਲ ਗ਼ੱਦਾਰੀ ਕੀਤੀ ਅਤੇ ਛੱਡ ਕੇ ਬੁਰਜੂਆਜ਼ੀ ਵੱਲ ਚਲੇ ਗਏ। ਕਾਊਟਸਕੀ ਅਤੇ ਲਾਂਗੇ ਦੇ ਹਮਾਇਤੀਆਂ ਨੇ ਇਹੀ ਗੱਲ ਕੀਤੀ, ਸਿਰਫ਼ ਝਿਜਕਦਿਆਂ ਹੋਇਆਂ ਅਤੇ ਰੁਕ ਰੁਕ ਕੇ, ਅਤੇ ਬੁਜ਼ਦਿਲਾਂ ਵਾਂਗ ਉਹਨਾਂ ਲੋਕਾਂ ਵੱਲ ਕਾਣੀ ਅੱਖ ਨਾਲ ਵੇਖਦਿਆਂ ਜਿਹੜੇ ਉਸ ਸਮੇਂ ਵਧੇਰੇ ਮਜ਼ਬੂਤ ਸਨ। ਜੰਗ ਦੇ ਦੌਰਾਨ ਆਪਣੀਆਂ ਸਾਰੀਆਂ ਕਿਰਤਾਂ ਵਿਚ ਕਾਊਟਸਕੀ ਨੇ ਇਨਕਲਾਬੀ ਭਾਵਨਾ ਨੂੰ ਭਰਨ ਅਤੇ ਉਜਾਗਰ ਕਰਨ ਦੀ ਥਾਂ **ਬੁਝਾਉਣ** ਦੀ ਕੋਸ਼ਿਸ਼ ਕੀਤੀ।

ਕਾਊਟਸਕੀ ਨੇ ਇਸ "ਦੋਸ਼" ਦੀ, ਕਿ ਯੂਰਪ ਦੇ ਪ੍ਰੋਲਤਾਰੀ ਨੇ ਰੂਸੀ ਇਨਕਲਾਬ ਨਾਲ ਗ਼ੱਦਾਰੀ ਕੀਤੀ ਹੈ, ਬੇਹੱਦ **ਸਿਧਾਂਤਕ** ਮਹੱਤਤਾ ਨੂੰ, ਅਤੇ ਹੋਰ

ਵੀ ਵਡੇਰੀ ਅੰਦੋਲਨ ਅਤੇ ਪ੍ਰਚਾਰ ਮਹੱਤਤਾ ਨੂੰ ਸਮਝਿਆ ਤੱਕ ਨਹੀਂ, ਅਤੇ ਇਹ ਤੱਥ ਜਰਮਨ ਅਧਿਕਾਰਿਤ ਸੋਸ਼ਲ-ਡੈਮੋਕਰੇਸੀ ਦੇ "**ਔਸਤ**" ਆਗੂ ਦੀ ਖੂਹ-ਦੇ-ਡੱਡੂਆਂ ਵਾਲੀ ਬੁਧਹੀਣਤਾ ਦੀ ਜਿਉਂਦੀ-ਜਾਗਦੀ ਇਤਿਹਾਸਕ ਯਾਦਗਾਰ ਬਣਿਆ ਰਹੇਗਾ। ਕਾਊਟਸਕੀ ਇਹ ਨਹੀਂ ਸਮਝਦਾ ਕਿ ਜਰਮਨ "ਰਾਈਖ਼" ਵਿਚ ਪਾਈ ਜਾਂਦੀ ਸੈਂਸਰਸ਼ਿਪ ਕਾਰਨ, ਇਹ "ਦੋਸ਼ ਲਾਉਣਾ" ਸ਼ਾਇਦ ਇਕੋ ਇਕ ਰੂਪ ਹੈ ਜਿਸ ਵਿਚ ਉਹ ਜਰਮਨ ਸੋਸ਼ਲਿਸਟ, ਜਿਨ੍ਹਾਂ ਨੇ ਸੋਸ਼ਲਿਜ਼ਮ ਨਾਲ ਗ਼ੱਦਾਰੀ ਨਹੀਂ ਕੀਤੀ — ਲੀਬਕਨੇਖ਼ਤ ਅਤੇ ਉਸਦੇ ਮਿੱਤਰ — **ਜਰਮਨ ਮਜ਼ਦੂਰਾਂ ਦੇ ਨਾਂ ਆਪਣੀ ਅਪੀਲ** ਪ੍ਰਗਟ ਕਰ ਸਕਦੇ ਹਨ ਕਿ ਉਹ ਸ਼ੀਦਮਾਨਾਂ ਅਤੇ ਕਾਊਟਸਕੀਆਂ ਨੂੰ ਲਾਹ ਮਾਰਨ, ਇਹੋ ਜਿਹੇ "ਆਗੂਆਂ" ਨੂੰ ਲਾਂਭੇ ਧੱਕ ਦੇਣ, ਉਹਨਾਂ ਦੇ ਬੁਧੂ ਤੇ ਨੀਚ ਬਣਾਉਂਦੇ ਪ੍ਰਚਾਰ ਤੋਂ ਆਪਣੇ ਆਪ ਨੂੰ ਆਜ਼ਾਦ ਕਰਵਾਉਣ, ਉਹਨਾਂ ਦੇ **ਬਾਵਜੂਦ**, ਉਹਨਾਂ ਤੋਂ **ਬਿਨਾਂ** ਬਗ਼ਾਵਤ ਕਰ ਦੇਣ ਅਤੇ ਉਹਨਾਂ ਦੇ ਸਿਰਾਂ ਦੇ ਉਤੋਂ ਹੋਕੇ **ਇਨਕਲਾਬ ਵੱਲ** ਵਧਣ!

ਕਾਊਟਸਕੀ ਇਹ ਨਹੀਂ ਸਮਝਦਾ। ਅਤੇ ਉਹ ਬਾਲਸ਼ਵਿਕਾਂ ਦੇ ਦਾਅ-ਪੇਚ ਕਿਵੇਂ ਸਮਝ ਸਕਦਾ ਸੀ? ਜਿਹੜਾ ਆਦਮੀ ਆਮ ਤੌਰ ਉਤੇ ਇਨਕਲਾਬ ਦਾ ਤਿਆਗ ਕਰਦਾ ਹੈ, ਕੀ ਉਸਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਇਕ ਅਤਿ ਦੇ "ਮੁਸ਼ਕਲ" ਮਾਮਲੇ ਵਿਚ ਇਨਕਲਾਬ ਦੇ ਵਿਕਾਸ ਦੀਆਂ ਹਾਲਤਾਂ ਨੂੰ ਨਾਪੇਗਾ ਅਤੇ ਉਹਨਾਂ ਦਾ ਮੁਲੰਗਨ ਕਰੇਗਾ?

ਬਾਲਸ਼ਵਿਕਾਂ ਦੇ ਦਾਅ-ਪੇਚ ਠੀਕ ਸਨ; ਇਹ **ਇਕੋ ਇਕ** ਕੌਮਾਂਤਰੀਵਾਦੀ ਦਾਅ-ਪੇਚ ਸਨ, ਕਿਉਂਕਿ ਉਹ ਸੰਸਾਰ ਇਨਕਲਾਬ ਦੇ ਬੁਜ਼ਦਿਲਾਂ ਵਾਲੇ ਡਰ ਉਤੇ ਨਹੀਂ, ਇਸ ਵਿਚ ਖੂਹ-ਦੇ-ਡਡੂ ਵਾਲੀ "ਵਿਸ਼ਵਾਸਹੀਣਤਾ" ਉਤੇ ਨਹੀਂ, ਬਾਕੀ ਸਭ ਦੀ "ਕੱਖ ਪਰਵਾਹ ਨਾ ਕਰਦਿਆਂ," ਖ਼ੁਦ "ਆਪਣੀ" ਪਿਤਰੀ-ਭੂਮੀ (ਆਪਣੀ ਬੁਰਜੂਆਜ਼ੀ ਦੀ ਪਿਤਰੀ-ਭੂਮੀ) ਦੀ ਰਾਖੀ ਕਰਨ ਦੀ ਤੰਗ-ਨਜ਼ਰ ਕੌਮਪ੍ਰਸਤ ਇੱਛਾ ਉਤੇ ਨਹੀਂ, ਸਗੋਂ ਯੂਰਪ ਵਿਚ ਇਨਕਲਾਬੀ ਅਵਸਥਾ ਦੇ ਠੀਕ (ਅਤੇ, ਜੰਗ ਤੋਂ ਪਹਿਲਾਂ ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਅਤੇ ਸਮਾਜੀ-ਸ਼ਾਂਤੀਵਾਦੀਆਂ ਦੇ ਵਿਸ਼ਵਾਸਘਾਤ ਤੋਂ ਪਹਿਲਾਂ, ਸਰਬ-ਪ੍ਰਵਾਣਤ) **ਜਾਇਜ਼ੇ** ਉਤੇ ਆਧਾਰਤ ਸੀ। ਇਹ ਦਾਅ-ਪੇਚ ਇਕੋ ਇਕ ਕੌਮਾਂਤਰੀਵਾਦੀ ਦਾਅ-ਪੇਚ ਸਨ, ਕਿਉਂਕਿ ਉਹਨਾਂ ਨੇ **ਸਾਰੇ ਦੇਸਾਂ ਵਿਚ** ਇਨਕਲਾਬ ਦੇ ਵਿਕਾਸ, ਹਮਾਇਤ ਅਤੇ ਜਾਗ੍ਰਤੀ **ਲਈ** ਇਕ ਦੇਸ ਵਿਚ ਜੋ ਕੁਝ ਵਧ ਤੋਂ ਵਧ ਹੋ ਸਕਦਾ ਸੀ, ਕੀਤਾ। ਇਹ ਦਾਅ-ਪੇਚ ਆਪਣੀ ਅਥਾਹ ਸਫ਼ਲਤਾ ਕਾਰਨ ਠੀਕ ਸਿਧ ਹੋਏ ਹਨ, ਕਿਉਂਕਿ ਬਾਲਸ਼ਵਿਕਵਾਦ (ਰੂਸੀ ਬਾਲਸ਼ਵਿਕਾਂ ਦੇ ਗੁਣਾਂ ਕਾਰਨ ਕਿਸੇ ਤਰ੍ਹਾਂ ਵੀ ਨਹੀਂ, ਸਗੋਂ ਅਜਿਹੇ ਦਾਅ-ਪੇਚਾਂ ਲਈ, ਜਿਹੜੇ ਅਮਲ ਵਿਚ ਇਨਕਲਾਬੀ ਹਨ, ਹਰ ਥਾਂ **ਲੋਕਾਂ** ਦੀ ਅਤਿ ਡੂੰਘੀ ਹਮਦਰਦੀ

ਕਾਰਨ) **ਸੰਸਾਰ** ਬਾਲਸ਼ਵਿਕਵਾਦ ਬਣ ਗਿਆ ਹੈ, ਇਸਨੇ ਇਕ ਵਿਚਾਰ, ਇਕ ਸਿਧਾਂਤ, ਇਕ ਪ੍ਰੋਗਰਾਮ ਅਤੇ ਅਜਿਹੇ ਦਾਅ-ਪੇਚ ਪੇਸ਼ ਕੀਤੇ ਹਨ ਜਿਹੜੇ ਸਮਾਜੀ-ਅੰਧਰਾਸ਼ਟਰਵਾਦ ਅਤੇ ਸਮਾਜੀ-ਸ਼ਾਂਤੀਵਾਦ ਦੇ ਦਾਅ-ਪੇਚਾਂ ਤੋਂ ਠੋਸ ਤਰ੍ਹਾਂ ਨਾਲ ਅਤੇ ਅਮਲ ਵਿਚ ਵੱਖਰੇ ਹਨ। ਬਾਲਸ਼ਵਿਕਵਾਦ ਨੇ ਸ਼ੀਦਮਾਨਾਂ ਅਤੇ ਕਾਊਟਸਕੀਆਂ ਦੀ, ਰੇਨਾਡੇਲਾਂ ਅਤੇ ਲਾਂਗੇਆਂ ਦੀ, ਹੈਂਡਰਸਨਾਂ ਅਤੇ ਮੈਕਡਾਨਲਡਾਂ ਦੀ ਪੁਰਾਣੀ, ਅਧੋਗਤੀ ਮਾਰੀ ਇੰਟਰਨੈਸ਼ਨਲ ਨੂੰ **ਆਖ਼ਰੀ ਸੱਟ** ਮਾਰੀ ਹੈ, ਜਿਹੜੇ ਹੁਣ ਤੋਂ "ਏਕਤਾ" ਬਾਰੇ ਅਤੇ ਲਾਸ਼ ਨੂੰ ਮੁੜ-ਸੁਰਜੀਤ ਕਰਨ ਬਾਰੇ ਸੁਪਨੇ ਲੈਂਦੇ ਇਕ ਦੂਜੇ ਦੇ ਪੈਰ ਮਿਧਦੇ ਚਲਣਗੇ। ਬਾਲਸ਼ਵਿਕਵਾਦ ਨੇ ਤੀਜੀ ਇੰਟਰਨੈਸ਼ਨਲ ਦੀਆਂ, ਸਚਮੁਚ ਦੀ ਪ੍ਰੋਲਤਾਰੀ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੀਆਂ ਵਿਚਾਰਧਾਰਕ ਅਤੇ ਦਾਅ-ਪੇਚਾਂ ਦੀਆਂ ਬੁਨਿਆਦਾਂ **ਸਿਰਜ ਦਿਤੀਆਂ ਹਨ**, ਜਿਹੜੀ ਇੰਟਰਨੈਸ਼ਨਲ ਸ਼ਾਂਤ ਦੌਰ ਦੀਆਂ ਪ੍ਰਾਪਤੀਆਂ ਨੂੰ ਵੀ ਅਤੇ **ਇਨਕਲਾਬਾਂ ਦੇ ਦੌਰ, ਜਿਹੜਾ ਸ਼ੁਰੂ ਹੋ ਚੁੱਕਾ ਹੈ,** ਦੇ ਤਜਰਬੇ ਨੂੰ ਵੀ ਧਿਆਨ ਵਿਚ ਰਖੇਗੀ।

ਬਾਲਸ਼ਵਿਕਵਾਦ ਨੇ "ਪ੍ਰੋਲਤਾਰੀ ਦੀ ਡਿਕਟੇਟਰਸ਼ਿਪ" ਦੇ ਵਿਚਾਰ ਨੂੰ ਸੰਸਾਰ ਭਰ ਵਿਚ ਹਰ-ਮਨ-ਪਿਆਰਾ ਬਣਾ ਦਿਤਾ ਹੈ, ਇਹਨਾਂ ਲਫ਼ਜ਼ਾਂ ਨੂੰ ਲਾਤੀਨੀ ਤੋਂ ਪਹਿਲਾਂ ਰੂਸੀ ਵਿਚ, ਅਤੇ ਫਿਰ ਦੁਨੀਆਂ ਦੀਆਂ **ਸਾਰੀਆਂ** ਬੋਲੀਆਂ ਵਿਚ ਅਨੁਵਾਦ ਦਿਤਾ ਹੈ, ਅਤੇ **ਸੋਵੀਅਤ ਸਰਕਾਰ** ਦੀ ਉਦਾਹਰਣ ਨਾਲ ਦਰਸਾ ਦਿਤਾ ਹੈ ਕਿ ਪੱਛੜੇ ਹੋਏ ਦੇਸ ਦੇ **ਵੀ**, ਘਟ ਤੋਂ ਘਟ ਤਜਰਬੇ, ਵਿਦਿਆ ਅਤੇ ਸੰਗਠਨ ਦੀਆਂ ਆਦਤਾਂ ਵਾਲੇ ਮਜ਼ਦੂਰ ਅਤੇ ਕਿਸਾਨ ਵੀ, ਅਥਾਹ ਮੁਸ਼ਕਲਾਂ ਦੇ ਦਰਮਿਆਨ ਅਤੇ ਲੋਟੂਆਂ (ਜਿਨ੍ਹਾਂ ਦੀ ਹਮਾਇਤ ਉਤੇ **ਸਾਰੀ** ਦੁਨੀਆਂ ਦੀ ਬੁਰਜੂਆਜ਼ੀ ਸੀ) ਦੇ ਖ਼ਿਲਾਫ਼ ਘੋਲ ਦੇ ਦਰਮਿਆਨ ਪੂਰੇ ਇਕ ਸਾਲ ਲਈ ਮਜ਼ਦੂਰ ਲੋਕਾਂ ਦੀ ਸੱਤਾ ਕਾਇਮ ਰਖਣ ਦੇ, ਅਜਿਹੀ ਜਮਹੂਰੀਅਤ ਸਿਰਜਣ ਦੇ, ਜਿਹੜੀ ਦੁਨੀਆਂ ਵਿਚ ਪਿਛਲੀਆਂ ਸਾਰੀਆਂ ਜਮਹੂਰੀਅਤਾਂ ਨਾਲੋਂ ਬੇਹੱਦ ਉੱਚੀ ਅਤੇ ਵਧੇਰੇ ਵਿਸ਼ਾਲ ਹੈ, ਅਤੇ ਸੋਸ਼ਲਿਜ਼ਮ ਦੀ ਅਮਲੀ ਉਸਾਰੀ ਲਈ ਲੱਖਾਂ, ਕਰੋੜਾਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਰਚਣੇਈ ਕੰਮ ਨੂੰ **ਸ਼ੁਰੂ ਕਰਨ** ਦੇ ਸਮਰਥ ਰਹੀ ਹੈ।

ਬਾਲਸ਼ਵਿਕਵਾਦ ਨੇ ਅਸਲ ਵਿਚ ਯੂਰਪ ਅਤੇ ਅਮਰੀਕਾ ਵਿਚ ਪ੍ਰੋਲਤਾਰੀ ਇਨਕਲਾਬ ਨੂੰ ਅੱਗੇ ਲਿਜਾਣ ਵਿਚ ਇੰਨੇ ਜ਼ੋਰਦਾਰ ਤਰੀਕੇ ਨਾਲ ਸਹਾਇਤਾ ਕੀਤੀ ਹੈ ਜਿੰਨੀਂ ਅਜੇ ਤੱਕ ਦੂਜੇ ਕਿਸੇ ਦੇਸ ਵਿਚ ਕੋਈ ਵੀ ਪਾਰਟੀ ਕਰਨ ਵਿਚ ਸਫ਼ਲ ਨਹੀਂ ਹੋਈ। ਜਦੋਂ ਕਿ ਸਾਰੀ ਦੁਨੀਆਂ ਦੇ ਮਜ਼ਦੂਰ ਹਰ ਰੋਜ਼ ਲਗਾਤਾਰ ਵਧਦੀ ਸਪਸ਼ਟਤਾ ਨਾਲ ਮਹਿਸੂਸ ਕਰਦੇ ਜਾ ਰਹੇ ਹਨ ਕਿ ਸ਼ੀਦਮਾਨਾਂ ਅਤੇ ਕਾਊਟਸਕੀਆਂ ਦੇ ਦਾਅ-ਪੇਚਾਂ ਨੇ ਉਹਨਾਂ ਦਾ ਸਾਮਰਾਜੀ ਜੰਗ ਤੋਂ ਅਤੇ ਸਾਮਰਾਜੀ ਬੁਰਜੂਆਜ਼ੀ ਦੀ ਉਜਰਤੀ-ਗ਼ੁਲਾਮੀ ਤੋਂ ਛੁਟਕਾਰਾ ਨਹੀਂ ਦੁਆਇਆ, ਅਤੇ ਇਹ ਦਾਅ-ਪੇਚ ਸਾਰੇ

ਦੇਸਾਂ ਲਈ ਨਮੂਨੇ ਦਾ ਕੰਮ ਨਹੀਂ ਕਰ ਸਕਦੇ, ਤਾਂ ਸਾਰੇ ਦੇਸਾਂ ਵਿਚ ਮਜ਼ਦੂਰਾਂ ਦੇ ਸਮੂਹ ਹਰ ਰੋਜ਼ ਵਧਦੀ ਸਪਸ਼ਟਤਾ ਨਾਲ ਮਹਿਸੂਸ ਕਰਦੇ ਜਾ ਰਹੇ ਹਨ ਕਿ ਬਾਲਸ਼ਵਿਕਵਾਦ ਨੇ ਜੰਗ ਅਤੇ ਸਾਮਰਾਜ ਦੀਆਂ ਭਿਅੰਕਰਵਾਦ ਤੋਂ ਬਚਣ ਦਾ ਠੀਕ ਰਾਹ ਦਿਖਾ ਦਿਤਾ ਹੈ, ਕਿ ਬਾਲਸ਼ਵਿਕਵਾਦ **ਸਾਰਿਆਂ ਲਈ ਦਾਅ-ਪੇਚਾਂ ਦੇ ਨਮੂਨੇ ਦਾ ਕੰਮ ਦੇ ਸਕਦਾ ਹੈ।**

ਨਾ ਸਿਰਫ਼ ਆਮ ਯੂਰਪੀ, ਸਗੋਂ ਸੰਸਾਰ ਪ੍ਰੋਲਤਾਰੀ ਇਨਕਲਾਬ ਸਾਰਿਆਂ ਦੀਆਂ ਅੱਖਾਂ ਸਾਮ੍ਹਣੇ ਪੱਕ ਰਿਹਾ ਹੈ, ਅਤੇ ਰੂਸ ਵਿਚ ਪ੍ਰੋਲਤਾਰੀ ਦੀ ਜਿੱਤ ਤੋਂ ਇਸਨੂੰ ਸਹਾਇਤਾ, ਤੇਜ਼ੀ ਅਤੇ ਟੇਕ ਮਿਲੀ ਹੈ। ਤੁਸੀਂ ਕਹਿੰਦੇ ਹੋ ਕਿ ਸੋਸ਼ਲਿਜ਼ਮ ਦੀ ਪੂਰਨ ਜਿੱਤ ਲਈ ਇਹ ਸਾਰਾ ਕੁਝ ਕਾਫ਼ੀ ਨਹੀਂ? ਬੇਸ਼ਕ, ਇਹ ਕਾਫ਼ੀ ਨਹੀਂ। ਇਕ ਦੇਸ ਇਕੱਲਾ ਹੋਰ ਜ਼ਿਆਦਾ ਨਹੀਂ ਕਰ ਸਕਦਾ। ਪਰ ਇਸ ਇਕ ਦੇਸ ਨੇ, ਸੋਵੀਅਤ ਸਰਕਾਰ ਸਦਕਾ, ਇੰਨਾਂ ਕੁਝ ਕਰ ਦਿਤਾ ਹੈ ਕਿ ਜੇ, ਮਿਸਾਲ ਦੇ ਤੌਰ ਉਤੇ, ਜਰਮਨ ਅਤੇ ਅੰਗ੍ਰੇਜ਼-ਫ਼ਰਾਂਸੀਸੀ ਸਾਮਰਾਜ ਵਿਚਕਾਰ ਕਿਸੇ ਸਮਝੌਤੇ ਦੇ ਸਿੱਟੇ ਵਜੋਂ, ਭਲਕ ਨੂੰ ਸੰਸਾਰ ਸਾਮਰਾਜ ਵਲੋਂ ਰੂਸ ਵਿਚ ਸੋਵੀਅਤ ਸਰਕਾਰ ਨੂੰ ਕੁਚਲ ਦਿਤਾ ਜਾਂਦਾ ਹੈ—ਜੇ ਇਸ ਬੇਹੱਦ ਭੈੜੀ ਸੰਭਾਵਨਾ ਨੂੰ ਵੀ ਮੰਨ ਲਈਏ—ਤਾਂ ਵੀ ਪਤਾ ਲਗੇਗਾ ਕਿ ਬਾਲਸ਼ਵਿਕ ਦਾਅ-ਪੇਚਾਂ ਨੇ ਸੋਸ਼ਲਿਜ਼ਮ ਨੂੰ ਬੇਹੱਦ ਲਾਭ ਪੁਚਾਇਆ ਹੈ ਅਤੇ ਅਜਿੱਤ ਸੰਸਾਰ ਇਨਕਲਾਬ ਦੇ ਵਾਧੇ ਵਿਚ ਸਹਾਇਤਾ ਦਿਤੀ ਹੈ।

੧੦ ਨਵੰਬਰ, ੧੯੧੮ ਤੋਂ
ਪਹਿਲਾਂ ਲਿਖਿਆ।

ਸੰਗ੍ਰਹਿਤ ਕਿਰਤਾਂ, ਸੈਂਚੀ ੩੭,
ਪੰਨੇ ੨੯੯-੩੦੫

# ਯੂਰਪ ਅਤੇ ਅਮਰੀਕਾ ਦੇ ਮਜ਼ਦੂਰਾਂ ਦੇ ਨਾਂ ਚਿੱਠੀ

ਸਾਥੀਓ, ੨੦ ਅਗਸਤ, ੧੯੧੮ ਦੀ ਆਪਣੀ ਅਮਰੀਕੀ ਮਜ਼ਦੂਰਾਂ ਦੇ ਨਾਂ ਚਿੱਠੀ ਦੇ ਅਖ਼ੀਰ ਵਿਚ ਮੈਂ ਲਿਖਿਆ ਸੀ ਕਿ ਜਦੋਂ ਤੱਕ ਸੰਸਾਰ ਸੋਸ਼ਲਿਸਟ ਇਨਕਲਾਬ ਦੀਆਂ ਦੂਜੀਆਂ ਫ਼ੌਜਾਂ ਸਾਡੀ ਸਹਾਇਤਾ ਉਤੇ ਨਹੀਂ ਆ ਜਾਂਦੀਆਂ ਅਸੀਂ ਇਕ ਘਿਰੀ ਹੋਈ ਗੜ੍ਹੀ ਵਿਚ ਹਾਂ।* ਮੈਂ ਨਾਲ ਹੀ ਕਿਹਾ ਸੀ ਕਿ ਮਜ਼ਦੂਰ ਆਪਣੇ ਸਮਾਜੀ-ਗ਼ੱਦਾਰਾਂ ਤੋਂ, ਗੋਮਪਰਜ਼ਾਂ ਅਤੇ ਰੈਨਰਾਂ ਤੋਂ ਵੱਖ ਹੋ ਰਹੇ ਹਨ। ਮਜ਼ਦੂਰ ਹੌਲੀ ਹੌਲੀ, ਪਰ ਯਕੀਨੀ ਤੌਰ ਉਤੇ ਕਮਿਊਨਿਸਟ ਅਤੇ ਬਾਲਸ਼ਵਿਕ ਦਾਅ-ਪੇਚਾਂ ਵੱਲ ਆ ਰਹੇ ਹਨ।

ਉਹਨਾਂ ਲਫਜ਼ਾਂ ਨੂੰ ਲਿਖਿਆਂ ਪੰਜ ਮਹੀਨੇ ਤੋਂ ਕੁਝ ਘੱਟ ਸਮਾਂ ਬੀਤ ਗਿਆ ਹੈ, ਅਤੇ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਇਸ ਸਮੇਂ ਵਿਚ, ਇਸ ਤੱਥ ਨੂੰ ਸਾਮ੍ਹਣੇ ਰਖਦਿਆਂ ਕਿ ਵੱਖੋ ਵੱਖਰੇ ਦੇਸਾਂ ਦੇ ਮਜ਼ਦੂਰ ਕਮਿਊਨਿਜ਼ਮ ਅਤੇ ਬਾਲਸ਼ਵਿਕਵਾਦ ਵੱਲ ਮੁੜੇ ਹਨ, ਸੰਸਾਰ ਪ੍ਰੋਲਤਾਰੀ ਇਨਕਲਾਬ ਦੇ ਪੱਕਣ ਦਾ ਅਮਲ ਕਾਫ਼ੀ ਤੇਜ਼ੀ ਨਾਲ ਚਲਿਆ ਹੈ।

ਫਿਰ, ੨੦ ਅਗਸਤ, ੧੯੧੮ ਨੂੰ, ਸਿਰਫ਼ ਸਾਡੀ ਪਾਰਟੀ ਨੇ, ਬਾਲਸ਼ਵਿਕ ਪਾਰਟੀ ਨੇ ੧੮੮੯-੧੯੧੪ ਦੀ ਪੁਰਾਣੀ, ਦੂਜੀ ਇੰਟਰਨੈਸ਼ਨਲ ਨਾਲੋਂ ਦ੍ਰਿੜ੍ਹਤਾ ਨਾਲ ਸੰਬੰਧ ਤੋੜਿਆ ਸੀ, ਜਿਹੜੀ ਇੰਟਰਨੈਸ਼ਨਲ ੧੯੧੪-੧੯੧੮ ਦੀ ਸਾਮਰਾਜੀ ਜੰਗ ਦੇ ਦੌਰਾਨ ਇੰਨੇ ਸ਼ਰਮਨਾਕ ਢੰਗ ਨਾਲ ਢਹਿ-ਢੇਰੀ ਹੋ ਗਈ ਸੀ। ਸਿਰਫ਼ ਸਾਡੀ ਪਾਰਟੀ ਨੇ ਹੀ ਸੋਸ਼ਲਿਸਟਾਂ ਅਤੇ ਸੋਸ਼ਲ-ਡੈਮੋਕਰੇਸੀ ਨਾਲੋਂ, ਜਿਨ੍ਹਾਂ ਨੇ ਧਾੜਵੀ ਬੁਰਜੂਆਜ਼ੀ ਨਾਲ ਗਠਜੋੜ ਕਰਕੇ ਆਪਣੇ ਆਪ ਨੂੰ ਅਪਮਾਣਤ ਕਰ ਲਿਆ ਸੀ, ਕਮਿਊਨਿਜ਼ਮ ਦਾ ਨਵਾਂ ਰਾਹ ਬਿਨਾਂ ਰੱਖ-ਰਖਾ ਦੇ ਫੜਿਆ ਸੀ, ਨਿਕ-ਬੁਰਜੂਆ ਸੁਧਾਰਵਾਦ ਅਤੇ ਮੌਕਾਪ੍ਰਸਤੀ ਤੋਂ, ਜਿਹੜੀ ਅਧਿਕਾਰਿਤ ਸੋਸ਼ਲ-ਡੈਮੋਕਰੈਟਿਕ ਅਤੇ

---

*ਵ. ਇ. ਲੈਨਿਨ, ਸੰਗ੍ਰਹਿਤ ਕਿਰਤਾਂ (ਰੂਸੀ ਛਾਪ), ਸੈਂਚੀ ੩੭, ਪੰਨਾ ੬੪। — **ਸੰਪਾ:**

ਸੋਸ਼ਲਿਸਟ ਪਾਰਟੀਆਂ ਵਿਚ ਪੂਰੀ ਤਰ੍ਹਾਂ ਧਸ ਗਈ ਸੀ, ਅਤੇ ਹੁਣ ਧਸ ਰਹੀ ਹੈ, ਸੱਚੇ ਪ੍ਰੋਲਤਾਰੀ, ਇਨਕਲਾਬੀ ਦਾਅ-ਪੇਚਾਂ ਵੱਲ ਨਵਾਂ ਰਾਹ ਫੜਿਆ ਸੀ।

ਹੁਣ, ੧੨ ਜਨਵਰੀ, ੧੯੧੯ ਨੂੰ, ਅਸੀਂ ਪਹਿਲਾਂ ਹੀ ਕਮਿਊਨਿਸਟ ਪ੍ਰੋਲਤਾਰੀ ਪਾਰਟੀਆਂ ਦੀ ਕਾਫ਼ੀ ਗਿਣਤੀ ਵੇਖਦੇ ਹਾਂ, ਨਾ ਸਿਰਫ਼ ਪਹਿਲੀਆਂ ਦੀ ਜ਼ਾਰਸ਼ਾਹੀ ਸਲਤਨਤ ਦੀਆਂ ਹੱਦਾਂ ਦੇ ਅੰਦਰ ਅੰਦਰ — ਉਦਾਹਰਣ ਵਜੋਂ ਲੈਤਵੀਆ, ਫ਼ਿਨਲੈਂਡ ਅਤੇ ਪੋਲੈਂਡ ਵਿਚ — ਸਗੋਂ ਪੱਛਮੀ ਯੂਰਪ ਵਿਚ ਵੀ — ਆਸਟਰੀਆ, ਹੰਗਰੀ, ਹਾਲੈਂਡ ਅਤੇ ਅਖ਼ੀਰ, ਜਰਮਨੀ ਵਿਚ। ਸੱਚੀ ਪ੍ਰੋਲਤਾਰੀ, ਸੱਚੀ ਕੌਮਾਂਤਰੀਵਾਦੀ, ਸੱਚੀ ਇਨਕਲਾਬੀ ਤੀਜੀ ਇੰਟਰਨੈਸ਼ਨਲ, **ਕਮਿਊਨਿਸਟ ਇੰਟਰਨੈਸ਼ਨਲ ਦੀ ਨੀਂਹ ਰਖਣਾ** ਇਕ **ਹਕੀਕਤ** ਬਣ ਗਿਆ ਜਦੋਂ ਜਰਮਨ "ਸਪਾਰਟਾਕਸ ਲੀਗ"[167] ਨੇ, ਜਿਸ ਵਿਚ ਲੀਬਕਨੇਖ਼ਤ, ਰੋਜ਼ਾ ਲਕਸਮਬੁਰਗ, ਕਲਾਰਾ ਜ਼ੈਟਕਿਨ ਅਤੇ ਫਰਾਂਜ਼ ਮੇਹਰਿੰਗ ਜਿਹੇ ਦੁਨੀਆਂ ਭਰ ਵਿਚ ਜਾਣੇ ਜਾਂਦੇ ਅਤੇ ਸੰਸਾਰ ਪ੍ਰਸਿਧ ਆਗੂ, ਮਜ਼ਦੂਰ ਜਮਾਤ ਦੇ ਦ੍ਰਿੜ੍ਹ ਘੁਲਾਟੀਏ ਹਨ, ਸ਼ੀਦਮਾਨ ਅਤੇ ਜ਼ੂਦੇਕੁਮ ਜਿਹੇ ਸੋਸ਼ਲਿਸਟਾਂ ਨਾਲੋਂ, ਸਮਾਜੀ-ਅੰਧਰਾਸ਼ਟਰਵਾਦੀਆਂ (ਕਥਨੀ ਵਿਚ ਸੋਸ਼ਲਿਸਟ, ਕਰਨੀ ਵਿਚ ਅੰਧਰਾਸ਼ਟਰਵਾਦੀ) ਨਾਲੋਂ, ਜਿਨ੍ਹਾਂ ਨੇ ਧਾੜਵੀ, ਸਾਮਰਾਜੀ ਜਰਮਨ ਬੁਰਜੂਆਜ਼ੀ ਅਤੇ ਵਿਲਹੈਲਮ ਦੂਜੇ ਨਾਲ ਆਪਣਾ ਗਠਜੋੜ ਕਰਕੇ ਸਦੀਵੀ ਬੇਸ਼ਰਮੀ ਦਾ ਦਾਗ਼ ਲਵਾ ਲਿਆ ਹੈ ਬਿਲਕੁਲ ਨਾਤਾ ਤੋੜ ਲਿਆ। ਇਹ ਇਕ ਹਕੀਕਤ ਬਣ ਗਿਆ ਜਦੋਂ "ਸਪਾਰਟਾਕਸ ਲੀਗ" ਨੇ ਆਪਣਾ ਨਾਂ ਬਦਲ ਕੇ "ਜਰਮਨੀ ਦੀ ਕਮਿਊਨਿਸਟ ਪਾਰਟੀ" ਰੱਖ ਲਿਆ। ਪਰ ਇਸ ਦਾ ਅਜੇ ਅਧਿਕਾਰਿਤ ਢੰਗ ਨਾਲ ਉਦਘਾਟਣ ਨਹੀਂ ਹੋਇਆ, ਪਰ ਤੀਜੀ ਇੰਟਰਨੈਸ਼ਨਲ ਅਸਲ ਵਿਚ ਮੌਜੂਦ ਹੈ।

ਕੋਈ ਜਮਾਤੀ ਚੇਤਨਤਾ ਵਾਲਾ ਮਜ਼ਦੂਰ, ਕੋਈ ਸੁਹਿਰਦ ਸੋਸ਼ਲਿਸਟ ਹੁਣ ਇਹ ਵੇਖੇ ਬਿਨਾਂ ਨਹੀਂ ਰਹਿ ਸਕਦਾ ਕਿ ਉਹਨਾਂ ਲੋਕਾਂ ਵਲੋਂ ਸੋਸ਼ਲਿਜ਼ਮ ਨਾਲ ਗ਼ੱਦਾਰੀ ਕਿੰਨੀ ਕਮੀਨਿਆਂ ਵਾਲੀ ਸੀ, ਜਿਨ੍ਹਾਂ ਨੇ ਰੂਸ ਵਿਚ ਮੈਨਸ਼ਵਿਕਾਂ ਅਤੇ "ਸੋਸ਼ਲਿਸਟ-ਇਨਕਲਾਬੀਆਂ", ਜਰਮਨੀ ਵਿਚ ਸ਼ੀਦਮਾਨਾਂ ਅਤੇ ਜ਼ੂਦੇਕੁਮਾਂ, ਫ਼ਰਾਂਸ ਵਿਚ ਰੇਨਾਡੇਲਾਂ ਅਤੇ ਵਾਂਡਰਵੇਲਡੇਵਾਂ, ਬਰਤਾਨੀਆ ਵਿਚ ਹੈਂਡਰਸਨਾਂ ਅਤੇ ਵੈਬਾਂ, ਅਮਰੀਕਾ ਵਿਚ ਗੋਮਪਰਜ਼ ਐਂਡ ਕੰਪਨੀ ਵਾਂਗ, ੧੯੧੪-੧੯੧੮ ਦੀ ਜੰਗ ਵਿਚ "ਆਪਣੀ" ਬੁਰਜੂਆਜ਼ੀ ਦੀ ਹਮਾਇਤ ਕੀਤੀ। ਉਸ ਜੰਗ ਨੇ ਜਰਮਨੀ ਵਲੋਂ ਵੀ ਅਤੇ ਬਰਤਾਨੀਆ, ਫ਼ਰਾਂਸ, ਇਟਲੀ ਅਤੇ ਅਮਰੀਕਾ ਦੇ ਸਰਮਾਇਦਾਰਾਂ ਵਲੋਂ ਵੀ ਸਾਮਰਾਜੀ, ਪਿਛੇ-ਖਿਚੂ, ਧਾੜਵੀ ਜੰਗ ਹੋਣ ਵਜੋਂ ਆਪਣਾ ਪੂਰੀ ਤਰ੍ਹਾਂ ਪਾਜ ਉਘਾੜਿਆ। ਪਿਛਲੇ ਚਾਰ ਦੇਸ ਹੁਣ ਲੁੱਟ ਦੇ ਮਾਲ ਉਤੇ, ਤੁਰਕੀ, ਰੂਸ, ਅਫ਼ਰੀਕੀ ਅਤੇ ਪਾਲੀਨੇਸ਼ੀਆ ਦੀਆਂ ਬਸਤੀਆਂ, ਬਲਕਾਨ ਆਦਿ ਦੀ ਵੰਡ ਉਤੇ ਲੜਾਈ ਸ਼ੁਰੂ ਕਰ ਰਹੇ ਹਨ। ਵਿਲਸਨ ਅਤੇ ਉਸਦੇ ਪਿਛਲੱਗਾਂ ਵਲੋਂ "ਜਮਹੂਰੀਅਤ" ਅਤੇ "ਲੀਗ ਆਫ਼ ਨੇਸ਼ਨਜ਼"

ਬਾਰੇ ਉਚਾਰੀਆਂ ਗਈਆਂ ਦੰਭੀ ਫ਼ਿਕਰੇਬਾਜ਼ੀਆਂ ਦਾ ਪਾਜ ਅਚੰਭੇਭਰੀ ਤੇਜ਼ੀ ਨਾਲ ਉਘੜਿਆ ਹੈ, ਜਦੋਂ ਅਸੀਂ ਰ੍ਹਾਈਨ ਦੇ ਖੱਬੇ ਕੰਢੇ ਉਤੇ ਫ਼ਰਾਂਸੀਸੀ ਬੁਰਜੂਆਜ਼ੀ ਨੂੰ ਕਬਜ਼ਾ ਕਰਦਿਆਂ, ਤੁਰਕੀ (ਸੀਰੀਆ, ਮੈਸੋਪੋਟੇਮੀਆ) ਅਤੇ ਰੂਸ ਦੇ ਹਿੱਸਿਆਂ (ਸਾਇਬੇਰੀਆ, ਆਰਖਾਂਗੇਲਸਕ, ਬਾਕੂ, ਕਰਾਸਨੋਵੋਦਸਕ, ਆਸ਼ਕਾਬਾਦ ਆਦਿ) ਉਤੇ ਫ਼ਰਾਂਸੀਸੀ, ਬਰਤਾਨਵੀ ਅਤੇ ਅਮਰੀਕੀ ਸਰਮਾਇਦਾਰਾਂ ਨੂੰ ਕਬਜ਼ਾ ਕਰਦਿਆਂ, ਅਤੇ ਇਟਲੀ ਅਤੇ ਫ਼ਰਾਂਸ, ਫ਼ਰਾਂਸ ਅਤੇ ਬਰਤਾਨੀਆ, ਬਰਤਾਨੀਆ ਅਤੇ ਅਮਰੀਕਾ, ਅਮਰੀਕਾ ਅਤੇ ਜਾਪਾਨ ਵਿਚਕਾਰ ਲੁੱਟ ਦੇ ਮਾਲ ਦੀ ਵੰਡ ਉਤੇ ਵਧਦੀ ਦੁਸ਼ਮਣੀ ਦੇਖਦੇ ਹਾਂ।

ਡਰਪੋਕ, ਮੁਰਦਾ-ਦਿਲ "ਸੋਸ਼ਲਿਸਟਾਂ" ਤੋਂ ਇਲਾਵਾ, ਜਿਹੜੇ ਬੁਰਜੂਆ ਜਮਹੂਰੀਅਤ ਦੇ ਤਅੱਸਬਾਂ ਨਾਲ ਪੂਰੀ ਤਰ੍ਹਾਂ ਭਰੇ ਹੋਏ ਹਨ, ਜਿਹੜੇ ਕੱਲ "ਆਪਣੀਆਂ" ਸਾਮਰਾਜੀ ਸਰਕਾਰਾਂ ਦੀ ਵਕਾਲਤ ਕਰਦੇ ਸਨ ਅਤੇ ਅਜ ਆਪਣੇ ਆਪ ਨੂੰ ਰੂਸ ਵਿਚ ਫ਼ੌਜੀ ਮਦਾਖ਼ਲਤ ਦੇ ਖ਼ਿਲਾਫ਼ ਭਾਵਵਾਚੀ "ਰੋਸਾਂ" ਤੱਕ ਸੀਮਤ ਰਖ ਰਹੇ ਹਨ—ਇਹਨਾਂ ਤੋਂ ਛੁੱਟ, ਇਤਿਹਾਦੀ ਦੇਸਾਂ ਵਿਚ ਵਧਦੀ ਗਿਣਤੀ ਵਿਚ ਲੋਕ ਹਨ ਜਿਨ੍ਹਾਂ ਨੇ ਕਮਿਊਨਿਸਟ ਰਾਹ ਧਾਰਨ ਕੀਤਾ ਹੈ, ਮੈਕਲੀਨ, ਡੈਬਜ਼, ਲੋਰੀਓ, ਲਾਜ਼ਾਰੀ ਅਤੇ ਸੇਰਾਤੀ ਦਾ ਰਾਹ। ਇਹ ਹਨ ਲੋਕ ਜਿਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਜੇ ਸਾਮਰਾਜ ਨੂੰ ਕੁਚਲਣਾ ਹੈ ਅਤੇ ਜੇ ਸੋਸ਼ਲਿਜ਼ਮ ਦੀ ਜਿੱਤ ਅਤੇ ਸਦੀਵੀ ਅਮਨ ਯਕੀਨੀ ਬਨਾਉਣਾ ਹੈ, ਤਾਂ ਬੁਰਜੂਆਜ਼ੀ ਨੂੰ ਉਲਟਾਉਣਾ, ਬੁਰਜੂਆ ਪਾਰਲੀਮੈਂਟਾਂ ਖ਼ਤਮ ਕਰਨੀਆਂ, ਅਤੇ ਸੋਵੀਅਤ ਸੱਤਾ ਅਤੇ ਪ੍ਰੋਲਤਾਰੀਆਂ ਦੀ ਡਿਕਟੇਟਰਸ਼ਿਪ ਸਥਾਪਤ ਕਰਨੀ ਜ਼ਰੂਰੀ ਹੈ।

ਉਦੋਂ, ੨੦ ਅਗਸਤ, ੧੯੧੮ ਨੂੰ, ਪ੍ਰੋਲਤਾਰੀ ਇਨਕਲਾਬ ਰੂਸ ਤੱਕ ਸੀਮਤ ਸੀ, ਅਤੇ "ਸੋਵੀਅਤ ਸਰਕਾਰ," ਅਰਥਾਤ ਉਹ ਪ੍ਰਬੰਧ ਜਿਸ ਹੇਠ **ਸਾਰੀ** ਰਾਜ ਸੱਤਾ ਮਜ਼ਦੂਰਾਂ, ਫ਼ੌਜੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥ ਦੇ ਦਿਤੀ ਗਈ ਹੈ, ਅਜੇ ਵੀ ਸਿਰਫ਼ ਰੂਸੀ ਸੰਸਥਾ ਲਗ ਰਹੀ ਸੀ (ਅਤੇ ਅਸਲ ਵਿਚ ਸੀ)।

ਹੁਣ, ੧੨ ਜਨਵਰੀ, ੧੯੧੯ ਨੂੰ ਅਸੀਂ ਨਾ ਸਿਰਫ਼ ਪਹਿਲੀਆਂ ਦੀ ਜ਼ਾਰਸ਼ਾਹੀ ਸਲਤਨਤ ਦੇ ਰਹਿ ਚੁੱਕੇ ਹਿੱਸਿਆਂ ਵਿਚ ਹੀ, ਜਿਵੇਂ ਕਿ ਲੈਤਵੀਆ, ਪੋਲੈਂਡ ਅਤੇ ਯੂਕਰੇਨ ਵਿਚ, ਸਗੋਂ ਪੱਛਮੀ ਯੂਰਪੀ ਦੇਸਾਂ, ਨਿਰਪੱਖ ਦੇਸਾਂ (ਸਵਿਟਜ਼ਰਲੈਂਡ, ਹਾਲੈਂਡ ਅਤੇ ਨਾਰਵੇ) ਵਿਚ ਅਤੇ ਉਹਨਾਂ ਦੇਸਾਂ ਵਿਚ ਵੀ ਜਿਨ੍ਹਾਂ, ਨੇ ਜੰਗ ਦੇ ਕਸ਼ਟ ਸਹੇ ਹਨ (ਆਸਟਰੀਆ ਅਤੇ ਜਰਮਨੀ) ਇਕ ਸ਼ਕਤੀਸ਼ਾਲੀ "ਸੋਵੀਅਤ" ਲਹਿਰ ਵੇਖਦੇ ਹਾਂ। ਜਰਮਨੀ—ਜੋ ਕਿ ਇਕ ਅਤਿ ਉੱਨਤ ਸਰਮਾਇਦਾਰ ਦੇਸ ਵਜੋਂ ਖ਼ਾਸ ਕਰਕੇ ਮਹੱਤਵਪੂਰਨ ਅਤੇ ਵਿਲਖਣ ਹੈ—ਵਿਚਲੇ ਇਨਕਲਾਬ ਨੇ ਇਕਦਮ

"ਸੋਵੀਅਤ" ਰੂਪ ਅਖ਼ਤਿਆਰ ਕਰ ਲਏ। ਜਰਮਨ ਇਨਕਲਾਬ ਦਾ ਸਾਰਾ ਰਾਹ ਅਤੇ ਖ਼ਾਸ ਕਰਕੇ "ਸਪਾਰਟਾਕਸਵਾਦੀਆਂ", ਅਰਥਾਤ ਪ੍ਰੋਲਤਾਰੀ ਦੇ ਸੱਚੇ ਅਤੇ ਇਕੋ ਇਕ ਪ੍ਰਤਿਨਿਧਾਂ, ਦਾ ਉਹਨਾਂ ਧੋਖੇਬਾਜ਼ ਬਦਮਾਸ਼ਾਂ, ਸ਼ੀਦਮਾਨਾਂ ਅਤੇ ਜ਼ੂਦੇਕੁਮਾਂ, ਦੇ ਬੁਰਜੂਆਜ਼ੀ ਨਾਲ ਗਠਜੋੜ ਦੇ ਖ਼ਿਲਾਫ਼ ਘੋਲ-ਸਾਰਾ ਕੁਝ ਸਪਸ਼ਟ ਦਰਸਾਉਂਦਾ ਹੈ ਕਿ ਜਰਮਨੀ ਦੇ ਸੰਬੰਧ ਵਿਚ ਇਤਿਹਾਸ ਨੇ ਸਵਾਲ ਨੂੰ ਕਿਵੇਂ **ਪੇਸ਼ ਕੀਤਾ**:

"ਸੋਵੀਅਤ ਸੱਤਾ" ਜਾਂ ਬੁਰਜੂਆ ਪਾਰਲੀਮੈਂਟ, ਭਾਵੇਂ ਇਹ ਕਿਸੇ ਵੀ ਸਾਈਨਬੋਰਡ (ਜਿਵੇਂ ਕਿ "ਕੌਮੀ" ਜਾਂ "ਵਿਧਾਨ" ਸਭਾ) ਹੇਠ ਆਏ।

ਇਉਂ **ਸੰਸਾਰ ਇਤਿਹਾਸ** ਨੇ ਸਵਾਲ ਨੂੰ ਪੇਸ਼ ਕੀਤਾ ਹੈ। ਹੁਣ, ਬਿਨਾਂ ਕਿਸੇ ਵਧਾਅ-ਚੜ੍ਹਾਅ ਦੇ ਇਹ ਕਿਹਾ ਜਾ ਸਕਦਾ ਹੈ ਅਤੇ ਕਿਹਾ ਜਾਣਾ ਚਾਹੀਦਾ ਹੈ।

ਪ੍ਰੋਲਤਾਰੀ ਡਿਕਟੇਟਰਸ਼ਿਪ ਦੇ ਵਿਕਾਸ ਵਿਚ "ਸੋਵੀਅਤ ਸੱਤਾ" ਦੂਜਾ ਇਤਿਹਾਸਕ ਕਦਮ ਜਾਂ ਪੜਾਅ ਹੈ। ਪਹਿਲਾ ਕਦਮ ਪੈਰਿਸ ਕਮਿਊਨ ਸੀ। ਆਪਣੀ ਪੁਸਤਕ "ਫ਼ਰਾਂਸ ਵਿਚ ਘਰੇਲੂ ਜੰਗ" ਵਿਚ ਮਾਰਕਸ ਵਲੋਂ ਦਿਤੇ ਗਏ ਇਸਦੇ ਖ਼ਾਸੇ ਦੇ ਪ੍ਰਤਿਭਾਸ਼ੀਲ ਵਿਸ਼ਲੇਸ਼ਣ ਅਤੇ ਮਹੱਤਤਾ ਨੇ ਦਰਸਾਇਆ ਕਿ ਕਮਿਊਨ ਨੇ **ਨਵੀਂ ਤਰ੍ਹਾਂ ਦਾ ਰਾਜ**, **ਪ੍ਰੋਲਤਾਰੀ ਰਾਜ** ਸਿਰਜ ਦਿਤਾ ਸੀ। ਹਰ ਰਾਜ ਸਮੇਤ ਅਤਿ ਦੇ ਜਮਹੂਰੀ ਗਣ-ਰਾਜ ਦੇ, ਇਕ ਜਮਾਤ ਵਲੋਂ ਦੂਜੀ ਜਮਾਤ ਨੂੰ ਦਬਾਉਣ ਲਈ ਇਕ ਮਸ਼ੀਨਰੀ ਤੋਂ ਸਿਵਾ ਹੋਰ ਕੁਝ ਨਹੀਂ। ਪ੍ਰੋਲਤਾਰੀ ਰਾਜ ਪ੍ਰੋਲਤਾਰੀ ਵਲੋਂ ਬੁਰਜੂਆਜ਼ੀ ਨੂੰ ਦਬਾਉਣ ਵਾਲੀ ਮਸ਼ੀਨਰੀ ਹੈ। ਭੂਮੀਪਤੀਆਂ ਅਤੇ ਸਰਮਾਇਦਾਰਾਂ ਵਲੋਂ, ਕੁੱਲ ਬੁਰਜੂਆਜ਼ੀ ਅਤੇ ਉਸਦੇ ਸਾਰੇ ਲੜਗੁੱਛਾਂ ਵਲੋਂ, ਸਾਰੇ ਲੋਟੂਆਂ ਵਲੋਂ, ਜਿਹੜੇ ਕੁਝ ਵੀ ਕਰਨ ਤੋਂ ਨਹੀਂ ਰੁਕਦੇ ਜਦੋਂ ਉਹਨਾਂ ਦਾ ਉਲਟਾਇਆ ਜਾਣਾ, ਜਦੋਂ ਦੂਜਿਆਂ ਤੋਂ ਖੋਹਣ ਵਾਲਿਆਂ ਤੋਂ ਖੋਹਿਆ ਜਾਣਾ ਸ਼ੁਰੂ ਹੁੰਦਾ ਹੈ, ਕੀਤੇ ਜਾਂਦੇ ਗੁੱਸੇ ਭਰੇ ਅਤੇ ਜਾਨ-ਹੂਲਵੇਂ ਮੁਕਾਬਲੇ ਕਾਰਨ ਇਹੋ ਜਿਹਾ ਦਮਨ ਜ਼ਰੂਰੀ ਹੈ।

ਬੁਰਜੂਆ ਪਾਰਲੀਮੈਂਟ, ਭਾਵੇਂ ਉਹ ਸਭ ਤੋਂ ਵਧ ਜਮਹੂਰੀ ਗਣ-ਰਾਜਾਂ ਵਿਚੋਂ ਵੀ ਸਭ ਤੋਂ ਵਧ ਜਮਹੂਰੀ ਹੋਵੇ, ਜਿਸ ਵਿਚ ਜਾਇਦਾਦ ਅਤੇ ਸਰਮਾਇਦਾਰ ਦੀ ਹਕੂਮਤ ਨੂੰ ਕਾਇਮ ਰੱਖਿਆ ਜਾਂਦਾ ਹੈ, ਲੋਟੂਆਂ ਦੇ ਛੋਟੇ ਜਿਹੇ ਟੋਲੇ ਵਲੋਂ ਲੱਖਾਂ ਮਜ਼ਦੂਰਾਂ ਨੂੰ ਦਬਾਉਣ ਲਈ ਇਕ ਸਾਧਨ ਹੈ। **ਜਦੋਂ ਤੱਕ ਸਾਡਾ ਘੋਲ ਬੁਰਜੂਆ ਪ੍ਰਬੰਧ ਦੇ ਢਾਂਚੇ ਤੱਕ ਸੀਮਤ ਸੀ**, ਉਦੋਂ ਤੱਕ ਸੋਸ਼ਲਿਸਟਾਂ ਵਲੋਂ, ਲੁੱਟ-ਖਸੁੱਟ ਤੋਂ ਮਜ਼ਦੂਰ ਲੋਕਾਂ ਦੀ ਮੁਕਤੀ ਲਈ ਘੋਲ ਕਰਨ ਵਾਲਿਆਂ ਵਲੋਂ ਬੁਰਜੂਆ ਪਾਰਲੀਮੈਂਟ ਨੂੰ ਪ੍ਰਚਾਰ, ਅੰਦੋਲਨ ਅਤੇ ਸੰਗਠਨ ਦੇ ਇਕ ਮੰਚ ਵਜੋਂ, ਇਕ ਆਧਾਰ ਵਜੋਂ ਵਰਤਣਾ ਜ਼ਰੂਰੀ ਸੀ। ਹੁਣ ਜਦੋਂ ਕਿ ਸੰਸਾਰ ਇਤਿਹਾਸ ਨੇ ਉਸ ਸਾਰੇ ਪ੍ਰਬੰਧ ਨੂੰ ਤਬਾਹ ਕਰਨ ਦਾ, ਲੋਟੂਆਂ ਨੂੰ ਉਲਟਾਉਣ ਅਤੇ ਦਬਾਉਣ ਦਾ, ਸਰਮਾਇਦਾਰੀ ਤੋਂ ਸੋਸ਼ਲਿਜ਼ਮ ਵੱਲ ਜਾਣ ਦਾ ਸਵਾਲ ਸਾਮ੍ਹਣੇ ਲੈ ਆਂਦਾ ਹੈ, ਤਾਂ ਬੁਰਜੂਆ

ਪਾਰਲੀਮੈਂਟਰੀਵਾਦ ਤੱਕ, ਬੁਰਜੂਆ ਜਮਹੂਰੀਅਤ ਤੱਕ ਆਪਣੇ ਆਪ ਨੂੰ ਸੀਮਤ ਰੱਖਣਾ, ਇਸਨੂੰ ਆਮ ਤੌਰ ਤੇ "ਜਮਹੂਰੀਅਤ" ਵਜੋਂ ਸ਼ਿੰਗਾਰਨਾ, ਇਸਦੇ **ਬੁਰਜੂਆ** ਖ਼ਾਸੇ ਨੂੰ ਧੁੰਦਲਾਉਣਾ, ਇਹ ਭੁੱਲ ਜਾਣਾ ਕਿ ਜਦੋਂ ਤੱਕ ਸਰਮਾਇਦਾਰਾਨਾ ਜਾਇਦਾਦ ਕਾਇਮ ਹੈ, ਸਰਬਲੌਕਿਕ ਮਤਾਧਿਕਾਰ ਬੁਰਜੂਆ ਰਾਜ ਦਾ ਸਾਧਨ ਹੈ, ਪ੍ਰੋਲਤਾਰੀ ਨਾਲ ਸ਼ਰਮਨਾਕ ਗ਼ੱਦਾਰੀ ਹੋਵੇਗਾ, ਇਸਨੂੰ ਛੱਡ ਕੇ ਇਸਦੇ ਜਮਾਤੀ ਦੁਸ਼ਮਣ, ਬੁਰਜੂਆਜ਼ੀ, ਵੱਲ ਚਲੇ ਜਾਣਾ, ਗ਼ੱਦਾਰ ਅਤੇ ਭਗੌੜਾ ਬਣ ਜਾਣਾ ਹੋਵੇਗਾ।

ਜਰਮਨੀ ਵਿਚ ਖ਼ੂਨੀ ਘੋਲ ਅਤੇ ਘਰੇਲੂ ਜੰਗ ਦੀ ਪਿਛੋਕੜ ਵਿਚ, ਅੱਜ ਸੰਸਾਰ ਸੋਸ਼ਲਿਜ਼ਮ ਵਿਚ ਤਿੰਨ ਰੁਝਾਣ ਖ਼ਾਸ ਤੌਰ ਉਤੇ ਉਘੜ ਕੇ ਸਾਮ੍ਹਣੇ ਆਉਂਦੇ ਹਨ, ਜਿਨ੍ਹਾਂ ਬਾਰੇ ਬਾਲਸ਼ਵਿਕ ਅਖ਼ਬਾਰ ੧੯੧੫ ਤੋਂ ਲਗਾਤਾਰ ਲਿਖਦੇ ਰਹੇ ਹਨ।

ਕਾਰਲ ਲੀਬਕਨੇਖ਼ਤ ਅਜਿਹਾ ਨਾਂ ਹੈ ਜਿਸਤੋਂ ਸਾਰੇ ਦੇਸਾਂ ਦੇ ਮਜ਼ਦੂਰ ਜਾਣੂ ਹਨ। ਹਰ ਥਾਂ, ਖ਼ਾਸ ਕਰਕੇ ਇਤਿਹਾਦੀ ਦੇਸਾਂ ਵਿਚ[168], ਇਹ ਪ੍ਰੋਲਤਾਰੀ ਦੇ ਹਿੱਤਾਂ ਨਾਲ ਆਗੂ ਦੀ ਲਗਨ ਅਤੇ ਸੋਸ਼ਲਿਸਟ ਇਨਕਲਾਬ ਵੱਲ ਵਫ਼ਾਦਾਰੀ ਦਾ ਚਿੰਨ੍ਹ ਹੈ। ਇਹ ਸਰਮਾਇਦਾਰੀ ਦੇ ਖ਼ਿਲਾਫ਼ ਸਚਮੁਚ ਤਨੋਂ-ਮਨੋਂ, ਸਚਮੁਚ ਆਪਾਵਾਰ ਅਤੇ ਬੇਕਿਰਕ ਘੋਲ ਦਾ ਚਿੰਨ੍ਹ ਹੈ। ਇਹ ਕਥਨੀ ਵਿਚ ਨਹੀਂ, ਸਗੋਂ ਕਰਨੀ ਵਿਚ ਸਾਮਰਾਜ ਦੇ ਖ਼ਿਲਾਫ਼ ਸਮਝੌਤਾ-ਰਹਿਤ ਘੋਲ ਦਾ, ਬਿਲਕੁਲ ਅਜਿਹੇ ਦੌਰ ਵਿਚ ਆਪਾਵਾਰ ਘੋਲ ਦਾ ਚਿੰਨ੍ਹ ਹੈ, ਜਦੋਂ ਬੰਦੇ ਦਾ "ਆਪਣਾ" ਦੇਸ ਸਾਮਰਾਜੀ ਜਿੱਤਾਂ ਕਾਰਨ ਜੋਸ਼ ਨਾਲ ਭਰਿਆ ਹੁੰਦਾ ਹੈ। ਲੀਬਕਨੇਖ਼ਤ ਅਤੇ ਸਪਾਰਟਾਕਸਵਾਦੀਆਂ ਨਾਲ ਉਹ ਸਾਰੇ ਜਰਮਨ ਸੋਸ਼ਲਿਸਟ ਹਨ ਜਿਹੜੇ ਇਮਾਨਦਾਰ ਅਤੇ ਸਚਮੁਚ ਇਨਕਲਾਬੀ ਰਹੇ ਹਨ, ਪ੍ਰੋਲਤਾਰੀ ਲੁੱਟੀ-ਪੁੱਟੀ ਜਾਂਦੀ ਜਨਤਾ ਵਿਚ ਸਾਰੇ ਸਭ ਤੋਂ ਚੰਗੇ ਅਤੇ ਲਗਨ ਵਾਲੇ ਬੰਦੇ ਜਿਹੜੇ ਰੋਹ ਨਾਲ ਖੌਲ ਰਹੇ ਹਨ ਅਤੇ ਜਿਨ੍ਹਾਂ ਵਿਚਕਾਰ ਇਨਕਲਾਬ ਲਈ ਵਧਦੀ ਤਤਪਰਤਾ ਪਾਈ ਜਾਂਦੀ ਹੈ।

ਲੀਬਕਨੇਖ਼ਤ ਦੇ ਖ਼ਿਲਾਫ਼ ਸ਼ੀਦਮਾਨਾਂ, ਜ਼ੂਦੇਕੁਮਾਂ ਅਤੇ ਕੈਸਰ ਅਤੇ ਬੁਰਜੂਆਜ਼ੀ ਦੇ ਨਫ਼ਰਤਯੋਗ ਚਾਟੜਿਆਂ ਦਾ ਸਾਰਾ ਗਰੋਹ ਹੈ। ਉਹ ਸੋਸ਼ਲਿਜ਼ਮ ਲਈ ਉੱਨੇ ਹੀ ਗ਼ੱਦਾਰ ਹਨ, ਜਿੰਨੇ ਗੋਮਪਰਜ਼ ਅਤੇ ਵਿਕਟਰ ਬਰਗਰ, ਹੈਂਡਰਸਨ ਅਤੇ ਵੈਬ, ਰੇਨਾਡੇਲ ਅਤੇ ਵਾਂਡਰਵੇਲਡੇ। ਉਹ ਮਜ਼ਦੂਰਾਂ ਦੇ ਉਸ ਚੋਟੀ ਦੇ ਹਿੱਸੇ ਦੀ ਪ੍ਰਤਿਨਿਧਤਾ ਕਰਦੇ ਹਨ ਜਿਨ੍ਹਾਂ ਨੂੰ ਬੁਰਜੂਆਜ਼ੀ ਵਲੋਂ ਰਿਸ਼ਵਤ ਦਿਤੀ ਜਾ ਚੁੱਕੀ ਹੈ, ਉਹ ਲੋਕ ਜਿਨ੍ਹਾਂ ਨੂੰ ਅਸੀਂ, ਬਾਲਸ਼ਵਿਕ, (ਰੂਸੀ ਜ਼ੂਦੇਕੁਮਾਂ, ਮੈਨਸ਼ਵਿਕਾਂ, ਨੂੰ ਇਹ ਨਾਂ ਦੇਂਦਿਆਂ) "ਮਜ਼ਦੂਰ ਜਮਾਤ ਲਹਿਰ ਵਿਚ ਬੁਰਜੂਆਜ਼ੀ ਦੇ ਏਜੰਟ" ਕਹਿੰਦੇ ਸਾਂ, ਅਤੇ ਜਿਨ੍ਹਾਂ ਨੂੰ ਅਮਰੀਕਾ ਵਿਚ ਅਤਿ ਚੰਗੇ ਸੋਸ਼ਲਿਸਟਾਂ ਨੇ ਸ਼ਾਨਦਾਰ ਤਰ੍ਹਾਂ ਨਾਲ ਪ੍ਰਗਟਾਊ ਅਤੇ ਬਿਲਕੁਲ ਢੁਕਵਾਂ ਖ਼ਿਤਾਬ ਦਿਤਾ: "ਸਰਮਾਇਦਾਰ ਜਮਾਤ ਦੇ ਕਿਰਤ ਨਾਇਬ।" ਉਹ ਸੋਸ਼ਲਿਸਟ ਗ਼ੱਦਾਰੀ ਦੀ **ਨਵੀਨਤਮ**, "moderne" **ਵੰਨਗੀ**

ਦੀ ਪ੍ਰਤਿਨਿਧਤਾ ਕਰਦੇ ਹਨ, ਕਿਉਂਕਿ ਸਾਰੇ ਸਭਯ, ਉੱਨਤ ਦੇਸਾਂ ਵਿਚ ਜਿਥੇ ਬੁਰਜੂਆਜ਼ੀ ਲੁੱਟਦੀ ਹੈ—ਭਾਵੇਂ ਬਸਤੀਵਾਦੀ ਜਬਰ ਨਾਲ, ਅਤੇ ਭਾਵੇਂ ਰਸਮੀ ਤੌਰ ਉਤੇ ਸਵੈਧੀਨ ਕਮਜ਼ੋਰ ਕੌਮਾਂ ਤੋਂ ਮਾਇਕ ਤੌਰ ਉਤੇ "ਮੁਨਾਫ਼ੇ" ਖਟਦਿਆਂ—ਉਹ ਖ਼ੁਦ "ਆਪਣੇ" ਦੇਸ ਦੀ ਵੱਸੋਂ ਨਾਲੋਂ ਕਈ ਗੁਣਾਂ ਜ਼ਿਆਦਾ ਵਸੋਂ ਨੂੰ ਲੁੱਟਦੀ ਹੈ। ਇਹ ਹੈ ਆਰਥਕ ਅੰਸ਼ ਜਿਹੜਾ ਸਾਮਰਾਜੀ ਬੁਰਜੂਆਜ਼ੀ ਨੂੰ "ਪੜ-ਮੁਨਾਫ਼ੇ" ਕਮਾਉਣ ਦੇ ਯੋਗ ਬਣਾਉਂਦਾ ਹੈ, ਜਿਨ੍ਹਾਂ ਦਾ ਇਕ ਹਿੱਸਾ ਪ੍ਰੋਲਤਾਰੀ ਦੇ ਸਿਖਰਲੇ ਤਬਕੇ ਨੂੰ ਰਿਸ਼ਵਤ ਦੇਣ ਲਈ ਅਤੇ ਇਸਨੂੰ ਸੁਧਾਰਵਾਦੀ, ਮੌਕਾਪ੍ਰਸਤ ਬੁਰਜੂਆਜ਼ੀ ਵਿਚ ਬਦਲਣ ਲਈ ਵਰਤਿਆ ਜਾਂਦਾ ਹੈ, ਜਿਹੜਾ ਇਨਕਲਾਬ ਤੋਂ ਡਰਦਾ ਹੈ।

ਸਪਾਰਟਾਕਸਵਾਦੀਆਂ ਅਤੇ ਸ਼ੀਦਮਾਨਾਂ ਦੇ ਵਿਚਕਾਰ ਡਾਵਾਂਡੋਲ, ਨਿਪੁੰਸਕ "ਕਾਉਟਸਕੀਵਾਦੀ" ਹਨ, ਜਿਹੜੇ ਕਥਨੀ ਵਿਚ "ਸਵੈਧੀਨ" ਹਨ, ਪਰ ਕਰਨੀ ਵਿਚ ਬਿਲਕੁਲ, ਅਤੇ ਸਾਰਾ ਸਮਾਂ, ਇਕ ਦਿਨ ਬੁਰਜੂਆਜ਼ੀ ਅਤੇ ਸ਼ੀਦਮਾਨਾਂ ਪਰ ਅਤੇ ਅਗਲੇ ਦਿਨ ਸਪਾਰਟਾਕਸਵਾਦੀਆਂ ਉਪਰ ਨਿਰਭਰ ਕਰਦੇ ਹਨ, ਕੋਈ ਪਹਿਲਿਆਂ ਪਿਛੇ ਚਲਦਾ ਹੈ ਅਤੇ ਕੋਈ ਪਿਛਲਿਆਂ ਪਿਛੇ। ਇਹ ਲੋਕ ਹਨ ਜਿਨ੍ਹਾਂ ਦੇ ਕੋਈ ਵਿਚਾਰ ਨਹੀਂ, ਕੋਈ ਕੰਗਰੋੜ ਨਹੀਂ, ਕੋਈ ਨੀਤੀ ਨਹੀਂ, ਕੋਈ ਇੱਜ਼ਤ ਨਹੀਂ, ਕੋਈ ਜ਼ਮੀਰ ਨਹੀਂ, ਜਿਹੜੇ ਖੂਹ-ਦੇ-ਡੱਡੂਆਂ ਦੀ ਬੌਂਦਲਾਹਟ ਦਾ ਜਿਉਂਦਾ-ਜਾਗਦਾ ਮੁਜੱਸਮਾ ਹਨ, ਜਿਹੜੇ ਕਥਨੀ ਵਿਚ ਸੋਸ਼ਲਿਸਟ ਇਨਕਲਾਬ ਦੇ ਹੱਕ ਵਿਚ ਹਨ, ਪਰ ਅਸਲ ਵਿਚ ਇਸਨੂੰ ਸਮਝਣ ਤੋਂ ਅਸਮਰਥ ਹਨ ਜਦੋਂ ਇਹ ਸ਼ੁਰੂ ਹੋ ਚੁੱਕਾ ਹੈ ਅਤੇ, ਭਗੌੜਿਆਂ ਵਾਲੇ ਅੰਦਾਜ਼ ਵਿਚ, ਆਮ ਤੌਰ ਉਤੇ "ਜਮਹੂਰੀਅਤ" ਦੀ ਰਾਖੀ ਕਰਦੇ ਹਨ, ਅਰਥਾਤ **ਅਸਲ ਵਿਚ ਬੁਰਜੂਆ ਜਮਹੂਰੀਅਤ** ਦੀ ਵਕਾਲਤ ਕਰਦੇ ਹਨ।

ਹਰ ਸਰਮਾਇਦਾਰ ਦੇਸ ਵਿਚ, ਹਰ ਸੋਚਣ ਵਾਲਾ ਮਜ਼ਦੂਰ, ਕੌਮੀ ਅਤੇ ਇਤਿਹਾਸਕ ਹਾਲਤਾਂ ਨਾਲ ਬਦਲਦੀ ਅਵਸਥਾ ਵਿਚ, ਸੋਸ਼ਲਿਸਟਾਂ ਵਿਚਕਾਰ ਅਤੇ ਵਿਰਤਕ ਸੰਘਵਾਦੀਆਂ ਵਿਚਕਾਰ ਐਨ ਇਹ ਤਿੰਨ ਮੁਖ ਰੁਝਾਣ ਮਹਿਸੂਸ ਕਰ ਸਕਦਾ ਹੈ, ਕਿਉਂਕਿ ਸਾਮਰਾਜੀ ਜੰਗ ਅਤੇ ਸ਼ੁਰੂ ਹੋ ਰਿਹਾ ਸੰਸਾਰ ਪ੍ਰੋਲਤਾਰੀ ਇਨਕਲਾਬ ਸਾਰੀ ਦੁਨੀਆਂ ਵਿਚ ਇਕੋ ਜਿਹੇ ਵਿਚਾਰਧਾਰਕ ਅਤੇ ਰਾਜਨੀਤਕ ਰੁਝਾਣ ਪੈਦਾ ਕਰਦੇ ਹਨ।

* * *

ਉਪ੍ਰੋਕਤ ਸਤਰਾਂ ਐਬਰਟ ਅਤੇ ਸ਼ੀਦਮਾਨ ਸਰਕਾਰ ਵਲੋਂ ਕਾਰਲ ਲੀਬਕਨੇਖ਼ਤ ਤੇ ਰੋਜ਼ਾ ਲਕਸਮਬੁਰਗ ਦੇ ਵਹਿਸ਼ੀ ਅਤੇ ਕਮੀਨਿਆਂ ਵਾਲੇ ਕਤਲ ਤੋਂ ਪਹਿਲਾਂ ਲਿਖੀਆਂ ਗਈਆਂ ਸਨ। ਉਹਨਾਂ ਬੁੱਚੜਾਂ ਨੇ, ਬੁਰਜੂਆਜ਼ੀ ਦੀ ਗ਼ੁਲਾਮੀ ਕਰਦਿਆਂ, **ਜਰਮਨ**

ਸਫ਼ੇਦ-ਗਾਰਦਾਂ ਨੂੰ, ਪਵਿੱਤਰ ਸਰਮਾਇਦਾਰਾਨਾ ਮਲਕੀਅਤ ਦੇ ਪਾਹਰੂ-ਕੁੱਤਿਆਂ ਨੂੰ ਆਗਿਆ ਦੇ ਦਿਤੀ ਕਿ ਉਹ ਰੋਜ਼ਾ ਲਕਸਮਬੁਰਗ ਨੂੰ ਕੋਹ-ਕੋਹ ਕੇ ਮਾਰ ਦੇਣ ਅਤੇ ਕਾਰਲ ਲੀਬਕਨੇਖ਼ਤ ਨੂੰ ਪਿੱਠ ਵਿਚ ਗੋਲੀ ਮਾਰ ਕੇ ਮਾਰ ਦੇਣ, ਇਸ ਘੜੇ-ਘੜਾਏ ਝੂਠੇ ਬਹਾਨੇ ਨਾਲ ਕਿ ਉਸਨੇ "ਨੱਠਣ ਦੀ ਕੋਸ਼ਿਸ਼ ਕੀਤੀ ਸੀ" (ਰੂਸੀ ਜ਼ਾਰਸ਼ਾਹੀ ਨੇ ੧੯੦੫ ਦੇ ਇਨਕਲਾਬ ਦੇ ਖ਼ੂਨੀ ਦਮਨ ਦੇ ਦੌਰਾਨ ਕੈਦੀਆਂ ਨੂੰ ਕਤਲ ਕਰਨ ਲਈ ਅਕਸਰ ਇਹ ਬਹਾਨਾ ਵਰਤਿਆ ਸੀ)। ਇਸਦੇ ਨਾਲ ਹੀ, ਉਹਨਾਂ ਬੁੱਚੜਾ ਨੇ ਸਰਕਾਰੀ ਅਧਿਕਾਰ ਨਾਲ ਇਹਨਾਂ ਸਫ਼ੇਦ-ਗਾਰਦਾਂ ਦੀ ਰਾਖੀ ਕੀਤੀ, ਜਿਹੜੀ ਸਰਕਾਰ ਬਿਲਕੁਲ ਮਾਸੂਮ ਅਤੇ ਜਮਾਤਾਂ ਤੋਂ ਉਪਰ ਹੋਣ ਦਾ ਦਾਅਵਾ ਕਰਦੀ ਹੈ! ਕਥਿਤ ਸੋਸ਼ਲਿਸਟਾਂ ਵਲੋਂ ਦਿਖਾਏ ਗਏ ਬੁੱਚੜਪੁਣੇ ਦੇ ਗੰਦੇ ਅਤੇ ਘਿਰਣਾਯੋਗ ਖ਼ਾਸੇ ਨੂੰ ਕੋਈ ਲਫ਼ਜ਼ ਬਿਆਨ ਨਹੀਂ ਕਰ ਸਕਦੇ। ਜ਼ਾਹਰ ਹੈ ਕਿ ਇਤਿਹਾਸ ਨੇ ਅਜਿਹਾ ਰਾਹ ਚੁਣਿਆ ਹੈ ਜਿਸ ਉਤੇ "ਸਰਮਾਇਦਾਰ ਜਮਾਤ ਦੇ ਕਿਰਤ ਨਾਇਬਾਂ" ਦਾ ਰੋਲ ਵਹਿਸ਼ੀਪੁਣੇ, ਨੀਚਤਾ ਅਤੇ ਕਮੀਨਗੀ ਦੇ "ਆਖ਼ਰੀ ਦਰਜੇ" ਤੱਕ ਨਿਭਾਹਿਆ ਜਾਣਾ ਜ਼ਰੂਰੀ ਹੈ। ਉਹਨਾਂ ਅਕਲ ਦੇ ਅੰਨ੍ਹਿਆਂ, ਕਾਊਟਸਕੀਵਾਦੀਆਂ, ਨੂੰ ਆਪਣੇ ਅਖ਼ਬਾਰ "Freiheit"[169] ਵਿਚ "ਸਾਰੀਆਂ" "ਸੋਸ਼ਲਿਸਟ" ਪਾਰਟੀਆਂ ਦੇ ਪ੍ਰਤਿਨਿਧਾਂ ਦੀ "ਕਚਹਿਰੀ" ਬਾਰੇ ਗੱਲਾਂ ਕਰਨ ਦਿਓ (ਉਹ ਦਾਸ ਰੂਹਾਂ ਅਜੇ ਵੀ ਜ਼ੋਰ ਦੇ ਰਹੀਆਂ ਹਨ ਕਿ ਸ਼ੀਦਮਾਨ ਜੱਲਾਦ ਸੋਸ਼ਲਿਸਟ ਹਨ)! ਖੂਹ-ਦੇ-ਡੱਡੂ ਵਾਲੀ ਮੂਰਖਤਾ ਅਤੇ ਨਿਕ-ਬੁਰਜੂਆ ਬੁਜ਼ਦਿਲੀ ਦੇ ਇਹ ਯੋਧੇ ਇੰਨੀ ਗੱਲ ਸਮਝਣ ਤੋਂ ਵੀ ਅਸਮਰਥ ਹਨ ਕਿ ਕਚਹਿਰੀਆਂ ਰਾਜ-ਸੱਤਾ ਦੇ ਅੰਗ ਹੁੰਦੀਆਂ ਹਨ, ਅਤੇ ਜਰਮਨੀ ਵਿਚ ਇਸ ਸਮੇਂ ਚਲਾਏ ਜਾ ਰਹੇ ਘੋਲ ਅਤੇ ਘਰੇਲੂ ਜੰਗ ਵਿਚ ਮਸਲਾ ਬਿਲਕੁਲ ਇਹੋ ਹੈ ਕਿ ਇਹ ਸੱਤਾ ਕਿਸ ਦੇ ਹੱਥ — ਬੁਰਜੂਆਜ਼ੀ ਦੇ ਹੱਥ, ਜਿਸਦੀ ਜੱਲਾਦਾਂ ਅਤੇ ਕਤਲਾਮ ਭੜਕਾਉਣ ਵਾਲੀਆਂ ਵਜੋਂ ਸ਼ੀਦਮਾਨ, ਅਤੇ "ਨਿਰੋਲ ਜਮਹੂਰੀਅਤ" ਦੇ ਸੋਹਲੇ ਗਾਉਣ ਵਾਲਿਆਂ ਵਜੋਂ ਕਾਊਟਸਕੀ "ਸੇਵਾ ਕਰਦੇ ਹਨ," ਜਾਂ ਪ੍ਰੋਲਤਾਰੀ ਦੇ ਹੱਥ, ਜਿਹੜੇ ਸਰਮਾਇਦਾਰ ਲੋਟੂਆਂ ਨੂੰ ਉਲਟਾ ਦੇਣਗੇ ਅਤੇ ਉਹਨਾਂ ਦੇ ਵਿਰੋਧ ਨੂੰ ਕੁਚਲ ਦੇਣਗੇ।

ਸੰਸਾਰ ਪ੍ਰੋਲਤਾਰੀ ਇੰਟਰਨੈਸ਼ਨਲ ਦੇ ਅਤਿ ਚੰਗੇ ਪ੍ਰਤਿਨਿਧਾਂ ਦਾ ਖ਼ੂਨ, ਸੰਸਾਰ ਸੋਸ਼ਲਿਸਟ ਇਨਕਲਾਬ ਦੇ ਅਭੁੱਲ ਆਗੂਆਂ ਦਾ ਖ਼ੂਨ ਮਜ਼ਦੂਰਾਂ ਦੇ ਹਮੇਸ਼ਾ ਨਵੇਂ ਤੋਂ ਨਵੇਂ ਜਨ-ਸਮੂਹਾਂ ਨੂੰ ਜ਼ਿੰਦਗੀ-ਮੌਤ ਦੇ ਘੋਲ ਲਈ ਪਾਣ ਚੜ੍ਹਾਏਗਾ। ਅਤੇ ਇਹ ਘੋਲ ਜਿੱਤ ਵੱਲ ਲੈ ਜਾਇਗਾ। ਅਸੀਂ ਰੂਸ ਵਿਚ, ੧੯੧੭ ਦੇ ਹੁਨਾਲ ਵਿਚ, "ਜੁਲਾਈ ਦਿਨਾਂ"[170] ਵਿਚੋਂ ਲੰਘੇ ਸਾਂ, ਜਦੋਂ ਰੂਸੀ ਸ਼ੀਦਮਾਨਾਂ, ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨੇ ਵੀ ਬਾਲਸ਼ਵਿਕਾਂ ਉਪਰ ਸਫ਼ੇਦ-ਗਾਰਦਾਂ ਦੀ "ਜਿੱਤ" ਲਈ "ਰਾਜ ਦੀ" ਰਖਿਆ ਪ੍ਰਯਾਪਤ ਕੀਤੀ ਸੀ, ਅਤੇ ਜਦੋਂ ਕੱਸਾਕਾਂ[171] ਨੇ ਬਾਲਸ਼ਵਿਕ

ਦੁਵਰਕੀਆਂ ਵੰਡਨ ਕਰਕੇ ਪੀਤਰੋਗਰਾਦ ਦੀਆਂ ਗਲੀਆਂ ਵਿਚ ਮਜ਼ਦੂਰ ਵੋਈਨੋਵ ਨੂੰ ਗੋਲੀ ਮਾਰ ਦਿਤੀ ਸੀ। ਸਾਨੂੰ ਤਜਰਬੇ ਤੋਂ ਪਤਾ ਹੈ ਕਿ ਬੁਰਜੂਆਜ਼ੀ ਅਤੇ ਉਹਨਾਂ ਦੇ ਝੋਲੀ-ਚੁੱਕਾਂ ਦੀਆਂ ਇਹੋ ਜਿਹੀਆਂ "ਜਿੱਤਾਂ" ਲੋਕਾਂ ਨੂੰ ਬੁਰਜੂਆ ਜਮਹੂਰੀਅਤ, "ਸਰਬ-ਲੌਕਿਕ ਮੱਤਾਧਿਕਾਰ" ਵਗੈਰਾ ਬਾਰੇ ਉਹਨਾਂ ਦੇ ਭੁਲੇਖਿਆਂ ਤੋਂ ਕਿੰਨੀ ਜਲਦੀ ਛੁਟਕਾਰਾ ਦਿਵਾਉਂਦੀਆਂ ਹਨ।

* * *

ਇਤਿਹਾਦੀ ਦੇਸਾਂ ਦੀਆਂ ਸਰਕਾਰਾਂ ਅਤੇ ਬੁਰਜੂਆਜ਼ੀ ਦੁਚਿਤੀ ਵਿਚ ਲਗਦੀਆਂ ਹਨ। ਇਕ ਹਿੱਸਾ ਵੇਖਦਾ ਹੈ ਕਿ ਰੂਸ ਵਿਚਲੀਆਂ ਇਤਿਹਾਦੀ ਫ਼ੌਜਾਂ, ਜਿਹੜੀਆਂ ਸਫ਼ੇਦ-ਗਾਰਦਾਂ ਦੀ ਸਹਾਇਤਾ ਕਰ ਰਹੀਆਂ ਹਨ ਅਤੇ ਕਾਲੇ ਤੋਂ ਕਾਲੇ ਸ਼ਾਹ-ਪਸੰਦ ਅਤੇ ਭੂਮੀਪਤੀ ਪਿਛਾਖੜ ਦੀ ਸੇਵਾ ਕਰ ਰਹੀਆਂ ਹਨ, ਵਿਚਕਾਰ ਪਹਿਲਾਂ ਹੀ ਢਹਿੰਦੀ ਕਲਾ ਆਉਂਦੀ ਜਾ ਰਹੀ ਹੈ। ਉਹ ਮਹਿਸੂਸ ਕਰਦੀਆਂ ਹਨ ਕਿ ਫ਼ੌਜੀ ਮਦਾਖ਼ਲਤ ਅਤੇ ਰੂਸ ਨੂੰ ਹਰਾਉਣ ਦੇ ਯਤਨ ਜਾਰੀ ਰਖਣਾ — ਜਿਸਦਾ ਮਤਲਬ ਲੰਮੇ ਸਮੇਂ ਲਈ ਕਬਜ਼ੇ ਲਈ ਦੱਸ ਲੱਖ ਦੀ ਫ਼ੌਜ ਕਾਇਮ ਰਖਣਾ ਹੋਵੇਗਾ — ਇਤਿਹਾਦੀ ਦੇਸਾਂ ਤੱਕ ਪ੍ਰੋਲਤਾਰੀ ਇਨਕਲਾਬ ਲਿਜਾਣ ਦਾ ਸਭ ਤੋਂ ਵਧ ਯਕੀਨੀ ਅਤੇ ਸਭ ਤੋਂ ਤੇਜ਼ ਰਸਤਾ ਹੋਵੇਗਾ। ਯੂਕਰੇਨ ਵਿਚ ਜਰਮਨ ਕਾਬਜ਼ ਫੌਜਾਂ ਦੀ ਉਦਾਹਰਣ ਇਸਦਾ ਕਾਫ਼ੀ ਯਕੀਨ ਕਰਾ ਰਹੀ ਹੈ।

ਇਤਿਹਾਦੀ ਬੁਰਜੂਆਜ਼ੀ ਦਾ ਇਕ ਹੋਰ ਹਿੱਸਾ ਫ਼ੌਜੀ ਮੁਦਾਖ਼ਲਤ ਦੀ, "ਆਰਥਕ ਘੇਰੇ" ਦੀ (ਕਲੈਮਨਸ਼ੋ) ਅਤੇ ਸੋਵੀਅਤ ਰੀਪਬਲਿਕ ਦਾ ਗਲਾ ਘੁੱਟਣ ਦੀ ਆਪਣੀ ਨੀਤੀ ਉਤੇ ਅੜਿਆ ਹੋਇਆ ਹੈ। ਉਸ ਬੁਰਜੂਆਜ਼ੀ ਦੀ ਸੇਵਾ ਵਿਚ ਲਗੀ ਕੁਲ ਪ੍ਰੈਸ, ਅਰਥਾਤ ਬਰਤਾਨੀਆ ਅਤੇ ਫ਼ਰਾਂਸ ਵਿਚਲੇ ਸਰਮਾਇਦਾਰਾਂ ਦੇ ਜ਼ਰ-ਖ਼ਰੀਦ ਰੋਜ਼ਾਨਾ ਅਖ਼ਬਾਰਾਂ ਦੀ ਬਹੁਗਿਣਤੀ, ਸੋਵੀਅਤ ਸਰਕਾਰ ਦੇ ਛੇਤੀ ਹੀ ਢਹਿ-ਢੇਰੀ ਹੋਣ ਦੀ ਪੇਸ਼ਗੋਈ ਕਰਦੀ ਹੈ, ਰੂਸ ਵਿਚ ਕਾਲ ਦੀਆਂ ਭਿਅੰਕਰਤਾਵਾਂ ਦੀਆਂ ਡਰਾਉਣੀਆਂ ਤਸਵੀਰਾਂ ਖਿੱਚਦੀ ਹੈ, "ਬਦਇੰਤਜ਼ਾਮੀ" ਅਤੇ ਸੋਵੀਅਤ ਸਰਕਾਰ ਦੀ "ਅਸਥਿਰਤਾ" ਬਾਰੇ ਝੂਠ ਬੋਲਦੀ ਹੈ। ਭੂਮੀਪਤੀਆਂ ਅਤੇ ਸਰਮਾਇਦਾਰਾਂ ਦੀਆਂ ਸਫ਼ੇਦ-ਗਾਰਦ ਫ਼ੌਜਾਂ, ਜਿਨ੍ਹਾਂ ਦੀ ਇਤਿਹਾਦੀ ਆਪਣੇ ਅਫ਼ਸਰਾਂ, ਗੋਲੀ-ਸਿਕੇ, ਪੈਸੇ ਅਤੇ ਸਹਾਇਕ ਦਸਤਿਆਂ ਨਾਲ ਸਹਾਇਤਾ ਕਰ ਰਹੇ ਹਨ, ਰੂਸ ਦੇ ਭੁੱਖੇ ਮਰ ਰਹੇ ਕੇਂਦਰੀ ਅਤੇ ਉੱਤਰੀ ਹਿੱਸਿਆਂ ਨੂੰ ਸਾਇਬੇਰੀਆ ਅਤੇ ਦੋਨ ਦੇ ਅਤਿ ਉਪਜਾਊ ਇਲਾਕਿਆਂ ਨਾਲੋਂ ਕੱਟ ਰਹੀਆਂ ਹਨ।

ਪੀਤਰੋਗਰਾਦ ਅਤੇ ਮਾਸਕੋ, ਈਵਾਨੋਵੋ-ਵੋਜ਼ਨੇਸੈਂਸਕ ਅਤੇ ਹੋਰ ਸਨਅਤੀ ਕੇਂਦਰਾਂ ਵਿਚਲੇ ਭੁਖੇ ਮਰ ਰਹੇ ਮਜ਼ਦੂਰਾਂ ਦਾ ਕਸ਼ਟ ਸਚਮੁਚ ਬੇਹੱਦ ਹੈ। ਜੇ ਮਜ਼ਦੂਰ ਇਹ ਨਾ

ਸਮਝਦੇ ਹੁੰਦੇ ਕਿ ਉਹ ਰੂਸ ਵਿਚ ਅਤੇ ਦੁਨੀਆਂ ਭਰ ਵਿਚ ਸੋਸ਼ਲਿਜ਼ਮ ਦੇ ਉਦੇਸ਼ ਦੀ ਰਾਖੀ ਕਰ ਰਹੇ ਹਨ, ਤਾਂ ਉਹ ਉਹਨਾਂ ਮੁਸ਼ਕਲਾਂ, ਭੁੱਖ ਦੇ ਤਸੀਹਿਆਂ ਨੂੰ ਸਹਿਣ ਦੇ ਕਦੀ ਵੀ ਯੋਗ ਨਾ ਹੁੰਦੇ, ਜਿਨ੍ਹਾਂ ਵਿਚ ਇਤਿਹਾਦੀ ਫ਼ੌਜੀ ਮਦਾਖ਼ਲਤ ਨੇ ਉਹਨਾਂ ਨੂੰ ਸੁੱਟ ਦਿਤਾ ਹੈ (ਇਸ ਮਦਾਖ਼ਲਤ ਉਤੇ ਅਕਸਰ ਦੰਭੀ ਇਕਰਾਰਾਂ ਦਾ ਪਰਦਾ ਪਾਇਆ ਜਾਂਦਾ ਹੈ ਕਿ ਉਹ ਖ਼ੁਦ "ਆਪਣੀਆਂ" ਫ਼ੌਜਾਂ ਨਹੀਂ ਭੇਜਣਗੇ, ਜਦ ਕਿ "ਕਾਲੀਆਂ" ਫ਼ੌਜਾਂ, ਅਤੇ ਗੋਲੀ-ਸਿਕਾ, ਪੈਸੇ ਅਤੇ ਅਫ਼ਸਰ ਭੇਜਣਾ ਜਾਰੀ ਰਖਿਆ ਜਾਂਦਾ ਹੈ)।

"ਇਤਿਹਾਦੀ" ਅਤੇ ਸਫ਼ੇਦ-ਗਾਰਦ ਫ਼ੌਜਾਂ ਦੇ ਕਬਜ਼ੇ ਵਿਚ ਆਰਖਾਂਗੇਲਸਕ, ਪੇਰਮ, ਓਰੇਨਬੁਰਗ, ਦੋਨ-ਕੰਢੇ ਰੋਸਤੋਵ, ਬਾਕੂ ਅਤੇ ਅਸ਼ਕਾਬਾਦ ਹਨ, ਪਰ "ਸੋਵੀਅਤ ਲਹਿਰ" ਨੇ ਰੀਗਾ ਅਤੇ ਖ਼ਾਰਕੋਵ ਜਿੱਤ ਲਏ ਹਨ। ਲੈਤਵੀਆ ਅਤੇ ਯੂਕਰੇਨ ਸੋਵੀਅਤ ਰੀਪਬਲਿਕਾਂ ਬਣ ਰਹੇ ਹਨ। ਮਜ਼ਦੂਰ ਦੇਖਦੇ ਹਨ ਕਿ ਉਹਨਾਂ ਦੀਆਂ ਮਹਾਨ ਕੁਰਬਾਨੀਆਂ ਵਿਅਰਥ ਨਹੀਂ, ਕਿ ਸੋਵੀਅਤ ਸੱਤਾ ਦੀ ਜਿੱਤ ਨੇੜੇ ਆ ਰਹੀ ਹੈ, ਫੈਲ ਰਹੀ ਹੈ, ਵਧ ਰਹੀ ਹੈ ਅਤੇ ਦੁਨੀਆਂ ਭਰ ਵਿਚ ਤਾਕਤ ਫੜ ਰਹੀ ਹੈ। ਸ਼ਖਤ ਲੜਾਈ ਅਤੇ ਭਾਰੀ ਕੁਰਬਾਨੀ ਦਾ ਹਰ ਮਹੀਨਾ ਸੋਵੀਅਤ ਸੱਤਾ ਦੇ ਉਦੇਸ਼ ਦੁਨੀਆਂ ਭਰ ਵਿਚ ਮਜ਼ਬੂਤ ਕਰਦਾ ਹੈ ਅਤੇ ਇਸਦੇ ਦੁਸ਼ਮਣਾਂ ਨੂੰ, ਲੋਟੂਆਂ ਨੂੰ ਕਮਜ਼ੋਰ ਕਰਦਾ ਹੈ।

ਲੋਟੂ ਅਜੇ ਵੀ ਇੰਨੇਂ ਜ਼ਿਆਦਾ ਤਕੜੇ ਹਨ ਕਿ ਉਹ ਸੰਸਾਰ ਪ੍ਰੋਲਤਾਰੀ ਇਨਕਲਾਬ ਦੇ ਅਤਿ ਚੰਗੇ ਆਗੂਆਂ ਨੂੰ ਕਤਲ ਕਰ ਸਕਦੇ ਹਨ। ਕਬਜ਼ੇ ਹੇਠਲੇ ਅਤੇ ਜਿੱਤੇ ਹੋਏ ਦੇਸਾਂ ਅਤੇ ਖੰਡਾਂ ਦੇ ਮਜ਼ਦੂਰਾਂ ਦੀਆਂ ਕੁਰਬਾਨੀਆਂ ਅਤੇ ਤਸੀਹਿਆਂ ਨੂੰ ਵਧਾ ਸਕਦੇ ਹਨ। ਪਰ ਦੁਨੀਆਂ ਭਰ ਦੇ ਲੋਟੂ ਇੰਨੇਂ ਤਕੜੇ ਨਹੀਂ ਕਿ ਉਹ ਸੰਸਾਰ ਪ੍ਰੋਲਤਾਰੀ ਇਨਕਲਾਬ ਦੀ ਜਿੱਤ ਨੂੰ ਰੋਕ ਸਕਣ, ਜਿਹੜਾ ਮਨੁਖਤਾ ਨੂੰ ਸਰਮਾਏ ਦੇ ਜੂਲੇ ਅਤੇ ਨਵੀਆਂ ਸਾਮਰਾਜੀ ਜੰਗਾਂ ਦੇ ਸਦੀਵੀ ਖ਼ਤਰੇ ਤੋਂ, ਜਿਹੜੀਆਂ ਸਰਮਾਇਦਾਰੀ ਹੇਠ ਅਟੱਲ ਹਨ, ਆਜ਼ਾਦ ਕਰਾਏਗਾ।

੨੧ ਜਨਵਰੀ, ੧੯੧੯ **ਨ. ਲੈਨਿਨ**

ਸੰਗ੍ਰਹਿਤ ਕਿਰਤਾ, ਸੈਂਚੀ ੩੭,
ਪੰਨੇ ੪੫੪-੪੬੨

# ਜਿੱਤਿਆ ਅਤੇ ਦਰਜ ਕੀਤਾ ਜਾ ਚੁੱਕਾ

ਇਨਕਲਾਬ ਦੀ ਇਕੋ ਇਕ ਪੱਕੀ ਪ੍ਰਾਪਤੀ ਉਹ ਹੁੰਦੀ ਹੈ ਜਿਹੜੀ ਪ੍ਰੋਲਤਾਰੀ ਦੇ ਸਮੂਹਾਂ ਵਲੋਂ ਜਿੱਤੀ ਗਈ ਹੋਵੇ। ਲੇਖੇ ਵਿਚ ਦਰਜ ਕਰਨ ਯੋਗ ਇਕੋ ਇਕ ਪ੍ਰਾਪਤੀ ਉਹ ਹੁੰਦੀ ਹੈ ਜਿਹੜੀ ਸਚਮੁਚ ਪੱਕੀ ਤਰ੍ਹਾਂ ਜਿੱਤੀ ਜਾ ਚੁੱਕੀ ਹੋਵੇ।

੨ ਮਾਰਚ, ੧੯੧੯ ਨੂੰ ਮਾਸਕੋ ਵਿਚ ਤੀਜੀ ਕਮਿਊਨਿਸਟ ਇੰਟਰਨੈਸ਼ਨਲ[172] ਦੀ ਨੀਂਹ ਰਖੀ ਜਾਣੀ, ਨਾ ਸਿਰਫ਼ ਰੂਸੀ ਮਜ਼ਦੂਰਾਂ ਵਲੋਂ, ਸਗੋਂ ਜਰਮਨ, ਆਸਟਰਵੀ, ਹੰਗੇਰਵੀ, ਫ਼ਿਨਲੈਂਡੀ, ਸਵਿਸ—ਅਰਥਾਤ ਦੁਨੀਆਂ ਦੇ ਮਜ਼ਦੂਰਾਂ ਵਲੋਂ ਵੀ ਜੋ ਕੁਝ ਪ੍ਰਾਪਤ ਕੀਤਾ ਜਾ ਚੁੱਕਾ ਹੈ, ਉਸਦਾ ਲੇਖਾ ਸੀ।

ਬਿਲਕੁਲ ਇਸੇ ਕਰਕੇ ਹੀ, ਤੀਜੀ, ਕਮਿਊਨਿਸਟ ਇੰਟਰਨੈਸ਼ਨਲ ਦੀ ਨੀਂਹ ਰਖੀ ਜਾਣੀ ਸਚਮੁਚ ਪੱਕੀ ਹੈ।

ਸਿਰਫ਼ ਚਾਰ ਮਹੀਨੇ ਪਹਿਲਾਂ, ਇਹ ਕਹਿਣਾ ਅਸੰਭਵ ਸੀ ਕਿ ਸੋਵੀਅਤ ਸਰਕਾਰ, ਰਾਜ ਦਾ ਸੋਵੀਅਤ ਰੂਪ, ਇਕ ਕੌਮਾਂਤਰੀ ਪ੍ਰਾਪਤੀ ਹੈ। ਇਸ ਵਿਚ ਕੁਝ ਸੀ ਅਤੇ ਕੁਝ ਲਾਜ਼ਮੀ ਗੱਲ ਸੀ, ਜਿਹੜੀ ਸਾਰੇ ਸਰਮਾਇਦਾਰ ਦੇਸਾਂ ਨਾਲ ਵੀ ਅਤੇ ਰੂਸ ਨਾਲ ਵੀ ਸੰਬੰਧ ਰਖਦੀ ਸੀ। ਪਰ ਜਿੰਨਾ ਚਿਰ ਇਸਨੂੰ ਅਜ਼ਮਾਇਆ ਨਾ ਜਾਂਦਾ, ਇਹ ਕਹਿਣਾ ਅਸੰਭਵ ਹੁੰਦਾ ਕਿ ਸੰਸਾਰ ਇਨਕਲਾਬ ਦਾ ਵਿਕਾਸ ਕਿਹੜੀਆਂ, ਕਿਸ ਡੂੰਘਾਈ ਅਤੇ ਮਹੱਤਤਾ ਦੀਆਂ, ਤਬਦੀਲੀਆਂ ਲਿਆਏਗਾ।

ਜਰਮਨ ਇਨਕਲਾਬ ਨੇ ਇਹ ਅਜ਼ਮਾਇਸ਼ ਪ੍ਰਯਾਪਤ ਕੀਤੀ ਹੈ। ਅਤਿ ਦੇ ਪੱਛੜੇ ਇਕ ਦੇਸ ਤੋਂ ਪਿਛੋਂ ਆਉਂਦੇ, ਇਕ ਉੱਨਤ ਸਰਮਾਇਦਾਰ ਦੇਸ ਨੇ ਥੋੜ੍ਹੇ ਜਿਹੇ ਸਮੇਂ ਅੰਦਰ, ਸੌ ਕੁ ਦਿਨਾਂ ਦੇ ਵਿਚ ਵਿਚ ਸਾਰੀ ਦੁਨੀਆਂ ਨੂੰ ਨਾ ਸਿਰਫ਼ ਉਹਨਾਂ ਹੀ ਮੁਖ ਇਨਕਲਾਬੀ ਸ਼ਕਤੀਆਂ ਅਤੇ ਇਨਕਲਾਬ ਦੇ ਮੁਖ ਰੁਖ ਨੂੰ ਹੀ ਸਗੋਂ ਨਵੀਂ, ਪ੍ਰੋਲਤਾਰੀ ਜਮਹੂਰੀਅਤ ਦੇ ਉਸੇ ਮੁਖ ਰੂਪ—ਸੋਵੀਅਤਾਂ—ਨੂੰ ਵੀ ਸਿਧ ਕਰ ਦਿਤਾ ਹੈ।

ਇਸਦੇ ਨਾਲ ਹੀ ਇਕ ਜੇਤੂ ਦੇਸ, ਬਰਤਾਨੀਆ ਵਿਚ, ਜੋ ਬਸਤੀਆਂ ਵਿਚ

ਸਭ ਤੋਂ ਅਮੀਰ ਹੈ, ਸਭ ਤੋਂ ਵਧ ਲੰਮੇਂ ਸਮੇਂ ਲਈ "ਸਮਾਜਕ ਅਮਨ" ਦੇ ਨਮੂਨੇ ਦਾ ਕੰਮ ਦੇ ਰਿਹਾ ਹੈ, ਜਾਂ ਇਸ ਤਰ੍ਹਾਂ ਦੀ ਇਸਦੀ ਮਸ਼ਹੂਰੀ ਸੀ, ਸਭ ਤੋਂ ਪੁਰਾਣੇ ਸਰਮਾਇਦਾਰ ਦੇਸ ਵਿਚ, ਅਸੀਂ ਸੋਵੀਅਤਾਂ ਦੇ ਅਤੇ ਜਨਤਕ ਪਧਰ ਤੇ ਪ੍ਰੋਲਤਾਰੀ ਘੋਲ ਦੇ ਨਵੇਂ ਸੋਵੀਅਤ ਰੂਪਾਂ — "Shop Stewards Committees"[173] — ਦੇ ਵਿਸ਼ਾਲ, ਅਰੁਕ, ਤੀਖਣ ਅਤੇ ਸ਼ਕਤੀਸ਼ਾਲੀ ਵਾਧੇ ਨੂੰ ਵੇਖ ਸਕਦੇ ਹਾਂ।

ਅਮਰੀਕਾ ਵਿਚ, ਸਭ ਤੋਂ ਵੱਧ ਤਾਕਤਵਾਰ ਅਤੇ ਸਭ ਤੋਂ ਘੱਟ ਉਮਰ ਵਾਲੇ ਸਰਮਾਇਦਾਰ ਦੇਸ ਵਿਚ ਮਜ਼ਦੂਰਾਂ ਦੀ ਸੋਵੀਅਤਾਂ ਵਾਸਤੇ ਬੇਹੱਦ ਹਮਦਰਦੀ ਹੈ।

ਆਰੰਭ ਕੀਤਾ ਜਾ ਚੁੱਕਾ ਹੈ।

ਸੋਵੀਅਤਾਂ ਦੁਨੀਆਂ ਭਰ ਵਿਚ ਜੇਤੂ ਰਹੀਆਂ ਹਨ।

ਉਹ ਸਭ ਤੋਂ ਪਹਿਲੀ ਥਾਂ ਉਤੇ ਇਸ ਕਰਕੇ ਜੇਤੂ ਰਹੀਆਂ ਹਨ ਕਿਉਂਕਿ ਉਹਨਾਂ ਨੇ ਮਜ਼ਦੂਰਾਂ ਦੀ ਹਮਦਰਦੀ ਜਿੱਤ ਲਈ ਹੈ। ਇਹ ਮੁੱਖ ਗੱਲ ਹੈ। ਸਾਮਰਾਜੀ ਬੁਰਜੂਆਜ਼ੀ ਦੀ ਕੋਈ ਵੀ ਦਰਿੰਦਗੀ, ਬਾਲਸ਼ਵਿਕਾਂ ਉਤੇ ਕੋਈ ਵੀ ਜ਼ੁਲਮ ਜਾਂ ਉਹਨਾਂ ਦੇ ਕਤਲ ਲੋਕਾਂ ਨੂੰ ਇਸ ਪ੍ਰਾਪਤੀ ਤੋਂ ਵਾਜਿਆਂ ਨਹੀਂ ਕਰ ਸਕਦੇ। "ਜਮਹੂਰੀ" ਬੁਰਜੂਆਜ਼ੀ ਨੂੰ ਜਿੰਨਾਂ ਵਧੇਰੇ ਗ਼ੁੱਸਾ ਚੜ੍ਹਦਾ ਹੈ, ਪ੍ਰੋਲਤਾਰੀ ਜਨਤਾ ਦੇ ਦਿਲਾਂ ਉਤੇ, ਉਹਨਾਂ ਦੀਆਂ ਮਨੋ-ਬਿਰਤੀਆਂ ਉਤੇ, ਉਹਨਾਂ ਦੇ ਦਿਮਾਗ਼ਾਂ ਉਤੇ ਇਹਨਾਂ ਪ੍ਰਾਪਤੀਆਂ ਦੀ ਜਕੜ ਉੱਨੀ ਹੀ ਪੱਕੀ ਹੁੰਦੀ ਜਾਏਗੀ, ਅਤੇ ਉੱਨਾਂ ਹੀ ਵਧੇਰੇ ਇਹ ਉਹਨਾਂ ਦੇ ਬਹਾਦਰ ਘੋਲ ਨੂੰ ਪ੍ਰੇਰਨਾ ਦੇਣਗੀਆਂ।

ਆਰੰਭ ਕੀਤਾ ਜਾ ਚੁੱਕਾ ਹੈ।

ਇਸੇ ਕਰਕੇ ਹੀ ਮਾਸਕੋ ਵਿਚ ਕਮਿਊਨਿਸਟਾਂ ਦੀ ਇੰਟਰਨੈਸ਼ਨਲ ਕਾਨਫ਼ਰੰਸ ਦਾ ਕੰਮ, ਜਿਸਨੇ ਤੀਜੀ ਇੰਟਰਨੈਸ਼ਨਲ ਦੀ ਨੀਂਹ ਰਖੀ, ਇੰਨੀਂ ਸੌਖੀ ਤਰ੍ਹਾਂ, ਇੰਨਾਂ ਸਵਾਹਰਾ, ਇੰਨੀਂ ਸ਼ਾਂਤੀ ਅਤੇ ਦਰਿੜ੍ਹ ਇਰਾਦੇ ਨਾਲ ਚਲਦਾ ਰਿਹਾ ਹੈ।

ਜੋ ਕੁਝ ਜਿੱਤਿਆ ਜਾ ਚੁੱਕਾ ਹੈ, ਉਹ ਅਸੀਂ ਲੇਖੇ ਵਿਚ ਦਰਜ ਕਰ ਲਿਆ ਹੈ। ਜੋ ਕੁਝ ਲੋਕਾਂ ਦੇ ਮਨਾਂ ਉਪਰ ਪਹਿਲਾਂ ਹੀ ਪੱਕੀ ਜਕੜ ਪ੍ਰਾਪਤ ਕਰ ਚੁੱਕਾ ਹੈ, ਅਸੀਂ ਉਸਨੂੰ ਲਿਖ ਲਿਆ ਹੈ। ਹਰ ਕੋਈ ਜਾਣਦਾ ਸੀ, ਅਤੇ ਇਸ ਤੋਂ ਵੀ ਵਧ, ਹਰ ਕੋਈ ਆਪੋ ਆਪਣੇ ਦੇਸ ਦੇ ਤਜਰਬੇ ਤੋਂ ਦੇਖਦਾ, ਮਹਿਸੂਸ ਕਰਦਾ, ਭਾਂਪਦਾ ਸੀ ਕਿ ਨਵੀਂ ਪ੍ਰੋਲਤਾਰੀ ਲਹਿਰ ਪੂਰੇ ਜ਼ੋਰਾਂ ਉਤੇ ਹੈ। ਹਰ ਕੋਈ ਮਹਿਸੂਸ ਕਰਦਾ ਸੀ ਕਿ ਇਹ ਬੇਮਿਸਾਲ ਤੌਰ ਉਤੇ ਸ਼ਕਤੀਸ਼ਾਲੀ ਅਤੇ ਡੂੰਘੀ ਜਾਂਦੀ ਲਹਿਰ ਪੁਰਾਣੇ ਢਾਂਚਿਆਂ ਵਿਚੋਂ ਕਿਸੇ ਤੱਕ ਵੀ ਨਹੀਂ ਸੀਮਤ ਕੀਤੀ ਜਾ ਸਕਦੀ, ਨਾ ਇਸਨੂੰ ਤੁਛ ਰਾਜਨੀਤੀ ਦੇ ਗੁਰੂ-ਘੰਟਾਲ, ਨਾ ਹੀ ਸੰਸਾਰ ਭਰ ਤੋਂ ਸਿਖਿਆ ਲੈ ਚੁੱਕੇ, ਸੰਸਾਰ ਭਰ ਵਿਚ ਮਹਾਰਤ ਲੈ ਚੁੱਕੇ, ਬਰਤਾਨਵੀ ਅਤੇ ਅਮਰੀਕੀ "ਜਮਹੂਰੀ" ਸਰਮਾਇਦਾਰੀ ਦੇ ਲਾਇਡ-ਜਾਰਜ ਅਤੇ ਵਿਲਮਨ, ਨਾ ਹੀ ਹੈਂਡਰਸਨ, ਰੇਨਾਡੇਲ,

ਬਰਾਂਟਿੰਗ ਅਤੇ ਸਮਾਜੀ-ਅੰਧਰਾਸ਼ਟਰਵਾਦ ਦੇ ਦੂਜੇ ਸਾਰੇ ਮੋਟੀ ਚਮੜੀ ਵਾਲੇ ਯੋਧੇ ਰੋਕ ਕੇ ਰਖ ਸਕਦੇ ਹਨ।

ਨਵੀਂ ਲਹਿਰ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਵੱਲ ਜਾ ਰਹੀ ਹੈ, ਸਾਰੇ ਡੱਕੋ-ਡੋਲਿਆਂ ਦੇ ਬਾਵਜੂਦ, ਨਿਰਾਸ਼ਾਜਨਕ ਹਾਰਾਂ ਦੇ ਬਾਵਜੂਦ, ਬੇਮਿਸਾਲ ਅਤੇ ਯਕੀਨੋਂ-ਬਾਹਰੇ "ਰੂਸੀ" ਗੋਦਮ-ਗਾਹ (ਜੇ ਕੋਈ ਦਰਸ਼ਕ ਵਜੋਂ ਉਤੋਂ ਦੇਖੇ ਤਾਂ) ਦੇ ਬਾਵਜੂਦ ਅੱਗੇ ਵਧ ਰਹੀ ਹੈ। ਇਹ ਆਪਣੇ ਰਾਹ ਤੋਂ ਹਰ ਇਕ ਚੀਜ਼ ਨੂੰ ਹੂੰਝਦੇ ਲੱਖਾਂ ਕਰੋੜਾਂ ਮਜ਼ਦੂਰਾਂ ਦੀ ਹੜ੍ਹ ਵਰਗੀ ਸ਼ਕਤੀ ਨਾਲ **ਸੋਵੀਅਤ ਸੱਤਾ** ਲਈ ਵਧ ਰਹੀ ਹੈ।

ਇਹ ਹੈ ਜਿਹੜਾ ਅਸੀਂ ਦਰਜ ਕਰ ਲਿਆ ਹੈ। ਅਸੀਂ ਆਪਣੇ ਮੱਤਿਆਂ, ਥੀਸਸਾਂ, ਰਪੋਰਟਾਂ ਅਤੇ ਤਕਰੀਰਾਂ ਵਿਚ ਉਹ ਸਭ ਕੁਝ ਨਿਰੂਪਤ ਕੀਤਾ ਹੈ, ਜੋ ਕੁਝ ਪਹਿਲਾਂ ਹੀ ਜਿੱਤਿਆ ਜਾ ਚੁੱਕਾ ਹੈ।

ਇਨਕਲਾਬੀ ਮਜ਼ਦੂਰਾਂ ਦੇ ਨਵੇਂ, ਸਰਬ-ਵਿਆਪਕ ਤੌਰ ਉਤੇ ਭਰਪੂਰ ਤਜਰਬੇ ਦੇ ਚਮਕਦੇ ਚਾਨਣ ਨਾਲ ਰੁਸ਼ਨਾਏ ਮਾਰਕਸਵਾਦੀ ਸਿਧਾਂਤ ਨੇ ਮੌਜੂਦਾ ਵਿਕਾਸ ਦੀ ਅਟੱਲਤਾ ਸਮਝਣ ਵਿਚ ਸਾਡੀ ਸਹਾਇਤਾ ਕੀਤੀ ਹੈ। ਇਹ ਸਾਰੀ ਦੁਨੀਆਂ ਦੇ ਮਜ਼ਦੂਰਾਂ ਦੀ, ਜਿਹੜੇ ਸਰਮਾਇਦਾਰਾਨਾ ਉਜਰਤੀ-ਗ਼ੁਲਾਮੀ ਨੂੰ ਉਲਟਾਉਣ ਲਈ ਲੜ ਰਹੇ ਹਨ, ਆਪਣੇ ਘੋਲ ਦੇ ਨਿਸ਼ਾਨਿਆਂ ਦਾ ਵਧੇਰੇ ਸਪਸ਼ਟਤਾ ਨਾਲ ਮੁੱਲ ਪਾਉਣ ਵਿਚ, ਪਹਿਲਾਂ ਹੀ ਉਲੀਕੇ ਰਾਹ ਉਤੇ ਵਧੇਰੇ ਦ੍ਰਿੜ੍ਹਤਾ ਨਾਲ ਅੱਗੇ ਵਧਣ ਵਿਚ, ਵਧੇਰੇ ਵਿਸ਼ਵਾਸ ਨਾਲ ਅਤੇ ਮਜ਼ਬੂਤੀ ਨਾਲ ਜਿੱਤ ਪ੍ਰਾਪਤ ਕਰਨ ਅਤੇ ਇਸਨੂੰ ਪੱਕਿਆਂ ਕਰਨ ਵਿਚ ਸਹਾਇਤਾ ਕਰੇਗਾ।

ਤੀਜੀ, ਕਮਿਊਨਿਸਟ ਇੰਟਰਨੈਸ਼ਨਲ ਦੀ ਨੀਂਹ ਰਖਿਆ ਜਾਣਾ ਸੋਵੀਅਤਾਂ ਦੀ ਕੌਮਾਂਤਰੀ ਰੀਪਬਲਿਕ ਦਾ, ਕਮਿਊਨਿਜ਼ਮ ਦੀ ਕੌਮਾਂਤਰੀ ਜਿੱਤ ਦਾ ਸੁਨੇਹਾ ਦੇਂਦਾ ਹੈ।

੫ ਮਾਰਚ, ੧੯੧੯

ਸੰਗ੍ਰਹਿਤ ਕਿਰਤਾਂ, ਸੈਂਚੀ ੩੭,
ਪੰਨੇ ੫੧੨-੫੧੪

# ਗਰਾਮੋਫੋਨ ਰੀਕਾਰਡਾਂ ਉੱਪਰ ਤਕਰੀਰਾਂ ਵਿਚੋਂ

## ਤੀਜੀ, ਕਮਿਊਨਿਸਟ ਇੰਟਰਨੈਸ਼ਨਲ

ਇਸ ਸਾਲ, ੧੯੧੯, ਦੇ ਮਾਰਚ ਦੇ ਮਹੀਨੇ ਮਾਸਕੋ ਵਿਚ ਕਮਿਊਨਿਸਟਾਂ ਦੀ ਇਕ ਕੌਮਾਂਤਰੀ ਕਾਂਗਰਸ ਹੋਈ ਸੀ। ਇਸ ਕਾਂਗਰਸ ਨੇ ਤੀਜੀ, ਕਮਿਊਨਿਸਟ ਇੰਟਰਨੈਸ਼ਨਲ ਦੀ, ਸਾਰੀ ਦੁਨੀਆਂ ਦੇ ਮਜ਼ਦੂਰਾਂ ਦੀ ਸਭਾ ਦੀ ਨੀਂਹ ਰਖੀ ਸੀ, ਜਿਹੜੇ ਸਾਰੇ ਦੇਸਾਂ ਵਿਚ ਸੋਵੀਅਤ ਸੱਤਾ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਪਹਿਲੀ ਇੰਟਰਨੈਸ਼ਨਲ, ਜਿਸਦੀ ਨੀਂਹ ਮਾਰਕਸ ਨੇ ਰਖੀ ਸੀ, ੧੮੬੪ ਤੋਂ ੧੮੭੨ ਤੱਕ ਕਾਇਮ ਰਹੀ। ਪੈਰਿਸ ਦੇ ਬਹਾਦਰ ਮਜ਼ਦੂਰਾਂ ਦੀ—ਪ੍ਰਸਿਧ ਪੈਰਿਸ ਕਮਿਊਨ ਦੀ—ਹਾਰ ਨਾਲ ਇਸ ਇੰਟਰਨੈਸ਼ਨਲ ਦਾ ਅੰਤ ਹੋ ਗਿਆ। ਇਹ ਅਭੁਲ ਹੈ, ਇਹ ਆਪਣੀ ਮੁਕਤੀ ਲਈ ਮਜ਼ਦੂਰਾਂ ਦੇ ਘੋਲ ਦੇ ਇਤਿਹਾਸ ਵਿਚ ਹਮੇਸ਼ਾ ਲਈ ਕਾਇਮ ਰਹੇਗੀ। ਇਸਨੇ ਸੰਸਾਰ ਸੋਸ਼ਲਿਸਟ ਗਣ-ਰਾਜ ਦੀ ਉਸ ਇਮਾਰਤ ਦੀ ਨੀਂਹ ਰਖੀ, ਜਿਸਨੂੰ ਉਸਾਰਨ ਦੀ ਖ਼ੁਸ਼-ਕਿਸਮਤੀ ਹੁਣ ਸਾਡੇ ਹਿੱਸੇ ਆਈ ਹੈ।

ਦੂਜੀ ਇੰਟਰਨੈਸ਼ਨਲ ੧੮੮੯ ਤੋਂ ੧੯੧੪ ਤੱਕ, ਜੰਗ ਤੱਕ, ਕਾਇਮ ਰਹੀ। ਇਹ ਅਤਿ ਦੇ ਟਿਕਾਉ ਅਤੇ ਸਰਮਾਇਦਾਰੀ ਦੇ ਸ਼ਾਂਤਮਈ ਵਿਕਾਸ ਦਾ ਦੌਰ ਸੀ, ਵੱਡੇ ਇਨਕਲਾਬਾਂ ਤੋਂ ਬਿਨਾਂ ਦੌਰ ਸੀ। ਇਸ ਦੌਰ ਵਿਚ ਮਜ਼ਦੂਰ ਜਮਾਤ ਲਹਿਰ ਨੇ ਤਾਕਤ ਫੜੀ ਅਤੇ ਕਈ ਦੇਸਾਂ ਵਿਚ ਇਹ ਪਰਪੱਕ ਹੋਈ। ਪਰ ਬਹੁਤੀਆਂ ਪਾਰਟੀਆਂ ਵਿਚਲੇ ਮਜ਼ਦੂਰਾਂ ਦੇ ਆਗੂ ਸ਼ਾਂਤਮਈ ਹਾਲਤਾਂ ਦੇ ਆਦੀ ਹੋ ਗਏ ਸਨ ਅਤੇ ਇਨਕਲਾਬੀ ਘੋਲ ਘੁਲਣ ਦੀ ਸਮਰਥਾ ਗੁਆ ਚੁੱਕੇ ਸਨ। ਜਦੋਂ ੧੯੧੪ ਵਿਚ ਜੰਗ ਛਿੜੀ, ਜਿਸਨੇ ਚਾਰ ਸਾਲ ਲਈ ਧਰਤੀ ਨੂੰ ਖ਼ੂਨ ਨਾਲ ਲੱਥ-ਪੱਥ ਕਰੀ ਰਖਿਆ, ਜਿਹੜੀ ਮੁਨਾਫ਼ਿਆਂ ਦੀ ਵੰਡ ਲਈ ਸਰਮਾਇਦਾਰਾਂ ਵਿਚਕਾਰ ਜੰਗ ਸੀ, ਛੋਟੀਆਂ ਅਤੇ ਕਮਜ਼ੋਰ ਕੌਮਾਂ ਉਤੇ ਗ਼ਲਬੇ ਲਈ ਜੰਗ ਸੀ, ਇਹ ਆਗੂ ਧਰੋਹ ਕਰਕੇ ਆਪਣੀਆਂ ਆਪਣੀਆਂ ਸਰਕਾਰਾਂ ਵੱਲ ਚਲੇ ਗਏ। ਉਹਨਾਂ ਨੇ ਮਜ਼ਦੂਰਾਂ ਨਾਲ ਗ਼ੱਦਾਰੀ ਕੀਤੀ, ਉਹਨਾਂ ਨੇ ਕਤਲਾਮ ਨੂੰ ਲਮਕਾਉਣ ਵਿਚ ਸਹਾਇਤਾ ਕੀਤੀ, ਉਹ ਸੋਸ਼ਲਿਜ਼ਮ ਦੇ ਦੁਸ਼ਮਣ ਬਣ ਗਏ, ਉਹ ਸਰਮਾਇਦਾਰਾਂ ਵੱਲ ਹੋ ਗਏ।

ਮਜ਼ਦੂਰਾਂ ਦੇ ਸਮੂਹਾਂ ਨੇ ਸੋਸ਼ਲਿਜ਼ਮ ਦੇ ਇਹਨਾਂ ਗ਼ੱਦਾਰਾਂ ਵਲੋਂ ਮੂੰਹ ਮੋੜ ਲਿਆ। ਸਾਰੀ ਦੁਨੀਆਂ ਵਿਚ ਇਨਕਲਾਬੀ ਘੋਲ ਵੱਲ ਮੋੜ ਆਇਆ। ਜੰਗ ਨੇ ਸਿਧ ਕਰ ਦਿਤਾ ਕਿ ਸਰਮਾਇਦਾਰੀ ਦਾ ਅੰਤ ਆ ਗਿਆ ਹੈ। ਇਸਦੀ ਥਾਂ ਲੈਣ ਲਈ ਨਵਾਂ ਨਿਜ਼ਾਮ ਆ ਰਿਹਾ ਹੈ। ਸੋਸ਼ਲਿਜ਼ਮ ਦੇ ਪੁਰਾਣੇ ਲਫ਼ਜ਼ ਨੂੰ ਸੋਸ਼ਲਿਜ਼ਮ ਦੇ ਗ਼ੱਦਾਰਾਂ ਨੇ ਭ੍ਰਿਸ਼ਟ ਕਰ ਦਿਤਾ ਸੀ।

ਅੱਜ ਸਰਮਾਇਦਾਰੀ ਦੇ ਜੂਲੇ ਨੂੰ ਲਾਹ ਮਾਰਨ ਦੇ ਉਦੇਸ਼ ਵੱਲ ਜਿਹੜੇ ਮਜ਼ਦੂਰ ਵਫ਼ਾਦਾਰ ਰਹੇ ਹਨ, ਉਹ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੇ ਹਨ। ਦੁਨੀਆਂ ਭਰ ਵਿਚ ਕਮਿਊਨਿਸਟਾਂ ਦਾ ਮਿਲਾਪ ਵਧ ਰਿਹਾ ਹੈ। ਕਈ ਦੇਸਾਂ ਵਿਚ ਸੋਵੀਅਤ ਸੱਤਾ ਪਹਿਲਾਂ ਹੀ ਜਿੱਤ ਪ੍ਰਾਪਤ ਕਰ ਚੁੱਕੀ ਹੈ। ਛੇਤੀ ਹੀ ਅਸੀਂ ਦੁਨੀਆਂ ਭਰ ਵਿਚ ਕਮਿਊਨਿਜ਼ਮ ਦੀ ਜਿੱਤ ਹੁੰਦੀ ਦੇਖਾਂਗੇ; ਅਸੀਂ ਸੋਵੀਅਤਾਂ ਦੇ ਸੰਸਾਰ ਸੰਘ ਗਣ-ਰਾਜ ਦੀ ਨੀਂਹ ਰਖੀ ਜਾਂਦੀ ਦੇਖਾਂਗੇ।

ਇਹ ਤਕਰੀਰ ਮਾਰਚ ੧੯੧੯ ਦੇ ਅਖ਼ੀਰ ਵਿਚ ਕੀਤੀ ਗਈ ਸੀ।

ਸੰਗ੍ਰਹਿਤ ਕਿਰਤਾਂ, ਸੈਂਚੀ ੩੮, ਪੰਨੇ ੨੩੦-੨੩੧

# ੨੨ ਨਵੰਬਰ, ੧੯੧੯ ਨੂੰ
# ਪੂਰਬ ਦੀਆਂ ਕੌਮਾਂ ਦੀਆਂ ਕਮਿਊਨਿਸਟ ਜਥੇਬੰਦੀਆਂ ਦੀ ਦੂਜੀ ਕੁੱਲ-ਰੂਸ ਕਾਂਗਰਸ ਵਿਚ ਭਾਸ਼ਨ
## ਵਿਚੋਂ

ਸਾਥੀਓ, ਪੂਰਬ ਦੀਆਂ ਮੁਸਲਮ ਜਥੇਬੰਦੀਆਂ ਦੀ ਪ੍ਰਤਿਨਿਧਤਾ ਕਰਦੇ ਕਮਿਊਨਿਸਟ ਸਾਥੀਆਂ ਦੀ ਇਸ ਕਾਂਗਰਸ ਦਾ ਸੁਆਗਤ ਕਰਨ ਦਾ ਅਤੇ ਇਸ ਵੇਲੇ ਰੂਸ ਵਿਚ ਅਤੇ ਦੁਨੀਆਂ ਭਰ ਵਿਚ ਅਵਸਥਾ ਬਾਰੇ ਕੁਝ ਸ਼ਬਦ ਕਹਿਣ ਦਾ ਮੌਕਾ ਮਿਲਣ ਉਤੇ ਮੈਨੂੰ ਬੜੀ ਖੁਸ਼ੀ ਹੋਈ ਹੈ ਮੇਰੀ ਤਕਰੀਰ ਦਾ ਵਿਸ਼ਾ ਚਾਲੂ ਮਾਮਲੇ ਹੈ ਅਤੇ ਮੈਨੂੰ ਲਗਦਾ ਹੈ ਕਿ ਇਸ ਸਮੇਂ ਇਸ ਸਵਾਲ ਦੇ ਅਤਿ ਜ਼ਰੂਰੀ ਪੱਖ ਹਨ—ਪੂਰਬ ਦੀਆਂ ਕੌਮਾਂ ਦਾ ਸਾਮਰਾਜ ਵੱਲ ਵਤੀਰਾ ਅਤੇ ਇਹਨਾਂ ਕੌਮਾਂ ਵਿਚ ਇਨਕਲਾਬੀ ਲਹਿਰ। ਇਹ ਸਵੈ-ਪ੍ਰਤੱਖ ਹੈ ਕਿ ਪੂਰਬ ਦੇ ਲੋਕਾਂ ਦੀ ਇਹ ਇਨਕਲਾਬੀ ਲਹਿਰ ਇਸ ਸਮੇਂ ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਸਾਡੀ ਸੋਵੀਅਤ ਰੀਪਬਲਿਕ ਦੇ ਇਨਕਲਾਬੀ ਘੋਲ ਨਾਲ ਸਿਧੀ ਤਰ੍ਹਾਂ ਮਿਲ ਕੇ ਹੀ ਕਾਰਗਰ ਢੰਗ ਨਾਲ ਵਿਕਾਸ ਕਰ ਸਕਦੀ ਹੈ, ਕਿਸੇ ਸਫ਼ਲ ਸਿੱਟੇ ਤੱਕ ਪੁੱਜ ਸਕਦੀ ਹੈ। ਕਈ ਹਾਲਤਾਂ ਕਾਰਨ, ਜਿਨ੍ਹਾਂ ਵਿਚ ਰੂਸ ਦਾ ਪਛੜੇਵਾਂ ਅਤੇ ਇਸਦਾ ਵਿਸ਼ਾਲ ਇਲਾਕਾ, ਅਤੇ ਇਹ ਤੱਥ ਵੀ ਸ਼ਾਮਲ ਹਨ ਕਿ ਰੂਸ ਯੂਰਪ ਅਤੇ ਏਸ਼ੀਆ ਵਿਚਕਾਰ, ਪੱਛਮ ਅਤੇ ਪੂਰਬ ਵਿਚਕਾਰ ਸਰਹੱਦ ਬਣਿਆ ਹੋਇਆ ਹੈ, ਸਾਨੂੰ ਸਾਮਰਾਜ ਦੇ ਖ਼ਿਲਾਫ਼ ਸੰਸਾਰ ਘੋਲ ਦੇ ਮੋਢੀ ਹੋਣ ਦਾ ਸਾਰਾ ਬੋਝ ਆਪਣੇ ਸਿਰ ਸਹਿਣਾ ਪਿਆ—ਅਤੇ ਅਸੀਂ ਇਹਨੂੰ ਭਾਰੀ ਮਾਣ ਵਾਲੀ ਗੱਲ ਸਮਝਦੇ ਹਾਂ। ਇਸਦੇ ਸਿੱਟੇ ਵਜੋਂ, ਨਿਕਟ ਭਵਿੱਖ ਵਿਚ ਵਿਕਾਸ ਦਾ ਸਾਰਾ ਰਾਹ ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਹੋਰ ਵੀ ਵਧੇਰੇ ਵਿਸ਼ਾਲ ਅਤੇ ਵਧੇਰੇ ਸਖ਼ਤ ਘੋਲ ਦੀ ਪੇਸ਼ਗੋਈ ਕਰਦਾ ਹੈ, ਅਤੇ ਇਹ ਅਟੱਲ ਤੌਰ ਉਤੇ ਜਰਮਨੀ, ਫ਼ਰਾਂਸ, ਬਰਤਾਨੀਆ ਅਤੇ ਅਮਰੀਕਾ ਦੇ ਮਿਲਵੇਂ ਸਾਮਰਾਜ ਦੀਆਂ ਤਾਕਤਾਂ ਦੇ ਖ਼ਿਲਾਫ਼ ਸੋਵੀਅਤ ਗਣ-ਰਾਜਾਂ ਦੇ ਘੋਲ ਨਾਲ ਜੁੜਿਆ ਹੋਵੇਗਾ।

. . . . . . . . . . . . . . . . . . . . . .

ਤੁਸੀਂ ਵੱਖੋ ਵੱਖਰੀਆਂ ਪੂਰਬੀ ਕੌਮਾਂ ਦੀਆਂ ਕਮਿਊਨਿਸਟ ਜਥੇਬੰਦੀਆਂ ਅਤੇ ਕਮਿਊਨਿਸਟ ਪਾਰਟੀਆਂ ਦੇ ਪ੍ਰਤਿਨਿਧ ਹੋ। ਮੈਂ ਜ਼ਰੂਰ ਕਹਾਂਗਾ ਕਿ ਰੂਸੀ ਬਾਲਸ਼ਵਿਕ

ਪੁਰਾਣੇ ਸਾਮਰਾਜ ਵਿਚ ਤਰੇੜ ਪਾਉਣ ਵਿਚ, ਇਨਕਲਾਬ ਦੇ ਨਵੇਂ ਰਾਹ ਉਲੀਕਣ ਦੇ ਬੇਹੱਦ ਮੁਸ਼ਕਲ, ਪਰ ਨਾਲ ਹੀ ਬੇਹੱਦ ਉੱਤਮ ਕਾਰਜ ਨੂੰ ਸ਼ੁਰੂ ਕਰਨ ਵਿਚ ਸਫ਼ਲ ਰਹੇ ਹਨ, ਜਦੋਂ ਕਿ ਤੁਹਾਡੇ, ਪੂਰਬ ਦੇ ਮਜ਼ਦੂਰ ਲੋਕਾਂ ਦੇ ਪ੍ਰਤਿਨਿਧਾਂ ਦੇ ਸਾਮ੍ਹਣੇ ਹੋਰ ਵੀ ਵਡੇਰਾ ਅਤੇ ਵਧੇਰੇ ਨਵਾਂ ਕੰਮ ਹੈ। ਇਹ ਬਿਲਕੁਲ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਸੋਸ਼ਲਿਸਟ ਇਨਕਲਾਬ, ਜਿਹੜਾ ਸਾਰੀ ਦੁਨੀਆਂ ਦੇ ਸਿਰ ਉਤੇ ਮੰਡਲਾ ਰਿਹਾ ਹੈ, ਸਿਰਫ਼ ਹਰ ਦੇਸ ਦੇ ਪ੍ਰੋਲਤਾਰੀ ਦੀ ਆਪੋ-ਆਪਣੀ ਬੁਰਜੂਆਜ਼ੀ ਉਤੇ ਜਿੱਤ ਹੀ ਨਹੀਂ ਹੋਵੇਗਾ। ਇਹ ਗੱਲ ਤਾਂ ਹੀ ਸੰਭਵ ਹੋਵੇਗੀ ਜੇ ਇਨਕਲਾਬ ਸੌਖੀ ਤਰ੍ਹਾਂ ਅਤੇ ਤੇਜ਼ੀ ਨਾਲ ਆ ਜਾਣ। ਸਾਨੂੰ ਪਤਾ ਹੈ ਕਿ ਸਾਮਰਾਜੀ ਇਸਦੀ ਆਗਿਆ ਨਹੀਂ ਦੇਣਗੇ, ਕਿ ਸਾਰੇ ਦੇਸ ਆਪਣੇ ਆਪਣੇ ਘਰੇਲੂ ਬਾਲਸ਼ਵਿਕਵਾਦ ਦੇ ਖ਼ਿਲਾਫ਼ ਹਥਿਆਰਬੰਦ ਹਨ, ਅਤੇ ਉਹਨਾਂ ਦੀ ਇਕੋ ਇਕ ਸੋਚ ਇਹ ਹੈ ਕਿ ਬਾਲਸ਼ਵਿਕਵਾਦ ਨੂੰ ਦੇਸ ਦੇ ਅੰਦਰ ਕਿਵੇਂ ਹਰਾਇਆ ਜਾਏ। ਇਹੀ ਕਾਰਨ ਹੈ ਕਿ ਹਰ ਦੇਸ ਵਿਚ ਘਰੇਲੂ ਜੰਗ ਉੱਸਲਵੱਟ ਖਾ ਰਹੀ ਹੈ ਜਿਸ ਵਿਚ ਪੁਰਾਣੇ ਸੋਸ਼ਲਿਸਟ ਸਮਝੌਤਾ-ਪਸੰਦ ਬੁਰਜੂਆਜ਼ੀ ਵਾਲੇ ਪਾਸੇ ਲਾਮਬੰਦ ਹਨ। ਇਸ ਲਈ ਸੋਸ਼ਲਿਸਟ ਇਨਕਲਾਬ ਸਿਰਫ਼, ਜਾਂ ਮੁਖ ਤੌਰ ਉਤੇ, ਹਰ ਦੇਸ ਵਿਚ ਇਨਕਲਾਬੀ ਪ੍ਰੋਲਤਾਰੀ ਦਾ ਆਪੋ-ਆਪਣੀ ਬੁਰਜੂਆਜ਼ੀ ਦੇ ਖ਼ਿਲਾਫ਼ ਘੋਲ ਨਹੀਂ ਹੋਵੇਗਾ—ਨਹੀਂ, ਇਹ ਸਾਮਰਾਜ ਦੇ ਦਬਾਏ ਸਾਰੇ ਦੇਸਾਂ ਅਤੇ ਬਸਤੀਆਂ ਦਾ, ਸਾਰੇ ਅਧੀਨ ਦੇਸਾਂ ਦਾ, ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਘੋਲ ਹੋਵੇਗਾ। ਪਿਛਲੇ ਮਾਰਚ ਮਹੀਨੇ ਵਿਚ ਸਾਡੇ ਵਲੋਂ ਅਪਣਾਏ ਗਏ ਪਾਰਟੀ ਪ੍ਰੋਗਰਾਮ[174] ਵਿਚ ਸੰਸਾਰ ਸਮਾਜਕ ਇਨਕਲਾਬ ਦੇ ਪੁੱਜਣ ਦਾ ਖ਼ਾਸਾ ਦਸਦਿਆਂ, ਅਸੀਂ ਕਿਹਾ ਸੀ ਕਿ ਸਾਰੇ ਉੱਨਤ ਦੇਸਾਂ ਵਿਚ ਸਾਮਰਾਜੀਆਂ ਅਤੇ ਲੋਟੂਆਂ ਦੇ ਖ਼ਿਲਾਫ਼ ਮਜ਼ਦੂਰ ਲੋਕਾਂ ਦੀ ਘਰੇਲੂ ਜੰਗ ਨੂੰ ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਕੌਮੀ ਜੰਗ ਦੇ ਨਾਲ ਮੇਲਿਆ ਜਾਣਾ ਸ਼ੁਰੂ ਹੋ ਰਿਹਾ ਹੈ। ਇਨਕਲਾਬ ਦਾ ਵਹਿਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ, ਅਤੇ ਸਮਾਂ ਲੰਘਣ ਦੇ ਨਾਲ ਨਾਲ ਇਸਦੀ ਹੋਰ ਵੀ ਵਧੇਰੇ ਪੁਸ਼ਟੀ ਹੁੰਦੀ ਜਾਏਗੀ। ਪੂਰਬ ਵਿਚ ਵੀ ਇਵੇਂ ਹੀ ਹੋਵੇਗਾ।

ਸਾਨੂੰ ਪਤਾ ਹੈ ਕਿ ਪੂਰਬ ਦੇ ਜਨ-ਸਮੂਹ ਸਵੈਧੀਨ ਹਿੱਸਾ ਲੈਣ ਵਾਲੀਆਂ ਵਜੋਂ, ਨਵੇਂ ਜੀਵਨ ਦੇ ਉਸਰਈਆਂ ਵਜੋਂ ਉਠਣਗੇ, ਕਿਉਂਕਿ ਕਰੋੜਾਂ ਲੋਕ ਪ੍ਰਾਧੀਨ, ਘਟ ਅਧਿਕਾਰਾਂ ਵਾਲੀਆਂ ਕੌਮਾਂ ਨਾਲ ਸੰਬੰਧ ਰਖਦੇ ਹਨ, ਜਿਹੜੀਆਂ ਹੁਣ ਤੱਕ ਕੌਮਾਂਤਰੀ ਸਾਮਰਾਜੀ ਨੀਤੀ ਦਾ ਨਿਸ਼ਾਨਾ ਰਹੀਆਂ ਹਨ, ਅਤੇ ਸਰਮਾਇਦਾਰਾਨਾ ਸਭਿਆਚਾਰ ਅਤੇ ਸਿਰਫ਼ ਸਭਿਅਤਾ ਨੂੰ ਉਪਜਾਊ ਬਣਾਉਣ ਵਾਲੇ ਪਦਾਰਥ ਵਜੋਂ ਹੀ ਜਿਊਂਦੀਆਂ ਰਹੀਆਂ ਹਨ। ਅਤੇ ਜਦੋਂ ਉਹ ਬਸਤੀਆਂ ਲਈ ਰਾਜ-ਸੌਂਪਣੀਆਂ ਦੇਣ ਦੀ ਗੱਲ ਕਰਦੇ ਹਨ, ਤਾਂ ਅਸੀਂ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਇਸਦਾ ਮਤਲਬ ਧਾੜਵੀਪੁਣੇ ਅਤੇ ਲੁੱਟਮਾਰ ਲਈ ਰਾਜ-ਸੌਂਪਣੀ ਦੇਣਾ ਹੈ—ਦੁਨੀਆਂ ਦੀ

ਵੱਸੋਂ ਦੇ ਨਿਗੂਣੇ ਜਿਹੇ ਹਿੱਸੇ ਨੂੰ ਧਰਤੀ ਦੀ ਵੱਸੋਂ ਦੀ ਬਹੁ-ਗਿਣਤੀ ਦੀ ਲੁੱਟ-ਖਸੁੱਟ ਕਰਨ ਦਾ ਅਧਿਕਾਰ ਦੇਣਾ। ਉਸ ਬਹੁ-ਗਿਣਤੀ ਨੇ, ਜਿਹੜੀ ਉਦੋਂ ਤੱਕ ਇਤਿਹਾਸਕ ਤਰੱਕੀ ਦੇ ਖੇਤਰ ਤੋਂ ਪੂਰੀ ਤਰ੍ਹਾਂ ਬਾਹਰ ਸੀ, ਕਿਉਂਕਿ ਇਹ ਸਵੈਧੀਨ ਇਨਕਲਾਬੀ ਸ਼ਕਤੀ ਨਹੀਂ ਸੀ ਬਣ ਸਕਦੀ, ਵੀਹਵੀਂ ਸਦੀ ਦੇ ਸ਼ੁਰੂ ਵਿਚ, ਜਿਵੇਂ ਕਿ ਸਾਨੂੰ ਪਤਾ ਹੈ, ਇਹੋ ਜਿਹਾ ਕਿਰਿਆਹੀਣ ਰੋਲ ਅਦਾ ਕਰਨਾ ਛੱਡ ਦਿਤਾ। ਸਾਨੂੰ ਪਤਾ ਹੈ ਕਿ ੧੯੦੫ ਤੋਂ ਪਿਛੋਂ ਤੁਰਕੀ, ਈਰਾਨ ਅਤੇ ਚੀਨ ਵਿਚ ਇਨਕਲਾਬ ਆਏ, ਅਤੇ ਭਾਰਤ ਵਿਚ ਇਨਕਲਾਬੀ ਲਹਿਰ ਦਾ ਵਿਕਾਸ ਹੋਣ ਲੱਗਾ। ਸਾਮਰਾਜੀ ਜੰਗ ਨੇ, ਇਸੇ ਤਰ੍ਹਾਂ ਇਨਕਲਾਬੀ ਲਹਿਰ ਦੇ ਵਾਧੇ ਵਿਚ ਹਿੱਸਾ ਪਾਇਆ, ਕਿਉਂਕਿ ਯੂਰਪੀ ਸਾਮਰਾਜੀਆਂ ਨੂੰ ਆਪਣੇ ਘੋਲ ਵਿਚ ਪੂਰੀਆਂ ਦੀਆਂ ਪੂਰੀਆਂ ਬਸਤੀਆਂ ਵਿਚੋਂ ਰਜਮੈਂਟਾਂ ਲਾਮਬੰਦ ਕਰਨੀਆਂ ਪਈਆਂ। ਸਾਮਰਾਜੀ ਜੰਗ ਨੇ ਪੂਰਬ ਨੂੰ ਵੀ ਜਗਾ ਦਿਤਾ ਅਤੇ ਪੂਰਬ ਦੇ ਲੋਕਾਂ ਨੂੰ ਕੌਮਾਂਤਰੀ ਰਾਜ-ਨੀਤੀ ਵਿਚ ਖਿੱਚ ਲਿਆ। ਬਰਤਾਨੀਆ ਅਤੇ ਫ਼ਰਾਂਸ ਨੇ ਬਸਤੀਆਂ ਦੇ ਲੋਕਾਂ ਨੂੰ ਹਥਿਆਰਬੰਦ ਕੀਤਾ ਅਤੇ ਫ਼ੌਜੀ ਤਕਨੀਕ ਅਤੇ ਨਵੀਨਤਮ ਮਸ਼ੀਨਾਂ ਤੋਂ ਆਪਣੇ ਆਪ ਨੂੰ ਜਾਣੂ ਕਰਾਉਣ ਵਿਚ ਉਹਨਾਂ ਦੀ ਸਹਾਇਤਾ ਕੀਤੀ। ਉਸ ਗਿਆਨ ਨੂੰ ਉਹ ਸਾਮਰਾਜੀ ਭੱਦਰਪੁਰਸ਼ਾਂ ਦੇ ਖ਼ਿਲਾਫ਼ ਵਰਤਣਗੇ। ਸਮਕਾਲੀ ਇਨਕਲਾਬ ਵਿਚ ਪੂਰਬ ਦੀ ਜਾਗ੍ਰਤੀ ਦੇ ਦੌਰ ਤੋਂ ਪਿਛੋਂ ਉਹ ਦੌਰ ਆ ਰਿਹਾ ਹੈ ਜਿਸ ਵਿਚ ਪੂਰਬ ਦੀਆਂ ਸਾਰੀਆਂ ਕੌਮਾਂ ਸਾਰੀ ਦੁਨੀਆਂ ਦੀ ਹੋਣੀ ਦਾ ਫ਼ੈਸਲਾ ਕਰਨ ਵਿਚ ਹਿੱਸਾ ਲੈਣਗੀਆਂ, ਤਾਂ ਜੁ ਉਹ ਹੋਰਨਾਂ ਨੂੰ ਅਮੀਰ ਕਰਨ ਵਾਲੀਆਂ ਹੀ ਨਾ ਬਣੀਆਂ ਰਹਿਣ। ਪੂਰਬ ਦੇ ਲੋਕ ਅਮਲੀ ਕਾਰਵਾਈ ਦੀ ਲੋੜ ਨੂੰ, ਹਰ ਕੌਮ ਲਈ ਸਾਰੀ ਮਨੁਖਤਾ ਦੀ ਹੋਣੀ ਘੜਣ ਵਿਚ ਹਿੱਸਾ ਲੈਣ ਦੀ ਲੋੜ ਨੂੰ ਮਹਿਸੂਸ ਕਰਨ ਲੱਗ ਪਏ ਹਨ।

ਇਸੇ ਕਰਕੇ ਹੀ ਮੈਂ ਖ਼ਿਆਲ ਕਰਦਾ ਹਾਂ ਕਿ ਸੰਸਾਰ ਇਨਕਲਾਬ ਦੇ ਵਿਕਾਸ ਦੇ ਇਤਿਹਾਸ ਵਿਚ—ਜਿਹੜਾ, ਜੇ ਇਸਦੇ ਆਰੰਭ ਹੋਣ ਤੋਂ ਅੰਦਾਜ਼ਾ ਲਾਇਆ ਜਾਏ, ਤਾਂ ਕਈ ਸਾਲਾਂ ਤੱਕ ਜਾਰੀ ਰਹੇਗਾ ਅਤੇ ਬਹੁਤ ਘਾਲਣਾ ਦੀ ਮੰਗ ਕਰੇਗਾ—ਕਿ ਇਨਕਲਾਬੀ ਘੋਲ ਵਿਚ, ਇਨਕਲਾਬੀ ਲਹਿਰ ਵਿਚ ਤੁਹਾਥੋਂ ਭਾਰੀ ਰੋਲ ਅਦਾ ਕਰਨ ਦੀ ਅਤੇ ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਸਾਡੇ ਘੋਲ ਨਾਲ ਮਿਲ ਜਾਣ ਦੀ ਆਸ ਕੀਤੀ ਜਾਵੇਗੀ। ਕੌਮਾਂਤਰੀ ਇਨਕਲਾਬ ਵਿਚ ਤੁਹਾਡੀ ਸ਼ਮੂਲੀਅਤ ਤੁਹਾਡੇ ਸਾਮ੍ਹਣੇ ਗੁੰਝਲਦਾਰ ਅਤੇ ਮੁਸ਼ਕਲ ਕੰਮ ਲਿਆਵੇਗੀ, ਜਿਸਦੀ ਪੂਰਤੀ ਸਾਡੀ ਸਾਂਝੀ ਸਫ਼ਲਤਾ ਲਈ ਬੁਨਿਆਦ ਦਾ ਕੰਮ ਦੇਵੇਗੀ, ਕਿਉਂਕਿ ਇਥੇ ਲੋਕਾਂ ਦੀ ਬਹੁ-ਗਿਣਤੀ ਪਹਿਲੀ ਵਾਰ ਸਵੈਧੀਨ ਤੌਰ ਉਤੇ ਕੰਮ ਕਰਨਾ ਸ਼ੁਰੂ ਕਰ ਰਹੀ ਹੈ ਅਤੇ ਇਹ ਕੌਮਾਂਤਰੀ ਸਾਮਰਾਜ ਨੂੰ ਉਲਟਾਉਣ ਲਈ ਲੜਾਈ ਵਿਚ ਸਰਗਰਮ ਅੰਸ਼ ਬਣੇਗੀ।

ਪੂਰਬ ਦੀਆਂ ਬਹੁਤੀਆਂ ਕੌਮਾਂ ਯੂਰਪ ਦੇ ਅਤਿ ਦੇ ਪਛੜੇ ਦੇਸ—ਰੂਸ—ਨਾਲੋਂ

ਵੀ ਮਾੜੀ ਹਾਲਤ ਵਿਚ ਹਨ। ਪਰ ਸਾਮੰਤੀ ਰਹਿੰਦ-ਖੂੰਹਦ ਅਤੇ ਸਰਮਾਇਦਾਰੀ ਦੇ ਖ਼ਿਲਾਫ਼ ਆਪਣੇ ਘੋਲ ਵਿਚ, ਅਸੀਂ ਰੂਸ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਕਮੁਠ ਕਰਨ ਵਿਚ ਸਫ਼ਲ ਹੋ ਗਏ; ਅਤੇ ਕਿਉਂਕਿ ਕਿਸਾਨ ਅਤੇ ਮਜ਼ਦੂਰ ਸਰਮਾਇਦਾਰੀ ਅਤੇ ਸਾਮੰਤਵਾਦ ਦੇ ਖ਼ਿਲਾਫ਼ ਇਕਮੁਠ ਹੋ ਗਏ, ਇਸੇ ਲਈ ਸਾਡਾ ਘੋਲ ਇੰਨਾਂ ਸੌਖਾ ਹੋਇਆ। ਇਥੇ ਪੂਰਬ ਦੇ ਲੋਕਾਂ ਨਾਲ ਸੰਪਰਕ ਖ਼ਾਸ ਕਰਕੇ ਮਹੱਤਤਾ ਰਖਦਾ ਹੈ, ਕਿਉਂਕਿ ਬਹੁ-ਗਿਣਤੀ ਪੂਰਬੀ ਕੌਮਾਂ ਕਾਮੇ ਲੋਕਾਂ ਦੀਆਂ ਖ਼ਾਸ ਤਰ੍ਹਾਂ ਦੀਆਂ ਪ੍ਰਤਿਨਿਧ ਹਨ — ਉਹ ਮਜ਼ਦੂਰ ਨਹੀਂ ਜਿਹੜੇ ਸਰਮਾਇਦਾਰਾਨਾ ਫ਼ੈਕਟਰੀਆਂ ਅਤੇ ਕਾਰਖ਼ਾਨੀਆਂ ਦੇ ਸਕੂਲ ਵਿਚੋਂ ਲੰਘੇ ਹਨ, ਸਗੋਂ ਕੰਮ ਕਰਦੀ ਅਤੇ ਲੁੱਟੀ-ਪੁੱਟੀ ਜਾਂਦੀ ਕਿਸਾਨ ਜਨਤਾ ਦੇ ਖ਼ਾਸ ਤਰ੍ਹਾਂ ਦੇ ਪ੍ਰਤਿਨਿਧ ਹਨ, ਜੋ ਮਧਕਾਲੀਨ ਜਬਰ ਦਾ ਸ਼ਿਕਾਰ ਹਨ। ਰੂਸੀ ਇਨਕਲਾਬ ਨੇ ਵਿਖਾਇਆ ਕਿ ਕਿਵੇਂ ਪ੍ਰੋਲਤਾਰੀ, ਸਰਮਾਇਦਾਰੀ ਨੂੰ ਹਰਾਉਣ ਅਤੇ ਕਿਰਤੀ ਕਿਸਾਨਾਂ ਦੇ ਵਿਸ਼ਾਲ ਖਿਲਰੇ ਹੋਏ ਸਮੂਹ ਨਾਲ ਇਕਮੁਠ ਹੋਣ ਤੋਂ ਪਿਛੋਂ, ਮਧਕਾਲੀਨ ਜਬਰ ਦੇ ਖ਼ਿਲਾਫ਼ ਜੇਤੂ ਢੰਗ ਨਾਲ ਉੱਠ ਖੜੇ ਹੋਏ। ਸਾਡੇ ਸੋਵੀਅਤ ਗਣ-ਰਾਜ ਨੂੰ ਹੁਣ ਪੂਰਬ ਦੇ ਸਾਰੇ ਜਾਗ ਰਹੇ ਲੋਕਾਂ ਨੂੰ ਇਕੱਠਿਆਂ ਕਰਨਾ ਚਾਹੀਦਾ ਹੈ ਅਤੇ, ਉਹਨਾਂ ਨਾਲ ਮਿਲ ਕੇ, ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਘੋਲ ਕਰਨਾ ਚਾਹੀਦਾ ਹੈ।

ਇਸ ਪੱਖੋਂ ਤੁਹਾਡੇ ਸਾਮ੍ਹਣੇ ਅਜਿਹਾ ਕੰਮ ਹੈ ਜਿਹੜਾ ਪਹਿਲਾਂ ਦੁਨੀਆਂ ਦੇ ਕਮਿਊਨਿਸਟਾਂ ਸਾਮ੍ਹਣੇ ਨਹੀਂ ਆਇਆ: ਕਮਿਊਨਿਜ਼ਮ ਦੇ ਆਮ ਸਿਧਾਂਤ ਅਤੇ ਅਮਲ ਉਤੇ ਭਰੋਸਾ ਰਖਦਿਆਂ, ਤੁਹਾਨੂੰ ਆਪਣੇ ਆਪ ਨੂੰ ਵਿਸ਼ੇਸ਼ ਹਾਲਤਾਂ ਅਨੁਸਾਰ ਢਾਲਣਾ ਚਾਹੀਦਾ ਹੈ ਜਿਹੋ ਜਿਹੀਆਂ ਹਾਲਤਾਂ ਕਿ ਯੂਰਪੀ ਦੇਸਾਂ ਵਿਚ ਮੌਜੂਦ ਨਹੀਂ; ਤੁਹਾਨੂੰ ਉਹ ਸਿਧਾਂਤ ਅਤੇ ਅਮਲ ਉਹਨਾਂ ਹਾਲਤਾਂ ਉਤੇ ਲਾਗੂ ਕਰਨ ਦੇ ਸਮਰਥ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚ ਵੱਸੋਂ ਦਾ ਭਾਰੀ ਹਿੱਸਾ ਕਿਸਾਨ ਹਨ ਅਤੇ ਜਿਨ੍ਹਾਂ ਵਿਚ ਕੰਮ ਸਰਮਾਇਦਾਰੀ ਦੇ ਖ਼ਿਲਾਫ਼ ਨਹੀਂ, ਮਧਕਾਲੀਨ ਰਹਿੰਦ-ਖੂੰਹਦ ਦੇ ਖ਼ਿਲਾਫ਼ ਘੋਲ ਕਰਨਾ ਹੈ। ਇਹ ਮੁਸ਼ਕਲ ਅਤੇ ਵਿਸ਼ੇਸ਼, ਪਰ ਬੜਾ ਫ਼ਲਦਾਇਕ ਕੰਮ ਹੈ, ਕਿਉਂਕਿ ਜਿਸ ਜਨਤਾ ਨੇ ਹੁਣ ਤੱਕ ਘੋਲ ਵਿਚ ਕੋਈ ਹਿੱਸਾ ਨਹੀਂ ਲਿਆ, ਉਸਨੂੰ ਇਸ ਵਿਚ ਖਿੱਚਿਆ ਜਾ ਰਿਹਾ ਹੈ, ਅਤੇ ਇਸ ਲਈ ਵੀ ਕਿ ਪੂਰਬ ਵਿਚ ਕਮਿਊਨਿਸਟ ਸੈੱਲਾਂ ਨੂੰ ਜਥੇਬੰਦ ਕਰਨਾ ਤੁਹਾਨੂੰ ਤੀਜੀ ਇੰਟਰਨੈਸ਼ਨਲ ਨਾਲ ਅਤਿ ਨੇੜੇ ਦਾ ਸੰਪਰਕ ਕਾਇਮ ਕਰਨ ਦਾ ਮੌਕਾ ਦੇਂਦਾ ਹੈ। ਤੁਹਾਨੂੰ ਪੂਰਬ ਦੀ ਮਿਹਨਤਕਸ਼ ਅਤੇ ਲੁੱਟੀ-ਪੁੱਟੀ ਜਾਂਦੀ ਜਨਤਾ ਨਾਲ, ਜਿਸਦੀਆਂ ਹਾਲਤਾਂ ਕਈ ਸੂਰਤਾਂ ਵਿਚ ਮਧਕਾਲੀਨ ਹਨ, ਦੁਨੀਆਂ ਦੇ ਮੂਹਰੀ ਪ੍ਰੋਲਤਾਰੀ ਦੇ ਇਸ ਏਕੇ ਲਈ ਵਿਸ਼ੇਸ਼ ਰੂਪ ਲੱਭਣੇ ਚਾਹੀਦੇ ਹਨ। ਅਸੀਂ ਆਪਣੇ ਦੇਸ ਵਿਚ ਛੋਟੇ ਪੈਮਾਨੇ ਉਤੇ ਉਹ ਕੁਝ ਪ੍ਰਾਪਤ ਕੀਤਾ ਹੈ ਜੋ ਕੁਝ ਤੁਸੀਂ ਵੱਡੇ ਪੈਮਾਨੇ ਉਤੇ ਅਤੇ ਵੱਡੇ ਦੇਸਾਂ ਵਿਚ ਕਰੋਗੇ। ਅਤੇ ਮੈਨੂੰ ਆਸ ਹੈ

ਕਿ ਇਹ ਪਿਛਲੇਰਾ ਕੰਮ ਤੁਸੀਂ ਸਫ਼ਲਤਾ ਨਾਲ ਕਰੋਗੇ। ਪੂਰਬ ਦੀਆਂ ਕਮਿਊਨਿਸਟ ਜਥੇਬੰਦੀਆਂ ਸਦਕਾ, ਜਿਨ੍ਹਾਂ ਦੇ ਤੁਸੀਂ ਇਥੇ ਹਾਜ਼ਰ ਪ੍ਰਤਿਨਿਧ ਹੋ, ਤੁਹਾਡਾ ਉੱਨਤ ਇਨਕਲਾਬੀ ਪ੍ਰੋਲਤਾਰੀ ਨਾਲ ਸੰਪਰਕ ਹੈ। ਤੁਹਾਡਾ ਕੰਮ ਇਹ ਯਕੀਨੀ ਬਣਾਉਣਾ ਜਾਰੀ ਰੱਖਣਾ ਹੈ ਕਿ ਕਮਿਊਨਿਸਟ ਪ੍ਰਚਾਰ ਹਰ ਦੇਸ ਵਿਚ ਲੋਕਾਂ ਵਲੋਂ ਸਮਝੀ ਜਾਂਦੀ ਬੋਲੀ ਵਿਚ ਕੀਤਾ ਜਾਂਦਾ ਰਹੇ।

ਇਹ ਪ੍ਰਤੱਖ ਹੈ ਕਿ ਅੰਤਮ ਜਿੱਤ ਸਿਰਫ਼ ਦੁਨੀਆਂ ਦੇ ਸਾਰੇ ਉੱਨਤ ਦੇਸਾਂ ਦੇ ਪ੍ਰੋਲਤਾਰੀ ਵਲੋਂ ਹੀ ਜਿੱਤੀ ਜਾ ਸਕਦੀ ਹੈ, ਅਤੇ ਅਸੀਂ, ਰੂਸੀ, ਉਹ ਕੰਮ ਸ਼ੁਰੂ ਕਰ ਰਹੇ ਹਾਂ ਜਿਸਨੂੰ ਬਰਤਾਨਵੀ, ਫ਼ਰਾਂਸੀਸੀ ਜਾਂ ਜਰਮਨ ਪ੍ਰੋਲਤਾਰੀ ਪੱਕੇ-ਪੈਰੀਂ ਕਰਨਗੇ। ਪਰ ਅਸੀਂ ਵੇਖਦੇ ਹਾਂ ਕਿ ਉਹ ਸਾਰੀਆਂ ਦਬਾਈਆਂ ਹੋਈਆਂ ਬਸਤੀਆਂ ਵਿਚਲੀਆਂ ਕੌਮਾਂ ਦੇ, ਅਤੇ ਪਹਿਲੀ ਥਾਂ ਉਤੇ, ਪੂਰਬੀ ਕੌਮਾਂ ਦੇ, ਮਜ਼ਦੂਰ ਲੋਕਾਂ ਦੀ ਸਹਾਇਤਾ ਤੋਂ ਬਿਨਾਂ ਜੇਤੂ ਨਹੀਂ ਹੋਣਗੇ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਮਿਊਨਿਜ਼ਮ ਵੱਲ ਤਬਦੀਲੀ ਸਿਰਫ਼ ਹਰਾਵਲ ਦਸਤਾ ਹੀ ਨਹੀਂ ਨੇਪਰੇ ਚੜ੍ਹਾ ਸਕਦਾ। ਮਸਲਾ ਮਜ਼ਦੂਰ ਜਨਤਾ ਨੂੰ, ਭਾਵੇਂ ਉਹ ਕਿਸੇ ਪੱਧਰ ਤੱਕ ਵੀ ਪੁੱਜ ਚੁੱਕੀ ਹੋਵੇ, ਜਗਾ ਕੇ ਇਨਕਲਾਬੀ ਸਰਗਰਮੀ ਵੱਲ, ਸਵੈਧੀਨ ਕਾਰਵਾਈ ਵੱਲ ਅਤੇ ਜਥੇਬੰਦ ਹੋਣ ਵੱਲ ਲਿਆਉਣ ਦਾ ਹੈ; ਸੱਚੇ ਕਮਿਊਨਿਸਟ ਸਿਧਾਂਤ ਨੂੰ, ਜਿਹੜਾ ਵਧੇਰੇ ਉੱਨਤ ਦੇਸਾਂ ਦੇ ਕਮਿਊਨਿਸਟਾਂ ਲਈ ਬਣਾਇਆ ਗਿਆ ਸੀ, ਹਰ ਕੌਮ ਦੀ ਬੋਲੀ ਵਿਚ ਅਨੁਵਾਦਣ ਦਾ ਹੈ; ਉਹਨਾਂ ਅਮਲੀ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਦਾ, ਜਿਹੜੇ ਤੁਰਤ ਨੇਪਰੇ ਚੜ੍ਹਾਏ ਜਾਣੇ ਜ਼ਰੂਰੀ ਹਨ, ਅਤੇ ਸਾਂਝੇ ਘੋਲ ਵਿਚ ਦੂਜੇ ਦੇਸਾਂ ਦੇ ਪ੍ਰੋਲਤਾਰੀ ਨਾਲ ਰਲਣ ਦਾ ਹੈ।

ਇਹੋ ਜਿਹੇ ਹਨ ਮਸਲੇ, ਜਿਨ੍ਹਾਂ ਦਾ ਹਲ ਤੁਹਾਨੂੰ ਕਿਸੇ ਕਮਿਊਨਿਸਟ ਕਿਤਾਬ ਵਿਚ ਨਹੀਂ ਮਿਲੇਗਾ, ਸਗੋਂ ਰੂਸ ਵਲੋਂ ਸ਼ੁਰੂ ਕੀਤੇ ਗਏ ਸਾਂਝੇ ਘੋਲ ਵਿਚ ਮਿਲੇਗਾ। ਤੁਹਾਨੂੰ ਇਹ ਮਸਲਾ ਨਜਿੱਠਣਾ ਪਵੇਗਾ ਅਤੇ ਖ਼ੁਦ ਆਪਣੇ ਸਵੈਧੀਨ ਤਜਰਬੇ ਰਾਹੀਂ ਇਸਨੂੰ ਹਲ ਕਰਨਾ ਪਵੇਗਾ। ਇਸ ਵਿਚ ਤੁਹਾਡੀ ਸਹਾਇਤਾ, ਇਕ ਪਾਸੇ, ਦੂਜੇ ਦੇਸਾਂ ਦੇ ਮਜ਼ਦੂਰ ਲੋਕਾਂ ਦੇ ਹਰਾਵਲ ਦਸਤੇ ਨਾਲ ਡੂੰਘੇ ਏਕੇ ਵਲੋਂ, ਅਤੇ ਦੂਜੇ ਪਾਸੇ, ਪੂਰਬ ਦੇ ਲੋਕਾਂ ਵੱਲ, ਜਿਨ੍ਹਾਂ ਦੀ ਤੁਸੀਂ ਇਥੇ ਪ੍ਰਤਿਨਿਧਤਾ ਕਰਦੇ ਹੋ, ਠੀਕ ਪਹੁੰਚ ਲੱਭਣ ਦੀ ਯੋਗਤਾ ਵਲੋਂ ਕੀਤੀ ਜਾਏਗੀ। ਤੁਹਾਨੂੰ ਆਪਣੇ ਆਪ ਨੂੰ ਬੁਰਜੂਆ ਕੌਮਪ੍ਰਸਤੀ ਉਤੇ ਆਧਾਰਤ ਕਰਨਾ ਪਵੇਗਾ ਜਿਹੜੀ ਉਹਨਾਂ ਲੋਕਾਂ ਵਿਚ ਜਾਗ ਰਹੀ ਹੈ ਅਤੇ ਜਾਗਣੀ ਚਾਹੀਦੀ ਹੈ, ਅਤੇ ਜਿਸਦੀ ਇਤਿਹਾਸਕ ਉਚਤਤਾ ਹੈ। ਇਸਦੇ ਨਾਲ ਹੀ ਤੁਹਾਨੂੰ ਹਰ ਦੇਸ ਦੀ ਮਜ਼ਦੂਰ ਅਤੇ ਲੁੱਟੀ-ਪੁੱਟੀ ਜਾਂਦੀ ਜਨਤਾ ਦੇ ਸਮੂਹਾਂ ਤੱਕ ਆਪਣਾ ਰਾਹ ਲੱਭਣਾ ਚਾਹੀਦਾ ਹੈ ਅਤੇ ਜਿਸ ਬੋਲੀ ਨੂੰ ਉਹ ਸਮਝਦੇ ਹਨ, ਉਸ ਵਿਚ ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਮੁਕਤੀ ਦੀ ਉਹਨਾਂ ਦੀ ਇਕੋ ਇਕ

ਆਸ ਕੌਮਾਂਤਰੀ ਇਨਕਲਾਬ ਦੀ ਜਿੱਤ ਹੈ, ਅਤੇ ਪੂਰਬ ਦੇ ਸਾਰੇ ਕਰੋੜਾਂ ਮਜ਼ਦੂਰ ਅਤੇ ਲੁਟੇ-ਪੁਟੇ ਜਾਂਦੇ ਲੋਕਾਂ ਦਾ ਇਕੋ ਇਕ ਇਤਿਹਾਦੀ ਕੌਮਾਂਤਰੀ ਪ੍ਰੋਲਤਾਰੀ ਹੈ।

ਇਹ ਹੈ ਬਹੁਤ ਵੱਡਾ ਕੰਮ ਜਿਹੜਾ ਤੁਹਾਡੇ ਸਾਮ੍ਹਣੇ ਖੜਾ ਹੈ, ਅਤੇ ਜਿਹੜਾ ਇਨਕਲਾਬ ਦੇ ਅਤੇ ਇਨਕਲਾਬੀ ਲਹਿਰ ਦੇ ਵਾਧੇ ਦੇ ਯੁਗ ਸਦਕਾ—ਇਸ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ—ਪੂਰਬ ਦੀਆਂ ਕਮਿਊਨਿਸਟ ਜਥੇਬੰਦੀਆਂ ਦੇ ਸਾਂਝੇ ਯਤਨਾਂ ਨਾਲ, ਸਫ਼ਲਤਾ ਨਾਲ ਨੇਪਰੇ ਚੜ੍ਹਾਇਆ ਜਾਏਗਾ ਅਤੇ ਕੌਮਾਂਤਰੀ ਸਾਮਰਾਜ ਉਤੇ ਪੂਰਨ ਜਿੱਤ ਇਸਦੇ ਪੈਰ ਚੁੰਮੇਗੀ।

੨੦ ਦਸੰਬਰ, ੧੯੧੯ ਨੂੰ
"ਰੂ:ਕ:ਪਾ:(ਬਾ:), ਕੇਂ: ਕ: ਦਾ
ਬੁਲੇਟਿਨ" ਨੰ: ੯ ਵਿਚ
ਪ੍ਰਕਾਸ਼ਤ।

ਸੰਗ੍ਰਹਿਤ ਕਿਰਤਾਂ, ਸੈਂਚੀ ੩੯,
ਪੰਨੇ ੩੧੮ ਅਤੇ ੩੨੬-੩੩੧

# ੫ ਦਸੰਬਰ, ੧੯੧੯ ਨੂੰ ਸੋਵੀਅਤਾਂ ਦੀ ਸਤਵੀਂ ਕੁੱਲ-ਰੂਸ ਕਾਂਗਰਸ ਵਿਚ ਕੁੱਲ-ਰੂਸ ਕੇਂਦਰੀ ਕਾਰਜ-ਕਰਨੀ ਕਮੇਟੀ ਅਤੇ ਲੋਕ ਕੁਮੀਸਾਰਾਂ ਦੀ ਕੌਂਸਲ ਦੀ ਰਪਰਟ

## ਵਿਚੋਂ

ਇਨਕਲਾਬ ਦੇ ਸ਼ੁਰੂ ਤੋਂ ਹੀ ਅਸੀਂ ਕਹਿੰਦੇ ਰਹੇ ਹਾਂ ਕਿ ਅਸੀਂ ਕੌਮਾਂਤਰੀ ਪ੍ਰੋਲਤਾਰੀ ਦੀ ਪਾਰਟੀ ਹਾਂ, ਅਤੇ ਇਹ ਕਿ ਇਨਕਲਾਬ ਦੇ ਸਾਮ੍ਹਣੇ ਕਿੰਨੀਆਂ ਵੀ ਵੱਡੀਆਂ ਮੁਸ਼ਕਲਾਂ ਹੋਣ, ਅਜਿਹਾ ਸਮਾਂ ਆਇਗਾ ਜਦੋਂ, ਅਤਿ ਫ਼ੈਸਲਾਕੁਨ ਮੌਕੇ ਉਤੇ, ਕੌਮਾਂਤਰੀ ਸਾਮਰਾਜ ਵਲੋਂ ਦਬਾਏ ਮਜ਼ਦੂਰਾਂ ਦੀ ਹਮਦਰਦੀ, ਇਕਮੁਠਤਾ ਆਪਣੇ ਆਪ ਨੂੰ ਮਹਿਸੂਸ ਕਰਾਏਗੀ। ਇਸ ਗੱਲ ਲਈ ਸਾਡੇ ਉਤੇ ਯੂਟੋਪੀਆਈ ਹੋਣ ਦਾ ਦੋਸ਼ ਲਾਇਆ ਗਿਆ। ਪਰ ਤਜਰਬੇ ਨੇ ਦਸਿਆ ਹੈ ਕਿ ਜਦ ਕਿ ਅਸੀਂ ਹਮੇਸ਼ਾ ਹੀ ਅਤੇ ਸਾਰੀਆਂ ਸੂਰਤਾਂ ਵਿਚ ਹੀ ਪ੍ਰੋਲਤਾਰੀ ਦੀ ਕਾਰਵਾਈ ਉਤੇ ਨਿਰਭਰ ਨਹੀਂ ਕਰ ਸਕਦੇ, ਪਰ ਕਿਸੇ ਤਰ੍ਹਾਂ ਵੀ ਅਸੀਂ ਕਹਿ ਸਕਦੇ ਹਾਂ ਕਿ ਸੰਸਾਰ ਇਤਿਹਾਸ ਦੇ ਇਹਨਾਂ ਦੋ ਵਰ੍ਹਿਆਂ ਵਿਚ ਅਸੀਂ ਹਜ਼ਾਰ ਵਾਰ ਠੀਕ ਸਿਧ ਹੋਏ ਹਾਂ। ਬਰਤਾਨਵੀਆਂ ਅਤੇ ਫ਼ਰਾਂਸੀਸੀਆਂ ਵਲੋਂ ਸੋਵੀਅਤ ਰੂਸ ਨੂੰ ਆਪਣੀਆਂ ਫ਼ੌਜਾਂ ਨਾਲ ਕੁਚਲ ਦੇਣ ਦੀ ਕੋਸ਼ਿਸ਼, ਜਿਹੜੀ ਕੋਸ਼ਿਸ਼ ਉਹਨਾਂ ਨੂੰ ਘਟ ਤੋਂ ਘਟ ਸਮੇਂ ਵਿਚ ਯਕੀਨੀ ਅਤੇ ਬਹੁਤ ਸੌਖੀ ਸਫ਼ਲਤਾ ਦਾ ਭਰੋਸਾ ਦੁਆਉਂਦੀ ਸੀ, ਨਾਕਾਮੀ ਨਾਲ ਮੁੱਕੀ: ਬਰਤਾਨਵੀ ਫ਼ੌਜਾਂ ਆਰਖਾਂਗੇਲਸਕ ਤੋਂ ਨਿਕਲ ਚੁੱਕੀਆਂ ਹਨ, ਅਤੇ ਫ਼ਰਾਂਸੀਸੀ ਫ਼ੌਜਾਂ, ਜਿਹੜੀਆਂ ਦੱਖਣ ਵਿਚ ਉਤਰੀਆਂ ਸਨ, ਸਾਰੀਆਂ ਘਰਾਂ ਨੂੰ ਭੇਜ ਦਿਤੀਆਂ ਗਈਆਂ ਹਨ। ਨਾਕਾਬੰਦੀ ਦੇ ਬਾਵਜੂਦ, ਸਾਡੇ ਦੁਆਲੇ ਘੇਰਾ ਪਏ ਹੋਣ ਦੇ ਬਾਵਜੂਦ, ਪੱਛਮੀ ਯੂਰਪ ਤੋਂ ਸਾਨੂੰ ਖ਼ਬਰਾਂ ਮਿਲ ਹੀ ਜਾਂਦੀਆਂ ਹਨ, ਸਾਨੂੰ ਬਰਤਾਨਵੀ ਅਤੇ ਫ਼ਰਾਂਸੀਸੀ ਅਖ਼ਬਾਰ ਮਿਲ ਹੀ ਜਾਂਦੇ ਹਨ, ਭਾਵੇਂ ਰੁਕ ਰੁਕ ਕੇ ਹੀ, ਜਿਨ੍ਹਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਆਰਖਾਂਗੇਲਸਕ ਖੰਡ ਤੋਂ ਬਰਤਾਨਵੀ ਫ਼ੌਜੀਆਂ ਵਲੋਂ ਭੇਜੀਆਂ ਚਿੱਠੀਆਂ ਕਿਸੇ ਤਰ੍ਹਾਂ ਬਰਤਾਨੀਆ ਪੁਜ ਗਈਆਂ ਹਨ ਅਤੇ ਉਥੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸਾਨੂੰ ਪਤਾ ਹੈ ਕਿ ਫ਼ਰਾਂਸੀਸੀ ਇਸਤ੍ਰੀ, ਸਾਥੀ ਜਾਨਾ ਲਾਬੂਰਬ, ਜਿਹੜੀ ਫ਼ਰਾਂਸੀਸੀ ਸਿਪਾਹੀਆਂ ਅਤੇ ਮਜ਼ਦੂਰਾਂ ਵਿਚ ਕਮਿਊਨਿਸਟ ਸਰਗਰਮੀ ਵਿਚ ਜੁੱਟੀ ਹੋਈ ਸੀ ਅਤੇ ਜਿਸਨੂੰ ਓਦੇਸਾ ਵਿਚ ਗੋਲੀ ਮਾਰ ਦਿਤੀ

ਗਈ ਸੀ, ਦੇ ਨਾਂ ਦਾ ਕੁੱਲ ਫ਼ਰਾਂਸੀਸੀ ਪ੍ਰੋਲਤਾਰੀ ਨੂੰ ਪਤਾ ਲਗ ਗਿਆ ਅਤੇ ਇਹ ਜੰਗੀ-ਨਾਅਰਾ ਬਣ ਗਿਆ, ਅਜਿਹਾ ਨਾਂ ਜਿਸਦੇ ਦੁਆਲੇ ਸਾਰੇ ਫ਼ਰਾਂਸੀਸੀ ਮਜ਼ਦੂਰ, ਸੰਘ-ਸਮਾਜਵਾਦ ਦੇ ਜ਼ਾਹਰਾ ਤੌਰ ਉਤੇ ਨਾ ਸਰ ਹੋਣ ਵਾਲੇ ਧੜੇਬੰਦਕ ਰੁਝਾਣਾਂ ਦੇ ਬਾਵਜੂਦ ਕੌਮਾਂਤਰੀ ਸਾਮਰਾਜ ਦੇ ਖ਼ਿਲਾਫ਼ ਕਾਰਵਾਈ ਵਿਚ ਇਕਮੁਠ ਹੋ ਗਏ। ਸਾਥੀ ਰਾਦੇਕ ਦੇ, ਜਿਸਨੂੰ ਖੁਸ਼ਕਿਸਮਤੀ ਨਾਲ ਜਰਮਨੀ ਵਲੋਂ ਰਿਹਾ ਕਰ ਦਿਤਾ ਗਿਆ ਹੈ, ਜਿਵੇਂ ਕਿ ਅੱਜ ਦੀਆਂ ਖ਼ਬਰਾਂ ਵਿਚ ਦਸਿਆ ਗਿਆ ਹੈ, ਅਤੇ ਜਿਸਨੂੰ ਸ਼ਾਇਦ ਅਸੀਂ ਛੇਤੀ ਹੀ ਵੇਖਾਂਗੇ, ਇਹ ਸ਼ਬਦ ਕਿ ਰੂਸ ਦੀ ਧਰਤੀ, ਇਨਕਲਾਬ ਦੀ ਅੱਗ ਨਾਲ ਲਾਟੋ-ਲਾਟ ਹੋਈ ਹੋਈ, ਇਤਿਹਾਦੀ ਫੌਜਾਂ ਲਈ ਅਪਹੁੰਚ ਸਿਧ ਹੋਵੇਗੀ—ਇਹਨਾਂ ਸ਼ਬਦਾਂ ਨੂੰ, ਜਿਹੜੇ ਸਿਰਫ਼ ਇਕ ਲੇਖਕ ਦੀ ਕਲਪਨਾ ਦੀ ਉਡਾਰੀ ਲਗਦੇ ਸਨ, ਅਸਲ ਵਿਚ ਸਾਕਾਰ ਕੀਤਾ ਗਿਆ। ਸਾਡੇ ਸਾਰੇ ਪਛੜੇਵੇਂ ਦੇ ਬਾਵਜੂਦ, ਸਾਡੇ ਘੋਲ ਦੇ ਸਾਰੇ ਬੋਝ ਦੇ ਬਾਵਜੂਦ, ਬਰਤਾਨੀਆ ਅਤੇ ਫ਼ਰਾਂਸ ਦੀਆਂ ਫ਼ੌਜਾਂ ਸਾਡੀ ਆਪਣੀ ਧਰਤੀ ਉਤੇ ਸਾਡੇ ਨਾਲ ਲੜਨੋਂ ਅਸਮਰਥ ਸਿਧ ਹੋਈਆਂ। ਸਿੱਟਾ ਸਾਡੀ ਜਿੱਤ ਵਿਚ ਨਿਕਲਿਆ। ਪਹਿਲੀ ਵਾਰ ਜਦੋਂ ਉਹਨਾਂ ਨੇ ਭਾਰੀ ਫੌਜੀ ਤਾਕਤ ਸਾਡੇ ਖ਼ਿਲਾਫ਼ ਭੇਜਣ ਦੀ ਕੋਸ਼ਿਸ਼ ਕੀਤੀ—ਅਤੇ ਉਹਨਾਂ ਤੋਂ ਬਿਨਾਂ ਜਿੱਤ ਅਸੰਭਵ ਹੈ—ਇਕੋ ਇਕ ਸਿੱਟਾ ਇਹ ਨਿਕਲਿਆ ਕਿ ਆਪਣੀ ਠੀਕ ਜਮਾਤੀ ਪ੍ਰਵਿਰਤੀ ਸਦਕਾ, ਫ਼ਰਾਂਸੀਸੀ ਅਤੇ ਬਰਤਾਨਵੀ ਫ਼ੌਜੀ ਰੂਸ ਤੋਂ ਬਾਲਸ਼ਵਿਕਵਾਦ ਦਾ ਉਹੀ ਨਾਸੂਰ ਆਪਣੇ ਨਾਲ ਘਰ ਲੈ ਗਏ ਜਿਸਦੇ ਖ਼ਿਲਾਫ਼ ਜਰਮਨ ਸਾਮਰਾਜੀ ਲੜ ਰਹੇ ਸਨ ਜਦੋਂ ਉਹਨਾਂ ਨੇ ਸਾਡਾ ਦੂਤ ਬਰਲਿਨ ਵਿਚੋਂ ਕੱਢ ਦਿਤਾ ਸੀ[175]। ਉਹਨਾਂ ਦਾ ਖ਼ਿਆਲ ਸੀ ਕਿ ਉਹ ਇਸ ਤਰ੍ਹਾਂ ਬਾਲਸ਼ਵਿਕਵਾਦ ਦੇ ਨਾਸੂਰ ਤੋਂ ਆਪਣੇ ਆਪ ਨੂੰ ਬਚਾ ਲੈਣਗੇ, ਜਿਹੜਾ ਇਸ ਵੇਲੇ ਮਜ਼ਬੂਤ ਹੋਈ ਹੋਈ ਮਜ਼ਦੂਰ ਲਹਿਰ ਦੀ ਸ਼ਕਲ ਵਿਚ ਸਾਰੇ ਜਰਮਨੀ ਅੰਦਰ ਫੈਲ ਰਿਹਾ ਹੈ। ਬਰਤਾਨਵੀ ਅਤੇ ਫ਼ਰਾਂਸੀਸੀ ਫ਼ੌਜਾਂ ਨੂੰ ਨਿਕਲਣ ਲਈ ਮਜਬੂਰ ਕਰਨ ਵਿਚ ਸਾਡੇ ਵਲੋਂ ਪ੍ਰਾਪਤ ਕੀਤੀ ਗਈ ਜਿੱਤ ਇਤਿਹਾਦੀ ਦੇਸਾਂ ਉਤੇ ਸਾਡੀਆਂ ਜਿੱਤਾਂ ਵਿਚੋਂ ਸਭ ਤੋਂ ਵੱਡੀ ਸੀ। ਅਸੀਂ ਉਹਨਾਂ ਨੂੰ ਉਹਨਾਂ ਦੇ ਫ਼ੌਜੀਆਂ ਤੋਂ ਵਾਂਜਿਆਂ ਕਰ ਦਿਤਾ। ਇਤਿਹਾਦੀ ਦੇਸਾਂ ਦੀ ਅਸੀਮ ਫ਼ੌਜੀ ਅਤੇ ਤਕਨੀਕੀ ਉੱਚਤਾ ਲਈ ਸਾਡਾ ਜਵਾਬ ਉਹਨਾਂ ਨੂੰ ਸਾਮਰਾਜੀ ਸਰਕਾਰਾਂ ਦੇ ਖ਼ਿਲਾਫ਼ ਮਜ਼ਦੂਰ ਲੋਕਾਂ ਦੀ ਇਕਮੁਠਤਾ ਰਾਹੀਂ ਇਸ ਤੋਂ ਵਾਂਜਿਆਂ ਕਰਨਾ ਸੀ।

ਇਸ ਤੋਂ ਪ੍ਰਗਟ ਹੋਇਆ ਕਿ ਇਹਨਾਂ ਅਖੌਤੀ ਜਮਹੂਰੀ ਦੇਸਾਂ ਬਾਰੇ ਪ੍ਰਵਾਣਤ ਕਸੌਟੀਆਂ ਨਾਲ ਅੰਦਾਜ਼ਾ ਲਾਉਣਾ ਕਿੰਨੀਂ ਓਪਰੀ ਅਤੇ ਗੈਰ-ਯਕੀਨੀ ਗੱਲ ਹੈ। ਉਹਨਾਂ ਦੀਆਂ ਪਾਰਲੀਮੈਂਟਾਂ ਵਿਚ ਸਥਿਰ ਬੁਰਜੂਆ ਬਹੁ-ਗਿਣਤੀ ਹੈ। ਇਸਨੂੰ ਉਹ "ਜਮਹੂਰੀਅਤ" ਕਹਿੰਦੇ ਹਨ। ਸਰਮਾਇਆ ਗ਼ਾਲਬ ਹੈ ਅਤੇ ਸਭ ਕੁਝ ਨੂੰ ਦਬਾ

ਦੇਂਦਾ ਹੈ, ਅਤੇ ਫਿਰ ਵੀ ਅਜੇ ਉਹ ਫ਼ੌਜੀ ਸੈਂਸਰਸ਼ਿਪ ਦਾ ਆਸਰਾ ਲੈਂਦੇ ਹਨ। ਅਤੇ ਇਸਨੂੰ ਉਹ ''ਜਮਹੂਰੀਅਤ'' ਕਹਿੰਦੇ ਹਨ। ਉਹਨਾਂ ਦੇ ਅਖ਼ਬਾਰਾਂ ਅਤੇ ਰਸਾਲਿਆਂ ਦੀਆਂ ਲੱਖਾਂ ਪਰਤੀਆਂ ਵਿਚ ਤੁਹਾਨੂੰ ਸਿਵਾਏ ਕੁਝ ਕੁ ਦੇ, ਜੋ ਨਾ ਹੋਣ ਦੇ ਬਰਾਬਰ ਹਨ, ਕੁਝ ਵੀ ਲੱਭਣਾ ਮੁਸ਼ਕਲ ਹੈ ਜਿਸ ਵਿਚ ਬਾਲਸ਼ਵਿਕਾਂ ਬਾਰੇ ਸੁਖਾਵੀਂ ਕਿਸੇ ਗੱਲ ਦਾ ਇਸ਼ਾਰਾ ਵੀ ਮਿਲਦਾ ਹੋਵੇ। ਇਸੇ ਕਰਕੇ ਉਹ ਕਹਿੰਦੇ ਹਨ: ''ਅਸੀਂ ਬਾਲਸ਼ਵਿਕਾਂ ਤੋਂ ਰੱਖਿਆ ਕੀਤੀ ਹੋਈ ਹੈ, ਸਾਡੇ ਦੇਸਾਂ ਵਿਚ ਅਮਨ-ਅਮਾਨ ਹੈ,'' ਅਤੇ ਉਹ ਇਸਨੂੰ ''ਜਮਹੂਰੀਅਤ'' ਕਹਿੰਦੇ ਹਨ। ਇਹ ਕਿਵੇਂ ਹੋ ਸਕਿਆ ਕਿ ਬਰਤਾਨਵੀ ਫ਼ੌਜੀਆਂ ਅਤੇ ਫ਼ਰਾਂਸੀਸੀ ਜਹਾਜ਼ੀਆਂ ਦਾ ਇਕ ਛੋਟਾ ਜਿਹਾ ਹਿੱਸਾ ਰੂਸ ਤੋਂ ਇਤਿਹਾਦੀ ਫ਼ੌਜਾਂ ਕੱਢਣ ਲਈ ਮਜਬੂਰ ਕਰ ਸਕਿਆ? ਇਥੇ ਜ਼ਰੂਰ ਕੋਈ ਗੜਬੜ ਹੈ। ਇਸਦਾ ਮਤਲਬ ਹੈ ਕਿ ਬਰਤਾਨੀਆ, ਫ਼ਰਾਂਸ ਅਤੇ ਅਮਰੀਕਾ ਵਿਚ ਵੀ ਲੋਕਾਂ ਦਾ ਭਾਰੀ ਹਿੱਸਾ ਸਾਡੇ ਹੱਕ ਵਿਚ ਹੈ, ਇਸਦਾ ਮਤਲਬ ਹੈ ਕਿ ਇਹ ਸਾਰੇ ਬਾਹਰਲੇ ਲੱਛਣ ਧੋਖਾ ਹਨ, ਜਿਵੇਂ ਕਿ ਉਹਨਾਂ ਸੋਸ਼ਲਿਸਟਾਂ ਨੇ, ਜਿਹੜੇ ਸੋਸ਼ਲਿਜ਼ਮ ਨਾਲ ਗ਼ੱਦਾਰੀ ਕਰਨ ਤੋਂ ਇਨਕਾਰੀ ਹਨ, ਹਮੇਸ਼ਾ ਦਾਅਵਾ ਕੀਤਾ ਹੈ, ਇਸਦਾ ਮਤਲਬ ਹੈ ਕਿ ਬੁਰਜੂਆ ਪਾਰਲੀਮੈਂਟਰੀ ਪ੍ਰਬੰਧ, ਬੁਰਜੂਆ ਜਮਹੂਰੀਅਤ, ਬੁਰਜੂਆ ਅਖ਼ਬਾਰਾਂ ਦੀ ਆਜ਼ਾਦੀ ਸਿਰਫ਼ ਸਰਮਾਇਦਾਰਾਂ ਲਈ ਆਜ਼ਾਦੀ ਹੈ, ਲੋਕ-ਰਾਏ ਨੂੰ ਵੱਢੀ ਦੇਣ ਦੀ ਆਜ਼ਾਦੀ, ਪੈਸੇ ਦੀ ਸਾਰੀ ਤਾਕਤ ਨਾਲ ਇਸ ਉਪਰ ਜ਼ੋਰ ਪਾਉਣ ਦੀ ਆਜ਼ਾਦੀ। ਇਹੋ ਕੁਝ ਹੈ ਜੋ ਸੋਸ਼ਲਿਸਟ ਹਮੇਸ਼ਾ ਕਹਿੰਦੇ ਸਨ ਜਦੋਂ ਤੱਕ ਕਿ ਸਾਮਰਾਜੀ ਜੰਗ ਨੇ ਉਹਨਾਂ ਨੂੰ ਆਪੋ ਆਪਣੇ ਕੌਮੀ ਧੜਿਆਂ ਵਿਚ ਖਿੰਡਾ ਦਿਤਾ ਅਤੇ ਸੋਸ਼ਲਿਸਟਾਂ ਦੇ ਹਰ ਕੌਮੀ ਟੋਲੇ ਨੂੰ ਆਪੋ ਆਪਣੀ ਬੁਰਜੂਆਜ਼ੀ ਦੇ ਚਾਟੜਿਆਂ ਵਿਚ ਬਦਲ ਦਿਤਾ। ਇਹ ਗੱਲ ਸੋਸ਼ਲਿਸਟ ਜੰਗ ਤੋਂ ਪਹਿਲਾਂ ਕਹਿੰਦੇ ਸਨ, ਇਹ ਗੱਲ ਜੰਗ ਦੇ ਦੌਰਾਨ ਕੌਮਾਂਤਰੀਵਾਦੀ ਅਤੇ ਬਾਲਸ਼ਵਿਕ ਹਮੇਸ਼ਾ ਕਹਿੰਦੇ ਰਹੇ—ਅਤੇ ਇਹ ਸਾਰੀ ਬਿਲਕੁਲ ਠੀਕ ਸਿਧ ਹੋਈ। ਸਾਰੇ ਬਾਹਰਲੇ ਲੱਛਣ, ਸਾਰੀ ਵਿਖਾਵੇ ਦੀ ਪੋਚਾ-ਪਾਚੀ, ਧੋਖਾ ਹੈ; ਅਤੇ ਇਹ ਲੋਕਾਂ ਨੂੰ ਦਿਨੋ ਦਿਨ ਵਧੇਰੇ ਸਪਸ਼ਟ ਹੁੰਦਾ ਜਾ ਰਿਹਾ ਹੈ। ਉਹ ਸਾਰੇ ਜਮਹੂਰੀਅਤ ਬਾਰੇ ਦਮਗਜੇ ਹਨ, ਪਰ ਦੁਨੀਆਂ ਦੀ ਕਿਸੇ ਵੀ ਪਾਰਲੀਮੈਂਟ ਵਿਚ ਉਹਨਾਂ ਦਾ ਇਹ ਕਹਿਣ ਦਾ ਹੌਸਲਾ ਨਾ ਪਿਆ ਕਿ ਉਹ ਸੋਵੀਅਤ ਰੂਸ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਰਹੇ ਹਨ। ਇਸੇ ਲਈ ਅਸੀਂ ਹੁਣ ਮਿਲਦੀਆਂ ਕਈ ਫ਼ਰਾਂਸੀਸੀ, ਬਰਤਾਨਵੀ ਅਤੇ ਅਮਰੀਕਨ ਪ੍ਰਕਾਸ਼ਨਾਵਾਂ ਵਿਚ ਇਹ ਤਜਵੀਜ਼ ਪੜ੍ਹਦੇ ਹਾਂ ਕਿ ''ਵਿਧਾਨ ਦੀ ਉਲੰਘਣਾ ਕਰਨ ਲਈ, ਬਿਨਾਂ ਜੰਗ ਦਾ ਐਲਾਨ ਕਰਨ ਦੇ, ਰੂਸ ਦੇ ਖ਼ਿਲਾਫ਼ ਜੰਗ ਕਰਨ ਲਈ ਰਾਜ ਦੇ ਮੁਖੀਆਂ ਨੂੰ ਦੋਸ਼ੀਆਂ ਦੇ ਕਟਹਿਰੇ ਵਿਚ ਲਿਆਉਣ ਚਾਹੀਦਾ ਹੈ।'' ਕਦੋਂ ਅਤੇ ਕਿਥੇ ਇਸਦੀ ਆਗਿਆ ਦਿਤੀ ਗਈ ਸੀ, ਵਿਧਾਨ ਦੀ ਕਿਸ ਧਾਰਾ ਨੇ, ਕਿਸ

ਪਾਰਲੀਮੈਂਟ ਨੇ ਇਸਦੀ ਆਗਿਆ ਦਿਤੀ ਸੀ? ਬਾਲਸ਼ਵਿਕਾਂ ਅਤੇ, ਫ਼ਰਾਂਸੀਸੀ ਅਖ਼ਬਾਰਾਂ ਦੇ ਲਫ਼ਜਾਂ ਵਿਚ, ਲਗਭਗ-ਬਾਲਸ਼ਵਿਕਾਂ ਨੂੰ ਕੈਦ ਕਰਨ ਦੀ ਸਾਵਧਾਨੀ ਵਰਤਣ ਤੋਂ ਪਿਛੋਂ ਵੀ, ਉਹਨਾਂ ਨੇ ਆਪਣੇ ਪਾਰਲੀਮੈਂਟਰੀ ਪ੍ਰਤਿਨਿਧਾਂ ਨੂੰ, ਕਿਥੇ ਇਕੱਠੇ ਕੀਤਾ? ਉਹਨਾਂ ਹਾਲਤਾਂ ਵਿਚ ਵੀ ਉਹਨਾਂ ਦੀ ਆਪਣੀਆਂ ਪਾਰਲੀਮੈਂਟਾਂ ਵਿਚ ਇਹ ਐਲਾਨ ਕਰਨ ਦੀ ਹਿੰਮਤ ਨਾ ਹੋਈ ਕਿ ਉਹ ਰੂਸ ਨਾਲ ਲੜ ਰਹੇ ਹਨ। ਇਸੇ ਲਈ ਹੀ ਬਰਤਾਨੀਆ ਅਤੇ ਫ਼ਰਾਂਸ ਦੀਆਂ ਸ਼ਾਨਦਾਰ ਤਰ੍ਹਾਂ ਹਥਿਆਰਬੰਦ, ਪਹਿਲਾਂ ਕਦੀ ਵੀ ਨਾ ਹਾਰੀਆਂ ਫ਼ੌਜਾਂ ਸਾਨੂੰ ਹਰਾਉਣ ਤੋਂ ਅਸਮਰਥ ਰਹੀਆਂ ਅਤੇ ਉੱਤਰ ਵਿਚ ਆਰਖਾਂਗੇਲਸਕ ਖੰਡ ਤੋਂ ਅਤੇ ਦੱਖਣ ਤੋਂ ਵਿਦਾ ਹੋ ਗਈਆਂ।

ਇਹ ਸਾਡੀ ਪਹਿਲੀ ਅਤੇ ਮੁਖ ਜਿੱਤ ਸੀ, ਕਿਉਂਕਿ ਇਹ ਸਿਰਫ਼ ਫ਼ੌਜੀ ਜਿੱਤ ਨਹੀਂ ਸੀ, ਇਹ ਸਚਮੁਚ ਫ਼ੌਜੀ ਜਿੱਤ ਬਿਲਕੁਲ ਨਹੀਂ ਸੀ—ਇਹ ਅਸਲ ਵਿਚ ਮਜ਼ਦੂਰ ਲੋਕਾਂ ਦੀ ਉਸ ਕੌਮਾਂਤਰੀ ਇਕਮੁਠਤਾ ਦੀ ਜਿੱਤ ਸੀ ਜਿਸਦੇ ਲਈ ਅਸੀਂ ਸਾਰਾ ਇਨਕਲਾਬ ਸ਼ੁਰੂ ਕੀਤਾ ਸੀ, ਅਤੇ ਜਿਸ ਵੱਲ ਅਸੀਂ ਧਿਆਨ ਦੁਆਇਆ ਅਤੇ ਕਿਹਾ ਸੀ ਕਿ ਸਾਨੂੰ ਭਾਵੇਂ ਕਿੰਨੀਆਂ ਵੀ ਅਜ਼ਮਾਇਸ਼ਾਂ ਵਿਚੋਂ ਲੰਘਣਾ ਪਵੇ, ਇਹ ਸਾਰੀਆਂ ਕੁਰਬਾਨੀਆਂ ਦਾ ਸੰਸਾਰ ਇਨਕਲਾਬ ਦੇ ਵਿਕਾਸ ਨਾਲ ਸੌ ਗੁਣਾ ਮੁੱਲ ਤਾਰਿਆ ਜਾਵੇਗਾ, ਜਿਹੜਾ ਇਨਕਲਾਬ ਕਿ ਅਟੱਲ ਹੈ। ਇਹ ਇਸ ਹਕੀਕਤ ਤੋਂ ਸਪਸ਼ਟ ਸੀ ਕਿ ਉਸ ਖੇਤਰ ਵਿਚ, ਜਿਥੇ ਨਿਰੋਲ ਰੂਪ ਵਿਚ ਸਭ ਤੋਂ ਭੱਦੇ ਤੇ ਪਦਾਰਥਕ ਅੰਸ਼ ਵਧ ਤੋਂ ਵਧ ਰੋਲ ਅਦਾ ਕਰਦੇ ਹਨ, ਅਰਥਾਤ ਫ਼ੌਜੀ ਖੇਤਰ ਵਿਚ, ਅਸੀਂ ਇਤਿਹਾਦੀ ਦੇਸਾਂ ਨੂੰ ਫ਼ੌਜੀਆਂ ਦੀਆਂ ਵਰਦੀਆਂ ਵਿਚਲੇ ਮਜ਼ਦੂਰਾਂ ਅਤੇ ਕਿਸਾਨਾਂ ਤੋਂ ਵਾਂਜਿਆਂ ਕਰਕੇ ਹਰਾ ਦਿਤਾ।

ਸੰਗ੍ਰਹਿਤ ਕਿਰਤਾਂ,
ਸੈਂਚੀ ੩੯,
ਪੰਨੇ ੩੯੦-੩੯੩

# ੧ ਮਾਰਚ, ੧੯੨੦ ਨੂੰ ਮਜ਼ਦੂਰ ਕੱਸਾਕਾਂ ਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿਚ ਕੀਤੀ ਤਕਰੀਰ ਵਿਚੋਂ

ਤੁਹਾਨੂੰ ਪਤਾ ਹੈ ਕਿ ਜਰਮਨੀ ਦੀ ਹਾਰ ਤੋਂ ਪਿਛੋਂ ਬਰਤਾਨੀਆ, ਫ਼ਰਾਂਸ ਅਤੇ ਅਮਰੀਕਾ ਦੀ ਵਿਰੋਧਤਾ ਕਰਨ ਵਾਲਾ ਦੁਨੀਆਂ ਵਿਚ ਕੋਈ ਨਹੀਂ ਸੀ। ਉਹਨਾਂ ਨੇ ਜਰਮਨੀ ਤੋਂ ਉਸਦੀਆਂ ਬਸਤੀਆਂ ਖੋਹ ਲਈਆਂ ਸਨ, ਅਤੇ ਦੁਨੀਆਂ ਦਾ ਕੋਈ ਕੋਨਾ ਨਹੀਂ ਸੀ, ਇਸ ਵੀ ਦੇਸ ਨਹੀਂ ਸੀ, ਜਿਥੇ ਇਸ ਗਠਜੋੜ[176] ਦੀ ਫ਼ੌਜੀ ਸ਼ਕਤੀ ਪਰਧਾਨ ਨਹੀਂ ਸੀ। ਇੰਞ ਲਗੇਗਾ ਕਿ ਇਹੋ ਜਿਹੀਆਂ ਹਾਲਤਾਂ ਵਿਚ, ਸੋਵੀਅਤ ਰੂਸ ਦੇ ਦੁਸ਼ਮਣ ਤਾਂ ਉਹ ਸਨ ਹੀ, ਉਹਨਾਂ ਨੇ ਸਪਸ਼ਟ ਤਰ੍ਹਾਂ ਨਾਲ ਸਮਝ ਲਿਆ ਹੋਵੇਗਾ ਕਿ ਬਾਲਸ਼ਵਿਕਵਾਦ ਦਾ ਨਿਸ਼ਾਨਾ ਸੰਸਾਰ ਇਨਕਲਾਬ ਹੈ। ਅਸੀਂ ਇਹ ਹਕੀਕਤ ਕਦੀ ਨਹੀਂ ਲੁਕਾਈ ਕਿ ਸਾਡਾ ਇਨਕਲਾਬ ਸਿਰਫ਼ ਇਕ ਆਰੰਭ ਹੈ, ਕਿ ਇਸਦੀ ਜੇਤੂ ਸਮਾਪਤੀ ਸਿਰਫ਼ ਉਦੋਂ ਹੀ ਹੋਵੇਗੀ ਜਦੋਂ ਅਸੀਂ ਸਾਰੀ ਦੁਨੀਆਂ ਨੂੰ ਇਨਕਲਾਬ ਦੇ ਇਹਨਾਂ ਹੀ ਭਾਂਬੜਾਂ ਨਾਲ ਜਗਾ ਚੁੱਕੇ ਹੋਵਾਂਗੇ। ਅਤੇ ਅਸੀਂ ਬਿਲਕੁਲ ਸਪਸ਼ਟ ਤਰ੍ਹਾਂ ਸਮਝ ਲਿਆ ਸੀ ਕਿ ਸਰਮਾਇਦਾਰ ਸੋਵੀਅਤ ਸਰਕਾਰ ਦੇ ਪਾਗਲ ਹੋ ਗਏ ਦੁਸ਼ਮਣ ਹਨ। ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਯੂਰਪੀ ਘੋਲ ਖ਼ਤਮ ਹੋਇਆ ਤਾਂ ਉਹਨਾਂ ਕੋਲ ਲੱਖਾਂ ਦੀ ਫ਼ੌਜ ਸੀ, ਅਤੇ ਸ਼ਕਤੀਸ਼ਾਲੀ ਜਲਸੈਨਾ ਸੀ, ਜਿਸਦੇ ਮੁਕਾਬਲੇ ਉਤੇ ਅਸੀਂ ਜਲਸੈਨਾ ਵਰਗੀ ਵੀ ਕੋਈ ਚੀਜ਼ ਨਹੀਂ ਸਾਂ ਰਖ ਸਕਦੇ, ਨਾ ਹੀ ਕੋਈ ਨਾਂ ਲੈਣ ਲਈ ਫ਼ੌਜ ਸੀ। ਅਤੇ ਉਹਨਾਂ ਲਈ ਸਿਰਫ਼ ਇਹ ਕਰਨਾ ਜ਼ਰੂਰੀ ਸੀ ਕਿ ਉਹ ਇਸ ਕਰੋੜਾਂ ਦੀ ਫ਼ੌਜ ਵਿਚੋਂ ਕੁਝ ਲੱਖ ਸਾਡੇ ਖ਼ਿਲਾਫ਼ ਉਸੇ ਤਰ੍ਹਾਂ ਚੜ੍ਹਾ ਦੇਂਦੇ ਜਿਸ ਤਰ੍ਹਾਂ ਉਹ ਜਰਮਨੀ ਵਿਰੁਧ ਜੰਗ ਵਿਚ ਚੜ੍ਹਾਏ ਗਏ ਸਨ, ਅਤੇ ਇਹ ਇਤਿਹਾਦੀ ਸਾਨੂੰ ਕੁਚਲ ਸਕਦੇ ਸਨ। ਇਸ ਬਾਰੇ ਉਹਨਾਂ ਦੇ ਮਨਾਂ ਵਿਚ, ਜਿਨ੍ਹਾਂ ਨੇ ਇਸ ਸਵਾਲ ਨੂੰ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਪਰਖਿਆ ਹੈ, ਅਤੇ ਖ਼ਾਸ ਕਰਕੇ ਉਹਨਾਂ ਦੇ ਮਨਾਂ ਵਿਚ ਜਿਹੜੇ ਪਿਛਲੀ ਜੰਗ ਵਿਚੋਂ ਲੰਘੇ ਹਨ ਅਤੇ ਆਪਣੇ ਤਜਰਬੇ ਅਤੇ ਵੇਖਣ ਤੋਂ ਜਾਣਦੇ ਹਨ, ਰਤਾ ਵੀ ਸ਼ੱਕ ਨਹੀਂ ਹੋ ਸਕਦਾ।

ਬਰਤਾਨੀਆ ਅਤੇ ਫ਼ਰਾਂਸ, ਦੂਹਾਂ ਨੇ ਰੂਸ ਉਤੇ ਇਸ ਤਰ੍ਹਾਂ ਕਬਜ਼ਾ ਕਰਨ

ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਜਾਪਾਨ ਨਾਲ ਸੰਧੀ ਕਰ ਲਈ, ਜਿਸਨੇ ਸਾਮਰਾਜੀ ਜੰਗ ਵਿਚ ਲਗ ਪਗ ਕੋਈ ਹਿੱਸਾ ਨਹੀਂ ਸੀ ਲਿਆ ਪਰ ਜਿਸਨੇ ਦੂਰ ਪੂਰਬ ਵਲੋਂ ਕਾਰਵਾਈ ਕਰਦਿਆਂ, ਸੋਵੀਅਤ ਗਣ-ਰਾਜ ਨੂੰ ਕੁਚਲਣ ਲਈ ਇਕ ਲੱਖ ਦੇ ਕਰੀਬ ਫ਼ੌਜੀ ਦੇ ਦਿਤੇ। ਬਰਤਾਨੀਆ ਨੇ ਉਸ ਸਮੇਂ ਮੁਰਮਾਂਸਕ ਅਤੇ ਆਰਖ਼ਾਂਗੇਲਸਕ ਵਿਚ ਫ਼ੌਜਾਂ ਉਤਾਰ ਦਿਤੀਆਂ, ਕੋਹ-ਕਾਫ਼ ਵਿਚ ਲਹਿਰ ਦਾ ਜੇ ਜ਼ਿਕਰ ਨਾ ਵੀ ਕੀਤਾ ਜਾਏ ਤਾਂ, ਜਦ ਕਿ ਫ਼ਰਾਂਸ ਨੇ ਫ਼ੌਜੀ ਅਤੇ ਜਹਾਜ਼ੀ ਦੱਖਣ ਵਿਚ ਉਤਾਰ ਦਿਤੇ। ਇਹ ਘੋਲ ਦਾ ਪਹਿਲਾ ਇਤਿਹਾਸਕ ਪੜਾਅ ਸੀ, ਜਿਹੜਾ ਅਸੀਂ ਬਰਦਾਸ਼ਤ ਕੀਤਾ।

ਉਸ ਸਮੇਂ ਇਹਨਾਂ ਇਤਿਹਾਦੀਆਂ ਕੋਲ ਕਰੋੜਾਂ ਦੀ ਫ਼ੌਜ ਸੀ ਅਤੇ ਇਹਨਾਂ ਦੇ ਫ਼ੌਜੀ, ਬੇਸ਼ਕ, ਸਫ਼ੇਦ-ਗਰਾਦ ਫ਼ੌਜੀਆਂ ਨਾਲੋਂ ਕਿਤੇ ਚੰਗੇਰੇ ਸਨ, ਜਿਹੜੇ ਰੂਸ ਵਿਚ ਇਕੱਠੇ ਹੋ ਰਹੇ ਸਨ ਅਤੇ ਜਿਨ੍ਹਾਂ ਕੋਲ ਨਾ ਹੀ ਜਥੇਬੰਦਕ ਸਨ, ਨਾ ਹਥਿਆਰ। ਅਤੇ ਇਹਨਾਂ ਇਤਿਹਾਦੀਆਂ ਨੇ ਇਹਨਾਂ ਫ਼ੌਜੀਆਂ ਨੂੰ ਸਾਡੇ ਉਤੇ ਚੜ੍ਹਾ ਦਿਤਾ। ਪਰ ਬਾਲਸ਼ਵਿਕਾਂ ਨੇ ਜਿਸ ਗੱਲ ਦੀ ਪੇਸ਼ਗੋਈ ਕੀਤੀ ਸੀ, ਉਹ ਹੋ ਗਈ। ਉਹਨਾਂ ਨੇ ਕਿਹਾ ਸੀ ਕਿ ਸਿਰਫ਼ ਰੂਸੀ ਇਨਕਲਾਬ ਹੀ ਨਹੀਂ ਸੰਬੰਧਤ, ਸਗੋਂ ਸੰਸਾਰ ਇਨਕਲਾਬ ਵੀ ਸੰਬੰਧਤ ਹੈ, ਅਤੇ ਸਾਰੇ ਸਭਯ ਦੇਸਾਂ ਦੇ ਮਜ਼ਦੂਰਾਂ ਵਿਚ ਬਾਲਸ਼ਵਿਕਾਂ ਦੇ ਇਤਿਹਾਦੀ ਹਨ। ਜਿਸ ਸਮੇਂ ਅਸੀਂ ਸਾਰੇ ਦੇਸਾਂ ਨੂੰ ਅਮਨ ਦੀ ਤਜਵੀਜ਼ ਦਿਤੀ ਸੀ,[177] ਉਸ ਵੇਲੇ ਇਹ ਪੇਸ਼ਗੋਈਆਂ ਆਪਣੇ ਸਿਧੇ ਰੂਪ ਵਿਚ ਨਹੀਂ ਸਨ ਪੂਰੀਆਂ ਹੋਈਆਂ। ਸਾਡੀ ਅਪੀਲ ਨੂੰ ਆਮ ਹੁੰਗਾਰਾ ਨਹੀਂ ਸੀ ਮਿਲਿਆ। ਪਰ ਜਨਵਰੀ ੧੯੧੮ ਵਿਚ ਜਰਮਨੀ ਵਿਚ ਹੜਤਾਲ[178] ਨੇ ਸਾਨੂੰ ਦਿਖਾ ਦਿਤਾ ਕਿ ਉਥੇ ਸਿਰਫ਼ ਲੀਬਕਨੇਖ਼ਤ ਦੀ ਹੀ ਨਹੀਂ, ਜਿਸ ਵਿਚ ਕੈਸਰ ਦੇ ਦਿਨਾਂ ਵਿਚ ਵੀ ਖੁਲ੍ਹੇ ਤੌਰ ਉਤੇ ਇਹ ਐਲਾਨ ਕਰਨ ਦਾ ਹੌਸਲਾ ਸੀ ਕਿ ਜਰਮਨੀ ਦੀ ਸਰਕਾਰ ਅਤੇ ਬੁਰਜੂਆਜ਼ੀ ਲੁਟੇਰੇ ਹਨ, ਸਗੋਂ ਮਜ਼ਦੂਰਾਂ ਦੀਆਂ ਕਾਫ਼ੀ ਵੱਡੀਆਂ ਸ਼ਕਤੀਆਂ ਦੀ ਹਮਾਇਤ ਸਾਨੂੰ ਪ੍ਰਾਪਤ ਹੈ। ਇਹ ਹੜਤਾਲ ਖ਼ੂਨ-ਖ਼ਰਾਬੇ ਅਤੇ ਮਜ਼ਦੂਰਾਂ ਦੇ ਦਮਨ ਵਿਚ ਖ਼ਤਮ ਹੋਈ। ਬੇਸ਼ਕ, ਇਤਿਹਾਦ ਵਾਲੇ ਦੇਸਾਂ ਵਿਚ ਬੁਰਜੂਆਜ਼ੀ ਨੇ ਜਾਂ ਤਾਂ ਸਾਡੀ ਅਪੀਲ ਬਾਰੇ ਝੂਠ ਬੋਲ ਕੇ, ਜਾਂ ਇਸਨੂੰ ਬਿਲਕੁਲ ਨਾ ਛਾਪ ਕੇ, ਮਜ਼ਦੂਰਾਂ ਨੂੰ ਧੋਖਾ ਦਿਤਾ। ਇਸ ਕਰਕੇ ਨਵੰਬਰ ੧੯੧੭ ਵਿਚ ਅਸੀਂ ਜਿਹੜੀ ਅਪੀਲ ਸਾਰੀਆਂ ਕੌਮਾਂ ਨੂੰ ਕੀਤੀ, ਉਸਦੇ ਕੋਈ ਸਿਧੇ ਸਿੱਟੇ ਨਾ ਨਿਕਲੇ, ਅਤੇ ਜਿਹੜੇ ਲੋਕ ਇਹ ਖ਼ਿਆਲ ਕਰਦੇ ਸਨ ਕਿ ਇਹ ਇਕੱਲੀ ਅਪੀਲ ਹੀ ਇਨਕਲਾਬ ਲੈ ਆਇਗੀ, ਬੇਸ਼ਕ, ਉਹਨਾਂ ਨੂੰ ਘੋਰ ਨਿਰਾਸ਼ਾ ਹੋਣੀ ਜ਼ਰੂਰੀ ਸੀ। ਪਰ ਅਸੀਂ ਸਿਰਫ਼ ਅਪੀਲ ਉਤੇ ਹੀ ਭਰੋਸਾ ਨਹੀਂ ਸਾਂ ਰਖਦੇ; ਅਸੀਂ ਵਧੇਰੇ ਗੰਭੀਰ ਚਾਲਕ ਸ਼ਕਤੀਆਂ ਉਤੇ ਭਰੋਸਾ ਰਖਦੇ ਸਾਂ। ਅਸੀਂ ਕਿਹਾ ਸੀ ਕਿ ਇਨਕਲਾਬ ਵੱਖੋ ਵੱਖਰੇ ਦੇਸਾਂ ਵਿਚ ਵੱਖੋ ਵੱਖਰੀ ਤਰ੍ਹਾਂ ਚਲੇਗਾ, ਅਤੇ ਇਹ ਵੀ ਕਿਹਾ ਸੀ ਕਿ ਇਹ

ਸਿਰਫ਼ ਕਿਸੇ ਰਾਸਪੂਤੀਨ ਦੇ ਚਮਚੇ ਜਾਂ ਬਦਮਾਸ਼ ਭੂਮੀਪਤੀ ਨੂੰ ਹਟਾਉਣ ਦਾ ਮਾਮਲਾ ਨਹੀਂ, ਸਗੋਂ ਵਧੇਰੇ ਵਿਕਸਤ ਅਤੇ ਪ੍ਰਬੁਧ ਬੁਰਜੂਆਜ਼ੀ ਦੇ ਖ਼ਿਲਾਫ਼ ਘੋਲ ਦਾ ਮਾਮਲਾ ਹੈ।

ਅਤੇ ਇਸ ਲਈ, ਜਦੋਂ ਬਰਤਾਨਵੀਆਂ ਨੇ ਉੱਤਰ ਵਿਚ ਅਤੇ ਫ਼ਰਾਂਸੀਸੀਆਂ ਨੇ ਦੱਖਣ ਵਿਚ ਫ਼ੌਜਾਂ ਉਤਾਰ ਦਿਤੀਆਂ, ਤਾਂ ਫ਼ੈਸਲਾਕੁਨ ਅਜ਼ਮਾਇਸ਼ ਅਤੇ ਅੰਤਮ ਫ਼ੈਸਲੇ ਦੀ ਘੜੀ ਸ਼ੁਰੂ ਹੋਈ। ਇਸ ਸਵਾਲ ਦਾ, ਕਿ ਕੌਣ ਠੀਕ ਹੈ, ਹੁਣ ਜਵਾਬ ਮਿਲਣਾ ਸੀ। ਕੀ ਬਾਲਸ਼ਵਿਕ ਠੀਕ ਸਨ, ਜਦੋਂ ਉਹਨਾਂ ਨੇ ਕਿਹਾ ਸੀ ਕਿ ਲੜਾਈ ਜਿੱਤਣ ਲਈ ਉਹਨਾਂ ਦਾ ਮਜ਼ਦੂਰਾਂ ਉਤੇ ਨਿਰਭਰ ਹੋਣਾ ਜ਼ਰੂਰੀ ਸੀ? ਜਾਂ ਮੈਨਸ਼ਵਿਕ ਠੀਕ ਸਨ ਜਦੋਂ ਉਹ ਕਹਿੰਦੇ ਸਨ ਕਿ ਇਕ ਦੇਸ ਵਿਚ ਇਨਕਲਾਬ ਲਿਆਉਣ ਦੀ ਕੋਸ਼ਿਸ਼ ਕਰਨਾ ਵਿਅਰਥ ਅਤੇ ਮੂਰਖਾਂ ਵਾਲੀ ਗੱਲ ਹੋਇਗੀ, ਕਿਉਂਕਿ ਇਸਨੂੰ ਦੂਜੇ ਦੇਸਾਂ ਵਲੋਂ ਕੁਚਲ ਦਿਤਾ ਜਾਇਗਾ? ਇਹੋ ਜਿਹੀ ਗੱਲ ਸਿਰਫ਼ ਪਾਰਟੀ ਦੇ ਲੋਕਾਂ ਤੋਂ ਹੀ ਨਹੀਂ, ਸਗੋਂ ਉਹਨਾਂ ਲੋਕਾਂ ਤੋਂ ਵੀ ਤੁਹਾਡੇ ਕੰਨੀਂ ਪੈਂਦੀ ਸੀ ਜਿਹੜੇ ਅਜੇ ਰਾਜਨੀਤੀ ਬਾਰੇ ਸੋਚਣਾ ਸ਼ੁਰੂ ਹੀ ਕਰ ਰਹੇ ਸਨ। ਅਤੇ ਫਿਰ ਨਿਰਣਾਇਕ ਪਰਖ ਆਈ। ਲੰਮੇ ਸਮੇਂ ਲਈ ਸਾਨੂੰ ਪਤਾ ਨਾ ਲੱਗਾ ਕਿ ਸਿੱਟਾ ਕੀ ਨਿਕਲੇਗਾ; ਲੰਮੇ ਸਮੇਂ ਲਈ ਅਸੀਂ ਸਿੱਟੇ ਦਾ ਅੰਦਾਜ਼ਾ ਨਾ ਲਾ ਸਕੇ; ਪਰ ਹੁਣ, ਉਸ ਘਟਨਾ ਤੋਂ ਪਿਛੋਂ, ਅਸੀਂ ਜਾਣਦੇ ਹਾਂ ਕਿ ਇਹ ਕੀ ਸੀ। ਅੰਗਰੇਜ਼ੀ ਅਖ਼ਬਾਰਾਂ ਵਿਚ ਵੀ, ਸਾਰੇ ਬੁਰਜੂਆ ਅਖ਼ਬਾਰਾਂ ਵਲੋਂ ਬਾਲਸ਼ਵਿਕਾਂ ਬਾਰੇ ਦੱਸੇ ਜਾਂਦੇ ਪਾਗਲਾਂ ਵਾਲੇ ਝੂਠ ਦੇ ਬਾਵਜੂਦ — ਉਹਨਾਂ ਅਖ਼ਬਾਰਾਂ ਵਿਚ ਵੀ ਆਰਖਾਂਗੇਲਸਕ ਦੇ ਨੇੜਿਉਂ ਬਰਤਾਨਵੀ ਫ਼ੌਜੀਆਂ ਵਲੋਂ ਭੇਜੀਆਂ ਚਿੱਠੀਆਂ ਛਪਣੀਆਂ ਸ਼ੁਰੂ ਹੋ ਗਈਆਂ, ਕਿ ਰੂਸੀ ਧਰਤੀ ਉਤੇ ਉਹਨਾਂ ਨੂੰ ਅੰਗਰੇਜ਼ੀ ਵਿਚ ਦੂਵਰਕੀਆਂ ਨਜ਼ਰੀਂ ਆਈਆਂ ਹਨ, ਜਿਨ੍ਹਾਂ ਵਿਚ ਉਹਨਾਂ ਨੂੰ ਸਮਝਾਇਆ ਗਿਆ ਹੈ ਕਿ ਉਹਨਾਂ ਨਾਲ ਧੋਖਾ ਕੀਤਾ ਗਿਆ ਹੈ, ਕਿ ਉਹਨਾਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੇ ਖ਼ਿਲਾਫ਼ ਚੜ੍ਹਾਇਆ ਜਾ ਰਿਹਾ ਹੈ ਜਿਨ੍ਹਾਂ ਨੇ ਆਪਣਾ ਰਾਜ ਸਥਾਪਤ ਕਰ ਲਿਆ ਹੈ। ਇਹਨਾਂ ਫ਼ੌਜੀਆਂ ਨੇ ਲਿਖਿਆ ਕਿ ਉਹ ਲੜਨਾ ਨਹੀਂ ਚਾਹੁੰਦੇ। ਜਿਥੋਂ ਤੱਕ ਫ਼ਰਾਂਸ ਦਾ ਸਵਾਲ ਹੈ, ਸਾਨੂੰ ਪਤਾ ਹੈ ਕਿ ਜਲਸੈਨਾ ਵਿਚ ਬਗ਼ਾਵਤ ਹੋ ਗਈ ਸੀ ਜਿਸ ਲਈ ਦਰਜਨਾਂ, ਸੈਂਕੜੇ ਅਤੇ ਸ਼ਾਇਦ ਹਜ਼ਾਰਾਂ ਫ਼ਰਾਂਸੀਸੀ ਅਜੇ ਵੀ ਸਖ਼ਤ ਕੈਦ ਭੁਗਤ ਰਹੇ ਹਨ। ਇਹਨਾਂ ਜਹਾਜ਼ੀਆਂ ਨੇ ਐਲਾਨ ਕਰ ਦਿਤਾ ਕਿ ਉਹ ਸੋਵੀਅਤ ਗਣ-ਰਾਜ ਦੇ ਖ਼ਿਲਾਫ਼ ਨਹੀਂ ਲੜਣਗੇ। ਹੁਣ ਅਸੀਂ ਵੇਖ ਸਕਦੇ ਹਾਂ ਕਿ ਕਿਉਂ ਨਾ ਫ਼ਰਾਂਸੀਸੀ ਅਤੇ ਨਾ ਬਰਤਾਨਵੀ ਫ਼ੌਜਾਂ ਇਸ ਸਮੇਂ ਸਾਡੇ ਨਾਲ ਲੜਾਈ ਕਰ ਰਹੀਆਂ ਹਨ, ਕਿਉਂ ਬਰਤਾਨਵੀ ਫ਼ੌਜੀ ਇਸ ਸਮੇਂ ਆਰਖਾਂਗੇਲਸਕ ਤੋਂ ਹਟਾ ਲਏ ਗਏ ਹਨ, ਅਤੇ ਕਿਉਂ ਬਰਤਾਨਵੀ ਸਰਕਾਰ ਉਹਨਾਂ ਨੂੰ ਸਾਡੀ ਧਰਤੀ ਉਤੇ ਲਿਆਉਣ ਦੀ ਹਿੰਮਤ ਨਹੀਂ ਕਰਦੀ।

ਸਾਡੇ ਇਕ ਰਾਜਨੀਤਕ ਲੇਖਕ, ਸਾਥੀ ਰਾਦੇਕ, ਨੇ ਲਿਖਿਆ ਸੀ ਕਿ ਰੂਸੀ ਧਰਤੀ ਅਜਿਹੀ ਧਰਤੀ ਸਿਧ ਹੋਵੇਗੀ ਕਿ ਕਿਸੇ ਵੀ ਦੂਜੇ ਦੇਸ ਦਾ ਕੋਈ ਵੀ ਫ਼ੌਜੀ, ਜਿਹੜਾ ਇਸ ਉਤੇ ਕਦਮ ਧਰੇਗਾ, ਲੜ ਨਹੀਂ ਸਕੇਗਾ। ਇਹ ਬੜਾ ਹੀ ਸ਼ੇਖ਼ੀ ਭਰਿਆ ਇਕਰਾਰ ਲਗਦਾ ਸੀ, ਇਹ ਭੁਲੇਖਾ ਲਗਦਾ ਸੀ। ਪਰ ਇਹ ਠੀਕ ਸਿਧ ਹੋਇਆ। ਜਿਸ ਧਰਤੀ ਉਤੇ ਸੋਵੀਅਤ ਇਨਕਲਾਬ ਵਾਪਰਿਆ ਹੈ, ਉਹ ਧਰਤੀ ਸਾਰੇ ਦੇਸਾਂ ਲਈ ਬੜੀ ਖ਼ਤਰਨਾਕ ਸਿਧ ਹੋਈ। ਸਿਧ ਹੋ ਗਿਆ ਕਿ ਰੂਸੀ ਬਾਲਸ਼ਵਿਕ ਠੀਕ ਸਨ; ਉਹ ਪਹਿਲਾਂ ਹੀ ਜ਼ਾਰ ਦੇ ਸਮੇਂ ਦੇ ਦੌਰਾਨ ਹੀ ਮਜ਼ਦੂਰਾਂ ਵਿਚਕਾਰ ਏਕਤਾ ਲਿਆਉਣ ਵਿਚ ਸਫ਼ਲ ਰਹੇ ਸਨ ਅਤੇ ਮਜ਼ਦੂਰ ਨਿੱਕੇ ਨਿੱਕੇ ਸੈੱਲ ਬਨਾਉਣ ਵਿਚ ਸਫ਼ਲ ਹੋ ਗਏ ਸਨ, ਜਿਹੜੇ ਉਹਨਾਂ ਸਾਰਿਆਂ ਦਾ ਜਿਹੜੇ ਉਹਨਾਂ ਉਤੇ ਵਿਸ਼ਵਾਸ ਰਖਦੇ ਸਨ, ਭਾਵੇਂ ਉਹ ਫ਼ਰਾਂਸੀਸੀ ਮਜ਼ਦੂਰ ਹੋਣ ਜਾਂ ਬਰਤਾਨਵੀ ਫ਼ੌਜੀ, ਉਹਨਾਂ ਦੀਆਂ ਆਪਣੀਆਂ ਬੋਲੀਆਂ ਵਿਚ ਪ੍ਰਚਾਰ ਕਰਕੇ ਸੁਆਗਤ ਕਰਦੇ ਸਨ। ਠੀਕ ਹੈ ਕਿ ਸਾਡੇ ਕੋਲ ਸਿਰਫ਼ ਨਿੱਕੀਆਂ ਨਿੱਕੀਆਂ ਦੁਵਰਕੀਆਂ ਸਨ, ਜਦੋਂ ਕਿ ਬਰਤਾਨਵੀ ਅਤੇ ਫ਼ਰਾਂਸੀਸੀ ਅਖ਼ਬਾਰੀ ਪ੍ਰਚਾਰ ਹਜ਼ਾਰਾਂ ਅਖ਼ਬਾਰਾਂ ਵਲੋਂ ਕੀਤਾ ਜਾਂਦਾ ਸੀ ਅਤੇ ਹਰ ਵਾਕੰਸ਼ ਲੱਖਾਂ ਕਾਲਮਾਂ ਵਿਚ ਪਰਚਾਰਿਆ ਜਾਂਦਾ ਸੀ। ਅਸੀਂ ਇਕ ਮਹੀਨੇ ਵਿਚ ਸਿਰਫ਼ ਦੋ ਜਾਂ ਤਿੰਨ ਚੁਪੱਤਰੇ ਵਰਕੇ ਪ੍ਰਕਾਸ਼ਤ ਕਰਦੇ ਸਾਂ, ਵਧ ਤੋਂ ਵਧ ਇਹ ਹਰ ਦੱਸ ਹਜ਼ਾਰ ਫ਼ਰਾਂਸੀਸੀ ਫ਼ੌਜੀਆਂ ਦੇ ਹਿੱਸੇ ਸਿਰਫ਼ ਇਕ ਪਰਤੀ ਆਉਂਦੀ ਸੀ। ਮੈਨੂੰ ਯਕੀਨ ਨਹੀਂ ਕਿ ਇੰਨੀਆਂ ਵੀ ਆਪਣੀ ਮੰਜ਼ਲ ਤੱਕ ਪਹੁੰਚਦੀਆਂ ਹੋਣਗੀਆਂ। ਤਾਂ ਫਿਰ ਫ਼ਰਾਂਸੀਸੀ ਅਤੇ ਬਰਤਾਨਵੀ ਫ਼ੌਜੀ ਕਿਉਂ ਉਹਨਾਂ ਵਿਚ ਵਿਸ਼ਵਾਸ ਕਰ ਲੈਂਦੇ ਸਨ? ਕਿਉਂਕਿ ਅਸੀਂ ਸੱਚ ਦਸਦੇ ਸਾਂ, ਅਤੇ ਕਿਉਂਕਿ ਜਦੋਂ ਉਹ ਰੂਸ ਆਏ ਤਾਂ ਉਹਨਾਂ ਨੇ ਵੇਖਿਆ ਕਿ ਉਹਨਾਂ ਨੂੰ ਧੋਖਾ ਦਿਤਾ ਗਿਆ ਹੈ। ਉਹਨਾਂ ਨੂੰ ਦਸਿਆ ਗਿਆ ਸੀ ਕਿ ਤੁਸੀਂ ਆਪਣੇ ਦੇਸ ਦੀ ਰਾਖੀ ਕਰਨੀ ਹੈ; ਪਰ ਜਦੋਂ ਉਹ ਰੂਸ ਆਏ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਨੇ ਭੂਮੀਪਤੀਆਂ ਅਤੇ ਸਰਮਾਇਦਾਰਾਂ ਦੀ ਹਕੂਮਤ ਦੀ ਰਾਖੀ ਕਰਨੀ ਸੀ, ਉਹਨਾਂ ਨੇ ਇਨਕਲਾਬ ਨੂੰ ਕੁਚਲਣਾ ਸੀ। ਅਸੀਂ ਇਹਨਾਂ ਲੋਕਾਂ ਨੂੰ ਦੋ ਸਾਲਾਂ ਵਿਚ ਜਿੱਤ ਸਕੇ, ਇਸਦਾ ਕਾਰਨ ਇਹ ਸੀ ਕਿ ਭਾਵੇਂ ਉਹ ਭੁੱਲ ਚੁੱਕੇ ਸਨ ਕਿ ਕਦੀ ਉਹਨਾਂ ਆਪਣੇ ਬਾਦਸ਼ਾਹਾਂ ਨੂੰ ਵੀ ਫਾਹੇ ਲਾਇਆ ਸੀ, ਜਿਉਂ ਹੀ ਉਹਨਾਂ ਨੇ ਰੂਸੀ ਧਰਤੀ ਉਤੇ ਕਦਮ ਧਰਿਆ, ਰੂਸੀ ਇਨਕਲਾਬ ਨੇ ਅਤੇ ਰੂਸੀ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਿੱਤਾਂ ਨੇ ਫ਼ਰਾਂਸ ਅਤੇ ਬਰਤਾਨੀਆ ਦੇ ਫ਼ੌਜੀਆਂ ਨੂੰ ਆਪਣੇ ਇਨਕਲਾਬ ਯਾਦ ਕਰਵਾ ਦਿਤੇ ਅਤੇ, ਰੂਸ ਦੀਆਂ ਘਟਨਾਵਾਂ ਸਦਕਾ, ਉਹਨਾਂ ਨੂੰ ਯਾਦ ਆ ਗਿਆ ਕਿ ਕਦੀ ਉਹਨਾਂ ਦੇ ਆਪਣੇ ਦੇਸਾਂ ਵਿਚ ਕੀ ਹੋਇਆ ਸੀ।

ਅਤੇ ਇਸ ਤੋਂ ਪਤਾ ਲੱਗਾ ਕਿ ਬਾਲਸ਼ਵਿਕ ਠੀਕ ਸਨ, ਕਿ ਸਾਡੀਆਂ ਆਸਾਂ

ਸਰਮਾਇਦਾਰਾਂ ਦੀਆਂ ਆਸਾਂ ਨਾਲੋਂ ਚੰਗੇਰੀਆਂ ਨੀਂਹਾਂ ਉਤੇ ਸਨ, ਭਾਵੇਂ ਸਾਡੇ ਕੋਲ ਨਾ ਪੈਸੇ ਸਨ ਨਾ ਹਥਿਆਰ, ਜਦੋਂ ਕਿ ਇਤਿਹਾਦੀ ਦੇਸਾਂ ਕੋਲ ਹਥਿਆਰ ਵੀ ਸਨ ਅਤੇ ਅਜਿਤ ਫ਼ੌਜ ਵੀ। ਪਰ ਅਸੀਂ ਇਹਨਾਂ ਅਜਿੱਤ ਫ਼ੌਜਾਂ ਦੀ ਹਮਦਰਦੀ ਜਿੱਤ ਲਈ, ਇਥੋਂ ਤੱਕ ਕਿ ਉਹ, ਤਜਰਬੇ ਤੋਂ ਇਹ ਜਾਣਦਿਆਂ ਕਿ ਇਹੋ ਜਿਹਾ ਹਰ ਯਤਨ ਉਹਨਾਂ ਦੇ ਖ਼ਿਲਾਫ਼ ਜਾਂਦਾ ਹੈ, ਬਰਤਾਨਵੀ ਜਾਂ ਫ਼ਰਾਂਸੀਸੀ ਫ਼ੌਜੀਆਂ ਨੂੰ ਸਾਡੇ ਖ਼ਿਲਾਫ਼ ਚੜ੍ਹਾਉਣ ਦੀ ਹਿੰਮਤ ਨਹੀਂ ਸਨ ਕਰ ਸਕਦੇ। ਇਹ ਇਕ ਚਮਤਕਾਰ ਹੈ ਜਿਹੜਾ ਸੋਵੀਅਤ ਰੂਸ ਵਿਚ ਹੋਇਆ ਹੈ।

ਸੰਗ੍ਰਹਿਤ ਕਿਰਤਾਂ,
ਸੈਂਚੀ ੪੦,
ਪੰਨੇ ੧੬੯-੧੭੨

# "ਖੱਬ-ਪੱਖੀ" ਕਮਿਊਨਿਜ਼ਮ — ਇਕ ਬਚਗਾਨਾ ਰੋਗ[179]

# ਵਿਚੋਂ

## ੧. ਰੂਸੀ ਇਨਕਲਾਬ ਦੀ ਕੌਮਾਂਤਰੀ ਮਹੱਤਤਾ ਦੀ ਗੱਲ ਅਸੀਂ ਕਿਸ ਅਰਥ ਵਿਚ ਕਰ ਸਕਦੇ ਹਾਂ ?

ਰੂਸ ਵਿਚ ਪ੍ਰੋਲਤਾਰੀ ਵਲੋਂ ਸੱਤਾ ਜਿੱਤ ਲੈਣ (੨੫ ਅਕਤੂਬਰ [੭ ਨਵੰਬਰ] ੧੯੧੭) ਤੋਂ ਪਿਛੋਂ ਦੇ ਪਹਿਲੇ ਕੁਝ ਮਹੀਨਿਆਂ ਵਿਚ ਸ਼ਾਇਦ ਇਹ ਜਾਪਦਾ ਹੋਵੇ ਕਿ ਪਛੜੇ ਹੋਏ ਰੂਸ ਅਤੇ ਪੱਛਮੀ ਯੂਰਪ ਦੇ ਉੱਨਤ ਦੇਸਾਂ ਵਿਚ ਇੰਨਾਂ ਫ਼ਰਕ ਹੈ ਕਿ ਇਹਨਾਂ ਦੇਸਾਂ ਵਿਚ ਜਿਹੜਾ ਪ੍ਰੋਲਤਾਰੀ ਇਨਕਲਾਬ ਹੋਵੇਗਾ ਉਹ ਬਹੁਤ ਘਟ ਸਾਡੇ ਇਨਕਲਾਬ ਜਿਹਾ ਹੋਵੇਗਾ। ਪਰ ਹੁਣ ਸਾਡੇ ਕੋਲ ਚੋਖਾ ਕੌਮਾਂਤਰੀ ਅਨੁਭਵ ਹੈ ਜਿਹੜਾ ਬੜੀ ਸਪਸ਼ਟਤਾ ਨਾਲ ਦਰਸਾਉਂਦਾ ਹੈ ਕਿ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲਛਣਾਂ ਦੀ ਮਹੱਤਤਾ ਅਜਿਹੀ ਹੈ ਜਿਹੜੀ ਕੇਵਲ ਸਥਾਨਕ ਜਾਂ ਵਿਸ਼ੇਸ਼ ਤੌਰ ਤੇ ਕੌਮੀ ਜਾਂ ਨਿਰੋਲ ਰੂਸੀ ਨਹੀਂ ਸਗੋਂ ਕੌਮਾਂਤਰੀ ਹੈ। ਮੈਂ ਇਥੇ ਆਮ ਤੌਰ ਤੇ ਵਿਸ਼ਾਲ ਅਰਥ ਵਿਚ ਕੌਮਾਂਤਰੀ ਮਹੱਤਤਾ ਦੀ ਗੱਲ ਨਹੀਂ ਕਰ ਰਿਹਾ: ਸਾਡੇ ਇਨਕਲਾਬ ਦੇ ਕੁਝ ਨਹੀਂ ਸਗੋਂ ਸਾਰੇ ਮੂਲ ਲੱਛਣ ਅਤੇ ਇਹਦੇ ਅਨੇਕਾਂ ਦੁਜੈਲੇ ਲੱਛਣ ਇਸ ਅਰਥ ਵਿਚ ਕੌਮਾਂਤਰੀ ਮਹੱਤਤਾ ਦੇ ਹਨ ਕਿ ਉਹਨਾਂ ਦਾ ਸਭਨਾਂ ਦੇਸਾਂ ਉਤੇ ਪ੍ਰਭਾਵ ਪੈਂਦਾ ਹੈ। ਮੈਂ ਅਤਿ ਸੰਕੋਚ ਵਾਲੇ ਅਰਥਾਂ ਵਿਚ ਇਹਦੀ ਕੌਮਾਂਤਰੀ ਮਹੱਤਤਾ ਦੀ ਗੱਲ ਕਰ ਰਿਹਾ ਹਾਂ। ਇਥੇ ਮੈਂ ਕੌਮਾਂਤਰੀ ਮਹੱਤਤਾ ਦੇ ਅਰਥ ਇਹ ਲੈਂਦਾ ਹਾਂ ਕਿ ਜੋ ਕੁਝ ਸਾਡੇ ਦੇਸ ਵਿਚ ਵਾਪਰਿਆ ਹੈ ਕੌਮਾਂਤਰੀ ਪਧਰ ਤੇ ਉਹਦੀ ਪ੍ਰਮਾਣਤਾ ਹੈ ਜਾਂ ਉਹਦਾ ਕੌਮਾਂਤਰੀ ਪਧਰ ਉਤੇ ਦੁਹਰਾਇਆ ਜਾਣਾ ਇਤਿਹਾਸਕ ਤੌਰ ਤੇ ਅਟੱਲ ਹੈ। ਇਹ ਮੰਨਣਾ ਪਵੇਗਾ ਕਿ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲੱਛਣ ਅਜਿਹੀ ਮਹੱਤਤਾ ਰਖਦੇ ਹਨ।

ਨਿਸ਼ਚੇ ਹੀ ਇਸ ਸਚਾਈ ਨੂੰ ਵਧਾ ਚੜ੍ਹਾ ਕੇ ਵੇਖਣਾ ਅਤੇ ਇਹਨੂੰ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲੱਛਣਾਂ ਦੀਆਂ ਹਦਾਂ ਤੋਂ ਬਾਹਰ ਵਧਾਉਣਾ ਉਕਾ ਹੀ ਗ਼ਲਤ ਹੋਵੇਗਾ। ਇਹ ਤੱਥ ਅਖੋਂ ਉਹਲੇ ਕਰਨਾ ਵੀ ਗ਼ਲਤ ਹੋਵੇਗਾ ਕਿ ਉੱਨਤ ਦੇਸਾਂ ਵਿਚੋਂ ਘਟੋ ਘਟ ਇਕ ਵਿਚ ਪ੍ਰੋਲਤਾਰੀ ਇਨਕਲਾਬ ਦੀ ਜਿੱਤ ਤੋਂ ਛੇਤੀ ਹੀ ਪਿਛੋਂ ਸ਼ਾਇਦ ਇਕ ਤਿੱਖੀ ਤਬਦੀਲੀ ਆਵੇਗੀ: ਰੂਸ ("ਸੋਵੀਅਤ" ਅਤੇ ਸੋਸ਼ਲਿਸਟ

ਅਰਥਾਂ ਵਿਚ) ਇਕ ਮਿਸਾਲੀ ਦੇਸ ਨਾ ਰਹਿ ਕੇ ਇਕ ਵਾਰ ਫਿਰ ਇਕ ਪਛੜਿਆ ਦੇਸ ਬਣ ਜਾਵੇਗਾ।

ਪਰ ਇਤਿਹਾਸ ਦੀ ਇਸ ਘੜੀ ਰੂਸੀ ਮਿਸਾਲ ਵਿਚ ਹੀ **ਸਭਨਾਂ** ਦੇਸਾਂ ਨੂੰ ਉਹਨਾਂ ਦੇ ਨੇੜੇ ਦੇ ਅਤੇ ਅਟੱਲ ਭਵਿੱਖ ਦੀ ਇਕ ਝਲਕ — ਅਤੇ ਅਤਿ ਲਖਾਇਕ ਝਲਕ ਦਿਖਾਈ ਦੇਂਦੀ ਹੈ। ਸਭਨਾਂ ਦੇਸਾਂ ਦੇ ਉੱਨਤ ਕਿਰਤੀਆਂ ਨੇ ਚਿਰਾਂ ਤੋਂ ਇਸ ਗੱਲ ਨੂੰ ਸਮਝ ਲਿਆ ਹੋਇਆ ਹੈ; ਵਧੇਰੇ ਅਜਿਹਾ ਹੋਇਆ ਕਿ ਉਹਨਾਂ ਇੰਨਾਂ ਸਮਝਿਆ ਨਹੀਂ ਜਿੰਨਾਂ ਆਪਣੀ ਇਨਕਲਾਬੀ ਸ਼੍ਰੇਣੀ ਸੂਝ ਕਾਰਨ ਇਹਨੂੰ ਅਨੁਭਵ ਕਰ ਲਿਆ। (ਸੰਕੋਚੇ ਅਰਥਾਂ ਵਿਚ) ਇਹ ਹੈ ਸੋਵੀਅਤ ਸੱਤਾ ਦੀ ਅਤੇ ਬਾਲਸ਼ਵਿਕ ਸਿਧਾਂਤ ਅਤੇ ਦਾਅ-ਪੇਚਾਂ ਦੀ ਮਹੱਤਤਾ। ਜਰਮਨੀ ਵਿਚ ਕਾਊਟਸਕੀ ਅਤੇ ਆਸਟਰੀਆ ਵਿਚ ਓਟੋ ਬਾਊਏਰ ਅਤੇ ਫ਼ਰੀਡਰਿਖ਼ ਐਡਲਰ ਜਿਹੇ ਦੂਜੀ ਇੰਟਰਨੈਸ਼ਨਲ ਦੇ "ਇਨਕਲਾਬੀ" ਨੇਤਾ ਇਹ ਸਮਝਣੋਂ ਅਸਮਰਥ ਰਹੇ ਹਨ ਅਤੇ ਇਸੇ ਲਈ ਪਿਛੇ-ਖਿਚੂ ਅਤੇ ਅਤਿ ਭੈੜੀ ਮੌਕਾਪ੍ਰਸਤੀ ਅਤੇ ਸਮਾਜੀ ਵਿਸਾਹ-ਘਾਤ ਦੇ ਹਾਮੀ ਸਾਬਤ ਹੋਏ ਸਨ। "ਸੰਸਾਰ ਇਨਕਲਾਬ" ("Weltrevolution") ਜਿਹੜਾ ੧੯੧੯ ਵਿਚ ਵੀਆਨਾ ਵਿਚ ਪ੍ਰਕਾਸ਼ਤ ਹੋਇਆ (Sozialistische Bücherei, Heft 11; Ignaz Brand*), ਬੜੇ ਸਪਸ਼ਟ ਢੰਗ ਨਾਲ ਉਹਨਾਂ ਦੀ ਸਮੁਚੀ ਸੋਚ ਅਤੇ ਉਹਨਾਂ ਦੇ ਵਿਚਾਰਾਂ ਦੇ ਪੂਰੇ ਘੇਰੇ ਨੂੰ, ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਉਹਨਾਂ ਦੀ ਮੂਰਖਤਾ, ਪੰਡਤਾਊਪੁਣੇ, ਨੀਚਤਾ ਅਤੇ ਕਿਰਤੀ ਸ਼੍ਰੇਣੀ ਦੇ ਹਿੱਤਾਂ ਨਾਲ ਗ਼ਦਾਰੀ ਨੂੰ ਬੜੀ ਸਪਸ਼ਟਤਾ ਨਾਲ ਪ੍ਰਗਟ ਕਰਦਾ ਹੈ — ਅਤੇ ਇਹੋ ਨਹੀਂ, ਇਹ ਸਭ ਕੁਝ ਉਹ "ਸੰਸਾਰ ਇਨਕਲਾਬ" ਦੇ ਵਿਚਾਰਾਂ ਦੀ "ਹਮਾਇਤ" ਕਰਨ ਦੇ ਨਾਂ ਤੇ ਕਰਦੇ ਹਨ।

ਅਸੀਂ ਇਸ ਪੈਂਫ਼ਲਟ ਉਤੇ ਵਧੇਰੇ ਵਿਸਥਾਰ ਨਾਲ ਵਿਚਾਰ ਕਿਸੇ ਹੋਰ ਸਮੇਂ ਕਰਾਂਗੇ। ਇਥੇ ਅਸੀਂ ਕੇਵਲ ਇਕ ਹੋਰ ਗੱਲ ਕਰਾਂਗੇ: ਬੀਤੇ ਸਮੇਂ ਵਿਚ ਜਦੋਂ ਕਾਊਟਸਕੀ ਅਜੇ ਮਾਰਕਸਵਾਦੀ ਸੀ ਅਤੇ ਗ਼ਦਾਰ ਨਹੀਂ ਸੀ ਬਣਿਆ, ਤਾਂ ਇਸ ਸਵਾਲ ਉਤੇ ਇਕ ਇਤਿਹਾਸਕਾਰ ਦੀ ਹੈਸੀਅਤ ਵਿਚ ਵਿਚਾਰ ਕਰਦੇ ਹੋਏ ਉਹਨੇ ਅਜਿਹੀ ਪ੍ਰਸਥਿਤੀ ਪੈਦਾ ਹੋਣ ਦੀ ਸੰਭਾਵਨਾ ਵੇਖੀ ਸੀ ਜਿਸ ਵਿਚ ਰੂਸੀ ਪ੍ਰੋਲਤਾਰੀ ਦੀ ਇਨਕਲਾਬੀ ਭਾਵਨਾ ਪੱਛਮੀ ਯੂਰਪ ਲਈ ਇਕ ਨਮੂਨਾ ਬਣ ਸਕੇਗੀ। ਇਹ ੧੯੦੨ ਦੀ ਗੱਲ ਹੈ ਜਦੋਂ ਕਾਊਟਸਕੀ ਨੇ ਇਨਕਲਾਬੀ "ਇਸਕਰਾ"[180] ਲਈ ਇਕ ਲੇਖ "ਸਲਾਵ ਲੋਕ ਅਤੇ ਇਨਕਲਾਬ" ਲਿਖਿਆ ਸੀ। ਉਸ ਲੇਖ ਵਿਚ ਉਹਨੇ ਲਿਖਿਆ:

---

*ਇਗਨਾਜ਼ ਬਰੈਂਡ, ਸੋਸ਼ਲਿਸਟ ਲਾਇਬ੍ਰੇਰੀ, ਸੈਂਚੀ ੧੧। — **ਸੰਪਾ:**

"ਇਸ ਸਮੇਂ" (੧੮੪੮ ਦੇ ਉਲਟ)* "ਇਉਂ ਜਾਪਦਾ ਹੈ ਕਿ ਸਲਾਵ ਲੋਕ ਨਾ ਕੇਵਲ ਇਨਕਲਾਬੀ ਕੌਮਾਂ ਦੀਆਂ ਸਫ਼ਾਂ ਵਿਚ ਸ਼ਾਮਲ ਹੋ ਗਏ ਹਨ ਸਗੋਂ ਇਨਕਲਾਬੀ ਵਿਚਾਰਾਂ ਅਤੇ ਇਨਕਲਾਬੀ ਅਮਲ ਦਾ ਕੇਂਦਰ ਸਦਾ ਵਧੇਰੇ ਸਲਾਵਾਂ ਵੱਲ ਹੁੰਦਾ ਜਾ ਰਿਹਾ ਹੈ। ਇਨਕਲਾਬੀ ਕੇਂਦਰ ਪੱਛਮ ਤੋਂ ਪੂਰਬ ਵੱਲ ਤਬਦੀਲ ਹੋ ਰਿਹਾ ਹੈ। ਉਨ੍ਹੀਵੀਂ ਸਦੀ ਦੇ ਪਹਿਲੇ ਅਧ ਵਿਚ ਇਹ ਫ਼ਰਾਂਸ ਵਿਚ, ਕਦੀ ਕਦੀ ਇੰਗਲੈਂਡ ਵਿਚ ਸਥਿਤ ਸੀ। ੧੮੪੮ ਵਿਚ ਜਰਮਨੀ ਵੀ ਇਨਕਲਾਬੀ ਕੌਮਾਂ ਦੀ ਸਫ਼ਾਂ ਵਿਚ ਸ਼ਾਮਲ ਹੋ ਗਿਆ... ਨਵੀਂ ਸਦੀ ਅਜਿਹੀਆਂ ਘਟਨਾਵਾਂ ਨਾਲ ਸ਼ੁਰੂ ਹੋਈ ਹੈ ਜਿਨ੍ਹਾਂ ਤੋਂ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਅਸੀਂ ਇਨਕਲਾਬੀ ਕੇਂਦਰ ਵਿਚ ਇਕ ਹੋਰ ਤਬਦੀਲੀ, ਅਰਥਾਤ ਰੂਸ ਵੱਲ ਤਬਦੀਲੀ ਦੇ ਨੇੜੇ ਅਪੜ ਰਹੇ ਹਾਂ... ਰੂਸ, ਜਿਸਨੇ ਪੱਛਮ ਤੋਂ ਇੰਨੀਂ ਇਨਕਲਾਬੀ ਪਹਿਲਕਦਮੀ ਲਈ ਹੈ, ਹੁਣ ਸ਼ਾਇਦ ਪੱਛਮ ਲਈ ਇਨਕਲਾਬੀ ਸ਼ਕਤੀ ਦਾ ਸੋਮਾ ਬਣ ਰਿਹਾ ਹੈ। ਅੱਜ ਜਿਹੜੀ ਰੂਸੀ ਇਨਕਲਾਬੀ ਲਹਿਰ ਉਭਰ ਰਹੀ ਹੈ, ਸ਼ਾਇਦ ਉਹ ਸਾਡੇ ਵਿਚ ਫੈਲ ਗਏ ਪਿਲਪਿਲੇ ਖੂਹ-ਦੇ-ਡਡੂਪੁਣੇ ਅਤੇ ਪੂਰੀ ਤਰ੍ਹਾਂ ਨਾਪ ਤੋਲ ਕੇ ਕਦਮ ਚੁੱਕਣ ਦੀ ਰਾਜਨੀਤੀ ਨੂੰ ਹਟਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਸਾਬਤ ਹੋਵੇਗੀ ਅਤੇ ਸੰਭਵ ਹੈ ਕਿ ਇਹਦੇ ਕਾਰਨ ਲੜਾਕੂ ਭਾਵਨਾ ਅਤੇ ਸਾਡੇ ਮਹਾਨ ਆਸ਼ਿਆਂ ਲਈ ਲਗਨ ਮੁੜਕੇ ਭੜਕ ਉਠੇ। ਰੂਸ ਬੜੇ ਸਮੇਂ ਤੋਂ ਪੱਛਮੀ ਯੂਰਪ ਲਈ ਪਿਛਾਖੜ ਅਤੇ ਇਕ-ਪੁਰਖੀ ਰਾਜ ਦਾ ਕੋਟ ਹੀ ਨਹੀਂ ਰਿਹਾ। ਮੇਰਾ ਖ਼ਿਆਲ ਹੈ ਕਿ ਅੱਜ ਹਾਲਤ ਇਸਦੇ ਉਲਟ ਹੈ। ਪੱਛਮੀ ਯੂਰਪ ਰੂਸ ਲਈ ਪਿਛਾਖੜ ਅਤੇ ਇਕ-ਪੁਰਖੀ ਰਾਜ ਦਾ ਕੋਟ ਬਣਦਾ ਜਾ ਰਿਹਾ ਹੈ... ਐਨ ਸੰਭਵ ਹੈ ਕਿ ਰੂਸੀ ਇਨਕਲਾਬੀ ਬਹੁਤ ਪਹਿਲਾਂ ਜ਼ਾਰ ਨਾਲ ਨਜਿੱਠ ਲੈਂਦੇ ਜੇ ਉਹਨਾਂ ਨੂੰ ਉਹਦੇ ਸਾਥੀ—ਪੱਛਮੀ ਸਰਮਾਏ ਵਿਰੁਧ ਵੀ ਨਾ ਲੜਨਾ ਪੈਂਦਾ। ਸਾਨੂੰ ਆਸ ਰਖਣੀ ਚਾਹੀਦੀ ਹੈ ਕਿ ਇਸ ਵਾਰ ਉਹ ਦੁਹਾਂ ਦੁਸ਼ਮਣਾਂ ਨਾਲ ਨਜਿੱਠ ਲੈਣਗੇ ਅਤੇ ਨਵਾਂ "ਪਵਿੱਤਰ ਏਕਾ" ਆਪਣੇ ਤੋਂ ਪਹਿਲਾਂ ਦੇ ਏਕਿਆਂ ਨਾਲੋਂ ਵਧੇਰੇ ਤੇਜ਼ੀ ਨਾਲ ਢਹਿ-ਢੇਰੀ ਹੋ ਜਾਵੇਗਾ। ਪਰ ਰੂਸ ਵਿਚ ਅਜੋਕੇ ਘੋਲ ਦਾ ਜੋ ਵੀ ਅੰਤ ਹੋਵੇ, ਇਹਦੇ ਸ਼ਹੀਦਾਂ ਦਾ—ਮੰਦੇ-ਭਾਗੀਂ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇਗੀ—ਖ਼ੂਨ ਅਤੇ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਉਹ ਸਾਰੇ ਸਭਿਅ ਸੰਸਾਰ ਵਿਚ ਸਮਾਜੀ ਇਨਕਲਾਬ ਦੀ ਲਗਰਾਂ ਨੂੰ ਸ਼ਕਤੀ ਦੇਣਗੀਆਂ

---

*ਜੇ ਇਹਦੇ ਉਲਟ ਸੰਕੇਤ ਨਾ ਦਿਤਾ ਹੋਵੇ ਤਾਂ ਟੂਕ ਦੇ ਅੰਦਰ ਬ੍ਰੈਕਟਾਂ ਵਿਚ ਦਿਤੇ ਸ਼ਬਦ ਲੈਨਿਨ ਦੇ ਹਨ।—**ਸੰਪਾ:**

ਅਤੇ ਉਹਨਾਂ ਨੂੰ ਵਧੇਰੇ ਬਹੁਲਤਾ ਦੇਣਗੀਆਂ ਅਤੇ ਉਹ ਤੇਜ਼ੀ ਨਾਲ ਵਧਣਗੀਆਂ। ੧੮੪੮ ਵਿਚ ਸਲਾਵ ਲੋਕ ਉਸ ਸਖ਼ਤ ਕਕਰ ਵਾਂਗ ਸਨ ਜਿਸਨੇ ਜਨਤਾ ਦੀ ਬਸੰਤ ਦੇ ਫੁਲਾਂ ਨੂੰ ਮੁਰਝਾ ਦਿਤਾ। ਸ਼ਾਇਦ ਹੁਣ ਉਹ ਅਜਿਹੇ ਝਖੜ ਦਾ ਕੰਮ ਕਰਨਗੇ ਜਿਹੜਾ ਪਿਛਾਖੜ ਦੀ ਬਰਫ਼ ਤੋੜ ਦੇਵੇਗਾ ਅਤੇ ਆਪਣੇ ਨਾਲ ਕੌਮਾਂ ਲਈ ਲਾਜ਼ਮੀ ਤੌਰ ਤੇ ਨਵੀਂ ਅਤੇ ਹੁਲਾਸੀ ਬਸੰਤ ਲਿਆਵੇਗਾ।" (ਰੂਸੀ ਸੋਸ਼ਲ-ਡੈਮੋਕਰੈਟਿਕ ਅਖ਼ਬਾਰ "ਇਸਕਰਾ" ਨੰ: ੧੮, ੧੦ ਮਾਰਚ ੧੯੦੨ ਵਿਚ **ਕਾਰਲ ਕਾਊਟਸਕੀ** ਦਾ ਲੇਖ "ਸਲਾਵ ਅਤੇ ਇਨਕਲਾਬ")।

ਅਠਾਰਾਂ ਵਰ੍ਹੇ ਪਹਿਲਾਂ ਕਾਊਟਸਕੀ ਕਿੰਨਾਂ ਮੁਹਣਾ ਲਿਖਦਾ ਸੀ!

## ੧੦. ਕੁਝ ਨਤੀਜੇ

੧੯੦੫ ਦੇ ਰੂਸੀ ਬੁਰਜੂਆ ਇਨਕਲਾਬ ਨੇ ਸੰਸਾਰ ਦੇ ਇਤਿਹਾਸ ਵਿਚ ਇਕ ਬੜਾ ਅਨੋਖਾ ਮੋੜ ਪ੍ਰਗਟ ਕੀਤਾ: ਇਕ ਸਭ ਤੋਂ ਵਧ ਪੱਛੜੇ ਸਰਮਾਏਦਾਰ ਦੇਸ ਵਿਚ ਹੜਤਾਲਾਂ ਦੀ ਲਹਿਰ ਨੇ ਇਕ ਅਜਿਹੀ ਵਿਸ਼ਾਲਤਾ ਅਤੇ ਬਲ ਪ੍ਰਾਪਤ ਕਰ ਲਿਆ ਜਿਸਦੀ ਸੰਸਾਰ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ। ਕੇਵਲ ੧੯੦੫ ਦੇ **ਪਹਿਲੇ ਮਹੀਨੇ ਹੀ** ਹੜਤਾਲੀਆਂ ਦੀ ਗਿਣਤੀ ਪਿਛਲੇ ਦਹਾਕੇ (੧੮੯੫-੧੯੦੪) ਵਿਚ **ਸਾਲਾਨਾ** ਔਸਤ ਨਾਲੋਂ ਵਧ ਸੀ; ਜਨਵਰੀ ੧੯੦੫ ਤੋਂ ਅਕਤੂਬਰ ੧੯੦੫ ਤੱਕ ਹੜਤਾਲਾਂ ਲਗਾਤਾਰ ਵਧਦੀਆਂ ਗਈਆਂ ਅਤੇ ਉਹਨਾਂ ਧੜਵੈਲ ਰੂਪ ਧਾਰਨ ਕਰ ਲਿਆ। ਕੁਝ ਵਿਲਖਣ ਇਤਿਹਾਸਕ ਪ੍ਰਸਥਿਤੀਆਂ ਕਾਰਨ ਪੱਛੜੇ ਹੋਏ ਰੂਸ ਨੇ ਦੁਨੀਆਂ ਨੂੰ ਨਾ ਕੇਵਲ ਇਹ ਵਿਖਾਇਆ ਕਿ ਇਨਕਲਾਬ ਦੇ ਸਮੇਂ ਪਸਿਤੀ ਜਨਤਾ ਦੀ ਸੁਤੰਤਰ ਸਰਗਰਮੀ ਕਿਵੇਂ ਛਾਲੀਂ ਵਧਦੀ ਹੈ (ਇਹ ਗੱਲ ਸਭਨਾਂ ਮਹਾਨ ਇਨਕਲਾਬਾਂ ਵਿਚ ਵਾਪਰੀ), ਸਗੋਂ ਇਹ ਵੀ ਵਿਖਾਇਆ ਕਿ ਪ੍ਰੋਲਤਾਰੀ ਦੀ ਮਹੱਤਤਾ ਕੁਲ ਵੱਸੋਂ ਵਿਚ ਉਹਦੀ ਨਿਸਬਤ ਨਾਲੋਂ ਕਿਤੇ ਵਧ ਹੈ; ਇਹਨੇ ਵਿਖਾਇਆ ਕਿ ਆਰਥਕ ਅਤੇ ਰਾਜਸੀ ਹੜਤਾਲਾਂ ਨੂੰ ਕਿਵੇਂ ਇਕ ਦੂਜੇ ਨਾਲ ਮਿਲਾਇਆ ਜਾਂਦਾ ਹੈ ਅਤੇ ਕਿਵੇਂ ਰਾਜਸੀ ਹੜਤਾਲ ਹਥਿਆਰਬੰਦ ਬਗ਼ਾਵਤ ਵਿਚ ਵਿਕਸਤ ਹੋ ਜਾਂਦੀ ਅਤੇ ਸੋਵੀਅਤਾਂ ਦਾ ਜਨਮ ਹੁੰਦਾ ਹੈ, ਜੋ ਸਰਮਾਇਦਾਰੀ ਅਧੀਨ ਪਸਿਤੀਆਂ ਸ੍ਰੇਣੀਆਂ ਦੇ ਜਨਤਕ ਪੱਧਰ ਉਤੇ ਘੋਲ ਅਤੇ ਜਨਤਕ ਜਥੇਬੰਦੀ ਦਾ ਨਵਾਂ ਰੂਪ ਹਨ।

ਫ਼ਰਵਰੀ ਅਤੇ ਅਕਤੂਬਰ ਦੇ ਇਨਕਲਾਬਾਂ ਦਾ ਸਿੱਟਾ ਕੌਮ-ਵਿਆਪੀ ਪੱਧਰ ਉਤੇ

ਸੋਵੀਅਤਾਂ ਦੇ ਸਰਬੰਗੀ ਵਿਕਾਸ ਵਿਚ ਅਤੇ ਪ੍ਰੋਲਤਾਰੀ ਸੋਸ਼ਲਿਸਟ ਇਨਕਲਾਬ ਦੇ ਦੌਰਾਨ ਉਹਨਾਂ ਦੀ ਜਿੱਤ ਵਿਚ ਨਿਕਲਿਆ। ਦੋ ਵਰ੍ਹਿਆਂ ਤੋਂ ਘੱਟ ਸਮੇਂ ਵਿਚ ਸੋਵੀਅਤਾਂ ਦਾ ਕੌਮਾਂਤਰੀ ਖ਼ਾਸਾ, ਸੰਸਾਰ ਕਿਰਤੀ ਸ਼੍ਰੇਣੀ ਲਹਿਰ ਵਿਚ ਘੋਲ ਅਤੇ ਜਥੇਬੰਦੀ ਦੇ ਇਸ ਰੂਪ ਦਾ ਫੈਲਾਅ ਅਤੇ ਬੁਰਜੂਆ ਪਾਰਲੀਮਾਨੀਵਾਦ ਅਤੇ ਆਮ ਤੌਰ ਤੇ ਬੁਰਜੂਆ ਜਮਹੂਰੀਅਤ ਦੇ ਕਬਰ-ਪੁਟ, ਵਾਰਸ ਅਤੇ ਉਤਰ-ਅਧਿਕਾਰੀ ਵਜੋਂ ਸੋਵੀਅਤਾਂ ਦਾ ਇਤਿਹਾਸਕ ਮਿਸ਼ਨ ਸਪਸ਼ਟ ਹੋ ਗਿਆ।

ਪਰ ਕੇਵਲ ਇਹੋ ਨਹੀਂ। ਕਿਰਤੀ ਸ਼੍ਰੇਣੀ ਲਹਿਰ ਦੇ ਇਤਿਹਾਸ ਤੋਂ ਜਾਪਦਾ ਹੈ ਕਿ ਹੁਣ ਸਭਨਾਂ ਦੇਸਾਂ ਵਿਚ ਉਭਰ ਰਹੇ, ਬਲਵਾਨ ਹੋ ਰਹੇ ਅਤੇ ਜਿੱਤ ਵੱਲ ਵਧਦੇ ਹੋਏ ਕਮਿਊਨਿਜ਼ਮ ਦਾ ਘੋਲ ਮੁਖ ਤੌਰ ਤੇ **ਆਪਣੇ** (ਹਰ ਵੱਖ ਵੱਖ ਦੇਸ ਵਿਚ ਉਥੋਂ ਦੇ ਮਾਰਕੇ ਦੇ) ਮੈਨਸ਼ਵਿਕਵਾਦ, ਅਰਥਾਤ ਮੌਕਾਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦ ਵਿਰੁਧ ਅਤੇ ਫਿਰ ਇਹਦੇ ਪੂਰਕ ਦੇ ਤੌਰ ਤੇ ਖੱਬ-ਪੱਖੀ ਕਮਿਊਨਿਜ਼ਮ ਵਿਰੁਧ ਹੋਣ ਵਾਲਾ ਹੈ (ਅਤੇ ਸ਼ੁਰੂ ਵੀ ਹੋ ਚੁੱਕਾ ਹੈ)। ਜਾਪਦਾ ਹੈ ਕਿ ਬਿਨਾਂ ਕਿਸੇ ਛੋਟ ਦੇ ਪਹਿਲਾ ਸੰਘਰਸ਼ ਦੂਜੀ ਇੰਟਰਨੈਸ਼ਨਲ (ਜੋ ਲਗ ਭਗ ਮਰ ਚੁੱਕੀ ਹੈ) ਅਤੇ ਤੀਜੀ ਇੰਟਰਨੈਸ਼ਨਲ ਵਿਚਕਾਰ ਘੋਲ ਦੇ ਰੂਪ ਵਿਚ ਸ਼ੁਰੂ ਹੋ ਚੁੱਕਾ ਹੈ। ਦੂਜਾ ਘੋਲ ਜਰਮਨੀ, ਬਰਤਾਨੀਆ, ਇਟਲੀ, ਅਮਰੀਕਾ ਵਿਚ (ਜਿਥੇ "ਸੰਸਾਰ ਦੇ ਸਨਅਤੀ ਕਾਮੇਂ"[181] ਨਾਂ ਦੀ ਸੰਸਥਾ ਦਾ ਇਕ **ਹਿੱਸਾ** ਅਤੇ ਅਰਾਜਕਤਾਵਾਦੀ-ਸੰਘਵਾਦੀ ਮੁਹਾਣਾਂ ਦਾ ਇਕ ਹਿੱਸਾ ਸੋਵੀਅਤ ਪ੍ਰਣਾਲੀ ਦੀ ਲਗ ਭਗ ਵਿਆਪਕ ਅਤੇ ਲਗ ਭਗ ਬਿਨਾਂ ਸ਼ਰਤ ਕਬੂਲੀ ਦੇ ਨਾਲ ਖੱਬ-ਪੱਖੀ ਕਮਿਊਨਿਜ਼ਮ ਦੀਆਂ ਗ਼ਲਤੀਆਂ ਦੀ ਹਮਾਇਤ ਕਰਦਾ ਹੈ) ਅਤੇ ਫ਼ਰਾਂਸ ਵਿਚ (ਪਹਿਲੀਆਂ ਦੇ ਸੰਘਵਾਦੀਆਂ ਦਾ ਸੋਵੀਅਤ ਪ੍ਰਣਾਲੀ ਦੀ ਪ੍ਰਵਾਨਗੀ ਦੇ ਨਾਲ ਨਾਲ ਰਾਜਸੀ ਪਾਰਟੀ ਅਤੇ ਪਾਰਲੀਮਾਨੀਵਾਦ ਵੱਲ ਦ੍ਰਿਸ਼ਟੀਕੋਣ) ਵੇਖਿਆ ਜਾ ਸਕਦਾ ਹੈ; ਦੂਜੇ ਸ਼ਬਦਾਂ ਵਿਚ ਇਹ ਘੋਲ ਕੇਵਲ ਕੌਮਾਂਤਰੀ ਪੱਧਰ ਉਤੇ ਹੀ ਨਹੀਂ ਸਗੋਂ ਸੰਸਾਰ-ਵਿਆਪੀ ਪੱਧਰ ਉਤੇ ਚਲ ਰਿਹਾ ਹੈ।

ਪਰ ਜਿਥੇ ਅਸਲ ਵਿਚ ਕਿਰਤੀ ਸ਼੍ਰੇਣੀ ਲਹਿਰ ਹਰ ਥਾਂ ਬੁਰਜੂਆਜ਼ੀ ਉਤੇ ਜਿੱਤ ਲਈ ਇਕ ਤਰ੍ਹਾਂ ਦੀ ਸਿਖਿਆ ਪ੍ਰਾਪਤ ਕਰ ਰਹੀ ਹੈ, ਉਥੇ ਇਹ ਹਰ ਦੇਸ ਵਿਚ ਇਹ ਵਿਕਾਸ **ਆਪਣੇ ਆਪਣੇ ਢੰਗ** ਨਾਲ ਪ੍ਰਾਪਤ ਕਰ ਰਹੀ ਹੈ। ਵਡੇ ਅਤੇ ਉੱਨਤ ਸਰਮਾਏਦਾਰ ਦੇਸ ਬਾਲਸ਼ਵਿਕਵਾਦ ਨਾਲੋਂ, ਜਿਸਨੂੰ ਇਤਿਹਾਸ ਨੇ ਇਕ ਜਥੇਬੰਦ ਰਾਜਸੀ ਮੁਹਾਣ ਵਜੋਂ ਜਿੱਤ ਲਈ ਤਿਆਰੀ ਕਰਨ ਵਾਸਤੇ ਪੰਦਰਾਂ ਵਰ੍ਹੇ ਦਿਤੇ, **ਕਿਤੇ ਵਧੇਰੇ ਤੇਜ਼ੀ ਨਾਲ** ਇਸ ਰਾਹ ਉਤੇ ਅਗੇ ਵਧ ਰਹੇ ਹਨ। ਇਕ ਵਰ੍ਹੇ ਦੀ ਛੋਟੀ ਜਿਹੀ ਮੁਦਤ ਵਿਚ ਤੀਜੀ ਇੰਟਰਨੈਸ਼ਨਲ ਨੇ ਪਹਿਲਾਂ ਹੀ ਇਕ ਨਿਰਣਾਇਕ ਜਿੱਤ ਪ੍ਰਾਪਤ ਕਰ ਲਈ ਹੈ: ਉਹਨੇ ਉਸ ਡਰਪੋਕ, ਸਮਾਜੀ-ਅੰਧਰਾਸ਼ਟਰਵਾਦੀ ਦੂਜੀ

ਇੰਟਰਨੈਸ਼ਨਲ ਨੂੰ ਹਰਾ ਦਿਤਾ ਹੈ ਜੋ ਅਜੇ ਕੁਝ ਮਹੀਨੇ ਪਹਿਲਾਂ ਹੀ ਤੀਜੀ ਇੰਟਰਨੈਸ਼ਨਲ ਨਾਲੋਂ ਬੇਹੱਦ ਮਜ਼ਬੂਤ ਸੀ, ਸਥਿਰ ਅਤੇ ਬਲਵਾਨ ਜਾਪਦੀ ਸੀ ਅਤੇ ਜਿਸਨੂੰ ਸੰਸਾਰ ਦੀ ਬੁਰਜੂਆਜ਼ੀ ਤੋਂ ਹਰ ਸੰਭਵ ਸਿਧੀ ਅਤੇ ਅਣਸਿਧੀ ਪਦਾਰਥਕ (ਵਜ਼ਾਰਤੀ ਪਦਵੀਆਂ, ਪਾਸਪੋਰਟ, ਅਖ਼ਬਾਰ) ਅਤੇ ਵਿਚਾਰਧਾਰਕ ਹਮਾਇਤ ਪ੍ਰਾਪਤ ਸੀ।

ਹੁਣ ਇਹ ਲਾਜ਼ਮੀ ਹੈ ਕਿ ਹਰ ਦੇਸ ਦੇ ਕਮਿਊਨਿਸਟ ਸੁਚੇਤ ਰੂਪ ਵਿਚ ਮੌਕਾਪ੍ਰਸਤੀ ਅਤੇ "ਖੱਬ-ਪੱਖੀ" ਮਸਲੇਬਾਜ਼ੀ ਵਿਰੁਧ ਘੋਲ ਦੇ ਬੁਨਿਆਦੀ ਮੰਤਵਾਂ ਨੂੰ ਵੀ ਮੁਖ ਰਖਣ ਅਤੇ ਉਹਨਾਂ **ਵਿਸ਼ੇਸ਼ ਲੱਛਣਾਂ** ਨੂੰ ਵੀ ਮੁਖ ਰਖਣ ਜਿਹੜਾ ਇਹ ਘੋਲ ਹਰ ਦੇਸ ਦੀ ਆਰਥਕਤਾ, ਰਾਜਨੀਤੀ, ਸਭਿਆਚਾਰ, ਕੌਮੀ ਬਣਤਰ (ਆਇਰਲੈਂਡ, ਆਦਿ ਵਿਚ), ਇਹਦੀਆਂ ਬਸਤੀਆਂ, ਧਾਰਮਕ ਵੰਡਾਂ, ਇਤਿ-ਆਦਿ ਕਾਰਨ ਧਾਰਨ ਕਰ ਲੈਂਦਾ ਹੈ ਅਤੇ ਅਟੱਲ ਤੌਰ ਤੇ ਧਾਰਨ ਕਰੇਗਾ। ਦੂਜੀ ਇੰਟਰਨੈਸ਼ਨਲ ਵਿਰੁਧ ਨਰਾਜ਼ਗੀ ਹਰ ਥਾਂ ਅਨੁਭਵ ਕੀਤੀ ਜਾਂਦੀ ਹੈ ਅਤੇ ਫੈਲ ਅਤੇ ਵਧ ਰਹੀ ਹੈ। ਇਹਦਾ ਕਾਰਨ ਇਕ ਸੰਸਾਰ ਸੋਵੀਅਤ ਗਣ-ਰਾਜ ਲਈ ਇਨਕਲਾਬੀ ਪ੍ਰੋਲਤਾਰੀ ਦੇ ਕੌਮਾਂਤਰੀ ਦਾਅ-ਪੇਚਾਂ ਦੀ ਅਗਵਾਈ ਕਰਨ ਵਾਲਾ ਸਚਮੁਚ ਕੇਂਦਰਤ ਅਤੇ ਸਚਮੁਚ ਆਗੂ ਕੇਂਦਰ ਕਾਇਮ ਕਰਨ ਵਿਚ ਇਹਦੀ ਅਸਫ਼ਲਤਾ ਜਾਂ ਨਿਰਯੋਗਤਾ ਹੈ। ਇਹ ਗੱਲ ਸਾਫ਼ ਤੌਰ ਤੇ ਸਮਝ ਲੈਣੀ ਚਾਹੀਦੀ ਹੈ ਕਿ ਅਜਿਹਾ ਕੇਂਦਰ ਘੋਲ ਦੇ ਘੜੇ-ਘੜਾਏ, ਇਕੋ ਸੱਚੇ ਵਿਚ ਢਲੇ ਅਤੇ ਇਕ-ਰੂਪ ਨਿਯਮਾਂ ਅਨੁਸਾਰ ਕਾਇਮ ਨਹੀਂ ਕੀਤਾ ਜਾ ਸਕਦਾ। ਜਿੰਨਾਂ ਚਿਰ ਕੌਮਾਂ ਅਤੇ ਦੇਸਾਂ ਵਿਚਕਾਰ ਕੌਮੀ ਅਤੇ ਰਿਆਸਤੀ ਵਖਰੇਵੇਂ ਹਨ — ਅਤੇ ਸੰਸਾਰ-ਵਿਆਪੀ ਪੱਧਰ ਉਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੋ ਜਾਣ ਤੋਂ ਪਿਛੋਂ ਵੀ ਲੰਮੇ ਸਮੇਂ ਤੱਕ ਇਹਨਾਂ ਦੀ ਹੋਂਦ ਰਹੇਗੀ — ਸਭਨਾਂ ਦੇਸਾਂ ਵਿਚ ਕਮਿਊਨਿਸਟ ਕਿਰਤੀ ਸ਼੍ਰੇਣੀ ਲਹਿਰ ਦੇ ਕੌਮਾਂਤਰੀ ਦਾਅ-ਪੇਚਾਂ ਦੀ ਏਕਤਾ ਇਹ ਮੰਗ ਨਹੀਂ ਕਰਦੀ ਕਿ ਵੰਨ-ਸੁਵੰਨਤਾ ਨੂੰ ਖ਼ਤਮ ਕਰ ਦਿਤਾ ਜਾਵੇ ਜਾਂ ਕੌਮੀ ਵੱਖਰੇਵਿਆਂ ਨੂੰ ਦਬਾ ਦਿਤਾ ਜਾਵੇ (ਉਂਞ ਵੀ ਇਸ ਸਮੇਂ ਅਜਿਹਾ ਸੋਚਣਾ ਮੂਰਖਤਾ ਦੀ ਗੱਲ ਹੈ), ਸਗੋਂ ਇਹ ਇਸ ਗੱਲ ਦੀ ਮੰਗ ਕਰਦੀ ਹੈ ਕਿ ਕਮਿਊਨਿਜ਼ਮ ਦੇ **ਬੁਨਿਆਦੀ** ਅਸੂਲਾਂ (ਸੋਵੀਅਤ ਸੱਤਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ) ਨੂੰ ਲਾਗੂ ਕੀਤਾ ਜਾਵੇ, ਜੋ ਇਹਨਾਂ ਅਸੂਲਾਂ ਨੂੰ ਕੁਝ **ਵਿਸ਼ੇਸ਼ ਗੱਲਾਂ ਵਿਚ ਠੀਕ ਤਰ੍ਹਾਂ ਤਬਦੀਲ ਕਰ ਦੇਵੇਗਾ**, ਇਹਨਾਂ ਨੂੰ ਕੌਮੀ ਅਤੇ ਕੌਮੀ-ਰਿਆਸਤੀ ਵੱਖਰੇਵਿਆਂ ਲਈ ਠੀਕ ਰੂਪ ਦੇ ਸਕੇਗਾ ਅਤੇ ਉਹਨਾਂ ਉਤੇ ਠੀਕ ਤਰ੍ਹਾਂ ਲਾਗੂ ਕਰ ਸਕੇਗਾ। ਹਰ ਦੇਸ ਅੰਦਰ **ਇਕੋ ਇਕ** ਕੌਮਾਂਤਰੀ ਕੰਮ: ਕਿਰਤੀ ਸ਼੍ਰੇਣੀ ਲਹਿਰ ਦੇ ਅੰਦਰ ਮੌਕਾਪ੍ਰਸਤੀ ਅਤੇ ਖੱਬ-ਪੱਖੀ ਮਸਲੇਬਾਜ਼ੀ ਉਤੇ ਜਿੱਤ ਪ੍ਰਾਪਤ ਕਰਨ, ਬੁਰਜੂਆਜ਼ੀ ਦਾ ਤਖ਼ਤਾ ਉਲਟਣ, ਇਕ ਸੋਵੀਅਤ ਗਣ-ਰਾਜ ਅਤੇ

ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਕਰਨ ਦੇ ਪੂਰਾ ਕਰਨ ਦੇ **ਠੋਸ** ਢੰਗਾਂ ਵਿਚ ਕੀ ਕੁਝ ਕੌਮੀ ਤੌਰ ਤੇ ਵਿਸ਼ੇਸ਼ ਅਤੇ ਕੌਮੀ ਤੌਰ ਤੇ ਵੱਖਰਾ ਹੈ, ਉਸਦੀ ਭਾਲ ਕਰਨਾ, ਅਧਿਅਨ ਕਰਨਾ, ਪਤਾ ਕੱਢਣਾ ਅਤੇ ਸਮਝਣਾ ਇਹ ਹੈ ਬੁਨਿਆਦੀ ਕੰਮ ਉਸ ਇਤਿਹਾਸਕ ਜੁਗ ਦਾ, ਜਿਸ ਵਿਚੋਂ ਸਭੇ ਉਨੱਤ ਦੇਸ (ਅਤੇ ਕੇਵਲ ਉਹੋ ਨਹੀਂ), ਲੰਘ ਰਹੇ ਹਨ।

ਅਪ੍ਰੈਲ-ਮਈ ੧੯੨੦ ਵਿਚ
ਲਿਖਿਆ ਗਿਆ

ਸੰਗ੍ਰਹਿਤ ਕਿਰਤਾਂ,
ਸੈਂਚੀ ੪੧, ਪੰਨੇ ੩-੫,
੭੪-੭੭

# ਭਾਰਟੀ ਇਨਕਲਾਬੀ ਸਭਾ ਨੂੰ [182]

ਮੈਨੂੰ ਇਹ ਸੁਣ ਕੇ ਖ਼ੁਸ਼ੀ ਹੋਈ ਹੈ ਕਿ ਆਤਮ-ਨਿਰਣੇ, ਬਦੇਸੀ ਤੇ ਸਥਾਨਕ ਸਰਮਾਇਦਾਰਾਂ ਦੀ ਲੁੱਟ-ਖਸੁੱਟ ਤੋਂ ਦੱਬੀਆਂ ਕੌਮਾਂ ਦੀ ਆਜ਼ਾਦੀ ਦੇ ਅਸੂਲਾਂ ਨੂੰ, ਜਿਨ੍ਹਾਂ ਦਾ ਮਜ਼ਦੂਰ ਤੇ ਕਿਸਾਨ ਗਣ-ਰਾਜ ਨੇ ਐਲਾਨ ਕੀਤਾ ਹੈ, ਚੇਤੰਨ ਭਾਰਤੀਆਂ ਵਲੋਂ, ਜਿਹੜੇ ਆਪਣੀ ਆਜ਼ਾਦੀ ਲਈ ਬਹਾਦਰ ਲੜਾਈ ਲੜ ਰਹੇ ਹਨ, ਤੁਰਤ ਹੁੰਗਾਰਾ ਮਿਲਿਆ ਹੈ। ਰੂਸ ਦੀ ਮਿਹਨਤਕਸ਼ ਜਨਤਾ ਭਾਰਤੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਜਾਗ੍ਰਤੀ ਨੂੰ ਨਿਰੰਤਰ ਧਿਆਨ ਨਾਲ ਵੇਖ ਰਹੀ ਹੈ। ਮਜ਼ਦੂਰ ਲੋਕਾਂ ਦਾ ਸੰਗਠਨ ਤੇ ਜ਼ਬਤ ਤੇ ਉਹਨਾਂ ਦਾ ਸਿਰੜ ਤੇ ਬਾਕੀ ਦੁਨੀਆਂ ਦੇ ਮਜ਼ਦੂਰਾਂ ਨਾਲ ਇਕਮੁਠਤਾ ਅੰਤਮ ਸਫ਼ਲਤਾ ਦੀ ਜ਼ਮਾਨਤ ਹਨ। ਅਸੀਂ ਮੁਸਲਮ ਤੇ ਗ਼ੈਰ-ਮੁਸਲਮ ਅੰਸ਼ਾਂ ਦੇ ਡੂੰਘੇ ਏਕੇ ਦਾ ਸੁਆਗਤ ਕਰਦੇ ਹਾਂ। ਅਸੀਂ ਪੂਰਬ ਦੇ ਸਾਰੇ ਮਿਹਨਤਕਸ਼ਾਂ ਨੂੰ ਇਸ ਏਕੇ ਹੇਠ ਲਿਆਂਦਾ ਵੇਖਣ ਦੀ ਦਿਲੋਂ ਇੱਛਾ ਕਰਦੇ ਹਾਂ। ਕਿਉਂਕਿ ਜਦੋਂ ਭਾਰਤੀ, ਚੀਨੀ, ਕੋਰੀਆਈ, ਜਾਪਾਨੀ, ਈਰਾਨੀ, ਤੁਰਕ ਮਜ਼ਦੂਰ ਅਤੇ ਕਿਸਾਨ ਆਜ਼ਾਦੀ ਦੇ ਸਾਂਝੇ ਉਦੇਸ਼ ਵਿਚ ਮਿਲ ਜਾਣਗੇ ਤੇ ਰਲ ਕੇ ਚਲਣਗੇ — ਸਿਰਫ਼ ਉਦੋਂ ਹੀ ਲੋਟੂਆਂ ਉਤੇ ਫ਼ੈਸਲਾਕੁਨ ਜਿੱਤ ਯਕੀਨੀ ਹੋਵੇਗੀ। ਆਜ਼ਾਦ ਏਸ਼ੀਆ ਜ਼ਿੰਦਾਬਾਦ!

"ਪਰਾਵਦਾ", ਨੰ: ੧੦੮, ਤੇ
"ਇਜ਼ਵੇਸਤੀਆ" ਨੰ: ੧੦੮,
੨੦ ਮਈ, ੧੯੨੦

ਸੰਗ੍ਰਹਿਤ ਕਿਰਤਾਂ, ਸੈਂਚੀ ੪੧,
ਪੰਨਾ ੧੨੨

# ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਮੁਢਲਾ ਖਰੜਾ ਥੀਸਿਸ [183]

(ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਲਈ)

ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਹੇਠ ਲਿਖਿਆ ਖਰੜਾ ਥੀਸਿਸ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਲੋਂ ਵਿਚਾਰ ਕਰਨ ਲਈ ਪੇਸ਼ ਕਰਦਿਆਂ, ਮੈਂ ਸਾਰੇ ਸਾਥੀਆਂ ਨੂੰ, ਖ਼ਾਸ ਕਰਕੇ ਉਹਨਾਂ ਨੂੰ ਜਿਨ੍ਹਾਂ ਕੋਲ ਇਹਨਾਂ ਬੇਹੱਦ ਜਟਲ ਮਸਲਿਆਂ ਵਿਚੋਂ ਕਿਸੇ ਬਾਰੇ ਵੀ ਠੋਸ ਜਾਣਕਾਰੀ ਹੋਵੇ, ਬੇਨਤੀ ਕਰਾਂਗਾ ਕਿ ਉਹ ਮੈਨੂੰ ਆਪਣੀਆਂ ਰਾਵਾਂ, ਤਰਮੀਮਾਂ, ਜ਼ਮੀਮੇ ਅਤੇ ਠੋਸ ਟਿਪਣੀਆਂ **ਵਧ ਤੋਂ ਵਧ ਸੰਖੇਪ ਰੂਪ ਵਿਚ (ਦੋ ਜਾਂ ਤਿੰਨ ਪੰਨਿਆਂ ਤੋਂ ਵਧ ਨਾ ਹੋਣ)** ਦੇਣ, ਖ਼ਾਸ ਕਰਕੇ ਹੇਠ ਲਿਖੇ ਨੁਕਤਿਆਂ ਬਾਰੇ:

ਆਸਟਰਵੀ ਤਜਰਬਾ;
ਪੋਲਿਸ਼-ਯਹੂਦੀ ਅਤੇ ਯੂਕਰੇਨੀ ਤਜਰਬਾ;
ਅਲਸਾਸ-ਲੌਰੇਨ ਅਤੇ ਬੈਲਜੀਅਮ;
ਆਇਰਲੈਂਡ;
ਡੈਨਮਾਰਕ-ਜਰਮਨ, ਅਤਾਲਵੀ-ਫ਼ਰਾਂਸੀਸੀ ਅਤੇ
ਅਤਾਲਵੀ-ਸਲਾਵ ਸੰਬੰਧ;
ਬਲਕਾਨ ਤਜਰਬਾ;
ਪੂਰਬੀ ਕੌਮਾਂ;
ਪਾਨ-ਇਸਲਾਮਵਾਦ [184] ਦੇ ਖ਼ਿਲਾਫ਼ ਘੋਲ;
ਕੋਹ-ਕਾਫ਼ ਦੇ ਇਲਾਕੇ ਵਿਚ ਸੰਬੰਧ;
ਬਸ਼ਕੀਰ ਅਤੇ ਤਾਤਾਰ ਗਣ-ਰਾਜ;
ਕਿਰਗ਼ੀਜ਼ਸਤਾਨ;
ਤੁਰਕਿਸਤਾਨ, ਇਸਦਾ ਤਜਰਬਾ;
ਅਮਰੀਕਾ ਵਿਚ ਨੀਗਰੋ;

ਬਸਤੀਆਂ;

ਚੀਨ-ਕੋਰੀਆ-ਜਾਪਾਨ।

੫ ਜੂਨ, ੧੯੨੦ **ਨ. ਲੈਨਿਨ**

੧. ਆਮ ਕਰਕੇ ਬਰਾਬਰੀ ਦੇ ਅਤੇ ਖ਼ਾਸ ਕਰਕੇ ਕੌਮੀ ਬਰਾਬਰੀ ਦੇ ਮਸਲੇ ਨੂੰ ਭਾਵਵਾਚੀ ਜਾਂ ਰਸਮੀ ਤਰ੍ਹਾਂ ਨਾਲ ਪੇਸ਼ ਕਰਨਾ ਬੁਰਜੂਆ ਜਮਹੂਰੀਅਤ ਦੇ ਬਿਲਕੁਲ ਸੁਭਾ ਵਿਚ ਹੈ। ਆਮ ਕਰਕੇ ਵਿਅਕਤੀ ਦੀ ਬਰਾਬਰੀ ਦੇ ਚੋਗੇ ਹੇਠ ਬੁਰਜੂਆ ਜਮਹੂਰੀਅਤ ਜਾਇਦਾਦ-ਮਾਲਕ ਅਤੇ ਪ੍ਰੋਲਤਾਰੀ ਦੀ, ਲੋਟੂ ਦੀ ਅਤੇ ਲੁੱਟੇ ਜਾਣ ਵਾਲੇ ਦੀ ਰਸਮੀ ਜਾਂ ਕਾਨੂੰਨੀ ਬਰਾਬਰੀ ਦਾ ਐਲਾਨ ਕਰਦੀ ਹੈ ਅਤੇ ਇਸ ਤਰ੍ਹਾਂ ਦਬਾਈਆਂ ਹੋਈਆਂ ਜਮਾਤਾਂ ਨੂੰ ਜ਼ਬਰਦਸਤ ਧੋਖਾ ਦੇਂਦੀ ਹੈ। ਇਹ ਦਲੀਲ ਦੇ ਕੇ ਕਿ ਸਾਰੇ ਮਨੁਖ ਬਿਲਕੁਲ ਬਰਾਬਰ ਹਨ, ਬੁਰਜੂਆਜ਼ੀ ਬਰਾਬਰੀ ਦੇ ਵਿਚਾਰ ਨੂੰ, ਜਿਹੜਾ ਕਿ ਖ਼ੁਦ ਜਿਨਸ ਉਤਪਾਦਨ ਵਿਚਲੇ ਸੰਬੰਧਾਂ ਦਾ ਪ੍ਰਤਿਬਿੰਬ ਹੈ, ਜਮਾਤਾਂ ਖ਼ਤਮ ਕਰਨ ਦੇ ਖ਼ਿਲਾਫ਼ ਆਪਣੇ ਘੋਲ ਵਿਚ ਹਥਿਆਰ ਵਿਚ ਬਦਲ ਰਹੀ ਹੈ। ਬਰਾਬਰੀ ਦੀ ਮੰਗ ਦਾ ਅਸਲੀ ਅਰਥ ਇਸ ਗੱਲ ਵਿਚ ਹੈ ਕਿ ਇਹ ਜਮਾਤਾਂ ਦੇ ਖ਼ਾਤਮੇ ਦੀ ਮੰਗ ਹੈ।

੨. ਬੁਰਜੂਆ ਜਮਹੂਰੀਅਤ ਦਾ ਮੁਕਾਬਲਾ ਕਰਨ ਅਤੇ ਇਸਦੇ ਝੂਠ ਅਤੇ ਮੱਕਰ ਦਾ ਪਾਜ ਉਘਾੜਨ ਦੇ ਆਪਣੇ ਬੁਨਿਆਦੀ ਕੰਮ ਮੁਤਾਬਕ, ਕਮਿਊਨਿਸਟ ਪਾਰਟੀ ਨੂੰ, ਬੁਰਜੂਆ ਜੂਲੇ ਨੂੰ ਉਲਟਾਉਣ ਲਈ ਪ੍ਰੋਲਤਾਰੀ ਦੇ ਘੋਲ ਦੀ ਮੰਨੀ ਹੋਈ ਸਮਰਥਕ ਵਜੋਂ, ਆਪਣੀ ਨੀਤੀ ਨੂੰ, ਕੌਮੀ ਸਵਾਲ ਵਿਚ ਵੀ, ਭਾਵਵਾਚੀ ਅਤੇ ਰਸਮੀ ਅਸੂਲਾਂ ਉਤੇ ਨਹੀਂ ਸਗੋਂ, ਪਹਿਲੀ ਗੱਲ, ਵਿਸ਼ੇਸ਼ ਇਤਿਹਾਸਕ ਅਵਸਥਾ ਅਤੇ, ਪਹਿਲੀ ਥਾਂ ਉਤੇ, ਆਰਥਕ ਹਾਲਤਾਂ ਦੇ ਠੀਕ ਠੀਕ ਮੁਲੰਗਣ ਉਤੇ ਆਧਾਰਤ ਕਰਨਾ ਚਾਹੀਦਾ ਹੈ; ਦੂਜੀ ਗੱਲ, ਦਬੀਆਂ-ਕੁਚਲੀਆਂ ਜਮਾਤਾਂ ਦੇ, ਮਜ਼ਦੂਰ ਅਤੇ ਲੁੱਟੀਆਂ-ਪੁੱਟੀਆਂ ਜਾਂਦੀਆਂ ਜਮਾਤਾਂ ਦੇ ਹਿੱਤਾਂ ਅਤੇ ਸਮੁੱਚੇ ਤੌਰ ਉਤੇ ਕੌਮੀ ਹਿੱਤਾਂ ਦੇ ਆਮ ਸੰਕਲਪ, ਜਿਸਦਾ ਮਤਲਬ ਹਾਕਮ ਜਮਾਤ ਦੇ ਹਿੱਤਾਂ ਤੋਂ ਹੈ, ਵਿਚਕਾਰ ਸਪਸ਼ਟ ਨਖੇੜ ਉਤੇ ਆਧਾਰਤ ਕਰਨਾ ਚਾਹੀਦਾ ਹੈ; ਤੀਜੀ ਗੱਲ, ਦਬਾਈਆਂ ਹੋਈਆਂ, ਪ੍ਰਾਧੀਨ ਅਤੇ ਗ਼ੁਲਾਮ ਕੌਮਾਂ ਅਤੇ ਦਬਾਉਣ ਵਾਲੀਆਂ, ਲੋਟੂ ਅਤੇ ਖ਼ੁਦ-ਮੁਖ਼ਤਾਰ ਕੌਮਾਂ ਵਿਚਕਾਰ ਇੰਨੇ ਹੀ ਸਪਸ਼ਟ ਨਖੇੜੇ ਉਤੇ ਆਧਾਰਤ ਕਰਨਾ ਚਾਹੀਦਾ ਹੈ, ਤਾਂ ਜੁ ਬੁਰਜੂਆ-ਜਮਹੂਰੀ ਝੂਠਾਂ ਦਾ ਮੁਕਾਬਲਾ ਕੀਤਾ ਜਾ ਸਕੇ ਜਿਹੜੇ ਸਭ ਤੋਂ ਅਮੀਰ ਅਤੇ ਉੱਨਤ ਸਰਮਾਇਦਾਰ ਦੇਸਾਂ ਦੀ ਨਿਗੂਣੀ ਜਿਹੀ ਘੱਟ-ਗਿਣਤੀ ਵਲੋਂ ਸੰਸਾਰ ਦੀ ਵਸੋਂ ਦੀ ਵਿਸ਼ਾਲ ਬਹੁ-ਗਿਣਤੀ ਨੂੰ ਇਸ ਬਸਤੀਵਾਦੀ ਅਤੇ

ਵਿੱਤੀ ਤੌਰ ਉਤੇ ਗ਼ੁਲਾਮ ਬਨਾਉਣ ਨੂੰ, ਜੋ ਕਿ ਵਿੱਤੀ ਸਰਮਾਏ ਅਤੇ ਸਾਮਰਾਜ ਦੇ ਯੁਗ ਦਾ ਵਿਸ਼ੇਸ਼ ਲੱਛਣ ਹੈ, ਘਟਾ ਕੇ ਦਸਦੇ ਹਨ।

੩. ੧੯੧੪-੧੮ ਦੀ ਸਾਮਰਾਜੀ ਜੰਗ ਨੇ ਸਾਰੀਆਂ ਕੌਮਾਂ ਨੂੰ ਅਤੇ ਸਾਰੀ ਦੁਨੀਆਂ ਦੀਆਂ ਦਬੀਆਂ ਹੋਈਆਂ ਜਮਾਤਾਂ ਸਾਮ੍ਹਣੇ, ਅਮਲੀ ਤੌਰ ਉਤੇ ਇਹ ਵਿਖਾਕੇ ਕਿ ਬਦਨਾਮ ''ਪੱਛਮੀ ਜਮਹੂਰੀਅਤਾਂ'' ਦੀ ਵਰਸੇਲਜ਼ ਸੰਧੀ[185] ਕਮਜ਼ੋਰ ਕੌਮਾਂ ਉਤੇ ਹਿੰਸਾ ਦਾ ਉਸ ਨਾਲੋਂ ਵੀ ਜ਼ਿਆਦਾ ਵਹਿਸ਼ੀ ਅਤੇ ਗੰਦਾ ਕਾਰਜ ਹੈ ਜਿੰਨਾ ਕਿ ਜਰਮਨ ਯੁੰਕਰਾਂ ਅਤੇ ਕੈਸਰ ਦੀ ਬ੍ਰੈਸਤ-ਲਿਤੋਵਸਕ ਸੰਧੀ[186] ਵੀ ਨਹੀਂ ਸੀ, ਬੁਰਜੂਆ-ਜਮਹੂਰੀ ਲਫ਼ਾਜ਼ੀ ਦੇ ਝੂਠ ਨੂੰ ਬੜੀ ਸਪਸ਼ਟਤਾ ਨਾਲ ਉਘਾੜ ਦਿਤਾ ਹੈ। ਲੀਗ ਆਫ਼ ਨੇਸ਼ਨਜ਼ ਅਤੇ ਇਤਿਹਾਦੀ ਦੇਸਾਂ ਦੀ ਜੰਗ ਤੋਂ ਪਿਛੋਂ ਦੀ ਕੁੱਲ ਨੀਤੀ ਇਸ ਸਚਾਈ ਨੂੰ ਹੋਰ ਵੀ ਵਧੇਰੇ ਸਪਸ਼ਟਤਾ ਅਤੇ ਉਘੜਵੇਂ ਢੰਗ ਨਾਲ ਸਾਮ੍ਹਣੇ ਲਿਆਉਂਦੀ ਹੈ। ਉਹ ਹਰ ਥਾਂ, ਉੱਨਤ ਦੇਸਾਂ ਵਿਚ ਪ੍ਰੋਲਤਾਰੀ ਦੇ ਅਤੇ ਬਸਤੀਆਂ ਬਣੇ ਅਤੇ ਪ੍ਰਾਧੀਨ ਦੇਸਾਂ ਵਿਚ ਮਿਹਨਤਕਸ਼ ਜਨਤਾ ਦੇ ਇਨਕਲਾਬੀ ਘੋਲ ਨੂੰ ਤੇਜ਼ ਕਰ ਰਹੀਆਂ ਹਨ। ਉਹ ਇਹਨਾਂ ਨਿਕ-ਬੁਰਜੂਆ ਕੌਮਪ੍ਰਸਤ ਭੁਲੇਖਿਆਂ ਦੇ ਖ਼ਤਮ ਹੋਣ ਵਿਚ ਤੇਜ਼ੀ ਲਿਆ ਰਹੀਆਂ ਹਨ ਕਿ ਕੌਮਾਂ ਸਰਮਾਇਦਾਰੀ ਹੇਠ ਅਮਨ ਵਿਚ ਅਤੇ ਬਰਾਬਰੀ ਨਾਲ ਮਿਲ ਕੇ ਰਹਿ ਸਕਦੀਆਂ ਹਨ।

੪. ਇਹਨਾਂ ਬੁਨਿਆਦੀ ਪੂਰਵ-ਮਨੌਤਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਕਮਿਊਨਿਸਟ ਇੰਟਰਨੈਸ਼ਨਲ ਦੀ ਕੁੱਲ ਨੀਤੀ ਪਹਿਲੀ ਥਾਂ ਉਤੇ, ਭੂਮੀਪਤੀਆਂ ਅਤੇ ਬੁਰਜੂਆਜ਼ੀ ਨੂੰ ਉਲਟਾਉਣ ਲਈ ਸਾਂਝੇ ਇਨਕਲਾਬੀ ਘੋਲ ਵਾਸਤੇ ਸਾਰੀਆਂ ਕੌਮਾਂ ਅਤੇ ਦੇਸਾਂ ਦੇ ਪ੍ਰੋਲਤਾਰੀ ਅਤੇ ਮਜ਼ਦੂਰ ਜਨਤਾ ਦੀ ਪੱਕੀ ਏਕਤਾ ਉਤੇ ਟਿਕੀ ਹੋਣੀ ਚਾਹੀਦੀ ਹੈ। ਇਕੱਲੀ ਇਹ ਏਕਤਾ ਹੀ ਸਰਮਾਇਦਾਰੀ ਉਤੇ ਜਿੱਤ ਨੂੰ ਯਕੀਨੀ ਬਣਾਇਗੀ, ਜਿਸ ਤੋਂ ਬਿਨਾਂ ਕੌਮੀ ਜਬਰ ਅਤੇ ਨਾਬਰਾਬਰੀ ਦਾ ਖ਼ਾਤਮਾ ਅਸੰਭਵ ਹੈ।

੫. ਸੰਸਾਰ ਰਾਜਸੀ ਅਵਸਥਾ ਨੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਅੱਜ ਦਾ ਭਖਦਾ ਮਸਲਾ ਬਣਾ ਦਿਤਾ ਹੈ। ਸੰਸਾਰ ਰਾਜਨੀਤਕ ਘਟਨਾਵਾਂ ਨਿਸ਼ਚੇ ਹੀ ਇਕੋ ਇਕ ਨੁਕਤੇ ਉਤੇ ਕੇਂਦਰਿਤ ਹਨ — ਸੋਵੀਅਤ ਰੂਸੀ ਗਣ-ਰਾਜ ਦੇ ਖ਼ਿਲਾਫ਼ ਸੰਸਾਰ ਬੁਰਜੂਆਜ਼ੀ ਦਾ ਘੋਲ ਜਿਸਦੇ ਦੁਆਲੇ ਅਟੱਲ ਤੌਰ ਉਤੇ, ਇਕ ਪਾਸੇ, ਸਾਰੇ ਦੇਸਾਂ ਵਿਚਲੇ ਉੱਨਤ ਮਜ਼ਦੂਰਾਂ ਦੀਆਂ ਸੋਵੀਅਤ ਲਹਿਰਾਂ ਅਤੇ, ਦੂਜੇ ਪਾਸੇ, ਬਸਤੀਆਂ ਅਤੇ ਦਬਾਈਆਂ ਹੋਈਆਂ ਕੌਮੀਅਤਾਂ ਵਿਚਲੀਆਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਜੁੜੀਆਂ ਹੋਈਆਂ ਹਨ, ਜਿਹੜੀਆਂ ਕੌੜੇ ਤਜਰਬੇ ਤੋਂ ਸਿਖ ਰਹੀਆਂ ਹਨ ਕਿ ਉਹਨਾਂ ਦੀ ਮੁਕਤੀ ਦਾ ਇਕੋ ਇਕ ਰਾਹ ਸੰਸਾਰ ਸਾਮਰਾਜ ਉਤੇ ਸੋਵੀਅਤ ਨਿਜ਼ਾਮ ਦੀ ਜਿੱਤ ਹੈ।

੬. ਸਿੱਟੇ ਵਜੋਂ, ਇਸ ਸਮੇਂ ਕੋਈ ਆਪਣੇ ਆਪ ਨੂੰ ਵੱਖੋ ਵੱਖਰੀਆਂ ਕੌਮਾਂ ਦੇ ਮਜ਼ਦੂਰ ਲੋਕਾਂ ਵਿਚਕਾਰ ਪਕੇਰੀ ਏਕਤਾ ਦੀ ਨਿਰੀ ਮਾਨਤਾ ਜਾਂ ਐਲਾਨ-ਨਾਮੇ ਤੱਕ ਸੀਮਤ ਨਹੀਂ ਕਰ ਸਕਦਾ: ਜ਼ਰੂਰ ਅਜਿਹੀ ਨੀਤੀ ਉਤੇ ਚੱਲਿਆ ਜਾਣਾ ਚਾਹੀਦਾ ਹੈ ਜਿਹੜੀ ਸੋਵੀਅਤ ਰੂਸ ਨਾਲ ਸਾਰੀਆਂ ਕੌਮੀ ਅਤੇ ਬਸਤੀਆਂ ਦੀ ਆਜ਼ਾਦੀ ਦੀਆਂ ਲਹਿਰਾਂ ਦੇ ਅਤਿ ਦੇ ਨਿਕਟਵਰਤੀ ਏਕੇ ਨੂੰ ਪ੍ਰਾਪਤ ਕਰੇਗੀ। ਇਸ ਏਕੇ ਦਾ ਰੂਪ ਹਰ ਦੇਸ ਦੇ ਪ੍ਰੋਲਤਾਰੀ ਵਿਚ ਕਮਿਊਨਿਸਟ ਲਹਿਰ ਦੇ ਵਿਕਾਸ ਦੀ ਹੱਦ ਤੋਂ, ਜਾਂ ਪੱਛੜੇ ਹੋਏ ਦੇਸਾਂ ਵਿਚ ਜਾਂ ਪੱਛੜੀਆਂ ਕੌਮੀਅਤਾਂ ਵਿਚਕਾਰ ਮਜ਼ਦੂਰਾਂ ਅਤੇ ਕਿਸਾਨਾਂ ਦੀ ਬੁਰਜੂਆ-ਜਮਹੂਰੀ ਆਜ਼ਾਦੀ ਦੀ ਲਹਿਰ ਦੇ ਵਿਕਾਸ ਦੀ ਹੱਦ ਤੋਂ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ।

੭. ਸੰਘ ਵੱਖੋ ਵੱਖਰੀਆਂ ਕੌਮਾਂ ਦੇ ਮਜ਼ਦੂਰ ਲੋਕਾਂ ਦੀ ਪੂਰਨ ਏਕਤਾ ਦਾ ਅਬੂਰੀ ਰੂਪ ਹੈ। ਸੰਘ ਦੀ ਉਚਤਤਾ ਰੂ:ਸੋ:ਫ਼ੈ:ਸੋ:ਰੀ: ਅਤੇ ਦੂਜੇ ਸੋਵੀਅਤ ਗਣ-ਰਾਜਾਂ (ਪਹਿਲਾਂ ਹੰਗੇਰਵੀ, ਫ਼ਿਨਲੈਂਡੀ ਅਤੇ ਲੈਤਵੀਆਈ,[187] ਅਤੇ ਹੁਣ ਆਜ਼ਰਬਾਈਜਾਨੀ ਅਤੇ ਯੂਕਰੇਨੀ) ਵਿਚਕਾਰ ਸੰਬੰਧਾਂ ਨਾਲ ਵੀ ਅਤੇ ਉਹਨਾ ਕੌਮੀਅਤਾਂ ਦੇ ਸੰਬੰਧ ਵਿਚ, ਜਿਨ੍ਹਾਂ ਨੂੰ ਪਹਿਲਾਂ ਨਾ ਹੀ ਰਾਜਤਵ ਪ੍ਰਾਪਤ ਸੀ, ਨਾ ਖ਼ੁਦ-ਅਖ਼ਤਿਆਰੀ (ਜਿਵੇਂ ਕਿ ਤਰਤੀਬਵਾਰ ੧੯੧੯ ਅਤੇ ੧੯੨੦ ਵਿਚ ਰੂ:ਸੋ:ਫ਼ੈ:ਸੋ:ਰੀ: ਵਿਚ ਕਾਇਮ ਕੀਤੇ ਗਏ ਬਸ਼ਕੀਰ ਅਤੇ ਤਾਤਾਰ ਖ਼ੁਦ-ਅਖ਼ਤਿਆਰ ਗਣ-ਰਾਜਾਂ) ਰੂ:ਸੋ:ਫ਼ੈ:ਸੋ:ਰੀ: ਦੇ ਅੰਦਰਲੇ ਸੰਬੰਧਾਂ ਨਾਲ ਵੀ ਅਮਲ ਵਿਚ ਪਹਿਲਾਂ ਹੀ ਸਿਧ ਕੀਤੀ ਜਾ ਚੁੱਕੀ ਹੈ।

੮. ਇਸ ਪਾਸਿਉਂ, ਇਹਨਾਂ ਨਵੇਂ ਸੰਘਾਂ ਨੂੰ, ਜਿਹੜੇ ਸੋਵੀਅਤ ਪ੍ਰਬੰਧ ਅਤੇ ਸੋਵੀਅਤ ਲਹਿਰ ਦੇ ਆਧਾਰ ਉਤੇ ਪੈਦਾ ਹੋ ਰਹੇ ਹਨ, ਹੋਰ ਅੱਗੇ ਲਿਜਾਣਾ ਅਤੇ ਤਜਰਬੇ ਤੋਂ ਇਹਨਾਂ ਦਾ ਅਧਿਅਨ ਕਰਨਾ ਅਤੇ ਅਜ਼ਮਾਉਣਾ ਵੀ ਕਮਿਊਨਿਸਟ ਇੰਟਰਨੈਸ਼ਨਲ ਦਾ ਕੰਮ ਹੈ। ਇਹ ਮੰਨਦਿਆਂ ਕਿ ਸੰਘ ਪੂਰਨ ਏਕਤਾ ਦਾ ਅਬੂਰੀ ਰੂਪ ਹੈ, ਹੋਰ ਵੀ ਵਧੇਰੇ ਡੂੰਘੀ ਸੰਘੀ ਏਕਤਾ ਲਈ ਕੋਸ਼ਿਸ਼ ਕਰਨਾ ਜ਼ਰੂਰੀ ਹੈ, ਇਹ ਧਿਆਨ ਵਿਚ ਰਖਦਿਆਂ ਕਿ, ਪਹਿਲੀ ਥਾਂ ਉਤੇ ਸੋਵੀਅਤ ਗਣ-ਰਾਜ ਜਿਵੇਂ ਕਿ ਉਹ ਕੁੱਲ ਦੁਨੀਆਂ ਦੀਆਂ ਸਾਮਰਾਜੀ ਤਾਕਤਾਂ ਨਾਲ ਘਿਰੀਆਂ ਤਾਂ ਹੋਈਆਂ ਹੀ ਹਨ — ਜਿਹੜੀਆਂ ਤਾਕਤਾਂ ਫ਼ੌਜੀ ਦ੍ਰਿਸ਼ਟੀਕੋਣ ਤੋਂ ਬੇਹੱਦ ਜ਼ਿਆਦਾ ਤਕੜੀਆਂ ਹਨ — ਬਿਨਾਂ ਅਤਿ ਦੇ ਪੱਕੇ ਗਠਜੋੜ ਦੇ ਸ਼ਾਇਦ ਕਾਇਮ ਨਹੀਂ ਰਹਿ ਸਕਦੀਆਂ; ਦੂਜੀ ਗੱਲ, ਸੋਵੀਅਤ ਗਣ-ਰਾਜਾਂ ਵਿਚਕਾਰ ਡੂੰਘਾ ਆਰਥਕ ਏਕਾ ਜ਼ਰੂਰੀ ਹੈ, ਨਹੀਂ ਤਾਂ ਸਾਮਰਾਜ ਵਲੋਂ ਤਬਾਹ ਕੀਤੀਆਂ ਜਾ ਚੁੱਕੀਆਂ ਉਤਪਾਦਕ ਸ਼ਕਤੀਆਂ ਬਹਾਲ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਮਜ਼ਦੂਰ ਲੋਕਾਂ ਦੀ ਭਲਾਈ ਯਕੀਨੀ ਨਹੀਂ ਬਣਾਈ ਜਾ ਸਕਦੀ; ਤੀਜੀ ਗੱਲ, ਇਕਜੁੱਟ ਸਮੂਲਤਾ ਵਜੋਂ ਅਤੇ ਇਕ ਸਾਂਝੀ

ਯੋਜਨਾ ਦੇ ਮੁਤਾਬਕ ਸਾਰੀਆਂ ਕੌਮਾਂ ਦੇ ਪ੍ਰੋਲਤਾਰੀ ਵਲੋਂ ਨਿਯਮਿਤ, ਇਕੋ ਇਕ ਸੰਸਾਰ ਆਰਥਕਤਾ ਦੀ ਸਿਰਜਣਾ ਵੱਲ ਨੂੰ ਰੁਝਾਣ ਪਾਇਆ ਜਾਂਦਾ ਹੈ। ਇਹ ਰੁਝਾਣ ਸਰਮਾਇਦਾਰੀ ਹੇਠ ਆਪਣੇ ਆਪ ਨੂੰ ਪਹਿਲਾਂ ਹੀ ਪ੍ਰਗਟ ਕਰ ਚੁੱਕਾ ਹੈ ਅਤੇ ਸੋਸ਼ਲਿਜ਼ਮ ਹੇਠ ਇਹ ਲਾਜ਼ਮੀ ਤੌਰ ਉਤੇ ਹੋਰ ਵਿਕਸਤ ਹੋਇਗਾ ਅਤੇ ਤੋੜ ਤੱਕ ਪੁਜੇਗਾ।

੯. ਰਾਜ ਦੇ ਅੰਦਰ ਸੰਬੰਧਾਂ ਦੇ ਖੇਤਰ ਵਿਚ ਕਮਿਊਨਿਸਟ ਇੰਟਰਨੈਸ਼ਨਲ ਦੀ ਕੌਮੀ ਨੀਤੀ ਕੌਮਾਂ ਦੀ ਬਰਾਬਰੀ ਦੀ ਖ਼ਾਲੀ, ਰਸਮੀ, ਨਿਰੋਲ ਐਲਾਨ ਦੇ ਢੰਗ ਦੀ ਅਤੇ ਅਸਲ ਵਿਚ ਆਪਣੇ ਆਪ ਨੂੰ ਪਾਬੰਦ ਨਾ ਕਰਦੀ ਮਾਨਤਾ ਤੱਕ ਸੀਮਤ ਨਹੀਂ ਰਖੀ ਜਾ ਸਕਦੀ ਜਿਸ ਤੱਕ ਬੁਰਜੂਆ ਜਨਵਾਦੀ ਆਪਣੇ ਆਪ ਨੂੰ ਸੀਮਤ ਰਖਦੇ ਹਨ—ਉਹ ਵੀ ਜਿਹੜੇ ਸਾਫ਼ ਸਾਫ਼ ਇਹ ਹੋਣਾ ਮੰਨਦੇ ਹਨ, ਅਤੇ ਉਹ ਵੀ ਜਿਹੜੇ ਸੋਸ਼ਲਿਸਟਾਂ ਦਾ ਨਾਂ ਧਾਰਨ ਕਰਦੇ ਹਨ (ਜਿਵੇਂ ਕਿ ਦੂਜੀ ਇੰਟਰਨੈਸ਼ਨਲ ਦੇ ਸੋਸ਼ਲਿਸਟ)।

ਆਪਣੇ ਸਾਰੇ ਪ੍ਰਚਾਰ ਅਤੇ ਅੰਦੋਲਨ ਵਿਚ—ਪਾਰਲੀਮੈਂਟ ਦੇ ਅੰਦਰ ਵੀ ਅਤੇ ਬਾਹਰ ਵੀ—ਕਮਿਊਨਿਸਟ ਪਾਰਟੀਆਂ ਨੂੰ ਕੌਮਾਂ ਦੀ ਬਰਾਬਰੀ ਦੀ ਅਤੇ ਕੌਮੀ ਘਟ-ਗਿਣਤੀਆਂ ਦੇ ਗਰੰਟੀ-ਸ਼ੁਦਾ ਹੱਕਾਂ ਦੀ ਵੀ ਇਕਸਾਰ ਉਲੰਘਣਾ ਦਾ ਸਿਰੜ ਨਾਲ ਪਾਜ ਉਘੇੜਨਾ ਚਾਹੀਦਾ ਹੈ, ਜਿਹੜੀ ਸਾਰੇ ਸਰਮਾਇਦਾਰ ਦੇਸਾਂ ਵਿਚ, ਉਹਨਾਂ ਦੇ "ਜਮਹੂਰੀ" ਵਿਧਾਨਾਂ ਦੇ ਬਾਵਜੂਦ, ਦੇਖੀ ਜਾ ਸਕਦੀ ਹੈ। ਇਹ ਵੀ ਜ਼ਰੂਰੀ ਹੈ ਕਿ, ਪਹਿਲੀ ਥਾਂ ਉਤੇ, ਲਗਾਤਾਰ ਇਹ ਸਮਝਿਆ ਜਾਏ ਕਿ ਸਿਰਫ ਸੋਵੀਅਤ ਪ੍ਰਬੰਧ ਹੀ, ਬੁਰਜੂਆਜ਼ੀ ਦੇ ਖ਼ਿਲਾਫ਼ ਘੋਲ ਵਿਚ ਪਹਿਲਾਂ ਪ੍ਰੋਲਤਾਰੀ ਨੂੰ ਇਕਮੁਠ ਕਰਕੇ ਅਤੇ ਫਿਰ ਮਜ਼ਦੂਰ ਵੱਸੋਂ ਦੇ ਕੁੱਲ ਸਮੂਹ ਨੂੰ ਇਕਮੁਠ ਕਰਕੇ ਕੌਮਾਂ ਦੀ ਸੱਚੀ ਬਰਾਬਰੀ ਯਕੀਨੀ ਬਨਾਉਣ ਦੇ ਸਮਰੱਥ ਹੈ; ਅਤੇ, ਦੂਜੀ ਗੱਲ, ਸਾਰੀਆਂ ਕਮਿਊਨਿਸਟ ਪਾਰਟੀਆਂ ਪ੍ਰਾਧੀਨ ਅਤੇ ਘਟ-ਅਧਿਕਾਰਾਂ ਵਾਲੀਆਂ ਕੌਮਾਂ ਵਿਚਕਾਰ (ਜਿਵੇਂ ਕਿ ਆਇਰਲੈਂਡ, ਅਮਰੀਕੀ ਨੀਗਰੋ ਆਦਿ) ਅਤੇ ਬਸਤੀਆਂ ਵਿਚ ਇਨਕਲਾਬੀ ਲਹਿਰਾਂ ਦੀ ਸਿਧੀ ਸਹਾਇਤਾ ਕਰਨ।

ਇਸ ਪਿਛਲੀ ਸ਼ਰਤ ਤੋਂ ਬਿਨਾਂ, ਜਿਹੜੀ ਖ਼ਾਸ ਕਰਕੇ ਮਹੱਤਵਪੂਰਨ ਹੈ, ਪ੍ਰਾਧੀਨ ਕੌਮਾਂ ਅਤੇ ਬਸਤੀਆਂ ਦੇ ਜਬਰ ਦੇ ਖ਼ਿਲਾਫ਼ ਘੋਲ, ਅਤੇ ਅੱਡ ਹੋਣ ਦੇ ਉਹਨਾਂ ਦੇ ਹੱਕ ਦੀ ਮਾਨਤਾ ਵੀ ਇਕ ਝੂਠੇ ਸਾਈਨਬੋਰਡ ਤੋਂ ਸਿਵਾ ਕੁਝ ਨਹੀਂ, ਜਿਵੇਂ ਕਿ ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਤੋਂ ਪ੍ਰਤੱਖ ਹੁੰਦਾ ਹੈ।

੧੦. ਕਥਨੀ ਵਿਚ ਕੌਮਾਂਤਰੀਵਾਦ ਦੀ ਮਾਨਤਾ ਅਤੇ ਕਰਨੀ ਵਿਚ, ਸਾਰੇ ਪ੍ਰਚਾਰ, ਅੰਦੋਲਨ ਅਤੇ ਅਮਲੀ ਕੰਮ ਵਿਚ ਇਸਦੀ ਥਾਂ ਨਿੱਕ-ਬੁਰਜੂਆ ਕੌਮਪ੍ਰਸਤੀ ਅਤੇ ਸ਼ਾਂਤੀਵਾਦ ਨੂੰ ਦੇ ਦੇਣਾ ਬੜਾ ਆਮ ਹੈ, ਨਾ ਸਿਰਫ਼ ਦੂਜੀ ਇੰਟਰਨੈਸ਼ਨਲ ਦੀਆਂ

ਪਾਰਟੀਆਂ ਵਿਚ, ਸਗੋਂ ਉਹਨਾਂ ਵਿਚ ਵੀ ਜਿਨ੍ਹਾਂ ਨੇ ਇਸ ਵਿਚੋਂ ਆਪਣੇ ਆਪ ਨੂੰ ਕੱਢ ਲਿਆ ਹੈ, ਅਤੇ ਅਕਸਰ ਉਹਨਾਂ ਪਾਰਟੀਆਂ ਵਿਚ ਵੀ ਜਿਹੜੀਆਂ ਹੁਣ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੀਆਂ ਹਨ। ਇਸ ਬੁਰਾਈ ਦੇ ਖ਼ਿਲਾਫ਼, ਅਤਿ ਦੀਆਂ ਡੂੰਘੀਆਂ ਜੜ੍ਹਾਂ ਰਖਦੇ ਨਿੱਕ-ਬੁਰਜੂਆ ਕੌਮੀ ਤਅੱਸਬਾਂ ਦੇ ਖ਼ਿਲਾਫ਼ ਘੋਲ ਦੀ ਤੁਰਤ ਆਵਸ਼ਕਤਾ ਦਿਨੋ ਦਿਨ ਵਧੇਰੇ ਹੁੰਦੀ ਜਾਂਦੀ ਹੈ ਜਿਉਂ ਜਿਉਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਕੌਮੀ ਡਿਕਟੇਟਰਸ਼ਿਪ ਤੋਂ (ਭਾਵ, ਇਕੋ ਇਕ ਦੇਸ ਵਿਚ ਮੌਜੂਦ ਅਤੇ ਸੰਸਾਰ ਰਾਜਨੀਤੀ ਨੂੰ ਨਿਸ਼ਚਿਤ ਕਰਨੋਂ ਅਸਮਰਥ) ਕੌਮਾਂਤਰੀ ਡਿਕਟੇਟਰਸ਼ਿਪ ਵਿਚ (ਭਾਵ, ਘਟੋ ਘਟ ਕਈ ਉੱਨਤ ਦੇਸਾਂ ਦੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ, ਅਤੇ ਸਮੁਚੇ ਤੌਰ ਉਤੇ ਸੰਸਾਰ ਰਾਜਨੀਤੀ ਉਤੇ ਫ਼ੈਸਲਾਕੁਨ ਪ੍ਰਭਾਵ ਪਾਉਣ ਦੇ ਸਮਰਥ) ਬਦਲਣ ਦੀ ਲੋੜ ਵਧਦੀ ਜਾਂਦੀ ਹੈ। ਨਿੱਕ-ਬੁਰਜੂਆ ਕੌਮਪ੍ਰਸਤੀ ਕੌਮਾਂ ਦੀ ਬਰਾਬਰੀ ਦੀ ਸਿਰਫ਼ ਮਾਨਤਾ ਨੂੰ ਹੀ, ਕੌਮਾਂਤਰੀਵਾਦ ਵਜੋਂ ਐਲਾਨਦੀ ਹੈ ਅਤੇ ਹੋਰ ਕੁਝ ਨਹੀਂ (ਇਸ ਤੱਥ ਤੋਂ ਬਿਲਕੁਲ ਵੱਖ ਕਿ ਇਹ ਮਾਨਤਾ ਨਿਰੋਲ ਲਫ਼ਜ਼ੀ ਹੈ)। ਨਿਕ-ਬੁਰਜੂਆ ਕੌਮਪ੍ਰਸਤੀ ਕੌਮੀ ਖ਼ੁਦਗ਼ਰਜ਼ੀ ਨੂੰ ਜਿਉਂ ਦਾ ਤਿਉਂ ਸੰਭਾਲ ਕੇ ਰਖਦੀ ਹੈ, ਜਦੋਂ ਕਿ ਪ੍ਰੋਲਤਾਰੀ ਕੌਮਾਂਤਰੀਵਾਦ ਮੰਗ ਕਰਦਾ ਹੈ ਕਿ, ਪਹਿਲੀ ਥਾਂ ਉਤੇ, ਕਿਸੇ ਇਕ ਦੇਸ ਵਿਚ ਪ੍ਰੋਲਤਾਰੀ ਘੋਲ ਦੇ ਹਿੱਤ ਸੰਸਾਰ ਪੈਮਾਨੇ ਉਤੇ ਉਸ ਘੋਲ ਦੇ ਹਿੱਤਾਂ ਦੇ ਅਧੀਨ ਕੀਤੇ ਜਾਣ, ਅਤੇ, ਦੂਜੀ ਗੱਲ, ਉਸ ਕੌਮ ਨੂੰ, ਜਿਹੜੀ ਬੁਰਜੂਆਜ਼ੀ ਉਪਰ ਜਿੱਤ ਪ੍ਰਾਪਤ ਕਰ ਰਹੀ ਹੈ, ਕੌਮਾਂਤਰੀ ਸਰਮਾਏ ਨੂੰ ਉਲਟਾਉਣ ਲਈ ਵਧ ਤੋਂ ਵਧ ਕੌਮੀ ਕੁਰਬਾਨੀਆਂ ਕਰਨ ਦੇ ਸਮਰੱਥ ਅਤੇ ਰਜ਼ਾਮੰਦ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ, ਉਹਨਾਂ ਦੇਸਾਂ ਵਿਚ ਜਿਹੜੇ ਪਹਿਲਾਂ ਹੀ ਪੂਰੀ ਤਰ੍ਹਾਂ ਸਰਮਾਇਦਾਰ ਹਨ ਅਤੇ ਜਿਨ੍ਹਾਂ ਵਿਚ ਮਜ਼ਦੂਰ ਪਾਰਟੀਆਂ ਹਨ ਜਿਹੜੀਆਂ ਸਚਮੁਚ ਪ੍ਰੋਲਤਾਰੀ ਦੇ ਮੂਹਰੈਲ ਦਸਤੇ ਵਜੋਂ ਕੰਮ ਕਰਦੀਆਂ ਹਨ, ਕੌਮਾਂਤਰੀਵਾਦ ਦੇ ਸੰਕਲਪ ਅਤੇ ਨੀਤੀ ਦੇ ਮੌਕਾਪ੍ਰਸਤ ਅਤੇ ਨਿੱਕ-ਬੁਰਜੂਆ ਸ਼ਾਂਤੀਵਾਦੀ ਰੂਪ-ਵਿਗਾੜ ਦੇ ਖ਼ਿਲਾਫ਼ ਘੋਲ ਪਹਿਲਾ ਅਤੇ ਸਭ ਤੋਂ ਵਡਾ ਕੰਮ ਹੈ।

੧੧. ਵਧੇਰੇ ਪੱਛੜੇ ਰਾਜਾਂ ਅਤੇ ਕੌਮਾਂ ਦੇ ਸੰਬੰਧ ਵਿਚ, ਜਿਨ੍ਹਾਂ ਵਿਚ ਸਾਮੰਤੀ ਜਾਂ ਪਿਤਰੀ ਅਤੇ ਪਿਤਰੀ-ਕਿਸਾਨ ਸੰਬੰਧ ਪਰਧਾਨ ਹਨ, ਇਹ ਧਿਆਨ ਵਿਚ ਰਖਣਾ ਖ਼ਾਸ ਕਰਕੇ ਮਹੱਤਵਪੂਰਨ ਹੈ:

ਪਹਿਲਾ, ਕਿ ਸਾਰੀਆਂ ਕਮਿਊਨਿਸਟ ਪਾਰਟੀਆਂ ਨੂੰ ਇਹਨਾਂ ਦੇਸਾਂ ਦੀ ਬੁਰਜੂਆ-ਜਮਹੂਰੀ ਆਜ਼ਾਦੀ ਦੀ ਲਹਿਰ ਦੀ ਸਹਾਇਤਾ ਕਰਨੀ ਚਾਹੀਦੀ ਹੈ, ਅਤੇ ਵਧ ਤੋਂ ਵਧ ਸਰਗਰਮ ਸਹਾਇਤਾ ਦੇਣ ਦਾ ਫ਼ਰਜ਼ ਪਹਿਲੀ ਥਾਂ ਉਤੇ ਉਸ ਦੇਸ ਦੇ ਮਜ਼ਦੂਰਾਂ ਦੇ ਸਿਰ ਹੈ, ਜਿਸ ਦੇਸ ਦੇ ਉਹ ਪੱਛੜੀ ਕੌਮ ਬਸਤੀ ਵਜੋਂ ਜਾਂ ਵਿੱਤੀ ਤੌਰ ਉਤੇ ਅਧੀਨ ਹੈ;

ਦੂਜੇ, ਪੱਛੜੇ ਦੇਸਾਂ ਵਿਚ ਪਾਦਰੀਆਂ ਅਤੇ ਦੂਜੇ ਪ੍ਰਭਾਵਸ਼ਾਲੀ ਪਿਛੇ-ਖਿਚੂ ਅਤੇ ਮਧ-ਕਾਲੀਨ ਅਨਸਰਾਂ ਦੇ ਖ਼ਿਲਾਫ਼ ਘੋਲ ਦੀ ਲੋੜ ਹੈ;

ਤੀਜੇ, ਪਾਨ-ਇਸਲਾਮਵਾਦ ਅਤੇ ਇਹੋ ਜਿਹੇ ਰੁਝਾਣਾਂ ਦਾ ਵਿਰੋਧ ਕਰਨ ਦੀ ਲੋੜ ਹੈ, ਜਿਹੜੇ ਯੂਰਪੀ ਅਤੇ ਅਮਰੀਕੀ ਸਾਮਰਾਜ ਦੇ ਖ਼ਿਲਾਫ਼ ਆਜ਼ਾਦੀ ਦੀ ਲਹਿਰ ਨੂੰ ਖ਼ਾਨਾਂ, ਭੂਮੀਪਤੀਆਂ, ਮੌਲਾਨਿਆਂ ਆਦਿ ਦੀਆਂ ਪੁਜ਼ੀਸ਼ਨਾਂ ਮਜ਼ਬੂਤ ਕਰਨ ਦੇ ਯਤਨ ਨਾਲ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ*;

ਚੌਥੇ, ਪੱਛੜੇ ਦੇਸਾਂ ਵਿਚ ਭੂਮੀਪਤੀਆਂ ਦੇ ਖ਼ਿਲਾਫ਼, ਭੂਮੀਪਤੀ ਮਾਲਕਾਂ ਦੇ ਖ਼ਿਲਾਫ਼ ਅਤੇ ਸਾਮੰਤਵਾਦ ਦੇ ਪ੍ਰਗਟਾਵਾਂ ਜਾਂ ਇਸਦੀ ਰਹਿੰਦ-ਖੂੰਹਦ ਦੇ ਖ਼ਿਲਾਫ਼ ਕਿਸਾਨ ਲਹਿਰ ਨੂੰ ਖ਼ਾਸ ਸਹਾਇਤਾ ਦੇਣ ਦੀ, ਅਤੇ ਪੱਛਮੀ ਯੂਰਪੀ ਕਮਿਊਨਿਸਟ ਪ੍ਰੋਲਤਾਰੀ ਅਤੇ ਪੂਰਬ ਵਿਚ, ਬਸਤੀਆਂ ਵਿਚ, ਅਤੇ ਆਮ ਤੌਰ ਉਤੇ ਪੱਛੜੇ ਦੇਸਾਂ ਵਿਚ ਇਨਕਲਾਬੀ ਕਿਸਾਨ ਲਹਿਰ ਵਿਚਕਾਰ ਵਧ ਤੋਂ ਵਧ ਸੰਭਵ ਡੂੰਘਾ ਏਕਾ ਸਥਾਪਤ ਕਰਕੇ ਕਿਸਾਨ ਲਹਿਰ ਨੂੰ ਅਤਿ ਦਾ ਇਨਕਲਾਬੀ ਖ਼ਾਸਾ ਦੇਣ ਦੀ ਕੋਸ਼ਿਸ਼ ਕਰਨ ਦੀ ਲੋੜ ਹੈ। ਉਹਨਾਂ ਦੇਸਾਂ ਵਿਚ, ਜਿਥੇ ਪੂਰਵ-ਸਰਮਾਇਦਾਰਾਨਾ ਸੰਬੰਧ ਪਰਧਾਨ ਹਨ, "ਮਜ਼ਦੂਰ ਲੋਕਾਂ ਦੀਆਂ ਸੋਵੀਅਤਾਂ" ਆਦਿ ਕਾਇਮ ਕਰਕੇ, ਸੋਵੀਅਤ ਪ੍ਰਬੰਧ ਦੇ ਬੁਨਿਆਦੀ ਅਸੂਲਾਂ ਨੂੰ ਲਾਗੂ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਣੀ ਖ਼ਾਸ ਕਰਕੇ ਜ਼ਰੂਰੀ ਹੈ।

ਪੰਜਵੇਂ, ਪੱਛੜੇ ਦੇਸਾਂ ਵਿਚ ਬੁਰਜੂਆ-ਜਮਹੂਰੀ ਆਜ਼ਾਦੀ ਦੇ ਰੁਝਾਣਾਂ ਨੂੰ ਕਮਿਊਨਿਸਟ ਰੰਗਤ ਦੇਣ ਦੇ ਯਤਨਾਂ ਦੇ ਖ਼ਿਲਾਫ਼ ਦ੍ਰਿੜ੍ਹ ਘੋਲ ਦੀ ਲੋੜ ਹੈ; ਕਮਿਊਨਿਸਟ ਇੰਟਰਨੈਸ਼ਨਲ ਨੂੰ ਬਸਤੀਆਂ ਬਣੇ ਅਤੇ ਪੱਛੜੇ ਦੇਸਾਂ ਦੀਆਂ ਬੁਰਜੂਆ ਜਮਹੂਰੀ ਕੌਮੀ ਲਹਿਰਾਂ ਦੀ ਹਮਾਇਤ ਸਿਰਫ਼ ਇਸ ਸ਼ਰਤ ਉਤੇ ਕਰਨੀ ਚਾਹੀਦੀ ਹੈ ਕਿ ਇਹਨਾਂ ਦੇਸਾਂ ਵਿਚ ਭਵਿੱਖ ਦੀਆਂ ਪ੍ਰੋਲਤਾਰੀ ਪਾਰਟੀਆਂ ਜਿਹੜੀਆਂ ਸਿਰਫ਼ ਨਾਂ ਵਿਚ ਹੀ ਕਮਿਊਨਿਸਟ ਨਹੀਂ ਹੋਣਗੀਆਂ, ਦੇ ਅੰਸ਼ਾਂ ਨੂੰ ਇਕ ਥਾਂ ਲਿਆਂਦਾ ਜਾਏ ਅਤੇ ਆਪਣੇ ਕਾਰਜਾਂ ਨੂੰ, ਭਾਵ, ਉਹਨਾਂ ਦੀਆਂ ਆਪਣੀਆਂ ਕੌਮਾਂ ਅੰਦਰ ਬੁਰਜੂਆ-ਜਮਹੂਰੀ ਲਹਿਰਾਂ ਦੇ ਖ਼ਿਲਾਫ਼ ਘੋਲ ਦੇ ਕਾਰਜਾਂ ਨੂੰ ਸਮਝਣ ਲਈ ਸਿਖਿਆ ਦਿਤੀ ਜਾਏ। ਕਮਿਊਨਿਸਟ ਇੰਟਰਨੈਸ਼ਨਲ ਨੂੰ ਬਸਤੀਆਂ ਬਣੇ ਅਤੇ ਪੱਛੜੇ ਦੇਸਾਂ ਵਿਚ ਬੁਰਜੂਆ ਜਮਹੂਰੀਅਤ ਨਾਲ ਆਰਜ਼ੀ ਏਕੇ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ, ਪਰ ਇਸ ਨਾਲ ਇਕਮਿਕ ਨਹੀਂ ਹੋ ਜਾਣਾ ਚਾਹੀਦਾ, ਅਤੇ ਸਾਰੀਆਂ ਹਾਲਤਾਂ ਵਿਚ

---

*ਪਰੂਫ਼ਾਂ ਵਿਚ ਲੈਨਿਨ ਨੇ ਨੁਕਤਾ ਨੰਬਰ ੨ ਅਤੇ ੩ ਦੇ ਸਾਮ੍ਹਣੇ ਬਰੈਕਟ ਪਾ ਦਿਤੀ ਸੀ ਅਤੇ ਲਿਖ ਦਿਤਾ ਸੀ "੨ ਅਤੇ ੩ ਨੂੰ ਇਕ ਕਰ ਦਿਤਾ ਜਾਏ।" —**ਸੰਪਾ:**

ਪ੍ਰੋਲਤਾਰੀ ਲਹਿਰ ਦੀ ਸਵੈਧੀਨਤਾ ਨੂੰ ਕਾਇਮ ਰਖਣਾ ਚਾਹੀਦਾ ਹੈ, ਭਾਵੇਂ ਇਹ ਬਿਲਕੁਲ ਮੁਢਲੀ ਅਵਸਥਾ ਵਿਚ ਹੀ ਹੋਵੇ;

ਛੇਵੇਂ, ਸਾਰੇ ਦੇਸਾਂ ਦੀ, ਅਤੇ ਖ਼ਾਸ ਕਰਕੇ ਪੱਛੜੇ ਦੇਸਾਂ ਦੀ ਵਧ ਤੋਂ ਵਧ ਵਿਸ਼ਾਲ ਮਜ਼ਦੂਰ ਜਨਤਾ ਵਿਚ ਸਾਮਰਾਜੀ ਤਾਕਤਾਂ ਵਲੋਂ ਬਾਕਾਇਦਗੀ ਨਾਲ ਅਮਲ ਵਿਚ ਲਿਆਂਦੀ ਜਾਂਦੀ ਧੋਖੇਬਾਜ਼ੀ ਨੂੰ ਲਗਾਤਾਰ ਸਮਝਾਉਣ ਦੀ ਅਤੇ ਨੰਗਿਆਂ ਕਰਨ ਦੀ ਲੋੜ ਹੈ, ਜਿਹੜੀਆਂ ਤਾਕਤਾਂ ਰਾਜਸੀ ਤੌਰ ਉਤੇ ਆਜ਼ਾਦ ਰਾਜਾਂ ਦੇ ਪਰਦੇ ਹੇਠ, ਅਜਿਹੇ ਰਾਜ ਕਾਇਮ ਕਰਦੀਆਂ ਹਨ ਜਿਹੜੇ ਆਰਥਕ, ਵਿੱਤ ਅਤੇ ਫ਼ੌਜੀ ਤੌਰ ਉਤੇ ਉਹਨਾਂ ਦੇ ਪੂਰੀ ਤਰ੍ਹਾਂ ਅਧੀਨ ਹੁੰਦੇ ਹਨ। ਅਜੋਕੀਆਂ ਕੌਮਾਂਤਰੀ ਹਾਲਤਾਂ ਵਿਚ ਪ੍ਰਾਧੀਨ ਅਤੇ ਕਮਜ਼ੋਰ ਕੌਮਾਂ ਦੀ ਹੋਰ ਕਿਤੇ ਮੁਕਤੀ ਨਹੀਂ ਸਿਵਾਏ ਸੋਵੀਅਤ ਗਣ-ਰਾਜਾਂ ਦੇ ਏਕੇ ਵਿਚ ਆਉਣ ਦੇ।

੧੨. ਸਾਮਰਾਜੀ ਤਾਕਤਾਂ ਵਲੋਂ ਬਸਤੀਆਂ ਦੀਆਂ ਅਤੇ ਕਮਜ਼ੋਰ ਕੌਮੀਅਤਾਂ ਉਤੇ ਯੁਗਾਂ-ਪੁਰਾਣੇ ਜਬਰ ਨੇ ਦਬਾਏ ਦੇਸਾਂ ਦੀ ਮਜ਼ਦੂਰ ਜਨਤਾ ਨੂੰ ਨਾ ਸਿਰਫ਼ ਦਬਾਉਣ ਵਾਲੀਆਂ ਕੌਮਾਂ ਲਈ ਦੁਸ਼ਮਣੀ ਨਾਲ ਭਰ ਦਿਤਾ ਹੈ, ਸਗੋਂ ਆਮ ਤੌਰ ਉਤੇ ਇਹਨਾਂ ਕੌਮਾਂ ਵਿਚ, ਇਥੋਂ ਤੱਕ ਕਿ ਉਹਨਾਂ ਦੇ ਪ੍ਰੋਲਤਾਰੀ ਵਿਚ ਵੀ, ਬੇਵਿਸ਼ਵਾਸੀ ਵੀ ਪੈਦਾ ਕਰ ਦਿਤੀ ਹੈ। ੧੯੧੪-੧੯ ਵਿਚ, ਜਦੋਂ ''ਦੇਸ ਦੀ ਰਾਖੀ'' ਨੂੰ ਬਸਤੀਆਂ ਉਤੇ ਜਬਰ ਕਰਨ ਅਤੇ ਪ੍ਰਾਧੀਨ ਦੇਸਾਂ ਦੀ ਵਿੱਤ ਤੌਰ ਉਤੇ ਖੱਲ ਲਾਹੁਣ ਦੇ ਖ਼ੁਦ ''ਆਪਣੀ'' ਬੁਰਜੂਆਜ਼ੀ ਦੇ ''ਹੱਕ'' ਦੀ ਰਾਖੀ ਨੂੰ ਲੁਕਾਉਣ ਲਈ ਸਮਾਜੀ-ਅੰਧਰਾਸ਼ਟਰਵਾਦੀ ਚੋਗ਼ੇ ਵਜੋਂ ਵਰਤਿਆ ਗਿਆ ਸੀ, ਇਹਨਾਂ ਪ੍ਰੋਲਤਾਰੀ ਦੇ ਅਧਿਕਾਰਿਤ ਆਗੂਆਂ ਦੀ ਬਹੁ-ਗਿਣਤੀ ਵਲੋਂ ਸੋਸ਼ਲਿਜ਼ਮ ਨਾਲ ਲਾਅਨਤਯੋਗ ਗ਼ੱਦਾਰੀ ਨਾਲ ਇਸ ਬਿਲਕੁਲ ਹੱਕੀ ਬੇਵਿਸ਼ਵਾਸੀ ਵਿਚ ਵਾਧਾ ਹੋਣਾ ਯਕੀਨੀ ਸੀ। ਦੂਜੇ ਪਾਸੇ, ਦੇਸ ਜਿੰਨਾਂ ਜ਼ਿਆਦਾ ਪੱਛੜਿਆ ਹੋਇਆ ਹੋਵੇਗਾ, ਛੋਟੇ ਪੈਮਾਨੇ ਦੀ ਜ਼ਰਾਇਤੀ ਉਪਜ ਦੀ, ਪਿਤਾਪੁਰਖੀ ਦੀ ਅਤੇ ਅੱਡ ਰਹਿਣ ਦੀ ਜਕੜ ਉਨੀ ਹੀ ਜ਼ਿਆਦਾ ਮਜ਼ਬੂਤ ਹੋਵੇਗੀ, ਜਿਸ ਨਾਲ ਅਟੱਲ ਤੌਰ ਉਤੇ ਸਭ ਤੋਂ ਡੂੰਘੇ ਨਿੱਕ-ਬੁਰਜੂਆ ਤਅੱਸਬ ਨੂੰ ਭਾਵ, ਕੌਮੀ ਹਉਮੈਵਾਦ ਅਤੇ ਕੌਮੀ ਤੰਗ-ਨਜ਼ਰੀ ਨੂੰ ਖ਼ਾਸ ਤਾਕਤ ਅਤੇ ਜਿਊਣ-ਯੋਗਤਾ ਮਿਲਦੀ ਹੈ। ਇਹ ਤਅੱਸਬ ਲਾਜ਼ਮੀ ਤੌਰ ਉਤੇ ਬਹੁਤ ਹੌਲੀ ਹੌਲੀ ਖ਼ਤਮ ਹੋਣਗੇ, ਕਿਉਂਕਿ ਉਹ ਉੱਨਤ ਦੇਸਾਂ ਵਿਚੋਂ ਸਾਮਰਾਜ ਅਤੇ ਸਰਮਾਇਦਾਰੀ ਦੇ ਖ਼ਤਮ ਹੋਣ ਤੋਂ ਪਿਛੋਂ ਹੀ, ਅਤੇ ਪੱਛੜੇ ਦੇਸਾਂ ਦੇ ਆਰਥਕ ਜੀਵਨ ਦੀ ਕੁੱਲ ਬੁਨਿਆਦ ਦੇ ਬੁਨਿਆਦੀ ਤੌਰ ਉਤੇ ਤਬਦੀਲ ਕੀਤੇ ਜਾਣ ਤੋਂ ਪਿਛੋਂ ਹੀ ਦੂਰ ਹੋ ਸਕਦੇ ਹਨ। ਇਸ ਲਈ ਸਾਰੇ ਦੇਸਾਂ ਦੇ ਜਮਾਤੀ ਚੇਤਨਤਾ ਵਾਲੇ ਕਮਿਊਨਿਸਟ ਪ੍ਰੋਲਤਾਰੀ ਦਾ ਫ਼ਰਜ਼ ਬਣਦਾ ਹੈ ਕਿ ਉਹ ਉਹਨਾਂ ਦੇਸਾਂ ਅਤੇ ਕੌਮੀਅਤਾਂ ਦੀ, ਜਿਹੜੀਆਂ ਸਭ ਤੋਂ ਵਧ ਲੰਮੇ ਸਮੇਂ ਲਈ ਦਬਾਈਆਂ ਰਹੀਆਂ ਹਨ, ਕੌਮੀ ਭਾਵਨਾ ਦੀ ਰਹਿੰਦ-ਖੂੰਹਦ

ਨੂੰ ਖ਼ਾਸ ਸਾਵਧਾਨੀ ਅਤੇ ਧਿਆਨ ਨਾਲ ਲੈਣ; ਇਸ ਬੇਵਿਸ਼ਵਾਸੀ ਅਤੇ ਇਹਨਾਂ ਤਅਸੱਬਾਂ ਨੂੰ ਵਧੇਰੇ ਤੇਜ਼ੀ ਨਾਲ ਦੂਰ ਕਰਨ ਦੇ ਖ਼ਿਆਲ ਨਾਲ ਕੁਝ ਛੋਟਾਂ ਦੇਣੀਆਂ ਵੀ ਉਨੀਆਂ ਹੀ ਜ਼ਰੂਰੀ ਹਨ। ਸਰਮਾਇਦਾਰੀ ਉਤੇ ਪੂਰਨ ਜਿੱਤ ਉਨੇ ਚਿਰ ਤੱਕ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਪ੍ਰੋਲਤਾਰੀ ਅਤੇ, ਇਹਨਾਂ ਨੀ ਅਗਵਾਈ ਹੇਠ ਚਲਦੇ ਦੁਨੀਆਂ ਭਰ ਦੀਆਂ ਕੌਮਾਂ ਅਤੇ ਸਾਰੇ ਦੇਸਾਂ ਦੇ ਮਜ਼ਦੂਰ ਲੋਕਾਂ ਦੇ ਸਮੂਹ ਸਵੈ-ਇੱਛਤ ਤੌਰ ਉਤੇ ਏਕੇ ਅਤੇ ਏਕਤਾ ਲਈ ਕੋਸ਼ਿਸ਼ ਨਹੀਂ ਕਰਦੇ।

ਜੂਨ-ਜੁਲਾਈ, ੧੯੨੦ ਵਿਚ ਲਿਖਿਆ। ਸੰਗ੍ਰਹਿਤ ਕਿਰਤਾਂ, ਸੈਂਚੀ ੪੧, ਪੰਨੇ ੧੬੧-੧੬੮

# ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਲਈ ਥੀਸਿਸ

# ਵਿਚੋਂ

## ਕਮਿਊਨਿਸਟ ਇੰਟਰਨੈਸ਼ਨਲ ਵਿਚ ਦਾਖਲੇ ਦੀਆਂ ਸ਼ਰਤਾਂ

੮. ਉਹਨਾਂ ਦੇਸਾਂ ਵਿਚਲੀਆਂ ਪਾਰਟੀਆਂ ਨੂੰ, ਜਿਨ੍ਹਾਂ ਦੀ ਬੁਰਜੂਆਜ਼ੀ ਕੋਲ ਬਸਤੀਆਂ ਹਨ, ਅਤੇ ਉਹ ਦੂਜੀਆਂ ਕੌਮਾਂ ਨੂੰ ਦਬਾਉਂਦੀ ਹੈ, ਬਸਤੀਆਂ ਅਤੇ ਦਬਾਈਆਂ ਹੋਈਆਂ ਕੌਮਾਂ ਦੇ ਸੰਬੰਧ ਵਿਚ ਵਧ ਤੋਂ ਵਧ ਚੰਗੀ ਤਰ੍ਹਾਂ ਨਿਸ਼ਚਿਤ ਅਤੇ ਸਪਸ਼ਟ ਨੀਤੀ ਉਤੇ ਚਲਣਾ ਚਾਹੀਦਾ ਹੈ। ਤੀਜੀ ਇੰਟਰਨੈਸ਼ਨਲ ਵਿਚ ਸ਼ਾਮਲ ਹੋਣ ਦੀ ਇੱਛਾ ਰਖਦੀ ਕਿਸੇ ਵੀ ਪਾਰਟੀ ਨੂੰ ਖ਼ੁਦ "ਆਪਣੇ" ਦੇਸ ਦੇ ਸਾਮਰਾਜੀਆਂ ਦੀਆਂ ਬਸਤੀਵਾਦੀ ਸਾਜ਼ਸ਼ਾਂ ਦਾ ਬੇਕਿਰਕੀ ਨਾਲ ਪਾਜ ਖੋਹਲਣਾ ਚਾਹੀਦਾ ਹੈ, ਬਸਤੀਆਂ ਵਿਚ ਹਰ ਆਜ਼ਾਦੀ ਦੀ ਲਹਿਰ ਦੀ — ਸਿਰਫ਼ ਕਥਨੀ ਵਿਚ ਨਹੀਂ, ਕਰਨੀ ਵਿਚ — ਹਮਾਇਤ ਕਰਨੀ ਚਾਹੀਦੀ ਹੈ, ਆਪਣੇ ਦੇਸ ਦੇ ਸਾਮਰਾਜੀਆਂ ਦੇ ਬਸਤੀਆਂ ਤੋਂ ਨਿਕਾਲੇ ਦੀ ਮੰਗ ਕਰਨੀ ਚਾਹੀਦੀ ਹੈ, ਖ਼ੁਦ ਆਪਣੇ ਦੇਸ ਦੇ ਮਜ਼ਦੂਰਾਂ ਦੇ ਦਿਲਾਂ ਵਿਚ ਬਸਤੀਆਂ ਦੀ ਅਤੇ ਦਬਾਈਆਂ ਕੌਮਾਂ ਦੀ ਮਜ਼ਦੂਰ ਵੱਸੋਂ ਨਾਲ ਸੱਚੇ ਭਰੱਪਣ ਦਾ ਵਤੀਰਾ ਭਰਨਾ ਚਾਹੀਦਾ ਹੈ, ਅਤੇ ਹਥਿਆਰਬੰਦ ਫ਼ੌਜਾਂ ਵਿਚ ਬਸਤੀਆਂ ਦੇ ਲੋਕਾਂ ਉਤੇ ਹਰ ਜਬਰ ਦੇ ਖ਼ਿਲਾਫ਼ ਬਾਕਾਇਦਾ ਅੰਦੋਲਨ ਚਲਾਉਣਾ ਚਾਹੀਦਾ ਹੈ।

ਜੂਨ-ਜੁਲਾਈ, ੧੯੨੦ ਵਿਚ ਲਿਖਿਆ

ਸੰਗ੍ਰਹਿਤ ਕਿਰਤਾਂ, ਸੈਂਚੀ ੪੧,
ਪੰਨੇ ੨੦੭-੨੦੮

# ੧੯ ਜੁਲਾਈ, ੧੯੨੦ ਨੂੰ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿਚ ਕੌਮਾਂਤਰੀ ਅਵਸਥਾ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੇ ਬੁਨਿਆਦੀ ਕਰਤੱਵਾਂ ਬਾਰੇ ਕੀਤੀ ਰਪੋਰਟ

## ਵਿਚੋਂ

ਸਾਥੀਓ, ਅਖ਼ੀਰ ਵਿਚ ਮੈਂ ਇਸ ਵਿਸ਼ੇ ਦੇ ਇਕ ਹੋਰ ਪੱਖ ਨੂੰ ਲਵਾਂਗਾ। ਸਾਡੇ ਸਾਥੀ, ਪਰਧਾਨ, ਨੇ ਕਿਹਾ ਹੈ ਕਿ ਸਾਡੀ ਕਾਂਗਰਸ ਸੰਸਾਰ ਕਾਂਗਰਸ ਅਖਵਾਉਣ ਦੀ ਹੱਕਦਾਰ ਹੈ। ਮੇਰਾ ਖ਼ਿਆਲ ਹੈ ਕਿ ਉਹ ਠੀਕ ਹਨ ਖ਼ਾਸ ਕਰਕੇ ਇਸ ਲਈ ਕਿ ਇਥੇ ਸਾਡੇ ਵਿਚਕਾਰ ਬਸਤੀਆਂ ਬਣੇ ਅਤੇ ਪੱਛੜੇ ਦੇਸਾਂ ਦੀ ਇਨਕਲਾਬੀ ਲਹਿਰ ਦੇ ਪ੍ਰਤਿਨਿਧਾਂ ਦੀ ਕਾਫ਼ੀ ਗਿਣਤੀ ਹੈ। ਇਹ ਸਿਰਫ਼ ਨਿੱਕਾ ਜਿਹਾ ਆਰੰਭ ਹੈ, ਪਰ ਮਹਤਵਪੂਰਨ ਗੱਲ ਇਹ ਹੈ ਕਿ ਆਰੰਭ ਕੀਤਾ ਗਿਆ ਹੈ। ਇਸ ਕਾਂਗਰਸ ਵਿਚ ਅਸੀਂ ਸਰਮਾਇਦਾਰ, ਉੱਨਤ ਦੇਸਾਂ ਦੇ ਇਨਕਲਾਬੀ ਪ੍ਰੋਲਤਾਰੀ ਅਤੇ ਉਹਨਾਂ ਦੇਸਾਂ ਦੇ, ਜਿਥੇ ਕੋਈ ਪ੍ਰੋਲਤਾਰੀ ਨਹੀਂ ਜਾਂ ਸ਼ਾਇਦ ਹੀ ਕੋਈ ਪ੍ਰੋਲਤਾਰੀ ਹੋਣ, ਅਰਥਾਤ, ਬਸਤੀਆਂ ਬਣੇ, ਪੂਰਬੀ ਦੇਸਾਂ ਦੀ ਦਬਾਈ ਜਨਤਾ ਦੇ ਇਨਕਲਾਬੀ ਜਨ-ਸਮੂਹਾਂ ਵਿਚਕਾਰ ਏਕਤਾ ਹੁੰਦੀ ਦੇਖਦੇ ਹਾਂ। ਹੁਣ ਏਕਤਾ ਦੀ ਪਰਪੱਕਤਾ ਸਾਡੇ ਉਤੇ ਨਿਰਭਰ ਹੈ ਅਤੇ ਮੈਨੂੰ ਯਕੀਨ ਹੈ ਕਿ ਅਸੀਂ ਇਸਨੂੰ ਪ੍ਰਾਪਤ ਕਰ ਲਵਾਂਗੇ। ਸੰਸਾਰ ਸਾਮਰਾਜ ਢਹਿ ਜਾਵੇਗਾ ਜਦੋਂ ਹਰ ਦੇਸ ਵਿਚ ਲੁੱਟੇ-ਪੁੱਟੇ ਜਾਂਦੇ ਅਤੇ ਦਬਾਏ ਹੋਏ ਮਜ਼ਦੂਰਾਂ ਦੀ ਇਨਕਲਾਬੀ ਚੜ੍ਹਾਈ, ਨਿੱਕ-ਬੁਰਜੂਆ ਅੰਸ਼ਾਂ ਦੇ ਵਿਰੋਧ ਅਤੇ ਕਿਰਤ ਦੇ ਅਮੀਰਜ਼ਾਦਿਆਂ ਦੀ ਨਿੱਕੀ ਜਿਹੀ ਉਪਰਲੀ ਪਰਤ ਦੇ ਪ੍ਰਭਾਵ ਉਤੇ ਕਾਬੂ ਪਾਉਂਦੀ ਹੋਈ, ਉਹਨਾਂ ਲੱਖਾਂ ਕਰੋੜਾਂ ਲੋਕਾਂ ਦੀ ਇਨਕਲਾਬੀ ਚੜ੍ਹਾਈ ਨਾਲ ਇਕਮਿਕ ਹੋ ਜਾਏਗੀ, ਜਿਹੜੇ ਹੁਣ ਤੱਕ ਇਤਿਹਾਸ ਦੀਆਂ ਹੱਦਾਂ ਤੋਂ ਪਰ੍ਹੇ ਖੜੇ ਸਨ ਅਤੇ ਸਿਰਫ਼ ਇਤਿਹਾਸ ਦਾ ਵਿਸ਼ਾ ਸਮਝੇ ਜਾਂਦੇ ਰਹੇ ਹਨ।

ਸਾਮਰਾਜੀ ਜੰਗ ਨੇ ਇਨਕਲਾਬ ਦੀ ਸਹਾਇਤਾ ਕੀਤੀ ਹੈ: ਬਸਤੀਆਂ ਤੋਂ, ਪੱਛੜੇ ਦੇਸਾਂ ਤੋਂ ਅਤੇ ਉਸ ਵਖਰਤ ਤੋਂ, ਜਿਸ ਵਿਚ ਉਹ ਰਹਿੰਦੇ ਸਨ, ਬੁਰਜੂਆਜ਼ੀ ਨੇ ਇਸ ਸਾਮਰਾਜੀ ਜੰਗ ਲਈ ਫ਼ੌਜੀ ਭਰਤੀ ਕੀਤੇ। ਬਰਤਾਨਵੀ ਬੁਰਜੂਆਜ਼ੀ ਨੇ ਭਾਰਤ ਤੋਂ ਲਏ ਫ਼ੌਜੀਆਂ ਉਤੇ ਜ਼ੋਰ ਪਾਇਆ ਕਿ ਜਰਮਨੀ ਦੇ ਖ਼ਿਲਾਫ਼ ਬਰਤਾਨੀਆ ਦੀ ਰਾਖੀ ਕਰਨਾ ਭਾਰਤੀ ਕਿਸਾਨਾਂ ਦਾ ਫ਼ਰਜ਼ ਹੈ, ਫ਼ਰਾਂਸੀਸੀ ਬੁਰਜੂਆਜ਼ੀ ਨੇ

ਫ਼ਰਾਂਸੀਸੀ ਬਸਤੀਆਂ ਤੋਂ ਆਏ ਫ਼ੌਜੀਆਂ ਉਪਰ ਜ਼ੋਰ ਪਾਇਆ ਕਿ ਫ਼ਰਾਂਸ ਦੀ ਰਾਖੀ ਕਰਨਾ ਉਹਨਾਂ ਦਾ ਫ਼ਰਜ਼ ਹੈ। ਉਹਨਾਂ ਨੇ ਉਹਨਾਂ ਨੂੰ ਹਥਿਆਰ ਵਰਤਣੇ ਸਿਖਾਏ, ਇਕ ਬੜੀ ਲਾਭਦਾਇਕ ਸਿਖਲਾਈ, ਜਿਸ ਲਈ ਅਸੀਂ ਬੁਰਜੂਆਜ਼ੀ ਲਈ ਆਪਣੀ ਡੂੰਘੀ ਕ੍ਰਿਤਗਤਾ ਪ੍ਰਗਟ ਕਰ ਸਕਦੇ ਹਾਂ,—ਰੂਸੀ ਮਜ਼ਦੂਰਾਂ ਅਤੇ ਕਿਸਾਨਾਂ ਵਲੋਂ, ਅਤੇ ਖ਼ਾਸ ਕਰਕੇ ਰੂਸ ਦੀ ਸਾਰੀ ਲਾਲ ਫ਼ੌਜ ਵਲੋਂ ਆਪਣੀ ਕ੍ਰਿਤਗਤਾ ਪ੍ਰਗਟ ਕਰ ਸਕਦੇ ਹਾਂ। ਸਾਮਰਾਜੀ ਜੰਗ ਨੇ ਪ੍ਰਾਧੀਨ ਕੌਮਾਂ ਨੂੰ ਸੰਸਾਰ ਇਤਿਹਾਸ ਵਿਚ ਖਿੱਚ ਲਿਆਂਦਾ ਹੈ। ਅਤੇ ਹੁਣ ਸਾਡੇ ਸਾਹਮਣੇ ਖੜੇ ਅਤਿ ਮਹੱਤਵਪੂਰਨ ਕਾਰਜਾਂ ਵਿਚੋਂ ਇਕ ਕਾਰਜ ਇਹ ਸੋਚਣਾ ਹੈ ਕਿ ਸੋਵੀਅਤ ਲਹਿਰ ਦੀ ਜਥੇਬੰਦੀ ਦਾ ਨੀਂਹ-ਪੱਥਰ **ਗ਼ੈਰ**-ਸਰਮਾਇਦਾਰ ਦੇਸਾਂ ਵਿਚ ਕਿਵੇਂ ਰਖਿਆ ਜਾ ਸਕਦਾ ਹੈ। ਸੋਵੀਅਤਾਂ ਉਥੇ ਸੰਭਵ ਹਨ; ਉਹ ਮਜ਼ਦੂਰਾਂ ਦੀਆਂ ਸੋਵੀਅਤਾਂ ਨਹੀਂ, ਸਗੋਂ ਕਿਸਾਨਾਂ ਦੀਆਂ ਸੋਵੀਅਤਾਂ, ਜਾਂ ਕਾਮੇ ਲੋਕਾਂ ਦੀਆਂ ਸੋਵੀਅਤਾਂ ਹੋਣਗੀਆਂ।

ਕਾਫ਼ੀ ਕੰਮ ਕਰਨਾ ਜ਼ਰੂਰੀ ਹੋਵੇਗਾ; ਗ਼ਲਤੀਆਂ ਅਟੱਲ ਹੋਣਗੀਆਂ; ਇਸ ਰਾਹ ਉਤੇ ਕਈ ਮੁਸ਼ਕਲਾਂ ਪੇਸ਼ ਆਉਣਗੀਆਂ। ਉਹਨਾਂ ਅਮਲੀ ਅਸੂਲਾਂ ਨੂੰ ਵਿਸਥਾਰਨਾ ਜਾਂ ਉਹਨਾਂ ਵੱਲ ਇਸ਼ਾਰਾ ਕਰਨਾ ਤੀਜੀ ਕਾਂਗਰਸ ਦਾ ਬੁਨਿਆਦੀ ਕਾਰਜ ਹੈ, ਜਿਹੜੇ ਅਸੂਲ ਉਸ ਕੰਮ ਨੂੰ, ਜਿਹੜਾ ਹੁਣ ਤੱਕ ਕਰੋੜਾਂ ਲੋਕਾਂ ਵਿਚ ਅਣ-ਸੰਗਠਤ ਢੰਗ ਨਾਲ ਕੀਤਾ ਜਾਂਦਾ ਰਿਹਾ ਹੈ, ਸੰਗਠਤ, ਇਕਸਾਰ ਅਤੇ ਬਾਕਾਇਦਾ ਢੰਗ ਨਾਲ ਕੀਤੇ ਜਾਣ ਦੇ ਸਮਰਥ ਬਨਾਉਣਗੇ।

ਹੁਣ, ਕਮਿਊਨਿਸਟ ਇੰਟਰਨੈਸ਼ਨਲ ਦੀ ਪਹਿਲੀ ਕਾਂਗਰਸ ਤੋਂ ਇਕ ਸਾਲ ਜਾਂ ਕੁਝ ਵਧ ਪਿਛੋਂ, ਅਸੀਂ ਦੂਜੀ ਇੰਟਰਨੈਸ਼ਨਲ ਉਤੇ ਜੇਤੂ ਹੋ ਕੇ ਸਾਹਮਣੇ ਆਏ ਹਾਂ; ਸਿਰਫ਼ ਸਭਯ ਦੇਸਾਂ ਦੇ ਮਜ਼ਦੂਰਾਂ ਵਿਚ ਹੀ ਸੋਵੀਅਤਾਂ ਦੇ ਵਿਚਾਰ ਨਹੀਂ ਫੈਲੇ; ਸਿਰਫ਼ ਉਹੀ ਨਹੀਂ ਜਿਨ੍ਹਾਂ ਨੂੰ ਇਹਨਾਂ ਵਿਚਾਰਾਂ ਦਾ ਪਤਾ ਲਗਾ ਹੈ ਅਤੇ ਜਿਨ੍ਹਾਂ ਨੂੰ ਇਹ ਸਮਝ ਆਏ ਹਨ। ਸਾਰੇ ਦੇਸਾਂ ਦੇ ਮਜ਼ਦੂਰ ਉਹਨਾਂ ਥੋਥੇ ਗਿਆਨੀਆਂ ਦਾ ਮਜ਼ਾਕ ਉਡਾ ਰਹੇ ਹਨ, ਜ੍ਹਿਨਾਂ ਵਿਚੋਂ ਕੋਈ ਥੋੜ੍ਹੇ ਨਹੀਂ ਜਿਹੜੇ ਆਪਣੇ ਆਪ ਨੂੰ ਸੋਸ਼ਲਿਸਟ ਕਹਿੰਦੇ ਹਨ ਅਤੇ ਸੋਵੀਅਤ "ਪ੍ਰਬੰਧ" ਬਾਰੇ, ਜਿਵੇਂ ਕਿ ਜਰਮਨ ਬਾਕਾਇਦਗੀਵਾਦੀ ਇਸਨੂੰ ਕਹਿਣ ਦੇ ਸ਼ੌਕੀਨ ਹਨ, ਜਾਂ ਸੋਵੀਅਤ "ਵਿਚਾਰ" ਬਾਰੇ, ਜਿਵੇਂ ਬਰਤਾਨਵੀ "ਗਿਲਡ" ਸੋਸ਼ਲਿਸਟ[188] ਇਸਨੂੰ ਕਹਿੰਦੇ ਹਨ, ਪੰਡਤਾਊ ਤਰੀਕੇ ਨਾਲ, ਜਾਂ ਲਗਭਗ ਪੰਡਤਾਊ ਤਰੀਕੇ ਨਾਲ ਦਲੀਲਬਾਜ਼ੀ ਕਰਦੇ ਹਨ। ਇਹ ਕੋਈ ਘਟ ਵਾਰੀ ਨਹੀਂ ਹੋਇਆ ਕਿ ਸੋਵੀਅਤ "ਪ੍ਰਬੰਧ" ਜਾਂ "ਵਿਚਾਰ" ਬਾਰੇ ਇਹ ਦਲੀਲਾਂ ਮਜ਼ਦੂਰਾਂ ਦੀਆਂ ਅੱਖਾਂ ਨੂੰ ਅਤੇ ਉਹਨਾਂ ਦੇ ਮਨਾਂ ਨੂੰ ਧੁੰਦਲਾ ਦੇਂਦੀਆਂ ਹਨ। ਪਰ, ਮਜ਼ਦੂਰ ਇਸ ਪੰਡਤਾਊ ਕੂੜੇ ਨੂੰ ਹੂੰਝ ਕੇ ਲਾਂਭੇ ਕਰ ਰਹੇ ਹਨ, ਅਤੇ ਸੋਵੀਅਤਾਂ ਵਲੋਂ ਪ੍ਰਯਾਪਤ ਕੀਤੇ ਗਏ ਹਥਿਆਰ ਨੂੰ ਹੱਥ ਵਿਚ ਲੈ ਰਹੇ

ਹਨ। ਸੋਵੀਅਤਾਂ ਦੇ ਰੋਲ ਅਤੇ ਮੱਹਤਤਾ ਦੀ ਮਾਨਤਾ ਹੁਣ ਪੂਰਬ ਦੇ ਦੇਸਾਂ ਤੱਕ ਵੀ ਫੈਲ ਗਈ ਹੈ।

ਸਾਰੇ ਪੂਰਬ ਵਿਚ, ਸਾਰੇ ਏਸ਼ੀਆ ਵਿਚ, ਬਸਤੀਆਂ ਦੇ ਸਾਰੇ ਲੋਕਾਂ ਵਿਚ ਸੋਵੀਅਤ ਲਹਿਰ ਲਈ ਮੁਢਲਾ ਕੰਮ ਕੀਤਾ ਜਾ ਚੁੱਕਾ ਹੈ।

ਇਹ ਪ੍ਰਸਤਾਵ ਕਿ ਲੁੱਟੇ-ਪੁੱਟੇ ਜਾਂਦੇ ਲੋਕਾਂ ਨੂੰ ਲੋਟੂਆਂ ਦੇ ਖ਼ਿਲਾਫ਼ ਉੱਠਣਾ ਚਾਹੀਦਾ ਹੈ ਅਤੇ ਆਪਣੀਆਂ ਸੋਵੀਅਤਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ, ਕੋਈ ਬਹੁਤਾ ਜਟਲ ਪ੍ਰਸਤਾਵ ਨਹੀਂ। ਸਾਡੇ ਤਜਰਬੇ ਤੋਂ ਪਿਛੋਂ, ਰੂਸ ਵਿਚ ਸੋਵੀਅਤ ਗਣ-ਰਾਜ ਦੀ ਹੋਂਦ ਦੇ ਢਾਈ ਵਰ੍ਹੇ ਪਿਛੋਂ, ਅਤੇ ਤੀਜੀ ਇੰਟਰਨੈਸ਼ਨਲ ਦੀ ਪਹਿਲੀ ਕਾਂਗਰਸ ਤੋਂ ਪਿਛੋਂ, ਇਹ ਵਿਚਾਰ ਦੁਨੀਆਂ ਭਰ ਵਿਚ ਲੋਟੂਆਂ ਵਲੋਂ ਦਬਾਏ ਹੋਏ ਕਰੋੜਾਂ ਲੋਕਾਂ ਦੀ ਪਹੁੰਚ ਵਿਚ ਆ ਰਿਹਾ ਹੈ। ਅਸੀਂ ਰੂਸ ਵਿਚ ਅਕਸਰ ਸਮਝੌਤਾ ਕਰਨ ਲਈ, ਸਮੇਂ ਦੀ ਉਡੀਕ ਕਰਨ ਲਈ ਮਜਬੂਰ ਹੁੰਦੇ ਹਾਂ, ਕਿਉਂਕਿ ਅਸੀਂ ਕੌਮਾਂਤਰੀ ਸਾਮਰਾਜੀਆਂ ਨਾਲੋਂ ਕਮਜ਼ੋਰ ਹਾਂ, ਤਾਂ ਵੀ ਸਾਨੂੰ ਪਤਾ ਹੈ ਕਿ ਅਸੀਂ ਇਸ ੧੨੫ ਕਰੋੜ ਦੇ ਸਮੂਹ ਦੇ ਹਿੱਤਾਂ ਦੀ ਰਾਖੀ ਕਰ ਰਹੇ ਹਾਂ। ਹਾਲ ਦੀ ਘੜੀ, ਅੜਿਚਨਾਂ, ਤਅਸੱਬ ਅਤੇ ਜਹਾਲਤ ਸਾਨੂੰ ਰੋਕ ਪਾਉਂਦੇ ਹਨ, ਜਿਹੜੇ ਹਰ ਲੰਘਦੇ ਘੰਟੇ ਨਾਲ ਬੀਤੇ ਵਿਚ ਪਿੱਛੇ ਹਟਦੇ ਜਾ ਰਹੇ ਹਨ; ਪਰ ਅਸੀਂ ਦੁਨੀਆਂ ਦੀ ਵੱਸੋਂ ਦੇ ਇਸ ੭੦ ਫੀ ਸਦੀ ਦੇ, ਮਜ਼ਦੂਰ ਅਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਇਸ ਸਮੂਹ ਦੇ ਦਿਨੋ ਦਿਨ ਵਧੇਰੇ ਪ੍ਰਤਿਨਿਧ ਅਤੇ ਸੱਚੇ ਰਖਿਅਕ ਬਣਦੇ ਜਾ ਰਹੇ ਹਾਂ। ਅਸੀਂ ਮਾਣ ਨਾਲ ਕਹਿ ਸਕਦੇ ਹਾਂ: ਪਹਿਲੀ ਕਾਂਗਰਸ ਸਮੇਂ ਅਸੀਂ ਅਸਲ ਵਿਚ ਸਿਰਫ਼ ਪ੍ਰਚਾਰਵਾਦੀ ਸਾਂ; ਅਸੀਂ ਦੁਨੀਆਂ ਦੇ ਪ੍ਰੋਲਤਾਰੀ ਵਿਚਕਾਰ ਸਿਰਫ਼ ਬੁਨਿਆਦੀ ਵਿਚਾਰ ਫੈਲਾ ਰਹੇ ਸਾਂ; ਅਸੀਂ ਸਿਰਫ਼ ਘੋਲ ਲਈ ਨਾਅਰਾ ਦਿਤਾ ਸੀ; ਅਸੀਂ ਸਿਰਫ਼ ਪੁੱਛ ਰਹੇ ਸਾਂ ਕਿ ਉਹ ਲੋਕ ਕਿਥੇ ਹਨ ਜਿਹੜੇ ਇਸ ਰਾਹ ਉਤੇ ਟੁਰਨ ਦੇ ਸਮਰੱਥ ਹਨ। ਅੱਜ ਉੱਨਤ ਪ੍ਰੋਲਤਾਰੀ ਹਰ ਥਾਂ ਸਾਡੇ ਨਾਲ ਹਨ। ਹਰ ਥਾਂ ਪ੍ਰੋਲਤਾਰੀ ਦੀ ਫ਼ੌਜ ਮੌਜੂਦ ਹੈ, ਭਾਵੇਂ ਕਦੀ ਕਦੀ ਇਹ ਮਾੜੀ ਤਰ੍ਹਾਂ ਜਥੇਬੰਦ ਹੁੰਦੀ ਹੈ ਅਤੇ ਇਸਨੂੰ ਮੁੜ-ਜਥੇਬੰਦ ਕੀਤਾ ਜਾਣਾ ਲੋੜਦੀ ਹੈ। ਜੇ ਸਾਰੇ ਦੇਸਾਂ ਦੇ ਸਾਡੇ ਸਾਥੀ ਇਕਮੁਠ ਫ਼ੌਜ ਜਥੇਬੰਦ ਕਰਨ ਵਿਚ ਸਾਡੀ ਸਹਾਇਤਾ ਕਰਨ, ਤਾਂ ਕੋਈ ਵੀ ਕਮੀ ਸਾਨੂੰ ਆਪਣਾ ਕੰਮ ਨੇਪਰੇ ਚੜ੍ਹਾਉਣ ਤੋਂ ਨਹੀਂ ਰੋਕ ਸਕੇਗੀ। ਇਹ ਕੰਮ ਸੰਸਾਰ ਪ੍ਰੋਲਤਾਰੀ ਇਨਕਲਾਬ ਹੈ, ਸੰਸਾਰ ਸੋਸ਼ਲਿਸਟ ਗਣ-ਰਾਜ ਦੀ ਸਿਰਜਣਾ ਹੈ। (**ਲੰਮੇ ਸਮੇਂ ਲਈ ਤਾੜੀਆਂ**)

ਸੰਗ੍ਰਹਿਤ ਕਿਰਤਾਂ, ਸੈਂਚੀ ੪੧,
ਪੰਨੇ ੨੩੩-੨੩੫

# ਕੌਮੀ ਤੇ ਬਸਤੀਆਂ ਦੇ ਸਵਾਲਾਂ ਬਾਰੇ ਕਮਿਸ਼ਨ ਦੀ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਰਪੋਰਟ

### ੨੬ ਜੁਲਾਈ, ੧੯੨੦ ਨੂੰ

ਸਾਥੀਓ, ਮੈਂ ਆਪਣੇ ਆਪ ਨੂੰ ਸੰਖੇਪ ਭੂਮਿਕਾ ਤੱਕ ਹੀ ਸੀਮਤ ਰਖਾਂਗਾ, ਜਿਸ ਤੋਂ ਪਿਛੋਂ ਸਾਥੀ ਮੇਰਿੰਗ, ਜੋ ਸਾਡੇ ਕਮਿਸ਼ਨ ਦੇ ਸੱਕਤਰ ਸਨ, ਉਹਨਾਂ ਤਬਦੀਲੀਆਂ ਦਾ ਵਿਸਥਾਰ-ਸਹਿਤ ਵੇਰਵਾ ਦੇਣਗੇ ਜਿਹੜੀਆਂ ਅਸੀਂ ਪ੍ਰਸਤਾਵਾਂ ਵਿਚ ਕੀਤੀਆਂ ਹਨ। ਉਹਨਾਂ ਤੋਂ ਪਿਛੋਂ ਸਾਥੀ ਰਾਏ ਬੋਲਣਗੇ ਜਿਨ੍ਹਾਂ ਨੇ ਪੂਰਕ ਪ੍ਰਸਤਾਵ ਤਿਆਰ ਕੀਤੇ ਹਨ। ਸਾਡੇ ਕਮਿਸ਼ਨ ਨੇ ਮੁਢਲੇ ਪ੍ਰਸਤਾਵਾਂ ਨੂੰ ਵੀ, ਤਰਮੀਮ ਤੋਂ ਪਿਛੋਂ, ਅਤੇ ਪੂਰਕ ਪ੍ਰਸਤਾਵਾਂ ਨੂੰ ਵੀ, ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ। ਇਸ ਤਰ੍ਹਾਂ ਅਸੀਂ ਸਾਰੇ ਮੁਖ ਸਵਾਲਾਂ ਉਤੇ ਪੂਰਨ ਸਹਿਮਤੀ ਤੱਕ ਪੁੱਜ ਗਏ ਹਾਂ। ਹੁਣ ਮੈਂ ਕੁਝ ਸੰਖੇਪ ਟਿਪਣੀਆਂ ਕਰਾਂਗਾ।

ਪਹਿਲੀ ਗੱਲ, ਸਾਡੇ ਪ੍ਰਸਤਾਵਾਂ ਪਿੱਛੇ ਕੰਮ ਕਰਦਾ, ਸਭ ਤੋਂ ਮੁਖ ਵਿਚਾਰ ਕੀ ਹੈ? ਦੱਬੀਆਂ ਹੋਈਆਂ ਤੇ ਦਬਾਉਣ ਵਾਲੀਆਂ ਕੌਮਾਂ ਵਿਚਕਾਰ ਨਖੇੜ! ਤੇ ਦੂਜੀ ਇੰਟਰਨੈਸ਼ਨਲ ਤੇ ਬੁਰਜੂਆ ਜਮਹੂਰੀਅਤ ਤੋਂ ਉਲਟ, ਅਸੀਂ ਇਸ ਨਖੇੜ ਉਤੇ ਜ਼ੋਰ ਦੇਂਦੇ ਹਾਂ। ਸਾਮਰਾਜ ਦੇ ਇਸ ਯੁਗ ਵਿਚ, ਪ੍ਰੋਲਤਾਰੀ ਲਈ ਅਤੇ ਕਮਿਊਨਿਸਟ ਇੰਟਰਨੈਸ਼ਨਲ ਲਈ ਇਹ ਖ਼ਾਸ ਤੌਰ ਉਤੇ ਮਹੱਤਵਪੂਰਨ ਹੈ ਕਿ ਉਹ ਠੋਸ ਆਰਥਕ ਤੱਥਾਂ ਨੂੰ ਸਥਾਪਤ ਕਰਨ ਅਤੇ ਸਾਰੇ ਬਸਤੀਆਂ ਦੇ ਅਤੇ ਕੌਮੀ ਸਵਾਲਾਂ ਨੂੰ ਹਲ ਕਰਨ ਲਈ ਠੋਸ ਹਕੀਕਤਾਂ ਤੋਂ ਟੁਰਨ, ਨਾ ਕਿ ਭਾਵਵਾਚਕ ਮਨੌਤਾਂ ਤੋਂ।

ਸਾਮਰਾਜ ਦਾ ਵਿਲੱਖਣ ਲੱਛਣ ਦੁਨੀਆਂ ਦੀ, ਜਿਵੇਂ ਕਿ ਹੁਣ ਅਸੀਂ ਵੇਖਦੇ ਹਾਂ, ਬਹੁਤ ਸਾਰੀਆਂ ਦਬਾਈਆਂ ਹੋਈਆਂ ਕੌਮਾਂ ਅਤੇ ਨਿਗੂਣੀ ਗਿਣਤੀ ਵਿਚ ਦਬਾਉਣ ਵਾਲੀਆਂ ਕੌਮਾਂ ਵਿਚ ਵੰਡ ਹੈ, ਜਿਨ੍ਹਾਂ ਕੋਲ ਬੇਬਹਾ ਧਨ ਤੇ ਸ਼ਕਤੀਸ਼ਾਲੀ ਹਥਿਆਰਬੰਦ ਫ਼ੌਜਾਂ ਹਨ। ਦੁਨੀਆਂ ਦੀ ਵੱਸੋਂ ਦੀ ਭਾਰੀ ਬਹੁ-ਗਿਣਤੀ, ਇਕ ਸੌ ਕਰੋੜ ਤੋਂ ਵਧ, ਸਗੋਂ ਸੰਭਵ ਹੈ ੧੨੫ ਕਰੋੜ ਹੀ ਹੋਵੇ—ਜੇ ਅਸੀਂ ਦੁਨੀਆਂ ਦੀ ਕੁੱਲ ਵੱਸੋਂ ੧੭੫ ਕਰੋੜ ਮੰਨ ਲਈਏ ਤਾਂ—ਜਾਂ ਦੁਨੀਆਂ ਦੀ ਵਸੋਂ ਦਾ ਲਗਭਗ ੭੦ ਫੀ ਸਦੀ, ਦਬਾਈਆਂ ਹੋਈਆਂ ਕੌਮਾਂ ਹਨ, ਜਿਹੜੀਆਂ ਜਾਂ ਤਾਂ ਸਿਧੀ

ਬਸਤੀਵਾਦੀ ਅਧੀਨਗੀ ਦੀ ਅਵਸਥਾ ਵਿਚ ਹਨ, ਜਾਂ ਅਰਧ-ਬਸਤੀਆਂ ਦੀ ਪ੍ਰਤਿਨਿਧਤਾ ਕਰਦੀਆਂ ਹਨ, ਜਿਵੇਂ ਕਿ, ਉਦਾਹਰਣ ਵਜੋਂ, ਈਰਾਨ, ਤੁਰਕੀ ਤੇ ਚੀਨ, ਜਾਂ ਕਿਸੇ ਵੱਡੀ ਸਾਮਰਾਜੀ ਤਾਕਤ ਦੇ ਹੱਥੋਂ ਹਾਰ ਖਾਣ ਪਿਛੋਂ ਅਮਨ ਸੰਧੀਆਂ ਸਦਕਾ ਉਸ ਤਾਕਤ ਦੇ ਕਾਫ਼ੀ ਹੱਦ ਤੱਕ ਅਧੀਨ ਬਣਾ ਦਿਤੀਆਂ ਗਈਆਂ ਹਨ। ਇਹ ਨਖੇੜ, ਕੌਮਾਂ ਦੀ ਦਬਾਉਣ ਵਾਲੀਆਂ ਤੇ ਦਬਾਈਆਂ ਹੋਈਆਂ ਵਿਚ ਵੰਡ ਦਾ ਵਿਚਾਰ, ਸਾਡੇ ਸਾਰੇ ਪ੍ਰਸਤਾਵਾਂ ਵਿਚ ਮਿਲਦਾ ਹੈ, ਨਾ ਸਿਰਫ਼ ਪਹਿਲੇ ਪ੍ਰਸਤਾਵਾਂ ਵਿਚ ਹੀ ਜਿਹੜੇ ਪਹਿਲਾਂ ਮੇਰੇ ਦਸਖ਼ਤਾਂ ਹੇਠ ਛਪੇ ਸਨ, ਸਗੋਂ ਸਾਥੀ ਰਾਏ ਵਲੋਂ ਪੇਸ਼ ਕੀਤੇ ਪ੍ਰਸਤਾਵਾਂ ਵਿਚ ਵੀ। ਸਾਥੀ ਰਾਏ ਦੇ ਪ੍ਰਸਤਾਵ ਮੁਖ ਤੌਰ ਉਤੇ ਭਾਰਤ, ਅਤੇ ਬਰਤਾਨੀਆ ਵਲੋਂ ਦਬਾਏ ਹੋਏ ਹੋਰ ਵੱਡੇ ਏਸ਼ੀਆਈ ਦੇਸਾਂ ਦੇ ਦ੍ਰਿਸ਼ਟੀਕੋਣ ਤੋਂ ਬਣਾਏ ਗਏ ਹਨ। ਇਹ ਗੱਲ ਹੈ ਜਿਹੜੀ ਇਹਨਾਂ ਨੂੰ ਇੰਨੇ ਕੀਮਤੀ ਬਣਾਉਂਦੀ ਹੈ।

ਸਾਡੇ ਪ੍ਰਸਤਾਵਾਂ ਦਾ ਦੂਜਾ ਬੁਨਿਆਦੀ ਵਿਚਾਰ ਇਹ ਹੈ ਕਿ ਮੌਜੂਦਾ ਸੰਸਾਰ ਅਵਸਥਾ ਵਿਚ, ਸਾਮਰਾਜੀ ਜੰਗ ਤੋਂ ਪਿਛੋਂ, ਕੌਮਾਂਤਰੀ ਸੰਬੰਧ, ਰਾਜਾਂ ਦਾ ਕੁੱਲ ਸੰਸਾਰ ਪ੍ਰਬੰਧ, ਸੋਵੀਅਤ ਲਹਿਰ ਤੇ ਸੋਵੀਅਤ ਰਾਜਾਂ ਦੇ ਖ਼ਿਲਾਫ਼, ਜਿਨ੍ਹਾਂ ਦੀ ਅਗਵਾਈ ਸੋਵੀਅਤ ਰੂਸ ਕਰ ਰਿਹਾ ਹੈ, ਸਾਮਰਾਜੀ ਕੌਮਾਂ ਦੇ ਨਿੱਕੇ ਜਿਹੇ ਟੋਲੇ ਦੇ ਘੋਲ ਵਲੋਂ ਨਿਸ਼ਚਿਤ ਹੁੰਦੇ ਹਨ। ਜਿੰਨਾਂ ਚਿਰ ਅਸੀਂ ਇਹ ਧਿਆਨ ਵਿਚ ਨਾ ਰੱਖੀਏ, ਅਸੀਂ ਕੌਮੀ ਅਤੇ ਬਸਤੀਆਂ ਦੇ ਇਕ ਵੀ ਸਵਾਲ ਨੂੰ ਠੀਕ ਤਰ੍ਹਾਂ ਪੇਸ਼ ਕਰਨ ਦੇ ਯੋਗ ਨਹੀਂ ਹੋ ਸਕਾਂਗੇ, ਭਾਵੇਂ ਇਸਦਾ ਸੰਬੰਧ ਦੁਨੀਆਂ ਦੇ ਕਿਸੇ ਦੂਰ ਦੁਰਾਡੇ ਦੇ ਹਿੱਸੇ ਨਾਲ ਵੀ ਕਿਉਂ ਨਾ ਹੋਵੇ। ਕਮਿਊਨਿਸਟ ਪਾਰਟੀਆਂ, ਸਭਯ ਅਤੇ ਪੱਛੜੇ ਦੇਸਾਂ ਵਿਚ ਇਕੋ ਜਿੰਨੀਆਂ ਹੀ, ਰਾਜਸੀ ਸਵਾਲਾਂ ਨੂੰ ਠੀਕ ਤਰ੍ਹਾਂ ਨਾਲ ਪੇਸ਼ ਤੇ ਹਲ ਤਾਂ ਹੀ ਕਰ ਸਕਦੀਆਂ ਹਨ ਜੇ ਉਹ ਇਸ ਗੱਲ ਨੂੰ ਆਰੰਭਕ ਨੁਕਤਾ ਬਨਾਉਣ।

ਤੀਜੀ ਗੱਲ, ਮੈਂ ਪੱਛੜੇ ਦੇਸਾਂ ਵਿਚ ਬੁਰਜੂਆ-ਜਮਹੂਰੀ ਲਹਿਰ ਦੇ ਸਵਾਲ ਉਤੇ ਖ਼ਾਸ ਤੌਰ ਤੇ ਜ਼ੋਰ ਦੇਣਾ ਪਸੰਦ ਕਰਾਂਗਾ। ਇਹੀ ਸਵਾਲ ਸੀ ਜਿਸ ਨੇ ਕੁਝ ਮਤਭੇਦ ਪੈਦਾ ਕੀਤੇ। ਅਸੀਂ ਇਸ ਗੱਲ ਉਤੇ ਵਿਚਾਰ ਕੀਤੀ ਕਿ, ਅਸੂਲ ਵਿਚ ਅਤੇ ਸਿਧਾਂਤ ਵਿਚ, ਇਹ ਕਹਿਣਾ ਠੀਕ ਹੋਵੇਗਾ ਜਾਂ ਨਹੀਂ ਕਿ ਕਮਿਊਨਿਸਟ ਇੰਟਰਨੈਸ਼ਨਲ ਨੂੰ ਅਤੇ ਕਮਿਊਨਿਸਟ ਪਾਰਟੀਆਂ ਨੂੰ ਪੱਛੜੇ ਦੇਸਾਂ ਦੀ ਬੁਰਜੂਆ-ਜਮਹੂਰੀ ਲਹਿਰ ਦੀ ਹਮਾਇਤ ਕਰਨੀ ਚਾਹੀਦੀ ਹੈ। ਸਾਡੀ ਬਹਿਸ ਦੇ ਸਿੱਟੇ ਵਜੋਂ, ਅਸੀਂ ਸਰਬ-ਸੰਮਤੀ ਨਾਲ ਇਸ ਫ਼ੈਸਲੇ ਤੱਕ ਪੁੱਜੇ ਕਿ "ਬੁਰਜੂਆ-ਜਮਹੂਰੀ" ਲਹਿਰ ਦੀ ਥਾਂ ਕੌਮੀ-ਇਨਕਲਾਬੀ ਲਹਿਰ ਦੀ ਗੱਲ ਕੀਤੀ ਜਾਏ। ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੋ ਸਕਦਾ ਕਿ ਹਰ ਕੌਮੀ ਲਹਿਰ ਸਿਰਫ਼ ਬੁਰਜੂਆ-ਜਮਹੂਰੀ ਲਹਿਰ ਹੀ ਹੋ ਸਕਦੀ

ਹੈ, ਕਿਉਂਕਿ ਪੱਛੜੇ ਦੇਸਾਂ ਵਿਚ ਵੱਸੋਂ ਦੀ ਭਾਰੀ ਬਹੁ-ਗਿਣਤੀ ਉਹਨਾਂ ਕਿਸਾਨਾਂ ਦੀ ਹੁੰਦੀ ਹੈ ਜਿਹੜੇ ਬੁਰਜੂਆ-ਸਰਮਾਇਦਾਰ ਸੰਬੰਧ ਪੇਸ਼ ਕਰਦੇ ਹਨ। ਇਹ ਵਿਸ਼ਵਾਸ ਕਰਨਾ ਯੂਟੋਪੀਆਈ ਹੋਵੇਗਾ ਕਿ ਪ੍ਰੋਲਤਾਰੀ ਪਾਰਟੀਆਂ, ਜੇ ਉਹ ਸਚਮੁਚ ਇਹਨਾਂ ਪੱਛੜੇ ਦੇਸਾਂ ਵਿਚ ਪੈਦਾ ਹੋ ਸਕਦੀਆਂ ਹਨ ਤਾਂ, ਕਿਸਾਨ ਲਹਿਰ ਨਾਲ ਨਿਸ਼ਚਿਤ ਸੰਬੰਧ ਕਾਇਮ ਕਰਨ ਤੋਂ ਬਿਨਾਂ ਅਤੇ ਇਸਨੂੰ ਕਾਰਗਰ ਸਹਾਇਤਾ ਦੇਣ ਤੋਂ ਬਿਨਾਂ ਕਮਿਊਨਿਸਟ ਦਾਅ-ਪੇਚਾਂ ਤੇ ਕਮਿਊਨਿਸਟ ਨੀਤੀ ਉਤੇ ਚਲ ਸਕਦੀਆਂ ਹਨ। ਪਰ ਇਹ ਇਤਰਾਜ਼ ਉਠਾਇਆ ਗਿਆ ਕਿ ਜੇ ਅਸੀਂ ਬੁਰਜੂਆ-ਜਮਹੂਰੀ ਲਹਿਰ ਦੀ ਗੱਲ ਕਰਦੇ ਹਾਂ, ਤਾਂ ਅਸੀਂ ਸੁਧਾਰਵਾਦੀ ਤੇ ਇਨਕਲਾਬੀ ਲਹਿਰ ਵਿਚਕਾਰ ਸਾਰੇ ਫ਼ਰਕ ਨੂੰ ਮਿਟਾ ਰਹੇ ਹੋਵਾਂਗੇ। ਤਾਂ ਵੀ ਇਹ ਫ਼ਰਕ ਪੱਛੜੇ ਤੇ ਬਸਤੀਆਂ ਬਣੇ ਦੇਸਾਂ ਵਿਚ ਪਿਛਲੇ ਕੁਝ ਸਮੇਂ ਵਿਚ ਬੜੀ ਸਪਸ਼ਟ ਤਰ੍ਹਾਂ ਨਾਲ ਪ੍ਰਗਟ ਹੋਇਆ ਹੈ, ਕਿਉਂਕਿ ਸਾਮਰਾਜੀ ਬੁਰਜੂਆਜ਼ੀ ਦਬਾਈਆਂ ਹੋਈਆਂ ਕੌਮਾਂ ਵਿਚ ਵੀ ਸੁਧਾਰਵਾਦੀ ਲਹਿਰ ਦਾ ਬੀਜ ਬੀਜਣ ਲਈ ਜੋ ਕੁਝ ਕਰ ਸਕਦੀ ਹੈ, ਕਰ ਰਹੀ ਹੈ। ਲੁੱਟ-ਖਸੁੱਟ ਕਰਦੇ ਦੇਸਾਂ ਦੀ ਤੇ ਬਸਤੀਆਂ ਬਣੇ ਦੇਸਾਂ ਦੀ ਬੁਰਜੂਆਜ਼ੀ ਵਿਚਕਾਰ ਕੁਝ ਸਹਿਮਤੀ ਹੋਈ ਹੋਈ ਹੈ, ਕਿ ਅਕਸਰ ਹੀ—ਸ਼ਾਇਦ ਵਧੇਰੇ ਸੂਰਤਾਂ ਵਿਚ—ਭਾਵੇਂ ਦਬਾਏ ਦੇਸਾਂ ਦੀ ਬੁਰਜੂਆਜ਼ੀ ਕੌਮੀ ਲਹਿਰ ਦੀ ਹਮਾਇਤ ਕਰਦੀ ਹੈ, ਇਹ ਸਾਮਰਾਜੀ ਬੁਰਜੂਆਜ਼ੀ ਨਾਲ ਸਾਜ਼-ਬਾਜ਼ ਕਰਕੇ ਚਲ ਰਹੀ ਹੈ, ਭਾਵ, ਸਾਰੀਆਂ ਇਨਕਲਾਬੀ ਲਹਿਰਾਂ ਤੇ ਇਨਕਲਾਬੀ ਜਮਾਤਾਂ ਦੇ ਖ਼ਿਲਾਫ਼ ਇਸ ਨਾਲ ਤਾਕਤਾਂ ਸਾਂਝੀਆਂ ਕਰਦੀ ਹੈ। ਕਮਿਸ਼ਨ ਵਿਚ ਇਸ ਗੱਲ ਨੂੰ ਅ-ਰੱਦ ਤੌਰ ਉਤੇ ਦਰਸਾਇਆ ਗਿਆ, ਅਤੇ ਅਸੀਂ ਫ਼ੈਸਲਾ ਕੀਤਾ ਕਿ ਇਕੋ-ਇਕ ਠੀਕ ਗੱਲ ਇਸ ਫ਼ਰਕ ਨੂੰ ਧਿਆਨ ਵਿਚ ਰੱਖਣਾ ਅਤੇ ਲਗਭਗ ਸਭ ਥਾਵਾਂ ਉਤੇ ਅਸੀਂ ਸੰਕੇਤ-ਸ਼ਬਦ "ਬੁਰਜੂਆ-ਜਮਹੂਰੀ" ਦੀ ਥਾਂ "ਕੌਮੀ-ਇਨਕਲਾਬੀ" ਨੂੰ ਦੇਣਾ ਹੈ। ਇਸ ਤਬਦੀਲੀ ਦੀ ਮਹੱਤਤਾ ਇਹ ਹੈ ਕਿ ਸਾਨੂੰ, ਕਮਿਊਨਿਸਟਾਂ ਵਜੋਂ, ਬਸਤੀਆਂ ਦੀਆਂ ਬੁਰਜੂਆ ਆਜ਼ਾਦੀ ਦੀਆਂ ਲਹਿਰਾਂ ਦੀ ਹਮਾਇਤ ਸਿਰਫ਼ ਉਦੋਂ ਹੀ ਕਰਨੀ ਚਾਹੀਦੀ ਹੈ, ਅਤੇ ਅਸੀਂ ਕਰਾਂਗੇ, ਜਦੋਂ ਉਹ ਸਚਮੁਚ ਇਨਕਲਾਬੀ ਹੋਣਗੀਆਂ, ਤੇ ਜਦੋਂ ਉਹਨਾਂ ਦੇ ਸਮਰਥਕ ਕਿਸਾਨੀ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਵਿਸ਼ਾਲ ਸਮੂਹਾਂ ਨੂੰ ਇਨਕਲਾਬੀ ਭਾਵਨਾ ਵਿਚ ਵਿਦਿਆ ਦੇਣ ਤੇ ਜਥੇਬੰਦ ਕਰਨ ਦੇ ਸਾਡੇ ਕੰਮ ਵਿਚ ਰੁਕਾਵਟ ਨਹੀਂ ਪਾਉਂਦੇ। ਜੇ ਇਹ ਹਾਲਤਾਂ ਮੌਜੂਦ ਨਹੀਂ, ਤਾਂ ਇਹਨਾਂ ਦੇਸਾਂ ਦੇ ਕਮਿਊਨਿਸਟਾਂ ਨੂੰ ਸੁਧਾਰਵਾਦੀ ਬੁਰਜੂਆਜ਼ੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿਚ ਦੂਜੀ ਇੰਟਰਨੈਸ਼ਨਲ ਦੇ ਯੋਧੇ ਵੀ ਸ਼ਾਮਲ ਹਨ। ਬਸਤੀਆਂ ਬਣੇ ਦੇਸਾਂ ਵਿਚ ਸੁਧਾਰਵਾਦੀ ਪਾਰਟੀਆਂ ਪਹਿਲਾਂ ਹੀ ਮੌਜੂਦ ਹਨ, ਅਤੇ ਕੁਝ ਹਾਲਤਾਂ ਵਿਚ ਉਹਨਾਂ ਦੇ ਪ੍ਰਤਿਨਿਧ ਆਪਣੇ ਆਪ ਨੂੰ ਸੋਸ਼ਲ-ਡੈਮੋਕਰੈਟ ਤੇ ਸੋਸ਼ਲਿਸਟ ਕਹਿੰਦੇ

ਹਨ। ਜਿਸ ਨਖੇੜ ਦਾ ਮੈਂ ਹਵਾਲਾ ਦਿਤਾ ਹੈ, ਉਹ ਸਾਡੇ ਸਾਰੇ ਪ੍ਰਸਤਾਵਾਂ ਵਿਚ ਕੀਤਾ ਗਿਆ ਹੈ, ਜਿਸਦੇ ਸਿੱਟੇ ਵਜੋਂ, ਮੇਰਾ ਖ਼ਿਆਲ ਹੈ ਕਿ ਸਾਡੇ ਵਿਚਾਰ ਹੁਣ ਕਿਤੇ ਜ਼ਿਆਦਾ ਸੁਧਤਾਈ ਨਾਲ ਸੂਤ੍ਰਤ ਹੋ ਗਏ ਹਨ।

ਇਸ ਤੋਂ ਪਿਛੋਂ, ਮੈਂ ਕਿਸਾਨ ਸੋਵੀਅਤਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਭੂਤ-ਪੂਰਵ ਜ਼ਾਰਸ਼ਾਹੀ ਬਸਤੀਆਂ ਵਿਚ, ਤੁਰਕਿਸਤਾਨ, ਆਦਿ ਜਿਹੇ ਪੱਛੜੇ ਦੇਸਾਂ ਵਿਚ ਰੂਸੀ ਕਮਿਊਨਿਸਟਾਂ ਦੀ ਸਰਗਰਮੀ ਨੇ ਸਾਡੇ ਸਾਮ੍ਹਣੇ ਇਹ ਸਵਾਲ ਲਿਆਂਦਾ ਕਿ ਪੂਰਵ-ਸਰਮਾਇਦਾਰਾਨਾ ਹਾਲਤਾਂ ਵਿਚ ਕਮਿਊਨਿਸਟ ਦਾਅ-ਪੇਚਾਂ ਤੇ ਨੀਤੀ ਨੂੰ ਕਿਵੇਂ ਲਾਗੂ ਕੀਤਾ ਜਾਏ। ਕਿਉਂਕਿ ਇਹਨਾਂ ਦੇਸਾਂ ਵਿਚ ਨਿਸ਼ਚਿਤ ਕਰਨ ਵਾਲਾ ਮੁੱਖ ਲੱਛਣ ਪੂਰਵ-ਸਰਮਾਇਦਾਰਾਨਾ ਸੰਬੰਧਾਂ ਦਾ ਪਰਧਾਨ ਹੋਣਾ ਹੈ, ਅਤੇ ਇਸ ਲਈ ਨਿਰੋਲ ਪ੍ਰੋਲਤਾਰੀ ਲਹਿਰ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ। ਇਹਨਾਂ ਦੇਸਾਂ ਵਿਚ ਸਨਅਤੀ ਪ੍ਰੋਲਤਾਰੀ ਲਗਭਗ ਹਨ ਹੀ ਨਹੀਂ। ਪਰ, ਇਸਦੇ ਬਾਵਜੂਦ ਉਥੇ ਵੀ ਅਸੀਂ ਆਗੂ ਦਾ ਰੋਲ ਹੱਥ ਲਿਆ ਹੈ ਤੇ ਸਾਨੂੰ ਲੈਣਾ ਚਾਹੀਦਾ ਹੈ। ਤਜਰਬੇ ਨੇ ਦਰਸਾਇਆ ਕਿ ਉਹਨਾਂ ਦੇਸਾਂ ਵਿਚ ਸਾਨੂੰ ਅਥਾਹ ਮੁਸ਼ਕਲਾਂ ਨੂੰ ਹਲ ਕਰਨਾ ਪੈਂਦਾ ਹੈ। ਪਰ ਪ੍ਰਾਪਤ ਕੀਤੇ ਗਏ ਅਮਲੀ ਸਿੱਟੇ ਇਸ ਗੱਲ ਦਾ ਸਬੂਤ ਹਨ ਕਿ ਇਹਨਾਂ ਮੁਸ਼ਕਲਾਂ ਦੇ ਬਾਵਜੂਦ ਅਸੀਂ ਉਥੇ ਵੀ ਜਿਥੇ ਲਗਭਗ ਕੋਈ ਪ੍ਰੋਲਤਾਰੀ ਨਹੀਂ, ਜਨਤਾ ਵਿਚ ਸਵੈਧੀਨ ਰਾਜਸੀ ਚਿੰਤਨ ਤੇ ਸਵੈਧੀਨ ਰਾਜਸੀ ਕਾਰਜ ਲਈ ਪ੍ਰੇਰਨਾ ਭਰਨ ਦੀ ਪੁਜ਼ੀਸ਼ਨ ਵਿਚ ਹਾਂ। ਸਾਡੇ ਲਈ ਇਹ ਕੰਮ ਵਧੇਰੇ ਉਸ ਨਾਲੋਂ ਮੁਸ਼ਕਲ ਸੀ ਜਿੰਨਾਂ ਪੱਛਮੀ ਯੂਰਪੀ ਦੇਸਾਂ ਦੇ ਸਾਥੀਆਂ ਲਈ ਹੋਵੇਗਾ, ਕਿਉਂਕਿ ਰੂਸ ਦੇ ਪ੍ਰੋਲਤਾਰੀ ਉਤੇ ਰਾਜ-ਪ੍ਰਬੰਧ ਦਾ ਕੰਮ ਛਾਇਆ ਹੋਇਆ ਹੈ। ਤੇ ਇਹ ਗੱਲ ਬਿਲਕੁਲ ਸਮਝ ਆਉਂਦੀ ਹੈ ਕਿ ਅਰਧ-ਸਾਮੰਤੀ ਅਧੀਨਗੀ ਵਿਚ ਰਹਿੰਦੇ ਕਿਸਾਨ ਸੋਵੀਅਤ ਸੰਗਠਨ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਸਲਾਹ ਸਕਦੇ ਹਨ ਅਤੇ ਇਸ ਅਮਲੀ ਜਾਮਾ ਪਹਿਨਾ ਸਕਦੇ ਹਨ। ਇਹ ਵੀ ਸਪਸ਼ਟ ਹੈ ਕਿ ਦਬਾਈ ਹੋਈ ਜਨਤਾ, ਜਿਸਨੂੰ ਸਿਰਫ਼ ਵਪਾਰੀ ਸਰਮਾਇਆ ਹੀ ਨਹੀਂ ਸਗੋਂ ਸਾਮੰਤੀ ਸ਼ਾਹ ਵੀ ਲੁੱਟ ਰਹੇ ਹਨ, ਅਤੇ ਸਾਮੰਤਸ਼ਾਹੀ ਉਤੇ ਆਧਾਰਤ ਰਾਜ ਵੀ ਲੁੱਟ ਰਿਹਾ ਹੈ, ਖ਼ੁਦ ਆਪਣੀਆਂ ਹਾਲਤਾਂ ਵਿਚ ਵੀ ਇਸ ਹਥਿਆਰ ਨੂੰ, ਇਸ ਢੰਗ ਦੇ ਸੰਗਠਨ ਨੂੰ ਵਰਤ ਸਕਦੀ ਹੈ। ਸੋਵੀਅਤ ਸੰਗਠਨ ਦਾ ਵਿਚਾਰ ਸਾਦਾ ਹੈ, ਤੇ ਸਿਰਫ਼ ਪ੍ਰੋਲਤਾਰੀ ਉਤੇ ਹੀ ਨਹੀਂ ਸਗੋਂ ਕਿਸਾਨ ਸਾਮੰਤੀ ਅਤੇ ਅਰਧ-ਸਾਮੰਤੀ ਸੰਬੰਧਾਂ ਉਤੇ ਵੀ ਲਾਗੂ ਹੋ ਸਕਦਾ ਹੈ। ਇਸ ਸੰਬੰਧ ਵਿਚ ਸਾਡਾ ਤਜਰਬਾ ਅਜੇ ਬਹੁਤ ਜ਼ਿਆਦਾ ਨਹੀਂ, ਪਰ ਕਮਿਸ਼ਨ ਵਿਚ ਹੋਈ ਬਹਿਸ ਨੇ, ਜਿਸ ਵਿਚ ਬਸਤੀਆਂ ਤੋਂ ਆਏ ਕਈ ਪ੍ਰਤਿਨਿਧਾਂ ਨੇ ਵੀ ਹਿੱਸਾ ਲਿਆ, ਮਨਾਉਣੇ ਢੰਗ ਨਾਲ ਦਰਸਾ ਦਿਤਾ ਕਿ ਕਮਿਊਨਿਸਟ ਇੰਟਰਨੈਸ਼ਨਲ ਦੇ ਪ੍ਰਸਤਾਵਾਂ ਨੂੰ ਇਸ ਗੱਲ ਦਾ ਹਵਾਲਾ ਦੇਣਾ ਚਾਹੀਦਾ ਹੈ ਕਿ ਕਿਸਾਨ ਸੋਵੀਅਤਾਂ,

ਲੁੱਟੇ-ਪੁੱਟੇ ਜਾਂਦੇ ਲੋਕਾਂ ਦੀਆਂ ਸੋਵੀਅਤਾਂ, ਅਜਿਹਾ ਹਥਿਆਰ ਹਨ ਜਿਸਨੂੰ ਨਾ ਸਿਰਫ਼ ਸਰਮਾਇਦਾਰ ਦੇਸਾਂ ਵਿਚ ਸਗੋਂ ਪੂਰਵ-ਸਰਮਾਇਦਾਰਾਨਾ ਸੰਬੰਧਾਂ ਵਾਲੇ ਦੇਸਾਂ ਵਿਚ ਵੀ ਵਰਤਿਆ ਜਾ ਸਕਦਾ ਹੈ, ਅਤੇ ਕਮਿਊਨਿਸਟ ਪਾਰਟੀਆਂ ਦਾ, ਅਤੇ ਉਹਨਾਂ ਅੰਸ਼ਾਂ ਦਾ ਜਿਹੜੇ ਕਮਿਊਨਿਸਟ ਪਾਰਟੀਆਂ ਬਣਾਉਣ ਲਈ ਤਿਆਰ ਹਨ, ਪੱਕਾ ਫ਼ਰਜ਼ ਬਣਦਾ ਹੈ ਕਿ ਉਹ ਹਰ ਥਾਂ, ਸਮੇਤ ਪੱਛੜੇ ਦੇਸਾਂ ਅਤੇ ਬਸਤੀਆਂ ਦੇ, ਕਿਸਾਨ ਸੋਵੀਅਤਾਂ, ਜਾਂ ਮਜ਼ਦੂਰ ਸੋਵੀਅਤਾਂ ਦੇ ਹੱਕ ਵਿਚ ਪ੍ਰਾਪੇਗੰਡਾ ਕਰਨ। ਜਿਥੇ ਕਿਤੇ ਵੀ ਹਾਲਾਤ ਆਗਿਆ ਦੇਣ, ਉਹਨਾਂ ਨੂੰ ਮਜ਼ਦੂਰ ਲੋਕਾਂ ਦੀਆਂ ਸੋਵੀਅਤਾਂ ਕਾਇਮ ਕਰਨ ਲਈ ਤੁਰਤ ਯਤਨ ਕਰਨੇ ਚਾਹੀਦੇ ਹਨ।

ਇਸ ਨਾਲ ਅਮਲੀ ਸਰਗਰਮੀ ਲਈ ਬਹੁਤ ਦਿਲਚਸਪ ਅਤੇ ਬਹੁਤ ਮਹੱਤਵਪੂਰਨ ਖੇਤਰ ਖੁਲ੍ਹ ਜਾਂਦਾ ਹੈ। ਅਜੇ ਤੱਕ ਇਸ ਖੇਤਰ ਵਿਚ ਸਾਡਾ ਸਾਂਝਾ ਤਜਰਬਾ ਬਹੁਤਾ ਜ਼ਿਆਦਾ ਨਹੀਂ, ਪਰ ਹੌਲੀ ਹੌਲੀ ਹੋਰ ਜਾਣਕਾਰੀ ਇਕੱਠੀ ਹੁੰਦੀ ਜਾਏਗੀ। ਇਸਤੋਂ ਛੁੱਟ ਹੋਰ ਕੋਈ ਸਵਾਲ ਹੀ ਨਹੀਂ ਹੋ ਸੱਕਦਾ ਕਿ ਉੱਨਤ ਦੇਸਾਂ ਦੇ ਪ੍ਰੋਲਤਾਰੀ ਪੱਛੜੇ ਦੇਸਾਂ ਦੀ ਮਿਹਨਤਕਸ਼ ਜਨਤਾ ਦੀ ਸਹਾਇਤਾ ਕਰ ਸਕਦੇ ਹਨ ਤੇ ਕਰਨੀ ਚਾਹੀਦੀ ਹੈ, ਤੇ ਪੱਛੜੇ ਦੇਸ ਵਿਕਾਸ ਕਰ ਸਕਦੇ ਹਨ ਤੇ ਆਪਣੀ ਮੌਜੂਦਾ ਅਵਸਥਾ ਵਿਚੋਂ ਨਿਕਲ ਸਕਦੇ ਹਨ ਜਦੋਂ ਸੋਵੀਅਤ ਗਣ-ਰਾਜਾਂ ਦੇ ਜੇਤੂ ਪ੍ਰੋਲਤਾਰੀ ਨੇ ਇਹਨਾਂ ਲੋਕਾਂ ਵੱਲ ਸਹਾਇਤਾ ਦਾ ਹੱਥ ਵਧਾਇਆ ਤੇ ਉਹਨਾਂ ਨੂੰ ਸਹਾਇਤਾ ਦੇਣ ਦੀ ਅਵਸਥਾ ਵਿਚ ਹੋਇਆ।

ਕਮਿਸ਼ਨ ਵਿਚ ਇਸ ਸਵਾਲ ਉਤੇ ਕਾਫ਼ੀ ਗਰਮਾ-ਗਰਮ ਬਹਿਸ ਹੋਈ, ਅਤੇ ਸਿਰਫ਼ ਮੇਰੇ ਪ੍ਰਸਤਾਵਾਂ ਦੇ ਸੰਬੰਧ ਵਿਚ ਹੀ ਨਹੀਂ, ਸਗੋਂ ਸਾਥੀ ਰਾਏ ਦੇ ਪ੍ਰਸਤਾਵਾਂ ਦੇ ਸੰਬੰਧ ਵਿਚ ਹੋਰ ਵੀ ਜ਼ਿਆਦਾ, ਜਿਨ੍ਹਾਂ ਦੀ ਪੁਸ਼ਟੀ ਉਹ ਇਥੇ ਖ਼ੁਦ ਕਰਣਗੇ ਅਤੇ ਜਿਨ੍ਹਾਂ ਵਿਚ ਕੁਝ ਤਰਮੀਮਾਂ ਸਰਬ-ਸੰਮਤੀ ਨਾਲ ਪ੍ਰਵਾਨ ਕੀਤੀਆਂ ਗਈਆਂ ਸਨ।

ਇਹ ਹੈ ਜਿਸ ਤਰ੍ਹਾਂ ਨਾਲ ਸਵਾਲ ਪੇਸ਼ ਕੀਤਾ ਗਿਆ ਹੈ। ਕੀ ਇਹ ਠੀਕ ਹੈ ਕਿ ਉਹਨਾਂ ਪੱਛੜੀਆਂ ਕੌਮਾਂ ਲਈ, ਜਿਹੜੀਆਂ ਹੁਣ ਆਪਣੇ ਆਪ ਨੂੰ ਆਜ਼ਾਦ ਕਰਵਾ ਰਹੀਆਂ ਹਨ ਤੇ ਜਿਨ੍ਹਾਂ ਵਿਚ ਜੰਗ ਤੋਂ ਪਿਛੋਂ ਕੁਝ ਤਰੱਕੀ ਵੇਖੀ ਜਾ ਸਕਦੀ ਹੈ, ਆਰਥਕ ਵਿਕਾਸ ਦਾ ਸਰਮਾਇਦਾਰਾਨਾ ਪੜਾਅ ਅਟੱਲ ਹੈ? ਅਸੀਂ ਨਾਂਹ ਵਿਚ ਜਵਾਬ ਦਿਤਾ। ਜੇ ਜੇਤੂ ਇਨਕਲਾਬੀ ਪ੍ਰੋਲਤਾਰੀ ਉਹਨਾਂ ਵਿਚ ਬਾਕਾਇਦਾ ਪ੍ਰਚਾਰ ਕਰਨ, ਜਦੋਂ ਕਿ ਸੋਵੀਅਤ ਸਰਕਾਰਾਂ ਕੋਲ ਜੋ ਵੀ ਸਾਧਨ ਹਨ, ਉਹਨਾਂ ਨਾਲ ਉਹਨਾਂ ਦੀ ਸਹਾਇਤਾ ਕਰਨ — ਤਾਂ ਉਸ ਹਾਲਤ ਵਿਚ, ਇਹ ਫ਼ਰਜ਼ ਕਰਨਾ ਗ਼ਲਤ ਹੋਵੇਗਾ ਕਿ ਪੱਛੜੀਆਂ ਕੌਮੀਅਤਾਂ ਲਈ ਵਿਕਾਸ ਦਾ ਸਰਮਾਇਦਾਰਾਨਾ ਪੜਾਅ ਅਟੱਲ ਹੈ। ਸਾਰੀਆਂ ਬਸਤੀਆਂ ਤੇ ਪੱਛੜੇ ਹੋਏ ਦੇਸਾਂ ਵਿਚ, ਸਾਨੂੰ ਨਾ ਸਿਰਫ਼

ਘੁਲਾਟੀਆਂ ਦੇ ਆਜ਼ਾਦ ਦਸਤੇ ਅਤੇ ਪਾਰਟੀ ਜਥੇਬੰਦੀਆਂ ਹੀ ਬਣਾਉਣੀਆਂ ਚਾਹੀਦੀਆਂ ਹਨ; ਨਾ ਸਿਰਫ਼ ਕਿਸਾਨ ਸੋਵੀਅਤਾਂ ਦੇ ਸੰਗਠਨ ਲਈ ਤੁਰਤ ਪ੍ਰਚਾਰ ਸ਼ੁਰੂ ਕਰ ਦੇਣਾ ਚਾਹੀਦਾ ਹੈ ਤੇ ਉਹਨਾਂ ਨੂੰ ਪੂਰਵ-ਸਰਮਾਇਦਾਰਾਨਾ ਹਾਲਤਾਂ ਦੇ ਅਨੁਕੂਲ ਢਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਸਗੋਂ ਕਮਿਊਨਿਸਟ ਇੰਟਰਨੈਸ਼ਨਲ ਨੂੰ ਇਹ ਤਜਵੀਜ਼ ਪੇਸ਼ ਕਰਨੀ ਚਾਹੀਦੀ ਹੈ ਅਤੇ ਇਸਦੀ ਸਿਧਾਂਤਕ ਤੌਰ ਉਤੇ ਵਿਆਖਿਆ ਕਰਨੀ ਚਾਹੀਦੀ ਹੈ ਕਿ ਇਹ ਪੱਛੜੇ ਦੇਸ, ਉੱਨਤ ਦੇਸਾਂ ਦੇ ਪ੍ਰੋਲਤਾਰੀ ਦੀ ਸਹਾਇਤਾ ਨਾਲ, ਸਰਮਾਇਦਾਰਾਨਾ ਪੜਾਅ ਵਿਚੋਂ ਲੰਘੇ ਬਿਨਾਂ ਹੀ ਸੋਵੀਅਤ ਪ੍ਰਬੰਧ ਵੱਲ ਅਤੇ, ਵਿਕਾਸ ਦੇ ਨਿਸ਼ਚਿਤ ਪੜਾਵਾਂ ਰਾਹੀਂ, ਕਮਿਊਨਿਜ਼ਮ ਵੱਲ ਜਾ ਸਕਦੇ ਹਨ।

ਇਸ ਲਈ ਲੋੜੀਂਦੇ ਸਾਧਨਾਂ ਵੱਲ ਅਗਾਊਂ ਹੀ ਸੰਕੇਤ ਨਹੀਂ ਕੀਤਾ ਜਾ ਸਕਦਾ। ਅਮਲੀ ਤਜਰਬਾ ਉਹਨਾਂ ਦੀ ਤਜਵੀਜ਼ ਦੇਵੇਗਾ। ਪਰ ਇਹ ਨਿਸ਼ਚਿਤ ਤੌਰ ਉਤੇ ਸਥਾਪਤ ਕਰ ਲਿਆ ਗਿਆ ਹੈ ਕਿ ਬਹੁਤ ਦੂਰ-ਦੁਰਾਡੇ ਦੀਆਂ ਕੌਮਾਂ ਦੇ ਮਜ਼ਦੂਰ ਲੋਕਾਂ ਦੇ ਸਮੂਹਾਂ ਵਲੋਂ ਵੀ ਸੋਵੀਅਤਾਂ ਦੇ ਵਿਚਾਰ ਨੂੰ ਸਮਝਿਆ ਜਾਂਦਾ ਹੈ, ਕਿ ਸੋਵੀਅਤਾਂ ਨੂੰ ਪੂਰਵ-ਸਰਮਾਇਦਾਰਾਨਾ ਸਮਾਜਕ ਪ੍ਰਬੰਧ ਦੀਆਂ ਹਾਲਤਾਂ ਅਨੁਸਾਰ ਢਾਲਿਆ ਜਾਣਾ ਚਾਹੀਦਾ ਹੈ, ਅਤੇ ਕਮਿਊਨਿਸਟ ਪਾਰਟੀਆਂ ਨੂੰ ਤੁਰਤ, ਅਤੇ ਦੁਨੀਆਂ ਦੇ ਸਭ ਹਿੱਸਿਆਂ ਵਿਚ, ਇਸ ਪਾਸੇ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਮੈਂ ਕਮਿਊਨਿਸਟ ਪਾਰਟੀਆਂ ਦੇ ਨਾ ਸਿਰਫ਼ ਆਪਣੇ ਦੇਸਾਂ ਵਿਚ, ਸਗੋਂ ਬਸਤੀਆਂ ਵਿਚ ਵੀ ਇਨਕਲਾਬੀ ਕੰਮ ਦੀ, ਤੇ ਖ਼ਾਸ ਕਰਕੇ ਉਹਨਾਂ ਫ਼ੌਜਾਂ ਵਿਚ ਕੰਮ ਦੀ ਮਹੱਤਤਾ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਫ਼ੌਜਾਂ ਨੂੰ ਲੁੱਟ-ਖਸੁੱਟ ਕਰਨ ਵਾਲੀਆਂ ਕੌਮਾਂ ਬਸਤੀਆਂ ਦੇ ਲੋਕਾਂ ਨੂੰ ਅਧੀਨਗੀ ਵਿਚ ਰੱਖਣ ਲਈ ਵਰਤਦੀਆਂ ਹਨ।

ਸਾਡੇ ਕਮਿਸ਼ਨ ਵਿਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਸਾਥੀ ਕਵੇਲਚ ਨੇ ਇਸ ਬਾਰੇ ਗੱਲ ਕੀਤੀ। ਉਹਨਾਂ ਨੇ ਕਿਹਾ ਕਿ ਆਮ ਅੰਗਰੇਜ਼ ਮਜ਼ਦੂਰ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਗ਼ੁਲਾਮ ਕੌਮਾਂ ਦੀ ਬਗ਼ਾਵਤ ਵਿਚ ਸਹਾਇਤਾ ਕਰਨ ਨੂੰ ਗ਼ੱਦਾਰੀ ਸਮਝੇਗਾ। ਠੀਕ ਹੈ, ਬਰਤਾਨੀਆ ਤੇ ਅਮਰੀਕਾ ਦੇ ਜਿੰਗੋਵਾਦੀ[189] ਤੇ ਅੰਧਰਾਸ਼ਟਰਵਾਦੀ ਖ਼ਿਆਲਾਂ ਵਾਲੇ ਕਿਰਤੀ ਰਈਸ ਸੋਸ਼ਲਿਜ਼ਮ ਲਈ ਬਹੁਤ ਵੱਡਾ ਖ਼ਤਰਾ ਅਤੇ ਦੂਜੀ ਇੰਟਰਨੈਸ਼ਨਲ ਦਾ ਬਹੁਤ ਤਕੜਾ ਥੰਮ੍ਹ ਹਨ। ਇਥੇ ਸਾਡੇ ਵਿਚਾਰ ਅਨੁਸਾਰ ਇਸ ਬੁਰਜੂਆ ਇੰਟਰਨੈਸ਼ਨਲ ਨਾਲ ਸੰਬੰਧਤ ਆਗੂਆਂ ਅਤੇ ਮਜ਼ਦੂਰਾਂ ਦੀ ਸਭ ਤੋਂ ਵੱਡੀ ਗ਼ੱਦਾਰੀ ਹੈ। ਦੂਜੀ ਇੰਟਰਨੈਸ਼ਨਲ ਵਿਚ ਵੀ ਬਸਤੀਆਂ ਦੇ ਸਵਾਲ ਉੱਪਰ ਬਹਿਸ ਹੋਈ ਸੀ। ਬਾਸਲ ਮੈਨੀਫ਼ੈਸਟੋ[190] ਇਸ ਨੁਕਤੇ ਉਤੇ ਵੀ ਬਿਲਕੁਲ

ਸਪਸ਼ਟ ਹੈ। ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਨੇ ਇਨਕਲਾਬੀ ਕੰਮ ਦੀ ਸਹੁੰ ਚੁੱਕੀ ਸੀ, ਪਰ ਉਹਨਾਂ ਨੇ ਸੱਚੇ ਇਨਕਲਾਬੀ ਕੰਮ ਦੀ ਜਾਂ ਜਾਬਰ ਕੌਮਾਂ ਦੇ ਖ਼ਿਲਾਫ਼ ਬਗ਼ਾਵਤ ਵਿਚ ਲੁੱਟੀਆਂ-ਪੁੱਟੀਆਂ ਜਾਂਦੀਆਂ ਤੇ ਅਧੀਨ ਕੌਮਾਂ ਦੀ ਸਹਾਇਤਾ ਕਰਨ ਦੀ ਕੋਈ ਨਿਸ਼ਾਨੀ ਨਹੀਂ ਵਿਖਾਈ। ਅਤੇ ਇਹ ਗੱਲ, ਮੇਰਾ ਖ਼ਿਆਲ ਹੈ, ਉਹਨਾਂ ਬਹੁਤੀਆਂ ਪਾਰਟੀਆਂ ਉਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੇ ਦੂਜੀ ਇੰਟਰਨੈਸ਼ਨਲ ਵਿਚੋਂ ਆਪਣੇ ਆਪ ਨੂੰ ਕੱਢ ਲਿਆ ਹੈ ਤੇ ਤੀਜੀ ਇੰਟਰਨੈਸ਼ਨਲ ਵਿਚ ਸ਼ਾਮਲ ਹੋਣਾ ਚਾਹੁੰਦੀਆਂ ਹਨ। ਇਸ ਗੱਲ ਦਾ ਸਾਨੂੰ ਖੁਲ੍ਹਾ ਐਲਾਨ ਕਰਨਾ ਚਾਹੀਦਾ ਹੈ, ਜਿਸਨੂੰ ਸਾਰੇ ਸੁਣ ਲੈਣ, ਤੇ ਇਸਨੂੰ ਝੁਠਲਾਇਆ ਨਹੀਂ ਜਾ ਸਕਦਾ। ਜੇ ਕਿਸੇ ਨੇ ਇਸਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਉਸ ਨਾਲ ਨਿਬੜ ਲਵਾਂਗੇ।

ਇਹ ਸਾਰੇ ਵਿਚਾਰ ਸਾਡੇ ਪ੍ਰਸਤਾਵਾਂ ਦਾ ਆਧਾਰ ਬਣਾਏ ਗਏ ਸਨ, ਜਿਹੜੇ ਬੇਸ਼ਕ ਬਹੁਤ ਲੰਮੇ ਹਨ, ਪਰ ਜਿਹੜੇ, ਮੈਨੂੰ ਯਕੀਨ ਹੈ, ਤਾਂ ਵੀ ਕੀਮਤੀ ਸਾਬਤ ਹੋਣਗੇ ਤੇ ਬਸਤੀਆਂ ਤੇ ਕੌਮੀ ਸਵਾਲਾਂ ਦੇ ਸੰਬੰਧ ਵਿਚ ਸੱਚੇ ਇਨਕਲਾਬੀ ਕੰਮ ਦੇ ਵਿਕਾਸ ਤੇ ਸੰਗਠਨ ਵਿਚ ਸਹਾਇਤਾ ਕਰਣਗੇ। ਅਤੇ ਇਹ ਸਾਡਾ ਮੁਖ ਕਾਰਜ ਹੈ।

ਸੰਗ੍ਰਹਿਤ ਕਿਰਤਾਂ,
ਸੈਂਚੀ ੪੧,
ਪੰਨੇ ੨੪੧-੨੪੭

# ੧੫ ਅਕਤੂਬਰ, ੧੯੨੦ ਨੂੰ ਮਾਸਕੋ ਗੁਬੇਰਨੀਆ ਦੀਆਂ ਊਯੇਜ਼ਦ, ਵੋਲੋਸਤ ਅਤੇ ਪੇਂਡੂ ਕਾਰਜ-ਕਰਨੀ ਕਮੇਟੀਆਂ ਦੇ ਪ੍ਰਧਾਨਾਂ ਦੀ ਕਾਨਫਰੰਸ ਵਿਚ ਕੀਤੀ ਤਕਰੀਰ

## ਵਿਚੋਂ

ਲਾਲ ਫ਼ੌਜ ਨੇ ਸਿਧ ਕਰ ਦਿਤਾ ਕਿ ਵਰਸੇਲਜ਼ ਦੀ ਸੰਧੀ[191] ਇੰਨੀਂ ਜ਼ਿਆਦਾ ਸਥਿਰ ਨਹੀਂ ਸੀ। ਵਰਸੇਲਜ਼ ਦੀ ਸੰਧੀ ਤੋਂ ਪਿਛੋਂ ਸਾਡੀ ਫ਼ੌਜ ਨੇ ਦਰਸਾਇਆ ਕਿ ੧੯੨੦ ਦੀਆਂ ਗਰਮੀਆਂ ਵਿਚ, ਸੋਵੀਅਤ ਭੂਮੀ, ਭਾਵੇਂ ਤਬਾਹ ਹੋਈ ਹੋਈ ਸੀ, ਲਾਲ ਫ਼ੌਜ ਸਦਕਾ ਪੂਰਨ ਜਿੱਤ ਦੇ ਕੰਢੇ ਉਤੇ ਸੀ। ਦੁਨੀਆਂ ਨੇ ਵੇਖਿਆ ਕਿ ਅਜਿਹੀਆਂ ਤਾਕਤਾਂ ਮੌਜੂਦ ਹਨ ਜਿਨ੍ਹਾਂ ਲਈ ਵਰਸੇਲਜ਼ ਦੀ ਸੰਧੀ ਕੋਈ ਦਹਿਸ਼ਤ ਨਹੀਂ, ਅਤੇ ਇਕ ਵਾਰ ਜਦੋਂ ਮਜ਼ਦੂਰਾਂ ਅਤੇ ਕਿਸਾਨਾਂ ਨੇ ਭੂਮੀਪਤੀਆਂ ਅਤੇ ਸਰਮਾਇਦਾਰਾਂ ਨਾਲ ਨਜਿੱਠਣਾ ਸਿਖ ਲਿਆ ਹੋਵੇ ਤਾਂ ਕੋਈ ਵਰਸੇਲਜ਼ ਸੰਧੀਆਂ ਉਹਨਾਂ ਦੀ ਸੱਤਾ ਨੂੰ ਅਧੀਨ ਨਹੀਂ ਕਰ ਸਕਦੀਆਂ।

ਇਉਂ, ਵਰਸੇਲਜ਼ ਦੇ ਅਮਨ ਦੇ ਖ਼ਿਲਾਫ਼ ਮੁਹਿੰਮ, ਹਰ ਦੇਸ ਦੇ ਸਾਰੇ ਸਰਮਾਇਦਾਰਾਂ ਅਤੇ ਭੂਮੀਪਤੀਆਂ ਦੇ ਖ਼ਿਲਾਫ਼ ਅਤੇ ਦੂਜੇ ਦੇਸਾਂ ਉਤੇ ਉਹਨਾਂ ਦੇ ਜਬਰ ਦੇ ਖ਼ਿਲਾਫ਼ ਮੁਹਿੰਮ, ਵਿਅਰਥ ਨਹੀਂ ਰਹੀ। ਸਾਰੇ ਦੇਸਾਂ ਦੇ ਲੱਖਾਂ, ਕਰੋੜਾਂ ਮਜ਼ਦੂਰ ਅਤੇ ਕਿਸਾਨ ਇਸਨੂੰ ਵੇਖਦੇ ਰਹੇ ਹਨ ਅਤੇ ਇਸ ਬਾਰੇ ਸੋਚਦੇ ਰਹੇ ਹਨ, ਅਤੇ ਹੁਣ ਉਹ ਸੋਵੀਅਤ ਗਣ-ਰਾਜ ਵੱਲ ਆਪਣੇ ਮੁਕਤੀਦਾਤੇ ਵਜੋਂ ਵੇਖਦੇ ਹਨ। ਉਹ ਕਹਿੰਦੇ ਹਨ: ਲਾਲ ਫ਼ੌਜ ਨੇ ਦਿਖਾ ਦਿਤਾ ਹੈ ਕਿ ਇਹ ਮੁੱਕੇ ਦਾ ਜਵਾਬ ਮੁੱਕੇ ਨਾਲ ਦੇ ਸਕਦੀ ਹੈ, ਭਾਵੇਂ ਇਹ ਆਪਣੀ ਸ਼ਾਂਤਮਈ ਉਸਾਰੀ ਦੇ ਪਹਿਲੇ ਵਰ੍ਹੇ ਵਿਚ, ਜਾਂ ਤੁਸੀਂ ਕਹਿ ਸਕਦੇ ਹੋ, ਪਹਿਲੇ ਮਹੀਨੇ ਵਿਚ ਜਿੱਤਣ ਲਈ ਕਾਫ਼ੀ ਤਕੜੀ ਨਹੀਂ ਸੀ। ਪਰ ਸ਼ਾਂਤਮਈ ਉਸਾਰੀ ਦੇ ਉਸ ਪਹਿਲੇ ਮਹੀਨੇ ਪਿਛੋਂ ਕਈ ਵਰ੍ਹੇ ਆਉਣਗੇ ਅਤੇ ਹਰ ਲੰਘਦੇ ਵਰ੍ਹੇ ਨਾਲ ਇਸਦੀ ਤਾਕਤ ਦੱਸ ਗੁਣਾ ਵਧਦੀ ਜਾਏਗੀ। ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਵਰਸੇਲਜ਼ ਦਾ ਅਮਨ ਸਰਬ-ਸ਼ਕਤੀਮਾਨ ਸਾਮਰਾਜੀਆਂ ਵਿਚੋਂ ਇਕ ਸੀ, ਪਰ ੧੯੨੦ ਦੀਆਂ ਗਰਮੀਆਂ ਤੋਂ ਪਿਛੋਂ ਇਹ ਸਪਸ਼ਟ ਹੋ ਗਿਆ ਕਿ ਉਹ ਕਮਜ਼ੋਰ ਦੇਸ ਦੇ ਮਜ਼ਦੂਰਾਂ ਅਤੇ ਕਿਸਾਨਾਂ ਨਾਲੋਂ ਵੀ, ਜਿਹੜੇ ਆਪਣੀਆਂ ਸ਼ਕਤੀਆਂ ਇਕਮੁਠ ਕਰਨਾ ਅਤੇ ਸਰਮਾਇਦਾਰਾਂ ਦਾ

ਮੂੰਹ-ਭੰਨਣਾ ਜਾਣਦੇ ਹਨ, ਕਮਜ਼ੋਰ ਹਨ। ੧੯੨੦ ਦੀਆਂ ਗਰਮੀਆਂ ਵਿਚ ਸੋਵੀਅਤ ਰੂਸ ਨੇ ਆਪਣੇ ਆਪ ਨੂੰ ਅਜਿਹੀ ਤਾਕਤ ਵਜੋਂ ਸਾਮ੍ਹਣੇ ਲਿਆਂਦਾ ਜਿਸਨੇ ਨਾ ਸਿਰਫ਼ ਆਪਣੇ ਆਪ ਦੀ ਹਮਲੇ ਤੋਂ, ਪੋਲਿਸ਼ ਸਫ਼ੇਦ-ਗਾਰਦਾਂ ਦੇ ਹੱਲੇ ਤੋਂ ਰਾਖੀ ਕੀਤੀ ਸਗੋਂ ਜਿਹੜੀ ਅਸਲ ਵਿਚ ਅਜਿਹੀ ਸੰਸਾਰ ਤਾਕਤ ਸਿਧ ਹੋਈ ਜਿਹੜੀ ਵਰਸੇਲਜ਼ ਸੰਧੀ ਨੂੰ ਚਿਕਨਾਚੂਰ ਕਰਨ ਦੇ ਅਤੇ ਦੁਨੀਆਂ ਦੇ ਬਹੁਤੇ ਦੇਸਾਂ ਦੇ ਕਰੋੜਾਂ ਲੋਕਾਂ ਨੂੰ ਆਜ਼ਾਦ ਕਰਾਉਣ ਦੇ ਸਮੱਰਥ ਹੈ। ਇਹਨਾਂ ਗਰਮੀਆਂ ਦੀ ਲਾਲ ਫ਼ੌਜ ਦੀ ਮੁਹਿੰਮ ਦੀ ਇਹ ਮਹੱਤਤਾ ਹੈ। ਇਹੀ ਕਾਰਨ ਹੈ ਕਿ ਇਸ ਜੰਗ ਦੇ ਦੌਰਾਨ ਬਰਤਾਨੀਆ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨਾਲ ਸਾਰੀ ਬਰਤਾਨਵੀ ਨੀਤੀ ਵਿਚ ਮੋੜ ਆ ਗਿਆ। ਜਦੋਂ ਅਸੀਂ ਆਪਣੀਆਂ ਫ਼ੌਜਾਂ ਰੋਕਣ ਤੋਂ ਇਨਕਾਰ ਕੀਤਾ ਤਾ ਬਰਤਾਨੀਆ ਨੇ ਪੀਤਰੋਗਰਾਦ ਉਤੇ ਆਪਣਾ ਬੇੜਾ ਚੜ੍ਹਾ ਦੇਣ ਦਾ ਡਰਾਵਾ ਦਿਤਾ। ਪੀਤਰੋਗਰਾਦ ਉਤੇ ਹਮਲਾ ਕਰਨ ਦਾ ਹੁਕਮ ਦਿਤਾ ਗਿਆ। ਇਸ ਗੱਲ ਦਾ ਬਰਤਾਨਵੀ ਪਰਧਾਨ-ਮੰਤਰੀ ਨੇ ਸਾਥੀ ਕਾਮੇਨੇਵ ਕੋਲ ਐਲਾਨ ਕੀਤਾ ਸੀ, ਅਤੇ ਸਾਰੇ ਦੇਸਾਂ ਨੂੰ ਦਸ ਦਿਤਾ ਗਿਆ ਸੀ। ਪਰ ਇਹ ਤਾਰ ਭੇਜੇ ਜਾਣ ਤੋਂ ਅਗਲੇ ਦਿਨ ਸਾਰੇ ਬਰਤਾਨੀਆ ਵਿਚ ਵਿਸ਼ਾਲ ਜਲਸੇ ਹੋਏ, "ਕਾਰਵਾਈ ਲਈ ਕੌਂਸਲਾਂ"[192] ਪੁੰਗਰ ਆਈਆਂ। ਮਜ਼ਦੂਰ ਇਕਮੁਠ ਹੋ ਗਏ। ਸਾਰੇ ਬਰਤਾਨਵੀ ਮੈਨਸ਼ਵਿਕਾਂ ਨੂੰ, ਜਿਹੜੇ ਰੂਸੀ ਮਾਰਕੇ ਦੇ ਮੈਨਸ਼ਵਿਕਾਂ ਨਾਲੋਂ ਵੀ ਵਧੇਰੇ ਨੀਚ ਹਨ, ਅਤੇ ਸਰਮਾਇਦਾਰਾਂ ਦੀ ਕਿਤੇ ਜ਼ਿਆਦਾ ਤਤਪਰਤਾ ਨਾਲ ਚਾਪਲੂਸੀ ਕਰਦੇ ਹਨ— ਉਹਨਾਂ ਨੂੰ ਵੀ ਸ਼ਾਮਲ ਹੋਣਾ ਪਿਆ ਕਿਉਂਕਿ ਮਜ਼ਦੂਰ ਇਸਦੀ ਮੰਗ ਕਰ ਰਹੇ ਸਨ, ਕਿਉਂਕਿ ਬਰਤਾਨਵੀ ਮਜ਼ਦੂਰ ਕਹਿੰਦੇ ਸਨ ਕਿ ਉਹ ਰੂਸ ਦੇ ਖ਼ਿਲਾਫ਼ ਜੰਗ ਬਰਦਾਸ਼ਤ ਨਹੀਂ ਕਰਨਗੇ। ਬਰਤਾਨੀਆ ਭਰ ਵਿਚ "ਕਾਰਵਾਈ ਲਈ ਕੌਂਸਲਾਂ" ਕਾਇਮ ਕਰ ਦਿਤੀਆਂ ਗਈਆਂ, ਬਰਤਾਨਵੀ ਸਾਮਰਾਜੀਆਂ ਦੇ ਜੰਗੀ ਮਨਸੂਬੇ ਨਾਕਾਮ ਕਰ ਦਿਤੇ ਗਏ ਅਤੇ ਇਕ ਵਾਰ ਫਿਰ ਇਹ ਸਿਧ ਹੋਇਆ ਕਿ ਸਭ ਦੇਸਾਂ ਦੇ ਸਾਮਰਾਜੀਆਂ ਦੇ ਖ਼ਿਲਾਫ਼ ਆਪਣੀ ਜੰਗ ਵਿਚ, ਸੋਵੀਅਤ ਰੂਸ ਦੇ ਉਹਨਾਂ ਵਿਚੋਂ ਹਰ ਇਕ ਵਿਚ ਇਤਿਹਾਦੀ ਹਨ। ਜਦੋਂ ਅਸੀਂ, ਬਾਲਸ਼ਵਿਕਾਂ ਨੇ ਕਿਹਾ ਸੀ: "ਅਸੀਂ ਰੂਸ ਦੇ ਭੂਮੀਪਤੀਆਂ ਅਤੇ ਸਰਮਾਇਦਾਰਾਂ ਦੇ ਖ਼ਿਲਾਫ਼ ਆਪਣੀ ਬਗ਼ਾਵਤ ਵਿਚ ਇਕੱਲੇ ਨਹੀਂ, ਕਿਉਂਕਿ ਹਰ ਦੇਸ ਵਿਚ ਸਾਡੇ ਇਤਿਹਾਦੀ ਹਨ—ਮਜ਼ਦੂਰ ਅਤੇ ਕਿਸਾਨ; ਨਾਲੇ, ਉਹ ਇਤਿਹਾਦੀ ਬਹੁਤੇ ਦੇਸਾਂ ਵਿਚ ਮਿਲਦੇ ਹਨ," ਤਾਂ ਸਾਡਾ ਠੱਠਾ ਉਡਾਇਆ ਗਿਆ ਸੀ ਅਤੇ ਸਾਨੂੰ ਪੁਛਿਆ ਗਿਆ ਸੀ: "ਇਹ ਮਜ਼ਦੂਰ ਲੋਕ ਕਿਥੇ ਹਨ?"। ਹਾਂ, ਠੀਕ ਹੈ ਕਿ ਪੱਛਮੀ ਯੂਰਪ ਵਿਚ, ਜਿਥੇ ਸਰਮਾਇਦਾਰ ਕਿਤੇ ਜ਼ਿਆਦਾ ਮਜ਼ਬੂਤ ਹਨ ਅਤੇ ਬਸਤੀਆਂ ਵਿਚ ਲੱਖਾਂ ਲੋਕਾਂ ਦੀ ਖੱਲ ਲਾਹ ਕੇ ਜਿਊਂਦੇ ਹਨ, ਬਗ਼ਾਵਤ ਲਈ ਉਠ ਖੜੋਣਾ ਕਿਤੇ ਜ਼ਿਆਦਾ ਮੁਸ਼ਕਲ ਹੈ। ਉਥੇ

ਮਜ਼ਦੂਰ ਜਮਾਤ ਇਨਕਲਾਬ ਬੇਹਦ ਜ਼ਿਆਦਾ ਹੌਲੀ ਹੌਲੀ ਵਿਕਾਸ ਕਰ ਰਿਹਾ ਹੈ। ਤਾਂ ਵੀ, ਇਹ ਵਿਕਾਸ ਕਰ ਰਿਹਾ ਹੈ। ਜਦੋਂ ਜੁਲਾਈ ੧੯੨੦ ਵਿਚ, ਬਰਤਾਨੀਆ ਨੇ ਰੂਸ ਨੂੰ ਜੰਗ ਦਾ ਡਰਾਵਾ ਦਿਤਾ, ਤਾਂ ਬਰਤਾਨਵੀ ਮਜ਼ਦੂਰਾਂ ਨੇ ਉਸ ਜੰਗ ਨੂੰ ਵਾਪਰਣ ਤੋਂ ਰੋਕਿਆ। ਬਰਤਾਨਵੀ ਮੈਨਸ਼ਵਿਕ ਬਰਤਾਨਵੀ ਬਾਲਸ਼ਵਿਕਾਂ ਦੇ ਮਗਰ ਲਗੇ। ਉਹਨਾਂ ਨੂੰ ਅਜਿਹਾ ਕਰਨਾ ਪਿਆ ਅਤੇ ਵਿਧਾਨ ਦੇ ਖ਼ਿਲਾਫ਼, ਕਾਨੂੰਨ ਦੇ ਖ਼ਿਲਾਫ਼ ਨਿੱਤਰਨਾ ਪਿਆ, ਇਹ ਐਲਾਨ ਕਰਕੇ ਕਿ ਉਹ ਜੰਗ ਬਰਦਾਸ਼ਤ ਨਹੀਂ ਕਰਨਗੇ। ਅਤੇ ਜੇ ਭਲਕ ਨੂੰ ਜੰਗ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਉਹ ਹੜਤਾਲ ਦਾ ਨਾਅਰਾ ਦੇਣਗੇ ਅਤੇ ਬਰਤਾਨੀਆ ਨੂੰ, ਅਤੇ ਨਾਲ ਹੀ ਫ਼ਰਾਂਸ ਨੂੰ ਵੀ, ਕੋਈ ਕੋਲਾ ਨਹੀਂ ਦੇਣਗੇ। ਬਰਤਾਨਵੀ ਮਜ਼ਦੂਰਾਂ ਨੇ ਐਲਾਨ ਕਰ ਦਿਤਾ ਕਿ ਉਹ ਬਦੇਸ ਨੀਤੀ ਨੂੰ ਨਿਸ਼ਚਿਤ ਕਰਨਾ ਚਾਹੁੰਦੇ ਹਨ; ਉਹ ਇਸਨੂੰ ਉਸੇ ਢੰਗ ਨਾਲ ਸੋਧ ਦੇ ਰਹੇ ਹਨ, ਜਿਸ ਤਰ੍ਹਾਂ ਰੂਸ ਵਿਚਲੇ ਬਾਲਸ਼ਵਿਕ, ਨਾ ਕਿ ਦੂਜੇ ਦੇਸਾਂ ਵਿਚਲੇ ਸਰਮਾਇਦਾਰਾਂ ਵਾਂਗ।

ਇਹ ਉਸ ਗੱਲ ਦੀ ਇਕ ਉਦਾਹਰਣ ਹੈ, ਜਿਹੜੀ ਪੋਲਿਸ਼ ਜੰਗ ਨੇ ਸਾਮ੍ਹਣੇ ਲਿਆਂਦੀ ਹੈ। ਇਹੀ ਕਾਰਨ ਹੈ ਕਿ ਅਸੀਂ ਛੇ ਮਹੀਨਿਆਂ ਦੇ ਵਿਚ ਵਿਚ ਜੇਤੂ ਹੋ ਕੇ ਨਿਕਲੇ ਹਾਂ। ਇਹੀ ਕਾਰਨ ਹੈ ਕਿ ਤਬਾਹ ਹੋਇਆ ਹੋਇਆ, ਕਮਜ਼ੋਰ ਅਤੇ ਪੱਛੜਿਆ ਹੋਇਆ ਸੋਵੀਅਤ ਰੂਸ ਆਪਣੇ ਨਾਲੋਂ ਬੇਹੱਦ ਜ਼ਿਆਦਾ ਸ਼ਕਤੀਸ਼ਾਲੀ ਰਾਜਾਂ ਦੇ ਗਠਜੋੜ ਨੂੰ ਹਰਾ ਰਿਹਾ ਹੈ। ਇਸਦਾ ਕਾਰਨ ਇਹ ਹੈ ਕਿ ਉਹਨਾਂ ਕੋਲ ਦੇਸ ਵਿਚ ਤਾਕਤ ਦੀ ਘਾਟ ਹੈ ਅਤੇ ਮਜ਼ਦੂਰ, ਅਤੇ ਆਮ ਕਰਕੇ ਕਾਮੇ ਲੋਕ, ਉਹਨਾਂ ਦੇ ਖ਼ਿਲਾਫ਼ ਹਨ। ਇਹ ਹਰ ਸੰਕਟ ਵਿਚ ਪ੍ਰਤੱਖ ਹੁੰਦਾ ਹੈ। ਇਹ ਪ੍ਰਤੱਖ ਹੈ ਕਿਉਂਕਿ ਉਹ ਡਾਕੂ ਹਨ ਜਿਹੜੇ ਇਕ ਦੂਜੇ ਉਤੇ ਹਮਲਾ ਕਰਦੇ ਹਨ ਅਤੇ ਸਾਡੇ ਖ਼ਿਲਾਫ਼ ਇਕਮੁਠ ਨਹੀਂ ਹੋ ਸਕਦੇ; ਕਿਉਂਕਿ, ਅੰਤਮ ਵਿਸ਼ਲੇਸ਼ਨ ਵਿਚ, ਨਿੱਜੀ ਜਾਇਦਾਦ ਲੋਕਾਂ ਨੂੰ ਵੰਡਦੀ ਅਤੇ ਵਹਿਸ਼ੀ ਬਣਾਉਂਦੀ ਹੈ ਜਦ ਕਿ ਕਿਰਤ ਉਹਨਾਂ ਨੂੰ ਇਕਮੁਠ ਕਰਦੀ ਹੈ। ਕਿਰਤ ਨੇ ਸਿਰਫ਼ ਰੂਸ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਹੀ ਇਕਮੁਠ ਨਹੀਂ ਕੀਤਾ, ਇਸਨੇ ਉਹਨਾਂ ਨੂੰ ਸਾਰੇ ਦੇਸਾਂ ਦੇ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਇਕਮੁਠ ਕੀਤਾ ਹੈ। ਸਿੱਟੇ ਵਜੋਂ, ਇਹਨਾਂ ਸਾਰੇ ਦੇਸਾਂ ਵਿਚ ਲੋਕ ਹੁਣ ਵੇਖ ਸਕਦੇ ਹਨ ਕਿ ਸੋਵੀਅਤ ਰੂਸ ਅਜਿਹੀ ਤਾਕਤ ਹੈ ਜਿਹੜੀ ਵਰਸੇਲਜ਼ ਦੀ ਅਮਨ ਸੰਧੀ ਨੂੰ ਚੂਰ ਚੂਰ ਕਰ ਰਹੀ ਹੈ। ਸੋਵੀਅਤ ਰੂਸ ਵਧੇਰੇ ਮਜ਼ਬੂਤ ਹੋਵੇਗਾ ਅਤੇ ਵਰਸੇਲਜ਼ ਦੀ ਸੰਧੀ ਢਹਿ-ਢੇਰੀ ਹੋਵੇਗੀ, ਜਿਵੇਂ ਇਹ ਜੁਲਾਈ ੧੯੨੦ ਵਿਚ ਲਾਲ ਫ਼ੌਜ ਦੀ ਪਹਿਲੀ ਸੱਟ ਨਾਲ ਹੀ ਲਗਭਗ ਢਹਿ-ਢੇਰੀ ਹੋ ਗਈ ਸੀ। ਇਹੀ ਕਾਰਨ ਹੈ ਕਿ ਪੋਲਿਸ਼ ਜੰਗ ਐਸੇ ਢੰਗ ਨਾਲ ਖ਼ਤਮ ਹੋਈ ਹੈ, ਜਿਸ ਤਰ੍ਹਾਂ ਕਿਸੇ ਵੀ ਸਾਮਰਾਜੀ ਰਾਜ ਨੇ ਨਹੀਂ ਸੀ ਸੋਚਿਆ। ਇਹ ਸਾਡੇ ਲਈ ਬੇਹੱਦ ਮਹੱਤਤਾ ਵਾਲਾ ਸਬਕ ਹੈ,

ਕਿਉਂਕਿ ਇਹ ਕੌਮਾਂਤਰੀ ਰਾਜਨੀਤੀ ਵਿਚ ਹਿੱਸਾ ਲੈਂਦੇ ਸਾਰੇ ਦੇਸਾਂ ਦੀ ਉਦਾਹਰਣ ਅਤੇ ਵਤੀਰੇ ਤੋਂ ਦਰਸਾਉਂਦਾ ਹੈ ਕਿ ਸਾਡਾ ਉਦੇਸ਼ ਤਕੜਾ ਹੈ; ਕਿ ਭਾਵੇਂ ਰੂਸ ਉਪਰ ਹਮਲਾ ਕਰਨ ਦੇ ਕੋਈ ਵੀ ਯਤਨ ਕੀਤੇ ਜਾਣ ਅਤੇ ਸਾਡੇ ਖ਼ਿਲਾਫ਼ ਕੋਈ ਵੀ ਫ਼ੌਜੀ ਹਰਕਤਾਂ ਕੀਤੀਆਂ ਜਾਣ—ਅਤੇ ਪੂਰੀ ਸੰਭਾਵਨਾ ਹੈ ਕਿ ਕਈ ਹੋਰ ਕੀਤੀਆਂ ਜਾਣਗੀਆਂ—ਇਹ ਸਾਰੇ ਯਤਨ ਨਾਕਾਮ ਸਿਧ ਹੋਣਗੇ ਜਿਵੇਂ ਕਿ ਅਸੀਂ ਆਪਣੇ ਹਕੀਕੀ ਤਜਰਬੇ ਤੋਂ ਜਾਣਦੇ ਹਾਂ ਜਿਸਨੇ ਸਾਨੂੰ ਪਾਣ ਚਾੜ੍ਹਿਆ ਹੈ। ਸਾਡੇ ਦੁਸ਼ਮਣਾਂ ਵਲੋਂ ਹਰ ਅਜਿਹੇ ਯਤਨ ਤੋਂ ਪਿਛੋਂ, ਅਸੀਂ ਪਹਿਲਾਂ ਨਾਲੋਂ ਵੀ ਵਧੇਰੇ ਮਜ਼ਬੂਤ ਹੋ ਕੇ ਨਿਕਲਾਂਗੇ।

ਹੁਣ ਮੈਂ ਕੌਮਾਂਤਰੀ ਰਾਜਨੀਤੀ ਵਲੋਂ, ਜਿਥੇ ਵਰਸੇਲਜ਼ ਦੀ ਅਮਨ ਸੰਧੀ ਨਾਲ ਟੱਕਰ ਨੇ ਸਾਡੀ ਤਾਕਤ ਨੂੰ ਸਿਧ ਕੀਤਾ, ਉਹਨਾਂ ਮਸਲਿਆਂ ਵੱਲ ਆਉਂਦਾ ਹਾਂ ਜਿਹੜੇ ਵਧੇਰੇ ਫ਼ੌਰੀ ਅਤੇ ਅਮਲੀ ਹਨ, ਉਸ ਅਵਸਥਾ ਵੱਲ ਜਿਹੜੀ ਵਰਸੇਲਜ਼ ਦੀ ਸੰਧੀ ਦੇ ਸੰਬੰਧ ਵਿਚ ਪੈਦਾ ਹੋ ਗਈ ਹੈ। ਮੈਂ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਦੀ, ਜਿਹੜੀ ਜੁਲਾਈ ਵਿਚ ਮਾਸਕੋ ਵਿਖੇ ਹੋਈ ਸੀ, ਜੋ ਕੁੱਲ ਦੁਨੀਆਂ ਦੇ ਕਮਿਊਨਿਸਟਾਂ ਦੀ ਕਾਂਗਰਸ ਸੀ, ਅਤੇ ਪੂਰਬ ਦੇ ਲੋਕਾਂ ਦੀ ਕਾਂਗਰਸ ਦੀ ਵੀ, ਜਿਹੜੀ ਪਿਛੋਂ ਬਾਕੂ ਵਿਚ ਹੋਈ, ਮਹੱਤਤਾ ਬਾਰੇ ਨਹੀਂ ਬੋਲਾਂਗਾ। ਇਹ ਕੌਮਾਂਤਰੀ ਕਾਂਗਰਸਾਂ ਸਨ ਜਿਨ੍ਹਾਂ ਨੇ ਕਮਿਊਨਿਸਟਾਂ ਨੂੰ ਇਕਮੁਠ ਕੀਤਾ ਅਤੇ ਵਿਖਾਇਆ ਕਿ ਸਾਰੇ ਸਭਯ ਦੇਸਾਂ ਵਿਚ ਅਤੇ ਪੂਰਬ ਦੇ ਸਾਰੇ ਪੱਛੜੇ ਦੇਸਾਂ ਵਿਚ, ਬਾਲਸ਼ਵਿਕਵਾਦ ਦਾ ਝੰਡਾ, ਬਾਲਸ਼ਵਿਕਵਾਦ ਦਾ ਪ੍ਰੋਗਰਾਮ, ਬਾਲਸ਼ਵਿਕ ਕਾਰਵਾਈ ਦੀ ਸੇਧ ਮੁਕਤੀ ਦਾ ਚਿੰਨ੍ਹ ਹਨ, ਸਾਰੇ ਸਭਯ ਦੇਸਾਂ ਦੇ ਮਜ਼ਦੂਰਾਂ ਅਤੇ ਸਾਰੇ ਪੱਛੜੇ ਬਸਤੀਆਂ ਬਣੇ ਦੇਸਾਂ ਦੇ ਕਿਸਾਨਾਂ ਲਈ ਘੋਲ ਦਾ ਚਿੰਨ੍ਹ ਹਨ। ਉਹਨਾਂ ਨੇ ਸਿਧ ਕੀਤਾ ਕਿ, ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ, ਸੋਵੀਅਤ ਰੂਸ ਨੇ ਨਾ ਸਿਰਫ਼ ਉਹਨਾਂ ਦਾ ਮੂੰਹ ਭੰਨਿਆ ਜਿਹੜੇ ਉਸਦਾ ਗਲਾ ਘੁੱਟਣ ਲਈ ਉਸ ਉਤੇ ਟੁੱਟ ਪਏ ਸਨ, ਸਗੋਂ ਸਾਰੀ ਦੁਨੀਆਂ ਦੇ ਕਾਮੇ ਲੋਕਾਂ ਦੀ ਹਮਦਰਦੀ ਜਿੱਤ ਲਈ; ਕਿ ਅਸੀਂ ਨਾ ਸਿਰਫ਼ ਆਪਣੇ ਦੁਸ਼ਮਣਾਂ ਨੂੰ ਹਾਰ ਦਿਤੀ, ਸਗੋਂ ਰੋਜ਼ ਅਤੇ ਹਰ ਲੰਘਦੇ ਘੰਟੇ ਨਵੇਂ ਇਤਿਹਾਦੀ ਜਿੱਤੇ ਅਤੇ ਅਜੇ ਵੀ ਜਿੱਤ ਰਹੇ ਹਾਂ। ਮਾਸਕੋ ਵਿਚ ਕਮਿਊਨਿਸਟਾਂ ਦੀ ਕਾਂਗਰਸ ਵਲੋਂ ਅਤੇ ਪੂਰਬ ਦੇ ਲੋਕਾਂ ਦੇ ਕਮਿਊਨਿਸਟ ਪ੍ਰਤਿਨਿਧਾਂ ਦੀ ਬਾਕੂ ਕਾਂਗਰਸ ਵਲੋਂ ਜੋ ਕੁਝ ਪ੍ਰਾਪਤ ਕੀਤਾ ਗਿਆ, ਉਸਦਾ ਮੁਲੰਗਣ ਤੁਰਤ ਨਹੀਂ ਕੀਤਾ ਜਾ ਸਕਦਾ ਜਾਂ ਉਸਦਾ ਸਿਧੀ ਤਰ੍ਹਾਂ ਹਿਸਾਬ ਨਹੀਂ ਲਾਇਆ ਜਾ ਸਕਦਾ, ਪਰ ਇਹ ਕੁਝ ਫ਼ੌਜੀ ਜਿੱਤਾਂ ਨਾਲੋਂ ਵਧੇਰੇ ਮਹੱਤਤਾ ਦੀ ਪ੍ਰਾਪਤੀ ਰਹੀ ਹੈ, ਕਿਉਂਕਿ ਇਹ ਸਾਡੇ ਲਈ ਸਿਧ ਕਰਦੀ ਹੈ ਕਿ ਬਾਲਸ਼ਵਿਕਾਂ ਦਾ ਤਜਰਬਾ, ਉਹਨਾਂ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮ, ਅਤੇ ਸਰਮਾਇਦਾਰਾਂ ਅਤੇ ਸਾਮਰਾਜੀਆਂ ਦੇ ਖ਼ਿਲਾਫ਼ ਇਨਕਲਾਬੀ

ਘੋਲ ਕਰਨ ਲਈ ਉਹਨਾਂ ਦਾ ਨਾਅਰਾ ਸੰਸਾਰ ਵਿਆਪੀ ਮਾਨਤਾ ਖੱਟ ਚੁੱਕੇ ਹਨ; ਕਿ ਜੁਲਾਈ ਵਿਚ ਮਾਸਕੋ ਵਿਚ ਅਤੇ ਸਤੰਬਰ ਵਿਚ ਬਾਕੂ ਵਿਚ ਜੋ ਕੁਝ ਪ੍ਰਾਪਤ ਕੀਤਾ ਗਿਆ ਸੀ, ਉਹ ਕਈ ਮਹੀਨਿਆਂ ਲਈ ਦੁਨੀਆਂ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੋਚਣ ਅਤੇ ਹਜ਼ਮ ਕਰਨ ਲਈ ਖ਼ੁਰਾਕ ਪ੍ਰਯਾਪਤ ਕਰੇਗਾ। ਇਹ ਉਹ ਸ਼ਕਤੀ ਹੈ ਜਿਹੜੀ, ਕਿਸੇ ਵੀ ਝਗੜੇ ਜਾਂ ਸੰਕਟ ਵਿਚ, ਸੋਵੀਅਤ ਰੂਸ ਦੇ ਹੱਕ ਵਿਚ ਨਿਤਰੇਗੀ, ਜਿਵੇਂ ਕਿ ਅਸੀਂ ਇਕ ਤੋਂ ਵਧ ਮੌਕਿਆਂ ਉਤੇ ਦੇਖਿਆ ਹੈ। ਪੋਲਿਸ਼ ਜੰਗ ਦਾ ਸੰਸਾਰ ਤਾਕਤਾਂ ਦੇ ਗਠ-ਜੋੜ ਦੇ ਦ੍ਰਿਸ਼ਟੀਕੋਣ ਤੋਂ ਬੁਨਿਆਦੀ ਸਬਕ ਇਹੋ ਜਿਹਾ ਹੈ।

ਸੰਗ੍ਰਹਿਤ ਕਿਰਤਾਂ,
ਸੈਂਚੀ ੪੧,
ਪੰਨੇ ੩੫੪-੩੫੭

# ਸਿਡਨੀ ਹਿਲਮੈਨ ਨੂੰ

੧੩ ਅਕਤੂਬਰ, ੧੯੨੧

ਸਾਥੀ ਹਿਲਮੈਨ,

ਮੈਂ ਤੁਹਾਡੀ ਸਹਾਇਤਾ ਲਈ ਤੁਹਾਡਾ ਪੂਰੇ ਦਿਲ ਨਾਲ ਧੰਨਵਾਦ ਕਰਦਾ ਹਾਂ। ਤੁਹਾਡੇ ਸਦਕਾ ਅਮਰੀਕੀ ਮਜ਼ਦੂਰਾਂ ਵਲੋਂ ਸੋਵੀਅਤ ਰੂਸ ਲਈ ਸਹਾਇਤਾ ਜਥੇਬੰਦ ਕਰਨ ਬਾਰੇ ਬੜੀ ਤੇਜ਼ੀ ਨਾਲ ਸਮਝੌਤਾ ਹੋ ਸਕਿਆ। ਖ਼ਾਸ ਕਰਕੇ ਮਹੱਤਵਪੂਰਨ ਇਹ ਤੱਥ ਹੈ ਕਿ ਇਸ ਸਹਾਇਤਾ ਨੂੰ ਜਥੇਬੰਦ ਕਰਨ ਦਾ ਪ੍ਰਬੰਧ ਉਹਨਾਂ ਮਜ਼ਦੂਰਾਂ ਦੇ ਸੰਬੰਧ ਵਿਚ ਵੀ ਕੀਤਾ ਗਿਆ ਹੈ ਜਿਹੜੇ ਕਮਿਊਨਿਸਟ **ਨਹੀਂ**। ਦੁਨੀਆਂ ਭਰ ਵਿਚ, ਅਤੇ ਖ਼ਾਸ ਕਰਕੇ ਸਭ ਤੋਂ ਵਧ ਉੱਨਤ ਸਰਮਾਇਦਾਰ ਦੇਸਾਂ ਵਿਚ, ਲੱਖਾਂ ਮਜ਼ਦੂਰ ਇਸ ਸਮੇਂ ਕਮਿਊਨਿਸਟਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ, ਪਰ ਤਾਂ ਵੀ ਉਹ ਸੋਵੀਅਤ ਰੂਸ ਦੀ ਸਹਾਇਤਾ ਕਰਨ ਲਈ, ਅਤੇ ਭੁੱਖਿਆਂ ਨੂੰ ਰੋਟੀ ਦੇਣ ਲਈ, ਭਾਵੇਂ ਉਹਨਾਂ ਵਿਚੋਂ ਕੁਝ ਹੀ, ਅਤੇ ਰੂਸੀ ਸੋਸ਼ਲਿਸਟ ਸੰਘ ਸੋਵੀਅਤ ਗਣ-ਰਾਜ ਦੀ ਆਰਥਕਤਾ ਬਹਾਲ ਕਰਨ ਵਿਚ ਸਹਾਇਤਾ ਕਰਨ ਲਈ ਤਿਆਰ ਹਨ। ਇਹੋ ਜਿਹੇ ਮਜ਼ਦੂਰ ਪੂਰਨ ਵਿਸ਼ਵਾਸ ਨਾਲ ਐਮਸਟਰਡਮ ਟਰੇਡ ਯੂਨੀਅਨ ਇੰਟਰਨੈਸ਼ਨਲ[193] (ਜੋ ਬਿਨਾਂ ਸ਼ਕ, ਕਮਿਊਨਿਜ਼ਮ ਦੀ ਦੁਸ਼ਮਣ ਹੈ) ਦੇ ਆਗੂਆਂ ਦੇ ਸ਼ਬਦਾਂ ਨੂੰ ਦੁਹਰਾਉਂਦੇ ਹਨ — ਅਤੇ ਜੋ ਵਧੇਰੇ ਮਹੱਤਵਪੂਰਨ ਹੈ, ਸ਼ਬਦਾਂ ਨੂੰ ਸਿਰਫ਼ ਦੁਹਰਾਉਂਦੇ ਹੀ ਨਹੀਂ ਸਗੋਂ ਉਹਨਾਂ ਨੂੰ ਜ਼ਿੰਦਗੀ ਵਿਚ ਅਮਲੀ ਰੂਪ ਦੇਂਦੇ ਹਨ — ਕਿ ਕੌਮਾਂਤਰੀ ਬੁਰਜੂਆਜ਼ੀ ਦੀ ਸੋਵੀਅਤ ਰੂਸ ਉਤੇ ਕਿਸੇ ਵੀ ਜਿੱਤ ਦਾ ਮਤਲਬ ਆਮ ਕਰਕੇ ਮਜ਼ਦੂਰ ਜਮਾਤ ਉਪਰ ਸੰਸਾਰ ਪਿਛਾਖੜ ਦੀ ਵਧ ਤੋਂ ਵਧ ਸੰਭਵ ਜਿੱਤ ਹੋਇਗੀ।

ਭੁੱਖ, ਤਬਾਹੀ ਅਤੇ ਉਖੜ-ਪੁਖੜ ਨੂੰ ਦੂਰ ਕਰਨ ਲਈ ਸੋਵੀਅਤ ਰੂਸ ਪੂਰੀ ਵਾਹ ਲਾ ਰਿਹਾ ਹੈ। ਇਸ ਪਾਸਿਉਂ, ਸਦਾਚਾਰਕ ਸਹਾਇਤਾ ਅਤੇ ਰਾਜਨੀਤਕ ਸਹਾਇਤਾ ਦੇ ਨਾਲ ਨਾਲ, ਸਾਰੇ ਦੁਨੀਆਂ ਦੇ ਮਜ਼ਦੂਰਾਂ ਵਲੋਂ ਮਾਇਕ ਸਹਾਇਤਾ ਸਾਡੇ ਲਈ ਅਥਾਹ ਮਹੱਤਤਾ ਰਖਦੀ ਹੈ। ਕੁਦਰਤੀ ਤੌਰ ਉਤੇ, ਅਮਰੀਕਾ ਉਹਨਾਂ

ਰਾਜਾਂ ਦੇ ਮੂਹਰੇ ਹੈ ਜਿਥੋਂ ਦੇ ਮਜ਼ਦੂਰ ਸਾਡੀ ਸਹਾਇਤਾ ਕਰ ਸਕਦੇ ਹਨ, ਇਸ ਸਮੇਂ ਸਾਡੀ ਸਹਾਇਤਾ ਕਰ ਰਹੇ ਹਨ ਅਤੇ—ਮੈਨੂੰ ਪੱਕਾ ਯਕੀਨ ਹੈ—ਕਿਤੇ ਵਡੇਰੇ ਪੈਮਾਨੇ ਉਤੇ ਸਹਾਇਤਾ ਕਰਨਗੇ।

ਉਦੇਸ਼ ਵੱਲ ਵਫ਼ਾਦਾਰ, ਅਮਰੀਕਾ ਦੇ ਹਿੰਮਤੀ ਉੱਨਤ ਮਜ਼ਦੂਰ ਬਹੁਤ ਸਾਰੇ ਸਨਅਤੀ ਦੇਸਾਂ ਦੇ ਸਾਰੇ ਮਜ਼ਦੂਰਾਂ ਦੀ ਅਗਵਾਈ ਕਰਨਗੇ, ਜਿਹੜੇ ਸੋਵੀਅਤ ਰੂਸ ਨੂੰ ਆਪਣਾ ਤਕਨੀਕੀ ਗਿਆਨ ਦੇ ਰਹੇ ਹਨ, ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਰੀਪਬਲਿਕ ਦੀ ਆਪਣੀ ਆਰਥਕਤਾ ਬਹਾਲ ਕਰਨ ਵਿਚ ਸਹਾਇਤਾ ਕਰਨ ਲਈ ਕੁਰਬਾਨੀਆਂ ਕਰਨ ਲਈ ਆਪਣੀ ਦ੍ਰਿੜ੍ਹਤਾ ਦੇ ਰਹੇ ਹਨ। ਕੌਮਾਂਤਰੀ ਵਿੱਤ ਸਰਮਾਏ ਦੇ ਜੂਲੇ ਦੇ ਖ਼ਿਲਾਫ਼, ਕੌਮਾਂਤਰੀ ਪਿਛਾਖੜ ਦੇ ਖ਼ਿਲਾਫ਼ ਘੋਲ ਦੇ ਸ਼ਾਂਤਮਈ ਸਾਧਨਾਂ ਵਿਚ ਜਿੱਤ ਦਾ ਇਹੋ ਜਿਹਾ ਤੇਜ਼ ਅਤੇ ਯਕੀਨੀ ਕੌਲ ਦੇਂਦਾ ਹੋਰ ਕੋਈ ਸਾਧਨ ਨਹੀਂ ਜਿੰਨਾਂ ਕਿ ਸੋਵੀਅਤ ਰੂਸ ਦੀ ਆਰਥਕਤਾ ਦੀ ਬਹਾਲੀ ਵਿਚ ਸਹਾਇਤਾ ਕਰਨਾ।

ਉਹਨਾਂ ਸਾਰੇ ਮਜ਼ਦੂਰਾਂ ਨੂੰ ਸ਼ੁਭ-ਇੱਛਾਵਾਂ ਨਾਲ ਜਿਹੜੇ, ਇਕ ਜਾਂ ਦੂਜੇ ਰੂਪ ਵਿਚ, ਸੋਵੀਅਤ ਰੂਸ ਦੀ ਸਹਾਇਤਾ ਕਰ ਰਹੇ ਹਨ।

ਨ. ਲੈਨਿਨ

ਸੰਗ੍ਰਹਿਤ ਕਿਰਤਾਂ,
ਸੈਂਚੀ ੫੩,
ਪੰਨੇ ੨੬੩-੨੬੪

# ਕੌਮਾਂਤਰੀ ਮਜ਼ਦੂਰ ਸਹਾਇਤਾ ਦੇ ਸਕੱਤਰ,[194] ਸਾਥੀ ਮੁਨਜ਼ੇਨਬਰਗ ਨੂੰ

ਕੁਮਿਨਟਰਨ ਦੀ ਚੌਥੀ ਕਾਂਗਰਸ ਸਾਮ੍ਹਣੇ ਤੁਹਾਡੀ ਰਪੋਰਟ ਨੂੰ ਪੂਰਦਿਆਂ, ਮੈਂ ਸਹਾਇਤਾ ਜਥੇਬੰਦ ਕਰਨ ਦੀ ਮਹੱਤਤਾ ਵੱਲ ਕੁਝ ਸ਼ਬਦਾਂ ਵਿਚ ਧਿਆਨ ਦੁਆਉਣਾ ਚਾਹਾਂਗਾ।

ਕੌਮਾਂਤਰੀ ਮਜ਼ਦੂਰ ਜਮਾਤ ਵਲੋਂ ਭੁੱਖ ਦੇ ਮਾਰਿਆਂ ਨੂੰ ਦਿਤੀ ਗਈ ਸਹਾਇਤਾ ਨੇ ਪਿਛਲੇ ਸਾਲ ਦੇ ਕਾਲ ਦੇ ਦੁਖਦਾਈ ਦਿਨਾਂ ਨੂੰ ਸਹਿਨ ਕਰਨ ਵਿਚ ਅਤੇ ਇਸ ਉਤੇ ਕਾਬੂ ਪਾਉਣ ਵਿਚ ਸੋਵੀਅਤ ਰੂਸ ਦੀ ਬੇਹੱਦ ਸਹਾਇਤਾ ਕੀਤੀ। ਇਸ ਸਮੇਂ ਅਸੀਂ ਕਾਲ ਵਲੋਂ ਲਾਏ ਗਏ ਜ਼ਖ਼ਮ ਰਾਜ਼ੀ ਕਰਨੇ ਹਨ, ਪਹਿਲੀ ਥਾਂ ਉਤੇ, ਕਈ ਹਜ਼ਾਰ ਯਤੀਮ ਹੋ ਗਏ ਬੱਚਿਆਂ ਨੂੰ ਖਾਣ ਨੂੰ ਦੇਣਾ ਹੈ, ਅਤੇ ਆਪਣੀ ਖੇਤੀ ਅਤੇ ਸਨਅਤ ਬਹਾਲ ਕਰਨੀ ਹੈ, ਜਿਨ੍ਹਾਂ ਨੂੰ ਕਾਲ ਦੇ ਸਿੱਟੇ ਵਜੋਂ ਭਾਰੀ ਨੁਕਸਾਨ ਪੁੱਜਾ ਹੈ।

ਇਸ ਖੇਤਰ ਵਿਚ ਵੀ, ਕੌਮਾਂਤਰੀ ਮਜ਼ਦੂਰ ਜਮਾਤ ਦੀ ਭਰਾਤ੍ਰੀ ਸਹਾਇਤਾ ਨੇ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ। ਪੇਰਮ ਦੇ ਨੇੜੇ ਅਮਰੀਕੀ ਟਰੈਕਟਰ ਕਾਲਮ, ਅਮਰੀਕਨ ਤਕਨੀਕੀ ਸਹਾਇਤਾ ਦੇ ਖੇਤੀ ਟੋਲੇ, ਕੌਮਾਂਤਰੀ ਮਜ਼ਦੂਰ ਸਹਾਇਤਾ ਵਲੋਂ ਹੱਥ ਲਏ ਗਏ ਖੇਤੀ ਅਤੇ ਸਨਅਤੀ ਕੰਮ, ਮਜ਼ਦੂਰ ਸਹਾਇਤਾ ਰਾਹੀਂ ਸੋਵੀਅਤ ਰੂਸ ਨੂੰ ਪਹਿਲਾ ਪ੍ਰੋਲਤਾਰੀ ਕਰਜ਼ਾ ਦੇਣਾ ਅਤੇ ਉਸ ਵਿਚ ਚੰਦੇ ਦੇਣਾ—ਇਹ ਸਾਰਾ ਕੁਝ ਸੋਵੀਅਤ ਰੂਸ ਦੀ ਆਰਥਕ ਬਹਾਲੀ ਵਿਚ ਸਹਾਇਤਾ ਕਰਨ ਲਈ ਮਜ਼ਦੂਰਾਂ ਦੀ ਭਰਾਤਰੀ ਸਹਾਇਤਾ ਦੇ ਉਦੇਸ਼ ਵਿਚ ਬੜਾ ਆਸ਼ਾਜਨਕ ਆਰੰਭ ਹੈ।

ਆਰਥਕ ਸਹਾਇਤਾ ਦੇ ਕੰਮ ਦੀ, ਜਿਹੜਾ 'ਸੋਵੀਅਤ ਰੂਸ ਨੂੰ ਕੌਮਾਂਤਰੀ ਮਜ਼ਦੂਰ ਸਹਾਇਤਾ' ਜਥੇਬੰਦੀ ਵਲੋਂ ਇੰਨੀਂ ਖ਼ੁਸ਼ੀ ਨਾਲ ਸ਼ੁਰੂ ਕੀਤਾ ਗਿਆ ਹੈ, ਸਾਰੀ ਦੁਨੀਆਂ ਦੇ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਵਲੋਂ ਹਰ ਸੰਭਵ ਤਰੀਕੇ ਨਾਲ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਸੋਵੀਅਤ ਸਰਕਾਰ ਦੀ ਮਾਨਤਾ ਲਈ ਮੰਗ ਬਾਰੇ ਬੂਰਜੂਆ ਦੇਸਾਂ ਦੀਆਂ ਸਰਕਾਰਾਂ ਉਤੇ ਜ਼ਬਰਦਸਤ ਰਾਜਸੀ ਦਬਾ ਪਾਉਣਾ

ਜਾਰੀ ਰਖਣ ਦੇ ਨਾਲ ਨਾਲ, ਸੰਸਾਰ ਪ੍ਰੋਲਤਾਰੀ ਵਲੋਂ ਇਸ ਸਮੇਂ ਵਿਸ਼ਾਲ ਆਰਥਕ ਸਹਾਇਤਾ ਸਾਮਰਾਜੀ ਸੰਸਥਾਵਾਂ ਦੇ ਖ਼ਿਲਾਫ਼ ਸੋਵੀਅਤ ਰੂਸ ਦੀ ਮੁਸ਼ਕਲ ਆਰਥਕ ਜੰਗ ਵਿਚ ਉਸਦੀ ਸਭ ਤੋਂ ਚੰਗੀ ਅਤੇ ਸਭ ਤੋਂ ਵਧ ਅਮਲੀ ਹਮਾਇਤ ਹੈ, ਅਤੇ ਸੋਸ਼ਲਿਸਟ ਆਰਥਕਤਾ ਉਸਾਰਨ ਦੇ ਉਸਦੇ ਕੰਮ ਲਈ ਸਭ ਤੋਂ ਚੰਗੀ ਹਮਾਇਤ ਹੈ।

**ਵ. ਇ. ਉਲੀਆਨੋਵ (ਲੈਨਿਨ)**

ਮਾਸਕੋ, ੨ ਦਸੰਬਰ, ੧੯੨੨

ਸੰਗ੍ਰਹਿਤ ਕਿਰਤਾਂ,
ਸੈਂਚੀ ੪੫,
ਪੰਨੇ ੩੧੫-੩੧੬

# ਨੋਟ

[1] ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੇ ਪ੍ਰੋਗਰਾਮ ਦੇ ਲੈਨਿਨ ਵਲੋਂ ਤਿਆਰ ਕੀਤੇ ਖਰੜੇ ਦੇ ਤਿੰਨ ਮੁਖ ਹਿੱਸੇ ਸਨ, ਜਿਨ੍ਹਾਂ ਵਿਚ ਮਾਰਕਸਵਾਦੀ ਪਾਰਟੀ ਦੀਆਂ ਮੁਢਲੀਆਂ ਸਿਧਾਂਤਕ ਧਾਰਾਵਾਂ, ਪਾਰਟੀ ਦੇ ਕਾਰਜ ਅਤੇ ਰੂਸ ਵਿਚ ਹੋਰ ਰਾਜਸੀ ਲਹਿਰਾਂ ਵੱਲ ਇਹਦਾ ਵਤੀਰਾ ਅਤੇ ਮੁਖ ਅਮਲੀ ਕਾਰਜ ਬਿਆਨ ਕੀਤੇ ਗਏ ਸਨ।

ਪੰਨਾ ੧

[2] **ਲਾਲ ਝੰਡਾ** — ਇਨਕਲਾਬੀ ਮੁਕਤੀ ਘੋਲ ਦਾ ਇਕ ਚਿੰਨ੍ਹ। ੧੮੭੧ ਦੀ ਪੈਰਿਸ ਕਮਿਊਨ ਤੋਂ ਪਿਛੋਂ ਲਾਲ ਝੰਡਾ ਪ੍ਰੋਲਤਾਰੀ ਇਨਕਲਾਬ ਅਤੇ ਸੰਸਾਰ ਇਨਕਲਾਬੀ ਕਿਰਤੀ ਸ਼੍ਰੇਣੀ ਲਹਿਰ ਦਾ ਚਿੰਨ੍ਹ ਬਣ ਗਿਆ।

ਪੰਨਾ ੧੦

[3] ਇਥੇ ਇਸ਼ਾਰਾ ੧੯੦੪-੧੯੦੫ ਦੇ ਰੂਸੀ-ਜਾਪਾਨੀ ਯੁਧ ਵੱਲ ਹੈ।

ਪੰਨਾ ੧੧

[4] **ਖ਼ੇਤ-ਗ਼ੁਲਾਮ ਅਧੀਨਤਾ** — ਖ਼ੇਤ-ਗ਼ੁਲਾਮ ਕਿਸਾਨ ਦੀ ਸਾਮੰਤੀ ਸ਼ਾਹ ਦੀ ਅਧੀਨਗੀ। ਕਈ ਵਾਰ ਇਹ ਪ੍ਰੀਭਾਸ਼ਕ ਸ਼ਬਦ ਆਮ ਤੌਰ ਉਤੇ ਸਾਮੰਤੀ ਅਧੀਨਗੀ ਲਈ ਵਰਤਿਆ ਜਾਂਦਾ ਹੈ।

**ਖ਼ੇਤ-ਗ਼ੁਲਾਮੀ ਕਾਨੂੰਨ** — ਸਾਮੰਤਵਾਦ ਅਧੀਨ ਰਾਜ ਵਲੋਂ ਕਿਸਾਨ ਅਧੀਨਗੀ ਦੇ ਸਭ ਤੋਂ ਮੁਕੰਮਲ ਅਤੇ ਕਰੜੇ ਰੂਪ ਦੇ ਕਾਨੂੰਨੀ ਪਧਰਾਂ ਨੂੰ ਪਕਿਆਉਣ ਦਾ ਸਮੂਹ।

ਪੰਨਾ ੧੨

[5] ਇਥੇ ਇਸ਼ਾਰਾ **ਅਕਤੂਬਰ ਦੀ ਕੁੱਲ-ਰੂਸ ਰਾਜਸੀ ਹੜਤਾਲ** ਵੱਲ ਹੈ — ਅਕਤੂਬਰ ੧੯੦੫ ਵਿਚ ਰੂਸ ਵਿਚ ਹੋਈ ਰਾਜਸੀ ਹੜਤਾਲ, ਜਿਹੜੀ ੧੯੦੫-੧੯੦੭ ਦੇ ਬੁਰਜੂਆ-ਜਮਹੂਰੀ ਇਨਕਲਾਬ ਦਾ ਇਕ ਅਤਿ-ਅੰਤ ਮਹੱਤਵਪੂਰਨ ਪੜਾਅ ਸੀ। ੧੭ (੩੦) ਅਕਤੂਬਰ ੧੯੧੭ ਨੂੰ ਇਨਕਲਾਬੀ ਲਹਿਰ ਦੀ ਵਿਸ਼ਾਲਤਾ ਤੋਂ ਡਰ ਕੇ ਜ਼ਾਰਸ਼ਾਹੀ ਹਕੂਮਤ ਨੇ ਇਕ ਮੈਨੀਫ਼ੈਸਟੋ ਜਾਰੀ ਕੀਤਾ, ਜਿਸ ਵਿਚ ਸ਼ਹਿਰੀ ਆਜ਼ਾਦੀਆਂ ਦੇਣ ਅਤੇ ਇਕ "ਕਾਨੂੰਨ-ਘੜਨੀ" ਦੂਮਾ ਸਥਾਪਤ ਕਰਨ ਦਾ ਇਕਰਾਰ ਕੀਤਾ ਗਿਆ। ਬਾਲਸ਼ਵਿਕਾਂ ਨੇ ਜ਼ਾਰਸ਼ਾਹੀ ਮੈਨੀਫ਼ੈਸਟੋ ਦਾ ਝੂਠ

ਉਘਾੜਿਆ ਅਤੇ ਕਿਰਤੀਆਂ ਨੂੰ ਸੱਦਾ ਦਿਤਾ ਕਿ ਉਹ ਘੋਲ ਜਾਰੀ ਰਖਣ।

ਅਕਤੂਬਰ ਦੀ ਹੜਤਾਲ ਤੋਂ ਪ੍ਰੋਲਤਾਰੀ ਦਸੰਬਰ (੧੯੦੫) ਦੀ ਹਥਿਆਰਬੰਦ ਬਗ਼ਾਵਤ ਵੱਲ ਗਏ।

ਪੰਨਾ ੧੪

[6] **੯ ਜਨਵਰੀ, ੧੯੦੫** ਨੂੰ ਸੇਂਟ ਪੀਟਰਜ਼ਬਰਗ ਦੇ ਕਾਰਖ਼ਾਨਿਆਂ ਅਤੇ ਮਿਲਾਂ ਦੇ ਮਜ਼ਦੂਰ ਆਪਣੇ ਪਤਨੀਆਂ ਅਤੇ ਬੱਚਿਆਂ ਸਮੇਤ ਜ਼ਾਰ ਨੂੰ ਅਰਜ਼ੀ ਦੇਣ ਲਈ ਸਿਆਲ ਮਹੱਲ ਵੱਲ ਗਏ। ਅਰਜ਼ੀ ਵਿਚ ਅਸਹਿ ਜੀਵਨ-ਪ੍ਰਸਥਿਤੀਆਂ ਤੇ ਬਿਲਕੁਲ ਅਧਿਕਾਰਹੀਣਤਾ ਦਾ ਵਰਨਣ ਕੀਤਾ ਗਿਆ ਸੀ। ਜ਼ਾਰ ਦੇ ਹੁਕਮ ਨਾਲ ਨਿਹਥੇ ਮਜ਼ਦੂਰਾਂ ਦੇ ਸ਼ਾਂਤਮਈ ਮੁਜ਼ਾਹਰੇ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ। ਇਸ ਭਿਅੰਕਰ ਕਾਰੇ ਵਿਰੁਧ ਰੋਸ ਪ੍ਰਗਟ ਕਰਨ ਲਈ ਰੂਸ ਦੇ ਹਰ ਕੋਨੇ ਵਿਚ "ਜ਼ਾਰਸ਼ਾਹੀ ਮੁਰਦਾਬਾਦ!" ਦੇ ਨਾਹਰੇ ਹੇਠ ਜ਼ੋਰਦਾਰ ਰਾਜਸੀ ਮੁਜ਼ਾਹਰੇ ਅਤੇ ਹੜਤਾਲਾਂ ਸ਼ੁਰੂ ਹੋ ਗਈਆਂ। ੯ ਜਨਵਰੀ ਦੀਆਂ ਘਟਨਾਵਾਂ ੧੯੦੫-੧੯੦੭ ਦੇ ਇਨਕਲਾਬ ਦਾ ਆਰੰਭ ਸੀ।

ਪੰਨਾ ੧੪

[7] ਇਥੇ ਇਸ਼ਾਰਾ ਪਹਿਲੀ ਰਾਜ ਦੂਮਾ ਵਿਚ ਸੋਸ਼ਲ-ਡੈਮੋਕਰੈਟਿਕ ਗਰੁੱਪ ਵੱਲ ਹੈ। ਇਹ ਰਾਜ ਦੂਮਾ ੨੭ ਅਪਰੈਲ (੧੦ ਮਈ) ਤੋਂ ਲੈ ਕੇ ੮ (੨੧) ਜੁਲਾਈ, ੧੯੦੬ ਤੱਕ ਰਹੀ।

**ਰਾਜ ਦੂਮਾ** — ਜ਼ਾਰਸ਼ਾਹੀ ਰੂਸ ਵਿਚ ਪ੍ਰਤਿਨਿਧ ਸੰਸਥਾ, ਜਿਸਨੂੰ ੧੯੦੫-੧੯੦੭ ਦੇ ਇਨਕਲਾਬ ਦੇ ਸਿੱਟੇ ਵਜੋਂ ਜ਼ਾਰ ਬੁਲਾਉਣ ਲਈ ਮਜਬੂਰ ਹੋ ਗਿਆ ਸੀ। ਇਹ ਰਸਮੀ ਤੌਰ ਉਤੇ ਵਿਧਾਨ-ਘੜਨੀ ਸੰਸਥਾ ਸੀ, ਪਰ ਇਸ ਕੋਲ ਕੋਈ ਅਸਲ ਸੱਤਾ ਨਹੀਂ ਸੀ। ਦੂਮਾ ਦੀਆਂ ਚੋਣਾਂ ਅਣਸਿਧੀਆਂ ਹੁੰਦੀਆਂ ਸਨ ਅਤੇ ਨਾਬਰਾਬਰ ਸਨ, ਅਤੇ ਸਰਬਲੌਕਿਕ ਨਹੀਂ ਸਨ। ਮਜ਼ਦੂਰ ਲੋਕਾਂ ਅਤੇ ਰੂਸ ਵਿਚ ਵੱਸਦੀਆਂ ਗ਼ੈਰ-ਰੂਸੀ ਕੌਮੀਅਤਾਂ ਦਾ ਵੋਟ ਦੇਣ ਦਾ ਅਧਿਕਾਰ ਬਹੁਤ ਸੀਮਤ, ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਕਾਫ਼ੀ ਵਡੇ ਹਿੱਸੇ ਨੂੰ ਵੋਟ ਦਾ ਹੱਕ ਨਹੀਂ ਸੀ।

ਪੰਨਾ ੧੬

[8] **ਪੈਰਿਸ ਕਮਿਊਨ** — ਇਤਿਹਾਸ ਵਿਚ ਪ੍ਰੋਲਤਾਰੀ ਡਿਕਟੇਟਰਸ਼ਿਪ ਦਾ ਪਹਿਲਾ ਤਜਰਬਾ ਸੀ। ਮਜ਼ਦੂਰ ਜਮਾਤ ਦੀ ਇਨਕਲਾਬੀ ਸਰਕਾਰ ਜਿਹੜੀ ਪੈਰਿਸ ਵਿਚ

੧੮੭੧ ਵਿਚ ਪ੍ਰੋਲਤਾਰੀ ਇਨਕਲਾਬ ਨੇ ਕਾਇਮ ਕੀਤੀ ੧੮ ਮਾਰਚ ਤੋਂ ੨੮ ਮਈ ੧੮੭੧ ਤੱਕ ਕਾਇਮ ਰਹੀ।

ਪੰਨਾ ੧੭

9 **ਕਾਲੇ ਸੈਂਕੜੇ** — ਅਤਿ ਦੇ ਸੱਜ-ਪੱਖੀ, ਸਗੋਂ ਝਲਿਆਏ ਪਿਛੇ-ਖਿਚੂਆਂ ਦਾ ਅਤੇ ਇਨਕਲਾਬੀ ਲਹਿਰ ਦਾ ਮੁਕਾਬਲਾ ਕਰਨ ਲਈ ਜ਼ਾਰਸ਼ਾਹੀ ਪੁਲੀਸ ਵਲੋਂ ਬਣਾਏ ਗੁੰਡਿਆਂ ਦੇ ਟੋਲਿਆਂ ਦਾ ਵੀ ਨਾਂ।

ਪੰਨਾ ੧੯

10 ਲੈਨਿਨ ਨੇ ਇਹ ਲੇਖ "**ਬਰਤਾਨਵੀ ਤੇ ਜਰਮਨ ਮਜ਼ਦੂਰਾਂ ਦਾ ਅਮਨ ਲਈ ਮੁਜ਼ਾਹਰਾ**" ਸਤੰਬਰ, ੧੯੦੮ ਦੇ ਸ਼ੁਰੂ ਵਿਚ ਜੰਗ ਦੇ ਵਧਦੇ ਖ਼ਤਰੇ ਦੇ ਖ਼ਿਲਾਫ਼ ਰੋਸ ਵਜੋਂ ਬਰਲਿਨ ਵਿਚ ਹੋਏ ਮਜ਼ਦੂਰਾਂ ਦੇ ਜਲਸੇ ਸੰਬੰਧੀ ਲਿਖਿਆ। ਇਹ ਲੇਖ ਅਖ਼ਬਾਰ "ਪ੍ਰੋਲਤਾਰੀ" ਦੇ ਅੰਕ ੩੬ ਲਈ ਲਿਖਿਆ ਗਿਆ ਸੀ, ਪਰ ਪ੍ਰਕਾਸ਼ਤ ਨਹੀਂ ਸੀ ਹੋਇਆ।

ਪੰਨਾ ੧੯

11 **ਸ਼ਾਵਨਵਾਦ (ਅੰਧਰਾਸ਼ਟਰਵਾਦ)** — ਫ਼ਰਾਂਸੀਸੀ ਸ਼ਬਦ "ਸ਼ਾਵਨਿਜ਼ਮ" ਤੋਂ — ਜਿਹੜਾ ਫ਼ਰਾਂਸੀਸੀ ਫ਼ੌਜੀ ਸ਼ਾਵਿਨ (Chauvin) ਦੇ ਨਾਂ ਤੋਂ ਬਣਿਆ, ਜਿਹੜਾ ਨੈਪੋਲੀਅਨ ਦੀ ਜਿੱਤਾਂ ਦੀ ਨੀਤੀ ਦਾ ਹਾਮੀ ਸੀ। ਇਹਦੇ ਅਰਥ ਹਨ ਕੌਮਪ੍ਰਸਤੀ, ਕੌਮੀ ਵਖਰਤ ਦਾ ਪ੍ਰਚਾਰ, ਇਕ ਕੌਮ ਦੇ ਹਿੱਤਾਂ ਨੂੰ ਹੋਰ ਸਾਰੀਆਂ ਕੌਮਾਂ ਦੇ ਹਿੱਤਾਂ ਦੇ ਮੁਕਾਬਲੇ ਉਤੇ ਪੇਸ਼ ਕਰਨਾ, ਕੌਮੀ ਦੁਸ਼ਮਣੀ ਅਤੇ ਘਿਰਣਾ ਨੂੰ ਭੜਕਾਉਣਾ।

ਪੰਨਾ ੧੯

12 **ਯੁੰਕਰ** — ਪਰੂਸ਼ੀਆਈ ਭੋਂ-ਮਾਲਕ ਰਾਠਸ਼ਾਹੀ ਦੇ ਪ੍ਰਤਿਨਿਧ।

ਪੰਨਾ ੧੯

13 **ਬੂਰਬੋਂ** — ਫ਼ਰਾਂਸ ਦੇ ਬੂਰਬੋਂ (Bourbon) ਬਾਦਸ਼ਾਹਾਂ ਦੇ ਵੰਸ਼ ਦੇ ਨਾਂ ਤੋਂ। ਇਥੇ ਇਹਦੇ ਅਰਥ ਹਨ ਮੂੜ੍ਹ ਅਤੇ ਹੈਂਕੜੀ ਮਨੁਖ।

ਪੰਨਾ ੧੯

[14] **ਇੰਡੀਪੈਂਡੈਂਟ ਲੇਬਰ ਪਾਰਟੀ** (Independent Labour Party) — ਸੁਧਾਰਵਾਦੀ ਜਥੇਬੰਦੀ ਜਿਹੜੀ ੧੮੯੩ ਵਿਚ ਬਣਾਈ ਗਈ। ਇਸ ਪਾਰਟੀ ਨੇ ਸ਼ੁਰੂ ਤੋਂ ਹੀ ਬੁਰਜੂਆ-ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ, ਘੋਲ ਦੇ ਪਾਰਲੀਮੈਂਟਰੀ ਰੂਪ ਅਤੇ ਲਿਬਰਲਾਂ ਨਾਲ ਪਾਰਲੀਮੈਂਟਰੀ ਸਮਝੌਤਿਆਂ ਉਤੇ ਧਿਆਨ ਕੇਂਦਰਿਤ ਕੀਤਾ। ਪਾਰਟੀ ਦੀ ਵਿਲੱਖਣਤਾ ਦਸਦਿਆਂ, ਲੈਨਿਨ ਨੇ ਲਿਖਿਆ ਕਿ ਇਹ "ਅਸਲ ਵਿਚ ਇਕ ਮੌਕਾਪ੍ਰਸਤ ਪਾਰਟੀ ਹੈ ਜਿਹੜੀ ਹਮੇਸ਼ਾ ਬੁਰਜੂਆਜ਼ੀ ਉਤੇ ਟੇਕ ਰਖਦੀ ਰਹੀ ਹੈ।" (ਸੰਗ੍ਰਹਿਤ ਕਿਰਤਾਂ, ਪੰਜਵੀਂ ਛਾਪ, ਸੈਂਚੀ ੩੯, ਪੰਨਾ ੯੦)।

ਜਦੋਂ ਪਹਿਲੀ ਸੰਸਾਰ ਜੰਗ (੧੯੧੪-੧੮) ਛਿੜੀ, ਤਾਂ ਪਾਰਟੀ ਨੇ ਜੰਗ-ਵਿਰੋਧੀ ਮੈਨੀਫ਼ੈਸਟੋ ਜਾਰੀ ਕੀਤਾ, ਪਰ ਛੇਤੀ ਹੀ ਸਮਾਜੀ-ਅੰਧਰਾਸ਼ਟਰਵਾਦ ਵਿਚ ਜਾ ਡਿੱਗੀ। ਪੰਨਾ ੨੧

[15] **ਸਟੁਟਗਾਰਟ ਦੀ ਕੌਮਾਂਤਰੀ ਕਾਂਗਰਸ** — ਦੇਖੋ ਨੋਟ ੨੬।

ਪੰਨਾ ੨੧

[16] "Vorwärts" ("ਅਗੇ ਵਧੋ") — ਰੋਜ਼ਾਨਾ ਅਖ਼ਬਾਰ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਕੇਂਦਰੀ ਅਖ਼ਬਾਰ। ੧੮੯੧ ਤੋਂ ਬਰਲਿਨ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ। ੯੦-ਵਿਆਂ ਦੇ ਦੂਜੇ ਅੱਧ ਤੋਂ ਲੈ ਕੇ ਅਖ਼ਬਾਰ ਉਤੇ ਪਾਰਟੀ ਦੇ ਸੱਜੇ ਧੜੇ ਨੇ ਕਬਜ਼ਾ ਕਰ ਲਿਆ ਅਤੇ ਇਹ ਬਾਕਾਇਦਾ ਢੰਗ ਨਾਲ ਮੌਕਾਪ੍ਰਸਤਾਂ ਦੇ ਲੇਖ ਛਾਪਣ ਲੱਗਾ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਵਰ੍ਹਿਆਂ ਵਿਚ ਇਸਨੇ ਸਮਾਜੀ-ਅੰਧਰਾਸ਼ਟਰਵਾਦੀ ਪੁਜ਼ੀਸ਼ਨ ਲਈ; ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਅਖ਼ਬਾਰ ਨੇ ਸੋਵੀਅਤ-ਵਿਰੋਧੀ ਪ੍ਰਚਾਰ ਚਲਾਇਆ। ਇਹ ਬਰਲਿਨ ਤੋਂ ੧੯੩੩ ਤੱਕ ਪ੍ਰਕਾਸ਼ਤ ਹੁੰਦਾ ਰਿਹਾ।

ਪੰਨਾ ੨੨

[17] ਇਥੇ ਇਸ਼ਾਰਾ ਹੈ ਫ਼ਰਾਂਸ ਵਿਚ ਫ਼ਰਵਰੀ ੧੮੪੮ ਦੇ ਬੁਰਜੂਆ-ਜਮਹੂਰੀ ਇਨਕਲਾਬ ਵੱਲ। ਉਸ ਇਨਕਲਾਬ ਦੀ ਮੁਖ ਚਾਲਕ ਸ਼ਕਤੀ ਪ੍ਰੋਲਤਾਰੀ ਸੀ, ਜਿਸਨੇ ਜਮਹੂਰੀ ਆਜ਼ਾਦੀਆਂ, "ਕਿਰਤ ਦੇ ਹੱਕ" ਦਾ ਫ਼ਰਮਾਨ, ਆਦਿ ਜਿਤੇ।

ਪੰਨਾ ੨੩

[18] ੨੧ ਮਈ, ੧੮੭੧ ਨੂੰ ਤੀਏਰ ਉਲਟ-ਇਨਕਲਾਬੀ ਸਰਕਾਰ ਦੀਆਂ ਫ਼ੌਜਾਂ ਪੈਰਿਸ ਵਿਚ ਦਾਖ਼ਲ ਹੋ ਗਈਆਂ ਅਤੇ ਪੈਰਿਸ ਦੇ ਮਜ਼ਦੂਰਾਂ ਦਾ ਵਹਿਸ਼ੀ ਕਤਲਾਮ

ਕਰਨਾ ਸ਼ੁਰੂ ਕਰ ਦਿਤਾ। ਲਗਭਗ ੩੦,੦੦੦ ਲੋਕ ਕਤਲ ਕੀਤੇ ਗਏ, ੫੦,੦੦੦ ਗ੍ਰਿਫ਼ਤਾਰ ਕਰ ਲਏ ਗਏ ਤੇ ਹਜ਼ਾਰਾਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਗਈਆਂ।

ਪੰਨਾ ੨੪

[19] ਇਥੇ ਇਸ਼ਾਰਾ ਹੈ ਜ. ਗੇਦ ਅਤੇ ਉਹਦੇ ਅਨੁਯਾਈਆਂ ਵਲੋਂ ਸਥਾਪਤ ਕੀਤੀ ਫ਼ਰਾਂਸੀਸੀ ਮਜ਼ਦੂਰਾਂ ਦੀ ਪਾਰਟੀ ਵੱਲ (੧੮੮੦)। ਮਜ਼ਦੂਰਾਂ ਦੀ ਪਾਰਟੀ ਦੇ ਕਾਰਜ-ਕ੍ਰਮ ਦਾ ਸਿਧਾਂਤਕ ਹਿੱਸਾ ਕਾਰਲ ਮਾਰਕਸ ਨੇ ਲਿਖਿਆ।

ਪੰਨਾ ੨੪

[20] ਇਥੇ ਇਸ਼ਾਰਾ ਪਹਿਲੀ ਸੰਸਾਰ ਜੰਗ (੧੯੧੪-੧੯੧੮) ਵੱਲ ਹੈ।

ਪੰਨਾ ੨੬

[21] **ਦੂਜੀ ਇੰਟਰਨੈਸ਼ਨਲ** — ੧੮੮੯ ਵਿਚ ਸਥਾਪਤ ਕੀਤੀ ਗਈ ਸੋਸ਼ਲਿਸਟ ਪਾਰਟੀਆਂ ਦੀ ਇਕ ਕੌਮਾਂਤਰੀ ਸੰਸਥਾ। ਪਹਿਲੇ ਸੰਸਾਰ ਯੁਧ ਦੇ ਸ਼ੁਰੂ ਵਿਚ ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਨੇ ਸੋਸ਼ਲਿਜ਼ਮ ਦੇ ਕਾਜ਼ ਨਾਲ ਗ਼ਦਾਰੀ ਕੀਤੀ ਅਤੇ ਸਾਮਰਾਜੀ ਹਕੂਮਤਾਂ ਦੀ ਧਿਰ ਲਈ ਅਤੇ ਦੂਜੀ ਇੰਟਰਨੈਸ਼ਨਲ ਖੇਰੂੰ-ਖੇਰੂੰ ਹੋ ਗਈ। ਖੱਬ-ਪੱਖੀ ਪਾਰਟੀਆਂ ਅਤੇ ਗੱਰੁਪ ਜਿਹੜੇ ਦੂਜੀ ਇੰਟਰਨੇਸ਼ਨਲ ਦੇ ਮੈਂਬਰ ਸਨ ੧੯੧੯ ਵਿਚ ਮਾਸਕੋ ਵਿਖੇ ਕਮਿਊਨਿਸਟ (ਤੀਜੀ) ਇੰਟਰਨੈਸ਼ਨਲ ਵਿਚ ਸ਼ਾਮਲ ਹੋ ਗਏ। ਦੂਜੀ ਇੰਟਰਨੈਸ਼ਨਲ ਬਰਨ (ਸਵਿਟਜ਼ਰਲੈਂਡ ਵਿਖੇ) ੧੯੧੯ ਦੇ ਉਸੇ ਵਰ੍ਹੇ ਮੁੜ ਸਥਾਪਤ ਕੀਤੀ ਗਈ। ਇਸ ਵਿਚ ਸੋਸ਼ਲਿਸਟ ਲਹਿਰ ਦੇ ਸੱਜ-ਪੱਖੀ ਅਵਸਰਵਾਦੀ ਮੁਹਾਣ ਦੀਆਂ ਪਾਰਟੀਆਂ ਸ਼ਾਮਲ ਸਨ।

ਪੰਨਾ ੨੮

[22] ਦੇਖੋ ਨੋਟ ਨੰ. ੭।

ਪੰਨਾ ੩੦

[23] ਯੁਧ ਦੇ ਸ਼ੁਰੂ ਤੋਂ ਚੌਥੀ ਰਾਜ ਦੂਮਾ ਦੇ ਬਾਲਸ਼ਵਿਕ ਮੈਂਬਰ — ਅ. ਬਦਾਯੇਵ, ਮ. ਮੁਰਾਨੋਵ, ਗ. ਪਿਤਰੋਵਸਕੀ, ਫ਼. ਸਮਾਏਲੋਵ ਅਤੇ ਨ. ਸ਼ਾਗੋਵ ਦ੍ਰਿੜ੍ਹਤਾ ਨਾਲ ਕਿਰਤੀ ਸ਼੍ਰੇਣੀ ਦੇ ਹਿੱਤਾਂ ਦੀ ਰਖਿਆ ਲਈ ਨਿਤਰੇ। ਪਾਰਟੀ ਦੀ ਸੇਧ ਉਤੇ ਚਲਦੇ ਹੋਏ ਉਹਨਾਂ ਜ਼ਾਰਸ਼ਾਹੀ ਨੂੰ ਯੁਧ ਲਈ ਪੈਸੇ ਦੇਣ ਦੇ ਹੱਕ ਵਿਚ ਵੋਟ ਦੇਣੋਂ ਨਾਂਹ ਕਰ ਦਿਤੀ, ਯੁਧ ਦਾ ਸਾਮਰਾਜੀ, ਜਨਤਾ-ਵਿਰੋਧੀ ਖ਼ਾਸਾ ਨੰਗਾ ਕੀਤਾ, ਕਿਰਤੀਆਂ ਨੂੰ ਯੁਧ ਸੰਬੰਧੀ ਸੱਚ ਦਸਿਆ। ਯੁਧ ਸਮੇਂ ਇਨਕਲਾਬੀ ਸਰਗਰਮੀਆਂ

ਕਾਰਨ ਉਹਨਾਂ ਉਤੇ ਅਦਾਲਤ ਵਿਚ ਮੁਕਦਮਾ ਚਲਾਇਆ ਗਿਆ ਅਤੇ ਉਹਨਾਂ ਨੂੰ ਸਾਇਬੇਰੀਆ ਬਦਰ ਕਰ ਦਿਤਾ ਗਿਆ।

ਪੰਨਾ ੩੦

[24] ਯੁਧ ਸ਼ੁਰੂ ਹੋਣ ਤੋਂ ਛੇਤੀ ਪਿਛੋਂ ਬਾਲਸ਼ਵਿਕਾਂ ਦੀ ਸੇਂਟ ਪੀਟਰਜ਼ਬਰਗ ਕਮੇਟੀ ਨੇ ਇਕ ਇਸ਼ਤਿਹਾਰ ਜਾਰੀ ਕੀਤਾ, ਜਿਸ ਵਿਚ ਕਿਰਤੀਆਂ ਅਤੇ ਫ਼ੌਜੀਆਂ ਨੂੰ ਸਦਾ ਦਿਤਾ ਗਿਆ ਸੀ ਕਿ ਉਹ ਯੁਧ ਅਤੇ ਇਕ-ਪੁਰਖੀ ਰਾਜ ਵਿਰੁਧ ਘੋਲ ਲਈ ਇਹਨਾਂ ਨਾਹਰਿਆਂ ਨਾਲ ਤਿਆਰੀ ਕਰਨ, "ਇਕ-ਪੁਰਖੀ ਬਾਦਸ਼ਾਹੀ ਮੁਰਦਾਬਾਦ!" "ਸੋਸ਼ਲਿਜ਼ਮ ਜ਼ਿੰਦਾਬਾਦ!" "ਜਮਹੂਰੀ ਗਣ-ਰਾਜ ਜ਼ਿੰਦਾਬਾਦ!" ਅਗਸਤ ਵਿਚ ਸੇਂਟ ਪੀਟਰਜ਼ਬਰਗ ਕਮੇਟੀ ਨੇ ਯੁਧ ਵਿਰੁਧ ਹੋਰ ਗ਼ੈਰ-ਕਾਨੂੰਨੀ ਅਪੀਲ ਜਾਰੀ ਕੀਤੀ, ਜਿਸ ਵਿਚ ਜਥੇਬੰਦੀ ਕਰਨ ਅਤੇ ਹਥਿਆਰ ਇਕਠੇ ਕਰਨ ਦਾ ਸਦਾ ਦਿਤਾ ਗਿਆ ਸੀ।

ਪੰਨਾ ੩੧

[25] "Sozialistische Monatshefte" ("ਸੋਸ਼ਲਿਸਟ ਮਾਸਕ") — ਜਰਮਨ ਮੌਕਾਪ੍ਰਸਤਾਂ ਦਾ ਮੁਖ ਰਸਾਲਾ ਅਤੇ ਕੌਮਾਂਤਰੀ ਸੋਧਵਾਦ ਦੇ ਰਸਾਲਿਆਂ ਵਿਚੋਂ ਇਕ, ਜਿਹੜਾ ੧੮੯੭ ਤੋਂ ੧੯੩੩ ਤੱਕ ਬਰਲਿਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲੀ ਸੰਸਾਰ ਜੰਗ ਦੇ ਦੌਰਾਨ ਰਸਾਲੇ ਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।

ਪੰਨਾ ੩੧

[26] **ਸਟੁਟਗਾਰਟ ਵਿਚ ਕੌਮਾਂਤਰੀ ਸੋਸ਼ਲਿਸਟ ਕਾਂਗਰਸ** (ਦੂਜੀ ਇੰਟਰਨੈਸ਼ਨਲ ਦੀ ਅਠਵੀਂ ਕਾਂਗਰਸ) ੧੮ ਤੋਂ ੨੪ ਅਗਸਤ, ੧੯੦੭ ਤੱਕ ਹੋਈ।

"ਫੌਜਸ਼ਾਹੀ ਅਤੇ ਕੌਮਾਂਤਰੀ ਟੱਕਰ" ਏਜੰਡੇ ਦਾ ਮੁਖ ਨੁਕਤਾ ਸੀ। ਵ. ਇ. ਲੈਨਿਨ ਨੇ ਉਸ ਕਮੀਸ਼ਨ ਦੇ ਕੰਮ ਵਿਚ ਹਿੱਸਾ ਲਿਆ ਜਿਸਨੇ ਇਸ ਪ੍ਰਸ਼ਨ ਉਤੇ ਕੰਮ ਕੀਤਾ। ਆਪਣੀਆਂ ਸੋਧਾਂ ਰਾਹੀਂ ਵ. ਇ. ਲੈਨਿਨ ਇਨਕਲਾਬੀ ਮਾਰਕਸਵਾਦ ਦੀ ਭਾਵਨਾ ਅਨੁਸਾਰ ਪ੍ਰਸਤਾਵ ਦੇ ਖਰੜੇ ਵਿਚ ਬੁਨਿਆਦੀ ਤਬਦੀਲੀਆਂ ਕਰਨ ਵਿਚ ਸਫ਼ਲ ਹੋਇਆ। ਇਹ ਮਹਤਵਪੂਰਨ ਮੁਖ ਨੁਕਤਾ ਪ੍ਰਸਤਾਵ ਵਿਚ ਸ਼ਾਮਲ ਕੀਤਾ ਗਿਆ: "ਜੇ ਜੰਗ ਛਿੜ ਪਵੇ, ਤਾਂ ਉਹਨਾਂ ਨੂੰ (ਵਖੋ ਵਖਰੇ ਦੇਸਾਂ ਦੀ ਮਜ਼ਦੂਰ ਜਮਾਤ ਅਤੇ ਇਸਦੇ ਪਾਰਲੀਮੈਂਟਰੀ ਪ੍ਰਤਿਨਿਧਾਂ ਨੂੰ — **ਸੰਪਾ**:)... ਜੰਗ ਨਾਲ ਪੈਦਾ ਹੁੰਦੇ ਆਰਥਕ ਅਤੇ ਰਾਜਨੀਤਕ ਸੰਕਟ ਤੋਂ ਜਨਤਾ ਵਿਚ ਹਲਚਲ ਪੈਦਾ ਕਰਨ ਲਈ ਅਤੇ ਸਰਮਾਇਦਾਰ ਜਮਾਤ ਦੇ ਗ਼ਲਬੇ ਦੇ ਖ਼ਤਮ ਹੋਣ ਵਿਚ

ਤੇਜ਼ੀ ਲਿਆਉਣ ਲਈ ਹਰ ਤਰ੍ਹਾਂ ਲਾਭ ਉਠਾਉਣਾ ਚਾਹੀਦਾ ਹੈ।" ("ਪਰੋਲੇਤਾਰੀ" ਨੰ: ੧੭, ੨੦ ਅਕਤੂਬਰ, ੧੯੦੭, ਪੰਨਾ ੬)

**ਕੌਮਾਂਤਰੀ ਸੋਸ਼ਲਿਸਟ ਕਾਂਗਰਸ** (ਦੂਜੀ ਇੰਟਰਨੈਸ਼ਨਲ ਦੀ ਅਠ੍ਹਵੀਂ ਕਾਂਗਰਸ) ੨੮ ਅਗਸਤ ਤੋਂ ੯ ਸਤੰਬਰ ੧੯੧੦ ਤਕ **ਕੋਪਨਹੈਗਨ ਵਿਖੇ** ਹੋਈ।

ਯੁਧ ਵਿਰੁਧ ਘੋਲ ਸੰਬੰਧੀ ਪ੍ਰਸਤਾਵ ਵਿਚ ਕਾਂਗਰਸ ਨੇ ਸਟੁਟਗਾਰਟ ਕਾਂਗਰਸ (੧੯੦੭) ਦੇ ਪ੍ਰਸਤਾਵ ਦੀ ਪ੍ਰੌੜ੍ਹਤਾ ਕੀਤੀ, ਜਿਸ ਵਿਚ ਵ. ਇ. ਲੈਨਿਨ ਅਤੇ ਰ. ਲਕਸਮਬੁਰਗ ਵਲੋਂ ਤਜਵੀਜ਼ ਕੀਤੀਆਂ ਸੋਧਾਂ ਸ਼ਾਮਲ ਸਨ, ਜਿਨ੍ਹਾਂ ਵਿਚ ਸਭਨਾਂ ਦੇਸਾਂ ਦੇ ਸੋਸ਼ਲਿਸਟਾਂ ਤੋਂ ਮੰਗ ਕੀਤੀ ਗਈ ਸੀ ਕਿ ਉਹ ਯੁਧ ਕਾਰਨ ਸ਼ੁਰੂ ਹੋਏ ਆਰਥਕ ਅਤੇ ਰਾਜਸੀ ਸੰਕਟ ਨੂੰ ਬੁਰਜੂਆਜ਼ੀ ਦਾ ਤਖ਼ਤਾ ਉਲਟਣ ਲਈ ਵਰਤਣ। ਕੋਨਪਹੈਗਨ ਕਾਂਗਰਸ ਦੇ ਪ੍ਰਸਤਾਵ ਵਿਚ ਸਾਰੀਆਂ ਸੋਸ਼ਲਿਸਟ ਪਾਰਟੀਆਂ ਅਤੇ ਪਾਰਲੀਮੈਂਟਾਂ ਵਿਚ ਉਹਨਾਂ ਦੇ ਪ੍ਰਤਿਨਿਧਾਂ ਲਈ ਇਹ ਲਾਜ਼ਮੀ ਬਣਾਉਂਦਾ ਸੀ ਕਿ ਉਹ ਆਪਣੀਆਂ ਹਕੂਮਤਾਂ ਤੋਂ ਹਥਿਆਰ ਘਟਾਉਣ ਦੀ ਅਤੇ ਦੇਸਾਂ ਵਿਚਕਾਰ ਝਗੜਿਆਂ ਨੂੰ ਸਾਲਸੀ ਅਦਾਲਤ ਰਾਹੀਂ ਹਲ ਕਰਨ ਦੀ ਮੰਗ ਕਰਨ, ਪ੍ਰਸਤਾਵ ਸਾਰੇ ਦੇਸਾਂ ਦੇ ਕਿਰਤੀਆਂ ਨੂੰ ਸਦਾ ਦੇਂਦਾ ਕਿ ਉਹ ਭਾਵੀ ਯੁਧ ਵਿਰੁਧ ਰੋਸ ਪ੍ਰਦਰਸ਼ਨ ਕਰਨ।

**ਬਾਸਲ ਕਾਂਗਰਸ**—ਇਹ ਅਸਾਧਾਰਨ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਬਾਸਲ ਵਿਖੇ ੨੪-੨੫ ਨਵੰਬਰ ੧੯੧੨ ਨੂੰ ਹੋਈ। ਕਾਂਗਰਸ ਸੰਸਾਰ ਸਾਮਰਾਜੀ ਯੁਧ ਦੇ ਭਾਵੀ ਖ਼ਤਰੇ ਵਿਰੁਧ ਘੋਲ ਦੇ ਪ੍ਰਸ਼ਨ ਸੰਬੰਧੀ ਨਿਰਨਾ ਕਰਨ ਲਈ ਬੁਲਾਈ ਗਈ, ਜਿਸ ਯੁਧ ਦਾ ਖ਼ਤਰਾ ਪਹਿਲਾ ਬਲਕਾਨ ਯੁਧ ਸ਼ੁਰੂ ਹੋਣ ਪਿਛੋਂ ਵਧ ਗਿਆ ਸੀ।

ਅਕਤੂਬਰ ੧੯੧੨-੧੯੧੩—ਤੁਰਕੀ ਅਤੇ ਬਲਕਾਨ ਏਕੇ ਦੇ ਦੇਸਾਂ: ਬਲਗਾਰੀਆ, ਸਰਬੀਆ, ਚੇਰਨੋਗੋਰੀਆ ਅਤੇ ਯੂਨਾਨ ਵਿਚਕਾਰ ਯੁਧ। ਯੁਧ ਦਾ ਅੰਤ ਤੁਰਕੀ ਦੀ ਹਾਰ ਅਤੇ ਬਲਕਾਨ ਦੀਆਂ ਕੌਮਾਂ ਦੀ ਤੁਰਕੀ ਦੇ ਜੂਲੇ ਤੋਂ ਮੁਕਤੀ ਵਿਚ ਹੋਇਆ।

੨੫ ਨਵੰਬਰ ਨੂੰ **ਯੁਧ ਸੰਬੰਧੀ ਮੈਨੀਫ਼ੈਸਟੋ** ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ। ਮੈਨੀਫ਼ੈਸਟੋ ਨੇ ਜਨਤਾ ਨੂੰ ਭਾਵੀ ਯੁਧ ਦੇ ਖ਼ਤਰੇ ਵਿਰੁਧ ਚੇਤਾਉਣਾ ਦਿਤੀ। ਮੈਨੀਫ਼ੈਸਟੋ ਵਿਚ ਕਿਹਾ ਗਿਆ ਸੀ: "ਮਹਾਨ ਯੂਰਪੀ ਕੌਮਾਂ ਕਿਸੇ ਵੀ ਸਮੇਂ ਇਕ ਦੂਜੇ ਵਿਰੁਧ ਸੁਟੀਆਂ ਜਾ ਸਕਦੀਆਂ ਹਨ ਅਤੇ ਇਸ ਜੁਰਮ ਨੂੰ ਕਿਸੇ ਵੀ ਕੌਮੀ ਹਿਤ ਦੇ ਬਹਾਨੇ ਹਕੀ ਨਹੀਂ ਠਹਿਰਾਇਆ ਜਾ ਸਕਦਾ।... ਜੇ ਹਕੂਮਤਾਂ ਇਹ ਨਾ ਸਮਝਣ ਕਿ ਸੰਸਾਰ ਯੁਧ ਦੀ ਭਿਅੰਕਰਤਾ ਦਾ ਵਿਚਾਰ ਹੀ ਕਿਰਤੀ ਸ਼੍ਰੇਣੀ ਦਾ ਗ਼ੁਸਾ ਭੜਕਾ ਦੇਵੇਗਾ ਤਾਂ ਇਹ ਪਾਗਲਪੁਣਾ ਹੋਵੇਗਾ। ਸਰਮਾਏਦਾਰਾਂ

ਦੇ ਹਿਤਾਂ, ਹਾਕਮ ਵੰਸ਼ਾਂ ਦੀ ਲਾਲਸਾ ਅਤੇ ਗੁਪਤ ਰਾਜਦੂਤਕ ਸੰਧੀਆਂ ਦੀ ਹਮਾਇਤ ਵਿਚ ਇਕ ਦੂਜੇ ਵਿਰੁਧ ਗੋਲੀ ਚਲਾਉਣ ਨੂੰ ਪ੍ਰੋਲਤਾਰੀ ਇਕ ਜੁਰਮ ਸਮਝਣਗੇ।" (ਦੇਖੋ "Außerordentlicher Internationaler Sozialistenkongreß zu Basel, am 24 und 25. November 1912."Berlin, 1912, S. 23, 26)

ਦੂਜੀ ਇੰਟਰਨੈਸ਼ਨਲ ਦੇ ਆਗੂ (ਕਾਊਟਸਕੀ, ਵਾਂਡਰਵੇਲਡੇ, ਆਦਿ) ਨੇ ਇਸ ਕਾਂਗਰਸ ਵਿਚ ਯੁਧ-ਵਿਰੋਧੀ ਮੈਨੀਫ਼ੈਸਟੋ ਨੂੰ ਪਾਸ ਕਰਨ ਲਈ ਵੋਟਾਂ ਪਾਈਆਂ ਪਰ ਸੰਸਾਰ ਸਾਮਰਾਜੀ ਯਧ ਸ਼ੁਰੂ ਪਿਛੋਂ ਉਹ ਬਾਸਲ ਮੈਨੀਫ਼ੈਸਟੋ ਨੂੰ ਸਾਰੇ ਕੌਮਾਂਤਰੀ ਸੋਸ਼ਲਿਸਟ ਕਾਂਗਰਸਾਂ ਦੇ ਹੋਰ ਯੁਧ-ਵਿਰੋਧੀ ਮਤਿਆਂ ਵਾਂਗ ਭੁਲ ਗਏ ਅਤੇ ਆਪਣੀਆਂ ਸਾਮਰਾਜੀ ਹਕੂਮਤਾਂ ਦੇ ਪਖ ਲਿਆ।

ਪੰਨਾ ੩੧

27 **ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ** — ਵਿਗਿਆਨਕ ਕਮਿਊਨਿਜ਼ਮ ਦੀ ਪਹਿਲੀ ਕਾਰਜ-ਕ੍ਰਮੀ ਦਸਤਾਵੇਜ਼ ਜਿਸ ਵਿਚ ਮਾਰਕਸਵਾਦ ਦੇ ਮੁਖ ਵਿਚਾਰ ਦਿਤੇ ਗਏ ਸਨ, ਇਹ ੧੮੪੭ ਵਿਚ ਕ. ਮਾਰਕਸ ਅਤੇ ਫ਼. ਏਂਗਲਜ਼ ਨੇ ਲਿਖਿਆ।

ਪੰਨਾ ੩੨

28 **ਅਰਾਜਕਤਾਵਾਦੀ-ਸੰਘਵਾਦ** — ਅਰਾਜਕਤਾ ਦੇ ਵਿਚਾਰਧਾਰਕ ਅਤੇ ਰਾਜਸੀ ਪ੍ਰਭਾਵ ਅਧੀਨ ਕਿਰਤੀ ਸ਼੍ਰੇਣੀ ਲਹਿਰ ਵਿਚ ਮੁਹਾਣ।

ਅਰਾਜਕਤਾਵਾਦੀ-ਸੰਘਵਾਦੀ ਰਾਜਸੀ ਘੋਲ ਅਤੇ ਕਿਰਤੀਆਂ ਦੀ ਸੁਤੰਤਰ ਰਾਜਸੀ ਪਾਰਟੀ ਦੀ ਲੋੜ ਨੂੰ ਅਤੇ ਪ੍ਰੋਲਤਾਰੀ ਡਿਕਟੇਟਰੀ ਲਈ ਘੋਲ ਵੀ ਰੱਦ ਕਰਦੇ ਹਨ। ਉਹਨਾਂ ਦਾ ਆਸ਼ਾ ਸੰਘਾਂ (ਟਰੇਡ-ਯੂਨੀਅਨਾਂ) ਵਲੋਂ ਜਥੇਬੰਦ ਕੀਤੀ ਇਕ ਬਗ਼ਾਵਤ ਹੈ, ਜਿਸ ਲਈ ਰਾਜ ਅਤੇ ਰਾਜਸੀ ਸੱਤਾ ਨੂੰ ਤਬਾਹ ਕਰਨਾ ਅਤੇ ਅਜਿਹਾ ਸਮਾਜ ਸਥਾਪਤ ਕਰਨਾ ਲਾਜ਼ਮੀ ਹੈ ਜਿਸਦੀ ਅਗਵਾਈ ਉਤਪਾਦਨ ਅਤੇ ਉਪਜਾਂ ਦੀ ਵੰਡ ਦਾ ਪ੍ਰਬੰਧ ਕਰ ਰਹੇ ਸੰਘਾਂ ਦਾ ਸੰਘ ਕਰੇਗਾ।

ਪੰਨਾ ੩੨

29 **ਕੈਡਿਟ** — ਸੰਵਿਧਾਨਿਕ-ਜਨਵਾਦੀ ਪਾਰਟੀ ਦੇ ਮੈਂਬਰ, ਜੋ ਰੂਸ ਵਿਚ ਉਦਾਰਵਾਦੀ-ਸ਼ਾਹਪਸੰਦ ਬੁਰਜੂਆਜ਼ੀ ਦੀ ਸਿਰਕੱਢ ਪਾਰਟੀ ਸੀ। ਕੈਡਿਟਾਂ ਦੀ ਪਾਰਟੀ ਅਕਤੂਬਰ ੧੯੦੫ ਵਿਚ ਬਣਾਈ ਗਈ ਸੀ। ਇਸ ਵਿਚ ਬੁਰਜੂਆਜ਼ੀ, ਭੂਮੀਪਤੀਆਂ

ਅਤੇ ਬੁਰਜੂਆ ਬੁਧੀਮਾਨਾਂ ਦੇ ਪ੍ਰਤਿਨਿਧ ਸ਼ਾਮਲ ਸਨ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿਚ ਕੈਡਿਟਾਂ ਨੇ ਜ਼ਾਰਸ਼ਾਹੀ ਸਰਕਾਰ ਦੀ ਅਲਹਾਕਵਾਦੀ ਬਦੇਸ ਨੀਤੀ ਦੀ ਸਰਗਰਮ ਹਮਾਇਤ ਕੀਤੀ। ੧੯੧੭ ਦੇ ਫ਼ਰਵਰੀ ਬੁਰਜੂਆ ਜਮਹੂਰੀ ਇਨਕਲਾਬ ਦੇ ਸਮੇਂ ਵਿਚ ਉਹਨਾਂ ਨੇ ਇਕਪੁਰਖੀ ਰਾਜ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਆਰਜ਼ੀ ਬੁਰਜੂਆ ਸਰਕਾਰ ਵਿਚ ਜਿਹੜੀ ੧੯੧੭ ਦੇ ਫ਼ਰਵਰੀ ਬੁਰਜੂਆ ਡੈਮੋਕਰੈਟਿਕ ਇਨਕਲਾਬ ਤੋਂ ਪਿਛੋਂ ਕਾਇਮ ਕੀਤੀ ਗਈ ਉਘੀਆਂ ਥਾਵਾਂ ਮੱਲਦੇ ਹੋਏ ਕੈਡਿਟਾਂ ਨੇ ਲੋਕ-ਵਿਰੋਧੀ ਉਲਟ-ਇਨਕਲਾਬੀ ਨੀਤੀ ਨੂੰ ਅਮਲ ਵਿਚ ਲਿਆਂਦਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਪਿਛੋਂ ਉਹ ਸੋਵੀਅਤ ਸੱਤਾ ਦੇ ਕੱਟੜ ਦੁਸ਼ਮਣ ਬਣ ਗਏ, ਉਹਨਾਂ ਨੇ ਸਾਰੀਆਂ ਹਥਿਆਰਬੰਦ ਉਲਟ-ਇਨਕਲਾਬੀ ਕਾਰਵਾਈਆਂ ਵਿਚ ਅਤੇ ਬਦੇਸੀ ਦਖਲਅੰਦਾਜ਼ਾਂ ਦੇ ਹਮਲਿਆਂ ਵਿਚ ਹਿੱਸਾ ਲਿਆ।

ਪੰਨਾ ੩੨

[30] **ਨਰੋਦਨਿਕ** — ਰੂਸੀ ਇਨਕਲਾਬੀ ਲਹਿਰ ਦੇ ਅੰਦਰ ਨਿਕ-ਬੁਰਜੂਆ ਰੁਝਾਣ ਦੇ ਅਨੁਆਈ। ਇਹ ਰੁਝਾਣ ੧੮੬੦ ਵਿਆਂ ਅਤੇ ੧੮੭੦ ਵਿਆਂ ਵਿਚ ਹੋਂਦ ਵਿਚ ਆਇਆ। ਉਹ ਜ਼ਾਰਸ਼ਾਹੀ ਨੂੰ ਖ਼ਤਮ ਕਰਨ ਅਤੇ ਭੂਮੀਪਤੀ ਜਾਗੀਰਾਂ ਕਿਸਾਨਾਂ ਦੇ ਹਵਾਲੇ ਕਰਨ ਦਾ ਨਿਸ਼ਾਨਾ ਰਖਦੇ ਸਨ। ਇਸਦੇ ਨਾਲ ਹੀ ਉਹ ਰੂਸ ਵਿਚ ਸਰਮਾਇਦਾਰੀ ਦੇ ਵਿਕਾਸ ਦੀ ਅਟੱਲਤਾ ਤੋਂ ਇਨਕਾਰ ਕਰਦੇ ਸਨ ਅਤੇ ਇਸਦੇ ਸਿੱਟੇ ਵਜੋਂ ਕਿਸਾਨੀ ਨੂੰ, ਨਾ ਕਿ ਪ੍ਰੋਲਤਾਰੀ ਨੂੰ ਮੁਖ ਇਨਕਲਾਬੀ ਸ਼ਕਤੀ ਸਮਝਦੇ ਸਨ ਅਤੇ ਪੇਂਡੂ ਕਮਿਊਨ ਨੂੰ ਭਵਿੱਖ ਦੇ ਸੋਸ਼ਲਿਸਟ ਸਮਾਜ ਦਾ ਕੇਂਦਰਿਕ ਮੰਨਦੇ ਸਨ। ਉਹ ਜ਼ਾਰਸ਼ਾਹੀ ਦੇ ਖ਼ਿਲਾਫ਼ ਘੋਲ ਲਈ ਕਿਸਾਨਾਂ ਨੂੰ ਉਭਾਰਨ ਵਾਸਤੇ ਲੋਕਾਂ (ਰੂਸੀ ਵਿਚ ਨਾਰੋਦ ਦੇ ਅਰਥ ਹਨ ਲੋਕ) ਵਿਚਕਾਰ, ਪਿੰਡਾਂ ਵੱਲ ਗਏ, ਪਰ ਉਹਨਾਂ ਤੋਂ ਉਹਨਾਂ ਨੂੰ ਕੋਈ ਹਮਾਇਤ ਨਾ ਮਿਲੀ।

ਨਰੋਦਨਿਕਾਂ ਦਾ ਸੋਸ਼ਲਿਜ਼ਮ ਯੂਟੋਪੀਆਈ ਸੋਸ਼ਲਿਜ਼ਮ ਸੀ, ਕਿਉਂਕਿ ਇਹ ਸਮਾਜ ਦੇ ਅਸਲੀ ਵਿਕਾਸ ਉਤੇ ਆਧਾਰਤ ਨਹੀਂ ਸੀ।

ਨਰੋਦਵਾਦ ਕਈ ਪੜਾਵਾਂ ਵਿਚੋਂ ਲੰਘਿਆ, ਅਤੇ ਇਨਕਲਾਬੀ ਜਮਹੂਰੀਅਤਵਾਦ ਤੋਂ ਟੁਰਦਾ ਹੋਇਆ ਉਦਾਰਵਾਦ ਤੱਕ ਪੁਜ ਗਿਆ।

੧੯ ਵੀਂ ਸਦੀ ਦੇ ੮੦ਵਿਆਂ ਤੇ ੯੦ਵਿਆਂ ਵਿਚ ਨਰੋਦਨਿਕਾਂ ਨੇ ਜ਼ਾਰਸ਼ਾਹੀ ਨੂੰ ਇਨਕਲਾਬੀ ਢੰਗ ਨਾਲ ਉਲਟਾਉਣ ਲਈ ਘੋਲ ਛੱਡ ਦਿਤਾ; ਸੁਧਾਰਵਾਦ ਵੱਲ ਚਲੇ ਗਏ, ਤੇ ਮਾਰਕਸਵਾਦ ਦੇ ਖ਼ਿਲਾਫ਼ ਘੋਲ ਕਰਨ ਲੱਗੇ।

ਪੰਨਾ ੩੨

[31] **ਸੋਸ਼ਲਿਸਟ-ਇਨਕਲਾਬੀ** — ਰੂਸ ਵਿਚ ਨਿਕ-ਬੁਰਜੂਆ ਪਾਰਟੀ ਦੇ ਮੈਂਬਰ; ਇਹ ਪਾਰਟੀ ੧੯੦੧ ਦੇ ਅਖ਼ੀਰ ਅਤੇ ੧੯੦੨ ਦੇ ਸ਼ੁਰੂ ਵਿਚ ਵੱਖ ਵੱਖ ਨਰੋਦਨਿਕ ਟੋਲਿਆਂ ਅਤੇ ਹਲਕਿਆਂ ਦੇ ਆਪਸ ਵਿਚ ਮਿਲ ਜਾਣ ਦੇ ਸਿੱਟੇ ਵਜੋਂ ਹੋਂਦ ਵਿਚ ਆਈ। ਪਹਿਲੀ ਸੰਸਾਰ ਜੰਗ ਦੇ ਦੌਰਾਨ (੧੯੧੪-੧੯੧੮) ਸੋਸ਼ਲਿਸਟ-ਇਨਕਲਾਬੀਆਂ ਦੀ ਬਹੁ-ਗਿਣਤੀ ਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।

ਫ਼ਰਵਰੀ ੧੯੧੭ ਦੇ ਬੁਰਜੂਆ ਜਮਹੂਰੀ ਇਨਕਲਾਬ ਤੋਂ ਪਿਛੋਂ ਮੈਨਸ਼ਵਿਕਾਂ ਨਾਲ ਮਿਲ ਕੇ ਸੋਸ਼ਲਿਸਟ-ਇਨਕਲਾਬੀਆਂ ਨੇ ਉਲਟ-ਇਨਕਲਾਬੀ ਬੁਰਜੂਆ ਭੂਮੀਪਤੀ ਆਰਜ਼ੀ ਸਰਕਾਰ ਲਈ ਮੁਖ ਟੇਕ ਪ੍ਰਯਾਪਤ ਕੀਤੀ ਅਤੇ ਉਹਨਾਂ ਦੇ ਆਗੂ (ਅਵਕਸੇਂਤੀਏਵ, ਕੇਰੇਂਸਕੀ ਅਤੇ ਚੇਰਨੋਵ) ਇਸਦੇ ਮੈਂਬਰਾਂ ਵਿਚ ਸਨ।

ਨਵੰਬਰ ੧੯੧੭ ਦੇ ਅਖ਼ੀਰ ਵਿਚ ਪਾਰਟੀ ਦੇ ਖੱਬੇ ਧੜੇ ਨੇ ਸਵੈਧੀਨ ਪਾਰਟੀ ਬਣਾ ਲਈ। (ਦੇਖੋ ਨੋਟ ਨੰ. ੧੬੩)

ਬਦੇਸੀ ਫ਼ੌਜੀ ਦਖ਼ਲ ਅਤੇ ਘਰੇਲੂ ਜੰਗ (੧੯੧੮-੨੨) ਦੇ ਦੌਰਾਨ ਸੋਸ਼ਲਿਸਟ-ਇਨਕਲਾਬੀਆਂ ਨੇ ਉਲਟ-ਇਨਕਲਾਬੀ ਭੰਨ-ਤੋੜ ਵਿਚ ਹਿੱਸਾ ਲਿਆ ਅਤੇ ਉਲਟ-ਇਨਕਲਾਬੀ ਸਾਜ਼ਸ਼ਾਂ ਵਿਚ ਹਿੱਸਾ ਲੈਂਦਿਆਂ ਅਤੇ ਸੋਵੀਅਤ ਰਾਜ ਅਤੇ ਕਮਿਊਨਿਸਟ ਪਾਰਟੀ ਦੇ ਆਗੂਆਂ ਦੇ ਖ਼ਿਲਾਫ਼ ਯਰਕਾਊ ਕਾਰਵਾਈਆਂ ਜਥੇਬੰਦ ਕਰਦਿਆਂ, ਉਹਨਾਂ ਨੇ ਦਖ਼ਲਅੰਦਾਜ਼ਾਂ ਅਤੇ ਸਫ਼ੇਦ-ਗਾਰਦਾਂ ਦੀ ਸਰਗਰਮ ਸਹਾਇਤਾ ਕੀਤੀ। ਘਰੇਲੂ ਜੰਗ ਤੋਂ ਪਿਛੋਂ ਉਹਨਾਂ ਨੇ ਦੇਸ ਦੇ ਅੰਦਰ ਅਤੇ ਬਦੇਸਾਂ ਵਿਚ, ਸਫ਼ੇਦ-ਗਾਰਦ ਪਰਵਾਸੀਆਂ ਵਿਚ ਆਪਣੀਆਂ ਵਿਰੋਧੀ ਸਰਗਰਮੀਆਂ ਜਾਰੀ ਰਖੀਆਂ।

ਪੰਨਾ ੩੨

[32] ਇਥੇ ਇਸ਼ਾਰਾ "ਜੰਗ ਬਾਰੇ ਮੈਨੀਫ਼ੈਸਟੋ" ਵੱਲ ਹੈ ਜਿਹੜਾ ਬਾਸਲ ਵਿਚ ਅਸਾਧਾਰਨ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਵਲੋਂ ਪ੍ਰਵਾਨ ਕੀਤਾ ਗਿਆ। (ਵੇਖੋ ਨੋਟ ਨੰ. ੨੯)।

ਪੰਨਾ ੩੪

[33] **ਬਰਤਾਨਵੀ ਸੋਸ਼ਲਿਸਟ ਪਾਰਟੀ** (British Socialist Party) ਦੀ ਨੀਂਹ ੧੯੧੧ ਵਿਚ ਮਾਨਚੈਸਟਰ ਵਿਚ ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਦੂਜੇ ਸੋਸ਼ਲਿਸਟ ਗਰੁੱਪਾਂ ਦੇ ਮਿਲ ਜਾਣ ਦੇ ਸਿੱਟੇ ਵਜੋਂ ਰੱਖੀ ਗਈ। ਇਹ ਮਾਰਕਸਵਾਦ ਦੀ ਭਾਵਨਾ ਨਾਲ ਪ੍ਰਚਾਰ ਕਰਦੀ ਸੀ, ਅਤੇ, ਲੈਨਿਨ ਦੇ ਸ਼ਬਦਾਂ ਵਿਚ, "ਇਹ ਮੌਕਾਪ੍ਰਸਤ ਨਹੀਂ ਸੀ ਸਗੋਂ **ਸਚਮੁਚ** ਉਦਾਰਵਾਦੀਆਂ ਤੋਂ ਆਜ਼ਾਦ ਸੀ" (ਸੰਗ੍ਰਹਿਤ ਕਿਰਤਾਂ, ਪੰਜਵੀਂ ਛਾਪ, ਸੈਂਚੀ ੨੩, ਪੰਨਾ ੩੪੪)। ਪਰ ਇਸਦੀ ਥੋਹੜੀ ਜਿਹੀ

ਮੈਂਬਰਸ਼ਿਪ ਅਤੇ ਜਨਤਾ ਨਾਲ ਕਮਜ਼ੋਰ ਸੰਪਰਕਾਂ ਨੇ ਇਸਨੂੰ ਕੱਟੜਵਾਦੀ ਖ਼ਾਸਾ ਦੇ ਦਿਤਾ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੌਮਾਂਤਰੀਵਾਦੀ ਧੜੇ, ਅਤੇ ਸਮਾਜੀ-ਅੰਧਰਾਸ਼ਟਰਵਾਦੀ ਧੜੇ, ਜਿਸਦੀ ਅਗਵਾਈ ਹਿੰਡਮਨ ਕਰਦਾ ਸੀ, ਵਿਚਕਾਰ ਤੀਖਣ ਘੋਲ ਚਲਦਾ ਰਿਹਾ। ਅਪਰੈਲ ੧੯੧੬ ਵਿਚ ਸਾਲਫ਼ੋਰਡ ਵਿਚ ਹੋਈ ਬਰਤਾਨਵੀ ਸੋਸ਼ਲਿਸਟ ਪਾਰਟੀ ਦੀ ਸਾਲਾਨਾ ਕਾਨਫ਼ਰੰਸ ਨੇ ਹਿੰਡਮਨ ਅਤੇ ਉਸਦੇ ਹਮਾਇਤੀਆਂ ਦੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੀ ਨਖੇਧੀ ਕੀਤੀ, ਜਿਹੜੇ ਪਿਛੋਂ ਪਾਰਟੀ ਵਿਚੋਂ ਨਿਕਲ ਗਏ।

ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਰੂਸ ਵਿਚ ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਸੁਆਗਤ ਕੀਤਾ ਅਤੇ ਇਸਦੇ ਮੈਂਬਰ ਬਦੇਸੀ ਦਖ਼ਲ ਦੇ ਖ਼ਿਲਾਫ਼ ਸੋਵੀਅਤ ਰੂਸ ਦੀ ਰਾਖੀ ਵਿਚ ਅੰਗ੍ਰੇਜ਼ ਮਜ਼ਦੂਰ ਲੋਕਾਂ ਦੀ ਲਹਿਰ ਵਿਚ ਉਘੀ ਥਾਂ ਰਖਦੇ ਸਨ। ੧੯੧੯ ਵਿਚ ਪਾਰਟੀ ਦੀ ਬਹੁ-ਗਿਣਤੀ ਸ਼ਾਖਾਂ ਨੇ (੪ ਦੇ ਖ਼ਿਲਾਫ਼ ੯੮) ਕਮਿਊਨਿਸਟ ਇੰਟਰਨੈਸ਼ਨਲ ਨਾਲ ਸੰਬੰਧ ਜੋੜਨ ਦੇ ਹੱਕ ਵਿਚ ਵੋਟ ਪਾਇਆ। ਕਮਿਊਨਿਸਟ ਏਕਤਾ ਗਰੁੱਪ ਦੇ ਨਾਲ ਮਿਲ ਕੇ ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਬਰਤਾਨਵੀ ਕਮਿਊਨਿਸਟ ਪਾਰਟੀ ਦੀ ਬੁਨਿਆਦ ਰੱਖਣ ਵਿਚ ਵੱਡਾ ਹਿੱਸਾ ਪਾਇਆ।

ਪੰਨਾ ੩੬

[34] ਦੇਖੋ ਨੋਟ ਨੰ. ੧੪।

ਪੰਨਾ ੩੬

[35] ਇਥੇ ਇਸ਼ਾਰਾ **ਅਤਾਲਵੀ ਸੋਸ਼ਲਿਸਟ ਪਾਰਟੀ** ਵੱਲ ਹੈ। ੧੮੯੨ ਵਿਚ ਪਾਰਟੀ ਦੀ ਬੁਨਿਆਦ ਰੱਖੇ ਜਾਣ ਦੇ ਸਮੇਂ ਤੋਂ ਹੀ ਮੌਕਾਪ੍ਰਸਤ ਅਤੇ ਇਨਕਲਾਬੀ ਧੜਿਆਂ ਵਿਚਕਾਰ ਤੀਖਣ ਘੋਲ ਚਲਦਾ ਰਿਹਾ, ਜਿਹੜੇ ਪਾਰਟੀ ਦੀ ਨੀਤੀ ਅਤੇ ਦਾਅ-ਪੇਚਾਂ ਦੇ ਸਵਾਲਾਂ ਉਤੇ ਮਤਭੇਦ ਰਖਦੇ ਸਨ। ੧੯੧੨ ਵਿਚ ਰੇਜੀਓ-ਏਮੀਲੀਆ ਵਿਚ ਹੋਈ ਕਾਂਗਰਸ ਵਿਚ ਖੁਲ੍ਹਮ-ਖੁਲ੍ਹਾ ਸੁਧਾਰਵਾਦੀਆਂ ਨੂੰ, ਜਿਹੜੇ ਸਾਮਰਾਜੀ ਜੰਗ ਦਾ, ਅਤੇ ਸਰਕਾਰ ਨਾਲ ਅਤੇ ਬੁਰਜੂਆਜ਼ੀ ਨਾਲ ਮਿਲਵਰਤਨ ਦੀ ਨੀਤੀ ਦਾ ਸਮਰਥਨ ਕਰਦੇ ਸਨ (ਬੋਨੋਮੀ, ਬਿਸੋਲਾਤੀ), ਖੱਬ-ਪਖੀਆਂ ਦੇ ਦਬਾ ਹੇਠ ਪਾਰਟੀ ਵਿਚੋਂ ਕੱਢ ਦਿਤਾ ਗਿਆ। ਜੰਗ ਛਿੜਣ ਤੋਂ ਪਹਿਲਾਂ ਅਤੇ ਇਸ ਵਿਚ ਇਟਲੀ ਦੇ ਸ਼ਾਮਲ ਹੋਣ ਤੋਂ ਪਹਿਲਾਂ, ਪਾਰਟੀ ਨੇ ਜੰਗ-ਵਿਰੋਧੀ ਸਟੈਂਡ ਲਿਆ। ਦਸੰਬਰ ੧੯੧੪ ਵਿਚ ਪਾਰਟੀ ਨੇ ਭਗੌੜਿਆਂ ਦੇ ਟੋਲੇ (ਮੁਸੋਲੀਨੀ ਆਦਿ) ਨੂੰ ਕੱਢ ਦਿਤਾ ਜਿਹੜੇ ਬੁਰਜੂਆਜ਼ੀ ਦੀ ਸਾਮਰਾਜੀ ਨੀਤੀ ਦਾ ਸਮਰਥਨ ਕਰਦੇ ਸਨ ਅਤੇ

ਇਟਲੀ ਦੇ ਜੰਗ ਵਿਚ ਸ਼ਾਮਲ ਹੋਣ ਦੇ ਹੱਕ ਵਿਚ ਸਨ। ਇਟਲੀ ਦੇ ਸੋਸ਼ਲਿਸਟਾਂ ਨੇ ੧੯੧੪ ਵਿਚ ਲੂਗਾਨੋ ਵਿਖੇ ਸਵਿਸ ਸੋਸ਼ਲਿਸਟਾਂ ਨਾਲ ਮਿਲ ਕੇ ਕਾਨਫ਼ਰੰਸ ਕੀਤੀ, ਜ਼ਿੱਮਰਵਾਲਡ (੧੯੧੫) ਅਤੇ ਕੈਂਥਲ (੧੯੧੬) ਵਿਚ ਹੋਈਆਂ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸਾਂ ਵਿਚ ਸਰਗਰਮ ਹਿੱਸਾ ਲਿਆ। ਪਰ ਸਮੁੱਚੇ ਤੌਰ ਉਤੇ ਪਾਰਟੀ ਵਿਚਾਲ-ਪੰਥੀ ਸੀ। ਮਈ ੧੯੧੫ ਵਿਚ, ਇਟਲੀ ਦੇ ਇਤਿਹਾਦੀ ਤਾਕਤਾਂ ਵਾਲੇ ਪਾਸੇ ਜੰਗ ਵਿਚ ਸ਼ਾਮਲ ਹੋਣ ਪਿਛੋਂ (ਵੇਖੋ ਨੋਟ ੪੯), ਅਤਾਲਵੀ ਸੋਸ਼ਲਿਸਟ ਪਾਰਟੀ ਨੇ ਸਾਮਰਾਜੀ ਜੰਗ ਦੇ ਖ਼ਿਲਾਫ਼ ਆਪਣੀ ਲੜਾਈ ਛੱਡ ਦਿਤੀ ਅਤੇ "ਨਾ ਜੰਗ ਵਿਚ ਸ਼ਾਮਲ ਹੋਵੋ, ਨਾ ਇਸਨੂੰ ਸਾਬੋਤਾਜ ਕਰੋ" ਦਾ ਨਾਅਰਾ ਪੇਸ਼ ਕੀਤਾ, ਜਿਸਦਾ ਮਤਲਬ ਅਸਲ ਵਿਚ ਇਸਦੀ ਹਮਾਇਤ ਕਰਨਾ ਸੀ।

"Avanti" ("ਅੱਗੇ ਵਧੋ!")—ਅਤਾਲਵੀ ਸੋਸ਼ਲਿਸਟ ਪਾਰਟੀ ਦਾ ਕੇਂਦਰੀ ਅਖ਼ਬਾਰ ਜਿਹੜਾ ਦਸੰਬਰ ੧੮੯੬ ਵਿਚ ਸ਼ੁਰੂ ਹੋਇਆ। ਪਹਿਲੀ ਸੰਸਾਰ ਜੰਗ (੧੯੧੪-੧੯੧੮) ਦੇ ਦੌਰਾਨ ਇਹ ਅਖ਼ਬਾਰ ਆਪਣੀ ਨੀਤੀ ਵਿਚ ਇਕਸਾਰ ਕੌਮਾਂਤਰੀਵਾਦੀ ਨਹੀਂ ਸੀ।

ਪੰਨਾ ੩੭

36 **ਖ਼ਾਤਮੇਵਾਦੀ**—ਪਿਛਾਖੜ ਦੇ ਦੌਰ ਵਿਚ, ਜਿਹੜਾ ੧੯੦੫-੧੯੦੭ ਦੇ ਇਨਕਲਾਬ ਦੀ ਹਾਰ ਪਿਛੋਂ ਸ਼ੁਰੂ ਹੋਇਆ, ਮੈਨਸ਼ਵਿਕਾਂ ਵਿਚਕਾਰ ਮੌਕਾਪ੍ਰਸਤ ਰੁਝਾਣ ਦੇ ਹਮਾਇਤੀ। ਉਹ ਪ੍ਰੋਲਤਾਰੀ ਦੀ ਇਨਕਲਾਬੀ ਗ਼ੈਰ-ਕਾਨੂੰਨੀ ਪਾਰਟੀ ਨੂੰ ਖ਼ਤਮ ਕਰਨ ਉਤੇ ਅਤੇ ਇਸਦੀ ਥਾਂ ਜ਼ਾਰਸ਼ਾਹੀ ਹੇਠ ਕਾਨੂੰਨੀ ਤੌਰ ਉਤੇ ਕੰਮ ਕਰਦੀ ਮੌਕਾਪ੍ਰਸਤ ਪਾਰਟੀ ਨੂੰ ਦੇਣ ਉਤੇ ਜ਼ੋਰ ਦੇਂਦੇ ਸਨ। ਰੂ:ਸੋ:ਡੈ.ਲੇ.ਪਾ. ਪਰਾਗ ਕਾਨਫ਼ਰੰਸ ਨੇ, ਜਿਹੜੀ ਜਨਵਰੀ ੧੯੧੨ ਵਿਚ ਹੋਈ, ਉਹਨਾਂ ਨੂੰ ਪਾਰਟੀ ਵਿਚੋਂ ਕੱਢ ਦਿਤਾ।

ਪੰਨਾ ੩੭

37 "**ਗੋਲੋਸ**" ("ਆਵਾਜ਼")—ਮੈਨਸ਼ਵਿਕ ਰੋਜ਼ਾਨਾ ਅਖ਼ਬਾਰ ਜਿਹੜਾ ਸਤੰਬਰ ੧੯੧੪ ਤੋਂ ਜਨਵਰੀ ੧੯੧੫ ਤੱਕ ਪੈਰਿਸ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਲ. ਟਰਾਟਸਕੀ ਇਸ ਅਖ਼ਬਾਰ ਦੀ ਜਿੰਦ ਜਾਨ ਸੀ। ਇਸਦੀ ਨੀਤੀ ਖ਼ਾਸੇ ਵਿਚ ਵਿਚਾਲਪੰਥੀ ਸੀ। ਪਹਿਲੀ ਸਾਮਰਾਜੀ ਜੰਗ (੧੯੧੪-੧੯੧੮) ਦੇ ਮੁਢਲੇ ਦਿਨਾਂ ਵਿਚ ਇਸਨੇ ਮਾਰਤੋਵ ਦੇ ਕਈ ਲੇਖ ਛਾਪੇ ਜਿਹੜੇ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਖ਼ਿਲਾਫ਼ ਜਾਂਦੇ ਸਨ, ਪਰ ਮਾਰਤੋਵ ਦੇ ਸੱਜੇ-ਪੜੇ ਵੱਲ

ਚਲੇ ਜਾਣ ਤੋਂ ਪਿਛੋਂ, ਇਹ ਦਿਨੋ ਦਿਨ ਵਧੇਰੇ ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਲੈਂਦਾ ਗਿਆ।

ਪੰਨਾ ੩੭

[38] ਦੇਖੋ ਨੋਟ ਨੰ. ੧੬।

ਪੰਨਾ ੩੭

[39] ਪਹਿਲੇ ਸੰਸਾਰ ਯੁਧ ਦੇ ਸਮੇਂ ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀਆਂ ਬਦੇਸੀ ਜਥੇਬੰਦੀਆਂ ਦੀ ਕਮੇਟੀ ਦੇ, ਜਿਹੜੀ ਪੈਰਿਸ ਵਿਖੇ ਸਥਿਤ ਸੀ, ਮੈਂਬਰਾਂ ਦੇ ਇਕ ਹਿੱਸੇ ਨੇ ਅਤੇ ਪੈਰਿਸ ਦੇ ਬਾਲਸ਼ਵਿਕਾਂ ਦੇ ਗਰੁਪ ਦੇ ਇਕ ਹਿੱਸੇ ਨੇ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨਾਲ ਮਿਲਕੇ "ਰੂਸੀ-ਰਾਜਵਾਦੀਆਂ" ਵਲੋਂ ਇਕ ਐਲਾਨ ਜਾਰੀ ਕੀਤਾ ਜਿਹੜਾ ਫ਼ਰਾਂਸੀਸੀ ਪਰੈਸ ਵਿਚ ਪ੍ਰਕਾਸ਼ਤ ਕੀਤਾ ਗਿਆ ਅਤੇ ਮੋਰਚੇ ਉਤੇ ਚਲੇ ਗਏ। "L'Humanité" ਨੇ ਮੋਰਚੇ ਉਤੇ ਜਾਣ ਲਈ ਆਪਣੀਆਂ ਸੇਵਾਵਾਂ ਪੇਸ਼ ਕਰਨ ਵਾਲੇ ਪੋਲਿਸਤਾਨੀ ਸੋਸ਼ਲ-ਡੈਮੋਕ੍ਰੈਟਾਂ ਵਲੋਂ ਜਾਰੀ ਕੀਤਾ ਇਕ ਬਿਆਨ ਵੀ ਜਾਰੀ ਕੀਤਾ।

ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀ ਬਦੇਸੀ ਜਥੇਬੰਦੀਆਂ ਦੀ ਕਮੇਟੀ, ਬਾਲਸ਼ਵਿਕਾਂ ਦੇ ਬਦੇਸੀ ਗਰੁੱਪਾਂ ਉਤੇ ਕੰਟਰੋਲ ਕਰਨ ਵਾਲੀ ਸੰਸਥਾ, ਦੀ ਸਥਾਪਤੀ ਕਾਂਗਰਸ (ਜਨੇਵਾ, ੧੫-੧੯ ਮਾਰਚ, ੧੯੦੫) ਨੇ ਕਾਇਮ ਕੀਤੀ ਜਿਸਨੇ ਉਹਨਾਂ ਨੂੰ ਇਕ ਜਥੇਬੰਦੀ ਵਿਚ ਇਕ-ਮੁਠ ਕਰ ਦਿਤਾ।

ਪੰਨਾ ੩੮

[40] ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀ ਸਹਾਇਤਾ ਕਰਨ ਵਾਲਾ **ਪੈਰਿਸ ਹਿੱਸਾ** ਜਾਂ ਗਰੁੱਪ ੫(੧੮) ਨਵੰਬਰ ੧੯੦੮ ਨੂੰ ਸਥਾਪਤ ਕੀਤਾ ਗਿਆ। ਪੈਰਿਸ ਹਿੱਸਾ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਉਤੇ ਖੜਾ ਰਿਹਾ ਅਤੇ ਵ. ਇ. ਲੈਨਿਨ ਦੀ ਅਗਵਾਈ ਹੇਠ ਸਰਗਰਮੀ ਨਾਲ ਸਾਮਰਾਜੀ ਯੁਧ ਅਤੇ ਮੌਕਾਪ੍ਰਸਤਾਂ ਵਿਰੁਧ ਲੜਿਆ।

ਪੰਨਾ ੩੮

[41] ਇਥੇ ਇਸ਼ਾਰਾ **ਜੰਗ ਬਾਰੇ ਥੀਸਿਸ** ("ਜੰਗ ਵਿਚ ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਕਰਤੱਵ") ਵੱਲ ਹੈ, ਜੋ ਕਿ ਸੰਸਾਰ ਸਾਮਰਾਜੀ ਜੰਗ ਵੱਲ ਬਾਲਸ਼ਵਿਕ ਪਾਰਟੀ ਅਤੇ ਕੌਮਾਂਤਰੀ ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਵਤੀਰੇ ਦਾ ਨਿਸ਼ਚਿਤ

ਬਿਆਨ ਕਰਦੀ ਪਹਿਲੀ ਦਸਤਾਵੇਜ਼ ਸੀ। ਲੈਨਿਨ ਨੇ ਇਹ ਥੀਸਿਸ ਸਤੰਬਰ ੧੯੧੪ ਦੇ ਸ਼ੁਰੂ ਵਿਚ ਲਿਖੇ ਸਨ।

੬ ਸਤੰਬਰ (ਨਵੀਂ ਜੰਤਰੀ ਅਨੁਸਾਰ — **ਸੰਪਾ**:), ੧੯੧੪ ਨੂੰ ਪੋਰੋਨਿਨ (ਆਸਟਰੀਆ-ਹੰਗਰੀ) ਤੋਂ ਬਰਨ (ਸਵਿਟਜ਼ਰਲੈਂਡ) ਪੁੱਜਣ ਪਿਛੋਂ ਲੈਨਿਨ ਨੇ ਬਾਲਸ਼ਵਿਕ ਪਰਵਾਸੀਆਂ ਦੇ ਬਰਨ ਗਰੁੱਪ ਦੀ ਮੀਟਿੰਗ ਵਿਚ ਜੰਗ ਵੱਲ ਇਸ ਵਤੀਰੇ ਬਾਰੇ ਇਕ ਰਪੋਰਟ ਪੇਸ਼ ਕੀਤੀ, ਜਿਸ ਵਿਚ ਉਹਨਾਂ ਨੇ "ਜੰਗ ਬਾਰੇ ਥੀਸਿਸ" ਵਿਚ ਸੂਤ੍ਰਿਤ ਪ੍ਰਸਤਾਵਾਂ ਨੂੰ ਪੇਸ਼ ਕੀਤਾ ਅਤੇ ਉਹਨਾਂ ਦੀ ਵਿਆਖਿਆ ਕੀਤੀ। ਪੂਰੀ ਬਹਿਸ ਤੋਂ ਪਿਛੋਂ ਇਸ ਮੀਟਿੰਗ ਨੇ ਇਹਨਾਂ ਥੀਸਿਸਾਂ ਨੂੰ ਆਪਣੇ ਮਤੇ ਵਜੋਂ ਪ੍ਰਵਾਨ ਕਰ ਲਿਆ। "ਰੂ:ਸੋ:ਡੈ:ਲੇ:ਪਾ: ਦੇ ਮੈਂਬਰਾਂ, ਸੋਸ਼ਲ-ਡੈਮੋਕਰੈਟਾਂ ਦੇ ਗਰੁੱਪ" ਦੇ ਦਸਖ਼ਤਾਂ ਹੇਠ ਇਹ ਥੀਸਿਸ ਬਦੇਸਾਂ ਵਿਚ ਹੋਰ ਬਾਲਸ਼ਵਿਕ ਗਰੁੱਪਾਂ ਵਿਚ ਫੇਰੇ ਗਏ।

ਇਹ ਥੀਸਿਸ ਕੇਂਦਰੀ ਕਮੇਟੀ ਦੇ ਰੂਸੀ ਹਿੱਸੇ ਦੇ, ਚੌਥੀ ਦੂਮਾ ਵਿਚ ਬਾਲਸ਼ਵਿਕ ਗਰੁੱਪ ਅਤੇ ਪਾਰਟੀ ਜਥੇਬੰਦੀਆਂ ਦੇ ਵਿਚਾਰ ਕਰਨ ਲਈ ਰੂਸ ਵੀ ਭੇਜੇ ਗਏ। ਰੂਸ ਵਿਚ ਇਹ ਵਿਸ਼ਾਲ ਪੈਮਾਨੇ ਉਤੇ ਫੇਰੇ ਗਏ।

ਥੀਸਿਸਾਂ ਨੂੰ ਵਧ ਤੋਂ ਵਧ ਸੰਭਵ ਵਿਸ਼ਾਲ ਪੈਮਾਨੇ ਉਤੇ ਫੇਰਨ ਲਈ ਉਹਨਾਂ ਨੂੰ ਦੁਵਰਕੀ ਦੇ ਰੂਪ ਵਿਚ ਬਾਲਸ਼ਵਿਕਾਂ ਦੀ ਬਰਨ ਕਾਨਫ਼ਰੰਸ ਦੇ ਮਤੇ ਵਜੋਂ ਪ੍ਰਕਾਸ਼ਤ ਕਰਨ ਦਾ ਖ਼ਿਆਲ ਬਣਾਇਆ ਗਿਆ। ਲੈਨਿਨ ਨੇ ਇਹਨਾਂ ਦੀ ਭੂਮਿਕਾ ਲਿਖੀ, ਪਰ ਜਲਦੀ ਹੀ ਮਗਰੋਂ ਥੀਸਿਸਾਂ ਦੀ ਥਾਂ "ਜੰਗ ਅਤੇ ਰੂਸੀ ਸੋਸ਼ਲ-ਡੈਮੋਕਰੇਸੀ" ਦੇ ਸਿਰਲੇਖ ਹੇਠ (ਰੂ:ਸੋ:ਡੈ:ਲੇ:ਪਾ: ਦੇ ਮੈਂਬਰਾਂ ਦੇ ਗਰੁੱਪ ਵਲੋਂ ਹੀ) ਮੈਨੀਫ਼ੈਸਟੋ ਪ੍ਰਕਾਸ਼ਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹ ਮੈਨੀਫ਼ੈਸਟੋ ਆਪਣੇ ਥੀਸਿਸਾਂ ਦੇ ਆਧਾਰ ਉਤੇ ਲੈਨਿਨ ਨੇ ਲਿਖਿਆ।

ਪੰਨਾ ੩੮

42 **ਲੁਗਾਨੋ ਕਾਨਫ਼ਰੰਸ** — ੨੭ ਸਤੰਬਰ ੧੯੧੪ ਨੂੰ ਅਤਾਲਵੀ ਅਤੇ ਸਵਿਸ ਸੋਸ਼ਲਿਸਟਾਂ ਦੀ ਲੁਗਾਨੋ (ਸਵਿਟਜ਼ਰਲੈਂਡ) ਵਿਚ ਹੋਈ ਕਾਨਫ਼ਰੰਸ। ਇਹ ਯੁਧ ਸਮੇਂ ਹੋਈ ਪਹਿਲੀ ਸੋਸ਼ਲਿਸਟ ਕਾਨਫ਼ਰੰਸ ਸੀ, ਕੌਮਾਂਤਰੀ ਸੰਬੰਧ ਬਹਾਲ ਕਰਨ ਦਾ ਇਕ ਜਤਨ।

ਯੁਧ ਸੰਬੰਧੀ ਵ. ਇ. ਲੈਨਿਨ ਦੇ ਥੀਸਿਸ ਸਵਿਟਜ਼ਰਲੈਂਡ ਦੇ ਸੋਸ਼ਲ-ਡੈਮੋਕਰੈਟਾਂ ਰਾਹੀਂ ਪੁਚਾਏ ਗਏ ਤਾਂ ਜੁ ਡੈਲੀਗੇਟਾਂ ਨੂੰ ਯੁਧ ਸੰਬੰਧੀ ਬਾਲਸ਼ਵਿਕਾਂ ਦੇ ਵਤੀਰੇ ਦਾ ਪਤਾ ਲਗ ਜਾਏ। ਥੀਸਿਸਾਂ ਦੀਆਂ ਕੁਝ ਧਾਰਾਵਾਂ ਕਾਨਫ਼ਰੰਸ ਵਲੋਂ ਪ੍ਰਵਾਨ ਕੀਤੇ ਪ੍ਰਸਤਾਵਾਂ ਵਿਚ ਸ਼ਾਮਲ ਕੀਤੀਆ ਗਈਆਂ।

ਪਰ ਕਾਨਫ਼ਰੰਸ ਨੇ ਸਾਮਰਾਜੀ ਯੁਧ ਨੂੰ ਖ਼ਾਨਾ-ਜੰਗੀ ਵਿਚ ਤਬਦੀਲ ਕਰਨ, "ਆਪਣੀ" ਹਕੂਮਤ ਦੀ ਹਾਰ ਸੰਬੰਧੀ ਬਾਲਸ਼ਵਿਕ ਨਾਅਰਿਆਂ ਦੀ ਹਮਾਇਤ ਨਾ ਕੀਤੀ ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲੋਂ ਦ੍ਰਿੜ੍ਹਤਾ ਨਾਲ ਤੋੜ-ਵਿਛੋੜੇ ਦੇ ਹੱਕ ਵਿਚ ਨਾ ਨਿਤਰੀ। ਕਾਨਫ਼ਰੰਸ ਨੇ ਆਪਣੇ ਆਪ ਨੂੰ ਸੋਸ਼ਲਿਸਟਾਂ ਅਗੇ ਇਹ ਅਪੀਲ ਕਰਨ ਤੱਕ ਸੀਮਤ ਰਖਿਆ ਕਿ ਉਹ ਯੁਧ ਨੂੰ ਹੋਰ ਦੇਸਾਂ ਤੱਕ ਫੈਲਣੋਂ ਰੋਕਣ ਲਈ ਹਰ ਸਾਧਨ ਵਰਤਣ ਅਤੇ ਨਿਰਪੱਖ ਦੇਸਾਂ ਦੇ ਸੋਸ਼ਲਿਸਟਾਂ ਨੂੰ ਸਲਾਹ ਦਿਤੀ ਕਿ ਉਹ ਆਪਣੀਆਂ ਹਕੂਮਤਾਂ ਅਗੇ ਤਜਵੀਜ਼ ਰਖਣ ਕਿ ਉਹ "ਲੜ ਰਹੇ ਦੇਸਾਂ ਦੀਆਂ ਹਕੂਮਤਾਂ ਵਿਚਕਾਰ ਇਸ ਅਣਮਨੁਖੀ ਖ਼ੂਨ-ਖ਼ਰਾਬੇ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਨ ਲਈ ਰਾਜਦੂਤਕ ਗੱਲ-ਬਾਤ ਸ਼ੁਰੂ ਕਰਾਉਣ"।

ਪੰਨਾ ੩੮

43 ਇਥੇ ਇਸ਼ਾਰਾ ਸਮਾਜੀ-ਅੰਧਰਾਸ਼ਟਰਵਾਦੀਆਂ ਨੂੰ, ਜਿਨ੍ਹਾਂ ਦੇ ਆਪਣੀ ਵਿਸਾਹਘਾਤੀ ਨੀਤੀ ਨੂੰ ਠੀਕ ਸਿਧ ਕਰਨ ਲਈ ਏਂਗਲਜ਼ ਦੇ ਲੇਖ "ਜਰਮਨੀ ਵਿਚ ਸੋਸ਼ਲਿਜ਼ਮ" ਦਾ ਹਵਾਲਾ ਦਿਤਾ ਸੀ, ਬੇਨਕਾਬ ਕਰਦੇ ਫ਼ਰਾਂਜ਼ ਮੇਹਰਿੰਗ ਦੇ ਰੋਸ ਵੱਲ ਹੈ। ਇਹ ਰੋਸ "Bremer Bürger Zeitung" ਨੰ: ੨੧੪ ਵਿਚ ੧੪ ਸਤੰਬਰ, ੧੯੧੪ ਵਿਚ ਛਪਿਆ ਸੀ।

"Bremer Bürger Zeitung" ("ਬ੍ਰੇਮਨ ਸ਼ਹਿਰ ਦਾ ਅਖ਼ਬਾਰ") — ਰੋਜ਼ਾਨਾ ਸੋਸ਼ਲ-ਡੈਮੋਕਰੈਟਿਕ ਅਖ਼ਬਾਰ, ਜਿਹੜਾ ੧੮੯੦ ਤੋਂ ੧੯੧੯ ਤੱਕ ਪ੍ਰਕਾਸ਼ਤ ਹੁੰਦਾ ਰਿਹਾ। ੧੯੧੬ ਤੱਕ ਇਸਨੂੰ ਬ੍ਰੇਮਨ ਖੱਬ-ਪੱਖੀ ਸੋਸ਼ਲ-ਡੈਮੋਕਰੈਟ ਚਲਾਉਂਦੇ ਰਹੇ, ਪਰ ਪਿਛੋਂ ਇਹ ਸਮਾਜੀ-ਅੰਧਰਾਸ਼ਟਰਵਾਦੀਆਂ ਹੱਥ ਚਲਾ ਗਿਆ।

ਪੰਨਾ ੩੮

44 "Volksrecht" ("ਲੋਕ ਹੱਕ") — ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਰੋਜ਼ਾਨਾ ਅਖ਼ਬਾਰ ਜਿਹੜਾ ੧੮੯੮ ਤੋਂ ਲੈ ਕੇ ਜ਼ਿਊਰੀਚ ਵਿਚ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲੀ ਸੰਸਾਰ ਜੰਗ ਦੇ ਦੌਰਾਨ ਇਸ ਵਿਚ ਖੱਬ-ਪੱਖੀ ਸੋਸ਼ਲ-ਡੈਮੋਕਰੈਟਾਂ ਦੇ ਲੇਖ ਛਪਦੇ ਰਹੇ।

ਪੰਨਾ ੩੮

45 "Die Neue Zeit" ("ਨਵਾਂ ਜ਼ਮਾਨਾ") — ਸਟੁਟਗਾਰਟ ਵਿਖੇ ੧੮੮੩ ਤੋਂ ੧੯੨੩ ਤੱਕ ਛਪਣ ਵਾਲਾ ਜਰਮਨ ਸੋਸ਼ਲ-ਡੈਮੋਕ੍ਰੈਟਾਂ ਦਾ ਸਿਧਾਂਤਕ ਰਸਾਲਾ।

੧੮੮੫-੧੮੯੫ ਦੇ ਸਮੇਂ ਫ਼. ਏਂਗਲਜ਼ ਦੇ ਕਈ ਲੇਖ "Die Neue Zeit" ਵਿਚ ਛਪੇ। ਫ਼. ਏਂਗਲਜ਼ ਅਕਸਰ ਰਸਾਲੇ ਦੇ ਸੰਪਾਦਕੀ ਬੋਰਡ ਨੂੰ ਤਜਵੀਜ਼ਾਂ ਦੇਂਦਾ ਅਤੇ ਉਸਦੇ ਮਾਰਕਸਵਾਦ ਤੋਂ ਕੁਰਾਹੇ ਲਈ ਉਸ ਉਤੇ ਤਿਖੀ ਪੜਚੋਲ ਕਰਦਾ। ੧੮੯੦ ਵਿਆਂ ਦੇ ਦੂਜੇ ਅਧ ਦੇ ਸ਼ੁਰੂ ਤੋਂ, ਏਂਗਲਜ਼ ਦੀ ਮੌਤ ਪਿਛੋਂ ਰਸਾਲੇ ਨੇ ਨੇਮ ਨਾਲ ਸੁਧਾਰਵਾਦੀਆਂ ਦੇ ਲੇਖ ਛਾਪੇ। ਪਹਿਲੇ ਸੰਸਾਰ ਯੁਧ (੧੯੧੪-੧੯੧੮) ਵਿਚ ਇਹਨੇ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਸਚਮੁਚ ਸਮਾਜੀ-ਅੰਧਰਾਸ਼ਟਰਵਾਦੀਆਂ ਦੀ ਹਮਾਇਤ ਕੀਤੀ।

ਪੰਨਾ ੩੮

[46] ਦੇਖੋ ਨੋਟ ਨੰ. ੨੬।

ਪੰਨਾ ੪੦

[47] ਰੂਸੀ ਲੇਖਕ ਨ. ਵ. ਗੋਗੋਲ ਦੀ ਕਹਾਣੀ ''ਈਵਾਨ ਈਵਾਨੋਵਿਚ ਆਪਣੇ ਗੁਆਂਢੀ ਨਾਲ ਕਿਵੇਂ ਲੜਿਆ'' ਦਾ ਪਾਤਰ।

ਪੰਨਾ ੪੩

[48] **''ਨਾਸ਼ੇ ਸਲੋਵੋ''** (''ਸਾਡਾ ਸ਼ਬਦ'')—ਰੋਜ਼ਾਨਾ ਮੌਕਾਪ੍ਰਸਤ ਅਖ਼ਬਾਰ ਜਿਹੜਾ ਜਨਵਰੀ ੧੯੧੫ ਤੋਂ ਸਤੰਬਰ ੧੯੧੬ ਤੱਕ ''ਗੋਲੋਸ'' ਦੀ ਥਾਂ ਮੈਨਸ਼ਵਿਕਾਂ ਵਲੋਂ ਪੈਰਿਸ ਤੋਂ ਪ੍ਰਕਾਸ਼ਤ ਹੁੰਦਾ ਰਿਹਾ।

ਲੈਨਿਨ ਦੀ ਇਹ ਚਿੱਠੀ ਲੰਦਨ ਵਿਚ ਇਤਿਹਾਦੀ ਦੇਸਾਂ ਦੇ ਸੋਸ਼ਲਿਸਟਾਂ ਦੀ ਹੋਣ ਵਾਲੀ ਕਾਨਫ਼ਰੰਸ ਦੇ ਸੰਬੰਧ ਵਿਚ ਸਮਾਜੀ-ਦੇਸ਼ਭਗਤੀ ਦੇ ਖ਼ਿਲਾਫ਼ ਸਾਂਝੀ ਕਾਰਵਾਈ ਕਰਨ ਲਈ ''ਨਾਸ਼ੇ ਸਲੋਵੋ'' ਦੇ ਸੰਪਾਦਕਾਂ ਵਲੋਂ ਦਿਤੀ ਗਈ ਤਜਵੀਜ਼ ਦਾ ਜਵਾਬ ਸੀ। ਲੈਨਿਨ ਇਸ ਤਜਵੀਜ਼ ਨਾਲ ਸਹਿਮਤ ਹੋਇਆ, ਲੰਦਨ ਕਾਨਫ਼ਰੰਸ ਵਿਚ ਕੀਤੇ ਜਾਣ ਵਾਲੇ ਐਲਾਨ ਦਾ ਖਰੜਾ ਤਿਆਰ ਕੀਤਾ ਅਤੇ ਮੈਨਸ਼ਵਿਕ ਜਥੇਬੰਦਕ ਕਮੇਟੀ ਅਤੇ ਬੂੰਦ (ਵੇਖੋ ਨੋਟ ੬੬ ਅਤੇ ੬੮) ਵਲੋਂ ਲਏ ਗਏ ਸਮਾਜੀ-ਅੰਧਰਾਸ਼ਟਰਵਾਦੀ ਸਟੈਂਡ ਦੀ ਆਲੋਚਨਾ ਕੀਤੀ, ''ਨਾਸ਼ੇ ਸਲੋਵੋ'' ਦੇ ਸੰਪਾਦਕ ਉਹਨਾਂ ਨੂੰ ਵੀ ਪ੍ਰਸਪਰ ਗੱਲਬਾਤ ਦੀ ਲੈ ਕੇ ਮਿਲੇ ਸਨ। ''ਨਾਸ਼ੇ ਸਲੋਵੋ'' ਦੇ ਸੰਪਾਦਕਾਂ ਨੇ ਲੈਨਿਨ ਦੇ ਖਰੜੇ ਨੂੰ ਰੱਦ ਕਰ ਦਿਤਾ ਅਤੇ ਆਪਣਾ ਹੀ ਐਲਾਨਨਾਮਾ ਲਿਖਿਆ।

ਲੰਦਨ ਕਾਨਫ਼ਰੰਸ ਤੋਂ ਪਿਛੋਂ ''ਨਾਸ਼ੇ ਸਲੋਵੋ'' ਦੇ ਸੰਪਾਦਕਾਂ ਨੇ ਰੂ:ਸੋ:ਡੈ:ਲੇ:ਪਾ: ਦੀ ਕੇਂਦਰੀ ਕਮੇਟੀ ਨੂੰ ਫਿਰ ਤਜਵੀਜ਼ ਦਿਤੀ ਕਿ ਜੰਗ ਅਤੇ ਸਮਾਜੀ-

ਅੰਧਰਾਸ਼ਟਰਵਾਦੀਆਂ ਵੱਲ ਵਤੀਰਾ ਨਿਸ਼ਚਿਤ ਕਰਨ ਲਈ "ਕੌਮਾਂਤਰੀਵਾਦੀਆਂ" ਦੀ ਸਾਂਝੀ ਮੀਟਿੰਗ ਬੁਲਾਈ ਜਾਏ। ੧੦(੨੩) ਮਾਰਚ, ੧੯੧੫ ਨੂੰ ਸੰਪਾਦਕਾਂ ਨੂੰ ਦਿਤੇ ਆਪਣੇ ਜਵਾਬ ਵਿਚ, ਲੈਨਿਨ ਨੇ ਕਈ ਬੁਨਿਆਦੀ ਸ਼ਰਤਾਂ ਪੇਸ਼ ਕੀਤੀਆਂ, ਜਿਹੜੀਆਂ ਸੱਚੇ ਕੌਮਾਂਤਰੀਵਾਦੀਆਂ ਨੂੰ ਇਕ ਕਰਨ ਲਈ ਆਧਾਰ ਦਾ ਕੰਮ ਦੇ ਸਕਦੀਆਂ ਸਨ। ਕਿਉਂਕਿ "ਨਾਸ਼ੇ ਸਲੋਵੋ" ਦੇ ਸੰਪਾਦਕ ਜਥੇਬੰਦਕ ਕਮੇਟੀ ਅਤੇ ਬੁੰਦ ਵਲੋਂ ਲਏ ਗਏ ਵਤੀਰੇ ਦੇ ਹੱਕ ਵਿਚ ਨਿੱਤਰ ਆਏ, ਇਸ ਲਈ ਲੈਨਿਨ ਨੇ ਗੱਲਬਾਤ ਖਤਮ ਕਰ ਦਿਤੀ।

ਪੰਨਾ ੪੫

[49] ਇਥੇ ਇਸ਼ਾਰਾ **ਐਨਤੇਂਤੇ**—ਸਾਮਰਾਜੀ ਸ਼ਕਤੀਆਂ (ਬਰਤਾਨੀਆ, ਫ਼ਰਾਂਸ ਅਤੇ ਰੂਸ) ਦੇ ਜੁਟ ਵੱਲ ਹੈ ਜਿਹੜਾ ੧੯੦੭ ਵਿਚ ਬਣਿਆ ਅਤੇ ਜਿਸਦਾ ਨਿਸ਼ਾਨਾ ਤ੍ਰਿਕੜੀ ਏਕੇ ਦੇ ਸਾਮਰਾਜਵਾਦੀਆਂ (ਜਰਮਨੀ, ਆਸਟਰੀਆ-ਹੰਗਰੀ ਅਤੇ ਇਟਲੀ) ਵਿਰੁਧ ਸੀ। ਇਹਦਾ ਇਹ ਨਾਂ ਬਰਤਾਨਵੀ-ਫ਼ਰਾਂਸੀਸੀ ਸਮਝੌਤੇ ਦੇ ਨਾਂ— "Entente Cordiale" (ਹਾਰਦਕ ਸਮਝੌਤੇ) ਦੇ ਨਾਂ ਤੋਂ ਪਿਆ। ਪਹਿਲੇ ਸੰਸਾਰ ਯੁਧ ਸਮੇਂ (੧੯੧੪-੧੯੧੮) ਅਮਰੀਕਾ, ਜਾਪਾਨ ਅਤੇ ਦੂਜੇ ਦੇਸ ਐਨਤੇਂਤੇ ਵਿਚ ਸ਼ਾਮਲ ਹੋ ਗਏ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਜੁਟ ਵਿਚ ਸ਼ਾਮਲ ਮੁਖ ਦੇਸ—ਬਰਤਾਨੀਆ, ਫ਼ਰਾਂਸ, ਅਮਰੀਕਾ ਅਤੇ ਜਾਪਾਨ ਸੋਵੀਅਤ ਰੂਸ ਵਿਰੁਧ ਬਦੇਸੀ ਦਖ਼ਲ ਦੇ ਮੁਖ ਪ੍ਰੇਰਕ, ਜਥੇਬੰਦਕ ਅਤੇ ਹਿੱਸਾ ਲੈਣ ਵਾਲੇ ਸਨ।

**ਇਤਿਹਾਦੀ ਦੇਸਾਂ ਦੇ ਸੋਸ਼ਲਿਸਟਾਂ ਦੀ ਲੰਦਨ ਕਾਨਫ਼ਰੰਸ** ੧੪ ਫ਼ਰਵਰੀ, ੧੯੧੫ ਨੂੰ ਹੋਈ ਸੀ। ਇਸ ਦੇ ਡੈਲੀਗੇਟ ਬਰਤਾਨੀਆ, ਫ਼ਰਾਂਸ ਅਤੇ ਬੈਲਜੀਅਮ ਦੀਆਂ ਸੋਸ਼ਲਿਸਟ ਪਾਰਟੀਆਂ ਦੇ ਸਮਾਜੀ-ਅੰਧਰਾਸ਼ਟਰਵਾਦੀ ਅਤੇ ਸ਼ਾਂਤੀਵਾਦੀ ਗਰੁੱਪਾਂ ਦੀ, ਅਤੇ ਰੂਸ ਵਿਚਲੇ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀ ਪ੍ਰਤਿਨਿਧਤਾ ਕਰਦੇ ਸਨ।

ਕਾਨਫ਼ਰੰਸ ਵਿਚ ਬਾਲਸ਼ਵਿਕਾਂ ਨੂੰ ਸੱਦਾ ਨਹੀਂ ਸੀ ਦਿਤਾ ਗਿਆ, ਪਰ ਲੈਨਿਨ ਨੇ ਮ. ਮ. ਲਿਤਵੀਨੋਵ (੧੮੭੬-੧੯੫੧, ਸੋਸ਼ਲ-ਡੈਮੋਕਰੈਟ, ਬਾਲਸ਼ਵਿਕ, ਉਘਾ ਸੋਵੀਅਤ ਰਾਜਦੂਤਕ) ਨੂੰ ਕਾਨਫ਼ਰੰਸ ਵਿਚ ਸ਼ਾਮਲ ਹੋਣ ਦੀ ਅਤੇ ਰੂ:ਸੋ:ਡੈ:ਲੇ:ਪਾ: ਦੀ ਕੇਂਦਰੀ ਕਮੇਟੀ ਦਾ ਐਲਾਨਨਾਮਾ ਪੜ੍ਹਨ ਦੀ ਹਦਾਇਤ ਕੀਤੀ, ਜਿਹੜਾ ਲੈਨਿਨ ਦੇ ਖਰੜੇ ਉਤੇ ਆਧਾਰਤ ਸੀ। ਐਲਾਨ-ਨਾਮੇ ਵਿਚ ਸੋਸ਼ਲਿਸਟਾਂ ਤੋਂ ਬੁਰਜੂਆ ਸਰਕਾਰਾਂ ਵਿਚੋਂ ਅਸਤੀਫ਼ੇ ਦੇਣ ਅਤੇ ਸਾਮਰਾਜੀਆਂ ਨਾਲ ਪੂਰੀ ਤਰ੍ਹਾਂ, ਨਾਤਾ ਤੋੜਨ ਅਤੇ ਉਹਨਾਂ ਨਾਲ ਸਹਿਯੋਗ

ਤੋਂ ਇਨਕਾਰ ਕਰਨ ਦੀ ਮੰਗ ਕੀਤੀ ਗਈ ਸੀ ਅਤੇ ਆਪਣੀਆਂ ਸਾਮਰਾਜੀ ਸਰਕਾਰਾਂ ਦੇ ਖ਼ਿਲਾਫ਼ ਫ਼ੈਸਲਾਕੁਨ ਘੋਲ ਲਈ ਅਤੇ ਉਹਨਾਂ ਸੋਸ਼ਲਿਸਟਾਂ ਦੀ ਨਖੇਧੀ ਕਰਨ ਦੀ ਮੰਗ ਕੀਤੀ ਗਈ ਸੀ ਜਿਨ੍ਹਾਂ ਨੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਏ। ਲਿਤਵੀਨੋਵ ਜਿਸ ਵੇਲੇ ਐਲਾਨਨਾਮਾ ਪੜ੍ਹ ਰਿਹਾ ਸੀ ਤਾਂ ਉਸਨੂੰ ਰੋਕ ਦਿਤਾ ਗਿਆ ਅਤੇ ਬੋਲਣ ਦੇ ਅਧਿਕਾਰ ਤੋਂ ਵਾਂਜਿਆਂ ਕਰ ਦਿਤਾ ਗਿਆ, ਜਿਸ ਤੋਂ ਪਿਛੋਂ ਉਹ ਐਲਾਨਨਾਮਾ ਪ੍ਰਧਾਨਗੀ ਮੰਡਲ ਹੱਥ ਦੇ ਕੇ, ਕਾਨਫ਼ਰੰਸ ਛੱਡ ਜਾਣ ਲਈ ਮਜਬੂਰ ਹੋ ਗਿਆ।

ਲੈਨਿਨ ਨੇ ਕਿਹਾ ਕਿ ਇਹ ਕਾਨਫ਼ਰੰਸ ਬਰਤਾਨਵੀ ਅਤੇ ਫ਼ਰਾਂਸੀਸੀ ਸੋਸ਼ਲਿਸਟਾਂ ਨੂੰ ਆਪਣੇ ਪਾਸੇ ਖਿੱਚਣ ਲਈ ਐਂਗਲੋ-ਫ਼ਰਾਂਸੀਸੀ ਬੁਰਜੂਆਜ਼ੀ ਦੀ ਇਕ ਚਾਲ ਸੀ।

ਪੰਨਾ ੪੫

[50] "**ਸੋਤਸੀਆਲ-ਦੈਮੋਕਰਾਤ**" — ਗੈਰ-ਕਾਨੂੰਨੀ ਅਖ਼ਬਾਰ, ਰੂ:ਸੋ:ਡੈ:ਲੇ:ਪਾ: ਦਾ ਕੇਂਦਰੀ ਅਖ਼ਬਾਰ ਜਿਹੜਾ ਬਦੇਸਾਂ ਵਿਚ ਫ਼ਰਵਰੀ ੧੯੦੮ ਤੋਂ ਜਨਵਰੀ ੧੯੧੭ ਤੱਕ ਪ੍ਰਕਾਸ਼ਤ ਰਿਹਾ। ਦਸੰਬਰ ੧੯੧੧ ਤੋਂ ਲੈ ਕੇ ਇਸਦਾ ਸੰਪਾਦਨ ਲੈਨਿਨ ਨੇ ਕੀਤਾ।

ਪਹਿਲੀ ਸੰਸਾਰ ਜੰਗ ਦੇ ਦੌਰਾਨ ਅਖ਼ਬਾਰ ਨੇ ਕੌਮਾਂਤਰੀ ਮੌਕਾਪ੍ਰਸਤੀ, ਕੌਮਪ੍ਰਸਤੀ ਤੇ ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਘੋਲ ਵਿਚ ਉਘਾ ਰੋਲ ਅਦਾ ਕੀਤਾ।

ਪੰਨਾ ੪੫

[51] **ਕੌਮਾਂਤਰੀ ਸੋਸ਼ਲਿਸਟ ਬਿਊਰੋ** — ਦੂਜੀ ਇੰਟਰਨੈਸ਼ਨਲ ਦਾ ਸਥਾਈ ਕਾਰਜ-ਕਾਰੀ ਤੇ ਸੂਚਨਾ ਅਦਾਰਾ। ਦੂਜੀ ਇੰਟਰਨੈਸ਼ਨਲ ਦੀ ਪੈਰਿਸ ਕਾਨਫ਼ਰੰਸ ਵਿਚ ੧੯੦੦ ਵਿਚ ਕੌਮਾਂਤਰੀ ਸੋਸ਼ਲਿਸਟ ਬਿਊਰੋ ਦੀ ਕਾਇਮੀ ਸੰਬੰਧੀ ਫ਼ੈਸਲਾ ਕੀਤਾ ਗਿਆ ਸੀ। ਇਸਦਾ ਸਦਰ ਬਰੱਸੇਲਜ਼ ਵਿਚ ਕਾਇਮ ਕੀਤਾ ਗਿਆ ਸੀ। ਜੰਗ (੧੯੧੪-੧੯੧੮) ਛਿੜਣ ਪਿਛੋਂ ਇਹ ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਹੱਥ-ਠੋਕਾ ਬਣ ਗਿਆ।

ਪੰਨਾ ੪੫

[52] ਦੇਖੋ ਨੋਟ ਨੰ. ੨੬।

ਪੰਨਾ ੪੬

[53] **ਸ਼ਾਂਤੀਵਾਦ** — ਸ਼ਾਂਤੀ ਦੇ ਬੇਹਰਕਤ ਪ੍ਰਚਾਰ, ਯੁਧ ਸ਼ੁਰੂ ਹੋਣ ਦੇ ਕਾਰਨ ਖ਼ਤਮ ਕੀਤੇ ਬਿਨਾਂ ਸਦੀਵੀ ਅਮਨ ਸਥਾਪਤ ਕਰਨ ਵਿਚ ਨਿਸ਼ਚੇ ਦੇ ਲੱਛਣਾਂ ਵਾਲਾ ਇਕ ਮੁਹਾਣ।

ਪੰਨਾ ੪੭

[54] ਇਸਦਾ ਸੰਬੰਧ ੧੮੭੦ ਤੋਂ ੧੯੧੪ ਤੱਕ ਦੇ ਸਮੇਂ ਨਾਲ ਹੈ।

ਪੰਨਾ ੫੦

[55] ਇਸਦਾ ਸੰਬੰਧ ੧੯੧੪ ਤੋਂ ਪਿਛੋਂ ਦੇ ਸਮੇਂ ਨਾਲ ਹੈ।

ਪੰਨਾ ੫੦

[56] ਦੇਖੋ ਨੋਟ ੨੫।

ਪੰਨਾ ੫੧

[57] "**ਨਾਸ਼ੇ ਦੀਏਲੋ**" ("ਸਾਡਾ ਉਦੇਸ਼") — ਮਾਸਕ ਮੈਨਸ਼ਵਿਕ ਰਸਾਲਾ, ਖ਼ਾਤਮੇਵਾਦੀਆਂ ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਮੁਖ ਰਸਾਲਾ, ਜਿਹੜਾ ੧੯੧੫ ਵਿਚ ਪੀਤਰੋਗਰਾਦ ਤੋਂ "ਨਾਸ਼ਾ ਜ਼ਾਰੀਆ" ਦੀ ਥਾਂ ਪ੍ਰਕਾਸ਼ਤ ਹੋਣ ਲੱਗਾ, ਜਿਹੜਾ ਕਿ ਅਕਤੂਬਰ ੧੯੧੪ ਵਿਚ ਬੰਦ ਕਰ ਦਿਤਾ ਗਿਆ ਸੀ।

ਪੰਨਾ ੫੧

[58] "**ਓਬਸ਼ੇ ਦੀਏਲੋ**" ("ਸਾਂਝਾ ਉਦੇਸ਼") ਦੇ ਅਨੁਆਈ (ਜਿਹੜੇ "ਸ਼ਿਰੋਕੀ" ਸੋਸ਼ਲਿਸਟਾਂ ਵਜੋਂ ਵੀ ਜਾਣੇ ਜਾਂਦੇ ਸਨ) — ਬਲਗਾਰਵੀ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿਚ ਮੌਕਾਪ੍ਰਸਤ ਰੁਝਾਣ, ਜਿਸਨੇ ੧੯੦੦ ਤੋਂ "ਓਬਸ਼ੇ ਦੀਏਲੋ" ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ੧੯੦੩ ਵਿਚ ਰੂਸੇ ਵਿਚ ਆਪਣੀ ਦਸਵੀਂ ਕਾਂਗਰਸ ਵਿਚ ਪਾਰਟੀ ਵਿਚ ਫੁੱਟ ਪੈ ਜਾਣ ਪਿਛੋਂ, ਉਹਨਾਂ ਨੇ ਬਲਗਾਰੀਆ ਦੀ ਸੁਧਾਰਵਾਦੀ ਸੋਸ਼ਲ-ਡੈਮੋਕਰੈਟਿਕ ("ਸ਼ਿਰੋਕੀ" ਸੋਸ਼ਲਿਸਟ) ਪਾਰਟੀ ਕਾਇਮ ਕਰ ਲਈ। ਪਹਿਲੀ ਸੰਸਾਰ ਜੰਗ ਦੇ ਦੌਰਾਨ ਉਹਨਾਂ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਏ।

"**ਤੇਸਨੀਆਕੀ**" — ਬਲਗਾਰੀਆ ਦੀ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਮਜ਼ਦੂਰ ਪਾਰਟੀ, ਜਿਸਦੀ ਨੀਂਹ ੧੯੦੩ ਵਿਚ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿਚ ਫੁੱਟ ਪੈਣ ਪਿਛੋਂ ਰੱਖੀ ਗਈ। "ਤੇਸਨੀਆਕੀ" ਸਾਮਰਾਜੀ ਜੰਗ ਦੇ ਵਿਰੁਧ

ਸਨ। ੧੯੧੯ ਵਿਚ ਉਹ ਕਮਿਊਨਿਸਟ ਇੰਟਰਨੈਸ਼ਨਲ ਵਿਚ ਸ਼ਾਮਲ ਹੋ ਗਏ ਅਤੇ ਬਲਗ਼ਾਰੀਆ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ।

ਪੰਨਾ ੫੧

59 "**ਦੀ ਡੇਲੀ ਸਿਟੀਜ਼ਨ**" ("The Daily Citizen") — ਲੇਬਰ ਪਾਰਟੀ, ਫ਼ੇਬੀਅਨਾਂ ਤੇ ਇੰਡੀਪੈਂਡੈਂਟ ਲੇਬਰ ਪਾਰਟੀ ਦੇ ਮੌਕਾਪ੍ਰਸਤ ਜੁੱਟ ਦਾ ਰੋਜ਼ਾਨਾ ਅਖ਼ਬਾਰ ਜਿਹੜਾ ੧੯੧੨ ਤੋਂ ੧੯੧੫ ਤੱਕ ਲੰਦਨ ਤੇ ਮਾਨਚੈਸਟਰ ਵਿਚ ਪ੍ਰਕਾਸ਼ਤ ਹੁੰਦਾ ਰਿਹਾ।

ਪੰਨਾ ੫੧

60 "**ਡੇਲੀ ਹੈਰਲਡ**" ("The Daily Herald") — ਬਰਤਾਨਵੀ ਸੋਸ਼ਲਿਸਟ ਪਾਰਟੀ ਦਾ ਰੋਜ਼ਾਨਾ ਅਖ਼ਬਾਰ, ਜਿਹੜਾ ੧੯੧੨ ਤੋਂ ਲੰਦਨ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ।

ਪੰਨਾ ੫੧

61 **ਬਰਤਾਨਵੀ ਸੋਸ਼ਲਿਸਟ ਪਾਰਟੀ** — ਦੇਖੋ ਨੋਟ ਨੰ. ੩੩।
**ਇੰਡੀਪੈਂਡੈਂਟ ਲੇਬਰ ਪਾਰਟੀ** — ਦੇਖੋ ਨੋਟ ਨੰ. ੧੪।

ਪੰਨਾ ੫੧

62 **ਫ਼ੇਬੀਅਨ** — ੧੮੮੪ ਵਿਚ ਬਣਾਈ ਗਈ ਸੁਧਾਰਵਾਦੀ ਜਥੇਬੰਦੀ, ਫ਼ੇਬੀਅਨ ਸੁਸਾਇਟੀ ਦੇ ਮੈਂਬਰ। ਉਹ ਮੁਖ ਤੌਰ ਉਤੇ ਬੁਰਜੂਆ ਬੁਧੀਜੀਵੀਆਂ ਦੇ ਪ੍ਰਤਿਨਿਧ ਸਨ। ਉਹ ਪ੍ਰੋਲਤਾਰੀ ਵਲੋਂ ਜਮਾਤੀ ਘੋਲ ਚਲਾਉਣ ਦੀ ਅਤੇ ਸੋਸ਼ਲਿਸਟ ਇਨਕਲਾਬ ਲਿਆਉਣ ਦੀ ਲੋੜ ਨੂੰ ਨਹੀਂ ਸਨ ਮੰਨਦੇ। ਉਹ ਖ਼ਿਆਲ ਕਰਦੇ ਸਨ ਕਿ ਸਰਮਾਇਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਨਿਗੂਣੇ ਜਿਹੇ ਸੁਧਾਰਾਂ ਅਤੇ ਹੌਲੀ ਹੌਲੀ ਸਮਾਜਕ ਮੁੜ-ਜਥੇਬੰਦੀ ਰਾਹੀਂ ਲਿਆਂਦੀ ਜਾ ਸਕਦੀ ਹੈ। ਸੰਨ ੧੯੦੦ ਵਿਚ ਫ਼ੇਬੀਅਨ ਸੁਸਾਇਟੀ ਲੇਬਰ ਪਾਰਟੀ ਵਿਚ ਸ਼ਾਮਲ ਹੋ ਗਈ।

ਪਹਿਲੀ ਸੰਸਾਰ ਜੰਗ ਦੇ ਦੌਰਾਨ ਉਹਨਾਂ ਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।

ਪੰਨਾ ੫੧

63 **ਲੇਬਰ ਪਾਰਟੀ** (Labour Party) ਦੀ ਨੀਂਹ ਇੰਗਲੈਂਡ ਵਿਚ ੧੯੦੦ ਵਿਚ ਪਾਰਲੀਮੈਂਟ ਵਿਚ ਮਜ਼ਦੂਰਾਂ ਦੀ ਸਵੈਧੀਨ ਪ੍ਰਤਿਨਿਧਤਾ ਪ੍ਰਾਪਤ ਕਰਨ ਲਈ

ਸਹਾਇਤਾ ਕਰਨ ਲਈ ਟਰੇਡ ਯੂਨੀਅਨਾਂ, ਸੋਸ਼ਲਿਸਟ ਜਥੇਬੰਦੀਆਂ ਤੇ ਗਰੁੱਪਾਂ ਦੀ ਫ਼ੈਡਰੇਸ਼ਨ ਵਜੋਂ ਰੱਖੀ ਗਈ, ਤੇ ਇਸਦਾ ਨਾਂ ਲੇਬਰ ਰੀਪਰੀਜ਼ੈਂਟੇਸ਼ਨ ਕਮੇਟੀ ਰਖਿਆ ਗਿਆ। ੧੯੦੬ ਵਿਚ ਕਮੇਟੀ ਦਾ ਨਾਂ ਬਦਲ ਕੇ ਲੇਬਰ ਪਾਰਟੀ ਰੱਖ ਦਿਤਾ ਗਿਆ। ਸ਼ੁਰੂ ਸ਼ੁਰੂ ਵਿਚ ਇਹ ਪਾਰਟੀ ਬਣਤਰ ਵਿਚ ਮਜ਼ਦੂਰ ਜਮਾਤ ਦੀ ਸੀ, ਪਰ ਮਗਰੋਂ ਨਿੱਕ-ਬੁਰਜੂਆ ਅੰਸ਼ ਇਸ ਵਿਚ ਭਰਦੇ ਗਏ ਅਤੇ ਇਹ ਆਪਣੀ ਵਿਚਾਰਧਾਰਾ ਅਤੇ ਦਾਅ-ਪੇਚਾਂ ਵਿਚ ਇਕ ਮੌਕਾਪ੍ਰਸਤ ਜਥੇਬੰਦੀ ਬਣ ਗਈ। ਇਸਦੇ ਬਣਨ ਦੇ ਸਮੇਂ ਤੋਂ ਲੈ ਕੇ ਹੀ ਇਸਦੇ ਆਗੂ ਬੁਰਜੂਆਜ਼ੀ ਨਾਲ ਜਮਾਤੀ ਗੰਢ-ਤੁੱਪ ਦੀ ਨੀਤੀ ਉਤੇ ਚਲਦੇ ਰਹੇ ਹਨ। ਪਹਿਲੀ ਸੰਸਾਰ ਜੰਗ ਦੇ ਦੌਰਾਨ ਇਸਦੇ ਆਗੂਆਂ ਨੇ ਸਮਾਜੀ-ਅੰਧਰਾਸ਼ਟਰਵਾਦੀ ਸਟੈਂਡ ਲਿਆ।

ਪੰਨਾ ੫੧

[64] **ਰੂ: ਸੋ: ਡੈ: ਲੇ: ਪਾ: ਦੇ ਬਦੇਸੀ ਗਰੁੱਪਾਂ ਦੀ ਕਾਨਫ਼ਰੰਸ** ੨੭ ਫ਼ਰਵਰੀ ਤੋਂ ੪ ਮਾਰਚ ੧੯੧੫ ਤੱਕ ਬਰਨ (ਸਵਿਟਜ਼ਰਲੈਂਡ) ਵਿਚ ਹੋਈ। ਇਹ ਲੈਨਿਨ ਦੇ ਉੱਦਮ ਨਾਲ ਬੁਲਾਈ ਗਈ, ਤੇ ਇਸਦੀ ਕੁੱਲ-ਪਾਰਟੀ ਕਾਨਫ਼ਰੰਸ ਜਿੰਨੀ ਮਹੱਤਤਾ ਸੀ, ਕਿਉਂਕਿ ਜੰਗ ਦੇ ਦੌਰਾਨ ਕੁੱਲ-ਰੂਸ ਕਾਨਫ਼ਰੰਸ ਕਰਨੀ ਅਸੰਭਵ ਸੀ। ਲੈਨਿਨ ਨੇ ਕੇਂਦਰੀ ਕਮੇਟੀ ਅਤੇ ਪਾਰਟੀ ਦੇ ਕੇਂਦਰੀ ਅਖ਼ਬਾਰ "ਸੋਤਸੀਆਲ-ਦੈਮੋਕਰਾਤ" ਦੀ ਪ੍ਰਤਿਨਿਧਤਾ ਕੀਤੀ, ਕਾਨਫ਼ਰੰਸ ਦੇ ਕੰਮ ਦੀ ਅਗਵਾਈ ਕੀਤੀ ਤੇ ਏਜੰਡੇ ਦੀ ਮੁਖ ਮਦ—"ਜੰਗ ਅਤੇ ਪਾਰਟੀ ਦੇ ਕਰਤੱਵ"—ਬਾਰੇ ਰਪੋਰਟ ਪੇਸ਼ ਕੀਤੀ, ਕਾਨਫ਼ਰੰਸ ਨੇ ਜੰਗ ਬਾਰੇ ਲੈਨਿਨ ਦੇ ਮਤੇ ਨੂੰ ਪ੍ਰਵਾਨਗੀ ਦਿਤੀ।

ਪੰਨਾ ੫੩

[65] ਦੇਖੋ ਨੋਟ ਨੰ. ੪੮।

ਪੰਨਾ ੫੫

[66] **ਜਥੇਬੰਦਕ ਕਮੇਟੀ**—ਅਗਸਤ ੧੯੧੨ ਦੀ ਖ਼ਾਤਮੇਵਾਦੀਆਂ ਦੀ ਕਾਨਫ਼ਰੰਸ ਵਿਚ ਕਾਇਮ ਕੀਤਾ ਗਿਆ ਮੈਨਸ਼ਵਿਕਾਂ ਦਾ ਅਗਵਾਈ ਕਰਦਾ ਕੇਂਦਰ। ਪਹਿਲੀ ਸੰਸਾਰ ਜੰਗ ਦੇ ਦੌਰਾਨ ਇਸਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ, ਜ਼ਾਰਸ਼ਾਹੀ ਸਰਕਾਰ ਵਲੋਂ ਲੜੀ ਜਾ ਰਹੀ ਜੰਗ ਨੂੰ ਯੋਗ ਠਹਿਰਾਇਆ ਤੇ ਕੌਮਪ੍ਰਸਤੀ ਤੇ ਅੰਧਰਾਸ਼ਟਰਵਾਦ ਦਾ ਪ੍ਰਚਾਰ ਕੀਤਾ।

ਪੰਨਾ ੫੬

[67] ਲੈਨਿਨ ਮੈਨਸ਼ਵਿਕ ਖ਼ਾਤਮੇਵਾਦੀਆਂ ਦੇ ਅਖ਼ਬਾਰ "ਨਾਸ਼ਾ ਜ਼ਾਰੀਆ" ("ਸਾਡੀ ਪ੍ਰਭਾਤ") ਦਾ ਹਵਾਲਾ ਦੇ ਰਹੇ ਹਨ।

ਪੰਨਾ ੫੬

[68] "**ਬੁੰਦ**"—ਲਿਥੂਆਨੀਆ, ਪੋਲੈਂਡ ਅਤੇ ਰੂਸ ਦੀ ਆਮ ਯਹੂਦੀ ਕਿਰਤੀ ਯੂਨੀਅਨ ਜਿਹੜੀ ੧੮੯੭ ਵਿਚ ਜਥੇਬੰਦ ਕੀਤੀ ਗਈ ਅਤੇ ਮੁਖ ਤੌਰ ਉਤੇ ਰੂਸ ਦੇ ਪੱਛਮੀ ਹਿੱਸਿਆਂ ਵਿਚ ਰਹਿੰਦੇ ਯਹੂਦੀ ਕਾਰੀਗਰਾਂ ਦੀ ਸਭਾ ਸੀ। ਬੁੰਦ ਮਾਰਚ ੧੮੯੮ ਵਿਚ ਰੂ:ਸੋ:ਡੈ:ਲੇ:ਪਾ: ਦੀ ਪਹਿਲੀ ਕਾਂਗਰਸ ਸਮੇਂ ਇਸ ਵਿਚ ਸ਼ਾਮਲ ਹੋ ਗਈ। ਰੂ:ਸੋ:ਡੈ:ਲੇ:ਪਾ: ਦੀ ਦੂਜੀ ਕਾਂਗਰਸ, ਜਿਹੜੀ ੧੭ (੩੦) ਜੁਲਾਈ ਤੋਂ ੧੦ (੨੩) ਅਗਸਤ, ੧੯੦੩ ਤੱਕ ਹੋਈ, ਵਿਚ ਜਦੋਂ ਇਸਦੀ ਯਹੂਦੀ ਪ੍ਰੋਲਤਾਰੀ ਦੀ ਇਕੋ ਇਕ ਪ੍ਰਤਿਨਿਧ ਦੇ ਤੌਰ ਉਤੇ ਲਏ ਜਾਣ ਦੀ ਮੰਗ ਰੱਦ ਕਰ ਦਿਤੀ ਗਈ, ਤਾਂ ਬੁੰਦ ਦੇ ਪ੍ਰਤਿਨਿਧ ਪਾਰਟੀ ਛੱਡ ਗਏ।

੧੯੦੬ ਵਿਚ ਚੌਥੀ (ਏਕਤਾ) ਕਾਂਗਰਸ ਦੇ ਫ਼ੈਸਲੇ ਅਨੁਸਾਰ ਬੁੰਦ ਫਿਰ ਰੂ:ਸੋ:ਡੈ:ਲੇ:ਪਾ: ਵਿਚ ਸ਼ਾਮਲ ਹੋ ਗਈ। ਪਹਿਲੀ ਸੰਸਾਰ ਜੰਗ ਦੇ ਦੌਰਾਨ ਬੁੰਦ ਦੇ ਪ੍ਰਤਿਨਿਧਾਂ ਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਏ; ੧੯੧੭ ਵਿਚ ਬੁੰਦ ਨੇ ਬੁਰਜੂਆ ਆਰਜ਼ੀ ਸਰਕਾਰ ਦੀ ਹਮਾਇਤ ਕੀਤੀ ਅਤੇ ਬਦੇਸੀ ਫ਼ੌਜੀ ਦਖ਼ਲ ਅਤੇ ਘਰੇਲੂ ਜੰਗ ਸਮੇਂ ਬੁੰਦ ਦੇ ਆਗੂ ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਦੁਸ਼ਮਣਾਂ ਵੱਲ ਹੋਕੇ ਲੜੇ। ਮਾਰਚ ੧੯੨੧ ਵਿਚ ਬੁੰਦ ਨੇ ਆਪਣੀ ਮਰਜ਼ੀ ਨਾਲ ਆਪਣਾ ਭੋਗ ਪਾ ਲਿਆ।

ਪੰਨਾ ੫੬

[69] "**ਵੋਪਰੋਸੀ ਸਤਰਾਖ਼ੋਵਾਨੀਯਾ**" ("ਬੀਮੇ ਦੇ ਸਵਾਲ")—ਅਕਤੂਬਰ ੧੯੧੩ ਤੋਂ ਫ਼ਰਵਰੀ ੧੯੧੮ ਤੱਕ ਸੇਂਟ ਪੀਟਰਜ਼ਬਰਗ ਤੋਂ ਰੁਕ ਰੁਕ ਕੇ ਪ੍ਰਕਾਸ਼ਤ ਹੁੰਦਾ ਰਿਹਾ ਕਾਨੂੰਨੀ ਬਾਲਸ਼ਵਿਕ ਰਸਾਲਾ।

ਪੰਨਾ ੫੯

[70] "**ਨਾਸ਼ੇ ਦੀਏਲੋ**"—ਦੇਖੋ ਨੋਟ ਨੰ: ੫੭

"**ਸਤਰਾਖ਼ੋਵਾਨੀਯੇ ਰਾਬੋਚੀਖ਼**" ("ਮਜ਼ਦੂਰ ਬੀਮਾ")—੧੯੧੨ ਤੋਂ ੧੯੧੮ ਤੱਕ ਸੇਂਟ ਪੀਟਰਜ਼ਬਰਗ ਤੋਂ ਪ੍ਰਕਾਸ਼ਤ ਹੁੰਦਾ ਰਿਹਾ, ਮੈਨਸ਼ਵਿਕ ਖ਼ਾਤਮੇਵਾਦੀਆਂ ਦਾ ਰਸਾਲਾ।

"**ਸੇਵੇਰਨੀ ਗੋਲੋਸ**" ("ਉੱਤਰ ਦੀ ਆਵਾਜ਼")—ਜਨਵਰੀ ਤੋਂ ਮਾਰਚ ੧੯੧੫ ਤੱਕ ਪੀਤਰੋਗਰਾਦ ਤੋਂ ਪ੍ਰਕਾਸ਼ਤ ਹੁੰਦਾ ਰਿਹਾ ਮੈਨਸ਼ਵਿਕ ਸਪਤਾਹਿਕ।

ਪੰਨਾ ੫੯

71 "**ਸੋਸ਼ਲਿਜ਼ਮ ਤੇ ਜੰਗ**" (**ਰੂ:ਸੋ:ਡੈ:ਲੇ:ਪਾ: ਦਾ ਜੰਗ ਵੱਲ ਵਤੀਰਾ**) ਲੈਨਿਨ ਨੇ ਇਹ ਪੈਂਫ਼ਲਟ ਜ਼ਿੱਮਰਵਾਲਡ ਵਿਚ ਪਹਿਲੀ ਕੌਮਾਂਤਰੀਵਾਦੀ ਸੋਸ਼ਲਿਸਟ ਕਾਨਫ਼ਰੰਸ ਦੀਆਂ ਤਿਆਰੀਆਂ ਦੇ ਸੰਬੰਧ ਵਿਚ ਲਿਖਿਆ।

ਲੈਨਿਨ ਕੌਮਾਂਤਰੀ ਸੋਸ਼ਲ-ਡੈਮੋਕਰੈਟਿਕ ਲਹਿਰ ਦੇ ਖੱਬੇ ਅੰਸ਼ ਨੂੰ ਇਨਕਲਾਬੀ ਲੀਹਾਂ ਉਤੇ ਇਕੱਠਿਆਂ ਕਰਨ ਲਈ ਪਹਿਲੀ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸ ਦੀ ਵਰਤੋਂ ਕਰਨਾ ਮਹੱਤਵਪੂਰਨ ਸਮਝਦਾ ਸੀ ਅਤੇ ਇਸ ਲਈ ਕਾਨਫ਼ਰੰਸ ਦੇ ਮੌਕੇ ਉਤੇ ਇਸ ਪੈਂਫ਼ਲਟ ਨੂੰ ਛਪਵਾਉਣ ਲਈ ਉਹ ਜਿੰਨੀਂ ਵਾਹ ਲਾ ਸਕਿਆ, ਉਹਨੇ ਲਈ।

ਇਹ ਕਿਰਤ—"ਸੋਸ਼ਲਿਜ਼ਮ ਤੇ ਜੰਗ"—ਪੈਂਫ਼ਲਟ ਦੇ ਤੌਰ ਉਤੇ ਰੂਸੀ ਅਤੇ ਜਰਮਨ ਵਿਚ ਜ਼ਿੱਮਰਵਾਲਡ ਕਾਨਫ਼ਰੰਸ ਦੇ ਮੌਕੇ ਪ੍ਰਕਾਸ਼ਤ ਕੀਤੀ ਗਈ ਅਤੇ ਡੈਲੀਗੇਟਾਂ ਵਿਚ ਵੰਡੀ ਗਈ।

ਪੰਨਾ ੬੬

72 **ਸਭਿਆਚਾਰਕ ਕੌਮੀ ਖ਼ੁਦ-ਅਖ਼ਤਿਆਰੀ**—ਮੌਕਾਪ੍ਰਸਤ ਸੋਸ਼ਲ-ਡੈਮੋਕ੍ਰੈਟਾਂ ਆਟੋ ਬਾਉਏਰ ਅਤੇ ਕ. ਰੇਨਰ ਵਲੋਂ ਪੇਸ਼ ਕੀਤਾ ਕੌਮੀ ਪ੍ਰਸ਼ਨ ਸੰਬੰਧੀ ਇਕ ਮੌਕਾਪ੍ਰਸਤ ਪ੍ਰੋਗਰਾਮ। ਇਸ ਪ੍ਰੋਗਰਾਮ ਦਾ ਤੱਤ ਇਹ ਸੀ ਕਿ ਕਿਸੇ ਇਕ ਦੇਸ ਵਿਚ ਰਹਿਣ ਵਾਲੇ ਇਕੋ ਕੌਮੀਅਤ ਦੇ ਲੋਕ, ਇਸ ਗੱਲ ਨੂੰ ਮੁਖ ਰਖੇ ਬਿਨਾਂ ਕਿ ਉਹ ਦੇਸ ਦੇ ਕਿਸ ਹਿੱਸੇ ਵਿਚ ਰਹਿੰਦੇ ਹਨ, ਇਕ ਖ਼ੁਦ-ਅਖ਼ਤਿਆਰ ਕੌਮੀ ਏਕਾ ਬਣਦੇ ਹਨ। ਹਕੂਮਤ ਸਕੂਲ (ਵੱਖ ਵੱਖ ਕੌਮੀਅਤਾਂ ਦੇ ਬੱਚਿਆਂ ਲਈ ਵੱਖ ਵੱਖ ਸਕੂਲ) ਅਤੇ ਵਿਦਿਆ ਅਤੇ ਸਭਿਆਚਾਰ ਦੇ ਦੂਜੇ ਖੇਤਰ ਜਿਸਦੇ ਹਵਾਲੇ ਕਰ ਦੇਂਦੀ ਹੈ। ਜੇ ਇਸ ਪ੍ਰੋਗਰਾਮ ਉਤੇ ਅਮਲ ਕੀਤਾ ਜਾਂਦਾ ਤਾਂ ਹਰ ਕੌਮੀ ਗਰੁੱਪ ਵਿਚ ਪਾਦਰੀਆਂ ਅਤੇ ਪਿਛੇ-ਖਿਚੂ ਕੌਮੀ ਵਿਚਾਰਧਾਰਾ ਦਾ ਪ੍ਰਭਾਵ ਵਧ ਜਾਣਾ ਸੀ, ਜਿਸ ਨਾਲ ਕਿਰਤੀ ਸ਼੍ਰੇਣੀ ਦੀ ਜਥੇਬੰਦੀ ਵਿਚ ਰੁਕਾਵਟ ਪੈਣੀ ਸੀ ਅਤੇ ਕੌਮੀ ਲੀਹਾਂ ਉਤੇ ਕਿਰਤੀਆਂ ਦੀ ਦੁਫੇੜ ਡੂੰਘੀ ਹੋ ਜਾਂਦੀ। ਵ. ਇ. ਲੈਨਿਨ ਨੇ ਸਭਿਆਚਾਰਕ ਕੌਮੀ ਖ਼ੁਦ-ਅਖ਼ਤਿਆਰੀ ਦੇ ਨਾਅਰੇ ਉਤੇ ਤਿਖੀ ਪੜਚੋਲ ਕੀਤੀ।

ਪੰਨਾ ੬੭

[73] ਲੈਨਿਨ ਵ. ਐਡਲਰ ਦੇ ਲੇਖ "Hoffnungsschimmer" ("ਆਸ ਕਿਰਨ") ਵਿਚੋਂ ਟੂਕ ਦੇਂਦਾ ਹੈ, ਜਿਹੜਾ ਅਖ਼ਬਾਰ "Arbeiter Zeitung" ("ਕਿਰਤੀਆਂ ਦਾ ਅਖ਼ਬਾਰ") ਦੇ ਅੰਕ ੪੫ ਵਿਚ ੧੪ ਫ਼ਰਵਰੀ ੧੯੧੫ ਨੂੰ ਛਪਿਆ।

ਪੰਨਾ ੬੮

[74] ਦੇਖੋ ਨੋਟ ਨੰ. ੨੫।

ਪੰਨਾ ੬੮

[75] ਇਥੇ ਇਸ਼ਾਰਾ ੧੪ ਫ਼ਰਵਰੀ, ੧੯੧੫ ਨੂੰ ਹੋਈ ਇਤਿਹਾਦੀ ਦੇਸਾਂ ਦੇ ਸੋਸ਼ਲਿਸਟਾਂ ਦੀ ਲੰਦਨ ਕਾਨਫ਼ਰੰਸ ਅਤੇ ਅਪ੍ਰੈਲ ੧੯੧੫ ਵਿਚ ਵੀਆਨਾ ਵਿਚ ਹੋਈ ਜਰਮਨ ਤੇ ਆਸਟਰਵੀ ਸੋਸ਼ਲਿਸਟਾਂ ਦੀ ਕਾਨਫ਼ਰੰਸ ਵੱਲ ਹੈ। ਦੇਖੋ ਨੋਟ ਨੰ. ੪੯।

ਪੰਨਾ ੬੯

[76] **ਲੂਗਾਨੋ ਕਾਨਫ਼ਰੰਸ** — ਦੇਖੋ ਨੋਟ ਨੰ. ੪੨।

**ਕੋਪੇਨਹੇਗਨ ਕਾਨਫ਼ਰੰਸ** ਵਿਚ ਨਿਰਪੱਖ ਦੇਸਾਂ ਦੇ ਸੋਸ਼ਲਿਸਟਾਂ ਨੇ ਹਿੱਸਾ ਲਿਆ ਤੇ ਇਹ ੧੭-੧੮ ਜਨਵਰੀ, ੧੯੧੫ ਨੂੰ ਹੋਈ। ਇਸ ਵਿਚ ਸਵੀਡਨ, ਡੈਨਮਾਰਕ, ਨਾਰਵੇ ਤੇ ਹਾਲੈਂਡ ਦੀਆਂ ਸੋਸ਼ਲਿਸਟ ਪਾਰਟੀਆਂ ਦੀ ਪ੍ਰਤਿਨਿਧਤਾ ਸੀ। ਇਸਨੇ ਇਕ ਮਤਾ ਪਾਸ ਕੀਤਾ ਜਿਸ ਵਿਚ ਨਿਰਪਖ ਦੇਸਾਂ ਦੀਆਂ ਪਾਰਲੀਮੈਂਟਾਂ ਦੇ ਸੋਸ਼ਲ-ਡੈਮੋਕਰੈਟ ਡਿਪਟੀਆਂ ਨੂੰ ਸਫ਼ਾਰਸ਼ ਕੀਤੀ ਗਈ ਸੀ ਕਿ ਉਹ ਜੰਗ ਵਿਚ ਜੁੱਟੇ ਦੇਸਾਂ ਵਿਚਕਾਰ ਵਿਚੋਲੇ ਵਜੋਂ ਕੰਮ ਕਰਨ ਅਤੇ ਅਮਨ ਬਹਾਲ ਕਰਨ ਵਿਚ ਤੇਜ਼ੀ ਲਿਆਉਣ।

ਪੰਨਾ ੬੯

[77] **ਇਸਤ੍ਰੀਆਂ ਦੀ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸ** ੨੬ ਤੋਂ ੨੮ ਮਾਰਚ, ੧੯੧੫ ਤੱਕ ਬਰਨ ਵਿਚ ਹੋਈ।

ਇਸ ਵਿਚ ਬਰਤਾਨੀਆਂ, ਜਰਮਨੀ, ਹਾਲੈਂਡ, ਫ਼ਰਾਂਸ, ਪੋਲੈਂਡ, ਰੂਸ ਅਤੇ ਸਵਿਟਜ਼ਰਲੈਂਡ ਦੀਆਂ ਇਸਤ੍ਰੀ ਜਥੇਬੰਦੀਆਂ ਦੀ ਪ੍ਰਤਿਨਿਧਤਾ ਕਰਦੇ ੨੯ ਡੈਲੀਗੇਟ ਸ਼ਾਮਲ ਹੋਏ।

ਡੈਲੀਗੇਟਾਂ ਦੀ ਬਹੁ-ਗਿਣਤੀ ਵਿਚਾਲ-ਪੰਥੀਆਂ ਦੇ ਅਸਰ ਹੇਠ ਸੀ, ਇਸ ਲਈ ਕਾਨਫ਼ਰੰਸ ਨੇ ਜੰਗ ਦੇ ਸੰਬੰਧ ਵਿਚ ਆਮ ਸੋਸ਼ਲਿਸਟ ਕਾਰਜਾਂ ਉਤੇ ਵਿਚਾਰ ਨਾ ਕੀਤੀ, ਸਗੋਂ ਆਪਣੇ ਆਪ ਨੂੰ ਜ਼ੈਟਕਿਨ ਦੀ ਰਪੋਰਟ — "ਅਮਨ ਲਈ ਮਹਿਲਾ ਸੋਸ਼ਲਿਸਟਾਂ ਦੀ ਕੌਮਾਂਤਰੀ ਕਾਰਵਾਈ ਬਾਰੇ" — ਉਤੇ ਵਿਚਾਰ

ਕਰਨ ਤੱਕ ਹੀ ਸੀਮਤ ਰੀਖਆ। ਰੂ:ਸੋ:ਡੈ:ਲੇ:ਪਾ: ਦੇ ਪ੍ਰਤਿਨਿਧਾਂ ਨੇ ਲੈਨਿਨ ਦਾ ਤਿਆਰ ਕੀਤਾ ਹੋਇਆ ਮੱਤੇ ਦਾ ਖਰੜਾ ਪੇਸ਼ ਕੀਤਾ ਜਿਸ ਵਿਚ ਜੰਗ ਅਤੇ ਕੌਮਾਂਤਰੀ ਮੌਕਾਪ੍ਰਸਤੀ ਦੇ ਖ਼ਿਲਾਫ਼ ਘੋਲ ਦਾ ਇਨਕਲਾਬੀ ਰਾਹ ਉਲੀਕਿਆ ਗਿਆ ਸੀ। ਕਾਨਫ਼ਰੰਸ ਨੇ ਵਿਚਾਲ-ਪੰਥੀ ਮੱਤਾ ਪ੍ਰਵਾਨ ਕਰ ਲਿਆ।

ਲੈਨਿਨ ਨੇ ਕਾਨਫ਼ਰੰਸ ਦਾ ਮੁਲੰਗਣ ਇਸ ਤਰ੍ਹਾਂ ਕੀਤਾ ਕਿ ਇਹ ਕੌਮਾਂਤਰੀ ਸੰਬੰਧ ਮੁੜ-ਸਥਾਪਤ ਕਰਨ ਦਾ ਯਤਨ ਸੀ, ਤੇ ਇਸਨੂੰ ਕੌਮਾਂਤਰੀਵਾਦੀ ਅੰਸ਼ਾਂ ਨੂੰ ਇਨਕਲਾਬੀ ਲੀਹਾਂ ਉਤੇ ਇਕੱਠਿਆਂ ਕਰਨ ਲਈ ਵਰਤਣ ਦੀ ਕੋਸ਼ਿਸ਼ ਕੀਤੀ।

**ਕੌਮਾਂਤਰੀ ਸੋਸ਼ਲਿਸਟ ਯੁਵਕ ਕਾਨਫ਼ਰੰਸ** ੪ ਤੋਂ ੬ ਅਪਰੈਲ, ੧੯੧੫ ਤੱਕ ਬਰਨ ਵਿਚ ਹੋਈ। ਇਸ ਵਿਚ ਬਲਗ਼ਾਰੀਆ, ਜਰਮਨੀ, ਹਾਲੈਂਡ, ਡੈਨਮਾਰਕ, ਇਟਲੀ, ਨਾਰਵੇ, ਪੋਲੈਂਡ, ਰੂਸ, ਸਵਿਟਜ਼ਰਲੈਂਡ ਅਤੇ ਸਵੀਡਨ ਦੀਆਂ ਯੁਵਕ ਜਥੇਬੰਦੀਆਂ ਦੇ ਪ੍ਰਤਿਨਿਧ ਸ਼ਾਮਲ ਹੋਏ। ਏਜੰਡੇ ਦਾ ਮੁਖ ਨੁਕਤਾ ਸੀ "ਜੰਗ ਅਤੇ ਸੋਸ਼ਲਿਸਟ ਯੁਵਕ ਜਥੇਬੰਦੀਆਂ ਦੇ ਕਰਤੱਵ"। ਕਾਨਫ਼ਰੰਸ ਦੀ ਤਿਆਰੀ ਅਤੇ ਪ੍ਰਬੰਧ ਵਿਚਾਲ-ਪੰਥੀ ਰਾਬਰਟ ਗਰਿੱਮ ਵਲੋਂ ਕੀਤਾ ਗਿਆ, ਤੇ ਇਸ ਤੱਥ ਨੇ ਇਸਦੇ ਸਿੱਟਿਆਂ ਨੂੰ ਨਿਸ਼ਚਿਤ ਕੀਤਾ। ਇਸਨੇ ਵਿਚਾਲ-ਪੰਥੀ ਲੀਹਾਂ ਉਤੇ ਮੱਤਾ ਪ੍ਰਵਾਨ ਕੀਤਾ।

ਕਾਨਫ਼ਰੰਸ ਨੇ ਸੋਸ਼ਲਿਸਟ ਨੌਜਵਾਨਾਂ ਦਾ ਕੌਮਾਂਤਰੀ ਬਿਊਰੋ ਚੁਣਿਆ ਤੇ ਸੋਸ਼ਲਿਸਟ ਨੌਜਵਾਨਾਂ ਦੇ ਕੌਮਾਂਤਰੀ ਅਖ਼ਬਾਰ ਵਜੋਂ "Die Iugendinternationale" ("ਯੁਵਕ ਇੰਟਰਨੈਸ਼ਨਲ") ਸ਼ੁਰੂ ਕਰਨ ਦਾ ਤੇ ਹਰ ਸਾਲ ਕੌਮਾਂਤਰੀ ਯੁਵਕ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ।

ਪੰਨਾ ੬੯

78 "Lichtstrahlen" ("ਚਾਨਣ ਦੀ ਕਿਰਨ")—ਜਰਮਨੀ ਦੇ ਖੱਬੇ ਸੋਸ਼ਲ-ਡੈਮੋਕਰੈਟ ਗਰੁੱਪ (ਜਰਮਨੀ ਦੇ ਕੌਮਾਂਤਰੀ ਸੋਸ਼ਲਿਸਟਾਂ) ਦਾ ਮਾਸਕ ਰਸਾਲਾ, ਜਿਸਨੂੰ ਜੇ. ਬੋਰਖ਼ਾਰਤ ਸੰਪਾਦਤ ਕਰਦਾ। ਇਹ ੧੯੧੮ ਤੋਂ ੧੯੨੧ ਤੱਕ ਬਰਲਿਨ ਤੋਂ ਬੇਕਾਇਦਾ ਵਕਫ਼ੇ ਨਾਲ ਨਿਕਲਦਾ ਰਿਹਾ।

"Die Internationale"—ਮਾਰਕਸਵਾਦ ਦੇ ਅਮਲ ਅਤੇ ਸਿਧਾਂਤ ਦੇ ਸਵਾਲਾਂ ਸੰਬੰਧੀ ਰਸਾਲਾ ਜਿਸਦੀ ਨੀਂਹ ਰ. ਲਕਸਮਬੁਰਗ ਅਤੇ ਫ਼. ਮੇਹਰਿੰਗ ਰਾਹੀਂ ਰਖੀ ਗਈ, ਪਹਿਲਾ ਅੰਕ ਅਪ੍ਰੈਲ ੧੯੧੫ ਵਿਚ ਡੱਸਲਡੋਰਫ਼ ਵਿਚ ਪ੍ਰਕਾਸ਼ਤ ਹੋਇਆ। ਜਰਮਨੀ ਵਿਚ ਨਵੰਬਰ ੧੯੧੮ ਦੇ ਇਨਕਲਾਬ ਤੋਂ ਮਗਰੋਂ ਰਸਾਲੇ ਦਾ ਪ੍ਰਕਾਸ਼ਨ ਮੁੜ-ਆਰੰਭ ਕੀਤਾ ਗਿਆ। ੧੯੩੯ ਤੱਕ ਫ਼ਾਸ਼ਿਸਟ ਡਿਕਟੇਟਰਸ਼ੀਪ ਦੇ ਸਮੇਂ ਵੀ ਰਸਾਲਾ ਗ਼ੈਰ-ਕਾਨੂੰਨੀ ਤੌਰ ਉਤੇ ਪ੍ਰਕਾਸ਼ਤ ਹੁੰਦਾ ਰਿਹਾ।

ਪੰਨਾ ੭੦

79 "ਸਰਕਾਰੀ ਅਦਾਰਿਆਂ" ਦੇ ਖ਼ਿਲਾਫ਼ ਮੁਹਾਜ਼—ਅਰਥਾਤ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ, ਦੇ ਅਧਿਕਾਰਿਤ ਉਪਰਲੀ ਕਤਾਰ, ਇਸਦੀ ਕੇਂਦਰੀ ਕਮੇਟੀ, ਪਾਰਲੀਮੈਂਟਰੀ ਗਰੁੱਪ ਆਦਿ ਦੇ ਖ਼ਿਲਾਫ਼ ਮੋਰਚਾ।

ਪੰਨਾ ੭੧

80 ਦੇਖੋ ਨੋਟ ਨੰ. ੫੮।

ਪੰਨਾ ੭੩

81 ਦੇਖੋ ਨੋਟ ਨ. ੩੩।

ਪੰਨਾ ੭੩

82 "L' Humanité" ("ਮਨੁਖਤਾ")—ਜਾਨ ਜੋਰੇਸ ਵਲੋਂ ੧੯੦੪ ਵਿਚ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਅਧਿਕਾਰਿਤ ਬੁਲਾਰੇ ਵਜੋਂ ਸ਼ੁਰੂ ਕੀਤਾ ਗਿਆ ਰੋਜ਼ਾਨਾ ਅਖ਼ਬਾਰ। ਪਹਿਲੀ ਸੰਸਾਰ ਜੰਗ ਵੇਲੇ (੧੯੧੪-੧੯੧੮) ਇਹ ਪਾਰਟੀ ਦੇ ਅਤਿ ਦੇ ਸੱਜੇ ਧੜੇ ਦੇ ਹੱਥ ਸੀ ਤੇ ਇਸਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਤੂਰ ਕਾਂਗਰਸ (ਦਸੰਬਰ ੧੯੨੦) ਵਿਚ ਸੋਸ਼ਲਿਸਟ ਪਾਰਟੀ ਦੀ ਦੁਫੇੜ ਤੋਂ ਅਤੇ ਫ਼ਰਾਂਸ ਦੀ ਕਮਿਊਨਿਸਟ ਪਾਰਟੀ ਦੇ ਬਨਣ ਤੋਂ ਜਲਦੀ ਹੀ ਪਿਛੋਂ ਇਹ ਕਮਿਊਨਿਸਟ ਪਾਰਟੀ ਦਾ ਅਖ਼ਬਾਰ ਬਣ ਗਿਆ। ਇਹ ਅੱਜ ਤੱਕ ਪੈਰਿਸ ਵਿਚ ਕਮਿਊਨਿਸਟ ਪਾਰਟੀ ਦੇ ਅਖ਼ਬਾਰ ਵਜੋਂ ਪ੍ਰਕਾਸ਼ਤ ਹੋ ਰਿਹਾ ਹੈ।

ਪੰਨਾ ੭੩

83 **ਟ੍ਰੀਬਿਊਨਵਾਦੀ**—ਹਾਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਮੈਂਬਰ, ਜਿਨ੍ਹਾਂ ਦਾ ਬੁਲਾਰਾ ਅਖ਼ਬਾਰ "De Tribune" ਸੀ। ਉਹ ਇਕਸਾਰ ਇਨਕਲਾਬੀ ਨਹੀਂ ਸਨ। ਉਹ ਹਾਲੈਂਡ ਦੇ ਮਜ਼ਦੂਰ ਜਮਾਤ ਲਹਿਰ ਦਾ ਖੱਬਾ ਧੜਾ ਬਣਾਉਂਦੇ ਸਨ ਤੇ ਆਮ ਤੌਰ ਉਤੇ ਪਹਿਲੀ ਸੰਸਾਰ ਜੰਗ ਦੇ ਦੌਰਾਨ ਉਹਨਾਂ ਨੇ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ।

੧੯੧੮ ਵਿਚ ਉਹਨਾਂ ਨੇ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ।

**ਪੰਨਾ ੭੩**

[84] **ਕਮਿਊਨਿਸਟ ਇੰਟਰਨੈਸ਼ਨਲ — ਤੀਜੀ ਇੰਟਰਨੈਸ਼ਨਲ** (੧੯੧੮-੧੯੪੩) — ਸਾਮਰਾਜ ਦੇ ਆਮ ਸੰਕਟ ਦੇ ਪਹਿਲੇ ਪੜਾਅ ਉਤੇ ਇਨਕਲਾਬੀ ਮਜ਼ਦੂਰ ਤਬਕਾ ਲਹਿਰ ਦੀਆਂ ਲੋੜਾਂ ਅਤੇ ਕਾਰਜਾਂ ਦੇ ਅਨੁਸਾਰ ਕਾਇਮ ਕੀਤੀ ਕੌਮਾਂਤਰੀ ਜਥੇਬੰਦੀ; ਪਹਿਲੀ ਇੰਟਰਨੈਸ਼ਨਲ ਅਤੇ ਦੂਜੀ ਇੰਟਰਨੈਸ਼ਨਲ ਦੀਆਂ, ਜਿਹੜੀ ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿਚ ਇਸ ਵਿਚ ਸ਼ਾਮਲ ਸੋਸ਼ਲ-ਡੈਮੋਕ੍ਰੈਟਿਕ ਪਾਰਟੀਆਂ ਦੀ ਵੱਡੀ ਬਹੁ-ਗਿਣਤੀ ਵਲੋਂ ਵਿਖਾਈ ਮੌਕਾਪ੍ਰਸਤੀ ਨਿਘਾਰ ਅਤੇ ਪ੍ਰੋਲਤਾਰੀ ਕੌਮਾਂਤਰੀਵਾਦ ਨਾਲ ਵਿਸਾਹ-ਘਾਤ ਕਾਰਨ ਖੇਰੂੰ-ਖੇਰੂੰ ਹੋ ਗਈ ਸੀ, ਦੀਆਂ ਸਰਵਉਤਮ ਪ੍ਰੰਪਰਾਵਾਂ ਦੀ ਵਾਰਸ।

ਪੰਨਾ ੭੪

[85] “Preußische Jahrbücher” (“ਪਰੂਸ਼ੀਅਨ ਸਾਲਨਾਮਾ”) — ਜਰਮਨ ਸਰਮਾਇਦਾਰਾਂ ਅਤੇ ਭੂਮੀਪਤੀਆਂ ਦਾ ਇਕ ਮਾਸਕ ਪਿਛੇ-ਖਿਚੂ ਰਸਾਲਾ। ਇਹ ੧੮੫੮ ਤੋਂ ੧੯੩੫ ਤੱਕ ਬਰਲਿਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ।

ਪੰਨਾ ੭੪

[86] ਲੈਨਿਨ ਨੇ “**ਸੋਸ਼ਲਿਸਟ ਪ੍ਰਾਪੇਗੰਡਾ ਲੀਗ ਦੇ ਸੱਕਤਰ**” **ਨੂੰ ਚਿੱਠੀ** ਅਮਰੀਕੀ ਸੋਸ਼ਲਿਸਟ ਪਰਾਪੇਗੰਡਾ ਲੀਗ ਦੀ ਦੁਵਰਕੀ ਦੇ ਜਵਾਬ ਵਿਚ ਲਿਖੀ, ਜਿਹੜੀ ਦੁਵਰਕੀ ਉਹਨੂੰ ਨਵੰਬਰ ੧੯੧੫ ਵਿਚ ਮਿਲੀ ਸੀ। ਇਹ ਲੀਗ ੧੯੧੫ ਵਿਚ ਬੋਸਟਨ ਵਿਚ ਸੋਸ਼ਲਿਸਟ ਪਾਰਟੀ ਅੰਦਰ ਸਵੈਧੀਨ ਗਰੁੱਪ ਦੇ ਰੂਪ ਵਿਚ ਹੋਂਦ ਵਿਚ ਆਈ। ਉਸਨੇ ਜ਼ਿੱਮਰਵਾਲਡ ਖੱਬੇ ਧੜੇ ਦਾ ਦ੍ਰਿਸ਼ਟੀਕੋਣ ਅਪਣਾਇਆ (ਵੇਖੋ ਨੋਟ ੯੦)। ਸੋਸ਼ਲਿਸਟ ਪਾਰਟੀ ਵਿਚੋਂ ਇਨਕਲਾਬੀ ਅੰਸ਼ ਇਸ ਲੀਗ ਦੁਆਲੇ ਜੁੜ ਗਏ।

ਪੰਨਾ ੭੬

[87] **ਜਮਹੂਰੀ ਕੇਂਦਰਵਾਦ** — ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ, ਸੋਸ਼ਲਿਸਟ ਰਾਜ ਅਤੇ ਸੋਸ਼ਲਿਸਟ ਆਰਥਕਤਾ ਦੇ ਪ੍ਰਬੰਧ ਦੀ ਜਥੇਬੰਦਕ ਬਣਤਰ, ਸਰਗਰਮੀਆਂ ਤੇ ਅਗਵਾਈ ਦਾ ਸਭ ਤੋਂ ਵਧ ਮਹੱਤਵ-ਪੂਰਨ ਨਿਯਮ। ਇਹਦਾ ਤੱਤ ਹੈ ਜਮਹੂਰੀਅਤ, ਅਰਥਾਤ ਮਜ਼ਦੂਰ ਲੋਕਾਂ ਦੀ ਪੂਰਨ ਸੱਤਾ, ਉਹਨਾਂ ਦੀਆਂ ਆਜ਼ਾਦ ਸਰਗਰਮੀਆਂ ਅਤੇ ਪਹਿਲ-ਕਦਮੀਆਂ, ਉਹਨਾਂ ਦੀਆਂ ਆਗੂ ਸੰਸਥਾਵਾਂ ਦਾ ਚੋਣਾਂ ਰਾਹੀਂ ਥਾਪਿਆ ਜਾਣਾ ਅਤੇ ਉਹਨਾਂ ਸੰਸਥਾਵਾਂ ਦਾ ਜਨਤਾ ਅਗੇ ਜਵਾਬਦੇਹ ਹੋਣ ਨੂੰ, ਕੇਂਦਰਵਾਦ — ਇਕ ਕੇਂਦਰ ਵਲੋਂ ਅਗਵਾਈ, ਘਟ-

ਗਿਣਤੀ ਦਾ ਬਹੁ-ਗਿਣਤੀ ਦੇ ਅਧੀਨ ਹੋਣਾ, ਡਸਿਪਲਿਨ, ਸਾਹਮਣੇ ਰਖੇ ਆਸ਼ੇ ਦੀ ਪ੍ਰਾਪਤੀ ਲਈ ਘੋਲ ਵਿਚ ਨਿੱਜੀ ਹਿੱਤਾਂ ਦਾ ਸਾਂਝੇ ਹਿੱਤਾਂ ਦੇ ਅਧੀਨ ਹੋਣ— ਨਾਲ ਮਿਲਾਉਣਾ।

ਪੰਨਾ ੭੭

88 **ਜਿੰਗੋਵਾਦ**— ਜੰਗਜੂ ਅੰਧਰਾਸ਼ਟਰਵਾਦ। ਇਹ ਲਫ਼ਜ਼ ''ਜਿੰਗੋ'' ਤੋਂ ਬਣਿਆ, ਜੋ ਉਨ੍ਹੀਵੀਂ ਸਦੀ ਦੇ ੭੦ ਵਿਆਂ ਵਿਚ ਗਾਏ ਜਾਂਦੇ ਇਕ ਅੰਧਰਾਸ਼ਟਰਵਾਦੀ ਗੀਤ ਦੀ ਅਸਥਾਈ ਵਿਚ ਪਾਇਆ ਜਾਂਦਾ ਸੀ।

ਪੰਨਾ ੭੭

89 **ਅਮਰੀਕਾ ਦੀ ਸੋਸ਼ਲਿਸਟ ਪਾਰਟੀ** ਦੀ ਬੁਨਿਆਦ ਜੁਲਾਈ ੧੯੦੧ ਵਿਚ ਰੱਖੀ ਗਈ ਸੀ। ਇਸਦੇ ਪ੍ਰਬੰਧਕਾਂ ਵਿਚੋਂ ਇਕ ਯੂਜੀਨ ਡੈਬਜ਼ ਸੀ, ਜਿਹੜਾ ਅਮਰੀਕੀ ਮਜ਼ਦੂਰ ਲਹਿਰ ਦਾ ਹਰ-ਮਨ-ਪਿਆਰਾ ਆਗੂ ਸੀ। ਇਹ ਪਾਰਟੀ ਅਮਰੀਕੀ ਮਜ਼ਦੂਰਾਂ ਦੇ ਇਕ ਹਿੱਸੇ, ਆਵਾਸੀ ਮਜ਼ਦੂਰਾਂ, ਛੋਟੇ ਕਿਸਾਨਾਂ ਤੇ ਨਿੱਕੀ ਬੁਰਜੂਆਜ਼ੀ ਦੇ ਪ੍ਰਤਿਨਿਧਾਂ ਨੂੰ ਇਕੱਠਿਆਂ ਕਰਦੀ ਸੀ।

ਵਿਚਾਲ-ਪੰਥੀ ਤੇ ਸੱਜੇ ਮੌਕਾਪ੍ਰਸਤ ਆਗੂ (ਵਿਕਟਰ ਬਰਗਰ, ਮੌਰਿਸ ਹਿਲਕੁਇਟ ਆਦਿ) ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਲੋੜ ਤੋਂ ਇਨਕਾਰ ਕਰਦੇ ਸਨ ਤੇ ਇਨਕਲਾਬੀ ਘੋਲ ਨੂੰ ਤਿਆਗਦੇ ਸਨ, ਜਿਸ ਨਾਲ ਪਾਰਟੀ ਸਰਗਰਮੀ ਨੂੰ ਚੋਣ ਮੁਹਿੰਮਾਂ ਵਿਚ ਹਿੱਸਾ ਲੈਣ ਤੱਕ ਹੇਠਾਂ ਲੈ ਆਉਂਦੇ ਸਨ। ਪਹਿਲੀ ਸੰਸਾਰ ਜੰਗ ਸਮੇਂ ਪਾਰਟੀ ਵਿਚ ਤਿੰਨ ਰੁਝਾਣ ਪੈਦਾ ਹੋ ਗਏ— ਸਮਾਜੀ-ਅੰਧਰਾਸ਼ਟਰਵਾਦੀ, ਜਿਹੜੇ ਸਰਕਾਰ ਦੀ ਸਾਮਰਾਜੀ ਨੀਤੀ ਦੀ ਹਮਾਇਤ ਕਰਦੇ ਸਨ, ਵਿਚਾਲ-ਪੰਥੀ, ਜਿਹੜੇ ਸਾਮਰਾਜੀ ਜੰਗ ਦਾ ਵਿਰੋਧ ਕਰਨ ਦਾ ਵਿਖਾਵਾ ਕਰਦੇ ਸਨ, ਤੇ ਇਨਕਲਾਬੀ ਘਟ-ਗਿਣਤੀ ਜਿਹੜੀ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਲੈਂਦੀ ਸੀ ਅਤੇ ਜੰਗ ਦੇ ਖ਼ਿਲਾਫ਼ ਲੜਦੀ ਸੀ।

ਚਾਰਲਸ ਰਿਟਨਬਰਗ, ਵਿਲੀਅਮ ਫ਼ਾਸਟਰ, ਆਦਿ ਦੀ ਅਗਵਾਈ ਹੇਠ ਪਾਰਟੀ ਦਾ ਖੱਬਾ ਧੜਾ, ਪ੍ਰੋਲਤਾਰੀ ਅੰਸ਼ਾਂ ਉਤੇ ਟੇਕ ਰਖਦਾ ਹੋਇਆ, ਮੌਕਾਪ੍ਰਸਤ ਲੀਡਰਸ਼ਿਪ ਦੇ ਖ਼ਿਲਾਫ਼ ਨਿੱਤਰਿਆ। ੧੯੧੯ ਵਿਚ ਸੋਸ਼ਲਿਸਟ ਪਾਰਟੀ ਵਿਚ ਦੁਫੇੜ ਪੈ ਗਈ ਤੇ ਖੱਬੇ ਧੜੇ ਨੇ ਕਮਿਊਨਿਸਟ ਪਾਰਟੀ ਦੀ ਨੀਂਹ ਰੱਖਣ ਵਿਚ ਪਹਿਲਕਦਮੀ ਕੀਤੀ ਤੇ ਇਸਦਾ ਕੇਂਦਰਿਕ ਬਣਿਆ।

**ਅਮਰੀਕਾ ਦੀ ਸੋਸ਼ਲਿਸਟ ਲੇਬਰ ਪਾਰਟੀ** ਦੀ ਨੀਂਹ ੧੮੭੬ ਵਿਚ ਪਹਿਲੀ ਇੰਟਰਨੈਸ਼ਨਲ ਤੇ ਦੂਜੀਆਂ ਸੋਸ਼ਲਿਸਟ ਜਥੇਬੰਦੀਆਂ ਦੇ ਅਮਰੀਕੀ ਹਿੱਸਿਆਂ ਦੇ

ਮਿਲ ਜਾਣ ਦੇ ਸਿੱਟੇ ਵਜੋਂ ਫ਼ਿਲਾਡਲਫ਼ੀਆ ਵਿਚ ਏਕਤਾ ਕਾਂਗਰਸ ਵਿਚ ਰੱਖੀ ਗਈ। ਇਸਦੇ ਮੈਂਬਰਾਂ ਦੀ ਭਾਰੀ ਬਹੁ-ਗਿਣਤੀ ਆਵਾਸੀਆਂ ਦੀ ਸੀ ਜਿਨ੍ਹਾਂ ਦਾ ਸਥਾਨਕ ਮਜ਼ਦੂਰਾਂ ਨਾਲ ਸੰਪਰਕ ਬਹੁਤ ਘੱਟ ਸੀ। ਇਸਦੇ ਆਗੂਆਂ ਵਿਚੋਂ ਕੁਝ ਪਾਰਲੀਮੈਂਟਰੀ ਕੰਮ ਉਤੇ ਜ਼ੋਰ ਦੇਂਦੇ ਸਨ ਅਤੇ ਜਨਤਾ ਦੇ ਆਰਥਕ ਘੋਲ ਵਿਚ ਅਗਵਾਈ ਕਰਨ ਦੀ ਮਹੱਤਤਾ ਨੂੰ ਘਟਾ ਕੇ ਵੇਖਦੇ ਸਨ, ਜਦੋਂ ਕਿ ਹੋਰ ਆਗੂ ਅਰਾਜਕਤਾਵਾਦ ਤੇ ਟਰੇਡ-ਯੂਨੀਅਨਵਾਦ ਦੇ ਟੋਇਆਂ ਵਿਚ ਜਾ ਡਿੱਗੇ। ਲੀਡਰਸ਼ਿਪ ਦੇ ਵਿਚਾਰਧਾਰਕ ਤੇ ਦਾਅ-ਪੇਚੀ ਡੱਕੋ-ਡੋਲਿਆਂ ਨੇ ਪਾਰਟੀ ਨੂੰ ਕਮਜ਼ੋਰ ਕਰ ਦਿਤਾ, ਤੇ ਇਸਦੇ ਸਿੱਟੇ ਵਜੋਂ ਇਸ ਵਿਚੋਂ ਕੁਝ ਗਰੁੱਪ ਨਿਕਲ ਗਏ।

੧੮੯੦ਵਿਆਂ ਤੱਕ ਪਾਰਟੀ ਦੀ ਲੀਡਰਸ਼ਿਪ ਖੱਬੇ ਧੜੇ ਨੇ ਲੈ ਲਈ ਜਿਸਦਾ ਮੁਖੀ ਡੇਨੀਅਲ ਡ'ਲਿਓਨ ਸੀ ਕੁਝ ਅਰਾਜਕੀ-ਸੰਘਸਮਾਜਵਾਦੀ ਗ਼ਲਤੀਆਂ ਕੀਤੀਆਂ ਗਈਆਂ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸੋਸ਼ਲਿਸਟ ਲੇਬਰ ਪਾਰਟੀ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਵੱਲ ਆ ਗਈ। ਰੂਸ ਵਿਚ ਅਕਤੂਬਰ ਇਨਕਲਾਬ ਦੇ ਅਸਰ ਹੇਠ ਪਾਰਟੀ ਦੇ ਸਭ ਤੋਂ ਵਧ ਇਨਕਲਾਬੀ ਅੰਸ਼ਾਂ ਨੇ ਅੱਗੇ ਵਧ ਕੇ ਕਮਿਊਨਿਸਟ ਪਾਰਟੀ ਦੀ ਬੁਨਿਆਦ ਰੱਖ ਦਿਤੀ।

ਪੰਨਾ ੭੯

90 **ਪਹਿਲੀ ਕੌਮਾਂਤਰੀ ਸੋਸ਼ਲਿਸਟ ਕਾਨਫ਼ਰੰਸ ਜ਼ਿੰਮਰਵਾਲਡ (ਸਵਿਟਜ਼ਰਲੈਂਡ) ਵਿਖੇ** ੫-੮ ਸਤੰਬਰ, ੧੯੧੫ ਨੂੰ ਹੋਈ। ਲੈਨਿਨ ਇਸ ਕਾਨਫ਼ਰੰਸ ਨੂੰ ਜੰਗ ਦੇ ਖ਼ਿਲਾਫ਼ ਕੌਮਾਂਤਰੀ ਲਹਿਰ ਦੇ ਵਿਕਾਸ ਵਿਚ ਪਹਿਲਾ ਕਦਮ ਕਹਿੰਦਾ ਸੀ। ਕਾਨਫ਼ਰੰਸ ਵਿਚ ਲੈਨਿਨ ਦੀ ਅਗਵਾਈ ਹੇਠ ਇਨਕਲਾਬੀ ਕੌਮਾਂਤਰੀਵਾਦੀਆਂ ਅਤੇ ਕਾਊਟਸਕੀਵਾਦੀ ਬਹੁ-ਗਿਣਤੀ ਵਿਚਕਾਰ ਘੋਲ ਛਿੜ ਪਿਆ। ਲੈਨਿਨ ਨੇ ਖੱਬੇ ਕੌਮਾਂਤਰੀਵਾਦੀਆਂ ਨੂੰ **ਜ਼ਿੰਮਰਵਾਲਡ ਖੱਬੇ ਧੜੇ** ਵਿਚ ਜਥੇਬੰਦ ਕੀਤਾ ਜਿਸ ਵਿਚ ਲੈਨਿਨ ਦੀ ਅਗਵਾਈ ਹੇਠ ਸਿਰਫ਼ ਬਾਲਸ਼ਵਿਕਾਂ ਨੇ ਹੀ ਠੀਕ ਅਤੇ ਇਕਸਾਰ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ। ਇਸ ਗਰੁੱਪ ਵਿਚ ਕੁਝ ਅਸਥਿਰ ਕੌਮਾਂਤਰੀਵਾਦੀ ਵੀ ਸ਼ਾਮਲ ਸਨ।

ਕਾਨਫ਼ਰੰਸ ਨੇ ਇਕ ਮੈਨੀਫ਼ੈਸਟੋ ਪ੍ਰਵਾਨ ਕੀਤਾ ਜਿਸ ਵਿਚ ਜੰਗ ਨੂੰ ਸਾਮਰਾਜੀ ਦਸਿਆ ਗਿਆ ਸੀ। ਕਾਨਫ਼ਰੰਸ ਨੇ ਉਹਨਾਂ "ਸੋਸ਼ਲਿਸਟਾਂ" ਦੀ ਵੀ ਨਖੇਧੀ ਕੀਤੀ ਜਿਨ੍ਹਾਂ ਨੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਏ ਅਤੇ ਬੁਰਜੂਆ ਸਰਕਾਰਾਂ ਵਿਚ ਸ਼ਾਮਲ ਹੋ ਗਏ। ਇਸ ਨੇ ਯੂਰਪ ਦੇ ਮਜ਼ਦੂਰਾਂ ਨੂੰ ਜੰਗ ਦੇ ਖ਼ਿਲਾਫ਼ ਅਤੇ ਬਿਨਾਂ ਅਲਹਾਕਾਂ ਅਤੇ ਹਰਜਾਨਿਆਂ ਦੇ ਅਮਨ ਲਈ ਘੋਲ ਸ਼ੁਰੂ ਕਰਨ ਦੀ ਅਪੀਲ ਕੀਤੀ।

ਕਾਨਫ਼ਰੰਸ ਨੇ ਜੰਗ ਦਾ ਸ਼ਿਕਾਰ ਹੋਇਆਂ ਨਾਲ ਹਮਦਰਦੀ ਦਾ ਮੱਤਾ ਪ੍ਰਵਾਨ ਕੀਤਾ ਤੇ **ਕੌਮਾਂਤਰੀ ਸੋਸ਼ਲਿਸਟ ਕਮਿਸ਼ਨ** (I. S. C.) ਚੁਣਿਆ, ਜਿਹੜਾ ਜ਼ਿੱਮਰਵਾਲਡ ਟੋਲੀ ਦਾ ਕਾਰਜ-ਕਾਰੀ ਅਦਾਰਾ ਸੀ।

ਪੰਨਾ ੭੯

[91] ਦੇਖੋ ਨੋਟ ਨੰ. ੨੬।

ਪੰਨਾ ੭੯

[92] ਦੇਖੋ ਨੋਟ ਨੰ. ੬੬।

ਪੰਨਾ ੮੦

[93] **ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦਾ ਘਟ ਤੋਂ ਘਟ ਪ੍ਰੋਗਰਾਮ** (ਪਹਿਲਾ ਭਾਗ)—ਦੂਜੀ ਪਾਰਟੀ ਕਾਂਗਰਸ (੧੯੦੩) ਵਿਚ ਪ੍ਰਵਾਨ ਕੀਤਾ ਗਿਆ ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦਾ ਪ੍ਰੋਗਰਾਮ, ਜਿਹੜਾ ਇਕ-ਪੁਰਖ਼ੀ ਰਾਜ ਦਾ ਤਖ਼ਤਾ ਉਲਟਣ ਅਤੇ ਜਮਹੂਰੀ ਗਣ-ਰਾਜ ਸਥਾਪਤ ਕਰਨ ਦਾ, ਜਿਹੜਾ ਅਠ ਘੰਟਿਆਂ ਦੀ ਕੰਮ ਦਿਹਾੜੀ ਲਾਗੂ ਕਰਨਾ, ਸਭਨਾਂ ਕੌਮਾਂ ਦੀ ਬਰਾਬਰੀ ਅਤੇ ਉਹਨਾਂ ਦਾ ਆਤਮ-ਨਿਰਣੇ ਦਾ ਹੱਕ, ਪੇਂਡੂ ਇਲਾਕੇ ਵਿਚ ਖ਼ੇਤ-ਗ਼ੁਲਾਮੀ ਦੀ ਰਹਿੰਦ-ਖੂੰਹਦ ਖ਼ਤਮ ਕਰਨ, ਆਦਿ, ਯਕੀਨੀ ਬਣਾਉਂਦਾ।

**ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦਾ ਵਧ ਤੋਂ ਵਧ ਪ੍ਰੋਗਰਾਮ** (ਦੂਜਾ ਭਾਗ)—ਰੂਸੀ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੀ ਦੂਜੀ ਕਾਂਗਰਸ ਪ੍ਰਵਾਨ ਕੀਤਾ ਗਿਆ, ਜਿਹੜਾ ਮੁਖ ਕਾਰਜ ਮਿਥਦਾ ਸੀ—ਸਰਮਾਇਦਾਰੀ ਦਾ ਤਖ਼ਤਾ ਉਲਟਣਾ ਅਤੇ ਸੋਸ਼ਲਿਸਟ ਸਮਾਜ ਦੀ ਉਸਾਰੀ ਕਰਨ ਲਈ ਪ੍ਰੋਲਤਾਰੀ ਦੀ ਡਿਕਟੇਟਰੀ ਸਥਾਪਤ ਕਰਨਾ।

ਪੰਨਾ ੮੧

[94] ਦੇਖੋ ਕ. ਮਾਰਕਸ "ਗੁਪਤ ਸੂਚਨਾ"।

ਪੰਨਾ ੮੪

[95] ਦੇਖੋ ਕ. ਮਾਰਕਸ ਅਤੇ ਫ਼. ਏਂਗਲਜ਼ "Neue Rheinische Zeitung" ਵਿਚ ਲੇਖ।

ਪੰਨਾ ੮੪

[96] ਆਪਣੇ ਮਿਤਰ ਅਤੇ ਸੋਸ਼ਲ-ਡੈਮੋਕ੍ਰੈਟ ਲ. ਕੁਗੇਲਮਾਨ ਨੂੰ ੨੯ ਨਵੰਬਰ ਅਤੇ ਫ਼. ਏਂਗਲਜ਼ ਨੂੰ ੧੦ ਦਸੰਬਰ ੧੮੬੯ ਨੂੰ ਲਿਖੇ ਖ਼ਤਾਂ ਵਿਚ ਕ. ਮਾਰਕਸ ਵਲੋਂ ਆਇਰਲੈਂਡ ਦੇ ਪ੍ਰਸ਼ਨ ਸੰਬੰਧੀ ਕਹੀਆਂ ਗੱਲਾਂ ਵੱਲ ਵ. ਇ. ਲੈਨਿਨ ਇਸ਼ਾਰਾ ਕਰਦਾ ਹੈ।

ਵ. ਇ. ਲੈਨਿਨ ਮਾਰਕਸ ਦੇ ੨ ਨਵੰਬਰ ੧੮੬੭ ਨੂੰ ਫ਼. ਏਂਗਲਜ਼ ਨੂੰ ਲਿਖੇ ਖ਼ਤ ਦੀ ਟੂਕ ਦੇਂਦਾ ਹੈ।

ਪੰਨਾ ੮੪

[97] **ਸ਼ਾਹ ਅਵਗੀ ਦੇ ਅਸਤਬਲ** — ਯੂਨਾਨੀ ਮਿਥਿਹਾਸ ਵਿਚ, ਬਾਦਸ਼ਾਹ ਆਵਗੀ ਦੇ ਵੱਡੇ ਵੱਡੇ ਅਸਤਬਲ ਜਿਹੜੇ ਕਈ ਸਾਲਾਂ ਤੱਕ ਸਾਫ਼ ਨਹੀਂ ਸਨ ਕੀਤੇ ਗਏ। ਉਹਨਾਂ ਨੂੰ ਸਾਫ਼ ਕਰਨਾ ਇਕ ਕਾਰਨਾਮਾ ਹੈ ਜਿਹੜਾ ਹਰਕੁਲੀਸ ਦੇ ਨਾਂ ਨਾਲ ਜੋੜਿਆ ਜਾਂਦਾ ਹੈ।

ਇਹ ਵਾਕੰਸ਼ ਬੇਹੱਦ ਬੇਧਿਆਨੀ, ਬਦਇੰਤਜ਼ਾਮੀ ਤੇ ਗੰਦ ਦਾ ਸਮਾਨਾਰਥ ਬਣ ਗਿਆ ਹੈ।

ਪੰਨਾ ੮੪

[98] "Die Glocke" ("ਘੰਟੀ") — ਇਕ ਜਰਮਨ ਸਮਾਜੀ-ਅੰਧਰਾਸ਼ਟਰਵਾਦੀ ਪਾਰਵੂਸ (ਗੇਲਫ਼ਾਂਡ, ਏ. ਲ.) ਵਲੋਂ ਪਹਿਲਾਂ ਮਿਊਨਚ ਤੇ ਫਿਰ ਬਰਲਿਨ ਤੋਂ ੧੯੧੫ ਤੋਂ ੧੯੨੫ ਤੱਕ ਪ੍ਰਕਾਸ਼ਤ ਹੁੰਦਾ ਰਿਹਾ ਰਸਾਲਾ।

ਪੰਨਾ ੮੫

[99] ਦੇਖੋ, ਫ਼. ਏਂਗਲਜ਼, "ਜਮਹੂਰੀ ਸਰਬ-ਸਲਾਵ-ਵਾਦ"। ਲੈਨਿਨ ਨੇ "Aus dem literarischen Nachlaß von Karl Marx, Friedrich Engels und Ferdinand Lassale hrsg von Franz Mehring" Stuttgart, 1902, Bd. III ਦੀ ਵਰਤੋਂ ਕੀਤੀ ਹੈ, ਜਿਸ ਵਿਚ ਲੇਖਕ ਦਾ ਨਾਂ ਨਹੀਂ ਦਿਤਾ ਗਿਆ।

ਪੰਨਾ ੮੫

[100] **ਪਰੂਦੋਂਨਵਾਦ** — ਫ਼ਰਾਂਸੀਸੀ ਨਿੱਕ-ਬੁਰਜੂਆ ਸੋਸ਼ਲਿਸਟ ਪ. ਜ. ਪਰੂਦੋਂਨ ਦੇ ਦਾਰਸ਼ਨਿਕ ਅਤੇ ਸਮਾਜ-ਵਿਗਿਆਨਕ ਵਿਚਾਰਾਂ ਉਤੇ ਆਧਾਰਤ ਨਿੱਕ-ਬੁਰਜੂਆ ਸੋਸ਼ਲਿਜ਼ਮ ਦੀ ਇਕ ਵੰਨਗੀ; ਨਿੱਕ-ਬੁਰਜੂਆ ਸਮਾਜੀ ਸੁਧਾਰਵਾਦ ਜਿਹੜਾ ਸਰਮਾਏਦਾਰੀ ਦੇ ਆਧਾਰ ਉਤੇ ਪ੍ਰਭਾਵ ਨਹੀਂ ਪਾਉਂਦਾ।

ਪੰਨਾ ੮੭

[101] ਦੇਖੋ ਫ਼. ਏਂਗਲਜ਼ "ਜਮਹੂਰੀ ਸਰਬ-ਸਲਾਵਵਾਦ"।

ਪੰਨਾ ੮੭

[102] ਦੇਖੋ ਫ਼. ਏਂਗਲਜ਼ "ਪਰਵਾਸੀ ਸਾਹਿਤ"।

ਪੰਨਾ ੮੮

[103] **੧੮੯੮ ਦੀ ਸਪੇਨੀ-ਅਮਰੀਕੀ ਜੰਗ** ਵੈਸਟ ਇੰਡੀਜ਼ ਅਤੇ ਸ਼ਾਂਤ ਮਹਾਸਾਗਰ ਦੇ ਸਪੇਨੀ ਇਲਾਕਿਆਂ ਨੂੰ ਹਥਿਆਉਣ, ਚੀਨ ਨੂੰ ਜਾਂਦੇ ਰਾਹਾਂ ਦੇ ਅੱਡਿਆਂ ਉਤੇ ਕਬਜ਼ਾ ਕਰਨ ਅਤੇ ਪਿਛੋਂ ਸਾਰੇ ਲਾਤੀਨੀ ਅਮਰੀਕਾ ਵਿਚ ਗ਼ਲਬਾ ਸਥਾਪਤ ਕਰਨ ਦੇ ਨਿਸ਼ਾਨੇ ਨਾਲ ਅਮਰੀਕੀ ਵਿੱਤ ਸਰਮਾਇਦਾਰਾਂ ਵਲੋਂ ਭੜਕਾਈ ਗਈ ਸੀ। ਇਹ ਜੰਗ ਸਪੇਨ ਦੀ ਹਾਰ ਨਾਲ ਅਤੇ ੧੮੯੮ ਵਿਚ ਪੈਰਿਸ ਵਿਚ ਹੋਈ ਅਮਨ ਸੰਧੀ ਉਤੇ ਦਸਖ਼ਤ ਕਰਨ ਨਾਲ ਖ਼ਤਮ ਹੋਈ। ਸਪੇਨ-ਅਮਰੀਕੀ ਜੰਗ ਨਾਲ ਦੁਨੀਆਂ ਮੁੜ ਵੰਡਨ ਲਈ ਸਾਮਰਾਜੀ ਜੰਗਾਂ ਦਾ ਦੌਰ ਆਰੰਭ ਹੋਇਆ।

ਪੰਨਾ ੮੯

[104] ਏਂਗਲਜ਼, "ਮਜ਼ਦੂਰ ਜਮਾਤਾਂ ਦਾ ਪੋਲੈਂਡ ਨਾਲ ਕੀ ਵਾਸਤਾ ਹੈ?"।

ਪੰਨਾ ੯੦

[105] ਇਥੇ ਇਸ਼ਾਰਾ **ਅਪ੍ਰੈਲ ੧੯੧੬ ਵਿਚ ਆਇਰਲੈਂਡ ਦੇ ਮਜ਼ਦੂਰਾਂ ਅਤੇ ਨਿਕੀ ਬੁਰਜੂਆਜ਼ੀ ਦੀ ਬਗ਼ਾਵਤ** ਵੱਲ ਹੈ, ਜਿਨ੍ਹਾਂ ਨੇ ਸਵੈਧੀਨਤਾ ਪ੍ਰਾਪਤ ਕਰਨ ਲਈ ਕੰਮ ਸ਼ੁਰੂ ਕੀਤਾ। ਜਨਤਕ ਰੋਹ ਦਾ ਕਾਰਨ ਬਰਤਾਨਵੀ ਸਰਕਾਰ ਦੀ ਬਸਤੀਵਾਦੀ ਨੀਤੀ ਸੀ, ਜਿਸਨੇ ਹੋਮਰੂਲ ਬਿੱਲ (ਬਰਤਾਨਵੀ ਸਲਤਨਤ ਵਿਚ ਆਇਰਲੈਂਡ ਲਈ ਸੀਮਤ ਖ਼ੁਦ-ਅਖ਼ਤਿਆਰੀ) ਨੂੰ ਲਾਗੂ ਕਰਨਾ ਪਿੱਛੇ ਪਾ ਦਿਤਾ। ਡਬਲਿਨ ਤੋਂ ਬਿਨਾਂ, ਜਿਥੇ ਬਾਗ਼ੀਆਂ ਨੇ ਆਇਰਲੈਂਡੀ ਗਣ-ਰਾਜ ਦਾ ਐਲਾਨ ਕਰ ਦਿਤਾ ਅਤੇ ਆਰਜ਼ੀ ਹਕੂਮਤ ਜਥੇਬੰਦ ਕੀਤੀ ਅਤੇਨਰੇ ਅਤੇ ਐਨਿਸਕੋਟੀ ਦੇ ਸ਼ਹਿਰਾਂ ਵਿਚ ਵੀ ਬਗ਼ਾਵਤਾਂ ਹੋਈਆਂ।

ਡਬਲਿਨ ਵਿਚ ਘਮਸਾਨ ਦੀ ਲੜਾਈ ਤੋਂ ਪਿਛੋਂ, ਜਿਹੜੀ ਸੱਤ ਦਿਨਾਂ ਤੱਕ ਚਲਦੀ ਰਹੀ, ਬਰਤਾਨਵੀ ਸਰਕਾਰ ਨੇ ਬਗ਼ਾਵਤ ਨੂੰ ਦਬਾ ਦਿਤਾ।

ਪੰਨਾ ੯੨

[106] **ਆਰਥਕਤਾਵਾਦ** — ਇਸ ਸਦੀ ਦੇ ਸ਼ੁਰੂ ਵਿਚ ਰੂਸੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਇਕ ਮੌਕਾਪ੍ਰਸਤ ਰੁਝਾਣ, ਕੌਮਾਂਤਰੀ ਮੌਕਾਪ੍ਰਸਤੀ ਦੀ ਇਕ ਵੰਨਗੀ।

ਆਰਥਕਤਾਵਾਦੀ ਮਜ਼ਦੂਰ ਜਮਾਤ ਦੇ ਕਾਰਜਾਂ ਨੂੰ ਉਚੇਰੀਆਂ ਉਜਰਤਾਂ ਲਈ, ਕੰਮ ਦੀਆਂ ਚੰਗੇਰੀਆਂ ਹਾਲਤਾਂ, ਆਦਿ ਲਈ ਘੋਲ ਤੱਕ ਸੀਮਤ ਕਰਨਾ ਚਾਹੁੰਦੇ ਸਨ; ਉਹ ਇਹ ਵਿਸ਼ਵਾਸ ਰਖਦੇ ਸਨ ਕਿ ਰਾਜਸੀ ਘੋਲ ਉਦਾਰਵਾਦੀ ਬੁਰਜੂਆਜ਼ੀ ਦੀ ਫ਼ਿਕਰ ਹੋਣੀ ਚਾਹੀਦੀ ਹੈ, ਅਤੇ ਮਜ਼ਦੂਰ ਜਮਾਤ ਪਾਰਟੀ ਦੇ ਆਗੂ ਰੋਲ ਤੋਂ ਇਨਕਾਰ ਕਰਦੇ ਸਨ। ਆਪ-ਮੁਹਾਰੀ ਮਜ਼ਦੂਰ ਜਮਾਤ ਲਹਿਰ ਨੂੰ ਪੂਜਣ-ਯੋਗ ਗੱਲ ਬਣਾਉਂਦਿਆਂ, ਉਹ ਇਨਕਲਾਬੀ ਸਿਧਾਂਤ ਦੀ ਮਹੱਤਤਾ ਨੂੰ ਛੁਟਿਆਉਂਦੇ ਸਨ ਅਤੇ ਮਜ਼ਦੂਰ ਜਮਾਤ ਲਹਿਰ ਵਿਚ ਸੋਸ਼ਲਿਸਟ ਚੇਤਨਤਾ ਨੂੰ ਅੱਗੇ ਖੜਨ ਦੀ ਮਹੱਤਤਾ ਤੋਂ ਇਨਕਾਰ ਕਰਦੇ ਸਨ ਤੇ ਇਸ ਤਰ੍ਹਾਂ ਬੁਰਜੂਆ ਵਿਚਾਰਧਾਰਾ ਦੇ ਵਿਚ ਆ ਵੜਨ ਲਈ ਰਾਹ ਬਣਾਉਂਦੇ ਸਨ। ਉਹ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਫੁੱਟ ਅਤੇ ਕੱਚਘਰੜਣਪੁਣੇ ਦੀ ਵਕਾਲਤ ਕਰਦੇ ਸਨ ਅਤੇ ਮਜ਼ਦੂਰ ਜਮਾਤ ਦੀ ਕੇਂਦਰਿਆਈ ਪਾਰਟੀ ਦੀ ਸਥਾਪਨਾ ਦੇ ਵਿਰੁਧ ਸਨ।

ਪੰਨਾ ੯੨

[107] ਦੇਖੋ ਨੋਟ ਨੰ. ੯੦।

ਪੰਨਾ ੯੭

[108] **ਦੂਜੀ ਇੰਟਰਨੈਸ਼ਨਲ ਸੋਸ਼ਲਿਸਟ ਕਾਨਫਰੰਸ** ੨੪ ਤੋਂ ੩੦ ਅਪ੍ਰੈਲ, ੧੯੧੬ ਤੱਕ ਕੈਂਥਲ ਵਿਚ ਹੋਈ ਸੀ। ਇਥੇ ਖੱਬਾ ਧੜਾ ਜ਼ਿੰਮਰਵਾਲਡ ਨਾਲੋਂ ਵਧੇਰੇ ਤਕੜਾ ਅਤੇ ਵਧੇਰੇ ਇਕਮੁੱਠ ਸੀ। ਲੈਨਿਨ ਨੇ ਕਾਨਫ਼ਰੰਸ ਤੋਂ ਉਹ ਮੱਤਾ ਪਾਸ ਕਰਵਾ ਲਿਆ ਜਿਸ ਵਿਚ ਕੌਮਾਂਤਰੀ ਸੋਸ਼ਲਿਸਟ ਬਿਊਰੋ ਦੇ ਸਮਾਜਕ-ਸ਼ਾਂਤੀਵਾਦ ਅਤੇ ਮੌਕਾਪ੍ਰਸਤੀ ਦੀ ਨਿਖੇਧੀ ਕੀਤੀ ਗਈ ਸੀ। "ਤਬਾਹ ਅਤੇ ਕਤਲ ਕੀਤੇ ਜਾ ਰਹੇ ਲੋਕਾਂ ਦੀ ਅਪੀਲ" ਅਤੇ ਕਾਨਫ਼ਰੰਸ ਦੇ ਮੱਤੇ ਕੌਮਾਂਤਰੀ ਜੰਗ-ਵਿਰੋਧੀ ਲਹਿਰ ਦੇ ਵਿਕਾਸ ਵਿਚ ਇਕ ਕਦਮ ਅੱਗੇ ਵੱਲ ਸੀ।

ਜ਼ਿੰਮਰਵਾਲਡ ਦੇ ਕੈਂਥਲ ਕਾਨਫ਼ਰੰਸਾਂ ਨਾਲ ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਧਾਰਕ ਆਧਾਰ ਉਤੇ ਪੱਛਮੀ ਸੋਸ਼ਲ-ਡੈਮੋਕਰੈਟਿਕ ਲਹਿਰ ਦੇ ਖੱਬੇ ਅੰਸ਼ਾਂ ਦੀ ਏਕਤਾ ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਮਿਲੀ, ਜਿਨ੍ਹਾਂ ਨੇ ਪਿਛੋਂ ਆਪੋ ਆਪਣੇ ਦੇਸਾਂ ਵਿਚ ਕਮਿਊਨਿਸਟ ਪਾਰਟੀਆਂ ਦੀ ਨੀਂਹ ਰੱਖਣ ਦੀ ਲਹਿਰ ਵਿਚ ਅਤੇ ਤੀਜੀ, ਕਮਿਊਨਿਸਟ ਇੰਟਰਨੈਸ਼ਨਲ ਜਥੇਬੰਦ ਕਰਨ ਵਿਚ ਸਰਗਰਮ ਹਿੱਸਾ ਪਾਇਆ।

ਪੰਨਾ ੧੦੦

109 I. S. B. (International Socialist Bureau) — ਕੌਮਾਂਤਰੀ ਸੋਸ਼ਲਿਸਟ ਬਿਊਰੋ (ਦੇਖੋ ਨੋਟ ਨੰ. ੫੧)।

ਪੰਨਾ ੧੦੦

110 ਦੇਖੋ ਨੋਟ ਨੰ. ੬੨, ੬੩।

ਪੰਨਾ ੧੦੧

111 **ਗਰੂਟਲੀ-ਫ਼ਰਾਈਨ** (Grütliverein) — ਇਕ ਏਕਾ, ਸਵਿਸ ਨਿੱਕ-ਬੁਰਜੂਆ ਸੁਧਾਰਵਾਦੀ ਜਥੇਬੰਦੀ (੧੮੩੮-੧੯੨੫) ਜਿਹੜੀ ਜਨੇਵਾ ਵਿਖੇ ਦਸਤਕਾਰਾਂ ਅਤੇ ਮਜ਼ਦੂਰਾਂ ਦੇ ਵਿਦਿਅਕ ਏਕੇ ਵਜੋਂ ਸਥਾਪਤ ਕੀਤੀ ਗਈ।

ਪੰਨਾ ੧੦੧

112 "ਓਕੀਸਤੋਵ" — ਦੇਖੋ ਨੋਟ ਨੰ. ੬੬।

ਸਮਾਜਕ-ਇਨਕਲਾਬੀ — ਦੇਖੋ ਨੋਟ ਨੰ. ੩੧।

**ਟਾਲਸਟਾਏਵਾਦੀ** — ਰੂਸੀ ਲੇਖਕ ਲ. ਨ. ਟਾਲਸਟਾਈ ਦੇ ਅਨੁਯਾਈ ਸਮਾਜ ਦੀ ਕਾਇਆ-ਪਲਟ ਦੇ ਸਾਧਨ ਵਜੋਂ ਜਿਹੜਾ "ਸਰਬ-ਵਿਆਪਕ ਪਿਆਰ," ਹਿੰਸਾ ਵਲੋਂ ਕੀਤੀ ਬੁਰਾਈ ਦਾ ਵਿਰੋਧ ਨਾ ਕਰਨ, ਧਾਰਮਕ ਅਤੇ ਸਮਾਜੀ ਚੰਗਿਆਈ ਦਾ ਪ੍ਰਚਾਰ ਕਰਦਾ ਸੀ।

ਪੰਨਾ ੧੦੨

113 ਵ. ਇ. ਲੈਨਿਨ, "ਨਿਸ਼ਸਤ੍ਰੀਕਰਨ ਦਾ ਨਾਅਰਾ" (ਸੰਗ੍ਰਹਿਤ ਕਿਰਤਾਂ, ਸੈਂਚੀ ੩੦, ਪੰਨੇ ੧੫੧-੧੬੨)।

ਪੰਨਾ ੧੦੩

114 ੧੯੧੬ ਦੇ ਅਖ਼ੀਰ ਵਿਚ ਤੇ ੧੯੧੭ ਦੇ ਸ਼ੁਰੂ ਵਿਚ ਲੈਨਿਨ ਨੇ ਰਾਜ ਦੇ ਸਿਧਾਂਤ ਨਾਲ ਸੰਬੰਧਤ ਸਮਿਗਰੀ ਦਾ ਅਧਿਅਨ ਕੀਤਾ। ਲਗਭਗ ਉਸੇ ਹੀ ਸਮੇਂ ਉਹਨੇ ਰਾਜ ਦੇ ਮਾਰਕਸਵਾਦੀ ਅਰਥਾਂ ਬਾਰੇ ਲੇਖ ਦਾ ਪਲਾਨ ਉਲੀਕਿਆ, ਜਿਹੜਾ ਉਹ "ਸਬੋਰਨਿਕ ਸੋਤਸਿਆਲ ਦੈਮੋਕਰਾਤਾ" ਦੇ ਚੌਥੇ ਅੰਕ ਵਿਚ ਪ੍ਰਕਾਸ਼ਤ ਕਰਨਾ ਚਾਹੁੰਦਾ ਸੀ। ਪਰ ਪੈਸਿਆਂ ਦੀ ਥੁੜ ਕਾਰਨ ਅੰਕ ਨਾ ਨਿਕਲ ਸਕਿਆ, ਅਤੇ ਲੇਖ ਨਾ ਲਿਖਿਆ ਗਿਆ। ਲੈਨਿਨ ਨੇ ਇਹ ਤਿਆਰੀ-ਮਸਾਲਾ ਰਾਜ ਸੰਬੰਧੀ ਆਪਣੇ ਲੇਖ ਵਿਚ ਵਰਤਿਆ ਜਦੋਂ ਉਹ ਅਗਸਤ ਅਤੇ ਸਤੰਬਰ

੧੯੧੭ ਵਿਚ ਆਪਣੀ ਕਿਤਾਬ "ਰਾਜ ਤੇ ਇਨਕਲਾਬ" ਉਤੇ ਕੰਮ ਕਰ ਰਿਹਾ ਸੀ।

ਪੰਨਾ ੧੦੪

115 **ਫ਼ੌਜੀਆਂ ਅਤੇ ਮਜ਼ਦੂਰਾਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ** — ਰੂਸੀ ਮਜ਼ਦੂਰ ਜਮਾਤ ਦੀਆਂ ਚੁਣੀਆਂ ਹੋਈਆਂ ਰਾਜਸੀ ਜਥੇਬੰਦੀਆਂ, ਜਿਹੜੀਆਂ ਪਹਿਲਾਂ-ਪਹਿਲ ੧੯੦੫-੧੯੦੭ ਦੇ ਇਨਕਲਾਬ ਸਮੇਂ ਸਥਾਪਤ ਕੀਤੀਆਂ ਗਈਆਂ।

੧੯੧੭ ਦੇ ਫ਼ਰਵਰੀ ਇਨਕਲਾਬ ਸਮੇਂ ਉਹ ਇਨਕਲਾਬੀ ਸੱਤਾ ਦੀਆਂ ਸੰਸਥਾਵਾਂ ਵਜੋਂ ਸਥਾਪਤ ਕੀਤੀਆਂ ਗਈਆਂ।

ਪੰਨਾ ੧੦੮

116 **ਮਾਨੀਲੋਵਵਾਦ** — ਗੋਗੋਲ ਦੇ ਨਾਵਲ "ਮੁਰਦਾ ਰੂਹਾਂ" ਦੇ ਇਕ ਪਾਤਰ ਮਾਨੀਲੋਵ ਦੇ ਨਾਂ ਉਤੇ; ਇਹ ਸ਼ਬਦ ਇਸ ਉਪਭਾਵਕ ਭੂਮੀਪਤੀ ਦੇ ਖ਼ਾਸਿਆਂ ਦੇ ਜੁੱਟ ਨੂੰ ਪੇਸ਼ ਕਰਦਾ ਹੈ, ਜਿਹੜਾ ਸਾਹ-ਸਤਹੀਣ, ਫੋਕੇ ਸੁਪਨੇਸਾਜ਼ ਅਤੇ ਥੋਥੇ ਮਨੁਖ ਦਾ ਪ੍ਰਤਿਨਿਧ ਰੂਪ ਹੈ।

ਪੰਨਾ ੧੧੦

117 **ਲੇਬਰਵਾਦੀ** — ਅੰਗ੍ਰੇਜ਼ੀ ਸ਼ਬਦ "labour" (ਕਿਰਤ) ਤੋਂ। ਇਥੇ ਇਸ਼ਾਰਾ ਬਰਤਾਨਵੀ ਲੇਬਰ ਪਾਰਟੀ ਦੇ ਮੈਂਬਰਾਂ ਵੱਲ ਹੈ। ਦੇਖੋ ਨੋਟ ਨੰ. ੬੩।

ਪੰਨਾ ੧੧੦

118 "Arbeitsgemeinschaft" ("ਕਿਰਤ ਭਾਈਚਾਰਾ", "ਸੋਸ਼ਲ-ਡੈਮੋਕਰੈਟਿਕ ਕਿਰਤੀ ਟੋਲੀ") — ਮਾਰਚ ੧੯੧੬ ਵਿਚ ਉਹਨਾਂ ਡਿਪਟੀਆਂ ਵਲੋਂ ਕਾਇਮ ਕੀਤੀ ਗਈ ਜਰਮਨ ਵਿਚਾਲ-ਪੰਥੀਆਂ ਦੀ ਜਥੇਬੰਦੀ, ਜਿਹੜੇ ਸੋਸ਼ਲ-ਡੈਮੋਕਰੈਟ ਰਾਈਖ਼ਸਤਾਗ ਵਿਚ ਸਵੈਧੀਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਕੇਂਦਰਿਕ ਬਣੀ, ਜਿਸਦੀ ਨੀਂਹ ਅਪ੍ਰੈਲ ੧੯੧੭ ਵਿਚ ਰੱਖੀ ਗਈ। ਇਹ ਪਾਰਟੀ ਖੁਲ੍ਹਮ-ਖੁਲ੍ਹਾ ਸਮਾਜੀ-ਅੰਧਰਾਸ਼ਟਰਵਾਦੀਆਂ ਦੇ ਵਤੀਰਿਆਂ ਨੂੰ ਯੋਗ ਸਿੱਧ ਕਰਦੀ ਸੀ ਅਤੇ ਉਹਨਾਂ ਨਾਲ ਏਕਤਾ ਕਾਇਮ ਰੱਖਣ ਦੀ ਵਕਾਲਤ ਕਰਦੀ ਸੀ।

ਪੰਨਾ ੧੧੨

119 **ਮਿਨਾਰੀਤੇਰਜ਼ ਜਾਂ ਲਾਂਗੇਵਾਦੀ** — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਵਿਚ ਘੱਟ-ਗਿਣਤੀ, ਜਿਹੜੀ ੧੯੧੫ ਵਿਚ ਹੋਂਦ ਵਿਚ ਆਈ। ਸਮਾਜੀ-ਸੁਧਾਰਵਾਦੀ ਲਾਂਗੇ

ਦੇ ਹਮਾਇਤੀ ਹੋਣ ਕਾਰਨ, ਉਹ ਵਿਚਾਲ-ਪੰਥੀ ਵਿਚਾਰ ਰਖਦੇ ਸਨ ਅਤੇ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਸੁਲਹ-ਸਫ਼ਾਈ ਦੀ ਨੀਤੀ ਉਤੇ ਚਲਦੇ ਸਨ। ਪਹਿਲੀ ਸੰਸਾਰ ਜੰਗ ਦੇ ਦੌਰਾਨ ਉਹਨਾਂ ਨੇ ਸਮਾਜੀ-ਸ਼ਾਂਤੀਵਾਦੀ ਸਟੈਂਡ ਲਿਆ। ਰੂਸ ਵਿਚ ਅਕਤੂਬਰ ਇਨਕਲਾਬ ਦੀ ਜਿੱਤ ਤੋਂ ਪਿਛੋਂ (੧੯੧੭), ਉਹ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਹਮਾਇਤ ਕਰਨ ਦਾ ਦਾਅਵਾ ਕਰਦੇ ਸਨ, ਪਰ ਅਸਲ ਵਿਚ ਇਸਦਾ ਵਿਰੋਧ ਕਰਦੇ ਸਨ। ਉਹਨਾਂ ਨੇ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਮਿਲਵਰਤਨ ਦੀ ਆਪਣੀ ਨੀਤੀ ਜਾਰੀ ਰੱਖੀ। ਦਸੰਬਰ ੧੯੨੦ ਵਿਚ ਤੂਰ ਵਿਚ ਹੋਈ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਕਾਂਗਰਸ ਵਿਚ, ਖੱਬਾ ਪੱਖ ਭਾਰੂ ਹੋ ਗਿਆ ਤੇ ਲਾਂਗੇਵਾਦੀ, ਜਿਹੜੇ ਘਟ-ਗਿਣਤੀ ਵਿਚ ਰਹਿ ਗਏ ਸਨ, ਖੁਲ੍ਹਮ-ਖੁਲ੍ਹਾ ਸੁਧਾਰਵਾਦੀਆਂ ਨਾਲ ਮਿਲ ਕੇ ਪਾਰਟੀ ਤੋਂ ਵੱਖ ਹੋ ਗਏ, ਅਖੌਤੀ ਢਾਈਵੀਂ ਇੰਟਰਨੈਸ਼ਨਲ ਵਿਚ ਸ਼ਾਮਲ ਹੋ ਗਏ ਤੇ ਫਿਰ, ਇਹਦੇ ਢਹਿ-ਢੇਰੀ ਹੋਣ ਉਤੇ ਮੁੜ ਦੂਜੀ ਇੰਟਰਨੈਸ਼ਨਲ ਵਿਚ ਆ ਰਲੇ।

ਪੰਨਾ ੧੧੨

[120] ਦੇਖੋ ਨੋਟ ਨੰ. ੧੪ ਅਤੇ ੩੩।

ਪੰਨਾ ੧੧੨

[121] ਦੇਖੋ ਨੋਟ ਨੰ. ੯੦।

ਪੰਨਾ ੧੧੨

[122] **"ਇੰਟਰਨੈਸ਼ਨਲ" ਟੋਲੀ**—ਖੱਬੇ ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਇਨਕਲਾਬੀ ਜਥੇਬੰਦੀ, ਜਿਸਦੀ ਨੀਂਹ ਪਹਿਲੀ ਸੰਸਾਰ ਜੰਗ ਦੇ ਮੁਢਲੇ ਦਿਨਾਂ ਵਿਚ ਕਾਰਲ ਲੀਬਕਨੇਖ਼ਤ, ਰੋਜ਼ਾ ਲਕਸਮਬੁਰਗ, ਫ਼ਰਾਂਜ਼ ਮੇਹਰਿੰਗ ਅਤੇ ਕਲਾਰਾ ਜ਼ੇਟਕਿਨ ਨੇ ਰੱਖੀ। ੧੯੧੬ ਵਿਚ ਰਾਜਸੀ ਦੁਵਰਕੀਆਂ ਤੋਂ ਬਿਨਾਂ, ਜਿਹੜੀਆਂ ਇਹਨੇ ੧੯੧੫ ਵਿਚ ਜਾਰੀ ਕੀਤੀਆਂ ਸਨ, ਇਸ ਗਰੁੱਪ ਨੇ "ਸਪਾਰਟਾਕਸ" ਦੇ ਦਸਖ਼ਤਾਂ ਹੇਠ "ਰਾਜਸੀ ਚਿੱਠੀਆਂ" ਗ਼ੈਰ-ਕਾਨੂੰਨੀ ਤੌਰ ਉਤੇ ਪ੍ਰਕਾਸ਼ਤ ਕਰਨੀਆਂ ਤੇ ਫੇਰਨੀਆਂ ਸ਼ੁਰੂ ਕਰ ਦਿਤੀਆਂ, ਜਿਹੜੀਆਂ ੧੯੧੮ ਅਕਤੂਬਰ ਤੱਕ ਛਪਦੀਆਂ ਰਹੀਆਂ। ਟੋਲੀ ਦਾ ਨਾਂ ਵੀ ਸਪਾਰਟਾਕਸ ਟੋਲੀ ਪੈ ਗਿਆ।

ਸਪਾਰਟਾਕਸਵਾਦੀ ਜਨਤਾ ਵਿਚ ਇਨਕਲਾਬੀ ਪ੍ਰਚਾਰ ਦਾ ਕੰਮ ਕਰਦੇ ਸਨ, ਜੰਗ ਦੇ ਖ਼ਿਲਾਫ਼ ਵਿਸ਼ਾਲ ਕਾਰਵਾਈਆਂ ਜਥੇਬੰਦ ਕਰਦੇ ਸਨ, ਹੜਤਾਲਾਂ ਦੀ ਅਗਵਾਈ ਕਰਦੇ ਸਨ ਅਤੇ ਜੰਗ ਦੇ ਸਾਮਰਾਜੀ ਖ਼ਾਸੇ ਅਤੇ ਮੌਕਾਪ੍ਰਸਤ ਸੋਸ਼ਲ-

ਡੈਮੋਕਰੈਟ ਆਗੂਆਂ ਦੇ ਵਿਸਾਹਘਾਤ ਨੂੰ ਉਘੇੜਦੇ ਸਨ। ਪਰ ਉਹਨਾਂ ਸਿਧਾਂਤ ਅਤੇ ਨੀਤੀ ਦੇ ਸਵਾਲਾਂ ਉਤੇ ਗੰਭੀਰ ਗ਼ਲਤੀਆਂ ਕੀਤੀਆਂ ਜਿਸ ਲਈ ਲੈਨਿਨ ਨੇ ਉਹਨਾਂ ਉਤੇ ਇਕ ਤੋਂ ਵਧ ਵਾਰ ਪੜਚੋਲ ਕੀਤੀ ਅਤੇ ਉਹਨਾਂ ਨੂੰ ਠੀਕ ਦ੍ਰਿਸ਼ਟੀਕੋਣ ਅਪਣਾਉਣ ਵਿਚ ਸਹਾਇਤਾ ਕੀਤੀ।

ਅਪ੍ਰੈਲ ੧੯੧੭ ਵਿਚ ਸਪਾਰਟਾਕਸਵਾਦੀ ਆਪਣੀ ਜਥੇਬੰਦਕ ਸਵੈਧੀਨਤਾ ਕਾਇਮ ਰੱਖਦੇ ਹੋਏ, ਜਰਮਨੀ ਦੀ ਵਿਚਾਲ-ਪੰਥੀ ਸਵੈਧੀਨ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿਚ ਸ਼ਾਮਲ ਹੋ ਗਏ। ਨਵੰਬਰ ੧੯੧੮ ਵਿਚ, ਜਰਮਨੀ ਵਿਚ ਇਨਕਲਾਬ ਦੇ ਦੌਰਾਨ, ਸਪਾਰਟਾਕਸਵਾਦੀ ਉਪ੍ਰੋਕਤ ਸਵੈਧੀਨ ਸੋਸ਼ਲ-ਡੈਮੋਕਰੈਟਿਕ ਪਾਰਟੀ ਨਾਲੋਂ ਵੱਖ ਹੋ ਗਏ ਅਤੇ "ਸਪਾਰਟਾਕਸ ਲੀਗ" ਬਣਾ ਲਈ, ਅਤੇ ੧੪ ਦਸੰਬਰ, ੧੯੧੮ ਨੂੰ ਆਪਣਾ ਪ੍ਰੋਗਰਾਮ ਪ੍ਰਕਾਸ਼ਤ ਕਰ ਦਿਤਾ। ੩੦ ਦਸੰਬਰ, ੧੯੧੮ ਤੋਂ ੧ ਜਨਵਰੀ, ੧੯੧੯ ਤੱਕ ਹੋਈ ਉਦਘਾਟਨੀ ਕਾਂਗਰਸ ਵਿਚ, ਉਹਨਾਂ ਨੇ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ।

ਪੰਨਾ ੧੧੩

123 "Arbeiterpolitik" ("ਮਜ਼ਦੂਰ ਨੀਤੀ")—ਖੱਬੇ ਗਰਮ-ਖਿਆਲੀਆਂ ਦੇ ਬਰੇਮਨ ਧੜੇ ਦਾ ਵਿਗਿਆਨਕ ਸੋਸ਼ਲਿਜ਼ਮ ਬਾਰੇ ਸਪਤਾਹਕ ਰਸਾਲਾ। ਇਹ ਧੜਾ ੧੯੧੯ ਵਿਚ ਜਰਮਨੀ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ। ਇਹ ੧੯੧੬ ਤੋਂ ੧੯੧੯ ਤੱਕ ਬਰੇਮਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਇਹ ਰਸਾਲਾ ਜਰਮਨ ਤੇ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਵਿਚ ਸਮਾਜੀ-ਅੰਧਰਾਸ਼ਟਰਵਾਦ ਦੇ ਖ਼ਿਲਾਫ਼ ਘੋਲ ਚਲਾਉਂਦਾ ਸੀ।

ਪੰਨਾ ੧੧੪

124 "Demain ("ਭਲਕ")—ਮਾਸਕ ਸਾਹਿਤਕ-ਪੱਤਰਕਾਰਕ ਅਤੇ ਰਾਜਨੀਤਕ ਰਸਾਲਾ, ਜਿਹੜਾ ਜਨਵਰੀ ੧੯੧੬ ਤੋਂ ੧੯੧੯ ਤੱਕ, ਪਹਿਲਾਂ ਜਨੇਵਾ ਤੋਂ ਅਤੇ ਫਿਰ ਮਾਸਕੋ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਇਹ ਰਸਾਲਾ ਅੰਧਰਾਸ਼ਟਰਵਾਦ ਦਾ ਵਿਰੋਧ ਕਰਦਾ ਸੀ, ਤੇ ਜ਼ਿੰਮਰਵਾਲਡ ਪ੍ਰੋਗਰਾਮ ਦਾ ਪ੍ਰਚਾਰ ਕਰਦਾ ਸੀ।

ਪੰਨਾ ੧੧੪

125 "The Trade Unionist" ("ਟਰੇਡ ਯੂਨੀਅਨਿਸਟ")—ਅੰਗਰੇਜ਼ੀ ਵਿਚ ਲੰਦਨ ਤੋਂ ਨਵੰਬਰ ੧੯੧੫ ਤੋਂ ਲੈ ਕੇ ਨਵੰਬਰ ੧੯੧੬ ਤੱਕ ਪ੍ਰਕਾਸ਼ਤ ਹੁੰਦਾ ਰਿਹਾ ਟਰੇਡ-ਯੂਨੀਅਨ ਰਸਾਲਾ।

ਪੰਨਾ ੧੧੪

[126] ਦੇਖੋ ਨੋਟ ਨੰ. ੮੯।

ਪੰਨਾ ੧੧੪

[127] ਦੇਖੋ ਨੋਟ ਨੰ: ੮੯।

ਪੰਨਾ ੧੧੪

[128] "The Internationalist" ("ਇੰਟਰਨੈਸ਼ਨਲਿਸਟ") — ਖੱਬ-ਪੱਖੀ ਸੋਸ਼ਲਿਸਟਾਂ ਦਾ ਸਪਤਾਹਕ, ਜਿਹੜਾ ੧੯੧੭ ਦੇ ਸ਼ੁਰੂ ਵਿਚ ਅਮਰੀਕਾ ਦੀ ਸੋਸ਼ਲਿਸਟ ਪ੍ਰਾਪੇਗੰਡਾ ਲੀਗ ਨੇ ਬੋਸਟਨ ਤੋਂ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। (ਦੇਖੋ ਨੋਟ ਨੰ: ੮੬)

ਪੰਨਾ ੧੧੪

[129] ਦੇਖੋ ਨੋਟ ਨੰ: ੮੩।

ਪੰਨਾ ੧੧੪

[130] **ਜਵਾਨਾਂ ਜਾਂ ਖਬੇ-ਪਖ ਦੀ ਪਾਰਟੀ** ਸਵੀਡਨ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਖੱਬੇ ਰੁਝਾਣ ਨੂੰ ਲੈਨਿਨ ਨੇ ਇਹ ਨਾਂ ਦਿਤਾ। ਪਹਿਲੀ ਸੰਸਾਰ ਜੰਗ ਦੇ ਦੌਰਾਨ ਇਹਨਾਂ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਏ ਅਤੇ ਜ਼ਿੱਮਰਵਾਲਡ ਖੱਬੇ ਗਰੁੱਪ ਦੇ ਨਾਲ ਰਹੇ। ਮਈ ੧੯੧੭ ਵਿਚ ਉਹਨਾਂ ਨੇ ਸਵੀਡਨ ਦੀ ਖੱਬੀ ਸੋਸ਼ਲ-ਡੈਮੋਕਰੈਟਿਕ ਪਾਰਟੀ ਕਾਇਮ ਕਰ ਲਈ। ੧੯੧੯ ਵਿਚ ਆਪਣੀ ਕਾਂਗਰਸ ਵਿਚ ਇਹਨੇ ਕਮਿਊਨਿਸਟ ਇੰਟਰਨੈਸ਼ਨਲ ਨਾਲ ਸੰਬੰਧ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। ੧੯੨੧ ਵਿਚ ਪਾਰਟੀ ਦੇ ਇਨਕਲਾਬੀ ਧੜੇ ਨੇ ਸਵੀਡਨ ਦੀ ਕਮਿਊਨਿਸਟ ਪਾਰਟੀ ਬਣਾ ਲਈ।

ਪੰਨਾ ੧੧੪

[131] ਦੇਖੋ ਨੋਟ ਨੰ. ੫੮।

ਪੰਨਾ ੧੧੫

[132] **ਇਲਾਕਾਈ ਕਾਰਜ-ਕਰਨੀ ਅਤੇ ਮੁਖ ਕਾਰਜ-ਕਰਨੀ** — ਪੋਲੈਂਡ ਅਤੇ ਲਿਥੂਆਨੀਆ ਦੀ ਬਾਦਸ਼ਾਹਤ ਦੇ ਸੋਸ਼ਲ-ਡੈਮੋਕਰੈਟਾਂ ਕਾਰਜ-ਕਾਰੀ ਅਦਾਰੇ।

ਪੰਨਾ ੧੧੫

[133] ਲੈਨਿਨ ਇਥੇ ਅਖ਼ਬਾਰ "**ਲੋਕ ਆਵਾਜ਼**" ("Volksstimme") ਦਾ ਹਵਾਲਾ ਦੇ ਰਿਹਾ ਹੈ, ਜਿਹੜਾ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਅਖ਼ਬਾਰ ਸੀ।

ਇਹ ਅਖ਼ਬਾਰ ਜਨਵਰੀ ੧੯੯੧ ਤੋਂ ਫ਼ਰਵਰੀ ੧੯੩੩ ਤੱਕ ਹੈਮਨਿਤਸ ਤੋਂ ਪ੍ਰਕਾਸ਼ਤ ਹੁੰਦਾ ਰਿਹਾ।

"**ਘੰਟੀ**" ("Die Glocke") — ਦੇਖੋ ਨੋਟ ਨੰ. ੯੮।

ਪੰਨਾ ੧੧੭

[134] ਦੇਖੋ ਨੋਟ ਨੰ. ੧੦੮।

ਪੰਨਾ ੧੧੭

[135] "Jugend International" ("ਜਵਾਨਾਂ ਦੀ ਇੰਟਰਨੈਸ਼ਨਲ") — ਇਕ ਅਖ਼ਬਾਰ, ਜ਼ਿੱਮਰਵਾਲਡ ਦੇ ਖੱਬੇ-ਪੱਖ ਦੇ ਨੇੜੇ ਜਵਾਨਾਂ ਦੀਆਂ ਸੋਸ਼ਲਿਸਟ ਜਥੇਬੰਦੀਆਂ ਦੇ ਕੌਮਾਂਤਰੀ ਏਕੇ ਦਾ ਬੁਲਾਰਾ, ਜ਼ਿਊਰਿਚ ਵਿਚ ਸਤੰਬਰ ੧੯੧੫ ਤੋਂ ਮਈ ੧੯੧੮ ਤੱਕ ਛਪਦਾ ਰਿਹਾ।

ਪੰਨਾ ੧੧੮

[136] ਮਜ਼ਦੂਰਾਂ ਦੇ ਪ੍ਰਤਿਨਿਧਾਂ ਦੀ ਸੋਵੀਅਤ ਦੀ ਸਮ-ਵਿਥ ਹਕੂਮਤ ਮਜ਼ਦੂਰ ਲੋਕਾਂ ਦੀ ਸੱਤਾ ਵਜੋਂ ਬੁਰਜੂਆ ਆਰਜ਼ੀ ਹਕੂਮਤ ਦੇ ਨਾਲ ਨਾਲ ਅਤੇ ਪਿਛਲੇਰੀ ਦੀ ਇੱਛਾ ਦੇ ਉਲਟ ਚਲਦੀ ਰਹੀ। ੧੯੧੭ ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ ਵ. ਇ. ਲੈਨਿਨ ਨੇ ਪ੍ਰੋਲਤਾਰੀ ਦੀ ਡਿਕਟੇਟਰੀ ਦੇ ਰਾਜਕੀ ਰੂਪ ਵਜੋਂ ਰੂਸ ਵਿਚ ਸੋਵੀਅਤਾਂ ਦੇ ਗਣ-ਰਾਜ ਦੀ ਸਿਰਜਣਾ ਕਰਨ ਦੀ ਲੋੜ ਸੰਬੰਧੀ ਇਕ ਸਿੱਟਾ ਸੂਤਰਬਧ ਕੀਤਾ।

ਪੰਨਾ ੧੧੯

[137] "**ਰਾਬੋਚਾਯਾ ਗਜ਼ੇਤਾ**" ("ਮਜ਼ਦੂਰ ਅਖ਼ਬਾਰ") — ਮਾਰਚ ਤੋਂ ਨਵੰਬਰ ੧੯੧੭ ਤੱਕ ਪੀਤਰੋਗਰਾਦ ਤੋਂ ਪ੍ਰਕਾਸ਼ਤ ਹੋਣ ਵਾਲਾ ਮੈਨਸ਼ਵਿਕ ਰੋਜ਼ਾਨਾ ਅਖ਼ਬਾਰ।

ਪੰਨਾ ੧੨੦

[138] ਲੈਨਿਨ ਇਥੇ "ਸੁਤੰਤਰਤਾ ਕਰਜ਼ਿਆਂ" ਦੇ ਹੱਕ ਵਿਚ ਮੈਨਸ਼ਵਿਕਾਂ ਵਲੋਂ ਵੋਟ ਪਾਉਣ ਵੱਲ ਇਸ਼ਾਰਾ ਕਰ ਰਿਹਾ ਹੈ, ਜਿਹੜੇ ੭ (੨੦) ਅਪ੍ਰੈਲ, ੧੯੧੭ ਨੂੰ, ਜੰਗੀ ਖ਼ਰਚਾਂ ਨੂੰ ਪੂਰਿਆਂ ਕਰਨ ਲਈ ਆਰਜ਼ੀ ਸਰਕਾਰ ਵਲੋਂ ਪੀਤਰੋਗਰਾਦ ਸੋਵੀਅਤ ਦੇ ਸਮਾਗਮ ਵਿਚ, ਜਾਰੀ ਕੀਤੇ ਗਏ ਸਨ।

ਪੰਨਾ ੧੨੦

[139] **ਕਿਰਤੀ ਅਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਹੱਕਾਂ ਦਾ ਐਲਾਨ-ਨਾਮੇ** ਦਾ, ਜਿਹੜਾ ਕੁੱਲ-ਰੂਸ ਕਾਰਜ-ਕਾਰੀ ਕਮੇਟੀ ਵਲੋਂ ੫ (੧੮) ਜਨਵਰੀ ੧੯੧੮ ਨੂੰ ਪ੍ਰਵਾਨ

ਕੀਤਾ, ਇਹਦੇ ਵਲੋਂ ਪਹਿਲੀ ਵਿਧਾਨ-ਘੜਨੀ ਸਭਾ ਵਿਚ ਐਲਾਨ ਕੀਤਾ ਗਿਆ। ਐਲਾਨ-ਨਾਮੇ ਉਤੇ ਵਿਚਾਰ ਕਰਨ ਦੀ ਤਜਵੀਜ਼ ਵਿਧਾਨ-ਘੜਨੀ ਸਭਾ ਦੀ ਉਲਟ-ਇਨਕਲਾਬੀ ਬਹੁ-ਗਿਣਤੀ ਨੇ ਰੱਦ ਕਰ ਦਿਤੀ।

੧੨ (੨੫) ਜਨਵਰੀ ੧੯੧੮ ਨੂੰ ਸੋਵੀਅਤਾਂ ਦੀ ਤੀਜੀ ਕੁੱਲ-ਰੂਸ ਕਾਂਗਰਸ ਨੇ ਇਹ ਐਲਾਨ-ਨਾਮੇ ਨੂੰ ਪ੍ਰਵਾਨ ਕੀਤਾ ਅਤੇ ਇਹ ਸੋਵੀਅਤ ਵਿਧਾਨ ਦਾ ਆਧਾਰ ਬਣ ਗਿਆ।

ਪੰਨਾ ੧੨੫

140 ਇਥੇ ਇਸ਼ਾਰਾ ਹੈ ਉਤਪਾਦਨ ਅਤੇ ਵੰਡ ਉਤੇ ਕਿਰਤੀਆਂ ਦੇ ਕੰਟਰੋਲ ਵੱਲ, ੧) ਫ਼ਰਵਰੀ-ਅਕਤੂਬਰ ੧੯੧੭ ਰੂਸ ਦੇ ਪ੍ਰੋਲਤਾਰੀ ਵਲੋਂ ਸਰਮਾਇਦਾਰ ਆਰਥਕਤਾ ਵਿਚ ਦਖ਼ਲ ਮੁਖ ਰੂਪ ਸੀ। ੨) ੧੯੧੭ ਦੇ ਅਕਤੂਬਰ ਇਨਕਲਾਬ ਤੋਂ ਪਿਛੋਂ ਇਹ ਸੋਵੀਅਤ ਰਾਜ ਦਾ ਮੁਖ ਸਮਾਜੀ-ਆਰਥਕ ਕਦਮ ਸੀ, ਜਿਸਨੇ ਸਨਅਤ ਅਤੇ ਟਰਾਂਸਪੋਰਟ ਦੀ ਨੇਸ਼ਨਲਾਈਜ਼ੇਸ਼ਨ ਲਈ ਤਿਆਰੀ ਕੀਤੀ—ਸਮਾਜੀ ਉਤਪਾਦਨ ਦੀ ਪਲਾਨਬੰਦੀ ਲਈ ਲੋੜੀਂਦੀ ਸ਼ਰਤ।

ਪੰਨਾ ੧੨੫

141 **ਕੌਮੀ ਆਰਥਕਤਾ ਦੀ ਸਰਵਉਚ ਪ੍ਰੀਸ਼ਦ** ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਵਿਚ ਕੁੱਲ-ਰੂਸ ਕਾਰਜ-ਕਾਰੀ ਕਮੇਟੀ ਅਤੇ ਲੋਕ ਕੁਮੀਸਾਰਾਂ ਦੀ ਕੌਂਸਲ ਦੇ ਫ਼ਰਮਾਨ ਰਾਹੀਂ ੨ (੧੫) ਦਸੰਬਰ ੧੯੧੭ ਨੂੰ ਕੁੱਲ ਕੌਮੀ ਆਰਥਕਤਾ ਅਤੇ ਰਾਜਸੀ ਵਿੱਤ ਨੂੰ ਜਥੇਬੰਦ ਕਰਨ ਲਈ ਸਥਾਪਤ ਕੀਤੀ ਗਈ।

ਪੰਨਾ ੧੨੫

142 ੬ (੧੯) ਅਕਤੂਬਰ ੧੯੧੭ ਨੂੰ ਫ਼ਿਨਲੈਂਡ ਦੀ ਪਾਰਲੀਮੈਂਟ ਨੇ ਇਕ ਐਲਾਨ ਪ੍ਰਵਾਨ ਕੀਤਾ ਜਿਸ ਵਿਚ ਫ਼ਿਨਲੈਂਡ ਦੇ ਸੁਤੰਤਰ ਦੇਸ ਹੋਣ ਦਾ ਐਲਾਨ ਕੀਤਾ ਗਿਆ। ਸੋਵੀਅਤ ਰਾਜ ਦੀ ਕੌਮੀਅਤਾਂ ਸੰਬੰਧੀ ਨੀਤੀ ਅਨੁਸਾਰ ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਨੇ ਫ਼ਿਨਲੈਂਡ ਦੀ ਸੁਤੰਤਰਤਾ ਸੰਬੰਧੀ ਫ਼ਰਮਾਨ ਪ੍ਰਵਾਨ ਕੀਤਾ। ੨੨ ਦਸੰਬਰ ੧੯੧੭ (੫ ਜਨਵਰੀ ੧੯੧੮) ਨੂੰ ਕੁਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ ਨੇ ਫ਼ਿਨਲੈਂਡ ਦੀ ਸੁਤੰਤਰਤਾ ਸੰਬੰਧੀ ਫ਼ਰਮਾਨ ਪ੍ਰਵਾਨ ਕੀਤਾ।

੧੯ ਦਸੰਬਰ ੧੯੧੭ (ਪਹਿਲੀ ਜਨਵਰੀ ੧੯੧੮) ਨੂੰ ਬਰੇਸਤ ਵਿਖੇ ਰੂਸ ਅਤੇ ਜਰਮਨੀ, ਆਸਟਰੀਆ-ਹੰਗਰੀ, ਤੁਰਕੀ ਅਤੇ ਬਲਗਾਰੀਆ ਵਿਚਕਾਰ ਜਿਸ ਸੰਧੀ ਉਤੇ ਦਸਖ਼ਤ ਕੀਤੇ ਗਏ ਉਸ ਅਨੁਸਾਰ ਸੋਵੀਅਤ ਹਕੂਮਤ ਨੇ

ਈਰਾਨ ਦੀ ਹਕੂਮਤ ਸਾਹਮਣੇ ਈਰਾਨ ਤੋਂ ਰੂਸੀ ਫ਼ੌਜਾਂ ਕੱਢਣ ਸੰਬੰਧੀ ਆਮ ਯੋਜਨਾ ਉਲੀਕਣ ਦੀ ਤਜਵੀਜ਼ ਰਖੀ।

ਪੰਨਾ ੧੨੬

143 **ਲੋਕ ਕੁਮੀਸਾਰਾਂ ਦੀ ਕੌਂਸਲ**— ਇਹ ੧੯੪੬ ਤੱਕ ਸੋਵੀਅਤ ਯੂਨੀਅਨ, ਸੰਘ ਅਤੇ ਖ਼ੁਦ-ਅਖ਼ਤਿਆਰ ਗਣ-ਰਾਜਾਂ ਰਾਜ ਸੱਤਾ ਦੀ ਵਿਚ ਸਰਵਉਚ ਕਾਰਜ-ਕਾਰੀ ਅਤੇ ਅਗਵਾਈ ਕਰਨ ਵਾਲੀ ਸਰਵਉਚ ਸੰਸਥਾ ਦਾ ਨਾਂ ਸੀ।

ਲੋਕ ਕੁਮੀਸਾਰਾਂ ਦੀ ਪਹਿਲੀ ਕੌਂਸਲ , ਜਿਸਦਾ ਮੁਖੀ ਵ. ਇ. ਲੈਨਿਨ ਸੀ, ਸੋਵੀਅਤਾਂ ਦੀ ਦੂਜੀ ਕੁੱਲ-ਰੂਸ ਕਾਂਗਰਸ ਵਿਚ ਸਥਾਪਤ ਕੀਤੀ ਗਈ। ਮਾਰਚ ੧੯੪੬ ਵਿਚ ਸੋਵੀਅਤ ਯੂਨੀਅਨ ਦੀ ਲੋਕ ਕੁਮੀਸਾਰਾਂ ਦੀ ਕੌਂਸਲ ਸੋਵੀਅਤ ਯੂਨੀਅਨ ਦੇ ਮੰਤਰੀ ਪ੍ਰੀਸ਼ਦ ਵਿਚ ਤਬਦੀਲ ਕਰ ਦਿਤੀ ਗਈ ਅਤੇ ਸੰਘ ਅਤੇ ਤਦ-ਅਨੁਸਾਰ ਖ਼ੁਦ-ਅਖ਼ਤਿਆਰ ਗਣ-ਰਾਜਾਂ ਦੀਆਂ ਲੋਕ ਕੁਮੀਸਾਰਾਂ ਦੀਆਂ ਕੌਂਸਲਾਂ ਸੰਘ ਅਤੇ ਖ਼ੁਦ-ਅਖ਼ਤਿਆਰ ਗਣ-ਰਾਜਾਂ ਦੀਆਂ ਮੰਤਰੀ ਪ੍ਰੀਸ਼ਦਾਂ ਬਣਾ ਦਿਤੀਆਂ ਗਈਆਂ।

ਪੰਨਾ ੧੨੬

144 "**ਖੱਬ-ਪੱਖੀ ਕਮਿਊਨਿਸਟ**" — ਜਰਮਨੀ ਨਾਲ ਅਮਨ ਸੰਧੀ (ਬਰੈਸਤ ਦੀ ਅਮਨ ਸੰਧੀ) ਉਤੇ ਦਸਖ਼ਤ ਕਰਨ ਦੇ ਸੰਬੰਧ ਵਿਚ ੧੯੧੮ ਦੇ ਸ਼ੁਰੂ ਵਿਚ ਬਣਾਇਆ ਗਿਆ ਇਕ ਪਾਰਟੀ-ਵਿਰੋਧੀ ਗਰੁੱਪ। ਇਨਕਲਾਬੀ ਯੁਧ ਸੰਬੰਧੀ ਖੱਬ-ਪੱਖੀ ਫ਼ਿਕਰੇਬਾਜ਼ੀ ਵਰਤਦੇ ਹੋਏ "ਖੱਬ-ਪੱਖੀ ਕਮਿਊਨਿਸਟਾਂ" ਦੇ ਗਰੁੱਪ ਨੇ ਸੋਵੀਅਤ ਗਣ-ਰਾਜ ਨੂੰ, ਜਿਸਦੀ ਅਜੇ ਆਪਣੀ ਫ਼ੌਜ ਨਹੀਂ ਸੀ, ਸਾਮਰਾਜੀ ਜਰਮਨੀ ਵਿਰੁਧ ਯੁਧ ਵਿਚ ਫਸਾਉਣ ਦੀ ਨੀਤੀ ਦੀ ਹਮਾਇਤ ਕੀਤੀ ਅਤੇ ਇਉਂ ਸੋਵੀਅਤ ਸੱਤਾ ਦੇ ਟੁਟ ਜਾਣ ਦਾ ਖ਼ਤਰਾ ਪੈਦਾ ਕਰ ਦਿਤਾ। "ਖੱਬ-ਪੱਖੀ ਕਮਿਊਨਿਸਟਾਂ" ਨੇ ਆਰਥਕ ਉਸਾਰੀ ਦੇ ਕਈ ਮਾਮਲਿਆਂ ਸੰਬੰਧੀ ਵੀ ਗ਼ਲਤ ਨੀਤੀ ਅਪਣਾਈ। ਵ. ਇ. ਲੈਨਿਨ ਦੀ ਅਗਵਾਈ ਹੇਠ ਪਾਰਟੀ ਨੇ "ਖੱਬ-ਪੱਖੀ ਕਮਿਊਨਿਸਟਾਂ" ਦੀ ਨੀਤੀ ਦਾ ਦ੍ਰਿੜ੍ਹਤਾ ਨਾਲ ਮੂੰਹ ਭੰਨ ਦਿਤਾ।

ਪੰਨਾ ੧੨੮

145 **ਕੌਮਾਂਤਰੀ ਸੰਬੰਧਾਂ ਦੀ ਕਮੇਟੀ** — "ਕੌਮਾਂਤਰੀ ਸੰਬੰਧ ਬਹਾਲ ਕਰਨ ਲਈ ਕਮੇਟੀ", ਫ਼ਰਾਂਸੀਸੀ ਕੌਮਾਂਤਰੀਵਾਦੀਆਂ ਨੇ ਜਨਵਰੀ ੧੯੧੬ ਵਿਚ ਜਥੇਬੰਦ ਕੀਤੀ। ਇਸ ਕਮੇਟੀ ਦੀ ਜਥੇਬੰਦੀ ਫ਼ਰਾਂਸ ਵਿਚ ਸਮਾਜੀ-ਅੰਧਰਾਸ਼ਟਰਵਾਦੀ ਜਥੇਬੰਦੀਆਂ ਦੇ ਮੁਕਾਬਲੇ ਉਤੇ ਸੋਸ਼ਲਿਸਟਾਂ ਦੀ ਕੌਮਾਂਤਰੀਵਾਦੀ ਇਨਕਲਾਬੀ

ਜਥੇਬੰਦੀ ਸਥਾਪਤ ਕਰਨ ਦਾ ਪਹਿਲਾ ਜਤਨ ਸੀ। ਵ. ਇ. ਲੈਨਿਨ "ਕੌਮਾਂਤਰੀ ਸੰਬੰਧ ਬਹਾਲ ਕਰਨ ਲਈ ਕਮੇਟੀ" ਨੂੰ ਕੌਮਾਂਤਰੀਵਾਦੀ ਅੰਸ਼ਾਂ ਨੂੰ ਇਕਮੁਠ ਕਰਨ ਲਈ ਵਰਤਣਾ ਜ਼ਰੂਰੀ ਖ਼ਿਆਲ ਕਰਦਾ ਸੀ।

ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਪ੍ਰਭਾਵ ਅਧੀਨ ਅਤੇ ਫ਼ਰਾਂਸੀਸੀ ਕਿਰਤੀਆਂ ਦੀ ਲਹਿਰ ਦੇ ਮਜ਼ਬੂਤ ਹੋਣ ਕਾਰਨ ਕਮੇਟੀ ਇਨਕਲਾਬੀ-ਕੌਮਾਂਤਰੀਵਾਦੀਆਂ ਦਾ ਕੇਂਦਰ ਬਣ ਗਈ। ੧੯੨੦ ਵਿਚ ਕਮੇਟੀ ਫ਼ਰਾਂਸ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਈ।

ਲੈਨਿਨ ਨੇ ਜਿਸ ਅਪੀਲ ਦਾ ਜ਼ਿਕਰ ਕੀਤਾ ਹੈ ਉਹ "ਪ੍ਰਾਵਦਾ" ਨੰ. ੧੩੧ ਵਿਚ ੨੯ ਜੂਨ ੧੯੧੮ ਨੂੰ ਛਾਪੀ ਗਈ।

ਪੰਨਾ ੧੩੨

146 **ਮੈਨਸ਼ਵਿਕ** — ਰੂਸੀ ਸੋਸ਼ਲ-ਡੈਮੋਕਰੇਸੀ ਵਿਚ ਨਿੱਕ-ਬੁਰਜੂਆ ਮੌਕਾਪ੍ਰਸਤ ਰੁਝਾਣ ਦੇ ਹਮਾਇਤੀ, ਜਿਨ੍ਹਾਂ ਨੇ ਮਜ਼ਦੂਰ ਜਮਾਤ ਵਿਚ ਬੁਰਜੂਆ ਪ੍ਰਭਾਵ ਨੂੰ ਲਿਆਂਦਾ। ਮੈਨਸ਼ਵਿਕਾਂ ਨੂੰ ਇਹ ਨਾਂ ਰੂ:ਸੋ:ਡੈ:ਲੇ:ਪਾ: ਦੀ ਅਗਸਤ ੧੯੦੩ ਵਿਚ ਹੋਈ ਦੂਜੀ ਕਾਂਗਰਸ ਵਿਚ ਮਿਲਿਆ ਜਦੋਂ ਕਾਂਗਰਸ ਦੇ ਅੰਤ ਉਤੇ ਉਹ ਪਾਰਟੀ ਦੇ ਕੇਂਦਰੀ ਅਦਾਰਿਆਂ ਦੀ ਚੋਣ ਸਮੇਂ ਘੱਟ-ਗਿਣਤੀ (ਰੂਸੀ ਵਿਚ "ਮੈਨਸ਼ਿਨਸਤਵੋ") ਵਿਚ ਸਨ ਅਤੇ ਲੈਨਿਨ ਦੀ ਅਗਵਾਈ ਹੇਠ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਨੂੰ ਬਹੁ-ਗਿਣਤੀ (ਰੂਸੀ ਵਿਚ "ਬਾਲਸ਼ਿਨਸਤਵੋ") ਮਿਲੀ। ਇਥੋਂ ਉਹਨਾਂ ਦੇ ਨਾਂ **ਬਾਲਸ਼ਵਿਕ** ਅਤੇ **ਮੈਨਸ਼ਵਿਕ** ਪੈ ਗਏ।

ਪੰਨਾ ੧੩੫

147 ੧੮ ਜੂਨ ੧੯੧੭ ਨੂੰ ਬੁਰਜੂਆ ਉਲਟ-ਇਨਕਲਾਬੀ ਆਰਜ਼ੀ ਹਕੂਮਤ ਦੇ ਮੁਖੀ ਨੇ ਦਖਣ-ਪਛਮੀ ਮੋਰਚੇ ਉਤੇ ਹਮਲਾ ਸ਼ੁਰੂ ਕਰਨ ਦਾ ਹੁਕਮ ਦਿਤਾ। ਆਰਜ਼ੀ ਹਕੂਮਤ ਨੇ ਇਹ ਹਮਲਾ ਆਪਣੀ ਪ੍ਰਸਥਿਤੀ ਮਜ਼ਬੂਤ ਬਣਾਉਣ ਅਤੇ ਆਪਣੇ ਇਤਿਹਾਦੀਆਂ ਵਲੋਂ ਰੂਸੀ ਫ਼ੌਜ ਦੀ ਕਾਰਵਾਈ ਸਰਗਰਮ ਕਰਨ ਦੀ ਮੰਗ ਪੂਰੀ ਕਰਨ ਲਈ ਕੀਤਾ। ਬੁਰਜੂਆਜ਼ੀ ਦਾ ਵਿਚਾਰ ਸੀ ਕਿ ਜਿਤ ਦੀ ਹਾਲਤ ਵਿਚ ਉਹ ਸਾਰੀ ਸਤਾ ਆਪਣੇ ਹਥ ਵਿਚ ਲੈ ਲਵੇਗੀ ਅਤੇ ਦੇਸ ਅਤੇ ਫ਼ੌਜ ਵਿਚ ਇਨਕਲਾਬੀ ਸ਼ਕਤੀਆਂ ਨੂੰ ਹਰਾ ਦੇਵੇਗੀ ਅਤੇ ਹਾਰ ਦੀ ਸੂਰਤ ਵਿਚ ਫ਼ੌਜ ਦੇ ਨਿਘਾਰ ਦੀ ਜ਼ਿਮੇਵਾਰੀ ਬਾਲਸ਼ਵਿਕਾਂ ਸਿਰ ਮੜ੍ਹ ਦੇਵੇਗੀ।

ਅਸਲ ਵਿਚ ਇਸ ਹਮਲੇ ਦੀ ਅਸਫ਼ਲਤਾ ਨੇ ਆਰਜ਼ੀ ਹਕੂਮਤ ਅਤੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੀ ਉਲਟ-ਇਨਕਲਾਬੀ ਨੀਤੀ ਦਾ ਪਾਜ ਉਘਾੜ ਦਿਤਾ ਅਤੇ ਕਿਰਤੀ ਜਨਤਾ ਅਤੇ ਫ਼ੌਜੀਆਂ ਦਾ ਰੋਹ ਜਗਾਇਆ

ਅਤੇ ਬਾਲਸ਼ਵਿਕਾਂ ਦੇ, ਜਿਹੜੇ ਯੁਧ ਫ਼ੌਰੀ ਤੌਰ ਉਤੇ ਬੰਦ ਕਰਨ ਦੇ ਹਕ ਵਿਚ ਸਨ, ਅਧਿਕਾਰ ਨੂੰ ਮਜ਼ਬੂਤ ਬਣਾਇਆ।

ਪੰਨਾ ੧੩੫

148 "Workers' Dreadnought" (ਕਿਰਤੀਆਂ ਦਾ ਜੰਗੀ ਜਹਾਜ਼) ਲੰਦਨ ਵਿਚ ਮਾਰਚ ੧੯੧੪ ਤੋਂ ਜੂਨ ੧੯੨੪ ਤਕ ਛਪਦਾ ਰਿਹਾ। ੧੯੧੮-੧੯੧੯ ਵਿਚ ਇਹ ਇੰਗਲੈਂਡ ਦੀ ਵਰਕਰਜ਼ ਸੋਸ਼ਲਿਸਟ ਫ਼ੈਡਰੇਸ਼ਨ ਦਾ ਬੁਲਾਰਾ ਸੀ। ੧੯੨੦-੧੯੨੧ ਵਿਚ ਇਹ ਇੰਗਲੈਂਡ ਦੀ ਕਮਿਊਨਿਸਟ ਪਾਰਟੀ ਦਾ ਬੁਲਾਰਾ ਸੀ।

ਪੰਨਾ ੧੩੫

149 ਇਥੇ ਇਸ਼ਾਰਾ ਹੈ ਲੈਨਿਨ ਵਲੋਂ ਕਿਰਤੀਆਂ ਅਤੇ ਫ਼ੌਜੀਆਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ ਦੀ ਦੂਜੀ ਕੁਲ-ਰੂਸ ਕਾਂਗਰਸ ਵਿਚ ਪੇਸ਼ ਕੀਤੀ "**ਅਮਨ ਸੰਬੰਧੀ ਰਪੋਰਟ**" ਵੱਲ ਹੈ।

ਪੰਨਾ ੧੩੫

150 ਲੈਨਿਨ ਅਮਨ ਸੰਧੀ ਕਰਨ ਲਈ ਬਰੈਸਤ ਗੱਲਬਾਤ ਦਾ ਹਵਾਲਾ ਦੇ ਰਿਹਾ ਹੈ।

**ਬਰੈਸਤ-ਲਿਤੋਵਸਕ ਅਮਨ ਸੰਧੀ** ੩ ਮਾਰਚ, ੧੯੧੮ ਨੂੰ ਬਰੈਸਤ-ਲਿਤੋਵਸਕ ਵਿਚ ਸੋਵੀਅਤ ਰੂਸ ਅਤੇ ਚਾਰ-ਧਿਰੀ ਗਠਜੋੜ (ਜਰਮਨੀ, ਆਸਟਰੀਆ-ਹੰਗਰੀ, ਬਲਗ਼ਾਰੀਆ ਅਤੇ ਤੁਰਕੀ) ਵਿਚਕਾਰ ਹੋਈ ਸੀ ਅਤੇ ੧੫ ਮਾਰਚ ਨੂੰ ਸੋਵੀਅਤਾਂ ਦੀ ਅਸਾਧਾਰਨ ਚੌਥੀ ਕੁੱਲ-ਰੂਸ ਕਾਂਗਰਸ ਨੇ ਇਸਦੀ ਪੁਸ਼ਟੀ ਕੀਤੀ ਸੀ। ਇਸਦੀਆਂ ਸ਼ਰਤਾਂ ਸੋਵੀਅਤ ਰੂਸ ਲਈ ਬੇਹੱਦ ਬੋਝਲ ਸਨ। ਸਮਝੌਤੇ ਅਨੁਸਾਰ ਯੂਕਰੇਨ ਸੋਵੀਅਤ ਰੂਸ ਤੋਂ ਵੱਖ ਕਰ ਲਿਆ ਗਿਆ ਅਤੇ ਜਰਮਨੀ ਦੇ ਅਧੀਨ ਇਕ ਰਾਜ ਬਣ ਗਿਆ। ਬ੍ਰੈਸਤ ਦੀ ਸੰਧੀ ਉਤੇ ਦਸਖ਼ਤ ਕਰਨਾ ਇਕ ਸਿਆਣਾ ਸਮਝੌਤਾ ਸੀ। ਬ੍ਰੈਸਤ ਦੀ ਸੰਧੀ ਨੇ ਸੋਵੀਅਤ ਯੂਨੀਅਨ ਨੂੰ ਕੁਝ ਅਮਨ-ਭਰਿਆ ਸਮਾਂ ਦਿਤਾ, ਇਹ ਸੰਭਵ ਬਣਾਇਆ ਕਿ ਪੁਰਾਣੀ, ਟੁਟ-ਫੁਟ ਰਹੀ ਫ਼ੌਜ ਨੂੰ ਲਾਮਬੰਦ ਕੀਤਾ ਜਾਏ ਅਤੇ ਨਵੀਂ — ਲਾਲ ਫ਼ੌਜ ਨੂੰ ਜਥੇਬੰਦ ਕੀਤਾ ਜਾਏ, ਸੋਸ਼ਲਿਸਟ ਉਸਾਰੀ ਸ਼ੁਰੂ ਕੀਤੀ ਜਾਏ ਅਤੇ ਦੇਸ ਅੰਦਰ ਉਲਟ-ਇਨਕਲਾਬੀ ਅਤੇ ਬਦੇਸੀ ਦਖ਼ਲ ਵਿਰੁਧ ਘੋਲ ਲਈ ਸ਼ਕਤੀਆਂ ਇਕਤਰ ਕੀਤੀਆਂ ਜਾਣ।

ਬਰੈਸਤ ਦੀ ਸੰਧੀ ਉਤੇ ਦਸਖ਼ਤ ਦਾ ਸੰਬੰਧ ਟਰਾਟਸਕੀ ਅਤੇ ਪਾਰਟੀ-ਵਿਰੋਧੀ ਟੋਲੀ, "ਖਬ-ਪਖੀ ਕਮਿਊਨਿਸਟਾਂ" ਨਾਲ ਘੋਲ ਨਾਲ ਸੀ।

੧੩ ਨਵੰਬਰ, ੧੯੧੮ ਨੂੰ, ਇਨਕਲਾਬ ਤੋਂ ਪਿਛੋਂ ਜਿਸਨੇ ਜਰਮਨੀ ਵਿਚ

ਬਾਦਸ਼ਾਹੀ ਨੂੰ ਉਲਟਾ ਦਿਤਾ, ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ ਨੇ ਸੰਧੀ ਨੂੰ ਮਨਸੂਖ ਕਰ ਦਿਤਾ।

ਪੰਨਾ ੧੩੫

151 **ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ** — ੧੯੧੭-੧੯੩੭ ਵਿਚ ਰੂਸੀ ਸੋਵੀਅਤ ਸੰਘ ਗਣ-ਰਾਜ ਦੀ ਸਰਵਉਚ ਕਾਨੂੰਨ-ਘੜਨੀ, ਕਾਰਜ-ਕਾਰੀ, ਆਗੂ ਅਤੇ ਕੰਟਰੋਲ ਕਰਨ ਵਾਲੀ, ਸੋਵੀਅਤਾਂ ਦੀਆਂ ਕਾਂਗਰਸਾਂ ਦੇ ਵਿਚਕਾਰਲੇ ਸਮੇਂ ਵਿਚ ਕੰਮ ਕਰਨ ਵਾਲੀ ਸੰਸਥਾ।

ਪੰਨਾ ੧੩੯

152 ਦੇਖੋ ਨੋਟ ਨੰ. ੩੧, ੧੪੬।

ਪੰਨਾ ੧੩੯

153 "**ਕੁਲਾਕ**" ਸ਼ਬਦ ਦੇ ਅਰਥ ਹਨ ਧਨੀ ਕਿਸਾਨ ਜਿਹੜੇ ਲੁੱਟ-ਚੋਘ, ਸੂਦ-ਖੋਰੀ ਅਤੇ ਸਟੇਬਾਜ਼ਜ਼ੀ ਰਾਹੀਂ ਧਨੀ ਹੋਈ ਜਾਂਦੇ।

ਵ. ਇ. ਲੈਨਿਨ ਦੇ ਵਿਆਖਿਆ ਅਨੁਸਾਰ **ਕੁਲਾਕ** "ਧਨੀ ਕਿਸਾਨ" ਹਨ, "ਕਿਰਤੀਆਂ ਨੂੰ ਭਾੜੇ ਉਤੇ ਲੈਕੇ ਜਾਂ ਸੂਦ-ਖੋਰੀ, ਆਦਿ, ਰਾਹੀਂ ਹੋਰ ਲੋਕਾਂ ਦੀ ਕਿਰਤ ਦੀ ਲੁੱਟ-ਚੋਘ ਕਰਦੇ ਹਨ"।

**ਕੁਲਾਕ** ਪੇਂਡੂ ਬੁਰਜੂਆਜ਼ੀ ਸਨ। ਇਨਕਲਾਬੋਂ ਪਹਿਲਾਂ ਦੇ ਰੂਸ ਵਿਚ (ਅਤੇ ਅੱਜ ਵਿਕਾਸ ਕਰ ਰਹੇ ਦੇਸਾਂ ਵਿਚ) ਗ਼ੁਲਾਮ-ਬਣਾਊ ਲੁਟ-ਚੋਘ ਦੇ (ਕੰਮ ਰਾਹੀਂ ਉਜਰਤ ਦੇਣਾ, ਆਦਿ) ਢੰਗ ਵਰਤਕੇ ਉਹ ਮੁਢਲੇ ਇਕਤ੍ਰੀਣ ਦੇ ਜੁਗ ਦੀ ਬੁਰਜੂਆਜ਼ੀ ਹਨ। ਵਿਕਸਤ ਸਰਮਾਇਦਾਰ ਦੇਸਾਂ ਵਿਚ ਕੁਲਾਕ ਖੇਤੀ ਕਾਰੋਬਾਰਾਂ ਦੇ ਮਾਲਕਾਂ (ਭੋਂ ਅਤੇ ਮੁਜ਼ਾਰਿਆਂ ਦੇ ਮਾਲਕਾਂ) ਦੀ ਇਕ ਵਿਸ਼ੇਸ਼ ਟੋਲੀ ਬਣਦੇ ਹਨ।

ਖੇਤੀ ਦੀ ਸੋਸ਼ਲਿਸਟ ਕਾਇਆ-ਪਲਟ ਸਦਕਾ, ਸੋਵੀਅਤ ਕਿਸਾਨੀ ਨੂੰ ਕੁਲਾਕ ਲੁੱਟ-ਚੋਘ ਤੋਂ ਛੁਟਕਾਰਾ ਦਿਵਾ ਦਿਤਾ ਗਿਆ, ਸਾਂਝੇ-ਖੇਤਾਂ ਦੀ ਪ੍ਰਨਾਲੀ ਦੀ ਜਿੱਤ ਨਾਲ ਕੁਲਾਕਾਂ ਨੂੰ ਪੈਦਾ ਕਰਨ ਵਾਲੀਆਂ ਪ੍ਰਸਥਿਤੀਆਂ ਖ਼ਤਮ ਹੋ ਗਈਆਂ ਹਨ।

ਪੰਨਾ ੧੪੧

154 ਇਥੇ ਹਵਾਲਾ ਚੈਕੋਸਲੋਵਾਕ ਫ਼ੌਜੀ ਕੋਰ ਦੀ ਉਲਟ-ਇਨਕਲਾਬੀ ਹਥਿਆਰਬੰਦ ਬਗ਼ਾਵਤ ਵੱਲ ਹੈ ਜਿਹੜੀ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਵੀ ਪਹਿਲਾਂ ਕੈਦੀ ਚੈਕਾਂ ਅਤੇ ਸਲੋਵਾਕਾਂ ਤੋਂ ਬਣਾਈ ਗਈ ਸੀ।

ਸਾਮਰਾਜੀ ਅਮਰੀਕਾ, ਇੰਗਲੈਂਡ ਅਤੇ ਫ਼ਰਾਂਸ ਨੇ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀ ਸਰਗਰਮ ਸ਼ਮੂਲੀ ਨਾਲ ਜਥੇਬੰਦ ਕੀਤੀ ਗਈ। ਉਹ ਬਗ਼ਾਵਤ ਮਈ, ੧੯੧੮ ਵਿਚ ਇਤਿਹਾਦੀ ਸਾਮਰਾਜੀਆਂ ਨੇ ਭੜਕਾਈ ਸੀ। ਸਫ਼ੇਦ-ਗਾਰਦਾਂ ਅਤੇ ਕੁਲਾਕਾਂ ਨਾਲ ਡੂੰਘੀ ਤਰ੍ਹਾਂ ਮਿਲ ਕੇ ਚਲਦਿਆਂ, ਬਾਗ਼ੀਆਂ ਨੇ ਯੂਰਾਲ, ਵੋਲਗਾ ਅਤੇ ਸਾਇਬੇਰੀਆ ਦੇ ਬਹੁਤ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ, ਅਤੇ ਜਿਥੇ ਵੀ ਉਹ ਗਏ, ਉਥੇ ਬੁਰਜੂਆਜ਼ੀ ਦੀ ਹਕੂਮਤ ਨੂੰ ਬਹਾਲ ਕਰਦੇ ਗਏ।

੧੯੧੮ ਦੀ ਪਤਝੜ ਵਿਚ ਵੋਲਗਾ ਦਾ ਇਲਾਕਾ ਲਾਲ ਗਾਰਦ ਨੇ ਆਜ਼ਾਦ ਕਰਵਾ ਲਿਆ ਅਤੇ ਸਾਇਬੇਰੀਆ ਵਿਚ ੧੯੧੯ ਦੇ ਅੰਤ ਵਿਚ ਉਲਟ-ਇਨਕਲਾਬ ਨੂੰ ਹਰਾ ਗਿਆ।

ਪੰਨਾ ੧੪੧

155 **ਸਫ਼ੇਦ-ਗ਼ਾਰਦ** — ਸੋਵੀਅਤ ਸਾਹਿਤ ਅਤੇ ਪ੍ਰਚਾਰਕ ਲਿਖਤਾਂ ਵਿਚ, ਅਤੇ ਆਮ ਤੌਰ ਉਤੇ ਵੀ ਸਫ਼ੇਦ-ਗਾਰਦ ਦੀ ਪ੍ਰੀਭਾਸ਼ਾ ਕੁੱਲ ਉਲਟ-ਇਨਕਲਾਬੀਆਂ ਲਈ ਵਰਤੀ ਜਾਂਦੀ ਸੀ।

ਪੰਨਾ ੧੪੧

156 ਦੇਖੋ ਨੋਟ ਨੰ. ੯੦।

ਪੰਨਾ ੧੪੩

157 ਦੇਖੋ ਨੋਟ ਨੰ. ੧੫੦।

ਪੰਨਾ ੧੪੩

158 ਦੇਖੋ ਨੋਟ ਨੰ. ੩੧, ੧੪੬।

ਪੰਨਾ ੧੪੩

159 ਦੇਖੋ ਨੋਟ ਨੰ: ੧੪।

ਪੰਨਾ ੧੪੪

160 ਦੇਖੋ ਨੋਟ ਨੰ. ੪੯।

ਪੰਨਾ ੧੪੫

161 ਇਥੇ ਇਸ਼ਾਰਾ ਬਰੈਸਤ ਦੀ ਸੰਧੀ ਉਤੇ ਦਸਖ਼ਤ ਹੋਣ ਪਿਛੋਂ, ਜਿਸ ਸੰਧੀ ਅਨੁਸਾਰ, ਸੋਵੀਅਤ ਫ਼ੌਜਾਂ, ਵਿਸ਼ੇਸ਼ ਤੌਰ ਉਤੇ ਯੂਕਰੇਨ ਵਿਚੋਂ ਕੱਢ ਲਈਆਂ ਜਾਣੀਆਂ ਸਨ, ਯੂਕਰੇਨ ਉਤੇ ਜਰਮਨੀ ਵਲੋਂ ਕਬਜ਼ੇ ਵੱਲ ਹੈ।

ਪੰਨਾ ੧੪੫

[162] ਦੇਖੋ ਨੋਟ ਨੰ: ੨੬

ਪੰਨਾ ੧੪੯

[163] **ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ** — ਜਥੇਬੰਦਕ ਤੌਰ ਉਤੇ ਨਵੰਬਰ ੧੯੧੭ ਵਿਚ ਇਹਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿਚ ਸਥਾਪਤ ਕੀਤੀ ਗਈ। ਇਸ ਤੋਂ ਪਹਿਲਾਂ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਖੱਬ-ਪੱਖੀ ਧੜੇ ਵਜੋਂ, ਜਿਹੜਾ ਪਹਿਲੀ ਸੰਸਾਰ ਜੰਗ ਸਮੇਂ ਬਣਨਾ ਸ਼ੁਰੂ ਹੋ ਗਿਆ ਸੀ ਉਹਨਾਂ ਦੀ ਹੋਂਦ ਸੀ।

ਲੰਮੀ ਡਾਂਵਾ-ਡੋਲਤਾ ਤੋਂ ਪਿਛੋਂ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੇ ਕਿਸਾਨਾਂ ਵਿਚ ਆਪਣਾ ਪ੍ਰਭਾਵ ਕਾਇਮ ਰਖਣ ਦਾ ਜਤਨ ਕਰਦੇ ਹੋਏ ਬਾਲਸ਼ਵਿਕਾਂ ਨਾਲ ਸਮਝੌਤਾ ਕਰ ਲਿਆ। ਬਾਲਸ਼ਵਿਕਾਂ ਨਾਲ ਸਮਝੌਤੇ ਦਾ ਰਾਹ ਅਪਣਾਉਂਦੇ ਹੋਏ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀ ਸੋਸ਼ਲਿਸਟ ਉਸਾਰੀ ਦੇ ਮੁਖ ਮਾਮਲਿਆਂ ਸੰਬੰਧੀ ਉਹਨਾਂ ਨਾਲ ਮਤਭੇਦ ਰਖਦੇ ਸਨ, ਪ੍ਰੋਲਤਾਰੀ ਦੀ ਡਿਕਟੇਟਰੀ ਦੀ ਵਿਰੋਧਤਾ ਕਰਦੇ। ਜਨਵਰੀ-ਫ਼ਰਵਰੀ ੧੯੧੮ ਵਿਚ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੀ ਕੇਂਦਰੀ ਕਮੇਟੀ ਨੇ ਬਰੈਸਤ ਦੀ ਅਮਨ ਸੰਧੀ ਉਤੇ ਦਸਖ਼ਤ ਕੀਤੇ ਜਾਣ ਵਿਰੁਧ ਘੋਲ ਸ਼ੁਰੂ ਕੀਤਾ ਅਤੇ ਜਦੋਂ ਮਾਰਚ ੧੯੧੮ ਇਹਦੇ ਉਤੇ ਦਸਖ਼ਤ ਹੋ ਗਏ ਅਤੇ ਉਸਦੀ ਪ੍ਰਵਾਨਗੀ ਦਿਤੀ ਗਈ ਤਾਂ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀ ਲੋਕ ਕੁਮੀਸਾਰਾਂ ਦੀ ਕੌਂਸਲ ਤੋਂ ਵੱਖ ਹੋ ਗਏ ਪਰ ਸੱਤਾ ਦੀਆਂ ਸਥਾਨਕ ਸੰਸਥਾਵਾਂ ਵਿਚ ਸ਼ਾਮਲ ਰਹੇ। ਜੁਲਾਈ ੧੯੧੮ ਵਿਚ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਦੀ ਕੇਂਦਰੀ ਕਮੇਟੀ ਨੇ ਸੋਵੀਅਤ ਰੂਸ ਅਤੇ ਜਰਮਨੀ ਵਿਚਕਾਰ ਯੁਧ ਭੜਕਾਉਣ ਦੀ ਆਸ ਨਾਲ ਜਰਮਨ ਸਫ਼ੀਰ ਨੂੰ ਕਤਲ ਕਰ ਦਿਤਾ ਅਤੇ ਸੋਵੀਅਤ ਸੱਤਾ ਵਿਰੁਧ ਹਥਿਆਰਬੰਦ ਬਗ਼ਾਵਤ ਸ਼ੁਰੂ ਕਰ ਦਿਤੀ। ਇਸ ਸੰਬੰਧ ਵਿਚ, ਬਗ਼ਾਵਤ ਦਬਾਏ ਜਾਣ ਪਿਛੋਂ, ਸੋਵੀਅਤਾਂ ਦੀ ਪੰਜਵੀਂ ਕੁੱਲ-ਰੂਸ ਕਾਂਗਰਸ ਨੇ ਆਪਣੇ ਨੇਤਾਵਾਂ ਦੇ ਵਿਚਾਰਾਂ ਵਿਚ ਭਾਈਵਾਲ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੂੰ ਸੋਵੀਅਤਾਂ ਵਿਚੋਂ ਕੱਢਣ ਸੰਬੰਧੀ ਇਕ ਨਿਰਣਾ ਪ੍ਰਵਾਨ ਕੀਤਾ।

ਪੰਨਾ ੧੫੧

[164] ਦੇਖੋ ਨੋਟ ਨੰ. ੧੪੪।

ਪੰਨਾ ੧੫੧

[165] ਦੇਖੋ ਨੋਟ ਨੰ. ੨੧, ੨੬।

ਪੰਨਾ ੧੫੩

[166] ਦੇਖੋ ਨੋਟ ਨੰ. ੧੨੨।

ਪੰਨਾ ੧੫੫

[167] ਦੇਖੋ ਨੋਟ ਨੰ. ੧੨੨।

ਪੰਨਾ ੧੬੦

[168] ਦੇਖੋ ਨੋਟ ਨੰ. ੪੯।

ਪੰਨਾ ੧੬੩

[169] "Die Freiheit" ("ਆਜ਼ਾਦੀ") — ਜਰਮਨੀ ਦੀ ਵਿਚਾਲ-ਪੰਥੀ ਸਵੈਧੀਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਰੋਜ਼ਾਨਾ ਅਖ਼ਬਾਰ। ਇਹ ਨਵੰਬਰ ੧੯੧੮ ਤੋਂ ਸਤੰਬਰ ੧੯੨੨ ਤੱਕ ਬਰਲਿਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ।

ਪੰਨਾ ੧੬੫

[170] ਲੈਨਿਨ ਇਥੇ ਪੀਤਰੋਗਰਾਦ ਵਿਚ ੩-੪ (੧੬-੧੭) ਜੁਲਾਈ, ੧੯੧੭ ਨੂੰ ਹੋਏ ਮੁਜ਼ਾਹਰੇ ਦਾ ਹਵਾਲਾ ਦੇ ਰਿਹਾ ਹੈ, ਜਿਹੜਾ ਰੂਸ ਵਿਚ ਅਤਿ ਦੇ ਗੰਭੀਰ ਰਾਜਸੀ ਸਕੰਟ ਦਾ ਪ੍ਰਗਟਾਅ ਸੀ। ੩(੧੬) ਜੁਲਾਈ ਨੂੰ ਆਰਜ਼ੀ ਹਕੂਮਤ ਦੇ ਖ਼ਿਲਾਫ਼ ਵੀਬੋਰਗ ਮਹਲੇ ਵਿਚ ਆਪ-ਮੁਹਾਰਾ ਮੁਜ਼ਾਹਰਾ ਸ਼ੁਰੂ ਹੋ ਗਿਆ। ਇਹ ਮੁਜ਼ਾਹਰਾ ਆਰਜ਼ੀ ਸਰਕਾਰ ਦੇ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਵਿਚ ਬਦਲਣ ਦਾ ਖ਼ਤਰਾ ਪੈਦਾ ਕਰ ਰਿਹਾ ਸੀ।

ਬਾਲਸ਼ਵਿਕਾਂ ਦੀ ਪਾਰਟੀ ਹਥਿਆਰਬੰਦ ਬਗ਼ਾਵਤ ਦੇ ਖ਼ਿਲਾਫ਼ ਸੀ, ਕਿਉਂਕਿ ਉਸ ਸਮੇਂ ਇਸਦਾ ਖ਼ਿਆਲ ਸੀ ਕਿ ਇਨਕਲਾਬੀ ਸੰਕਟ ਅਜੇ ਪੱਕਿਆ ਨਹੀਂ, ਅਤੇ ਫ਼ੌਜ ਅਤੇ ਸੂਬੇ ਰਾਜਧਾਨੀ ਵਿਚ ਇਸ ਬਗ਼ਾਵਤ ਦੀ ਹਮਾਇਤ ਕਰਨ ਦੀ ਅਵਸਥਾ ਵਿਚ ਨਹੀਂ ਹਨ। ਤਾਂ ਵੀ ਕਾਰਵਾਈ ਸ਼ੁਰੂ ਹੋ ਗਈ, ਤੇ ਇਸਨੂੰ ਰੋਕਣਾ ਅਸੰਭਵ ਹੋ ਗਿਆ।

ਜਨਤਾ ਦੀ ਮਨੋ-ਅਵਸਥਾ ਨੂੰ ਧਿਆਨ ਵਿਚ ਰਖਦਿਆਂ, ਪਾਰਟੀ ਦੀ ਕੇਂਦਰੀ ਕਮੇਟੀ ਨੇ ਪੀਤਰੋਗਰਾਦ ਕਮੇਟੀ ਅਤੇ ਫ਼ੌਜੀ ਜਥੇਬੰਦੀ ਨਾਲ ਰਲ ਕੇ ੩(੧੬) ਜੁਲਾਈ ਰਾਤ ਨੂੰ ਫ਼ੈਸਲਾ ਕੀਤਾ ਕਿ ਮੁਜ਼ਾਹਰੇ ਨੂੰ ਸ਼ਾਂਤਮਈ ਤੇ ਸੰਗਠਤ ਰੂਪ ਦੇਣ ਲਈ ਇਸ ਵਿਚ ਸ਼ਾਮਲ ਹੋਇਆ ਜਾਏ। ੪ (੧੭) ਜੁਲਾਈ ਨੂੰ ਹੋਏ ਮੁਜ਼ਾਹਰੇ ਵਿਚ ਪੰਜ ਲੱਖ ਤੋਂ ਵਧ ਬੰਦਿਆਂ ਨੇ ਹਿੱਸਾ ਲਿਆ। ਇਸਦਾ ਮੁਖ ਨਾਅਰਾ ਬਾਲਸ਼ਵਿਕਾਂ ਵਲੋਂ ਦਿਤਾ ਗਿਆ "ਸਾਰੀ ਸੱਤਾ ਸੋਵੀਅਤਾਂ ਹੱਥ ਦਿਓ!" ਸੀ।

ਮਜ਼ਦੂਰਾਂ ਅਤੇ ਫ਼ੌਜੀਆਂ ਦੇ ਸ਼ਾਂਤਮਈ ਮੁਜ਼ਾਹਰੇ ਦੇ ਖ਼ਿਲਾਫ਼, ਮੈਨਸ਼ਵਿਕ-ਸੋਸ਼ਲਿਸਟ-ਇਨਕਲਾਬੀ ਕਾਰਜ-ਕਾਰੀ ਕਮੇਟੀ ਦੇ ਗਿਆਨ ਅਤੇ ਰਜ਼ਾ ਨਾਲ, ਯੁੰਕਰਾਂ ਅਤੇ ਅਫ਼ਸਰਾਂ ਦੇ ਦਸਤਿਆਂ ਨੂੰ ਹਰਕਤ ਵਿਚ ਲਿਆਂਦਾ ਗਿਆ। ਇਨਕਲਾਬੀ ਲਹਿਰ ਦਬਾਉਣ ਲਈ ਉਲਟ-ਇਨਕਲਾਬੀ ਫ਼ੌਜੀ ਬੁਲਾ ਲਏ ਗਏ ਸਨ।

ਬਾਲਸ਼ਵਿਕਾਂ ਦੀ ਕੇਂਦਰੀ ਕਮੇਟੀ ਨੇ ੪(੧੭) ਜੁਲਾਈ ਦੀ ਰਾਤ ਨੂੰ ਫੈਸਲਾ ਕੀਤਾ ਕਿ ਮੁਜ਼ਾਹਰਾ ਰੋਕ ਦਿਤਾ ਜਾਏ।

ਅਸਲ ਵਿਚ ਮੈਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਉਲਟ-ਇਨਕਲਾਬੀ ਜ਼ੁਲਮ-ਤਸ਼ਦਦ ਦੇ ਵਿਚ ਭਿਆਲ ਸਿਧ ਹੋਏ। ਬਾਲਸ਼ਵਿਕ ਅਖ਼ਬਾਰ "ਪਰਾਵਦਾ," "ਸੋਲਦਾਤਸਕਾਯਾ ਪਰਾਵਦਾ" ਆਦਿ ਆਰਜ਼ੀ ਸਰਕਾਰ ਵਲੋਂ ਬੰਦ ਕਰ ਦਿਤੇ ਗਏ। ਵਿਸ਼ਾਲ ਪੈਮਾਨੇ ਉਤੇ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ, ਕਰਫ਼ੀਊ ਲਾ ਦਿਤਾ ਗਿਆ ਅਤੇ ਕਤਲਾਮ ਰਚਾਇਆ ਗਿਆ। ਪੀਤਰੋਗਰਾਦ ਗੈਰੀਜ਼ਨ ਦੇ ਇਨਕਲਾਬੀ ਦਸਤੇ ਰਾਜਧਾਨੀ ਤੋਂ ਬਾਹਰ, ਮੁਹਾਜ਼ ਉਤੇ ਭੇਜ ਦਿਤੇ ਗਏ। ਜੁਲਾਈ ਦੇ ਦਿਨਾਂ ਤੋਂ ਪਿਛੋਂ, ਦੇਸ ਵਿਚ ਸੱਤਾ ਪੂਰੀ ਤਰ੍ਹਾਂ ਉਲਟ-ਇਨਕਲਾਬੀ ਆਰਜ਼ੀ ਸਰਕਾਰ ਦੇ ਹੱਥ ਆ ਗਈ।

ਪੰਨਾ ੧੬੫

171 **ਕੋਸਕ** — ਮੁੱਢ ਵਿਚ ਆਜ਼ਾਦ ਲੋਕ — ਖੇਤ ਮਜ਼ਦੂਰ, ਸ਼ਹਿਰੀ ਗ਼ਰੀਬ, ਜਿਹੜੇ ਸਾਮੰਤੀ ਲੁੱਟ-ਚੋਘ ਤੋਂ ਨਠਦੇ ਹੋਏ ਰੂਸੀ ਰਾਜ ਦੇ ਬਾਹਰਲੇ ਇਲਾਕਿਆਂ ਵਿਚ ਵਸ ਗਏ।

੧੯ ਵੀਂ ਸਦੀ ਵਿਚ ਕੋਸਕ ਵਿਸ਼ੇਸ਼-ਅਧਿਕਾਰਾਂ ਵਾਲੇ ਭੋਂ ਵਾਹਕ ਬਣ ਗਈ, ਜਿਨ੍ਹਾਂ ਨੂੰ ਵਿਸ਼ੇਸ਼ ਸ਼ਰਤਾਂ ਅਧੀਨ ਰਾਜ ਲਈ ਫ਼ੌਜੀ ਸੇਵਾ ਕਰਨੀ ਪੈਂਦੀ ਸੀ। ਉਹਨਾਂ ਵਿਸ਼ੇਸ਼ ਫ਼ੌਜੀ ਦਸਤੇ ਬਣਾਏ ਜਿਨ੍ਹਾਂ ਨੂੰ ਜ਼ਾਰਸ਼ਾਹੀ ਇਨਕਲਾਬੀ ਲਹਿਰ ਕੁਚਲਣ ਲਈ ਵੀ ਵਰਤਦੀ ਸੀ।

ਪੰਨਾ ੧੬੫

172 **ਤੀਜੀ ਇੰਟਰਨੈਸ਼ਨਲ**, ਕਮਿਊਨਿਸਟ ਇੰਟਰਨੈਸ਼ਨਲ — ਕੌਮਾਂਤਰੀ ਪ੍ਰੋਲਤਾਰੀ ਇਨਕਲਾਬੀ ਜਥੇਬੰਦੀ, ਵੱਖ ਵੱਖ ਦੇਸਾਂ ਦੀਆਂ ਕਮਿਊਨਿਸਟ ਜਥੇਬੰਦੀਆਂ ਦੀ ਸਭਾ, ਜਿਸਨੇ ੧੯੧੯ ਤੋਂ ੧੯੪੩ ਤਕ ਕੰਮ ਕੀਤਾ।

ਪੰਨਾ ੧੬੮

[173] **ਸ਼ਾਪ ਸਟੀਊਰਡ ਕਮੇਟੀਆਂ** ("Shop Stewards Committees") — ਚੋਣ ਨਾਲ ਬਣੀਆਂ ਮਜ਼ਦੂਰ ਜਥੇਬੰਦੀਆਂ ਜਿਹੜੀਆਂ ਬਰਤਾਨੀਆ ਵਿਚ ਕਈ ਸਨਅਤਾਂ ਵਿਚ ਕਾਇਮ ਸਨ ਅਤੇ ਪਹਿਲੀ ਸੰਸਾਰ ਜੰਗ ਦੇ ਦੌਰਾਨ (੧੯੧੪-੧੯੧੮) ਖ਼ਾਸ ਤੌਰ ਉਤੇ ਵਿਸ਼ਾਲ ਪੈਮਾਨੇ ਉਤੇ ਸਥਾਪਤ ਸਨ।

ਰੂਸ ਵਿਚ ਅਕਤੂਬਰ ਇਨਕਲਾਬ ਦੀ ਜਿੱਤ ਤੋਂ ਪਿਛੋਂ ਅਤੇ ਬਦੇਸੀ ਫ਼ੌਜੀ ਮਦਾਖ਼ਲਤ ਦੇ ਦੌਰਾਨ ਇਹਨਾਂ ਕਮੇਟੀਆਂ ਨੇ ਸੋਵੀਅਤ ਸੱਤਾ ਦੀ ਸਰਗਰਮ ਹਮਾਇਤ ਕੀਤੀ।

ਪੰਨਾ ੧੬੯

[174] ਇਥੇ ਇਸ਼ਾਰਾ ਹੈ ਪਾਰਟੀ ਦੇ ਦੂਜੇ ਪ੍ਰੋਗਰਾਮ ਵੱਲ ਜਿਹੜਾ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅਠਵੀਂ ਕਾਂਗਰਸ ਨੇ ੧੯੧੯ ਵਿਚ ਪ੍ਰਵਾਨ ਕੀਤਾ।

ਪੰਨਾ ੧੭੪

[175] ੫ ਨਵੰਬਰ ੧੯੧੮ ਨੂੰ ਜਰਮਨ ਹਕੂਮਤ ਨੇ ਇਸ ਝੂਠੇ ਬਹਾਨੇ ਰੂਸੀ ਸੋਵੀਅਤ ਸੰਘ ਸੋਸ਼ਲਿਸਟ ਗਣ-ਰਾਜ ਨਾਲ ਸੰਬੰਧ ਤੋੜ ਲਏ ਅਤੇ ਬਰਲਿਨ ਤੋਂ ਸੋਵੀਅਤ ਸਫਾਰਤਖ਼ਾਨੇ ਨੂੰ ਕੱਢ ਦਿਤਾ ਕਿ ਸਰਕਾਰੀ ਸੋਵੀਅਤ ਪ੍ਰਤਿਨਿਧਾਂ ਨੇ ਜਰਮਨ ਰਾਜਕੀ ਸੰਸਥਾਵਾਂ ਵਿਰੁਧ ਐਜੀਟੇਸ਼ਨ ਕੀਤੀ ਸੀ। ਰੂਸੀ ਸੋਵੀਅਤ ਸੰਘ ਸੋਸ਼ਲਿਸਟ ਗਣ-ਰਾਜ ਅਤੇ ਜਰਮਨੀ ਵਿਚਕਾਰ ਸੰਬੰਧ ੧੯੨੨ ਵਿਚ ਹੀ ਬਹਾਲ ਹੋਏ।

ਪੰਨਾ ੧੮੦

[176] ਦੇਖੋ ਨੋਟ ਨੰ. ੪੯।

ਪੰਨਾ ੧੮੦

[177] ਇਥੇ ਇਸ਼ਾਰਾ ੨੬ ਅਕਤੂਬਰ (੮ ਨਵੰਬਰ), ੧੯੧੭ ਨੂੰ ਮਜ਼ਦੂਰਾਂ ਅਤੇ ਫ਼ੌਜੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਦੂਜੀ ਕੁੱਲ-ਰੂਸ ਕਾਂਗਰਸ ਵਲੋਂ ਪ੍ਰਵਾਨ ਕੀਤੇ ਗਏ "**ਅਮਨ ਦੇ ਫ਼ਰਮਾਨ**" ਵੱਲ ਹੈ।

ਪੰਨਾ ੧੮੪

[178] ਲੈਨਿਨ ਇਥੇ ਜਰਮਨ ਮਜ਼ਦੂਰਾਂ ਦੀ ਹੜਤਾਲ ਦਾ ਹਵਾਲਾ ਦੇ ਰਿਹਾ ਹੈ, ਜਿਹੜੀ ਜਰਮਨ ਪ੍ਰਤਿਨਿਧ ਮੰਡਲ ਵਲੋਂ ਬਰੈਸਤ-ਲਿਤੋਵਸਕ ਗੱਲਬਾਤ ਵਿਚ ਪੇਸ਼ ਕੀਤੀਆਂ ਗਈਆਂ ਧਾੜਵੀ ਸ਼ਰਤਾਂ ਦੇ ਖ਼ਿਲਾਫ਼ ਰੋਸ ਵਜੋਂ ੨੮ ਜਨਵਰੀ, ੧੯੧੮ ਨੂੰ ਸ਼ੁਰੂ ਕੀਤੀ ਗਈ।

ਜਨਵਰੀ ਦੀ ਰਾਜਸੀ ਹੜਤਾਲ ਮਜ਼ਦੂਰਾਂ ਦੀ ਹਾਰ ਵਿਚ ਖ਼ਤਮ ਹੋਈ, ਪਰ ਇਸਦੀ ਮਹੱਤਤਾ ਬਹੁਤ ਜ਼ਿਆਦਾ ਸੀ।

ਪੰਨਾ ੧੮੪

179 "**ਖੱਬ-ਪੱਖੀ ਕਮਿਊਨਿਜ਼ਮ — ਇਕ ਬਚਗਾਨਾ ਰੋਗ**" — ਕੁਮਿਨਟਰਨ ਦੀ ਦੂਜੀ ਕਾਂਗਰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਲਿਖੀ ਅਤੇ ਸਾਰੇ ਡੈਲੀਗੇਟਾਂ ਵਿਚ ਵੰਡੀ ਗਈ। ਕਿਤਾਬ ਲਿਖਣ ਦਾ ਮੰਤਵ ਸੀ ਨਵੀਆਂ ਕਮਿਊਨਿਸਟ ਪਾਰਟੀਆਂ ਨੂੰ ਇਨਕਲਾਬੀ ਘੋਲ ਵਿਚ ਠੀਕ ਰਾਹ ਲਭਣ ਵਿਚ, ਆਪਣੇ ਪਹਿਲੇ ਕਦਮਾਂ ਦੀਆਂ ਗ਼ਲਤੀਆਂ ਠੀਕ ਕਰਨ ਵਿਚ ਸਹਾਇਤਾ ਦੇਣਾ, ਸਭਨਾਂ ਦੇਸਾਂ ਦੇ ਕਊਿਮਨਿਸਟਾਂ ਨੂੰ ਬਾਲਸ਼ਵਿਕਾਂ ਵਲੋਂ ਇਕਤਰ ਕੀਤੇ ਸਭ ਤੋਂ ਵਧ ਭਰਪੂਰ ਤਜਰਬੇ ਨਾਲ, ਭਰਾਤਰੀ ਪਾਰਟੀਆਂ ਨੂੰ ਇਸ ਤਜਰਬੇ ਨਾਲ ਲੈਸ ਕਰਨ ਲਈ ਉਹਨਾਂ ਦੀ ਰਣ-ਨੀਤੀ ਅਤੇ ਦਾਅ-ਪੇਚਾਂ ਨਾਲ ਜਾਣੂ ਕਰਾਉਣਾ। ਕਿਤਾਬ ਦੀਆਂ ਬੁਨਿਆਦੀ ਧਾਰਾਵਾਂ ਅਤੇ ਸਿੱਟਿਆਂ ਨੇ ਕੁਮਿਨਟਰਨ ਦੀ ਦੂਜੀ ਕਾਂਗਰਸ ਵਲੋਂ ਲਏ ਗਏ ਫ਼ੈਸਲਿਆਂ ਉਤੇ ਪ੍ਰਭਾਵ ਪਾਇਆ।

ਪੰਨਾ ੧੮੮

180 "**ਇਸਕਰਾ**" (ਚੰਗਿਆੜੀ) — ਲੈਨਿਨ ਵਲੋਂ ਸਥਾਪਤ ਕੀਤਾ ਪਹਿਲਾ ਕੁੱਲ-ਰੂਸ ਗ਼ੈਰ-ਕਾਨੂੰਨੀ ਮਾਰਕਸਵਾਦੀ ਅਖ਼ਬਾਰ। ਇਹ ੧੯੦੦-੧੯੦੩ ਵਿਚ ਛਪਿਆ। ਇਸਨੇ ਇਨਕਲਾਬੀ ਮਾਰਕਸਵਾਦੀ ਪਾਰਟੀ ਸਿਰਜਣ ਵਿਚ ਨਿਰਣਾਇਕ ਰੋਲ ਅਦਾ ਕੀਤਾ।

ਪੰਨਾ ੧੮੯

181 **ਸੰਸਾਰ ਦੇ ਸਨਅਤੀ ਕਾਮੇ** (Industrial Workers of the World) — ੧੯੦੫ ਵਿਚ ਅਮਰੀਕੀ ਕਿਰਤੀਆਂ ਵਲੋਂ ਸਥਾਪਤ ਕੀਤੀ ਇਕਟ ਰੇਡ-ਯੂਨੀਅਨ ਜਥੇਬੰਦੀ, ਜਿਸ ਵਿਚ ਵਧੇਰੇ ਵੱਖ ਵੱਖ ਕਿੱਤਿਆਂ ਦੇ ਗ਼ੈਰ-ਹੁਨਰਮੰਦ ਅਤੇ ਘਟ ਉਜਰਤਾਂ ਵਾਲੇ ਕਿਰਤੀ ਸਨ। ਪਹਿਲੇ ਸੰਸਾਰ ਯੁਧ ਸਮੇਂ ਇਹਦੇ ਮੈਂਬਰਾਂ ਨੇ ਅਮਰੀਕੀ ਕਿਰਤੀ ਸ਼੍ਰੇਣੀ ਦੇ ਯੁਧ-ਵਿਰੋਧੀ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ। ਸੰਸਾਰ ਦੇ ਸਨਅਤੀ ਕਾਮੇ ਦੇ ਕੁਝ ਲੀਡਰਾਂ (ਵ. ਹੇਵੁਡ ਅਤੇ ਹੋਰਨਾਂ) ਨੇ ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਸੁਆਗਤ ਕੀਤਾ ਅਤੇ ਅਮਰੀਕੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਇਹਦੇ ਨਾਲ ਹੀ ਨਾਲ ਸੰਸਾਰ ਦੇ ਸਨਅਤੀ ਕਾਮੇ ਦੀਆਂ ਸਰਗਰਮੀਆਂ ਵਿਚ ਅਰਾਜਕਤਾਵਾਦੀ-ਸੰਘਵਾਦੀ

ਰੁਝਾਣ ਪ੍ਰਗਟ ਹੋ ਗਏ — ਉਹ ਪ੍ਰੋਲਤਾਰੀ ਦੇ ਰਾਜਸੀ ਘੋਲ ਨੂੰ ਪ੍ਰਵਾਨ ਨਹੀਂ ਸੀ ਕਰਦੀ, ਪਾਰਟੀ ਦੇ ਆਗੂ ਰੋਲ ਨੂੰ, ਪ੍ਰੋਲਤਾਰੀ ਦੀ ਡਿਕਟੇਟਰੀ ਦੀ ਲੋੜ ਆਦਿ ਨੂੰ ਰੱਦ ਕਰਦੀ ਸੀ। ਸੰਸਾਰ ਦੇ ਸਨਅਤੀ ਕਾਮੇ ਦੀ ਅਰਾਜਕਤਾਵਾਦੀ-ਸੰਘਵਾਦੀ ਲੀਡਰਸ਼ਿਪ ਨੇ ਇਸ ਤਥ ਨੂੰ ਕਿ ਬਹੁਤ ਸਾਰੇ ਨੇਤਾ ਜੇਲ੍ਹ ਵਿਚ ਸਨ, ਟਰੇਡ-ਯੂਨੀਅਨ ਜਨਤਾ ਦੀ ਇੱਛਾ ਵਿਰੁਧ, ੧੯੨੦ ਵਿਚ ਕਮਿਊਨਿਸਟ ਇੰਟਰਨੈਸ਼ਨਲ ਦੀ ਕਾਰਜ-ਕਾਰੀ ਕਮੇਟੀ ਵਲੋਂ ਇਹਨੂੰ ਕੁਮਿਨਟਰਨ ਵਿਚ ਸ਼ਾਮਲ ਹੋਣ ਦੇ ਸਦੇ ਨੂੰ ਰੱਦ ਕਰਨ ਲਈ ਵਰਤਿਆ। ਸੰਸਾਰ ਦੇ ਸਨਅਤੀ ਕਾਮੇ ਦੀ ਲੀਡਰਸ਼ਿਪ ਦੀ ਮੌਕਾਪ੍ਰਸਤ ਨੀਤੀ ਕਾਰਨ ਇਹ ਇਕ ਸੰਕੀਰਣ ਸੰਸਥਾ ਬਣ ਕੇ ਰਹਿ ਗਈ, ਜਿਸਦਾ ਪ੍ਰਭਾਵ ਕਿਰਤੀ ਸ੍ਰੇਣੀ ਲਹਿਰ ਵਿਚ ਛੇਤੀ ਹੀ ਜਾਂਦਾ ਰਿਹਾ।

ਪੰਨਾ ੧੯੨

182 **ਲੈਨਿਨ ਦਾ "ਭਾਰਤੀ ਇਨਕਲਾਬੀ ਸਭਾ"** ਦੇ ਨਾਂ ਸ਼ੁਭ-ਕਾਮਨਾ ਦਾ ਸੰਦੇਸ਼ ੧੦ ਮਈ, ੧੯੨੦ ਨੂੰ, ਰੇਡੀਓ ਉਤੇ ਭੇਜਿਆ ਗਿਆ ਸੀ। ਇਹ ਭਾਰਤੀ ਇਨਕਲਾਬੀਆਂ ਦੀ ੧੭ ਫ਼ਰਵਰੀ, ੧੯੨੦ ਨੂੰ ਕਾਬਲ ਵਿਚ ਹੋਈ ਮੀਟਿੰਗ ਦੇ ਮੱਤੇ ਦੇ ਜਵਾਬ ਵਿਚ ਸੀ ਜਿਹੜਾ ਮੱਤਾ ਲੈਨਿਨ ਨੂੰ ਭੇਜਿਆ ਗਿਆ ਸੀ। ਮੱਤੇ ਵਿਚ ਸੋਵੀਅਤ ਰੂਸ ਵਲੋਂ ਸਾਰੀਆਂ ਦਬਾਈਆਂ ਜਮਾਤਾਂ ਅਤੇ ਕੌਮਾਂ ਦੀ ਆਜ਼ਾਦੀ ਲਈ ਚਲਾਏ ਜਾਂਦੇ ਮਹਾਨ ਘੋਲ ਲਈ ਇਸਦਾ ਡੂੰਘਾ ਧੰਨਵਾਦ ਕੀਤਾ ਗਿਆ ਸੀ।

ਪੰਨਾ ੧੯੫

183 **ਕੌਮੀ ਅਤੇ ਬਸਤੀਆਂ ਦੇ ਸਵਾਲਾਂ ਬਾਰੇ ਮੁੱਢਲਾ ਖਰੜਾ ਥੀਸਿਸ** — ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੇ ਕੌਮੀ ਅਤੇ ਬਸਤੀਆਂ ਦੇ ਸਵਾਲ ਬਾਰੇ ਕਮਿਸ਼ਨ ਦੇ ਕੰਮ ਲਈ ਆਧਾਰ ਵਜੋਂ ਇਸ ਥੀਸਿਸ ਨੂੰ ਪ੍ਰਵਾਨਗੀ ਦਿਤੀ। ਕਮਿਸ਼ਨ ਦੇ ਕੰਮ ਦੀ ਅਗਵਾਈ ਲੈਨਿਨ ਨੇ ਕੀਤੀ। ਉਹਦੇ ਥੀਸਿਸ ਉਤੇ ਕਾਂਗਰਸ ਦੇ ਚੌਥੇ ਅਤੇ ਪੰਜਵੇਂ ਸਮਾਗਮ ਵਿਚ ਵਿਚਾਰ ਕੀਤੀ ਗਈ ਅਤੇ ੨੮ ਜੁਲਾਈ, ੧੯੨੦ ਨੂੰ ਪ੍ਰਵਾਨਗੀ ਦਿਤੀ ਗਈ।

ਪੰਨਾ ੧੯੬

184 **ਪਾਨ-ਇਸਲਾਮਵਾਦ** — ਇਸਲਾਮ ਨੂੰ ਮੰਨਣ ਵਾਲੀਆਂ ਕੁੱਲ ਕੌਮਾਂ ਦੀ ਏਕਤਾ ਦਾ ਪ੍ਰਚਾਰ ਕਰਨ ਵਾਲੀ ਇਕ ਧਾਰਮਕ ਅਤੇ ਰਾਜਸੀ ਵਿਚਾਰਧਾਰਾ। ੧੯ ਵੀਂ

ਸਦੀ ਦੇ ਅਖ਼ੀਰ ਉਤੇ ਇਹ ਪੂਰਬੀ ਦੇਸਾਂ ਦੇ ਲੁੱਟ-ਚੋਂਘ ਕਰਨ ਵਾਲੀਆਂ ਜਮਾਤਾਂ ਵਿਚ ਵਿਸ਼ਾਲ ਪਧਰ ਉਤੇ ਫੈਲੀ ਹੋਈ ਸੀ; ਇਹ ਸੰਸਾਰ ਭਰ ਦੇ ਮੁਸਲਮਾਨਾਂ ਦੇ ਤੁਰਕੀ ਦੇ ਸੁਲਤਾਨ ਦੀ ਅਧੀਨਗੀ ਕਬੂਲ ਕਰਨ ਲਈ ਤੁਰਕੀ ਵਲੋਂ ਵਰਤੀ ਗਈ। ਪਾਨ-ਇਸਲਾਮਵਾਦ ਨੂੰ ਮੁਸਲਮਾਨ ਕੌਮਾਂ ਦੀਆਂ ਹਾਕਮ ਜਮਾਤਾਂ ਨੇ ਆਪਣੀ ਪੁਜ਼ੀਸ਼ਨ ਮਜ਼ਬੂਤ ਬਣਾਉਣ ਅਤੇ ਪੂਰਬ ਦੇ ਕਿਰਤੀ ਲੋਕਾਂ ਦੀ ਇਨਕਲਾਬੀ ਲਹਿਰ ਨੂੰ ਕੁਚਲਣ ਲਈ ਵਰਤਿਆ।

ਪੰਨਾ ੧੯੬

185 **ਵਰਸੇਲਜ਼ ਦੀ ਅਮਨ ਸੰਧੀ** ਉਤੇ, ਜਿਹੜੀ ੧੯੧੪-੧੯੧੮ ਦੀ ਪਹਿਲੀ ਸੰਸਾਰ ਜੰਗ ਦੇ ਅੰਤ ਉਤੇ ਹੋਈ, ਇਕ ਹੱਥ ਅਮਰੀਕਾ, ਬਰਤਾਨਵੀ ਸਲਤਨਤ, ਫ਼ਰਾਂਸ, ਇਟਲੀ, ਜਾਪਾਨ ਅਤੇ ਉਹਨਾਂ ਨਾਲ ਏਕੇ ਵਾਲੇ ਹੋਰ ਦੇਸਾਂ ਅਤੇ ਦੂਜੇ ਹੱਥ ਜਰਮਨੀ ਨੇ ਦਸਖ਼ਤ ਕੀਤੇ।

ਸੰਧੀ ਦਾ ਮੰਤਵ ਜੇਤੂ ਦੇਸਾਂ ਦੇ ਹਿੱਤਾਂ ਵਿਚ ਸਰਮਾਇਦਾਰ ਦੁਨੀਆਂ ਦੀ ਮੁੜ-ਵੰਡ ਕਰਨਾ ਅਤੇ ਦੇਸਾਂ ਵਿਚ ਸੰਬੰਧਾਂ ਦਾ ਅਜਿਹਾ ਪ੍ਰਬੰਧ ਸਥਾਪਤ ਕਰਨਾ ਸੀ ਜਿਹੜਾ ਸੋਵੀਅਤ ਰੂਸ ਦਾ ਗਲਾ ਘੁੱਟਣ ਅਤੇ ਸਾਰੇ ਸੰਸਾਰ ਵਿਚ ਇਨਕਲਾਬੀ ਲਹਿਰ ਨੂੰ ਦਬਾਉਣ ਵਿਚ ਸਹਾਇਤਾ ਦੇਵੇ।

ਪੰਨਾ ੧੯੮

186 ਇਥੇ ਇਸ਼ਾਰਾ ਬਰੈਸਤ ਦੀ ਸੰਧੀ ਹੈ। ਦੇਖੋ ਨੋਟ ਨੰ: ੧੫੦।

ਪੰਨਾ ੧੯੮

187 ੨੭ ਜਨਵਰੀ ੧੯੧੮ ਨੂੰ ਫ਼ਿਨਲੈਂਡ ਵਿਚ ਹੋਏ ਇਨਕਲਾਬ ਕਾਰਨ ਸਵਿਨਹੂਫ਼ਵੂਡ ਦੀ ਬੁਰਜੂਆ ਹਕੂਮਤ ਦਾ ਤਖ਼ਤਾ ਉਲਟ ਦਿਤਾ ਗਿਆ ਅਤੇ ਸੱਤਾ ਕਿਰਤੀਆਂ ਦੇ ਹਥ ਆ ਗਈ। ੨੯ ਜਨਵਰੀ ਨੂੰ ਫ਼ਿਨਲੈਂਡ ਦੀ ਇਨਕਲਾਬੀ ਹਕੂਮਤ — ਲੋਕ ਪ੍ਰਤਿਨਿਧਾਂ ਦੀ ਕੌਂਸਲ ਸਥਾਪਤ ਹੋਈ।

ਪਹਿਲੀ ਮਾਰਚ ੧੯੧੮ ਨੂੰ ਪੀਤਰੋਗਰਾਦ ਵਿਖੇ ਫ਼ਿਨਲੈਂਡ ਦੇ ਸੋਸ਼ਲਿਸਟ ਕਿਰਤੀਆਂ ਦੇ ਗਣ-ਰਾਜ ਅਤੇ ਰੂਸੀ ਸੋਵੀਅਤ ਸੰਘ ਗਣ-ਰਾਜ ਇਕ ਸੰਧੀ ਉਤੇ ਦਸਖ਼ਤ ਹੋਏ। ਇਹ ਸੰਧੀ ਜਿਹੜੀ ਪੂਰਨ ਬਰਾਬਰੀ ਅਤੇ ਦੁਹਾਂ ਧਿਰਾਂ ਦੀ ਖ਼ੁਦ-ਮੁਖ਼ਤਾਰੀ ਦੇ ਸਤਿਕਾਰ ਦੇ ਨਿਯਮਾਂ ਉਤੇ ਆਧਾਰਤ ਸੀ, ਦੋ ਸੋਸ਼ਲਿਸਟ ਰਾਜਾਂ ਵਿਚਕਾਰ ਪਹਿਲੀ ਸੰਧੀ ਸੀ।

ਪਰ ਪ੍ਰੋਲਤਾਰੀ ਇਨਕਲਾਬ ਕੇਵਲ ਦੇਸ ਦੇ ਦਖਣ ਵਿਚ ਹੀ ਸੀ।

ਸਵਿਨਹੂਫ਼ਵੁਡ ਦੀ ਹਕੂਮਤ ਨੇ ਦੇਸ ਦੇ ਉੱਤਰ ਵਿਚ ਅਡਾ ਬਣਾ ਲਿਆ, ਜਿਥੇ ਉਲਟ-ਇਨਕਲਾਬੀ ਇਕੱਠੇ ਹੋ ਗਏ, ਅਤੇ ਜਰਮਨ ਕੈਸਰ ਦੀ ਹਕੂਮਤ ਤੋਂ ਸਹਾਇਤਾ ਦੀ ਬੇਨਤੀ ਕੀਤੀ। ਜਰਮਨ ਫ਼ੌਜਾਂ ਦੇ ਦਖ਼ਲ ਕਾਰਨ, ਇਕ ਕਰੜੀ ਘਰੇਲੂ ਜੰਗ ਤੋਂ ਪਿਛੋਂ, ਮਈ ੧੯੧੮ ਵਿਚ ਇਨਕਲਾਬ ਕੁਚਲ ਦਿਤਾ ਗਿਆ।

੧੭ ਦਸੰਬਰ ੧੯੧੮ ਨੂੰ ਲੈਤਵੀ ਪ੍ਰੋਲਤਾਰੀ ਅਤੇ ਕਿਸਾਨੀ ਵਲੋਂ ਜਰਮਨ ਕਾਬਜ਼ਾਂ ਅਤੇ ਉਲਟ-ਇਨਕਲਾਬੀ ਹਕੂਮਤ ਵਿਰੁਧ ਕਾਰਵਾਈ ਦੇ ਸਿੱਟੇ ਵਜੋਂ ਲੈਤਵੀਆ ਵਿਚ ਇਕ ਆਰਜ਼ੀ ਸੋਵੀਅਤ ਹਕੂਮਤ ਸਥਾਪਤ ਕੀਤੀ ਗਈ, ਜਿਸਨੇ ਇਕ ਮੈਨੀਫ਼ੈਸਟੋ ਜਾਰੀ ਕੀਤਾ ਜਿਸ ਵਿਚ ਕੁੱਲ ਸੱਤਾ ਸੋਵੀਅਤਾਂ ਹੱਥ ਆ ਜਾਣ ਦਾ ਐਲਾਨ ਕੀਤਾ ਗਿਆ। ਸੋਵੀਅਤ ਰੂਸ ਨੇ ਸੋਵੀਅਤ ਸੱਤਾ ਦੀ ਸਥਾਪਤੀ ਅਤੇ ਲੈਤਵੀ ਸੋਵੀਅਤ ਸੋਸ਼ਲਿਸਟ ਗਣ-ਰਾਜ ਦੇ ਮਜ਼ਬੂਤ ਹੋਣ ਵਿਚ ਲੈਤਵੀ ਲੋਕਾਂ ਨੂੰ ਸਹਾਇਤਾ ਦਿਤੀ।

ਮਾਰਚ ੧੯੧੯ ਵਿਚ ਅਮਰੀਕਾ ਅਤੇ ਐਨਤੇਂਤੇ ਵਲੋਂ ਹਥਿਆਰਬੰਦ ਕੀਤੀਆਂ ਜਰਮਨ ਅਤੇ ਸਫ਼ੇਦ-ਗਾਰਦ ਫ਼ੌਜਾਂ ਨੇ ਸੋਸ਼ਲਿਸਟ ਲੈਤਵੀਆ ਵਿਰੁਧ ਵਡਾ ਹਮਲਾ ਸ਼ੁਰੂ ਕੀਤਾ। ਮਈ ਵਿਚ ਉਹਨਾਂ ਰੀਗਾ — ਲੈਤਵੀਆ ਦੀ ਰਾਜਧਾਨੀ ਉਤੇ ਕਬਜ਼ਾ ਕਰ ਲਿਆ। ਜਨਵਰੀ ੧੯੨੦ ਦੇ ਸ਼ੁਰੂ ਤੱਕ ਦਖ਼ਲਅੰਦਾਜ਼ਾਂ ਨੇ ਸਾਰੇ ਲੈਤਵੀਆ ਉਤੇ ਕਬਜ਼ਾ ਕਰ ਲਿਆ। ਬੁਰਜੂਆ ਉਲਟ-ਇਨਕਲਾਬ ਨੇ ਦੇਸ ਵਿਚ ਜ਼ੁਲਮ ਦੀ ਹਕੂਮਤ ਸਥਾਪਤ ਕਰ ਦਿਤੀ।

ਪੰਨਾ ੧੯੯

188 **"ਗਿਲਡ" ਸੋਸ਼ਲਿਸਟ, "ਗਿਲਡ ਸੋਸ਼ਲਿਜ਼ਮ"** — ਬਰਤਾਨਵੀ ਟਰੇਡ-ਯੂਨੀਅਨਾਂ ਵਿਚਕਾਰ ਸੁਧਾਰਵਾਦੀ ਰੁਝਾਣ ਦੇ ਪ੍ਰਤਿਨਿਧ। ਇਹ ਰੁਝਾਣ ਪਹਿਲੀ ਸੰਸਾਰ ਜੰਗ ਤੋਂ ਐਨ ਪਹਿਲਾਂ ਪੈਦਾ ਹੋਇਆ। ਉਹ ਰਾਜ ਦੇ ਜਮਾਤੀ ਖ਼ਾਸੇ ਤੋਂ ਇਨਕਾਰ ਸਨ, ਮਜ਼ਦੂਰਾਂ ਵਿਚ ਭੁਲੇਖੇ ਬੀਜਦੇ ਸਨ ਕਿ ਜਮਾਤੀ ਘੋਲ ਤੋਂ ਬਿਨਾਂ ਲੁੱਟ-ਖਸੁੱਟ ਕਰਦੇ ਤੋਂ ਛੁਟਕਾਰਾ ਪਾਉਣਾ ਸੰਭਵ ਹੈ, ਅਤੇ ਮੌਜੂਦਾ ਟਰੇਡ-ਯੂਨੀਅਨਾਂ ਦੇ ਆਧਾਰ ਉਤੇ, ਉਤਪਾਦਕਾਂ ਦੀਆਂ ਵਿਸ਼ੇਸ਼ ਸਭਾਵਾਂ, ਅਖੌਤੀ "ਗਿਲਡ", ਕਾਇਮ ਕਰਨ ਦੇ ਵਿਚਾਰ ਦਾ ਪ੍ਰਚਾਰ ਕਰਦੇ ਸਨ, ਜਿਨ੍ਹਾਂ ਦੀ ਫੈਡਰੇਸ਼ਨ, ਖ਼ਿਆਲ ਕੀਤਾ ਜਾਂਦਾ ਸੀ ਕਿ ਸਨਅਤੀ ਪ੍ਰਬੰਧ ਨੂੰ ਆਪਣੇ ਹੱਥ ਲੈ ਲਵੇਗੀ। ਉਹਨਾਂ ਦਾ ਵਿਚਾਰ ਸੀ ਕਿ ਇਉਂ ਪੈਰ ਪੈਰ ਸੋਸ਼ਲਿਸਟ ਸਮਾਜ ਉਸਾਰਨਾ ਸੰਭਵ ਸੀ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ, ਉਹਨਾਂ ਨੇ ਜਮਾਤੀ ਘੋਲ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਵਿਚਾਰਾਂ ਦਾ "ਗਿਲਡ ਸੋਸ਼ਲਿਜ਼ਮ" ਦੇ ਸਿਧਾਂਤ ਰਾਹੀਂ ਮੁਕਾਬਲਾ ਕਰਨ ਦੇ ਯਤਨਾਂ ਵਿਚ ਆਪਣੇ ਪਰਚਾਰ ਨੂੰ ਵਧਾ

ਦਿਤਾ। ੧੯੨੦ ਵਿਆਂ ਵਿਚ "ਗਿਲਡ ਸੋਸ਼ਲਿਜ਼ਮ" ਆਖ਼ਰ ਬਰਤਾਨਵੀ ਮਜ਼ਦੂਰ ਜਮਾਤ ਵਿਚ ਆਪਣਾ ਸਾਰਾ ਅਸਰ ਗਵਾ ਬੈਠਾ।

ਪੰਨਾ ੨੦੭

[189] **ਜਿੰਗੋਵਾਦ** — ਦੇਖੋ ਨੋਟ ਨੰ: ੮੮।

ਪੰਨਾ ੨੧੪

[190] ਦੇਖੋ ਨੋਟ ਨੰ: ੨੬।

ਪੰਨਾ ੨੧੪

[191] ਦੇਖੋ ਨੋਟ ਨੰ: ੧੮੫।

ਪੰਨਾ ੨੧੬

[192] **ਕਾਰਵਾਈ ਲਈ ਕੌਂਸਲ** (ਕਾਰਵਾਈ ਲਈ ਸੋਵੀਅਤ) ਬਰਤਾਨਵੀ ਮਜ਼ਦੂਰਾਂ ਵਲੋਂ ਬਰਤਾਨੀਆ ਨੂੰ ਸੋਵੀਅਤ ਰੂਸ ਦੇ ਖ਼ਿਲਾਫ਼ ਜੰਗ ਵਿਚ ਸ਼ਾਮਲ ਹੋਣ ਤੋਂ ਰੋਕਣ ਦੇ ਮੰਤਵ ਨਾਲ ੯ ਅਗਸਤ ੧੯੨੦ ਨੂੰ ਕਾਇਮ ਕੀਤੀ ਗਈ ਸੀ। ਲੰਦਨ ਵਿਚ ਸਥਾਪਤ ਕੀਤੀ ਗਈ ਕੌਂਸਲ, ਕੇਂਦਰੀ ਕੌਂਸਲ ਤੋਂ ਪਿਛੋਂ ਦੂਜੇ ਸ਼ਹਿਰਾਂ ਵਿਚ ਵੀ ਕਾਰਵਾਈ ਲਈ ਕੌਂਸਲਾਂ ਬਣ ਗਈਆਂ।

ਪੰਨਾ ੨੧੭

[193] ਇਥੇ ਇਸ਼ਾਰਾ **ਟਰੇਡ-ਯੂਨੀਅਨਾਂ ਦੀ ਐਮਸਟਰਡਮ ਇੰਟਰਨੈਸ਼ਨਲ** — ਸੁਧਾਰਵਾਦੀ ਟਰੇਡ-ਯੂਨੀਅਨਾਂ ਦੀ ਕੌਮਾਂਤਰੀ ਸਭਾ ਵੱਲ ਹੈ। ਇਹ ਇੰਟਰਨੈਸ਼ਨਲ ਜੁਲਾਈ ੧੯੧੯ ਵਿਚ ਐਮਸਟਰਡਮ ਵਿਖੇ ਹੋਈ ਕਾਂਗਰਸ ਵਿਚ ਸਥਾਪਤ ਕੀਤੀ ਗਈ ਅਤੇ ਇਹ ਦਸੰਬਰ ੧੯੪੫ ਤੱਕ ਕਾਇਮ ਸੀ।

ਪੰਨਾ ੨੨੧

[194] **ਕੌਮਾਂਤਰੀ ਮਜ਼ਦੂਰ ਸਹਾਇਤਾ** — ਸੋਵੀਅਤ ਰੂਸ ਦੇ ਮਜ਼ਦੂਰ ਲੋਕਾਂ ਨਾਲ ਕੌਮਾਂਤਰੀ ਪ੍ਰੋਲਤਾਰੀ ਇਕਮੁਠਤਾ ਦੀ ਵਿਸ਼ਾਲ ਜਥੇਬੰਦੀ। ਇਹ ਸਤੰਬਰ, ੧੯੨੧ ਵਿਚ ਸੋਵੀਅਤ ਰੂਸ ਦੇ ਕਾਲ-ਪੀੜਤ ਇਲਾਕਿਆਂ ਦੀ ਵੱਸੋਂ ਦੀ ਸਹਾਇਤਾ ਲਈ ਕਮੇਟੀਆਂ ਦੀ ਕੌਮਾਂਤਰੀ ਕਾਨਫ਼ਰੰਸ ਵਿਚ ਕਾਇਮ ਕੀਤੀ ਗਈ, ਜਿਹੜੀਆਂ ਕਮੇਟੀਆਂ ਕਈ ਦੇਸਾਂ ਵਿਚ ਬਣ ਚੁੱਕੀਆਂ ਸਨ, ਅਤੇ ਜਿਨ੍ਹਾਂ ਦਾ ਨਿਸ਼ਾਨਾ ਕੌਮਾਂਤਰੀ ਪੈਮਾਨੇ ਉਤੇ ਰੂਸ ਨੂੰ ਦਿਤੀ ਜਾਂਦੀ ਸਹਾਇਤਾ ਨੂੰ ਅਨੁਸਾਰਨਾ ਸੀ। ਇਉਂ ਦੁਨੀਆਂ ਦੇ ਉੱਨਤ ਕਾਮਿਆਂ ਨੇ ਲੈਨਿਨ ਵਲੋਂ ੨ ਅਗਸਤ, ੧੯੨੧ ਨੂੰ ਕੀਤੀ ਗਈ ਅਪੀਲ ਦਾ ਹੁੰਗਾਰਾ ਭਰਿਆ।

ਪੰਨਾ ੨੨੩

# ਨਾਮਾਵਲੀ

## ਅ

**ਅਕਸੇਲਰੋਦ, ਪਾਵੇਲ ਬੋਰੀਸੋਵਿਚ** (੧੮੫੦-੧੯੨੮) — ਮੈਨਸ਼ਵਿਕਾਂ ਦੇ ਆਗੂਆ ਵਿਚੋਂ ਇਕ। ਪਿਛਾ-ਖੜ (੧੯੦੭-੧੯੧੦) ਅਤੇ ਨਵੇਂ ਇਨਕਲਾਬੀ ਉਭਾਰ ਦੇ ਸਾਲਾਂ ਵਿਚ ਖ਼ਾਤਮੇਵਾਦੀ। ਸੰਸਾਰ ਸਾਮਰਾਜੀ ਜੰਗ ਦੇ ਸਮੇਂ (੧੯੧੪-੧੯੧੮) ਉਸਨੇ ਵਿਚਾਲ-ਪੰਥੀ ਫ਼ਿਕਰੇਬਾਜ਼ੀ ਦੇ ਚੋਗੇ ਹੇਠ ਸਮਾਜੀ-ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਲਈਆਂ। ਅਕਤੂਬਰ ਇਨਕਲਾਬ ਵੱਲ ਉਸਦਾ ਵਤੀਰਾ ਦੁਸ਼ਮਣਾਂ ਵਾਲਾ ਸੀ।

ਪੰਨੇ ੪੮, ੫੭, ੭੫, ੧੧੨

**ਅਲੈਕਸਿੰਸਕੀ, ਗਰਿਗੋਰੀ ਅਲੈਕਸੇਯੇਵਿਚ** (ਜਨਮ ੧੮੭੯) ਰੂਸੀ ਸੋਸ਼ਲ-ਡੈਮੋਕਰੈਟ। ੧੯੦੫-੧੯੦੭ ਦੇ ਇਨਕਲਾਬ ਦੀ ਹਾਰ ਪਿਛੋਂ "ਓਤਜ਼ੋਵਵਾਦੀ" ਬਣ ਗਿਆ ਅਤੇ ਰਾਜ ਦੂਮਾ ਵਿਚੋਂ ਸੋਸ਼ਲ-ਡੈਮੋਕਰੈਟਿਕ ਡਿਪਟੀਆਂ ਨੂੰ ਵਾਪਸ ਬੁਲਾਉਣ ਦੀ ਮੰਗ ਕਰਨ ਲਗਾ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿਚ ਸਮਾਜੀ-ਅੰਧਰਾਸ਼ਟਰਵਾਦੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਬਦੇਸ ਜਾ ਵਸਿਆ।

ਪੰਨੇ ੩੭, ੫੬

**ਐਡਲਰ**, (Adler), **ਫ਼ਰੀਦਰਿਖ** (੧੮੭੯-੧੯੬੦) — ਆਸਟਰਵੀ ਸੋਸ਼ਲ-ਡੈਮੋਕਰੇਸੀ ਦੇ ਆਗੂਆਂ ਵਿਚੋਂ ਇਕ। ੧੯੧੬ ਵਿਚ ਜੰਗ ਦੇ ਖ਼ਿਲਾਫ਼ ਰੋਸ ਵਜੋਂ ਉਸਨੇ ਆਸਟਰੀਆ ਦੇ ਪਰਧਾਨ-ਮੰਤਰੀ ਸ਼ਤੂਰਖ ਨੂੰ ਕਤਲ ਕਰ ਦਿਤਾ। ਪਿਛੋਂ ਵਿਚਾਲ-ਪੰਥੀ ਢਾਈਵੀਂ ਇੰਟਰਨੈਸ਼ਨਲ (੧੯੨੧-੨੩) ਦੇ ਜਥੇਬੰਦਕਾਂ ਵਿਚੋਂ ਇਕ। ਢਾਈਵੀਂ ਇੰਟਰਨੈਸ਼ਨਲ, ਸੋਸ਼ਲਿਸਟ ਪਾਰਟੀਆਂ ਦੀ ਕੌਮਾਂਤਰੀ ਕਿਰਤੀਆਂ ਦੀ ਯੂਨੀਅਨ ਦਾ ਪ੍ਰਸਿਧ ਨਾਂ, ਜਿਸ ਵਿਚ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਸਮੇਤ ਕੇਂਦਰਵਾਦੀ ਸੋਸ਼ਲਿਸਟ ਪਾਰਟੀਆਂ ਇਕ-ਮੁਠ ਸਨ। ਅਜਿਹੀ ਇੰਟਰਨੈਸ਼ਨਲ ਦੇ ਜਥੇਬੰਦ ਕਰਨ ਦਾ ਮੰਤਵ ਕਿਰਤੀ ਜਨਤਾ ਦੀ ਬਹੁ-ਗਿਣਤੀ ਨੂੰ ਕੁਮਿਨਟਰਨ ਦੀ ਧਿਰ ਵੱਲ ਜਾਣੋਂ ਰੋਕਣਾ ਸੀ।

ਪੰਨੇ ੧੧੫, ੧੮੯

**ਐਡਲਰ**, (Adler) **ਵਿਕਟਰ** (੧੮੫੨-੧੯੧੮)—ਆਸਟਰਵੀ ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦੇ ਸੁਧਾਰਵਾਦੀ ਆਗੂਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਸਮੇਂ ਵਿਚ (੧੯੧੪-੧੯੧੮) ਵਿਚਾਲ-ਪੰਥੀ ਬਣ ਗਿਆ, ''ਜਮਾਤੀ ਅਮਨ'' ਦਾ ਪ੍ਰਚਾਰ ਕਰਨ ਲਗਾ, ਅਤੇ ਮਜ਼ਦੂਰ ਜਮਾਤ ਦੀ ਇਨਕਲਾਬੀ ਕਾਰਵਾਈ ਦੇ ਖ਼ਿਲਾਫ਼ ਹੋ ਗਿਆ।

ਪੰਨੇ ੬੮, ੧੧੨

**ਐਬਰਟ** (Ebert), **ਫ਼ਰੀਡਰਿਖ** (੧੮੭੧-੧੯੨੫)—ਜਰਮਨ ਸੋ:-ਡੈ: ਪਾਰਟੀ ਦੇ ਸੱਜੇ ਮੌਕਾਪ੍ਰਸਤ ਧੜੇ ਦੇ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਜਰਮਨ ਸੋ:-ਡੈ: ਵਿਚ ਸਮਾਜੀ-ਅੰਧਰਾਸ਼ਟਰਵਾਦੀ ਧੜੇ ਦਾ ਮੁਖੀ। ੧੯੧੯ ਤੋਂ ੧੯੨੫ ਤੱਕ ਜਰਮਨ ਬੁਰਜੂਆ ਰੀਪਬਲਿਕ ਦਾ ਪਰਧਾਨ। ਉਸਦੀ ਅਗਵਾਈ ਹੇਠ ਸੋਸ਼ਲ-ਡੈਮੋਕਰੈਟਿਕ ਅਤੇ ਬੁਰਜੂਆ ਪਾਰਟੀਆਂ ਦੇ ਪ੍ਰਤਿਨਿਧਾਂ ਦੀ ਕੁਲੀਸ਼ਨ ਸਰਕਾਰ ਜਰਮਨ ਪ੍ਰੋਲਤਾਰੀ ਦੀਆਂ ਇਨਕਲਾਬੀ ਕਾਰਵਾਈਆਂ ਦਾ ਜ਼ਬਰਦਸਤ ਦਮਨ ਕਰਦੀ ਰਿਹੀ।

ਪੰਨਾ ੧੬੪

**ੲ**

**ਏਂਗਲਜ਼** (Engels), **ਫ਼ਰੈਡਰਿਕ** (੧੮੨੦-੧੮੯੫)।

ਪੰਨੇ ੪੯, ੬੭, ੭੬, ੭੯, ੮੮, ੮੯, ੯੦, ੯੬, ੯੭, ੧੦੩, ੧੦੪, ੧੫੧

**ਸ**

**ਸਕੋਬੇਲੇਵ**, **ਮਾਤਵੇਈ ਈਵਾਨੋਵਿਚ** (੧੮੮੫-੧੯੩੮)—ਰੂਸੀ ਸੋਸ਼ਲ-ਡੈਮੋਕਰੈਟ, ਮੈਨਸ਼ਵਿਕ; ਸੰਸਾਰ ਸਾਮਰਾਜੀ ਜੰਗ (੧੯੧੪-੧੯੧੮) ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ੧੯੧੭ ਵਿਚ ਆਰਜ਼ੀ ਸਰਕਾਰ ਦਾ ਕਿਰਤ ਮੰਤਰੀ।

ਪੰਨਾ ੧੦੯

**ਸਤਰਿਓਮ**, (Ström), **ਫ਼ਰੈਡਰਿਕ** (੧੮੮੦-੧੯੪੮)—ਸਵੀਡਨ ਦਾ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਲੇਖਕ ਅਤੇ ਪੱਤਰਕਾਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਕੌਮਾਂਤਰੀਵਾਦੀ।

ਪੰਨਾ ੧੧੪

**ਸ਼ਤਰੋਬਲ** (Ströbel), **ਹਾਈਨਰਿਖ** (੧੮੬੯-੧੯੪੫)—ਜਰਮਨ ਸੋਸ਼ਲ-ਡੈਮੋਕਰੈਟ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਸ਼ੁਰੂ ਵਿਚ ਕੌਮਾਂਤਰੀਵਾਦੀ ਪੁਜ਼ੀਸ਼ਨ

ਧਾਰਨ ਕੀਤੀ, ਅਤੇ ਰਸਾਲੇ "ਇੰਟਰਨੈਸ਼ਨਲ" ਵਿਚ ਲਿਖਦਾ ਰਿਹਾ ਪਰ ਛੇਤੀ ਹੀ ਕਾਊਟਸਕੀਵਾਦ ਵੱਲ ਚਲਾ ਗਿਆ।

ਪੰਨਾ ੧੪੪

**ਸਟਾਊਨਿੰਗ**, (Stauning), **ਥੋਰਵਾਲਦ** (੧੮੭੩-੧੯੪੨) — ਡੇਨਿਸ਼ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਸੱਜ-ਪੱਖੀ ਆਗੂਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ਕਈ ਵਾਰ ਬੁਰਜੂਆ ਸਰਕਾਰਾਂ ਦਾ ਮੈਂਬਰ ਅਤੇ ਪਰਧਾਨ ਮੰਤਰੀ ਰਿਹਾ।

ਪੰਨੇ ੧੧੦, ੧੧੫

**ਸਤੇਕਲੋਵ, ਯੂਰੀ ਮਿਖ਼ਾਈਲੋਵਿਚ** (੧੮੭੩-੧੯੪੧) — ਰੂਸੀ ਸੋਸ਼ਲ-ਡੈਮੋਕਰੈਟ, ਪੇਸ਼ਾਵਰ ਇਨਕਲਾਬੀ। ਫ਼ਰਵਰੀ ਇਨਕਲਾਬ (੧੯੧੭) ਤੋਂ ਪਿਛੋਂ "ਇਨਕਲਾਬੀ ਰਖਿਆ" ਦੇ ਦ੍ਰਿਸ਼ਟੀਕੋਣ ਦਾ ਧਾਰਨੀ ਰਿਹਾ। ਛੇਤੀ ਹੀ ਬਾਲਸ਼ਵਿਕਾਂ ਵੱਲ ਆ ਗਿਆ।

ਪੰਨਾ ੧੦੯

**ਸਨੋਡਨ**, (Snowden), **ਫਿਲਿਪ** (੧੮੬੪-੧੯੩੭) — ਬਰਤਾਨਵੀ ਰਾਜਸੀ ਹਸਤੀ। ੧੯੦੩-੧੯੦੬ ਅਤੇ ੧੯੧੭-੧੯੨੦ ਵਿਚ ਪਹਿਲਾਂ ਸਵੈਧੀਨ ਕਿਰਤੀ ਪਾਰਟੀ ਦਾ ਪਰਧਾਨ ਸੀ। ਮੌਕਾਪ੍ਰਸਤ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ।

ਪੰਨਾ ੧੧੨

**ਸਮਬਾ** (Sembat), **ਮਾਰਸੇਲ** (੧੮੬੨-੧੯੨੨) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੁਧਾਰਵਾਦੀ ਆਗੂਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ਫ਼ਰਾਂਸ ਦੀ ਬੁਰਜੂਆ ਸਰਕਾਰ ਵਿਚ ਸ਼ਾਮਲ ਹੋ ਗਿਆ।

ਪੰਨੇ ੪੩, ੭੨

**ਸਮਿਰਨੋਵ, ਏ.** (ਗੁਰੈਵਿਚ, ਏ. ਲ.) (ਜਨਮ ੧੮੬੫) — ਰੂਸੀ ਸੋਸ਼ਲ-ਡੈਮੋਕਰੈਟ, ਮੈਨਸ਼ਵਿਕ-ਖ਼ਾਤਮੇਵਾਦੀ। ਸਾਮਰਾਜੀ ਜੰਗ (੧੯੧੪-੧੯੧੮) ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੩੨, ੩੭

**ਸ਼ੀਦਮਾਨ** (Scheidemann), **ਫ਼ਿਲਿਪ** (੧੮੬੫-੧੯੩੯) — ਜਰਮਨ ਸੋਸ਼ਲ-ਡੈਮੋਕਰੇਸੀ ਦੇ ਅਤਿਵਾਦੀ ਸੱਜੇ ਮੌਕਾਪ੍ਰਸਤ ਧੜੇ ਦੇ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ਫ਼ਰਵਰੀ ਤੋਂ ਜੂਨ ੧੯੧੯ ਤੱਕ ਜਰਮਨ ਬੁਰਜੂਆ ਸਰਕਾਰ ਦਾ ਮੁਖੀ। ਮਜ਼ਦੂਰ ਜਮਾਤ ਲਹਿਰ ਦੇ ਸਖ਼ਤ ਦਮਨ ਦੀ ਨੀਤੀ ਉਤੇ ਚੱਲਿਆ।

ਪੰਨੇ ੭੧, ੭੨, ੧੧੦, ੧੧੩, ੧੧੮, ੧੩੯, ੨੪੬, ੧੪੯, ੧੫੫-੧੫੭, ੧੬੦, ੧੬੨, ੧੬੩, ੧੬੪, ੧੬੫

**ਸੇਰਾਤੀ** (Serrati), **ਜਾਚਿੰਤੋ ਮੇਨੋਤੀ** (੧੮੭੨-੧੯੨੬) — ਇਟਲੀ ਦੀ ਸੋਸ਼ਲਿਸਟ ਪਾਰਟੀ ਦਾ ਇਕ ਆਗੂ; ਸੰਸਾਰ ਸਾਮਰਾਜੀ ਜੰਗ (੧੯੧੪-੧੯੧੮) ਦੇ ਦੌਰਾਨ ਕੌਮਾਂਤਰੀਵਾਦੀ । ਆਪਣੀ ਪਾਰਟੀ ਦੇ ਕਮਿਊਨਿਸਟ ਇੰਟਰਨੈਸ਼ਨਲ ਵਿਚ ਸ਼ਾਮਲ ਹੋਣ ਦੇ ਹੱਕ ਵਿਚ ਸੀ।

ਪੰਨੇ ੧੧੫, ੧੬੧

## ਹ

**ਹਾਇਨਿਸ਼** (Haenisch), **ਕੋਨਰਡ** (੧੮੭੬-੧੯੨੫) — ਜਰਮਨ ਸੋਸ਼ਲ-ਡੈਮੋਕਰੈਟ, ਪੱਤਰਕਾਰ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੫੨, ੫੮

**ਹਾਈਨੇ** (Heine), **ਵੋਲਫ਼ਗਾਂਗ** (੧੮੬੧-੧੯੪੪) — ਜਰਮਨ ਸੱਜ-ਪੱਖੀ ਸੋਸ਼ਲ-ਡੈਮੋਕਰੈਟ, ਸੋਧਵਾਦੀ। ਸੰਸਾਰ ਸਾਮਰਾਜੀ ਜੰਗ (੧੯੧੪-੧੯੧੮) ਦੇ ਸਾਲਾਂ ਵਿਚ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੬੮, ੭੧

**ਹਾਈਲਮੱਨ** (Heilmann), **ਅਰਨੇਸਟ** (੧੮੮੧-੧੯੪੦)— ਜਰਮਨ ਸੱਜ-ਪੱਖੀ ਸੋ:-ਡੈ:, ਪੱਤਰਕਾਰ ੧੯੦੭-੧੯੧੭ ਵਿਚ ਅਖ਼ਬਾਰ "Volksstimme" ("ਜਨਤਾ ਦੀ ਆਵਾਜ਼") ਦਾ ਮੁਖ ਸੰਪਾਦਕ ਸੀ, ਪਹਿਲੀ ਸੰਸਾਰ ਜੰਗ (੧੯੧੪-੧੯੧੮) ਸਮੇਂ ਇਹ ਅਖ਼ਬਾਰ ਜਰਮਨ ਸੋਸ਼ਲ-ਡੈਮੋਕਰੇਸੀ ਦੇ ਅਤਿ ਸਜੇ-ਪਖ ਦਾ ਬੁਲਾਰਾ ਸੀ। ਉਹਨੇ ਸਮਾਜੀ-ਅੰਧਰਾਸ਼ਟਰਵਾਦੀ ਰਸਾਲੇ "Die Glocke" (ਘੰਟੀ) ਵਿਚ ਵੀ ਕੰਮ ਕੀਤਾ। ਪਹਿਲੀ ਸੰਸਾਰ ਜੰਗ ਸਮੇਂ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੧੧੭

**ਹਾਜ਼ੇ** (Haase) , **ਹਿਊਗੋ** (੧੮੬੩-੧੯੧੯) — ਜਰਮਨ ਸੋਸ਼ਲ-ਡੈਮੋਕਰੇਸੀ ਦਾ ਇਕ ਆਗੂ, ਮੌਕਾਪ੍ਰਸਤ। ੧੯੧੭ ਵਿਚ ਜਰਮਨੀ ਦੀ ਸਵੈਧੀਨ ਸੋ:-ਡੈ: ਪਾਰਟੀ ਦੇ ਬਾਨੀਆਂ ਵਿਚੋਂ ਇਕ।

ਪੰਨੇ ੪੩, ੭੧, ੧੧੨, ੧੧੩, ੧੫੦

**ਹਾਨੇਤਸਕੀ, ਯਾਕੋਵ ਸਤਾਨੀਸਲਾਵੋਵਿਚ** ( ਫ਼ੁਰਸਤਨਬਰਗ ) (੧੮੭੯-੧੯੩੭) —, ਪੋਲਿਸ਼ ਅਤੇ ਰੂਸੀ ਇਨਕਲਾਬੀ ਲਹਿਰ ਦਾ ਸਿਰਕੱਢ ਆਗੂ, ਸੋਸ਼ਲ-ਡੈਮੋਕਰੈਟ।

ਪੰਨਾ ੧੧੫

**ਹਾਰਟਸ਼ਟਾਈਨ** ( ਲੇਵੀ (Levi), ਪਾਲ ) (੧੮੮੩-੧੯੩੦) — ਜਰਮਨ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ''ਸਪਾਰਟਾਕਸ ਲੀਗ'' ਦਾ ਮੈਂਬਰ। ਪਹਿਲੀ ਸੰਸਾਰ ਸਾਮਰਾਜੀ ਜੰਗ (੧੯੧੪-੧੯੧੮) ਦੇ ਸਾਲਾਂ ਵਿਚ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਦਾ ਧਾਰਨੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਤੋਂ ਹੀ ਇਸਦਾ ਮੈਂਬਰ ਰਿਹਾ। ੧੯੨੧ ਵਿਚ ਪਾਰਟੀ ਵਿਰੋਧੀ ਧੜੇਬੰਦਕ ਸਰਗਰਮੀਆਂ ਕਰਕੇ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨਾ ੧੧੮

**ਹਾਰਡੀ** (Hardie), **ਜੇਮਜ਼ ਕੇਅਰ** (੧੮੫੬-੧੯੧੫) — ਬਰਤਾਨਵੀ ਮਜ਼ਦੂਰ ਲਹਿਰ ਦਾ ਆਗੂ, ਸੁਧਾਰਵਾਦੀ। ਇੰਡੀਪੈਂਡੈਂਟ ਲੇਬਰ ਪਾਰਟੀ ਦੇ ਆਗੂਆਂ ਅਤੇ ਲੇਬਰ ਪਾਰਟੀ ਦੇ ਮੋਢੀਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਸ਼ੁਰੂ ਵਿਚ, ਵਿਚਾਲ-ਪੰਥੀ ਪੁਜ਼ੀਸ਼ਨ ਲਈ, ਅਤੇ ਪਿਛੋਂ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ ਜਾ ਮਿਲਿਆ।

ਪੰਨਾ ੩੬

**ਹਿੰਡਨਬਰਗ** (Hindenburg), **ਪਾਲ** (੧੮੪੭-੧੯੩੪) — ਜਰਮਨ ਫ਼ੌਜੀ ਅਤੇ ਰਾਜਕੀ ਸ਼ਖ਼ਸੀਅਤ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ ਪੂਰਬੀ ਮੋਰਚੇ ਉਤੇ ਜਰਮਨ ਫ਼ੌਜ ਦਾ ਕਮਾਂਡਰ, ਪਿਛੋਂ ਜਨਰਲ ਸਟਾਫ਼ ਦਾ ਮੁਖੀ। ੧੯੨੫ ਤੋਂ ੧੯੩੪ ਤੱਕ ਵਇਮਰ ਰਪਿਬਲਿਕ ਦਾ ਪਰਧਾਨ।

ਪੰਨੇ ੬੫, ੭੧

**ਹਿੰਡਮਨ** (Hyndman), **ਹੈਨਰੀ ਮਾਇਰਜ਼** (੧੮੪੨-੧੯੨੧) — ਬਰਤਾਨਵੀ

ਸੋਸ਼ਲਿਸਟ, ਸੁਧਾਰਵਾਦੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ੧੯੧੬ ਵਿਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੀ ਸਾਲਫ਼ੋਰਡ ਕਾਂਗਰਸ ਸਮੇਂ ਉਸਦੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੀ ਨਿਖੇਧੀ ਕੀਤੇ ਜਾਣ ਪਿਛੋਂ ਉਹ ਪਾਰਟੀ ਵਿਚੋਂ ਨਿਕਲ ਗਿਆ।

ਪੰਨੇ ੩੬, ੩੭ ੫੨, ੧੧੦

**ਹਿਲਕੁਇਟ** (Hillquit), **ਮੋਰਿਸ** (੧੮੬੯-੧੯੩੩) — ਸੁਧਾਰਵਾਦੀ ਅਮਰੀਕੀ ਸੋਸ਼ਲਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ। ਪਹਿਲਾਂ ਪਹਿਲਾਂ ਮਾਰਕਸਵਾਦੀ ਸੀ, ਪਿਛੋਂ ਸੁਧਾਰਵਾਦ ਅਤੇ ਮੌਕਾਪ੍ਰਸਤੀ ਵਿਚ ਜਾ ਡਿੱਗਾ।

ਪੰਨਾ ੧੧੨

**ਹਿਲਮੈਨ** (Hillman), **ਸਿਡਨੀ** (੧੮੮੭-੧੯੪੬) — ਅਮਰੀਕੀ ਟਰੇਡ-ਯੂਨੀਅਨ ਲਹਿਰ ਦਾ ਆਗੂ। ੧੯੨੨ ਵਿਚ "ਰੂਸੀ-ਅਮਰੀਕਨ ਸਨਅਤੀ ਕਾਰਪੋਰੇਸ਼ਨ" ਦਾ ਪਰਧਾਨ ਸੀ; ਇਹ ਜਥੇਬੰਦੀ ਸੋਵੀਅਤ ਰੂਸ ਦੀ ਆਰਥਕ ਬਹਾਲੀ ਵਿਚ ਸਹਾਇਤਾ ਕਰਨ ਦੇ ਮੰਤਵ ਨਾਲ ਅਮਰੀਕੀ ਮਜ਼ਦੂਰਾਂ ਦੇ ਚੰਦਿਆਂ ਨਾਲ ਕਾਇਮ ਕੀਤੀ ਗਈ ਸੀ। ਪੰਨਾ ੨੨੧

**ਹੂਈਸਮਾਨ** (Huysmans), **ਕਾਮਿਲ** (੧੮੭੧-੧੯੬੮) — ਬੈਲਜੀਅਮ ਦੀ ਮਜ਼ਦੂਰ ਲਹਿਰ ਦੇ ਸਭ ਤੋਂ ਬਜ਼ੁਰਗ ਆਗੂਆਂ ਵਿਚੋਂ ਇਕ। ੧੯੦੪ ਤੋਂ ੧੯੧੯ ਤੱਕ ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਸੱਕਤਰ। ਸੰਸਾਰ ਸਾਮਰਾਜੀ ਜੰਗ ਸਮੇਂ ਵਿਚਾਲ-ਪੰਥੀ।

ਪੰਨੇ ੪੫, ੧੧੬

**ਹੈਂਡਰਸਨ** (Henderson), **ਆਰਥਰ** (੧੮੬੩-੧੯੩੫) — ਬਰਤਾਨਵੀ ਮਜ਼ਦੂਰ ਲਹਿਰ ਦਾ ਇਕ ਆਗੂ, ਮੌਕਾਪ੍ਰਸਤ। ੧੯੦੮-੧੯੧੦ ਅਤੇ ੧੯੧੪-੧੯੧੭ ਵਿਚ ਲੇਬਰ ਪਾਰਲੀਮੈਂਟਰੀ ਗਰੁੱਪ ਦਾ ਮੁਖੀ; ਕਈ ਵਾਰ ਇੰਗਲੈਂਡ ਦੀ ਬੁਰਜੂਆ ਸਰਕਾਰ ਵਿਚ ਸ਼ਾਮਲ ਹੋਇਆ।

ਪੰਨੇ ੧੩੯, ੧੪੬, ੧੪੯, ੧੫੭, ੧੬੦, ੧੬੩, ੧੬੪

**ਹੋਹੇਨਜ਼ੋਲੇਰਨ** (Hohenzollern) — ਜਰਮਨ ਸ਼ਹਿਨਸ਼ਾਹਾਂ ਦਾ ਘਰਾਣਾ (੧੮੭੧-੧੯੧੮)। ਪੰਨਾ ੧੫

**ਹੋਗਲੁੰਡ** (Höglund), **ਕਾਰਲ** (੧੮੮੪-੧੯੫੬) — ਸਵੀਡਨ ਦੀ ਸੋਸ਼ਲ-ਡੈਮੋਕਰੇਸੀ ਦੇ ਖੱਬੇ ਧੜੇ ਅਤੇ ਯੁਵਕ ਲਹਿਰ ਦਾ ਆਗੂ; ਪ੍ਰੋਫ਼ੈਸਰ, ਸਾਹਿਤਕਾਰ, ਰੀਕਸਡਾਗ (ਇਕ ਸਦਨੀ ਪਾਰਲੀਮੈਂਟ) ਦਾ ਮੈਂਬਰ। ਜੰਗ ਦੇ ਦੌਰਾਨ (੧੯੧੪-੧੯੧੮) ਕੌਮਾਂਤਰੀਵਾਦੀ। ਜ਼ਿੱਮਰਵਾਲਡ ਕਾਨਫ਼ਰੰਸ ਵਿਚ ਸ਼ਾਮਲ ਹੋਇਆ, ਜਿਥੇ ਉਹ ਜ਼ਿੱਮਰਵਾਲਡ ਖੱਬੇ ਧੜੇ ਦਾ ਮੈਂਬਰ ਸੀ।

ਪੰਨੇ ੫੧, ੭੨, ੧੧੪

## ਕ

**ਕਲਾਊਜ਼ੇਵਿਟਚ** (Clausewitz), **ਕਾਰਲ** (੧੭੮੦-੧੮੩੧) — ਪਰੂਸ਼ੀਆ ਦਾ ਜਰਨੈਲ, ਫ਼ੌਜੀ ਮਾਮਲਿਆਂ ਦਾ ਸਿਧਾਂਤਕਾਰ। ਨੈਪੋਲੀਨੀਆਈ ਅਤੇ ਦੂਜੀਆਂ ਜੰਗਾਂ ਦੇ ਇਤਿਹਾਸ ਬਾਰੇ ਕਈ ਕਿਰਤਾਂ ਦਾ ਲੇਖਕ।

ਪੰਨਾ ੧੩੦

**ਕਲੂਕ** (Kluck), **ਅਲੈਕਸਾਂਦਰ** (੧੮੪੬-੧੯੩੪) — ਜਰਮਨ ਜਰਨੈਲ, ਪਹਿਲੀ ਸੰਸਾਰ ਜੰਗ (੧੯੧੪-੧੯੧੮) ਦੇ ਪਹਿਲੇ ਮਹੀਨਿਆਂ ਵਿਚ ਉੱਤਰੀ ਫ਼ਰਾਂਸ ਵਿਚ ਜਰਮਨ ਫ਼ੌਜਾਂ ਦਾ ਕਮਾਂਡਰ।

ਪੰਨਾ ੪੩

**ਕਲੇਮਨਸੋ** (Clemenceau), **ਜਾਰਜ** (੧੮੪੧-੧੯੨੯) — ਫ਼ਰਾਂਸ ਦਾ ਰਾਜਸੀ ਅਤੇ ਰਾਜਕੀ ਆਗੂ, ਗਰਮ-ਖਿਆਲ ਪਾਰਟੀ ਦਾ ਆਗੂ। ਪਹਿਲੀ ਸੰਸਾਰ ਜੰਗ ਦੇ ਸਮੇਂ ਖੁਲ੍ਹਮ-ਖੁਲ੍ਹਾ ਅੰਧਰਾਸ਼ਟਰਵਾਦੀ। ਉਹ ਸੋਵੀਅਤ ਗਣ-ਰਾਜ ਦੇ ਖ਼ਿਲਾਫ਼ ਨਾਕਾਬੰਦੀ ਅਤੇ ਮਦਾਖ਼ਲਤ ਦੀ ਪ੍ਰੇਰਨਾ ਦੇਣ ਵਾਲਿਆਂ ਵਿਚੋਂ ਇਕ ਸੀ। ੧੯੦੬-੧੯੦੯ ਵਿਚ ਅਤੇ ੧੯੧੭-੧੯੨੦ ਵਿਚ ਉਹ ਫ਼ਰਾਂਸੀਸੀ ਸਰਕਾਰ ਦਾ ਮੁਖੀ ਰਿਹਾ।

ਪੰਨੇ ੧੪੮, ੧੬੬

**ਕਵੇਲਚ** (Quelch), **ਥਾਮਸ** (੧੮੮੬-੧੯੫੪) — ਬਰਤਾਨਵੀ ਸੋਸ਼ਲਿਸਟ, ਪਿਛੋਂ ਜਾਕੇ ਕਮਿਊਨਿਸਟ, ਟਰੇਡ-ਯੂਨੀਅਨ ਆਗੂ ਅਤੇ ਪੱਤਰਕਾਰ। ਆਪਣੀ ਸਰਗਰਮੀ ਦੇ ਸ਼ੁਰੂ ਵਿਚ ਸੋਸ਼ਲ-ਡੈਮੋਕਰੈਟਿਕ ਫੇਡੇਰੇਸ਼ਨ ਦਾ ਮੈਂਬਰ, ਪਿਛੋਂ ਬਰਤਾਨਵੀ ਸੋਸ਼ਲਿਸਟ ਪਾਰਟੀ ਦਾ ਮੈਂਬਰ ਸੀ। ਸੰਸਾਰ ਸਾਮਰਾਜੀ ਜੰਗ ਦੇ

ਦੌਰਾਨ ਕੌਮਾਂਤਰੀਵਾਦੀ ਪੁਜ਼ੀਸ਼ਨ ਦਾ ਧਾਰਨੀ ਰਿਹਾ। ੧੯੨੦ ਵਿਚ, ਬਰਤਾਨਵੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ।

ਪੰਨਾ ੧੧੪

**ਕਾਊਟਸਕੀ** (Kautsky), **ਕਾਰਲ** (੧੮੫੪-੧੯੩੮)—ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦਾ ਇਕ ਆਗੂ। ਸ਼ੁਰੂ ਸ਼ੁਰੂ ਵਿਚ ਮਾਰਕਸਵਾਦੀ ਸੀ, ਪਿਛੋਂ ਮਾਰਕਸਵਾਦ ਤੋਂ ਭਗੌੜਾ ਹੋ ਗਿਆ, ਵਿਚਾਲ-ਪੰਥ ਦਾ ਵਿਚਾਰਧਾਰਕ ਬਣ ਗਿਆ।

ਪੰਨੇ ੩੬, ੩੮, ੪੩, ੪੯, ੫੨, ੬੮, ੬੯, ੭੧, ੭੨, ੮੧, ੯੬, ੯੭, ੧੧੨, ੧੧੩, ੧੧੭, ੧੪੦, ੧੪੩-੧੪੬, ੧੪੯-੧੫੭, ੧੮੯, ੧੯੧

**ਕਾਮੇਨੇਵ (ਰੋਜ਼ੇਂਫੇਲਡ), ਲੇਵ ਬੋਰੀਸੋਵਿਚ** (੧੮੮੩-੧੯੩੬)—੧੯੦੧ ਤੋਂ ਰੂ:ਸੋ:ਡੈ:ਲੇ:ਪਾ: ਵਿਚ ਸ਼ਾਮਲ ਹੋਇਆ। ੧੯੧੪ ਦੇ ਸ਼ੁਰੂ ਤੋਂ "ਪਰਾਵਦਾ" ਅਤੇ "ਪ੍ਰੋਲਤਾਰੀ", ਬਾਲਸ਼ਵਿਕ ਅਖ਼ਬਾਰਾਂ ਦੇ ਸੰਪਾਦਕੀ ਮੰਡਲਾਂ ਵਿਚ ਕੰਮ ਕਰਦਾ ਰਿਹਾ ਅਤੇ ਚੌਥੀ ਰਾਜ ਦੂਮਾ ਵਿਚ ਬਾਲਸ਼ਵਿਕ ਧੜੇ ਦਾ ਆਗੂ ਰਿਹਾ। ੧੯੧੫ ਵਿਚ ਜ਼ਾਰਸ਼ਾਹੀ ਅਦਾਲਤ ਸਾਮ੍ਹਣੇ ਉਸਨੇ ਸੰਸਾਰ ਸਾਮਰਾਜੀ ਜੰਗ ਵਿਚ ਜ਼ਾਰ ਦੀ ਸਰਕਾਰ ਨੂੰ ਹਰਾਉਣ ਦੇ ਬਾਲਸ਼ਵਿਕ ਨਾਅਰੇ ਦਾ ਤਿਆਗ ਕਰ ਦਿਤਾ। ੧੯੧੭ ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ ਪਾਰਟੀ ਦੇ ਸੋਸ਼ਲਿਸਟ ਇਨਕਲਾਬ ਲਿਆਉਣ ਦੀ ਨੀਤੀ ਦਾ ਵਿਰੋਧ ਕੀਤਾ, ਹਥਿਆਰਬੰਦ ਬਗ਼ਾਵਤ ਦੇ ਖ਼ਿਲਾਫ਼ ਸੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਕਈ ਜ਼ਿਮੇਵਾਰ ਅਹੁਦਿਆਂ ਉਤੇ ਰਿਹਾ। ਪਾਰਟੀ ਦੇ ਲੈਨਿਨਵਾਦੀ ਨੀਤੀ ਦੇ ਖ਼ਿਲਾਫ਼ ਕਈ ਵਾਰੀ ਨਿਤਰਿਆ। ੧੯੩੪ ਵਿਚ ਪਾਰਟੀ-ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨਾ ੨੧੭

**ਕਾਰਲਸਨ** (Carleson), **ਕਾਰਲ** (੧੮੬੫-੧੯੨੯)—ਸਵੀਡਨ ਦਾ ਖੱਬ-ਪੱਖੀ ਸੋਸ਼ਲ-ਡੈਮੋਕਰੈਟ। ਪਹਿਲੀ ਸੰਸਾਰ ਜੰਗ ਦੇ ਦੌਰਾਨ—ਕੌਮਾਂਤਰੀਵਾਦੀ।

ਪੰਨਾ ੧੧੪

**ਕੇਅਰ-ਹਰਡੀ, ਜੇਮਸ**—ਦੇਖੋ ਹਾਰਡੀ, ਜੇਮਸ ਕੇਅਰ।

**ਕੇਰੇਂਸਕੀ, ਅਲੈਕਸਾਂਦਰ ਫ਼ਿਓਦੋਰਵਿਚ** (੧੮੮੧-੧੯੭੦)—ਸੋਸ਼ਲਿਸਟ-ਇਨਕਲਾਬੀ, ੧੯੧੭ ਵਿਚ ਰੂਸ ਵਿਚ ਬੁਰਜੂਆ ਉਲਟ-ਇਨਕਲਾਬੀ ਆਰਜ਼ੀ ਸਰਕਾਰ

ਦਾ ਮੁਖੀ। ਸਾਮਰਾਜੀ ਬੁਰਜੂਆਜ਼ੀ ਦੀ ਨੀਤੀ ਉਪਰ ਚਲਦਾ ਰਿਹਾ। ੧੯੧੮ ਵਿਚ ਬਦੇਸੀਂ ਜਾ ਵਸਿਆ।

ਪੰਨੇ ੧੦੯, ੧੩੫, ੧੪੩

**ਕੋਸੋਵਸਕੀ, ਵ (ਲੇਵਿੰਸਨ, ਮ.)** (੧੮੭੦-੧੯੪੧) — ਬੁੰਦ ਦੇ ਬਾਣੀਆਂ ਅਤੇ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿਚ ਸਮਾਜੀ-ਅੰਧਰਾਸ਼ਟਰਵਾਦੀ।

ਪੰਨਾ ੪੮

## ਗ

**ਗਰਿੱਮ** (Grimm), **ਰਾਬਰਟ** (੧੮੮੧-੧੯੫੮) — ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਇਕ ਆਗੂ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ। ਜ਼ਿੱਮਰਵਾਲਡ ਅਤੇ ਕੈਂਥਲ ਕਾਨਫ਼ਰੰਸਾਂ ਦਾ ਪਰਧਾਨ।

ਪੰਨੇ ੫੧, ੧੧੨, ੧੧੭

**ਗਰੂਨਬਰਗ** (Grünberg), **ਕਾਰਲ** (੧੮੬੧-੧੯੪੦) — ਆਸਟਰਵੀ ਸੋਸ਼ਲ-ਡੈਮੋਕਰੈਟ, ਵਕੀਲ, ਅਰਥ-ਵਿਗਿਆਨੀ ਅਤੇ ਇਤਿਹਾਸਕਾਰ।

ਪੰਨਾ ੮੯

**ਗਿਲਬੋ** (Guilbeaux), **ਹੈਨਰੀ** (੧੮੮੫-੧੯੩੮) — ਫ਼ਰਾਂਸੀਸੀ ਸੋਸ਼ਲਿਸਟ, ਪੱਤਰਕਾਰ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ ਰਸਾਲੇ “Demain” ਦਾ ਪ੍ਰਕਾਸ਼ਕ; ਕੌਮਾਂਤਰੀ ਸੰਪਰਕ ਮੁੜ-ਸਥਾਪਤ ਕਰਨ ਦੇ ਹੱਕ ਵਿਚ ਸੀ। ੧੯੧੬ ਵਿਚ ਕੈਂਥਲ ਕਾਨਫ਼ਰੰਸ ਵਿਚ ਸ਼ਾਮਲ ਹੋਇਆ। ਪਿਛੋਂ ਟਰਾਟਸਕੀਵਾਦੀ ਦ੍ਰਿਸ਼ਟੀਕੋਣ ਅਪਣਾਉਣ ਲਗ ਪਿਆ ਅਤੇ ਸੋਵੀਅਤ ਯੂਨੀਅਨ ਦੇ ਖ਼ਿਲਾਫ਼ ਹੋ ਗਿਆ। ਪੰਨਾ ੧੧੪

**ਗੇਦ** (Guesde), **ਜੂਲ** (੧੮੪੫-੧੯੨੨) — ਫ਼ਰਾਂਸੀਸੀ ਸੋਸ਼ਲਿਸਟ, ਫ਼ਰਾਂਸ ਦੀ ਸੋਸ਼ਲਿਸਟ ਪਾਰਟੀ ਦੇ ਬਾਣੀਆਂ ਵਿਚੋਂ ਇਕ (੧੯੦੧), ਅਤੇ ਦੂਜੀ ਇੰਟਰਨੈਸ਼ਨਲ ਦਾ ਇਕ ਆਗੂ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿਚ ਸਿਧੀ ਤਰ੍ਹਾਂ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਧਾਰਨ ਕਰ ਲਿਆ।

ਪੰਨੇ ੩੬, ੩੭, ੧੧੦

**ਗੈਰੀਬਾਲਡੀ** (Garibaldi), **ਗਿਉਸਪੇ** (੧੮੦੭-੧੮੮੨) — ਇਟਲੀ ਦਾ ਲੋਕ ਨਾਇਕ ਅਤੇ ਇਨਕਲਾਬੀ ਜਨਵਾਦੀਆਂ ਦਾ ਸਿਰਕੱਢ ਆਗੂ, ਉਘਾ ਫੌਜੀ ਨੇਤਾ, ਇਟਲੀ ਦੀ ਕੌਮੀ ਆਜ਼ਾਦੀ ਅਤੇ ਏਕੀਕਰਨ ਲਈ ਲਹਿਰ ਦਾ ਮੁਖੀ।

ਪੰਨਾ ੮੩

**ਗੋਮਪਰਜ਼** (Gompers), **ਸੈਮੂਅਲ** (੧੮੫੦-੧੯੨੪) — ਅਮਰੀਕਾ ਦਾ ਟਰੇਡ-ਯੂਨੀਅਨ ਆਗੂ, ਜਿਹੜਾ ਸਰਮਾਇਦਾਰਾਂ ਨਾਲ ਜਮਾਤੀ ਗੰਢ-ਚਿਤਰਾਵੇ ਦੀ ਨੀਤੀ ਉਤੇ ਚਲਦਾ ਸੀ। ੧੮੯੫ ਤੋਂ ਲੈ ਕੇ ਮਰਨ ਤੱਕ ਉਹ ਅਮਰੀਕਨ ਫ਼ੈਡਰੇਸ਼ਨ ਆਫ਼ ਲੇਬਰ ਦਾ ਪਰਧਾਨ ਰਿਹਾ। ਪਹਿਲੀ ਸੰਸਾਰ ਜੰਗ ਦੇ ਸਮੇਂ ਸਮਾਜੀ-ਅੰਧਰਾਸ਼ਟਰਵਾਦੀ ਸੀ।

ਪੰਨੇ ੭੮, ੧੪੯, ੧੫੨, ੧੫੯, ੧੬੦, ੧੬੩

**ਗੋਰਟਰ** (Gorter), **ਹਰਮਨ** (੧੮੬੪-੧੯੨੭) — ਡੱਚ ਸੋਸ਼ਲ-ਡੈਮੋਕਰੇਸੀ ਦੇ ਖੱਬੇ ਧੜੇ ਦਾ ਆਗੂ, ਪਹਿਲੀ ਸੰਸਾਰ ਜੰਗ ਦੇ ਦੌਰਾਨ, ਕੌਮਾਂਤਰੀਵਾਦੀ। ੧੯੨੧ ਵਿਚ ਉਹ ਕਮਿਊਨਿਸਟ ਲਹਿਰ ਨੂੰ ਛੱਡ ਗਿਆ।

ਪੰਨੇ ੫੧, ੮੬, ੧੧੪

## ਛ

**ਛੇਈਦਜ਼ੇ, ਨਿਕੋਲਾਈ ਸੇਮੀਓਨੋਵਿਚ** (੧੮੬੪-੧੯੨੬) — ਮੈਨਸ਼ਵਿਕ ਆਗੂ। ਪਹਿਲੀ ਸੰਸਾਰ ਜੰਗ ਦੇ ਦੌਰਾਨ ਵਿਚਾਲ-ਪੰਥੀ।

ਪੰਨੇ ੧੦੯, ੧੧੨, ੧੧੩, ੧੨੦

## ਜ

**ਜਾਰਜ ਪੰਜਵਾਂ** (੧੮੬੫-੧੯੩੬) — ਬਰਤਾਨਵੀ ਸ਼ਹਿਨਸ਼ਾਹ (੧੯੧੦-੧੯੩੬)।

ਪੰਨਾ ੯੪

**ਜ਼ਿਨੋਵੀਏਵ (ਰਾਦੋਮੀਸਲਸਕੀ), ਗਰਿਗੋਰੀ ਏਵਸੇਏਵਿਚ** (੧੮੮੩-੧੯੩੬) — ੧੯੦੧ ਵਿਚ ਬਾਲਸ਼ਵਿਕ ਪਾਰਟੀ ਵਿਚ ਸ਼ਾਮਲ ਹੋਇਆ। ਸਾਮਰਾਜੀ ਜੰਗ (੧੯੧੪-੧੯੧੮) ਦੇ ਸਾਲਾਂ ਵਿਚ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਦਾ ਧਾਰਨੀ ਰਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਤਿਆਰੀ ਅਤੇ ਨੇਪਰੇ ਚੜ੍ਹਾਉਣ

ਦੇ ਦੌਰ ਵਿਚ ਡਕੋਡੋਲੇ ਖਾਂਦਾ ਰਿਹਾ ਅਤੇ ਹਥਿਆਰਬੰਦ ਬਗ਼ਾਵਤ ਦਾ ਵਿਰੋਧੀ ਰਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਉਹ ਪਾਰਟੀ ਅਤੇ ਸਰਕਾਰ ਦੇ ਜ਼ਿਮੇਵਾਰ ਅਹੁਦਿਆਂ ਉਪਰ ਰਿਹਾ। ਕਈ ਵਾਰ ਪਾਰਟੀ ਦੀ ਲੈਨਿਨਵਾਦੀ ਨੀਤੀ ਦੇ ਖ਼ਿਲਾਫ਼ ਨਿਤਰਿਆ। ੧੯੩੪ ਵਿਚ ਪਾਰਟੀ-ਵਿਰੋਧੀ ਸਰਗਰਮੀਆਂ ਕਰਕੇ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨਾ ੧੧੮

**ਜ਼ੂਦੇਕੁਮ** (Südekum), **ਅਲਬਰਟ** (੧੮੭੧-੧੯੪੪) — ਜਰਮਨ ਸੋ:ਡੈ: ਦੇ ਮੌਕਾਪ੍ਰਸਤ ਆਗੂਆਂ ਵਿਚੋਂ ਇਕ, ਸੋਧਵਾਦੀ। ਮਜ਼ਦੂਰ ਜਮਾਤ ਦੀ ਇਨਕਲਾਬੀ ਲਹਿਰ ਦੇ ਖ਼ਿਲਾਫ਼ ਲੜਾਈ ਕੀਤੀ। ਸੰਸਾਰ ਸਾਮਰਾਜੀ ਜੰਗ ਦੇ ਸਮੇਂ ਅੰਧਰਾਸ਼ਟਰਵਾਦੀ।

ਪੰਨੇ ੭੧, ੭੫, ੧੬੦, ੧੬੨, ੧੬੩

**ਜ਼ੇਟਕਿਨ** (Zetkin), **ਕਲਾਰਾ** (੧੮੫੭-੧੯੩੩) — ਜਰਮਨ ਅਤੇ ਕੌਮਾਂਤਰੀ ਮਜ਼ਦੂਰ ਲਹਿਰ ਦੀ ਸਿਰਕੱਢ ਆਗੂ, ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ।

ਪੰਨੇ ੭੨, ੧੩੨, ੧੬੦

**ਜ਼ੋਰਗੇ** (Sorge), **ਫ਼ਰੀਦਰਿਖ ਅਡੋਲਫ਼** (੧੮੨੮-੧੯੦੬) — ਜਰਮਨ ਸੋਸ਼ਲਿਸਟ, ਕੌਮਾਂਤਰੀ ਮਜ਼ਦੂਰ ਅਤੇ ਸੋਸ਼ਲਿਸਟ ਲਹਿਰ ਦਾ ਪ੍ਰਸਿਧ ਆਗੂ, ਮਾਰਕਸ ਅਤੇ ਏਂਗਲਜ਼ ਦਾ ਮਿੱਤਰ ਅਤੇ ਜੁਝਾਰ-ਸਾਥੀ। ੧੮੪੮-੧੮੪੯ ਦੀ ਜਰਮਨ ਇਨਕਲਾਬ ਦੀ ਹਾਰ ਪਿਛੋਂ ਸਵਿਟਜ਼ਰਲੈਂਡ ਅਤੇ ਅਮਰੀਕਾ ਜਾ ਵਸਿਆ। ਉਥੇ ਉਹ ਮਜ਼ਦੂਰ ਲਹਿਰਾਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ।

ਪੰਨਾ ੭੯

**ਜੋਰੇਸ** (Jaurès), **ਜਾਨ** (੧੮੫੯-੧੯੧੪) — ਫ਼ਰਾਂਸੀਸੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਦਾ ਪ੍ਰਸਿਧ ਆਗੂ; ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੱਜੇ, ਸੁਧਾਰਵਾਦੀ ਧੜੇ ਦਾ ਆਗੂ। ੧੯੦੪ ਵਿਚ "L'Humanité" (ਮਨੁਖਤਾ) ਦੀ ਨੀਂਹ ਰਖੀ ਅਤੇ ਇਸਦਾ ਸੰਪਾਦਕ ਰਿਹਾ। ਉਸਨੇ ਸੈਨਾਵਾਦ ਅਤੇ ਫ਼ੌਜੀ ਹਲਕਿਆਂ ਦੇ ਪ੍ਰਭਾਵ ਦੀ ਸਖ਼ਤ ਆਲੋਚਨਾ ਕੀਤੀ। ਪਹਿਲੀ ਸੰਸਾਰ ਜੰਗ ਤੋਂ ਐਨ ਪਹਿਲਾਂ ਉਸਨੂੰ ਸੈਨਾਵਾਦੀਆਂ ਦੇ ਜ਼ਰਖ਼ਰੀਦਾਂ ਨੇ ਕਤਲ ਕਰ ਦਿਤਾ ਗਿਆ।

ਪੰਨਾ ੨੦

**ਜੋਫ਼ਰੇ** (Joffre), **ਜੋਜ਼ਫ਼** (੧੮੫੨-੧੯੩੧) — ਫ਼ਰਾਂਸੀਸੀ ਮਾਰਸ਼ਲ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਤੋਂ ਹੀ ਫ਼ਰਾਂਸੀਸੀ ਫ਼ੌਜ ਦਾ ਕਮਾਂਡਰ — ਇਨ-ਚੀਫ਼।
ਪੰਨਾ ੬੫

## ਟ

**ਟਰਾਟਸਕੀ (ਬਰੋਨਸ਼ਟਾਈਨ), ਲੇਵ ਦਾਵੀਦੋਵਿਚ** (੧੮੭੯-੧੯੪੦) — ੧੮੯੭ ਤੋਂ ਰੂ:ਸੋ:ਡੇ:ਲੇ:ਪਾ: ਦਾ ਮੈਂਬਰ, ਮੈਨਸ਼ਵਿਕ। ੧੯੧੨ ਵਿਚ ਪਾਰਟੀ-ਵਿਰੋਧੀ ਅਗਸਤ ਧੜਾ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ। ੧੯੧੭ ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ ਬਦੇਸ ਤੋਂ ਰੂਸ ਮੁੜਿਆ, ਤਾਂ ਉਸਨੂੰ ਬਾਲਸ਼ਵਿਕ ਪਾਰਟੀ ਵਿਚ ਸ਼ਾਮਲ ਕਰ ਲਿਆ ਗਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਕਈ ਜ਼ਿਮੇਵਾਰ ਅਹੁਦਿਆਂ ਉਤੇ ਰਿਹਾ। ੧੯੧੮ ਵਿਚ ਬਰੈਸਤ ਅਮਨ ਸੰਧੀ ਕਰਨ ਦੇ ਖ਼ਿਲਾਫ਼ ਸੀ। ੧੯੨੦-੧੯੨੧ ਵਿਚ ਟਰੇਡ-ਯੂਨੀਅਨਾਂ ਬਾਰੇ ਵਿਵਾਦ ਵਿਚ ਵਿਰੋਧੀ ਦਲ ਦਾ ਆਗੂ; ੧੯੨੩ ਤੋਂ ਲੈ ਕੇ ਉਸਨੇ ਪਾਰਟੀ ਦੀ ਆਮ ਸੇਧ ਦੇ ਖ਼ਿਲਾਫ਼ ਅਤੇ ਸੋਸ਼ਲਿਜ਼ਮ ਦੀ ਉਸਾਰੀ ਲਈ ਲੈਨਿਨਵਾਦੀ ਪ੍ਰੋਗਰਾਮ ਦੇ ਖ਼ਿਲਾਫ਼ ਸਖ਼ਤ ਘੋਲ ਚਲਾਇਆ, ਇਹ ਦਾਅਵਾ ਕਰਦਿਆਂ ਕਿ ਸੋਵੀਅਤ ਯੂਨੀਅਨ ਵਿਚ ਸੋਸ਼ਲਿਜ਼ਮ ਨਹੀਂ ਉਸਾਰਿਆ ਜਾ ਸਕਦਾ। ੧੯੨੭ ਵਿਚ ਉਸਨੂੰ ਪਾਰਟੀ ਵਿਚੋਂ ਕੱਢ ਦਿਤਾ ਗਿਆ ਅਤੇ ੧੯੨੯ ਵਿਚ ਸੋਵੀਅਤ-ਵਿਰੋਧੀ ਸਰਗਰਮੀਆਂ ਕਾਰਨ ਸੋਵੀਅਤ ਯੂਨੀਅਨ ਵਿਚੋਂ ਕੱਢ ਦਿਤਾ ਗਿਆ। ੧੯੩੨ ਵਿਚ ਉਸਨੂੰ ਸੋਵੀਅਤ ਸ਼ਹਿਰੀਅਤ ਤੋਂ ਵਾਂਝਿਆਂ ਕਰ ਦਿਤਾ ਗਿਆ।
ਪੰਨੇ ੪੮, ੧੧੯

**ਟਾਲਸਟਾਏ, ਲੇਵ ਨਿਕੋਲਾਯੇਵਿਚ** (੧੮੨੮-੧੯੧੦) — ਮਹਾਨ ਰੂਸੀ ਲੇਖਕ।
ਪੰਨਾ ੧੪੭

## ਡ

**ਡੇਵਿਡ** (David), **ਐਡੂਅਰਡ** (੧੮੬੩-੧੯੩੦) — ਜਰਮਨ ਸੋਸ਼ਲ-ਡੈਮੋਕਰੇਸੀ ਦੇ ਸੱਜੇ ਧੜੇ ਦਾ ਇਕ ਆਗੂ, ਸੋਧਵਾਦੀ, ਸਮਾਜੀ-ਅੰਧਰਾਸ਼ਟਰਵਾਦੀ।
ਪੰਨੇ ੬੦, ੧੧੩

**ਡੈਬਜ਼** (Debs), **ਯੂਜੀਨ** (੧੮੫੫-੧੯੨੬) — ਅਮਰੀਕੀ ਮਜ਼ਦੂਰ ਜਮਾਤ ਲਹਿਰ ਦਾ ਸਿਰਕੱਢ ਆਗੂ, ਅਮਰੀਕਾ ਦੀ ਸੋਸ਼ਲਿਸਟ ਪਾਰਟੀ ਦੇ ਖੱਬੇ ਧੜੇ ਦਾ ਆਗੂ। ਸਾਮਰਾਜੀ ਜੰਗ ਦੇ ਖ਼ਿਲਾਫ਼ ਸਰਗਰਮੀਆਂ ਲਈ ਉਸਨੂੰ ੧੯੧੮ ਵਿਚ ੧੦ ਸਾਲ ਕੈਦ ਦੀ ਸਜ਼ਾ ਦਿਤੀ ਗਈ। ਉਸਨੇ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਉਤਸ਼ਾਹ ਨਾਲ ਸਵਾਗਤ ਕੀਤਾ।

ਪੰਨਾ ੧੬੧

## ਤ

**ਤਸੇਰੇਤੇਲੀ, ਇਰਾਕਲੀ ਗਿਓਰਗੀਏਵਿਚ** (੧੮੮੨-੧੯੫੯) — ਮੈਨਸ਼ਵਿਕ ਆਗੂ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ। ਮਈ ੧੯੧੭ ਵਿਚ ਬੁਰਜੂਆ ਆਰਜ਼ੀ ਸਰਕਾਰ ਦਾ ਮੰਤਰੀ।

ਪੰਨੇ ੧੦੯, ੧੧੨, ੧੧੩, ੧੨੦

**ਤਰੀਏਰ** (Trier), **ਗਰਸੋਨ** (੧੮੫੧-੧੯੧੮) — ਡੇਨਿਸ਼ ਸੋ:ਡੈ: ਪਾਰਟੀ ਦੇ ਖੱਬੇ ਧੜੇ ਦਾ ਇਕ ਆਗੂ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਕੌਮਾਂਤਰੀਵਾਦੀ ਦ੍ਰਿਸ਼ਟੀਕੋਣਾਂ ਦਾ ਧਾਰਨੀ ਸੀ।

ਪੰਨਾ ੧੧੫

**ਤਰੂਲਸਤਰਾ** (Troelstra), **ਪੀਤਰ** (੧੮੬੦-੧੯੩੦) — ਡੱਚ ਸੋਸ਼ਲ-ਡੈਮੋਕਰੈਟਿਕ ਕਿਰਤੀ ਪਾਰਟੀ ਦੇ ਬਾਨੀਆਂ ਅਤੇ ਆਗੂਆਂ ਵਿਚੋਂ ਇਕ; ਮੌਕਾਪ੍ਰਸਤ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੫੧, ੭੨, ੧੦੧, ੧੧੦

**ਤਰੇਵੇਜ਼** (Treves) **ਕਲਾਦੀਓ** (੧੮੬੮-੧੯੩੩) — ਅਤਾਲਵੀ ਸੋਸ਼ਲਿਸਟ ਪਾਰਟੀ ਦਾ ਇਕ ਸੁਧਾਰਵਾਦੀ ਆਗੂ। ਪਹਿਲੀ ਸੰਸਾਰ ਜੰਗ ਦੇ ਦੌਰਾਨ ਵਿਚਾਲ-ਪੰਥੀ।

ਪੰਨਾ ੧੧੨

**ਤੀਸ਼ਕਾ** (Tyszka), **ਯਾਨ** (**ਲਿਓ ਯੋਗੀਖ਼ੇਸ**) (੧੮੬੭-੧੯੧੯) — ਪੋਲਿਸ਼ ਅਤੇ ਜਰਮਨ ਮਜ਼ਦੂਰ ਲਹਿਰ ਦੀ ਪ੍ਰਸਿਧ ਹਸਤੀ। ਪਹਿਲੀ ਸੰਸਾਰ ਜੰਗ ਦੇ

ਦੌਰਾਨ ਕੌਮਾਂਤਰੀਵਾਦੀ ਪੁਜ਼ੀਸ਼ਨ ਦਾ ਧਾਰਨੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਇਕ ਸੀ।

ਪੰਨਾ ੧੧੫

**ਤੂਰਾਤੀ** (Turati), **ਫ਼ਿਲਿਪੋ** (੧੮੫੭-੧੯੩੨) — ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਸੱਜੇ, ਸੁਧਾਰਵਾਦੀ ਧੜੇ ਦਾ ਆਗੂ। ਪਹਿਲੀ ਸੰਸਾਰ ਜੰਗ ਦੇ ਦੌਰਾਨ ਵਿਚਾਲ-ਪੰਥੀ।

ਪੰਨੇ ੧੧੨, ੧੧੭, ੧੪੪, ੧੪੭, ੧੪੯, ੧੫੦

**ਤੋਮਾ** (Thomas), **ਅਲਬੇਰ** (੧੮੭੮-੧੯੩੨) — ਫ਼ਰਾਂਸੀਸੀ ਰਾਜਸੀ ਆਗੂ, ਸਮਾਜੀ-ਸੁਧਾਰਵਾਦੀ। ਸੰਸਾਰ ਸਾਮਰਾਜੀ ਜੰਗ ਦੇ ਸਮੇਂ ਸਮਾਜੀ-ਅੰਧਰਾਸ਼ਟਰਵਾਦੀ। ਫ਼ਰਾਂਸ ਦੀ ਬੁਰਜੂਆ ਸਰਕਾਰ ਵਿਚ ਸ਼ਾਮਲ ਹੋ ਗਿਆ।

ਪੰਨਾ ੧੩੯

## ਨ

**ਨਿਕੋਲਸ ਦੂਜਾ** (**ਰੋਮਾਨੋਵ**) (੧੮੬੮-੧੯੧੮) — ਆਖ਼ਰੀ ਰੂਸੀ ਜ਼ਾਰ (੧੮੯੪-੧੯੧੭)।

ਪੰਨੇ ੨੯, ੯੪, ੯੫, ੧੧੨

**ਨੇਰਮਾਨ** (Nerman), **ਤੂਰੇ** (ਜਨਮ ੧੮੮੬) — ਸਵੀਡਨ ਦਾ ਖੱਬ-ਪੱਖੀ ਸੋਸ਼ਲ-ਡੈਮੋਕਰੈਟ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿਚ ਕੌਮਾਂਤਰੀਵਾਦੀ। ੧੯੧੬-੧੯੧੮ ਵਿਚ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਖੱਬੇ ਵਿਰੋਧੀ ਦੱਲ ਦੇ ਅਖ਼ਬਾਰ "Politiken" ("ਰਾਜਨੀਤੀ") ਦਾ ਪਹਿਲਾ ਸੰਪਾਦਕ ਬਣਿਆ।

ਪੰਨਾ ੧੧੪

Nota-Bene — (ਦੇਖੋ ਬੁਖ਼ਾਰੀਨ, ਨ. ਈ.)।

## ਪ

**ਪਫ਼ਲੂਗੇਰ** (Pflüger), **ਪਾਲ** (ਜਨਮ ੧੮੬੫) — ਸਵਿਟਜ਼ਰਲੈਂਡ ਦਾ ਸੱਜ-ਪੱਖੀ ਸੋ:ਡੈ:। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨਾ ੧੧੭

**ਪ੍ਰਸਮੈਨ** (Pressemanne), **ਆਦਰੀਨ** (੧੮੭੯-੧੯੨੯) — ਫ਼ਰਾਂਸੀਸੀ ਸੋਸ਼ਲਿਸਟ, ਪਹਿਲੀ ਸੰਸਾਰ ਜੰਗ ਦੇ ਦੌਰਾਨ ਵਿਚਾਲਪੰਥੀ।

ਪੰਨਾ ੧੧੨

**ਪਰੂਦੋਨ** (Proudhon) **ਪੀਏਰ ਜੋਜ਼ਫ** (੧੮੦੯-੧੮੬੫) — ਫ਼ਰਾਂਸੀਸੀ ਪੱਤਰਕਾਰ, ਅਰਥ-ਵਿਗਿਆਨੀ ਅਤੇ ਸਮਾਜ-ਵਿਗਿਆਨੀ, ਨਿੱਕੀ ਬੁਰਜੂਆਜ਼ੀ ਦਾ ਵਿਚਾਰਧਾਰਕ, ਅਰਾਜਕਤਾਵਾਦ ਦੇ ਬਾਨੀਆਂ ਵਿਚੋਂ ਇਕ।

ਪੰਨੇ ੮੭, ੮੯, ੯੦

**ਪਲਾਟਨ** (Platten), **ਫ਼ਰੀਦਰਿਖ** (੧੮੮੩-੧੯੪੨) — ਸਵਿਸ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਸਵਿਟਜ਼ਰਲੈਂਡ ਦੀ ਕਮਿਊਨਿਸਟ ਪਾਰਟੀ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਹਨੇ ਜ਼ਿੰਮਰਵਾਲਡ ਅਤੇ ਕੈਂਥਲ ਕਾਨਫਰੰਸਾਂ ਵਿਚ ਹਿੱਸਾ ਲਿਆ। ਜ਼ਿੰਮਰਵਾਲਡ ਖੱਬੇ ਧੜੇ ਵਿਚ ਸ਼ਾਮਲ ਸੀ।

ਪੰਨਾ ੧੧੯

**ਪਲੇਖ਼ਾਨੋਵ, ਗਿਓਰਗੀ ਵਾਲੇਂਤੀਨੋਵਿਚ** (੧੮੫੬-੧੯੧੮) — ਰੂਸੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਦਾ ਪ੍ਰਸਿਧ ਆਗੂ, ਸਿਧਾਂਤਕਾਰ ਅਤੇ ਮਾਰਕਸਵਾਦ ਦੇ ਪਹਿਲੇ ਪ੍ਰਚਾਰਕਾਂ ਵਿਚੋਂ ਇਕ, ਪਿਛੋਂ ਮੈਨਸ਼ਵਿਕਾਂ ਨਾਲ ਰਲ ਗਿਆ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਤੋਂ ਸਮਾਜੀ-ਅੰਧਰਾਸ਼ਟਰਵਾਦੀ। ਅਕਤੂਬਰ ਸੋਸ਼ਲਿਸਟ ਇਨਕਲਾਬ ਦੇ ਸੰਬੰਧ ਵਿਚ ਨਾਂਹ-ਪੱਖੀ ਵਤੀਰਾ ਰਖਦਾ ਸੀ, ਪਰ ਸੋਵੀਅਤ ਸੱਤਾ ਦੇ ਖ਼ਿਲਾਫ਼ ਘੋਲ ਵਿਚ ਭਾਗ ਨਾ ਲਿਆ।

ਪੰਨੇ ੩੨, ੩੬, ੩੭, ੩੮, ੫੫, ੫੬, ੫੮, ੫੯, ੬੮, ੭੫, ੧੦੯, ੧੧੦, ੧੧੩, ੧੧੮

**ਪਾਨੇਕੂਕ** (Panneckoek), **ਅਨਤੋਨੀ** (੧੮੭੩-੧੯੬੦) — ਡਚ ਸੋਸ਼ਲ-ਡੈਮੋਕਰੈਟ। ਅਖ਼ਬਾਰ «De Tribune» ਦੇ ਮੋਢੀਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੌਮਾਂਤਰੀਵਾਦੀ।

ਪੰਨੇ ੩੬, ੫੧, ੧੧੪

**ਪੁਅੰਕਾਰੇ** (Poincaré), **ਰੇਮਨ** (੧੮੬੦-੧੯੩੪) — ਫ਼ਰਾਂਸੀਸੀ ਬੁਰਜੂਆ ਰਾਜਨੀਤਕ ਆਗੂ। ੧੯੧੨ ਵਿਚ ਫ਼ਰਾਂਸ ਦਾ ਪਰਧਾਨ-ਮੰਤਰੀ ਬਣ ਗਿਆ। ੧੯੧੩ ਤੋਂ ੧੯੨੦ ਤੱਕ ਫ਼ਰਾਂਸੀਸੀ ਗਣ-ਰਾਜ ਦਾ ਪਰਧਾਨ ਰਿਹਾ। ਇਹ ਪਦਵੀਆਂ

ਪ੍ਰਾਪਤ ਕਰਨ ਦਾ ਜਤਨ ਕਰਦੇ ਹੋਏ ਸੰਸਾਰ ਸਾਮਰਾਜੀ ਯੁਧ ਦਾ ਹਾਮੀ ਸੀ, ਜਿਸ ਤੋਂ ਉਹਦੀ ਅਲ "Poincaré — ਯੁਧ" ਪਈ।

ਪੰਨੇ ੨੯, ੯੫

**ਪੋਤਰੇਸੋਵ, ਅਲੈਕਸਾਂਦਰ ਨਿਕੋਲਾਯੇਵਿਚ** (ਸਤਾਰੋਵੇਰ) (੧੮੬੯-੧੯੩੪) — ਰੂਸੀ ਸੋਸ਼ਲ-ਡੈਮੋਕਰੈਟ; ਮੈਨਸ਼ਵਿਕ-ਖਾਤਮੇਵਾਦੀ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੪੮, ੧੦੯, ੧੧੩, ੧੨੦

**ਪੋਤੀਏ** (Pottier), **ਯੂਜੀਨ** (੧੮੧੬-੧੮੮੭) — ਫ਼ਰਾਂਸੀਸੀ ਕਿਰਤੀ ਅਤੇ ਸੋਸ਼ਲਿਸਟ, ਪ੍ਰੋਲਤਾਰੀ "ਇੰਟਰਨੈਸ਼ਨਲ" ਗੀਤ ਦਾ ਲੇਖਕ। ਪੈਰਿਸ ਕਮਿਊਨ ਵਿਚ ਸਰਗਰਮ ਹਿੱਸਾ ਲਿਆ।

ਪੰਨੇ ੨੩-੨੫

## ਫ

**ਫ਼ਿਸ਼ਰ** (Fischer), **ਰਿਖ਼ਰਡ** (੧੮੫੫-੧੯੨੬) — ਜਰਮਨ ਸੋਸ਼ਲ-ਡੈਮੋਕਰੈਟ, ਪਾਰਟੀ ਦੇ ਕੇਂਦਰੀ ਬੁਲਾਰੇ "Vorwärts" ("ਅਗੇ ਵਧੋ") ਦਾ ਪ੍ਰਕਾਸ਼ਕ।

ਪੰਨਾ ੨੧

## ਬ

**ਬਰਗਰ** (Berger), **ਵਿਕਟਰ** (੧੮੬੦-੧੯੨੯) — ਅਮਰੀਕੀ ਸੋਸ਼ਲਿਸਟ। ਅਮਰੀਕਾ ਦੀ ਸੁਧਾਰਵਾਦੀ ਸੋਸ਼ਲਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਸਮੇਂ ਵਿਚ ਸ਼ਾਂਤੀਵਾਦੀ ਪੁਜ਼ੀਸ਼ਨ ਦਾ ਧਾਰਨੀ।

ਪੰਨੇ ੧੧੦, ੧੬੩

**ਬਰਨਸ਼ਟਾਈਨ** (Bernstein), **ਐਡੂਆਰਡ** (੧੮੫੦-੧੯੩੨) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਅਤਿਵਾਦੀ ਸੱਜੇ ਧੜੇ ਦਾ ਆਗੂ। ਸੋਧਵਾਦ ਅਤੇ ਸੁਧਾਰਵਾਦ ਦਾ ਸਿਧਾਂਤਕਾਰ।

ਪੰਨਾ ੧੪੪

**ਬਰਾਂਟਿੰਗ** (Branting), **ਕਾਰਲ ਯਾਲਮਰ** (੧੮੬੦-੧੯੨੫)—ਸਵੀਡਨ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਆਗੂ। ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿਚੋਂ ਇਕ; ਮੌਕਾਪ੍ਰਸਤ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੫੧, ੧੧੦, ੧੭੦

**ਬਾਊਏਰ** (Bauer), **ਓਟੋ** (੧੮੮੨-੧੯੩੮)—ਆਸਟਰਵੀ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਸੱਜ-ਪੱਖੀ ਧੜੇ ਦਾ ਇਕ ਆਗੂ। ਸਭਿਆਚਾਰਕ-ਕੌਮੀ ਖ਼ੁਦ-ਅਖ਼ਤਿਆਰੀ ਦਾ ਸਿਧਾਂਤ ਘੜਨ ਵਾਲਿਆਂ ਵਿਚੋਂ ਇਕ। ਅਕਤੂਬਰ ਸੋਸ਼ਲਿਸਟ ਇਨਕਲਾਬ ਵੱਲ ਉਸਦਾ ਵਤੀਰਾ ਦੁਸ਼ਮਣਾਂ ਵਾਲਾ ਸੀ।

ਪੰਨੇ ੬੭, ੧੪੦, ੧੮੯

**ਬਿਸਮਾਰਕ** (Bismarck), **ਓਟੋ** (੧੮੧੫-੧੮੯੮)—ਜਰਮਨੀ ਅਤੇ ਪਰੂਸ਼ੀਆ ਦਾ ਰਾਜਨੇਤਾ ਅਤੇ ਡਿਪਲੋਮੈਟ। ਕੌਮਾਂਤਰੀ ਅਤੇ ਘਰੋਗੀ ਨੀਤੀ ਵਿਚ ਉਹਨੇ ਯੁੰਕਰਾਂ ਅਤੇ ਵਡੀ ਬੁਰਜੂਆਜ਼ੀ ਦੇ ਹਿਤਾਂ ਦੇ ਅਨੁਕੂਲ ਨੀਤੀ ਅਪਣਾਈ। ੧੮੭੧ ਵਿਚ ਲੋਟੂ ਯੁਧਾਂ ਅਤ ਸਫ਼ਲ ਰਾਜਦੂਤਕ ਕਦਮਾਂ ਰਾਹੀਂ ਉਹ ਪਰੂਸ਼ੀਆ ਦੀ ਅਗਵਾਈ ਅਧੀਨ ਜਰਮਨੀ ਨੂੰ ਇਕਮੁਠ ਕਰਨ ਵਿਚ ਸਫ਼ਲ ਹੋ ਗਿਆ ਅਤੇ ਉਹਨੂੰ ਰਾਈਖ਼-ਚਾਂਸਲਰ ਦੀ ਪਦਵੀ ਪ੍ਰਾਪਤ ਹੋ ਗਈ। ਉਹਨੇ ਪੈਰਿਸ ਕਮਿਊਨ ਨੂੰ ਖ਼ੂਨ ਵਿਚ ਡੋਬਣ ਲਈ ਫ਼ਰਾਂਸੀਸੀ ਉਲਟ-ਇਨਕਲਾਬੀਆਂ ਦੀ ਸਹਾਇਤਾ ਕੀਤੀ।

ਪੰਨਾ ੨੯

**ਬਿਸੋਲਾਤੀ** (Bissolati), **ਲਿਓਨੀਦਾ** (੧੮੫੭-੧੯੨੦)—ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ। ਇਸਦੇ ਸੱਜ-ਪੱਖੀ ਸੁਧਾਰਵਾਦੀ ਧੜੇ ਦਾ ਆਗੂ। ਪਹਿਲੀ ਸੰਸਾਰ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੩੭, ੫੧, ੧੧੦

**ਬੁਖ਼ਾਰੀਨ, ਨਿਕੋਲਾਈ ਈਵਾਨੋਵਿਚ** (Nota Bene) (੧੮੮੮-੧੯੩੮)—੧੯੦੬ ਤੋਂ ਲੈ ਕੇ ਬਾਲਸ਼ਵਿਕ ਪਾਰਟੀ ਦਾ ਮੈਂਬਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਉਸਨੇ ਰਾਜ ਬਾਰੇ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਬਾਰੇ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਬਾਰੇ ਮਹੱਤਵਪੂਰਨ ਸਵਾਲਾਂ ਉਤੇ ਲੈਨਿਨ-ਵਿਰੋਧੀ ਪੁਜ਼ੀਸ਼ਨਾਂ ਲਈਆਂ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਕਈ ਜ਼ਿਮੇਵਾਰ ਅਹੁਦਿਆਂ ਉਤੇ

ਰਿਹਾ। ਉਹ ਪਾਰਟੀ ਦੀ ਲੈਨਿਨਵਾਦੀ ਨੀਤੀ ਦੇ ਖ਼ਿਲਾਫ਼ ਮੁੜ ਮੁੜ ਕੇ ਨਿੱਤਰਦਾ ਰਿਹਾ। ੧੯੩੭ ਵਿਚ ਉਸਨੂੰ ਪਾਰਟੀ-ਵਿਰੋਧੀ ਸਰਗਰਮੀਆਂ ਕਰਕੇ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨੇ ੧੦੩, ੧੦੪

**ਬੂਰਦੇਰੋਨ** (Bourderon), **ਅਲਬੇਰ** (ਜਨਮ ੧੮੫੮) — ਫ਼ਰਾਂਸੀਸੀ ਸੋਸ਼ਲਿਸਟ, ਸੰਘਵਾਦੀ ਲਹਿਰ ਦੇ ਖੱਬੇ ਧੜੇ ਦਾ ਇਕ ਆਗੂ। ਜ਼ਿੰਮਰਵਾਲਡ ਕਾਨਫ਼ਰੰਸ ਵਿਚ ਵਿਚਾਲ-ਪੰਥੀ। ਦਸੰਬਰ ੧੯੧੬ ਵਿਚ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਕਾਂਗਰਸ ਵਿਚ ਸਾਮਰਾਜੀ ਜੰਗ ਦਾ ਸਮਰਥਨ ਕਰਕੇ, ਵਿਚਾਲ-ਪੰਥੀ ਮੱਤੇ ਦੇ ਹੱਕ ਵਿਚ ਵੋਟ ਪਾਈ।

ਪੰਨੇ ੧੧੪, ੧੧੭

**ਬੇਬਲ** (Bebel), **ਆਗਸਤ** (੧੮੪੦-੧੯੧੩) — ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਕੌਮਾਂਤਰੀ ਮਜ਼ਦੂਰ ਲਹਿਰ ਦਾ ਇਕ ਪ੍ਰਸਿਧ ਆਗੂ। ਮਾਰਕਸ ਅਤੇ ਏਂਗਲਜ਼ ਦਾ ਸਾਥੀ। ਪੰਨਾ ੧੫੧

## ਮ

**ਮਰਹਾਈਮ** (Merrheim), **ਅਲਫ਼ੋਂਸ** (੧੮੮੧-੧੯੨੫) — ਫ਼ਰਾਂਸੀਸੀ ਟਰੇਡ-ਯੂਨੀਅਨ ਆਗੂ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਵਿਚ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ, ੧੯੧੬ ਵਿਚ ਵਿਚਾਲ-ਪੰਥੀ-ਸ਼ਾਂਤੀਵਾਦੀ ਦ੍ਰਿਸ਼ਟੀਕੋਣ ਵੱਲ ਚਲਾ ਗਿਆ, ਪਿਛੋਂ ਸਮਾਜੀ-ਅੰਧਰਾਸ਼ਟਰਵਾਦੀ ਬਣ ਗਿਆ।

ਪੰਨੇ ੧੧੪, ੧੧੭

**ਮਾਸਲੋਵ, ਪੀਟਰ ਪਾਵਲੋਵਿਚ** (ਇਕਸ) (੧੮੬੭-੧੯੪੬) — ਰੂਸੀ ਅਰਥ-ਵਿਗਿਆਨੀ, ਜ਼ਰਈ ਮਸਲਿਆਂ ਬਾਰੇ ਕਈ ਕਿਰਤਾਂ ਦਾ ਲੇਖਕ, ਮੈਨਸ਼ਵਿਕ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੩੨, ੩੭, ੫੯

**ਮਾਨੀਟਰ** (Monitor) — ਜਰਮਨ ਸੋਸ਼ਲ-ਡੈਮੋਕਰੈਟ ਦਾ ਕਲਮੀ ਨਾਂ, ਮੌਕਾਪ੍ਰਸਤ। ਅਪਰੈਲ, ੧੯੧੫ ਵਿਚ “Preußische Jahrbücher” ਵਿਚ ਇਕ ਲੇਖ ਪ੍ਰਕਾਸ਼ਤ ਕਰਵਾਇਆ ਜਿਸ ਵਿਚ ਉਹਨੇ ਬੁਰਜੂਆਜ਼ੀ ਨਾਲ ਜਮਾਤੀ ਸਹਿਯੋਗ ਦੀ ਅਪੀਲ ਕੀਤੀ। ਪੰਨਾ ੭੪

**ਮਾਰਕਸ** (Marx), **ਕਾਰਲ** (੧੮੧੮–੧੮੮੩)।
ਪੰਨੇ ੪੯, ੬੪, ੬੭, ੭੬, ੭੯, ੮੩–੮੫, ੮੭–੮੯, ੧੦੩, ੧੧੫, ੧੫੧, ੧੫੪, ੧੬੨, ੧੭੧

**ਮਾਰਤੋਵ, ਲੇਵ** (**ਤਸੇਦਰਬਾਊਮ, ਯੂਲੀ ਓਸੀਪੋਵਿਚ**) (੧੮੭੩–੧੯੨੩)— ਮੈਨਸ਼ਵਿਕ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਵਿਚਾਲ-ਪੰਥੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਸੋਵੀਅਤ ਸੱਤਾ ਦਾ ਵਿਰੋਧੀ ਰਿਹਾ ਅਤੇ ੧੯੨੦ ਵਿਚ ਬਦੇਸੀਂ ਜਾ ਵਸਿਆ।

ਪੰਨੇ ੩੭, ੪੮, ੧੧੨, ੧੧੯

**ਮੀਲੀਊਕੋਵ, ਪਾਵੇਲ ਨਿਕੋਲਾਯੇਵਿਚ** (੧੮੫੯–੧੯੪੩)— ਰੂਸੀ ਸਾਮਰਾਜੀ ਬੁਰਜੂਆਜ਼ੀ ਦਾ ਪ੍ਰਸਿਧ ਸਿਧਾਂਤਕਾਰ, ਸੰਵਿਧਾਨਕ ਡੈਮੋਕਰੈਟਾਂ (ਕੈਡਿਟਾਂ) ਦੀ ਪਾਰਟੀ ਦਾ ਮੁਖੀ।

ਪੰਨੇ ੧੧੮, ੧੧੯

**ਮੁਨਜ਼ਨਬਰਗ** (Munzenberg), **ਵਿਲਹੈਲਮ** (੧੮੮੯–੧੯੪੦)— ਸਵਿਸ ਅਤੇ ਜਰਮਨ ਮਜ਼ਦੂਰ ਜਮਾਤ ਲਹਿਰ ਦਾ ਆਗੂ। ੧੯੧੫ ਤੋਂ ੧੯੨੧ ਤੱਕ ਪਹਿਲਾਂ ਨੌਜਵਾਨਾਂ ਦੀ ਸੋਸ਼ਲਿਸਟ ਅਤੇ ਫਿਰ ਕਮਿਊਨਿਸਟ ਇੰਟਰਨੈਸ਼ਨਲ ਦਾ ਸੱਕਤਰ। ਸੰਸਾਰ ਸਾਮਰਾਜੀ ਜੰਗ ਦੇ ਸਮੇਂ ਕੌਮਾਂਤਰੀਵਾਦੀ।

ਪੰਨੇ ੧੧੮, ੨੨੩

**ਮੁੱਲਰ** (Müller), **ਗੁਸਤਾਵ** (੧੮੬੦–੧੯੨੧)— ਸਵਿਸ ਸੱਜਾ ਸੋਸ਼ਲ-ਡੈਮੋਕਰੈਟ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨਾ ੧੧੭

**ਮੇਹਰਿੰਗ** (Mehring), **ਫ਼ਰਾਂਜ਼** (੧੮੪੬–੧੯੧੯)— ਜਰਮਨ ਸੋਸ਼ਲ-ਡੈਮੋਕਰੇਸੀ ਦੇ ਖੱਬੇ ਧੜੇ ਦਾ ਸਿਰਕੱਢ ਆਗੂ, ਇਤਿਹਾਸਕਾਰ, ਪੱਤਰਕਾਰ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੌਮਾਂਤਰੀਵਾਦੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿਚੋਂ ਇਕ।

ਪੰਨੇ ੩੬, ੩੮, ੧੩੨, ੧੬੦

**ਮੇਰਿੰਗ** (Maring), **ਹੈਨਰਿਕ** (੧੮੮੩-੧੯੪੨) — ਡੱਚ ਸੋਸ਼ਲ-ਡੈਮੋਕਰੈਟ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਦਾ ਡੈਲੀਗੇਟ। ੧੯੨੭ ਵਿਚ ਪਾਰਟੀ ਤੋਂ ਚਲਾ ਗਿਆ। ੧੯੨੮ ਵਿਚ ਟਰਾਟਸਕੀਵਾਦੀ ਅਖੌਤੀ "ਇਨਕਲਾਬੀ-ਸੋਸ਼ਲਿਸਟ ਪਾਰਟੀ" ਦੀ ਨੀਂਹ ਰਖੀ।

ਪੰਨਾ ੨੦੯

**ਮੈਕਡਾਨਲਡ** (MacDonald), **ਜੇਮਜ਼ ਰੈਮਜ਼ੇ** (੧੮੬੬-੧੯੩੭) — ਬਰਤਾਨਵੀ ਰਾਜਸੀ ਸ਼ਖ਼ਸੀਅਤ, ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਲੇਬਰ ਪਾਰਟੀ ਦੀ ਬੁਨਿਆਦ ਰੱਖਣ ਵਾਲਿਆਂ ਅਤੇ ਆਗੂਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿਚ ਸ਼ਾਂਤੀਵਾਦੀ ਪੁਜ਼ੀਸ਼ਨ ਦਾ ਧਾਰਨੀ ਰਿਹਾ, ਪਿਛੋਂ ਸਾਮਰਾਜੀ ਬੁਰਜੂਆਜ਼ੀ ਦੀ ਖੁਲ੍ਹਮ-ਖੁਲ੍ਹਾ ਹਮਾਇਤ ਦਾ ਰਾਹ ਫੜ ਲਿਆ। ਕਈ ਵਾਰ ਪਰਧਾਨ-ਮੰਤਰੀ ਰਿਹਾ।

ਪੰਨੇ ੩੬, ੧੧੨, ੧੫੭

**ਮੈਕਨਸਨ** (Mackensen), **ਆਗਸਤ** (੧੮੪੯-੧੯੪੫) — ਜਰਮਨ ਜਰਨੈਲ-ਫ਼ੀਲਡ-ਮਾਰਸ਼ਲ। ਪਹਿਲੀ ਸੰਸਾਰ ਜੰਗ ਦੇ ਦੌਰਾਨ ਪੂਰਬੀ ਮੋਰਚੇ ਉਤੇ ਜਰਮਨ ਫ਼ੌਜ ਦਾ ਕਮਾਂਡਰ-ਇਨ-ਚੀਫ਼ ਰਿਹਾ।

ਪੰਨਾ ੭੧

**ਮੈਕਲੀਨ** (Maclean), **ਜਾਨ** (੧੮੭੯-੧੯੨੩) — ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੌਮਾਂਤਰੀਵਾਦੀ।

ਪੰਨੇ ੧੧੪, ੧੬੧

**ਮੈਡੀਸਨ** (Maddison), **ਫ਼ਰੈਡ** (੧੮੫੬-੧੯੩੭) — ਬਰਤਾਨਵੀ ਸੋਸ਼ਲਿਸਟ, ਵਿਰਤ ਵਜੋਂ ਕੰਪਾਜ਼ੀਟਰ। ੧੯੦੬-੧੯੧੦ ਵਿਚ ਪਾਰਲੀਮੈਂਟ ਦਾ ਮੈਂਬਰ। ੧੮੮੬ ਵਿਚ ਉਹ ਟਰੇਡ ਯੂਨੀਅਨ ਕਾਂਗਰਸ ਦਾ ਪਰਧਾਨ ਸੀ।

ਪੰਨਾ ੨੧

**ਮੋਦੀਲਿਆਨੀ** (Modigliani), **ਵਿਤੋਰੀਓ ਇਮੈਨੂਐਲ** (੧੮੭੨-੧੯੪੭) — ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਸਭ ਤੋਂ ਪੁਰਾਣੇ ਮੈਂਬਰਾਂ ਵਿਚੋਂ ਇਕ, ਸੁਧਾਰਵਾਦੀ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਵਿਚਾਲ-ਪੰਥੀ।

ਪੰਨਾ ੧੧੨

## ਯ

**ਯੋਨੋਵ (ਕੋਇਗਿਨ, ਫ਼. ਮ.)** (੧੮੭੦-੧੯੨੩) — ਰੂਸੀ ਸੋਸ਼ਲ-ਡੈਮੋਕਰੈਟ, ਬੁੰਦ ਦੇ ਆਗੂਆਂ ਵਿਚੋਂ ਇਕ, ਪਿਛੋਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ।
ਪੰਨਾ ੫੬

## ਰ

**ਰਾਏ, ਮਨਬੇਂਦਰ ਨਾਥ** (੧੮੮੭-੧੯੫੪) — ਭਾਰਤੀ ਰਾਜਨੀਤਕ ਆਗੂ। ੧੯੧੦ ਤੋਂ ੧੯੧੫ ਤੱਕ ਭਾਰਤ ਵਿਚ ਬਰਤਾਨਵੀ ਬਸਤੀਵਾਦੀਆਂ ਵਿਰੁਧ ਇਨਕਲਾਬੀ ਲਹਿਰ ਵਿਚ ਹਿੱਸਾ ਲਿਆ। ੧੯੧੫ ਵਿਚ ਬਦੇਸੀਂ ਜਾ ਵਸਿਆ। ਮਗਰੋਂ ਕਮਿਊਨਿਸਟਾਂ ਵਿਚ ਸ਼ਾਮਲ ਹੋ ਗਿਆ। ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ, ਤੀਜੀ, ਚੌਥੀ ਅਤੇ ਪੰਜਵੀਂ ਕਾਂਗਰਸਾਂ ਦਾ ਡੈਲੀਗੇਟ ਰਿਹਾ।
ਪੰਨੇ ੨੦੯, ੨੧੦' ੨੧੩

**ਰਾਸਪੂਤੀਨ (ਨੋਵੀਖ਼), ਗਰਿਗੋਰੀ ਏਫ਼ੀਮੋਵਿਚ** (੧੮੭੨-੧੯੧੬) — ਮਾਅਰਕੇਬਾਜ਼, ਜਿਹੜਾ ਨਿਕੋਲਸ ਦੂਜੇ ਦੇ ਦਰਬਾਰ ਵਿਚ ਬੇਹੱਦ ਅਸਰ-ਰਸੂਖ਼ ਰਖਦਾ ਸੀ।
ਪੰਨਾ ੧੮੫

**ਰਾਦੇਕ, ਕਾਰਲ ਬੇਰਨਗਾਰਦੋਵਿਚ** (੧੮੮੫-੧੯੩੯) — ਵੀਹਵੀਂ ਸਦੀ ਦੇ ਸ਼ੁਰੂ ਵਿਚ ਗਾਲੀਸ਼ੀਆ, ਪੋਲੈਂਡ ਅਤੇ ਜਰਮਨੀ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿਚ ਹਿੱਸਾ ਲਿਆ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਕੌਮਾਂਤਰੀਵਾਦੀ ਪੁਜ਼ੀਸ਼ਨਾਂ ਦਾ ਧਾਰਨੀ ਰਿਹਾ, ਪਰ ਵਿਚਾਲ-ਪੰਥ ਵੱਲ ਝੁਕ ਜਾਂਦਾ ਸੀ। ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਦੇ ਸਵਾਲ ਉਤੇ ਗ਼ਲਤ ਦ੍ਰਿਸ਼ਟੀਕੋਣ ਰਖਦਾ ਸੀ। ੧੯੧੭ ਵਿਚ ਬਾਲਸ਼ਵਿਕ ਪਾਰਟੀ ਵਿਚ ਸ਼ਾਮਲ ਹੋ ਗਿਆ।

ਬਰੈਸਤ ਅਮਨ ਸੰਧੀ ਦੇ ਸਮੇਂ "ਖੱਬ-ਪੱਖੀ ਕਮਿਊਨਿਸਟ" ਸੀ। ੧੯੨੩ ਤੋਂ ਲੈ ਕੇ ਟਰਾਟਸਕੀਵਾਦੀ ਵਿਰੋਧੀ ਦੱਲ ਦਾ ਸਰਗਰਮ ਮੈਂਬਰ ਬਣ ਗਿਆ। ੧੯੩੬ ਵਿਚ ਪਾਰਟੀ-ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿਚੋਂ ਕੱਢ ਦਿਤਾ ਗਿਆ।
ਪੰਨੇ ੧੧੫, ੧੧੮, ੧੮੦, ੧੮੬

**ਰਿਆਜ਼ਾਨੋਵ (ਗੋਲਦਨਦਾਖ਼), ਦੇਵਿਦ ਬੋਰੀਸੋਵਿਚ** (੧੮੭੦-੧੯੩੮) — ਪਿਛਲੀ

ਸਦੀ ਦੇ ਆਖ਼ਰੀ ਦਹਾਕੇ ਦੇ ਸ਼ੁਰੂ ਵਿਚ ਸੋਸ਼ਲ-ਡੈਮੋਕਰੈਟ। ਪਹਿਲੀ ਸੰਸਾਰ ਜੰਗ (੧੯੧੪-੧੯੧੮) ਦੇ ਦੌਰਾਨ ਵਿਚਾਲ-ਪੰਥੀ। ੧੯੧੭ ਵਿਚ ਬਾਲਸ਼ਵਿਕ ਪਾਰਟੀ ਵਿਚ ਸ਼ਾਮਲ ਹੋ ਗਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਟਰੇਡ-ਯੂਨੀਅਨਾਂ ਵਿਚ ਕੰਮ ਕਰਦਾ ਰਿਹਾ। ੧੯੧੮ ਵਿਚ ਬਰੈਸਤ ਅਮਨ ਸੰਧੀ ਕਰਨ ਦੇ ਖ਼ਿਲਾਫ਼ ਸੀ। ੧੯੩੧ ਵਿਚ ਪਾਰਟੀ-ਵਿਰੋਧੀ ਸਰਗਰਮੀਆਂ ਕਰਕੇ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨਾ ੮੯

**ਰੂਲੇ**, (Rühle), **ਆਟੋ** (੧੮੭੪) — ਜਰਮਨ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਲੇਖਕ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ ਕੌਮਾਂਤਰੀਵਾਦੀ ਰਿਹਾ। ਰਾਈਖ਼ਸਤਾਗ ਦਾ ਡਿਪਟੀ ਹੋਣ ਸਮੇਂ ਉਸਨੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਪਾਉਣ ਤੋਂ ਇਨਕਾਰ ਕਰ ਦਿਤਾ।

ਪੰਨਾ ੧੧੪

**ਰੇਨਾਡੇਲ** (Renaudel), **ਪੀਏਰ** (੧੮੭੧-੧੯੩੫) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੁਧਾਰਵਾਦੀ ਆਗੂਆਂ ਵਿਚੋਂ ਇਕ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੧੧੦, ੧੩੯, ੧੪੬, ੧੪੯, ੧੫੭, ੧੬੦, ੧੬੩, ੧੬੪

**ਰੈਨਰ** (Renner), **ਕਾਰਲ** (੧੮੭੦-੧੯੫੦) — ਆਸਟਰਵੀ ਰਾਜਸੀ ਆਗੂ, ਆਸਟਰੀਆ ਦੇ ਸੱਜ-ਪੱਖੀ ਸੋਸ਼ਲ-ਡੈਮੋਕਰੈਟਾਂ ਦਾ ਆਗੂ ਅਤੇ ਸਿਧਾਂਤਕਾਰ; ਸਭਿਆਚਾਰਕ-ਕੌਮੀ ਖ਼ੁਦ-ਅਖ਼ਤਿਆਰੀ ਅਤੇ ਬੁਰਜੂਆ-ਕੌਮਪ੍ਰਸਤ ਸਿਧਾਂਤ ਦੇ ਰਚਣਹਾਰਿਆਂ ਵਿਚੋਂ ਇਕ।

ਪੰਨੇ ੬੭, ੧੫੯

**ਰੋਲਾਂਦ-ਹੋਲਸਤ** (Roland Holst), **ਹੈਨਰੀਏਟ** (੧੮੬੯-੧੯੫੨) — ਖੱਬ-ਪੱਖੀ ਡੱਚ ਸੋਸ਼ਲਿਸਟ, ਲੇਖਕ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿਚ ਵਿਚਾਲ-ਪੰਥੀ ਪੁਜ਼ੀਸ਼ਨ ਉਤੇ ਰਹੀ, ਪਿਛੋਂ ਕੌਮਾਂਤਰੀਵਾਦੀਆਂ ਨਾਲ ਆ ਰਲੀ।

ਪੰਨਾ ੧੧੪

## ਲ

**ਲਕਸਮਬੁਰਗ** (Luxemburg), **ਰੋਜ਼ਾ** (੧੮੭੧-੧੯੧੯) — ਕੌਮਾਂਤਰੀ ਮਜ਼ਦੂਰ

ਲਹਿਰ ਅਤੇ ਦੂਜੀ ਇੰਟਰਨੈਸ਼ਨਲ ਦੀ ਪ੍ਰਸਿਧ ਆਗੂ। ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਦੀ ਧਾਰਨੀ। ੧੯੧੯ ਵਿਚ ਸ਼ੀਦਮਾਨ ਸਰਕਾਰ ਦੇ ਹੁਕਮ ਨਾਲ ਕਤਲ ਕਰ ਦਿਤੀ ਗਈ।

ਪੰਨੇ ੧੧੪, ੧੧੫, ੧੩੫, ੧੬੦, ੧੬੪-੧੬੫

**ਲਾਇਡ ਜਾਰਜ** (Leoyd George), **ਡੇਵਿਡ** (੧੮੬੩-੧੯੪੫) — ਬਰਤਾਨਵੀ ਰਾਜਨੇਤਾ ਅਤੇ ਡਿਪਲੋਮੈਟ, ਲਿਬਰਲ ਪਾਰਟੀ ਦਾ ਆਗੂ। ੧੯੧੬ ਤੋਂ ੧੯੨੨ ਤੱਕ ਪਰਧਾਨ-ਮੰਤਰੀ ਰਿਹਾ। ਉਸਦੀ ਨੀਤੀ ਦਾ ਨਿਸ਼ਾਨਾ ਨੇੜੇ ਅਤੇ ਮਧ ਪੂਰਬ ਵਿਚ ਅਤੇ ਬਲਕਾਨ ਵਿਚ ਬਰਤਾਨਵੀ ਸਾਮਰਾਜ ਦੀਆਂ ਪੁਜ਼ੀਸ਼ਨਾਂ ਨੂੰ ਮਜ਼ਬੂਤ ਕਰਨਾ ਅਤੇ ਬਸਤੀਆਂ ਅਤੇ ਅਧੀਨ ਦੇਸਾਂ ਵਿਚ ਕੌਮੀ ਆਜ਼ਾਦੀ ਦੀ ਲਹਿਰ ਨੂੰ ਸਖ਼ਤੀ ਨਾਲ ਦਬਾਉਣਾ ਸੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਸੋਵੀਅਤ ਰਾਜ ਦੇ ਖ਼ਿਲਾਫ਼ ਨਾਕਾਬੰਦੀ ਅਤੇ ਫ਼ੌਜੀ ਮਦਾਖ਼ਲਤ ਦੀ ਪ੍ਰੇਰਨਾ ਦੇਣ ਵਾਲਿਆਂ ਅਤੇ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ।

ਪੰਨਾ ੧੬੪

**ਲਾਂਗੇ** (Longuet), **ਜਾਨ** (੧੮੭੬-੧੯੩੮) — ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿਚੋਂ ਇਕ । ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਸਮੇਂ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਵਿਚਾਲ-ਪੰਥੀ ਸ਼ਾਂਤੀਵਾਦੀ ਘਟ-ਗਿਣਤੀ ਦਾ ਮੁਖੀ।

ਪੰਨੇ ੧੧੨, ੧੪੭, ੧੪੯, ੧੫੦, ੧੫੫, ੧੫੭

**ਲਾਜ਼ਾਰੀ** (Lazzari), **ਕੋਨਸਤਨਤੀਨੋ** (੧੮੫੭-੧੯੨੭) — ਇਟਲੀ ਦੀ ਮਜ਼ਦੂਰ ਲਹਿਰ ਦਾ ਪ੍ਰਸਿਧ ਆਗੂ, ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਬਾਨੀਆਂ ਵਿਚੋਂ ਇਕ। ਪਹਿਲੀ ਸੰਸਾਰ ਜੰਗ ਦੇ ਸਾਲਾਂ ਵਿਚ ਵਿਚਾਲ-ਪੰਥੀ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਸੋਵੀਅਤ ਸਰਕਾਰ ਦੀ ਹਮਾਇਤ ਵਿਚ ਨਿੱਤਰਿਆ; ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਅਤੇ ਤੀਜੀ ਕਾਂਗਰਸਾਂ ਵਿਚ ਹਿੱਸਾ ਲਿਆ।

ਪੰਨੇ ੧੧੫, ੧੩੨, ੧੬੧

**ਲਾਬੂਰਬ** (Labourbe), **ਜਾਨਾ ਮਾਰੀ** (੧੮੭੯-੧੯੧੯) — ਫ਼ਰਾਂਸੀਸੀ ਕਮਿਊਨਿਸਟ। ਫ਼ਰਵਰੀ ੧੯੧੯ ਤੋਂ ਲੈ ਕੇ ਓਦੇਸਾ ਵਿਚ ਫ਼ਰਾਂਸੀਸੀ ਜਹਾਜ਼ੀਆਂ

ਅਤੇ ਫ਼ੌਜੀਆਂ ਵਿਚ ਰੂਪੋਸ਼ ਰਹਿ ਕੇ ਕੰਮ ਕਰਦੀ ਰਹੀ। ਓਦੇਸਾ ਵਿਚ ਬਗ਼ਾਵਤ ਦੀ ਕੀਤੀ ਜਾ ਰਹੀ ਤਿਆਰੀ ਸਮੇਂ ਫ਼ਰਾਂਸੀਸੀ ਜਾਸੂਸੀ ਵਿਭਾਗ ਵਲੋਂ ਗ੍ਰਿਫ਼ਤਾਰ ਕਰ ਲਈ ਗਈ ਅਤੇ ਗੋਲੀ ਮਾਰ ਦਿਤੀ ਗਈ।

ਪੰਨਾ ੧੭੯

**ਲਿੰਦਹਾਗਨ** (Lindhagen), **ਕਾਰਲ** (੧੮੬੦-੧੯੪੬)—ਸਵੀਡਨ ਦਾ ਸੋਸ਼ਲ-ਡੈਮੋਕਰੈਟ, ਰਾਜਸੀ ਆਗੂ। ਪਹਿਲੀ ਸੰਸਾਰ ਸਾਮਰਾਜੀ ਜੰਗ ਸਮੇਂ—ਕੌਮਾਂਤਰੀਵਾਦੀ।

ਪੰਨਾ ੧੧੪

**ਲੀਬਕਨੇਖਤ** (Liebknecht), **ਕਾਰਲ** (੧੮੭੧-੧੯੧੯)—ਜਰਮਨ ਅਤੇ ਕੌਮਾਂਤਰੀ ਮਜ਼ਦੂਰ ਇਨਕਲਾਬੀ ਲਹਿਰ ਦਾ ਸਿਰਕੱਢ ਆਗੂ, ਜਰਮਨ ਕਮਿਊਨਿਸਟ ਪਾਰਟੀ ਦੇ ਬਾਣੀਆਂ ਵਿਚੋਂ ਇਕ। ਮੌਕਾਪ੍ਰਸਤੀ ਅਤੇ ਸੈਨਾਵਾਦ ਦੇ ਖ਼ਿਲਾਫ਼ ਲੜਿਆ। ੧੫ ਜਨਵਰੀ, ੧੯੧੯ ਨੂੰ ਸ਼ੀਦਮਾਨ ਸਰਕਾਰ ਦੇ ਹੁਕਮ ਨਾਲ ਵਹਿਸ਼ੀਆਨਾ ਢੰਗ ਨਾਲ ਕਤਲ ਕਰ ਦਿਤਾ।

ਪੰਨੇ ੩੬, ੧੧੩, ੧੨੦, ੧੫੫, ੧੫੬, ੧੬੦, ੧੬੩-੧੬੫, ੧੮੪

**ਲੇਗੀਨ** (Legien), **ਕਾਰਲ** (੧੮੬੧-੧੯੨੦)—ਜਰਮਨ ਸੱਜ-ਪਖੀ ਸੋਸ਼ਲ-ਡੈਮੋਕਰੈਟ, ਟਰੇਡ-ਯੂਨੀਅਨ ਆਗੂ, ਸੋਧਵਾਦੀ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਵਰ੍ਹਿਆਂ ਵਿਚ ਅਤਿਵਾਦੀ ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੨੦, ੭੮, ੧੧੩

**ਲੇਦਰ, ਵ. ਦ.** (੧੮੮੨-੧੯੩੮)—ਪੋਲਿਸ਼ ਸੋਸ਼ਲ-ਡੈਮੋਕਰੈਟ, ਸਾਹਿਤਕਾਰ। ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਦਾ ਧਾਰਨੀ। ੧੯੨੧ ਤੋਂ ਕੁਮਿਨਟਰਨ ਅਤੇ ਪ੍ਰੋਫ਼ਿਨਟਰਨ ਦਾ ਜ਼ਿਮੇਵਾਰ ਕਾਰਕੁਨ।

ਪੰਨਾ ੩੭

**ਲੇਦੇਬੂਰ** (Ledebour), **ਗਿਓਰਗ**(੧੮੫੦-੧੯੪੭)—ਜਰਮਨ ਸੋਸ਼ਲਿਸਟ ਲਹਿਰ ਦੀ ਸਖ਼ਸੀਅਤ, ੧੯੦੦ ਤੋਂ ੧੯੧੮ ਤੱਕ ਰਾਈਖ਼ਸਤਾਗ਼ ਦਾ ਡਿਪਟੀ ਰਿਹਾ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਸ਼ੁਰੂ ਵਿਚ ਆਪਣੇ ਸੋਸ਼ਲ-ਡੈਮੋਕਰੈਟਿਕ ਧੜੇ ਨਾਲ ਉਹਨੇ ਜੰਗੀ ਕਰਜ਼ਿਆਂ ਦੇ ਹੱਕ ਵਿਚ ਵੋਟ ਦਿਤੀ। ੧੯੧੭ ਤੋਂ ਜਰਮਨੀ ਦੀ ਸਵੈਧੀਨ ਸੋ:ਡੈ: ਪਾਰਟੀ ਦੇ ਆਗੂਆਂ ਵਿਚੋਂ ਇਕ।

ਪੰਨੇ ੧੧੨, ੧੧੩

**ਲੈਂਚ** (Lensch), **ਪਾਲ** (੧੮੭੩-੧੯੨੬) — ਜਰਮਨ ਸੋਸ਼ਲ-ਡੈਮੋਕਰੈਟ। ਪਹਿਲੀ ਸੰਸਾਰ ਜੰਗ ਦੇ ਦੌਰਾਨ ਖੁਲ੍ਹਮ-ਖੁਲ੍ਹਾ ਅੰਧਰਾਸ਼ਟਰਵਾਦੀ।

ਪੰਨੇ ੫੨, ੫੮, ੮੫

**ਲੋਰੀਓ** (Loriot), **ਫ਼ਰਦੀਨਾਂਦ** (੧੮੭੦-੧੯੩੦) — ਫ਼ਰਾਂਸੀਸੀ ਸੋਸ਼ਲਿਸਟ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ (੧੯੧੪-੧੯੧੮) ਕੌਮਾਂਤਰੀਵਾਦੀ। ੧੯੨੭ ਵਿਚ ਸੱਜੇ ਮੌਕਾਪ੍ਰਸਤ ਹੋਣ ਕਾਰਨ ਪਾਰਟੀ ਵਿਚੋਂ ਕੱਢ ਦਿਤਾ ਗਿਆ।

ਪੰਨਾ ੧੧੪, ੧੬੧

## ਵ

**ਵਲਿਆਨ** (Vaillant), **ਏਦੂਅਰਦ ਮੇਰੀ** (੧੮੪੦-੧੯੧੫) — ਫ਼ਰਾਂਸੀਸੀ ਸੋਸ਼ਲਿਸਟ ਲਹਿਰ ਦਾ ਅਤੇ ਦੂਜੀ ਇੰਟਰਨੈਸ਼ਨਲ ਦਾ ਪ੍ਰਸਿਧ ਆਗੂ। ੧੯੦੧ ਵਿਚ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਬਾਣੀਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ ਵਿਚ — ਸਮਾਜੀ-ਅੰਧਰਾਸ਼ਟਰਵਾਦੀ।

ਪੰਨੇ ੩੬, ੩੭, ੭੩

**ਵਾਈਨਕੂਪ** (Wijnkoop), ਦੇਵਿਦ (੧੮੭੭-੧੯੪੧) — ਡਚ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਪਿਛੋਂ ਕਮਿਊਨਿਸਟ ਬਣ ਗਿਆ। ਹਾਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਬਾਣੀਆਂ ਵਿਚੋਂ ਇਕ। ਸੰਸਾਰ ਸਾਮਰਾਜੀ ਜੰਗ ਦੇ ਵਰ੍ਹਿਆਂ ਵਿਚ — ਕੌਮਾਂਤਰੀਵਾਦੀ।

ਪੰਨਾ ੧੧੪

**ਵਾਂਡਰਵੇਲਡੇ** (Vandervelde), **ਐਮਿਲ** (੧੮੬੬-੧੯੩੮) — ਬੈਲਜੀਅਮ ਦੀ ਮਜ਼ਦੂਰ ਪਾਰਟੀ ਦੇ ਮੌਕਾਪ੍ਰਸਤ ਧੜੇ ਅਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਵਿਚੋਂ ਇਕ । ਸੰਸਾਰ ਸਾਮਰਾਜੀ ਜੰਗ (੧੯੧੪-੧੯੧੮) ਦੇ ਦੌਰਾਨ — ਸਮਾਜੀ-ਅੰਧਰਾਸ਼ਟਰਵਾਦੀ। ਬੈਲਜੀਅਮ ਦੀ ਬੁਰਜੂਆ ਸਰਕਾਰ ਵਿਚ ਸ਼ਾਮਲ ਹੋ ਗਿਆ।

ਪੰਨੇ ੪੨, ੫੨, ੫੮, ੬੮, ੭੨, ੧੧੬, ੧੬੦, ੧੬੩

**ਵਿਲਸਨ** (Wilson), **ਵੁਡਰੋ** (੧੮੫੬-੧੯੨੪) — ਪਿਛੇ-ਖਿਚੂ ਅਮਰੀਕੀ

ਰਾਜਨੀਤਕ ਆਗੂ, ਅਮਰੀਕਾ ਦਾ ਪਰਧਾਨ (੧੯੧੩-੧੯੨੧)। ਮਜ਼ਦੂਰ ਜਮਾਤ ਲਹਿਰ ਨੂੰ ਇਸਨੇ ਵਹਿਸ਼ੀ ਢੰਗ ਨਾਲ ਕੁਚਲਿਆ। ਸੋਵੀਅਤ-ਵਿਰੋਧੀ ਹਥਿਆਰਬੰਦ ਦਖ਼ਲ ਸ਼ੁਰੂ ਕਰਨ ਵਾਲੇ ਅਤੇ ਜਥੇਬੰਦ ਕਰਨ ਵਾਲੇ ਮੁਖ ਲੋਕਾਂ ਵਿਚੋਂ ਇਕ।

ਪੰਨੇ ੧੪੫, ੧੬੦, ੧੬੪

**ਵਿਲਹਲਮ ਦੂਜਾ (ਹੋਹਨਜ਼ੋਲਰਨ)** (੧੮੫੯-੧੯੪੧)—ਜਰਮਨ ਸ਼ਹਿਨਸ਼ਾਹ ਅਤੇ ਪਰੂਸ਼ੀਆ ਦਾ ਬਾਦਸ਼ਾਹ (੧੮੮੮-੧੯੧੮)।

ਪੰਨੇ ੧੫, ੧੯, ੨੨, ੨੭, ੯੪, ੯੫, ੧੨੦, ੧੨੨, ੧੪੫, ੧੪੮, ੧੬੦

**ਵਿਲੀਅਮਜ਼** (Williams) **ਟੀ. ਰਸਲ**—ਅੰਗਰੇਜ਼ ਸੋਸ਼ਲਿਸਟ, ਇੰਡੀਪੈਂਡੈਂਟ ਲੇਬਰ ਪਾਰਟੀ ਦਾ ਮੈਂਬਰ। ਸੰਸਾਰ ਸਾਮਰਾਜੀ ਜੰਗ ਦੇ ਸਾਲਾਂ (੧੯੧੪-੧੯੧੮) ਵਿਚ ਸੈਨਾਵਾਦ-ਵਿਰੋਧੀ ਪੁਜ਼ੀਸ਼ਨ ਧਾਰਨ ਕੀਤੀ ਅਤੇ ਦੂਜੀ ਇੰਟਰਨੈਸ਼ਨਲ ਦੇ ਆਗੂਆਂ ਦੀ ਨੀਤੀ ਦੀ ਆਲੋਚਨਾ ਕੀਤੀ।

ਪੰਨਾ ੧੧੪

**ਵੈਬ** (Webb), (**ਦੰਪਤੀ**) **ਬੀਟਰਸ** (੧੮੫੮-੧੯੪੩) ਅਤੇ **ਸਿਡਨੀ** (੧੮੫੯-੧੯੪੭)—ਪ੍ਰਸਿਧ ਬਰਤਾਨਵੀ ਸਮਾਜਕ ਹਸਤੀਆਂ, ਬਰਤਾਨਵੀ ਮਜ਼ਦੂਰ ਜਮਾਤ ਲਹਿਰ ਦੇ ਇਤਿਹਾਸ ਬਾਰੇ ਪੁਸਤਕਾਂ ਦੇ ਲੇਖਕ। ਸਿਡਨੀ ਵੈਬ ਫ਼ੇਬੀਅਨ ਸੁਸਾਇਟੀ ਦੇ ਬਾਨੀਆਂ ਵਿਚੋਂ ਇਕ ਸੀ। ਪਹਿਲੀ ਸੰਸਾਰ ਸਾਮਰਾਜੀ ਜੰਗ ਦੇ ਦੌਰਾਨ ਸਮਾਜੀ-ਅੰਧਰਾਸ਼ਟਰਵਾਦੀ। ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਉਹਨਾਂ ਦਾ ਸੋਵੀਅਤ ਯੂਨੀਅਨ ਵੱਲ ਵਤੀਰਾ ਹਮਦਰਦੀ ਭਰਿਆ ਸੀ।

ਪੰਨੇ ੧੩੯, ੧੪੬, ੧੬੦, ੧੬੩

**ਵੋਈਨੋਵ, ਈਵਾਨ ਅਵਕਸੇਂਤੀਏਵਿਚ** (੧੮੮੪-੧੯੧੭)—ਮਜ਼ਦੂਰ, ਬਾਲਸ਼ਵਿਕ, "ਪਰਾਵਦਾ" ਦਾ ਸਰਗਰਮ ਪੱਤਰਪ੍ਰੇਰਕ; ੧੯ ਜੁਲਾਈ, ੧੯੧੭ ਨੂੰ ਉਸਨੂੰ ਪੀਤਰੋਗਰਾਦ ਵਿਚ "ਲਿਸਤੋਕ 'ਪਰਾਵਦੀ'" ਵੰਡਦੇ ਨੂੰ ਸਿਖਿਆਰਥੀ ਅਫ਼ਸਰਾਂ ਨੇ ਮਾਰ ਦਿਤਾ।

ਪੰਨਾ ੧੬੬